
72 ਜਨਵਰੀ-ਮਾਰਚ, 2024

# ਕਹਾਣੀ ਧਾਰਾ

80/-




72 ਕਹਾਣੀ ਧਾਰਾ ਜਨਵਰੀ-ਮਾਰਚ, 2024

72 ਜਨਵਰੀ-ਮਾਰਚ, 2024

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

**ਰੈਫਰੀਡ ਪੈਨਲ / ਸਲਾਹਕਾਰ ਬੋਰਡ**

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਮਨਜਿੰਦਰ ਸਿੰਘ
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ



Title Painting
Pawan Kumar
98154-26869

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ : 10 ਜਨਵਰੀ, 2024)

# ਕਹਾਣੀ ਧਾਰਾ

*ਅੰਕ:72 ਜਨਵਰੀ-ਮਾਰਚ,2024*


**ਸੰਪਾਦਕੀ**
ਸ਼ਾਹਮੁੱਖੀ ਲਿੱਪੀ ਦੀ ਪੰਜਾਬੀ ਕਹਾਣੀ- 2
**ਭਗਵੰਤ ਰਸੂਲਪੁਰੀ**

**ਗੋਸ਼ਟੀ-4**
**ਕਹਾਣੀ ਕਿਵੇਂ ਜੁੜਦੀ ਏ**
ਮੁਖ਼ਤਿਆਰ ਸਿੰਘ, ਬਲਵਿੰਦਰ ਸਿੰਘ ਗਰੇਵਾਲ, ਤ੍ਰਿਪਤਾ ਕੇ. ਸਿੰਘ ਤੇ ਡਾ. ਜੇ. ਬੀ. ਸੇਖੋਂ (ਸੂਤਰਧਾਰ) –5

**ਗੋਸ਼ਟੀ-5**
**ਕਹਾਣੀ 'ਚ ਪਾਤਰ ਉਸਾਰੀ**
ਜਿੰਦਰ, ਬਲਬੀਰ ਪਰਵਾਨਾ, ਸਾਂਵਲ ਧਾਮੀ ਤੇ ਭਗਵੰਤ ਰਸੂਲਪੁਰੀ (ਸੂਤਰਧਾਰ) –14

**ਪੋਲਿਸ਼ ਕਹਾਣੀ**
**ਇਕ ਨਾਚ, ਇਕ ਟਪੂਸੀ**
ਮੂਲ ਲੇਖਕ :
ਆਈਜ਼ਾਕ ਬਸ਼ੇਵਿਸ ਸਿੰਗਰ
ਉਲਥਾਕਾਰ : ਮਕਸੂਦ ਸਾਕਿਬ
ਲਿੱਪੀਆਂਤਰ : ਜੋਗਿੰਦਰ ਪਾਲ ਮਾਨ–27

**ਹਿੰਦੀ ਕਹਾਣੀ**
**ਬੋਲੋ ਜੈ, ਬੋਲੋ ਜੈ ਗੁਰੂਦੇਵ ਦੀ**
ਮੂਲ :ਕਿੰਸ਼ੁਕ ਗੁਪਤਾ
ਅਨੁਵਾਦਕ : ਸੁਕੀਰਤ–37

**ਪੰਜਾਬੀ ਕਹਾਣੀਆਂ**
**ਬੁਰਜ ਖ਼ਲੀਫ਼ਾ**
ਸਰਬਜੀਤ ਕੌਰ ਸੋਹਲ–58
**ਚਿਰਾਗ਼**
ਸੋਮਾ ਸਬਲੋਕ –65
**ਮੈਂ ਵੀ ਹਾਰਨਾਂ ਸਿੱਖ ਲਿਆ**
ਜਸਵਿੰਦਰ ਰੱਤੀਆਂ–77
**ਦਰਦ ਦਾ ਰੰਗ**
ਗੁਰਿੰਦਰ ਸਿੰਘ ਕਲਸੀ–85
**ਡੌਂਗ ਫਾਰਮ**
ਬਲਵੰਤ ਫ਼ਰਵਾਲ਼ੀ–91
**ਸਲੋਚਨਾ**
ਅਮਰ ਗਰਗ
ਕਲਮਦਾਨ–103

**ਸ਼ਬਦ-ਚਿੱਤਰ**
**ਨਵੇਂ ਮਨੁੱਖ ਦੀ ਸਿਰਜਣਾ ਦਾ ਸੁਪਨਾ: ਡਾਕਟਰ ਜਸਬੀਰ ਦੁਸਾਂਝ**
ਬਲਬੀਰ ਪਰਵਾਨਾ–111
**ਜੋਬਨ-ਰੁੱਤ ਦਾ ਗੀਤ: ਮਾਰਲਿਨ ਮੁਨਰੋ**
ਪਰਮਜੀਤ ਢੀਂਗਰਾ–121

**ਸਮੀਖਿਆ**
**ਡਲਿਵਰੀ ਮੈਨ** / ਡਾ.ਚੰਦਰ ਪ੍ਰਕਾਸ਼–129
**ਟੈਬੂਜ਼** / ਡਾ. ਮਨਮੋਹਨ 135
**ਜੜ੍ਹ-ਮੂਲ** / ਡਾ. ਕੁਲਵਿੰਦਰ ਸਿੰਘ–143
**ਮੈਲਾਨਿਨ**/ ਡਾ. ਕੁਲਵਿੰਦਰ ਸਿੰਘ–146
**ਕਹਾਣੀ ਧਾਰਾ-71**
ਡਾ. ਬਲਵੀਰ ਕੌਰ ਰੀਹਲ–149

**ਮੇਰਾ ਸਟੱਡੀ ਟੇਬਲ**
**ਭਗਵੰਤ ਰਸੂਲਪੁਰੀ**–153

## ਸੰਪਾਦਕੀ

# ਸ਼ਾਹਮੁੱਖੀ ਲਿੱਪੀ ਦੀ ਪੰਜਾਬੀ ਕਹਾਣੀ

ਪਾਕਿਸਤਾਨ 'ਚ ਰਚੀ ਜਾ ਰਹੀ ਪੰਜਾਬੀ ਕਹਾਣੀ ਦੀ ਆਪਣੀ ਤਸੀਰ ਏ। ਉਹ ਭਾਵੇਂ ਸ਼ਾਹਮੁੱਖੀ ਲਿੱਪੀ 'ਚ ਲਿਖੀ ਜਾ ਰਹੀ ਹੋਵੇ ਜਾਂ ਉਥੋਂ ਦੀ ਉਰਦੂ ਜ਼ੁਬਾਨ (ਮੰਟੋ ਰੰਗ) ਦੀ ਕਹਾਣੀ ਹੋਵੇ। ਭਾਵੇਂ ਅਸੀਂ ਸਾਂਝਾ ਪੰਜਾਬ ਵੀ ਕਹਿ ਦਿੰਦੇ ਹਾਂ ਤੇ ਸਰਹੱਦਾ ਤੋੜਨ ਲਈ ਜਾਂ ਦੋਵੇਂ ਪੰਜਾਬ ਜੋੜਨ ਲਈ ਸਰਹੱਦਾ 'ਤੇ ਮੋਮਬੱਤੀਆਂ ਵੀ ਜਗਾਉਣ ਤੁਰ ਪੈਂਦੇ ਹਾਂ। ਸਾਨੂੰ ਇਹ ਵੀ ਪਤਾ ਏ ਕਿ ਸਰਹੱਦਾ ਜੋ ਬਣ ਗਈਆਂ ਨੇ ਇਹਨੇ ਟੁੱਟਣਾ ਨਹੀਂ। ਖ਼ੈਰ ਗੱਲ ਅਸੀਂ ਪਾਕਿਸਤਾਨੀ ਪੰਜਾਬੀ ਗ਼ਲਪ ਦੀ ਕਰਨੀ ਏ। ਜਿਸ ਦਾ ਪੰਜਾਬ ਨਾਲੋਂ ਟੁੱਟਿਆਂ ਅੱਠਵਾਂ ਦਹਾਕਾ ਚੱਲ ਪਿਆ ਏ। ਓਧਰਲੇ ਸਮਾਜ ਦਾ ਇਕ ਆਪਣਾ ਕਲਚਰ ਉਸਰ ਗਿਆ ਏ ਅਤੇ ਤੀਜੀ ਚੌਥੀ ਪੀੜ੍ਹੀ ਜਵਾਨ ਹੋਣ ਲੱਗ ਪਈ ਏ। ਉਥੋਂ ਦੇ ਸਮਾਜ ਦੇ ਵਿਰੋਧ, ਤਣਾਓ, ਸੱਭਿਆਚਾਰਕ ਵਖਰੇਵੇਂ, ਸ਼ੋਸ਼ਣ ਦੀਆਂ ਵੱਖ-ਵੱਖ ਪਰਤਾਂ ਅਤੇ ਨਾਰੀ ਦਾ ਅਸਤਿੱਤਵ ਵੱਖਰੀ ਤਰ੍ਹਾਂ ਉਸਰਨ ਲੱਗ ਪਿਆ ਏ। ਇਨ੍ਹਾਂ ਸਾਰੇ ਵਿਰੋਧਾ ਤੇ ਸਾਂਝਾ ਵਿੱਚੋਂ ਉਥੋਂ ਦੀ ਕਹਾਣੀ ਦਾ ਬਿਰਤਾਂਤ ਅਤੇ ਪਾਤਰ ਓਧਰਲੀ ਕਹਾਣੀ ਵਿਚ ਆਉਣ ਲੱਗ ਪਏ ਨੇ। ਓਧਰਲੀ ਕਹਾਣੀ ਵਿਚ ਜਿਹੜਾ ਅਸੀਂ ਬਿਰਤਾਂਤ, ਤਣਾਓ ਅਤੇ ਨਾਇਕ ਉਸਰਦਾ ਪੜ੍ਹਦੇ ਹਾਂ। ਉਹ ਪੰਜਾਬੀ ਕਹਾਣੀ 'ਚ ਵੱਖਰਾ ਖੜਾ ਦਿਸਦਾ ਏ।

ਓਧਰਲੀ ਕਹਾਣੀ ਦੀ ਆਪਣੀ ਖ਼ਾਸੀਅਤ ਏ, ਉਹਦੇ ਆਪਣੇ ਵਿਸ਼ੇ ਨੇ, ਉਹਦੇ ਆਪਣੇ ਪਾਤਰ ਨੇ। ਹਰ ਸਾਲ ਨਵੇਂ ਨਵੇਂ ਓਧਰਲੇ ਕਥਾਕਾਰ ਏਧਰ ਲਿੱਪੀਆਂਤਰ ਹੋ ਕੇ ਪਹੁੰਚ ਰਹੇ ਨੇ। ਉਨ੍ਹਾਂ ਦੀ ਕਹਾਣੀ ਵਿਚ ਤਾਜਗੀ ਏ। ਜਿਹੜੇ ਅਦਬੀ ਲੋਕ ਓਧਰਲੀ ਕਹਾਣੀ ਤੇ ਨਾਵਲ ਏਧਰ ਲਿੱਪੀਆਂਤਰ ਕਰਕੇ ਗੁਰਮੁੱਖੀ ਪਾਠਕਾਂ ਨੂੰ ਪੜ੍ਹਨ ਲਈ ਦੇ ਰਹੇ ਹਨ ਉਹ ਨਿਸਚੇ ਹੀ ਮੁੱਲਵਾਨ ਉਪਰਾਲਾ ਕਰ ਰਹੇ ਨੇ। ਪਹਿਲਾਂ ਪਹਿਲ ਡਾ. ਜਗਤਾਰ ਅਤੇ ਡਾ. ਕਰਨੈਲ ਸਿੰਘ ਥਿੰਦ ਹੁਰਾਂ ਨੇ ਓਧਰਲੇ ਗਲਪ ਨੂੰ ਏਧਰ ਗੁਰਮੁੱਖੀ 'ਚ ਉਲੱਥ ਕੇ ਸਾਂਝ ਦੀ ਇਕ ਪਿਰਤ ਪਾਈ। ਫਿਰ ਇਨ੍ਹਾਂ 'ਚ ਜਤਿੰਦਰ ਪਾਲ ਜੌਲੀ ਦਾ ਨਾਂ ਵੀ ਜੁੜ ਗਿਆ। ਕਹਾਣੀਕਾਰ ਤਲਵਿੰਦਰ ਸਿੰਘ ਜਦੋਂ ਕਹਾਣੀ ਵਿਚ ਸਰਗਰਮ ਹੋਇਆ ਤਾਂ ਉਹ ਪਾਕਿਸਤਾਨ ਵਿਚ ਗੇੜੇ ਮਾਰਨ ਲੱਗਾ। ਉਹ ਉਧਰੋਂ ਸ਼ਾਹਮੁੱਖੀ 'ਚ ਲਿਖੇ ਕਹਾਣੀ ਸੰਗ੍ਰਹਿ ਤੇ ਨਾਵਲ ਏਧਰ ਲੈ ਆਉਂਦਾ ਤੇ ਪਾਲ ਸਿੰਘ ਵੱਲ੍ਹਾ ਨੂੰ ਦੇ ਦਿੰਦਾ। ਆਪਣੇ ਸਮੇਂ ਉਹਨੇ ਪਾਕਿਸਤਾਨ ਦੇ ਕਈ ਸਾਲ ਗੇੜੇ ਲਾਏ ਤੇ ਢੇਰਾ ਦਾ ਢੇਰ ਸਾਹਿਤ ਏਧਰ ਲੈ ਆਇਆ। ਤਲਵਿੰਦਰ ਸਿੰਘ ਦੇ ਯਤਨਾ ਨਾਲ ਸ਼ਾਹਮੁੱਖੀ ਦੇ ਅਨੇਕਾਂ ਕਹਾਣੀ ਸੰਗ੍ਰਹਿ ਗੁਰਮੁੱਖੀ ਵਿਚ ਏਧਰ ਛਪੇ। ਅਨਵਰ ਅਲੀ ਦੀ 'ਗੁੜ ਦੀ ਭੇਲੀ', ਖ਼ਾਲਿਦ ਫ਼ਰਹਾਦ ਧਾਰੀਵਾਲ ਦੀ 'ਕਥਾ ਇੱਕ ਕਲਯੁੱਗ ਦੀ', ਜ਼ੁਬੈਰ ਅਹਿਮਦ ਦੀ 'ਕਬੂਤਰ ਬਨੇਰੇ ਤੇ ਗਲੀਆਂ'. ਮਕਸੂਦ ਸਾਕਿਬ ਦੀ 'ਧੋਤੇ ਪੰਨਿਆਂ ਦੀ ਇਬਾਰਤ', 'ਤੂੰ ਘਰ ਚਲਾ ਜਾ', ਆਸ਼ਿਕ ਰਹੀਲ ਦੀ 'ਕਿੱਸਾ ਮੇਰੇ ਪਿੰਡ ਦਾ' ਅਤੇ ਅਫ਼ਜ਼ਲ ਤੌਸੀਫ਼ ਦੀ 'ਬੁਲਬੁਲੀਨਾ', 'ਟਾਹਲੀ ਮੇਰੇ ਬੱਚੜੇ', 'ਮਾਈ ਅਨਾਰਾਂ ਵਾਲੀ' ਵਰਗੀਆਂ ਕਹਾਣੀਆਂ ਦੀਆਂ ਕਿਤਾਬਾਂ ਸਾਡੇ ਤੱਕ ਪੁਜ ਗਈਆਂ। ਇਹ ਸਾਰੇ ਕਥਾਕਾਰ ਸ਼ਾਹਮੁੱਖੀ ਦੇ ਬੜੇ ਜਵੇ ਵਾਲੇ ਕਥਾਕਾਰ ਹੋਏ ਨੇ। ਇਨ੍ਹਾਂ ਦੀਆਂ ਕਹਾਣੀਆਂ ਵਿਚ ਟੁੱਟ ਰਹੇ, ਤਿੜਕ ਰਹੇ, ਹਾਸ਼ੀਏ ਤੇ ਧੱਕ ਦਿੱਤੇ ਗਏ ਮਨੁੱਖ ਦੀ ਗੱਲ ਬੜੀ ਕੁਸ਼ਲਤਾ ਨੇ ਕੀਤੀ ਗਈ ਏ। ਮੈਂ ਇਨ੍ਹਾਂ ਕਹਾਣੀਆਂ ਵਿਚ ਮੁਸਲਿਮ ਸਮਾਜ ਦੀ ਨਾਰੀ ਦੇ ਅਨੇਕਾਂ ਰੂਪ ਵੇਖਦਾ ਹਾਂ। ਮੁਸਲਿਮ ਕਲਚਰ ਦੀਆਂ ਅਨੇਕਾਂ ਹੇਠਲੀਆਂ ਤੇ ਉਪਰਲੀਆਂ ਪਰਤਾਂ ਨੂੰ ਸਮਝਣ ਦਾ ਯਤਨ ਕਰਦਾ ਹਾਂ।

ਉਸ ਤੋਂ ਥੋੜ੍ਹਾ ਪਿੱਛੇ ਜਾਵਾਂ ਤਾਂ ਮੈਨੂੰ ਇਲਿਆਸ ਘੁੰਮਣ ਚੇਤੇ ਆਉਂਦਾ ਏ। ਇਕ ਵੇਲਾ ਸੀ ਉਸ ਦੀ ਕਹਾਣੀ ਨੂੰ ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਵਿਚ ਪ੍ਰਮੁੱਖਤਾ ਨਾਲ ਛਾਪਿਆ ਸੀ। ਉਹਦੇ ਨਾਲ ਨਾਲ ਪਾਕਿਸਤਾਨ ਦੀ ਵੱਡੇ ਕੱਦ ਦੀ ਕਥਾਕਾਰ ਅਫ਼ਜ਼ਲ ਤੌਸੀਫ਼ ਦੀ ਕਹਾਣੀ ਨੂੰ ਵੀ ਅੰਮ੍ਰਿਤਾ ਬੜੇ ਚਾਅ ਨਾਲ ਛਾਪਦੀ ਸੀ। ਇਨ੍ਹਾਂ ਦੋ ਕਥਾਕਾਰ ਨੇ ਮੁੱਢਲੀ ਪਾਕਿਸਤਾਨੀ ਕਹਾਣੀ ਦੇ ਨਕਸ਼ ਨਿਖਾਰਨ ਵਿਚ ਅਹਿਮ ਭੂਮਿਕਾ ਨਿਭਾਈ ਮੈਨੂੰ ਲੱਗਦੀ ਏ। ਇਨ੍ਹਾਂ ਦੋਹਾਂ ਦੀ ਕਹਾਣੀ ਵਿਚ ਸੰਤਾਲੀ ਦੀ ਵੰਡ ਦਾ ਦਰਦ ਥਾਂ ਥਾਂ ਡੁੱਲ੍ਹਦਾ ਵੇਖਿਆ ਜਾ ਸਕਦਾ ਏ। ਉਨ੍ਹਾਂ ਨੇ ਪੰਜਾਬੀਅਤ ਦੀ ਖ਼ੁਰ ਰਹੀ ਸਾਂਝ ਨੂੰ ਪ੍ਰਮੁੱਖਤਾ ਨਾਲ ਆਪਣੀ ਕਹਾਣੀ ਦੇ ਬਿਰਤਾਂਤ ਦਾ ਹਿੱਸਾ ਬਣਾਇਆ ਏ। ਇਹ ਉਥੋਂ ਦੀ ਕਹਾਣੀ ਨੂੰ ਵੱਖਰਾ ਧਰਾਤਲ ਦਿੰਦੇ ਨੇ। ਇਲਿਆਸ ਘੁੰਮਣ ਦੀਆਂ ਕਹਾਣੀਆਂ ਜਦੋਂ 'ਨਾਗਮਣੀ' ਵਿਚ ਛਪਦੀਆਂ ਸਨ ਤਾਂ ਓਸ ਵੇਲੇ ਅਸੀਂ ਪੜ੍ਹ ਕੇ ਆਪਸ ਵਿਚ ਗੱਲਾਂ ਦੇ ਢੇਰ ਲਾ ਦਿੰਦੇ ਸਾਂ। ਉਸ ਦੀਆਂ ਲੰਮੀਆਂ ਅਤੇ ਬਹੁ ਪਰਤੀ, ਬਹੁ ਅਰਥੀ ਕਹਾਣੀਆਂ ਨੇ ਉਸਨੂੰ ਵਿਲੱਖਣ ਪਛਾਣ ਵੀ ਦਿੱਤੀ। ਇਲਿਆਸ ਘੁੰਮਣ ਨੇ ਸੰਘਣੀ ਗੋਂਦ ਰਾਹੀ ਬਿੰਬ ਪ੍ਰਧਾਨ ਕਹਾਣੀ ਲਿਖ ਕੇ ਸਾਨੂੰ ਸੋਚਣ ਲਾ ਦਿੱਤਾ ਕਿ ਪਾਕਿ 'ਚ ਵੀ ਚੰਗੀ ਕਹਾਣੀ ਲਿਖੀ ਜਾ ਰਹੀ ਏ। ਉਸ ਦੇ ਕਹਾਣੀ ਸੰਗ੍ਰਹਿ 'ਪਿੰਡ ਦੀ ਲੱਜ' ਨੇ ਸਾਡੇ ਏਧਰਲੇ ਚਿੰਤਕਾਂ ਨੂੰ ਪਾਕਿ ਕਥਾ ਦਾ ਮਾਡਲ ਨਿਰਧਾਰਤ ਕਰਨ ਲਈ ਮਜਬੂਰ ਕਰ ਦਿੱਤਾ। ਇਹਦੇ ਨਾਲ ਮਕਸੂਦ ਸਾਕਿਬ ਨੂੰ ਅਸੀਂ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਉਹਦੀ ਕਹਾਣੀ ਦੀ ਆਪਣੀ ਅਛੂਤੀ ਤਸੀਰ ਏ।

ਕਹਾਣੀਕਾਰ ਜਿੰਦਰ ਸਾਹਮੁੱਖੀ ਦੀ ਕਹਾਣੀ ਏਧਰ ਛਪਵਾਉਣ 'ਚ ਪਿਛਲੇ ਲੰਮੇ ਸਮੇਂ ਤੋਂ ਉਪਰਾਲਾ ਕਰਦਾ ਆ ਰਿਹਾ ਏ। ਮਹਿੰਦਰ ਬੇਦੀ ਜੈਤੋ ਤੋਂ ਲਿੱਪੀਆਂਤਰ ਕਰਵਾ ਕੇ ਉਸ ਨੇ ਅਨੇਕਾਂ ਓਧਰਲੇ ਕਥਾਕਾਰ ਗੁਰਮੁੱਖੀ ਵਿਚ ਸਾਨੂੰ ਪੜ੍ਹਨ ਨੂੰ ਦਿੱਤੇ ਨੇ। ਖ਼ਾਲਿਦ ਫ਼ਰਹਾਦ ਧਾਰੀਵਾਲ ਪਾਕਿਸਤਾਨ 'ਚ ਬੈਠਾ ਅਜਿਹਾ ਅਦਬੀ ਬੰਦਾ ਏ ਜਿਹਨੂੰ ਸ਼ਾਹਮੁੱਖੀ, ਗੁਰਮੁੱਖੀ ਤੇ ਹਿੰਦੀ-ਅੰਗਰੇਜ਼ੀ 'ਚ ਬਰਾਬਰ ਦੀ ਕਮਾਂਡ ਏ। ਪਿਛਲੇ ਸਮੇਂ ਵਿਚ ਖ਼ਾਲਿਦ ਨੇ ਕਾਫੀ ਮਾਤਰਾ ਵਿਚ ਓਧਰਲੀ ਕਹਾਣੀ ਗੁਰਮੁੱਖੀ 'ਚ ਲਿੱਪੀਆਂਤਰ ਕਰਕੇ ਸਾਨੂੰ ਪੜ੍ਹਨ ਨੂੰ ਦਿੱਤੀ ਏ। ਮੇਰੇ ਸਾਹਮਣੇ ਓਧਰਲਾ ਮੁੱਢਲਾ ਕਥਾਕਾਰ ਅਫ਼ਜ਼ਲ ਅਹਿਸਨ ਰੰਧਾਵਾ ਦੀਆਂ ਸਾਰੀਆਂ ਕਹਾਣੀਆਂ ਦਾ ਸੰਗ੍ਰਹਿ 'ਬੰਦੇ ਖਾਣੀਆਂ' ਪਿਆ ਏ। ਜਿਹਨੂੰ ਖ਼ਾਲਿਦ ਧਾਰੀਵਾਲ ਨੇ ਲਿੱਪੀਆਂਤਰ ਕੀਤਾ ਏ ਤੇ ਸੰਪਾਦਕ ਦਾ ਕਾਰਜ ਜਿੰਦਰ ਨੇ ਕੀਤਾ ਏ। ਇਹ ਬਹੁਤ ਵੱਡਾ ਕੰਮ ਏ। ਰੰਧਾਵਾ ਅਤੇ ਸਲੀਮ ਖ਼ਾਂ ਗਿੰਮੀ ਪਾਕਿ ਦੇ ਮੋਢੀ ਕਹਾਣੀਕਾਰ ਨੇ। ਜਦੋਂ ਮੈਂ ਇਨ੍ਹਾਂ ਦੋਹਾਂ ਦੀਆਂ ਕਹਾਣੀਆਂ ਪੜ੍ਹਦਾ ਹਾਂ ਤਾਂ ਮੇਰੇ ਮੋਹਰੇ ਇਨ੍ਹਾਂ ਦੀਆਂ ਕਹਾਣੀਆਂ ਦੇ ਸਿੱਖ ਜਾਂ ਗ਼ੈਰ ਮੁਸਲਿਮ ਪਾਤਰ ਆ ਖੜਦੇ ਨੇ। ਇਹ ਦੋਵੇਂ ਕਹਾਣੀਕਾਰ ਸਿੱਖੀ ਦੇ ਰਵਾਇਤੀ ਬਿੰਬ ਨੂੰ ਬੜੇ ਮਾਣ ਨਾਲ ਗਲੋਰੀਫਾਈ ਕਰਦੇ ਨੇ। ਰੰਧਾਵਾ ਪੰਜਾਬੀ ਬੰਦੇ ਦਾ ਬਿੰਬ ਅਣਖੀ, ਦਲੇਰ, ਹੌਂਸਲੇ ਵਾਲਾ, ਵੈਲ਼ ਪੁਣਾ, ਜੀਣ-ਮਰਨ ਦੀ ਪਰਵਾਹ ਨਾ ਕਰਨ ਵਾਲਾ ਪੇਸ਼ ਕਰਦਾ ਏ। ਧਾਰਮਿਕ ਸਾਂਝੀਵਾਲਤਾ ਤੇ ਸਾਂਝ ਇਨ੍ਹਾਂ ਦੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਏ। ਕਿਤੇ ਕਿਤੇ ਉਹ ਸਮਾਜਿਕ ਸੱਚ ਨੂੰ ਇਕ ਪਾਸੇ ਰੱਖ ਕੇ ਯਥਾਰਥ ਵੱਲੋਂ ਯੂ ਟਰਨ ਲੈ ਲੈਂਦੇ ਨੇ। ਰੰਧਾਵਾਂ ਦੀ ਕਿਤਾਬ 'ਰੰਨ, ਤਲਵਾਰ ਤੇ ਘੋੜਾ' ਅਤੇ ਗਿੰਮੀ ਦੀ ਕਿਤਾਬ 'ਖੁਸ਼ਬੋ' ਦੀਆਂ ਕਹਾਣੀਆਂ ਨੂੰ ਏਧਰਲੇ ਪਾਠਕਾਂ ਨੇ ਬੜੇ ਚਾਅ ਨਾਲ ਪੜ੍ਹਿਆ ਏ। ਪ੍ਰੰਤੂ ਇਨ੍ਹਾਂ ਸੀਮਾਂਵਾ ਦੇ ਬਾਵਜੂਦ ਜਦੋਂ ਮੈਂ ਅਨਵਰ ਅਲੀ, ਮਕਸੂਦ ਸਾਕਿਬ, ਕਰਾਮਤ ਅਲੀਂ ਮੁਗ਼ਲ, ਤੌਂਕੀਰ ਚੁਗਤਾਈ, ਜ਼ੁਬੇਰ ਅਹਿਮਦ, ਆਗ਼ਾ ਅਲੀ ਮੁਦੱਸਰ ਤੇ ਖ਼ਾਲਿਦ ਧਾਰੀਵਾਲ ਦੀਆਂ ਕਹਾਣੀਆਂ ਪੜ੍ਹਦਾ ਹਾਂ ਤਾਂ ਮੈਨੂੰ ਵੱਖ ਵੱਖ ਜੈਂਡਰਾਂ ਵਾਲੇ ਪਾਤਰਾਂ ਦੀ ਮਾਨਸਿਕਤਾ ਦਾ ਗਹਿਰਾ ਵਿਸ਼ਲੇਸ਼ਣ ਕੀਤਾ ਮਿਲਦਾ ਏ। ਏਥੋਂ ਤੱਕ ਕਿ ਮੈਂ ਜਦੋਂ ਸ਼ਹਿਜ਼ਾਦਾ ਅਸਲਮ ਦਾ ਕਹਾਣੀ ਸੰਗ੍ਰਹਿ 'ਦਰਿਆਵਾਂ ਦੇ ਹਾਣੀ' ਜਿਸ ਨੂੰ ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਲਿੱਪੀਆਂਤਰ ਕੀਤਾ ਏ ਤੇ

ਏਜ਼ਾਜ਼ਾ ਦਾ ਕਹਾਣੀ ਸੰਗ੍ਰਹਿ 'ਈਰਖਾ' ਪੜ੍ਹਦਾ ਹਾਂ ਤਾਂ ਮੈਨੂੰ ਦੋਹਾਂ ਕਹਾਣੀਕਾਰਾਂ ਦੀ ਸਮਾਜ ਨੂੰ ਵੇਖਣ ਦੀ ਦ੍ਰਿਸ਼ਟੀ ਬਿਲਕੁਲ ਵੱਖਰੀ ਕਿਸਮ ਦੀ ਦਿਸਦੀ ਏ। ਸ਼ਹਿਜ਼ਾਦ ਅਸਲਮ ਦੇ ਪਾਤਰ ਨਵੇਂ ਉਸਰ ਰਹੇ ਪਾਕਿ ਦੇ ਲੋਕ ਨੇ। ਉਨ੍ਹਾਂ ਦੀਆਂ ਆਪਣੀਆਂ ਲੋੜਾਂ ਤੇ ਉਮੰਗਾ ਨੇ। ਉਹ ਪਾਤਰਾਂ ਦੀ ਗਹਿਰਾਈ ਨਾਲ ਉਸਾਰੀ ਕਰਦਾ ਏ।

ਸਾਡੇ ਏਧਰ ਫ਼ਰਖ਼ੰਦਾ ਲੋਧੀ ਦੀਆਂ ਕਹਾਣੀਆਂ ਦੀ ਗੱਲ ਬਹੁਤ ਘੱਟ ਹੋਈ ਏ। ਉਸ ਦੀਆਂ ਕਹਾਣੀ ਦੀ ਕਿਤਾਬ 'ਚੰਨੇ ਦੇ ਓਹਲੇ ਅਤੇ ਹੋਰ ਕਹਾਣੀਆਂ' ਨੂੰ ਜਦੋਂ ਮੈਂ ਪੜ੍ਹਿਆ ਤਾਂ ਮੈਨੂੰ ਸੰਤਾਲੀ ਦੀ ਵੰਡ ਦੀ ਨਵੇਂ ਜਾਵੀਏ ਤੋਂ ਸਮਝ ਲੱਗੀ। ਮੈਂ ਸੰਤਾਲੀ ਵਿਚ ਮੁਸਲਿਮ-ਸਿੱਖ ਤੇ ਹਿੰਦੂ ਸਮਾਜ ਨੂੰ ਉਹਦੀ ਅੱਖ ਰਾਹੀ ਸਮਝਣ ਲੱਗ ਪਿਆ। ਇਹੀ ਕਿਸੇ ਕਥਾਕਾਰ ਦੀ ਪ੍ਰਾਪਤ ਹੁੰਦੀ ਏ ਕਿ ਉਹ ਆਪਣੇ ਸਮੇਂ ਨੂੰ ਕਿਸ ਦ੍ਰਿਸ਼ਟੀ ਨਾਲ ਕਿੰਨੀ ਕੁ ਸਮਰੱਥਾ ਨਾਲ ਪੇਸ਼ ਕਰ ਜਾਂਦਾ ਏ। ਉਸ ਨੇ ਦੋਵੇਂ ਪੰਜਾਬਾਂ ਅਤੇ ਵਾਹਗਾ ਬਾਰਡਰ ਦੇ ਆਰ ਪਾਰ ਦੇ ਮਾਹੌਲ, ਵਸੇਬੇ ਨੂੰ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਪੱਖ ਤੋਂ ਨਿਰਪੱਖਤਾ ਨਾਲ ਬੜੀ ਬੇਬਾਕ ਹੋ ਕੇ ਦਲੇਰੀ ਨਾਲ ਪੇਸ਼ ਕੀਤਾ ਏ। ਅੱਗੇ ਫਿਰ ਮੈਂ ਪਰਵੀਨ ਮਲਿਕ ਦੀ ਕਿਤਾਬ 'ਰੋਟੀ ਮੇਰੀ ਕਾਠ ਦੀ' ਪੜ੍ਹਨੀ ਸ਼ੁਰੂ ਕੀਤੀ ਜਿਸ ਨੂੰ ਮਹਿੰਦਰ ਬੇਦੀ ਜੈਤੋ ਨੇ ਲਿੱਪੀਆਂਤਰ ਕੀਤਾ ਏ। ਪਰਵੀਨ ਮਲਿਕ ਵੱਖਰੀ ਤੇ ਉੱਚੇ ਦਰਜੇ ਵਾਲੀ ਕਲਾਸ ਵਿਚ ਵਿਚਰੀ ਏ। ਉਹਦੇ ਕੋਲ ਉਸ ਕਲਾਸ ਦਾ ਅਨੁਭਵ ਵੀ ਏ। ਇਸ ਅਨੁਭਵ ਨੂੰ ਉਸ ਨੇ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਏ। ਉਹਦੇ ਅਨੁਭਵ ਦਾ ਹਿੱਸਾ ਇਸ ਕਲਾਸ ਵਿਚ ਵਿਚਰਨ ਵਾਲੀ ਨਾਰੀ ਦਾ ਵੀ ਏ। ਪਰਵੀਨ ਆਪਣੀ ਕਹਾਣੀ ਦੇ ਬਿਰਤਾਂਤ ਰਾਹੀਂ ਸਮਕਾਲ ਦੀ ਰਾਜਨੀਤੀ 'ਤੇ ਚਿਹਨਾ ਰਾਹੀਂ ਤਿੱਖਾ ਵਿਅੰਗ ਕਰਦੀ ਏ।

'ਪੰਚਮ' ਪਰਚੇ ਦਾ ਸੰਪਾਦਕ ਮਕਸੂਦ ਸਾਕਿਬ ਆਪਣੀ ਕਹਾਣੀ ਵਿਚ ਉਨ੍ਹਾਂ ਪਾਤਰਾਂ ਅਤੇ ਘਟਨਾਵਾਂ ਦੇ ਬਿਰਤਾਂਤ ਨੂੰ ਲੈ ਕੇ ਆਉਂਦਾ ਏ ਜਿਨ੍ਹਾਂ ਵੱਲ ਸਹਿਜੇ ਕੀਤੇ ਕਿਸੇ ਕਥਾਕਾਰ ਦੀ ਨਜ਼ਰ ਨਹੀਂ ਜਾਂਦੀ। ਸਾਕਿਬ ਹੱਥੀ ਕਿਰਤ ਕਰਨ ਵਾਲੇ ਲੋਕਾਂ ਦੀ ਮਾਸੂਮੀਅਤ, ਨਿੱਘ ਨੂੰ ਪੇਸ਼ ਕਰਦਾ ਏ। ਮਨੁੱਖ ਦੀਆਂ ਲਾਲਸਾਵਾਂ, ਕਮੀਨਗੀਆਂ, ਨਿੱਜਵਾਦੀ ਰੁਚੀਆਂ ਉਹਦੀ ਕਹਾਣੀ ਦੀ ਅਹਿਮ ਕੜੀ ਏ। ਅਣਵੰਡੇ ਪੰਜਾਬ ਦੇ ਪਾਤਰ ਉਹਦੀ ਕਹਾਣੀ 'ਚ ਆਜ਼ਾਦੀ ਨਾਲ ਉਸਰਦੇ ਨੇ। ਅਨਵਰ ਅਲੀ ਨੇ ਆਪਣੀਆਂ ਕਹਾਣੀਆਂ 'ਚ ਮੁਸਲਿਮ ਸੱਭਿਆਚਾਰ 'ਚ ਫੈਲੇ ਅਡੰਬਰ ਮਜ਼ਬੀ ਕੱਟੜਤਾ, ਦੇਸ਼ ਵੰਡ ਦੀ ਪੀੜ, ਵੱਖ ਵੱਖ ਧਰਮ ਦੇ ਪਾਤਰਾਂ ਦੀ ਅੰਦਰੂਨੀ ਵੇਦਨਾ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ। ਤੌਂਕੀਰ ਚੁਗਤਾਈ ਨਿੱਕੀ ਹੁਨਰੀ ਕਹਾਣੀ ਕਹਿਣ ਦਾ ਮਾਹਰ ਏ।

ਢਾਹ ਲੱਗੀ ਬਸਤੀ (ਮਲਿਕ ਮਿਹਰ ਅਲੀ), ਤਲਾਕ (ਜਮੀਲ ਅਹਮਦ ਪਾਲ), ਹਮਜ਼ਾਦ (ਸਾਬਿਰ ਅਲੀ ਸਾਬਿਰ), ਲੁਟੇਰੀ ਵੈਸ਼ਯਾ (ਮਸਊਦ ਚੌਧਰੀ) ਆਦਿ ਕਹਾਣੀਆਂ ਦੀਆਂ ਕਿਤਾਬਾਂ ਵੀ ਓਧਰਲੇ ਪਾਕਿਸਤਨ ਦੇ ਲੋਕਾਂ ਦੇ ਦਰਦਾਂ, ਖਾਹਿਸ਼ਾ ਅਤੇ ਤ੍ਰਿਪਤੀਆਂ-ਅਤ੍ਰਿਪਤੀਆਂ, ਵੇਦਨਾਵਾਂ, ਸੰਵੇਦਨਾਵਾਂ ਦੀ ਥਾਹ ਪਾਉਂਦੀਆਂ ਹਨ। ਨੈਣ ਸੁੱਖ ਦੀਆਂ ਦੋ ਕਿਤਾਬਾਂ 'ਆਈ ਪੁਰੇ ਦੀ ਵਾਅ' ਤੇ 'ਜੋਗੀ ਸੱਪ ਤਰਾਹ' ਬਿਲਕੁਲ ਵੱਖਰੀ ਧਰਾਤਲ ਦੀਆਂ ਕਹਾਣੀਆਂ ਦੀ ਬਾਤ ਪਾਉਂਦੀਆਂ ਨੇ। ਉਸ ਨੇ ਪਾਕਿਸਤਾਨੀ ਕਹਾਣੀ ਵਿਚ ਨਿਵੇਕਲੇ ਬਿਰਤਾਂਤ ਰਾਹੀ ਡੈਂਟ ਪਾਇਆ ਏ।

ਸਮਕਾਲ ਵਿਚ ਪਰਮਜੀਤ ਸਿੰਘ ਮੀਸ਼ਾ, ਜੋਗਿੰਦਰਪਾਲ ਮਾਨ, ਖ਼ਾਲਿਦ ਫ਼ਰਹਾਦ ਧਾਰੀਵਾਲ ਤੇ ਮਹਿੰਦਰ ਬੇਦੀ ਜੈਤੋ ਵਰਗੇ ਸਿਰੜੀ ਲੋਕ ਓਧਰਲੀ ਕਹਾਣੀ ਨੂੰ ਲਿੱਪੀਆਂਤਰ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੇ ਨੇ। ਇਹ ਲੋਕ ਇਕ ਪੁਲ਼ ਦਾ ਕੰਮ ਕਰਦੇ ਪਏ ਨੇ।

**-ਭਗਵੰਤ ਰਸੂਲਪੁਰੀ**

# ਕਹਾਣੀ ਕਿਵੇਂ ਜੁੜਦੀ ਏ



ਮੁਖਤਿਆਰ ਸਿੰਘ ਬਲਵਿੰਦਰ ਗਰੇਵਾਲ ਡਾ. ਜੇ. ਬੀ. ਸੇਖੋਂ ਤ੍ਰਿਪਤਾ ਕੇ. ਸਿੰਘ

*(22 ਨਵੰਬਰ, 2023 ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਿਲਪੁਰ ਦੇ ਸਹਿਯੋਗ ਨਾਲ ਕਾਲਜ ਵਿਖੇ ਕਹਾਣੀ ਦੀ ਸਿਰਜਣ ਪ੍ਰਕਿਰਿਆ ਸੰਬੰਧੀ ਦੋ ਪੈਨਲ ਚਰਚਾਵਾਂ ਕਰਵਾਈਆਂ ਗਈਆਂ। ਪੈਨਲ ਚਰਚਾ-1 ਦਾ ਵਿਸ਼ਾ 'ਕਹਾਣੀ ਕਿਵੇਂ ਜੁੜਦੀ ਏ' ਸੀ ਜਿਸ ਵਿਚ ਮੁਖਤਿਆਰ ਸਿੰਘ, ਬਲਵਿੰਦਰ ਸਿੰਘ ਗਰੇਵਾਲ ਤੇ ਤ੍ਰਿਪਤਾ ਕੇ. ਸਿੰਘ ਨੇ ਹਿੱਸਾ ਲਿਆ ਅਤੇ ਇਸ ਦੇ ਸੂਤਰਧਾਰ ਡਾ. ਜੇ. ਬੀ. ਸੇਖੋਂ ਸਨ। ਦੂਜੀ ਪੈਨਲ ਚਰਚਾ ਦਾ ਵਿਸ਼ਾ 'ਕਹਾਣੀ 'ਚ ਪਾਤਰ ਉਸਾਰੀ' ਸੀ ਜਿਸ ਵਿਚ ਅਸਲ ਪਾਤਰ ਨੂੰ ਕਹਾਣੀ 'ਚ ਢਾਲਣ ਦੀਆਂ ਵਿਧੀਆਂ ਤੇ ਘਾੜਤ ਬਾਰੇ ਪ੍ਰਸਿੱਧ ਕਥਾਕਾਰ ਜਿੰਦਰ, ਬਲਬੀਰ ਪਰਵਾਨਾ ਤੇ ਸਾਂਵਲ ਧਾਮੀ ਨੇ ਹਿੱਸਾ ਲਿਆ। ਇਸ ਦੇ ਸੂਤਰਧਾਰ ਭਗਵੰਤ ਰਸੂਲਪੁਰੀ ਸਨ। ਇਨ੍ਹਾਂ ਦੋ ਗੋਸ਼ਟੀਆਂ ਨੂੰ 'ਕਹਾਣੀ ਧਾਰਾ' ਦੇ ਇਸ ਅੰਕ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ ਏ। -ਸੰਪਾਦਕ)*

**ਪ੍ਰੋ. ਜੇ. ਬੀ. ਸੇਖੋਂ**-ਦੋਸਤੋਂ ਕਹਾਣੀ ਦੀ ਇਸ ਵਿਚਾਰ ਚਰਚਾ ਵਿਚ ਅਸੀਂ ਕਹਾਣੀ ਦੇ ਜੁੜਨ ਬਾਰੇ ਕਹਾਣੀਕਾਰ ਕੀ ਸੋਚਦੇ ਹਨ, ਬਾਰੇ ਗੱਲਾਂ ਕਰਾਂਗੇ। ਕਹਾਣੀ ਦੀ ਬਿਰਤਾਂਤ ਕਲਾ, ਸਾਡੇ ਇਹ ਕਹਾਣੀਕਾਰ ਕਿਵੇਂ ਕਰਦੇ ਹਨ ਬਾਰੇ ਵੀ ਚਰਚਾ ਕਰਾਂਗੇ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਮਨੁੱਖ ਦਾ ਅਨੁਭਵ ਹੀ ਕਹਾਣੀ ਹੁੰਦਾ ਹੈ। ਗੁਰਬਾਣੀ ਵਿਚ ਵੀ ਅਸੀਂ ਕਹਾਣੀ ਦੇ ਤੱਤ ਨੂੰ ਸਮਝ ਸਕਦੇ ਹਾਂ। ਸਾਡੇ ਕੋਲ ਜਿਹੜੇ ਬਾਬਾ ਫ਼ਰੀਦ ਦੇ ਸਲੋਕ ਹਨ। ਹਰ ਸਲੋਕ ਵਿਚ ਵੀ ਅਸੀਂ ਕਹਾਣੀ ਦੀ ਪਛਾਣ ਕਰ ਸਕਦੇ ਹਾਂ। ਸੋ ਸਾਡਾ ਕਹਾਣੀ ਨਾਲ ਐਨਾ ਗਹਿਰਾ ਨਾਤਾ ਹੈ। ਸਾਡੇ ਦਰਮਿਆਨ ਮੁਖਤਿਆਰ ਸਿੰਘ ਵੱਡੇ ਕੱਦ ਦੇ ਕਹਾਣੀਕਾਰ ਹਨ। ਉਹ ਲੰਮੇ ਸਮੇਂ ਤੋਂ ਕਹਾਣੀ ਲਿਖਦੇ ਆ ਰਹੇ ਹਨ। 'ਲੁੱਕ 'ਚ ਫਸੇ ਪੈਰ' ਕਹਾਣੀ ਸੰਗ੍ਰਹਿ ਨਾਲ ਉਹ ਆਪਣੀ ਪਛਾਣ ਬਣਾਉਂਦੇ ਹਨ। ਪਿਛੇ ਜਿਹੇ ਉਨ੍ਹਾਂ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਛਪ ਕੇ ਆਇਆ ਹੈ। ਉਨ੍ਹਾਂ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਪਿੰਡ ਆਉਂਦਾ ਹੈ। ਪਿਛਲੇ 15-20 ਸਾਲਾਂ ਵਿਚ ਜੋ ਅਸੀਂ ਵਿਕਾਸ ਹੁੰਦਾ ਵੇਖਦੇ ਹਾਂ ਉਸ ਦਾ ਅਸਰ ਪਿੰਡ ਵਿਚ ਗਹਿਰਾ ਪੈਂਦਾ ਹੈ। ਪਿੰਡ ਵਿਚ ਜੋ ਲੋਕ ਵਿਚਰਦੇ ਹਨ ਉਨ੍ਹਾਂ ਦੇ ਵਿਹਾਰ ਵਿਚ ਤਬਦੀਲੀ ਆਈ ਹੈ। ਪੁਰਾਣੀ ਨੈਤਿਕਤਾ ਨੂੰ ਸੱਟ ਵੱਜੀ ਹੈ। ਸਾਡੀਆਂ ਕਦਰਾਂ ਕੀਮਤਾਂ ਬਹੁਤ ਤੇਜੀ ਨਾਲ ਤਬਦੀਲ ਹੋਈਆਂ ਹਨ। ਤਬਦੀਲੀ ਭਾਵੇਂ ਪਹਿਲਾਂ ਵੀ ਹੁੰਦੀ ਆਈ ਹੈ। ਉਹ ਤਬਦੀਲੀ ਸਾਹਿਜ ਗਤੀ ਨਾਲ ਤੇ ਫਲੈਟ ਤਰੀਕੇ ਨਾਲ ਹੁੰਦੀ ਸੀ। ਜਿਹੜੀ ਤਬਦੀਲੀ ਕਿਸੇ ਇਕ ਧਿਰ ਦੇ ਹੱਕ ਵਿਚ ਜਦੋਂ ਭੁਗਤਦੀ ਹੈ ਤਾਂ ਉਹ ਤਬਦੀਲੀ ਬੜੀ ਖ਼ਤਰਨਾਕ ਹੁੰਦੀ

ਹੈ। ਸੋ ਅਸੀਂ ਇਸ ਤਬਦੀਲੀ ਵਿਚ ਲੰਘ ਰਹੇ ਹਾਂ। ਜਦੋਂ ਕਿਸੇ ਕੋਲੋਂ ਕਤਲ ਹੋ ਜਾਂਦਾ ਹੈ ਉਸ ਸਜ਼ਾ ਦਾ ਸਾਨੂੰ ਪਤਾ ਹੁੰਦਾ ਏ। ਜਦੋਂ ਇਕ ਪਲੈਂਡ ਤਰੀਕੇ ਦਾ ਮਾਰਡਰ ਹੁੰਦਾ ਹੈ ਉਹਦੀ ਸਜ਼ਾ ਵੱਖਰੇ ਤਰੀਕੇ ਦੀ ਹੁੰਦੀ ਹੈ। ਸੋ ਸਾਡੇ ਪਿੰਡ ਦਾ, ਰਹਿਣ ਸਹਿਣ ਦਾ, ਸਾਡੀਆਂ ਕਦਰਾਂ ਕੀਮਤਾਂ ਦਾ ਪਲੈਂਡ ਤਰੀਕੇ ਨਾਲ ਮਾਰਡਰ ਹੋ ਰਿਹਾ ਏ ਉਹ ਬੜਾ ਖ਼ਤਰਨਾਕ ਹੈ। ਪਿੰਡ ਦਾ ਜਿਹੜਾ ਅਨੁਭਵ ਚੱਲਿਆ ਆ ਰਿਹਾ ਹੈ। ਉਸ ਦੇ ਸੰਬੰਧ ਵਿਚ ਮੁਖਤਿਆਰ ਸਿੰਘ ਦੀ ਕਹਾਣੀ ਦਾ ਕੇਂਦਰੀ ਨੁਕਤਾ ਉਸ ਮਾਰਡਰ ਉੱਤੇ ਕੇਂਦਰਤ ਹੈ। ਮੇਰਾ ਉਨ੍ਹਾਂ ਨੂੰ ਸਵਾਲ ਹੈ ਕਿ ਉਨ੍ਹਾਂ ਨੇ ਆਪਣੀ ਕਹਾਣੀ ਵਿਚ ਕਿਵੇਂ ਪਿੰਡ ਦੀ ਤਬਦੀਲੀ ਨੂੰ ਢਾਲ਼ਿਆ। ਉਸ ਦੀਆਂ ਵਿਸੰਗਤੀਆਂ ਨੂੰ ਫੜ ਕੇ ਉਨ੍ਹਾਂ ਨੂੰ ਪੇਸ਼ ਕਰਨਾ ਇਹ ਆਪਣੇ ਆਪ ਵਿਚ ਚੈਲਿੰਜ ਹੁੰਦਾ ਹੈ। ਮੈਂ ਮੁਖਤਿਆਰ ਸਿੰਘ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੀ ਕਹਾਣੀ ਵਿਚ ਪਿੰਡ ਦੇ ਬਦਲਦੇ ਸਰੂਪ ਨੂੰ ਕਿਵੇਂ ਪੇਸ਼ ਕੀਤਾ?

**ਮੁਖਤਿਆਰ ਸਿੰਘ**-ਜਦੋਂ ਮੈਂ ਦੱਸਵੀਂ ਕਰਕੇ ਕਾਲਜ ਗਿਆ ਤਾਂ ਮੈਂ ਹੋਰ ਸਬਜੈਕਟਾਂ ਦੇ ਨਾਲ ਪੰਜਾਬੀ ਵੀ ਲੈ ਲਈ ਜਦੋਂ ਮੈਂ ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ ਤੇ ਹੋਰਨਾਂ ਦੀਆਂ ਸਲੇਬਸ ਵਿਚ ਲੱਗੀਆਂ ਕਹਾਣੀਆਂ ਪੜ੍ਹੀਆਂ...। ਜਦੋਂ ਮੈਂ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਪੜ੍ਹੀ ਉਸ ਕਹਾਣੀ ਨੇ ਮੇਰੇ ਮਨ 'ਤੇ ਬਹੁਤ ਅਸਰ ਕੀਤਾ। ਤੁਸੀਂ ਇਹ ਸੋਚ ਸਕਦੇ ਹੋ ਕਿ ਵਿਦਿਆਰਥੀ ਜੀਵਨ ਉੱਤੇ ਇਸ ਦਾ ਅਸਰ ਹੁੰਦਾ ਹੈ। ਕਿਉਂਕਿ ਧੀਰ ਨੇ ਆਪਣੀ ਕਹਾਣੀ ਵਿਚ ਉਸ ਵੇਲੇ ਦੇ ਪਿੰਡ ਨੂੰ ਬੜੀ ਖ਼ੂਬਸੂਰਤੀ ਨਾਲ ਚਿੱਤਰਿਆ। ਉਹੋ ਜਿਹੀ ਜ਼ਿੰਦਗੀ ਅਸੀਂ ਆਪਣੇ ਪਿੰਡਾਂ ਵਿਚ ਵੇਖਦੇ ਸਾਂ। ਉਸ ਵੇਲੇ ਅਸੀਂ ਖੇਤਾਂ ਵਿਚ ਕਣਕ ਦੀ ਧੜ ਵੀ ਬਣਾਉਂਦੇ ਸਾਂ, ਫ਼ਲਿਆਂ ਨਾਲ ਗਹੁਣ ਲਈ। ਜਦੋਂ ਹਵਾ ਦਾ ਬੁੱਲਾ ਆਉਂਦਾ ਸੀ ਤਾਂ ਅਸੀਂ ਫਿਰ ਅੜਾਉਣ ਲੱਗ ਜਾਂਦੇ ਸੀ। ਹਵਾ ਵੇਖਦਿਆਂ ਵੇਖਦਿਆਂ ਤੀਜਾ ਪਹਿਰ ਹੋ ਜਾਂਦਾ। 'ਸਵੇਰ ਹੋਣ ਤੱਕ' ਤੇ ਇਹੋ ਜਿਹੀਆਂ ਹੋਰ ਕਹਾਣੀਆਂ ਵਿਚ ਇਸੇ ਤਰ੍ਹਾਂ ਦੇ ਪਿੰਡ ਦਾ ਵਰਨਣ ਹੁੰਦਾ। ਫਿਰ ਜਦੋਂ ਖੇਤਾਂ ਵਿਚ ਕਣਕ ਕੱਢਣ ਵਾਲੇ ਥਰੈਸ਼ਰ ਆਏ ... ਉਸ ਵੇਲੇ ਮਾੜੇ ਕਿਸਾਨ ਥਰੈਸ਼ਰ ਲੈ ਨਹੀਂ ਸੀ ਸਕਦੇ। ਇਸ ਤਰ੍ਹਾਂ ਮੇਰੇ ਅੱਖੀ ਵੇਖਦਿਆਂ ਵੇਖਦਿਆਂ ਪਿੰਡ ਦਾ ਵਿਕਾਸ ਹੁੰਦਾ ਹੈ। ਇਹ ਵਿਕਾਸ ਬਾਅਦ ਵਿਚ ਮੇਰੀਆਂ ਕਹਾਣੀਆਂ ਵਿਚ ਵੀ ਆਉਣ ਲੱਗਾ। ਇਸ ਬਦਲ ਰਹੇ ਪਿੰਡ ਦੀ ਮੈਂ ਇਕ ਕਹਾਣੀ ਲਿਖ ਦਿੱਤੀ। ਤੇ ਉਹ ਕਿਸੇ ਮੈਗਜ਼ੀਨ ਵਿਚ ਛਪ ਗਈ। ਮੈਂ ਜੋ ਵੇਖਿਆ ਉਹ ਲਿਖ ਦਿੱਤਾ। ਉਸ ਵੇਲੇ ਮੈਨੂੰ ਇਹ ਪਤਾ ਨਹੀਂ ਸੀ ਕਿ ਪਿੰਡ ਬਦਲ ਰਿਹਾ ਏ। ਜਦੋਂ ਨੌਕਰੀ ਦੇ ਸਿਲਸਿਲੇ ਵਿਚ ਮੈਂ ਅੰਮ੍ਰਿਤਸਰ ਯੂਨੀਵਰਸਿਟੀ ਵਿਚ ਆ ਗਿਆ ਤਾਂ ਮੈਨੂੰ ਲੇਖਕ ਮਿਲਣ ਲੱਗ ਪਏ। ਮੈਂ ਹੋਰ ਕਹਾਣੀਆਂ ਲਿਖਣ ਲੱਗ ਪਿਆ। ਇਕ ਮੈਂ ਕਹਾਣੀ ਲਿਖੀ 'ਖੂਹ ਦੀ ਮੌਣ' ਜਿਹਦੇ ਵਿਚ ਮੌਣ ਤੇ ਬੈਠੇ ਬਜ਼ੁਰਗ ਕੋਲੋਂ ਦੀ ਲੰਘ ਰਹੇ ਟਰੈਕਟਰ ਬਾਰੇ ਗੱਲਾਂ ਕਰਦੇ ਹਨ। ਪਿੰਡ ਦੀ ਤਬਦੀਲੀ ਇਸ ਤਰ੍ਹਾਂ ਕਹਾਣੀਆਂ ਵਿਚ ਆਉਣ ਲੱਗ ਪਈ। ਜਦੋਂ ਮੈਂ ਯੂਨੀਵਰਸਿਟੀ ਗਿਆ। ਮੈਂ ਉਥੇ ਨੌਕਰੀ ਕਰਦੇ ਮੁਲਾਜ਼ਮਾ ਬਾਰੇ ਵੇਖਿਆ ਕਿ ਕਿਵੇਂ ਉਹ ਥੋੜੀ ਤਨਖਾਹ ਤੇ ਗੁਜਾਰਾ ਕਰਦੇ ਹਨ। ਇਨ੍ਹਾਂ ਮੁਲਾਜ਼ਮਾ 'ਤੇ ਮੈਂ ਇਕ ਕਹਾਣੀ ਲਿਖੀ। ਉਥੇ ਰਹਿੰਦਿਆਂ ਮੈਂ ਇਕ ਲੁਕ ਵਿਚ ਫਸਿਆ ਕਤੂਰਾ ਵੇਖਦਾ ਹਾਂ। ਜਿਹੜਾ ਚਊਂ ਚਊਂ ਕਰਦਾ ਏ। ਅਸੀਂ ਲੋਕ ਉਸ ਨੂੰ ਨਜ਼ਰਅੰਦਾਜ਼ ਕਰਦੇ ਉਥੋਂ ਲੰਘਦੇ ਹਾਂ। ਕਹਾਣੀ ਵਿਚ ਮੈਂ ਉਸ ਕਤੂਰੇ ਦੀ ਤੁਲਨਾ ਯੂਨੀਵਰਸਿਟੀ ਵਿਚ ਨੌਕਰੀ ਕਰਦੇ ਮੁਲਾਜ਼ਮਾਂ ਨਾਲ ਕਰਦਾ ਹਾਂ। ਸਾਡੀ ਸਥਿਤੀ ਇਹ ਹੈ ਕਿ ਨਾ ਤਾਂ ਅਸੀਂ ਪਿੰਡ ਜਾ ਸਕਦੇ ਹਾਂ ਤੇ ਨਾ ਹੀ ਘੱਟ ਤਨਖਾਹ ਨਾਲ ਗੁਜਾਰਾ ਹੋ ਰਿਹਾ। ਇਸ ਤਰ੍ਹਾਂ ਆਪਣੇ ਅਨੁਭਵ ਵਿਚੋਂ ਮੈਂ ਕਹਾਣੀਆਂ ਲਿਖੀਆਂ।

**ਪ੍ਰੋ. ਜੇ. ਬੀ. ਸੇਖੋਂ**-ਮੁਖਤਿਆਰ ਸਿੰਘ ਹੁਰਾਂ ਨੇ ਬੜੇ ਸੰਵੇਦਨਸ਼ੀਲ ਤਰੀਕੇ ਨਾਲ ਅਨੁਭਵ ਸਾਂਝੇ ਕੀਤੇ

ਹਨ। ਹਰ ਬੰਦੇ ਨੂੰ ਆਪਣੇ ਆਲੇ ਦੁਆਲੇ ਵਾਪਰਦੇ ਵਰਤਾਰੇ ਦਿਸਦੇ ਹਨ। ਇਨ੍ਹਾਂ ਵਰਤਾਰਿਆਂ ਦੀ ਤਹਿ ਵਿਚ ਕੀ ਵਾਪਰਦਾ ਹੈ ਉਹ ਲੇਖਕ ਹੀ ਆਪਣੀ ਅੱਖ ਨਾਲ ਵੇਖ ਸਕਦਾ ਹੈ। ... 'ਤੂੜੀ ਦੀ ਧੜ' ਜਾਂ 'ਲੁੱਕ ਵਿਚ ਫਸਿਆ ਕਤੂਰਾ' ਵਰਤਾਰੇ ਲੇਖਕ ਨੂੰ ਕਹਾਣੀ ਲਿਖਣ ਲਈ ਪ੍ਰੇਰਨਾ ਦਿੰਦੇ ਹਨ। ਮੈਂ ਮੁਖਤਿਆਰ ਸਿੰਘ ਦੀ ਕਹਾਣੀ ਚੇਤੇ ਆਉਂਦੀ ਹੈ, 'ਇਕ ਮੁੱਠੀ ਚੁੱਕ ਲੈ' ਉਸ ਕਹਾਣੀ ਵਿਚ ਪਿੰਡ 'ਚ ਇਕ ਮੁਬਾਇਲ ਕੰਪਨੀ ਦਾ ਟਾਵਰ ਲੱਗਾ ਹੋਇਆ ਹੈ। ਪਰ ਉਹ ਨਿਸ਼ਾਨ ਸਾਹਿਬ ਤੋਂ ਉੱਚਾ ਹੈ। ਏਥੇ ਲੇਖਕ ਕੇਵਲ ਦ੍ਰਿਸ਼ ਬਿਆਨ ਕਰਦਾ ਹੈ। ਕਹਿੰਦੇ ਕੁਝ ਨਹੀਂ। ਲੇਖਕ ਇਹ ਕਹਿਣਾ ਚਾਹੁੰਦਾ ਹੈ ਕਿ ਇਸ ਵੇਲੇ ਸਾਡਾ ਧਰਮ ਇਕ ਅਜੀਬ ਤਰ੍ਹਾਂ ਦੀ ਗ੍ਰਿਫਿਤ ਵਿਚ ਆ ਗਿਆ ਹੈ। ਸਾਡੀਆਂ ਰਵਾਇਤਾਂ, ਧਰਮ, ਸੱਭਿਆਚਾਰ ਉੱਤੇ ਸ਼ੋਸ਼ਲ ਮੀਡੀਏ ਦਾ ਪ੍ਰਛਾਵਾਂ ਪੈ ਰਿਹਾ ਹੈ। ਆਰਟੀਫਿਸ਼ਅਲ ਗਿਆਨ ਦੇ ਪ੍ਰਭਾਵ ਨੂੰ ਇਨ੍ਹਾਂ ਨੇ ਉਸ ਕਹਾਣੀ ਵਿਚ ਵਧੀਆ ਤਰੀਕੇ ਨਾਲ ਪੇਸ਼ ਕੀਤਾ ਹੈ। ਇਸ ਗੱਲਬਾਤ ਦਾ ਅਗਲਾ ਨੁਕਤਾ ਬਲਵਿੰਦਰ ਗਰੇਵਾਲ ਬਾਰੇ ਹੈ। ਇਨ੍ਹਾਂ ਨੇ ਪਿਛਲੇ ਸਮੇਂ ਵਿਚ ਬਹੁਤ ਕਮਾਲ ਦੀਆਂ ਕਹਾਣੀਆਂ ਲਿਖੀਆਂ ਹਨ। 'ਡਬੋਲ਼ੀਆ' ਕਹਾਣੀ ਉਨ੍ਹਾਂ ਦੀ ਬਹੁਤ ਕਮਾਲ ਦੀ ਕਹਾਣੀ ਹੈ। ਜਿਸ ਕਹਾਣੀ ਵਿਚ ਇਕ ਕਿਸਾਨੀ ਪਿਛੋਕੜ ਦਾ ਪਾਤਰ ਬਲਕਾਰ ਹੈ। ਜਿਸ ਨੂੰ ਨਹਿਰ ਵਿੱਚੋਂ ਲਾਸ਼ਾਂ ਕੱਢਣ ਦਾ ਕਸਬ ਕਰਨਾ ਪੈਂਦਾ ਹੈ। ਉਹ ਪਾਤਰ ਕਿਸਾਨੀ ਵਿਚੋਂ ਕਿਵੇਂ ਬੇਦਖ਼ਲ ਹੁੰਦਾ ਹੈ। ਕਾਰਪੋਰੇਟ ਸੈਕਟਰ ਦਾ ਵਰਤਾਰਾ ਸਾਡੇ ਆਲੇ ਦੁਆਲੇ ਫੈਲਦਾ ਹੈ ਜੋ ਇਕ ਮਗਰਮੱਛ ਦੇ ਵਾਂਗ ਸਾਨੂੰ ਆਪਣੀ ਗ੍ਰਿਫ਼ਿਤ ਵਿਚ ਲੈ ਰਿਹਾ। ਦੂਜਾ ਸਵਾਲ ਕਹਾਣੀ ਇਹ ਪੈਦਾ ਕਰਦੀ ਹੈ ਕਿ ਨਹਿਰ ਵਿਚੋਂ ਲਾਸ਼ਾ ਕਿਨ੍ਹਾਂ ਦੀਆਂ ਨਿਕਲਦੀਆਂ ਹਨ। ਜੋ ਪਾਠਕ ਦੇ ਮਨ ਵਿਚ ਅਨੇਕਾਂ ਸਵਾਲ ਪੈਦਾ ਕਰਦੀਆਂ ਹਨ। ਮੇਰਾ ਸਵਾਲ ਇਹ ਹੈ ਕਿ ਇਸ ਨਿਵੇਕਲੇ ਵਿਸ਼ੇ ਦੀ ਕਹਾਣੀ ਦਾ ਖ਼ਿਆਲ ਤੁਹਾਨੂੰ ਕਿਵੇਂ ਆਇਆ?

**ਬਲਵਿੰਦਰ ਸਿੰਘ ਗਰੇਵਾਲ**-ਸੇਖੋਂ ਹੁਰਾਂ ਨੇ ਜਿਹੜਾ ਸਵਾਲ ਕੀਤਾ ਹੈ... ਉਸ ਦਾ ਜਵਾਬ ਮੈਂ ਬਾਅਦ 'ਚ ਦੇਵਾਗਾ ਉਸ ਤੋਂ ਪਹਿਲਾਂ ਸਿਰਜਣਾਤਮਿਕਾ ਬਾਰੇ ਮੈਂ ਇਕ ਗੱਲ ਕਰਨੀ ਹੈ। ਕਿ ਮੈਂ ਲਿਖਣਾ ਕਿਵੇਂ ਐ, ਅਤੇ ਜਿਨ੍ਹਾਂ ਨੇ ਅਜੇ ਲਿਖਣ ਲੱਗਣਾ ਐ। ਉਨ੍ਹਾਂ ਬਾਰੇ ਮੈਂ ਦੋ ਗੱਲਾਂ ਕਰਨੀਆਂ ਐ। ਸਾਡੇ ਰੂਸ ਦੇ ਬਹੁਤ ਵੱਡੇ ਲੇਖਕ ਨੇ... ਮੈਕਸਿਮ ਗੋਰਕੀ... ਉਹ ਸਿਰਜਣਾ ਬਾਰੇ ਬਹੁਤ ਹੀ ਕਮਾਲ ਦੀ ਗੱਲ ਕਰਦੇ ਨੇ। ਉਹ ਕਹਿੰਦੇ ਨੇ ਅਸੀਂ ਰਚਨਾ ਰਚਦੇ ਉਦੋਂ ਨਹੀਂ ਹੁੰਦੇ ਜਦੋਂ ਅਸੀਂ ਰਚਨਾ ਲਿਖ ਰਹੇ ਹੁੰਦੇ ਆ। ਰਚਨਾ ਦਾ ਬੀਜ਼ ਤਾਂ ਕਿਤੇ ਪਹਿਲਾਂ ਪਿਆ ਹੁੰਦਾ ਐ। ਜਦੋਂ ਅਸੀਂ ਲਿਖਦੇ ਹਾਂ ਉਦੋਂ ਤਾਂ ਕੇਵਲ ਅਸੀਂ ਯਾਦ ਕਰ ਰਹੇ ਹੁੰਦੇ ਆਂ। ਹੁਣ ਏਥੇ ਇਕ ਗੱਲ ਮੈਨੂੰ ਮਹਾਭਾਰਤ ਦੀ ਯਾਦ ਆਉਂਦੀ ਐ। ਜਿਹੜੀ ਇਸ ਗੱਲ ਨਾਲ ਬੜੀ ਕੋਰਲੇਟ ਕਰਦੀ ਐ। ਜਦੋਂ ਮਹਾਂਭਾਰਤ ਲਿਖਣੀ ਸੀ ਤਾਂ ਲਿਖਣ ਲਈ ਵੇਦ ਵਿਆਸ ਨੂੰ ਕਿਹਾ ਗਿਆ। ਉਹ ਮਨ ਗਏ ਤੇ ਆਖੀਰ ਨੂੰ ਇਸ ਸ਼ਰਤ ਰੱਖ ਦਿੱਤੀ ਕਿ ਮੈਨੂੰ ਇਕ ਲੇਖਕ ਦਿਓ। ਮੈਂ ਬੋਲੂਗਾ ਤੇ ਉਹ ਲਿਖੇਗਾ। ਲੱਭਦੇ ਹੋਏ ਉਹ ਗਣੇਸ਼ ਜੀ ਕੋਲ ਚਲੇ ਗਏ। ਅੱਗਿਓ ਗਣੇਸ਼ ਕਹਿੰਦਾ ਕਿ ਇਕ ਸ਼ਰਤ ਤੇ ਲਿਖੇਗਾ ਕਿ ਜਦੋਂ ਤੂੰ ਲਿਖਾਏਂਗਾ ਤਾਂ ਵਿਚ ਕਿਤੇ ਵੀ ਰੁਕੇਗਾ ਨਹੀਂ... ਲਗਾਤਾਰ ਲਿਖਵਾਏਂਗਾ ਤਾਂ ਮੈਂ ਤਾਂ ਲਿਖੂਗਾ। ਉਧਰੋ ਵੇਦ ਵਿਆਸ ਕਹਿਣ ਲੱਗਾ ਕਿ ਤੂੰ ਉਹ ਸਲੋਕ ਨਾ ਲਿਖੀ ਜਿਹਦੇ ਤੈਨੂੰ ਅਰਥ ਸਮਝ ਨਾ ਆਉਣ। ਹੁਣ ਇਹ ਜਿਹੜੀਆਂ ਦੋ ਗੱਲਾਂ ਨੇ ਇਕ ਗੋਰਕੀ ਵਾਲੀ ਦੂਜੀ ਮਹਾਂਭਾਰਤ ਵਾਲੀ ਕਿ ਸਾਨੂੰ ਲਿਖਣ ਬਾਰੇ ਇਕ ਬਰੀਕ ਜਿਹਾ ਨੁਕਤਾ ਦੱਸਦੀ ਐ ਕਿ ਰਚਨਾਕਾਰ ਜਿਹਨੂੰ ਅਸੀਂ ਸਿਰਜਕ ਕਹਿੰਦੇ ਹਾਂ। ਉਹ ਹੋਰ ਹੁੰਦਾ ਐ ਤੇ ਲੇਖਕ ਹੋਰ ਹੁੰਦਾ ਐ। ਇਹ ਦੋ ਬੰਦੇ ਨੇ ਜਿਹੜੇ ਇਕ ਕੰਮ ਵਿਚ ਲੱਗੇ ਹੋਏ ਨੇ। ਗੋਰਕੀ ਕਹਿੰਦਾ ਕਿ ਜਿਹਨੇ ਰਚਨਾ ਪਹਿਲਾਂ ਕਰ ਲਈ ਉਹ ਹੋਰ ਏ ਪਰ ਹੁਣ ਉਹ ਲਿਖਾਰੀ ਐ। ਗਣੇਸ਼ ਕਹਿੰਦਾ ਕਿ ਤੂੰ ਰੁਕੀ ਨਾ। ਮੇਰਾ ਪਹਿਲਾ ਨੁਕਤਾ ਇਹ ਐ ਕਿ ਅਸੀਂ ਦੋ ਬੰਦਿਆਂ ਦੀ ਗੱਲ ਕਰ ਰਹੇ ਹਾਂ।

... ਕਿ ਸਿਰਜਕ ਹੋਰ ਐ ਅਤੇ ਲੇਖਕ ਹੋਰ ਐ। ਜੋ ਅੱਡ ਅੱਡ ਸਮਿਆਂ ਵਿਚ ਬੈਠ ਕੇ ਰਚਨਾ ਕਰਦੇ ਨੇ। ਅਗਲੀ ਗੱਲ ਕਿ ਸਿਰਜਣਾ ਹੁੰਦੀ ਕੀ ਐ? ਮੈਨੂੰ ਲੱਗਦਾ ਕਿ ਉਹ ਮੇਰੇ ਵਰਗੇ ਲੇਖਕ ਹੀ ਹੁੰਦੇ ਨੇ ਸਿਰਜਕ ਨਹੀਂ ਹੁੰਦੇ। ਸਿਰਜਣਾ ਦਾ ਮਤਲਬ ਇਹ ਐ ਕਿ ਕੋਈ ਉਹ ਚੀਜ਼ ਕਰਿਏਟ ਕਰਨੀ... ਕਿਸੇ ਸ਼ਬਦ ਦੇ ਅਰਥ ਸਾਹਮਣੇ ਲਿਆਉਣੇ ...ਕਿਸੇ ਘਟਨਾ ਦੇ ਅਰਥ ਪੈਦਾ ਕਰਨੇ। ਕੋਈ ਪਾਤਰ , ਕੋਈ ਦ੍ਰਿਸ਼ ਤੁਸੀਂ ਬਿਆਨ ਕਰਨਾ ਜਿਹੜਾ ਪਹਿਲਾਂ ਦੁਨੀਆਂ ਵਿਚ ਹੈ ਨਹੀਂ। ਜੋ ਤੁਸੀਂ ਉਹ ਚੀਜ ਸਾਹਮਣੇ ਲਿਆਂਦੀ ਐ। ਜਦੋਂ ਅਸੀਂ ਕੋਈ ਪਾਤਰ ਸਿਰਜਦੇ ਹਾਂ, ਕੋਈ ਘਟਨਾ ਸਿਰਜਦੇ ਹਾਂ ਉਦੋਂ ਅਸੀਂ ਸਿਰਜਕ ਹੁੰਦੇ ਐ। ਮੈਂ ਇਹੀ ਕਹਿਣਾ ਚਾਹੁੰਦਾ ਕਿ ਸਿਰਜਕ ਤੇ ਲੇਖਕ ਜੋ ਤੁਹਾਨੂੰ ਇਕੋ ਬੰਦਾ ਦੀਹਦਾ ਹੈ ਅਸਲ ਵਿਚ ਉਹ ਦੋ ਹੁੰਦੇ ਨੇ।

**ਪ੍ਰੋ. ਜੇ. ਬੀ. ਸੇਖੋਂ**-ਗਰੇਵਾਲ ਹੁਰਾਂ ਨੇ ਕੁਝ ਉਦਾਹਰਨਾ ਦੇ ਕੇ ਆਪਣੀ ਗੱਲ ਕੀਤੀ ਹੈ ਕਿ ਸਿਰਜਕ ਤੇ ਲੇਖਕ ਅਸਲ ਵਿਚ ਹੁੰਦੇ ਕੀ ਨੇ। ਰਚਨਾ ਨੂੰ ਪਾਠਕ ਜਦੋਂ ਪੜ੍ਹਦਾ ਹੈ ਤਾਂ ਆਪਣੇ ਮਨ ਵਿਚ ਉਹ ਵੀ ਸਿਰਜਣਾ ਕਰਦਾ ਹੈ। ਅਸਲ ਵਿਚ ਕਹਾਣੀ ਹੁੰਦੀ ਹੀ ਉਹ ਐ ਜਿਹੜੀ ਪਾਠਕ ਨੂੰ ਝੰਜੋੜਦੀ ਐ। ਲੇਖਕ ਨੇ ਤਾਂ ਇਕ ਪ੍ਰਸੰਗ ਨੂੰ ਫੜ ਲਿਆ ਤੇ ਸਾਡੇ ਅੱਗੇ ਪੇਸ਼ ਕਰ ਦਿੱਤਾ। ਉਸ ਪ੍ਰਸੰਗ ਤੋਂ ਬਾਹਰ ਕਹਾਣੀ ਦੀਆਂ ਹੋਰ ਵੀ ਕਈ ਪਰਤਾਂ ਹੁੰਦੀਆਂ ਹਨ। ਜਿਵੇਂ ਜਿੰਦਰ ਦੀ ਕਹਾਣੀ 'ਕਤਲ' ਹੈ। ਉਸ ਕਹਾਣੀ ਨੂੰ ਜਿੰਨੇ ਪਾਠਕ ਪੜ੍ਹਦੇ ਨੇ ਨਵੀਆਂ ਪਰਤਾਂ ਫਰੋਲਦੇ ਨੇ। ਬਲਬੀਰ ਪਰਵਾਨਾ ਦੀ ਕਹਾਣੀ ਹੈ 'ਪਿਤਾ' ... ਭਗਵੰਤ ਰਸੂਲਪੁਰੀ ਦੀ ਕਹਾਣੀ 'ਆਦਿ ਡੰਕਾ' ਹੈ। ਗਰੇਵਾਲ ਦੀ ਕਹਾਣੀ 'ਖੰਡੇਧਾਰ' ਹੈ। ਇਹ ਉਹ ਕਹਾਣੀਆਂ ਹਨ ਜਿਹੜੀਆਂ ਕਹਾਣੀਆਂ ਦੇ ਸਿਰਜਕ ਵੀ ਹਨ। ਲਿਖਣ ਵਾਲੇ ਵੀ ਹਨ ਤੇ ਇਕ ਉਹ ਤੀਜੀ ਧਿਰ ਵੀ ਹੈ। ਉਹ ਧਿਰ ਹੈ ਪਾਠਕ ਦੀ। ਰੀਡਰ ਔਰੀਐਂਟਿਡ ਥਿਊਰੀਆਂ ਸਾਨੂੰ ਰਸ਼ੀਆਂ ਤੇ ਫਰਾਂਸ਼ ਵਿਚ ਮਿਲਦੀਆਂ ਹਨ। ਸਟਰਕਚਇਜ਼ਮ ਹੈ। ਉਹ ਦੱਸਦੀਆਂ ਹਨ ਕਿ ਕਹਾਣੀ ਨੂੰ ਪਾਠਕ ਵੀ ਲਿਖਦਾ ਐ। ਜੇ ਆਲੋਚਕ ਕੋਲ ਲਿਖਣ ਦੀ ਇਕ ਅੱਖ ਹੁੰਦੀ ਹੈ ਉਹ ਵੀ ਸਿਰਜਕ ਹੀ ਹੁੰਦਾ ਐ। ਸਾਡੇ ਦਰਮਿਆਨ ਤ੍ਰਿਪਤਾ ਕੇ ਸਿੰਘ ਹਾਜ਼ਰ ਨੇ। ਉਹ ਸਮਕਾਲ ਦੀ ਨਾਰੀ ਕਥਾ ਦੀ ਨਿਵੇਕਲੀ ਤੇ ਵਿਲੱਖਣ ਸੁਰ ਐ। ਸਾਡੇ ਕੋਲ ਨਾਰੀ ਕਹਾਣੀਕਾਰਾਂ ਦੀ ਇਕ ਲੰਮੀ ਸੂਚੀ ਐ। ਆਮ ਤੌਰ ਤੇ ਜਦੋਂ ਅਸੀਂ ਨਾਰੀ ਕਥਾਕਾਰਾਂ ਦੀਆਂ ਕਹਾਣੀਆਂ ਪੜ੍ਹਦੇ ਹਾਂ ਤਾਂ ਉਨ੍ਹਾਂ ਦਾ ਮੁੱਖ ਨੁਕਤਾ ਮਰਦ ਦੇ ਖਿਲਾਫ਼ ਰਚਨਾਕਾਰੀ ਦਾ ਰਿਹਾ ਹੈ। ਕਿ ਮਰਦ ਨੇ ਉਸ ਨੂੰ ਸਤਾਇਆ ਹੋਇਆ ਐ। ਉਸ ਦੀ ਆਪਣੀ ਇਕ ਆਵਾਜ਼ ਹੈ। ਅਸਲ ਵਿਚ ਅਸੀਂ ਇਹ ਨਾਰੀ ਕਥਾਕਾਰੀ ਨੂੰ ਸਮਝਣ ਲਈ ਬੜੀ ਸੌਖੀ ਫਾਰਮੂਲੇਸ਼ਨ ਬਣਾ ਲਈ ਹੈ। ਇਹ ਅਸਲ ਵਿਚ ਸੱਤਾ ਹੁੰਦੀ ਹੈ ਜਿਹਦੇ ਵਿਚ ਮਰਦ ਵੀ ਪਿਸਦਾ ਹੈ ਔਰਤ ਵੀ ਪਿਸਦੀ ਹੈ। ਜਿਹੜੀ ਲਿਖਤ ਉਸ ਸੱਤਾ ਨੂੰ ਫੜਦੀ ਹੈ ਅਸਲ ਵਿਚ ਉਹ ਲਿਖਤ ਹੈ। ਸੋ ਤ੍ਰਿਪਤਾ ਕੇ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਉਸ ਸੱਤਾ ਨੂੰ ਫੜਨ ਦਾ ਯਤਨ ਕੀਤਾ ਹੈ। ਮੈਂ ਉਨ੍ਹਾਂ ਦੀਆਂ ਕਈ ਕਹਾਣੀ ਯਾਦ ਆਉਂਦੀਆਂ ਹਨ ਜਿਨ੍ਹਾਂ ਵਿਚ ਮਰਦ ਦਾ ਵਿਰੋਧ ਨਹੀਂ ਬਲਕਿ ਉਸ ਸਿਸਟਮ ਦਾ ਵਿਰੋਧ ਹੈ। ਮੈਂ ਉਨ੍ਹਾਂ ਕੋਲੋਂ ਕਹਾਣੀ ਦੀ ਘਾੜਤ ਤੇ ਰਚਨਾ ਪ੍ਰਕ੍ਰਿਆ ਬਾਰੇ ਜਾਨਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਦੀ ਕਹਾਣੀ 'ਇਕ ਦਿਨ' ਯਾਦ ਆਉਂਦੀ ਐ। ਉਸ ਕਹਾਣੀ ਦਾ ਇਕੋ ਨੁਕਤਾ ਹੈ ਕਿ ਉਹ ਆਪਣੇ ਪਤੀ ਤੋਂ ਇਕ ਦਿਨ ਉਧਾਰਾ ਜਾਂ ਮੋਹਲਤ ਮੰਗਦੀ ਐ। ਔਰਤ ਪਾਤਰ ਕਹਿੰਦੀ ਹੈ ਕਿ ਤੁਸੀਂ ਮੈਨੂੰ ਇਕ ਦਿਨ ਦੇ ਦਿਓ ਤੁਸੀਂ ਉਸ ਦਿਨ ਦਾ ਮੇਰੇ ਕੋਲੋਂ ਹਿਸਾਬ ਨਹੀਂ ਲੈਣਾ , ਮੈਂ ਉਸ ਦਿਨ ਜਿੱਥੇ ਮਰਜ਼ੀ ਜਾਵਾਂ।

**ਤ੍ਰਿਪਤਾ ਕੇ ਸਿੰਘ**-ਜੇ ਮੈਂ ਆਪਣੀ ਗੱਲ ਕਰਾਂ ਤਾਂ ਮੈਂ ਬਹੁਤ ਹੀ ਥੋੜ੍ਹੀਆਂ ਕਹਾਣੀਆਂ ਲਿਖੀਆਂ ਹਨ। ਮੈਂ ਬਹੁਤ ਦੇਰ ਨਾਲ ਲਿਖਣਾ ਸ਼ੁਰੂ ਕੀਤਾ। ਪਰ ਉਸ ਤੋਂ ਪਹਿਲਾਂ ਮੈਂ ਪੜ੍ਹਿਆ ਬਹੁਤ ਐ। ਮੈਂ ਇਕ ਗੱਲ ਸਾਂਝੀ ਕਰਨੀ ਚਾਹੁੰਦੀ ਹਾਂ ਕਿ ਸਾਡੇ ਘਰ ਵਿਚ ਕੋਈ ਵੀ ਪੜ੍ਹਨ ਲਿਖਣ ਵਾਲਾ ਮਾਹੌਲ ਨਹੀਂ ਸੀ। ਪਰ

ਮੈਂ ਬਚਪਨ ਤੋਂ ਪੜ੍ਹਦੀ ਆ ਰਹੀ ਹਾਂ। ਸਾਡੇ ਘਰ ਕੋਈ ਵੀ ਅਖ਼ਬਾਰ ਨਹੀਂ ਸੀ ਆਉਂਦਾ। ਜਦੋਂ ਵੀ ਝਾੜੂ ਮਾਰਦਿਆਂ ਅੱਗੇ ਕੋਈ ਅਖ਼ਬਾਰ ਦਾ ਬਣਿਆ ਲਿਫ਼ਾਫ਼ਾ ਆਉਂਦਾ ਤਾਂ ਮੈਂ ਝਾੜੂ ਛੱਡ ਕੇ ਉਹ ਅਖ਼ਬਾਰ ਦਾ ਟੁਕੜਾ ਲੈ ਕੇ ਬੈਠ ਜਾਂਦੀ ਸੀ। ਕਈ ਵਾਰ ਇਹ ਹੁੰਦਾ ਸੀ ਕਿ ਉਸ ਕਾਗਜ਼ ਦੇ ਟੁਕੜੇ ਉੱਤੇ ਉਹ ਲਿਖਤ ਅਧੂਰੀ ਹੁੰਦੀ ਸੀ ਤੇ ਉਸ ਅਧੂਰੀ ਲਿਖਤ ਨੂੰ ਮੈਂ ਆਪਣੀ ਕਲਪਨਾ ਨਾਲ ਪੂਰੀ ਕਰਨ ਦੀ ਕੋਸ਼ਿਸ਼ ਕਰਦੀ ਹੁੰਦੀ ਸੀ। ਹਲਾਂਕਿ ਮੈਨੂੰ ਉਸ ਵੇਲੇ ਸਾਹਿਤ ਬਾਰੇ ਕੁਝ ਵੀ ਪਤਾ ਨਹੀਂ ਸੀ ਹੁੰਦਾ। ਜਦੋਂ ਮੈਂ ਸਕੂਲ ਵਿਚ ਗਈ ਸਾਂ ਮੈਨੂੰ ਸਾਹਿਤ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਉਦੋਂ ਸੋਝੀ ਵੀ ਨਹੀਂ ਸੀ ਕਿ ਸਾਹਿਤਕ ਕਿਤਾਬਾਂ ਅਤੇ ਅਸਾਹਿਤਕ ਕਿਤਾਬਾਂ ਵਿਚ ਅੰਤਰ ਕਰ ਸਕਾਂ। ਫਿਰ ਮੈਂ ਬੱਸ ਅੱਡੇ ਤੋਂ ਨਾਵਲ ਲਿਆ ਕੇ ਪੜ੍ਹਨੇ ਸ਼ੁਰੂ ਕਰ ਦਿੱਤੇ ਜਿਹੜੇ ਕਿ ਬੜੇ ਰੋਚਿਕ ਹੁੰਦੇ ਸਨ। ਜਦੋਂ ਮੈਂ ਸੂਝਵਾਨ ਲੋਕਾਂ ਦੇ ਸੰਪਰਕ ਵਿਚ ਆਈ ਤਾਂ ਮੈਨੂੰ ਦੱਸਿਆ ਗਿਆ ਕਿ ਜੇ ਤੁਹਾਨੂੰ ਸਾਹਿਤ ਪੜ੍ਹਨ ਦਾ ਸ਼ੌਕ ਹੈ ਤਾਂ ਇਹ ਚੀਜ਼ਾ ਤੇਰੇ ਪੜ੍ਹਨ ਵਾਲੀਆਂ ਨਹੀਂ ਹਨ। ਤੈਨੂੰ ਵਧੀਆਂ ਲੇਖਕਾਂ... ਮੁਨਸ਼ੀ ਪ੍ਰੇਮ ਚੰਦ, ਨਾਨਕ ਸਿੰਘ ਵਗੈਰਾ ਨੂੰ ਪੜ੍ਹਨਾ ਚਾਹੀਦਾ ਹੈ। ...ਤੂੰ ਗੁਰਦਿਆਲ ਸਿੰਘ... ਕੰਵਲ ਹੁਰਾਂ ਨੂੰ ਪੜ੍ਹ। ਉਸ ਤੋਂ ਉਪਰੰਤ ਮੈਂ ਉਨ੍ਹਾਂ ਕਿਤਾਬਾਂ ਦਾ ਖਹਿੜਾ ਛੱਡ ਦਿੱਤਾ ਜੋ ਮੈਂ ਬੜੀ ਰੌਚਿਕਤਾ ਨਾਲ ਪੜ੍ਹਦੀ ਸੀ। ਉਦੋਂ ਮੈਨੂੰ ਸਾਹਿਤਕ ਕਿਤਾਬਾਂ ਵਿਚ ਐਨੀ ਰੌਚਿਕਤਾ ਨਹੀਂ ਲੱਗੀ ਕਿਉਂਕਿ ਮੈਂ ਦੂਜੀ ਕਿਸਮ ਦਾ ਸਾਹਿਤ ਬਹੁਤ ਪੜ੍ਹ ਲਿਆ ਸੀ। ਕਾਫੀ ਦੇਰ ਬਾਅਦ ਮੈਨੂੰ ਸਾਹਿਤਕ ਕਿਤਾਬਾਂ ਤੇ ਅ-ਸਾਹਿਤਕ ਕਿਤਾਬਾਂ ਦੀ ਸਮਝ ਲੱਗੀ। ਇਸ ਦੌਰਾਨ ਮੇਰਾ ਵਿਆਹ ਵੀ ਹੋ ਗਿਆ... ਬੱਚੇ ਵੀ ਹੋ ਗਏ। ਤਾਂ 2007 ਵਿਚ ਮੈਂ ਆਪਣੀ ਪਹਿਲੀ ਕਹਾਣੀ ਲਿਖਦੀ ਹਾਂ। ਪਹਿਲੀ ਕਹਾਣੀ ਪ੍ਰੇਮ ਪ੍ਰਕਾਸ਼ ਦੇ ਆਪਣੇ ਪਰਚੇ 'ਲਕੀਰ' ਵਿਚ ਛਪਦੀ ਹੈ। ਮੈਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ ਤਾਂ ਮੈਨੂੰ ਲੱਗਾ ਕਿ ਹਾਂ ਮੈਂ ਵੀ ਕਹਾਣੀ ਲਿਖ ਸਕਦੀ ਹਾਂ। ਪਰ ਮੈਂ ਬਹੁਤ ਘੱਟ ਲਿਖਿਆ ਹੈ। ਜੇ ਮੈਂ 2007 ਵਿਚ ਕਹਾਣੀਆਂ ਲਿਖਣਾ ਸ਼ੁਰੂ ਕਰਦੀ ਹਾਂ ਤਾਂ ਮੇਰੀ ਕਿਤਾਬ 2019 ਵਿਚ ਆਉਂਦੀ ਹੈ। ਇਕ ਔਰਤ ਹੋਣ ਦੇ ਨਾਤੇ ਮੈਂ ਆਪਣੀ ਜੌਬ ਦੌਰਾਨ ਜਾਂ ਘਰ ਵਿਚ ਜਦੋਂ ਵੀ ਔਰਤ ਨੂੰ ਵੇਖਦੀ ਹਾਂ। ਜੌਬ ਦੌਰਾਨ ਮੈਂ ਔਰਤਾਂ ਨੂੰ ਜਦੋਂ ਮਿਲਦੀ ਹਾਂ ਤਾਂ ਉਨ੍ਹਾਂ ਦੀਆਂ ਜੋ ਦੁਖ ਤਕਲੀਫ਼ਾ ਹਨ ਉਨ੍ਹਾਂ ਦੇ ਕਾਰਨਾਂ ਨੂੰ ਜਾਨਣ ਵਿਚ ਮੇਰੀ ਦਿਲਚਸਪੀ ਹੁੰਦੀ ਹੈ। ਮੈਨੂੰ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਲੱਗਦਾ ਕਿ ਇਹ ਵਰਤਾਰੇ ਕੀ ਹਨ। ਇਨ੍ਹਾਂ ਦੇ ਕੀ ਕਾਰਨ ਹਨ। ਅਸੀਂ ਕਹਿ ਤਾਂ ਦਿੰਦੇ ਹਾਂ ਕਿ ਜ਼ਮਾਨਾਂ ਬਦਲ ਗਿਆ ਹੈ ਪਰ ਇਹ ਓਪਰੀ ਧਰਾਤਲ ਉੱਤੇ ਬਦਲਿਆ ਹੈ। ਇਕ ਔਰਤ ਹੋਣ ਦੇ ਨਾਤੇ ਮੈਂ ਖੁਦ ਵੀ ਮਹਿਸੂਸ ਕਰਦੀ ਹਾਂ ਤੇ ਆਲੇ ਦੁਆਲੇ ਔਰਤ ਦੀ ਸਥਿਤੀ ਵੇਖ ਕੇ ਵੀ ਮਹਿਸੂਸ ਕਰਦੀ ਹਾਂ। ਅਸੀਂ ਕਹਿ ਤਾਂ ਦਿੰਦੇ ਹਾਂ ਔਰਤ ਚੰਦ ਤੇ ਪਹੁੰਚ ਗਈ ਐ। ਸੰਸਦ ਵਿਚ ਚਲੇ ਗਈ ਐ। ਪਰ ਜੇਕਰ ਅਸੀਂ ਮਿਡਲ ਕਲਾਸ ਦੀਆਂ... ਲੋਅਰ ਕਲਾਸ ਦੀਆਂ ਔਰਤਾਂ ਨੂੰ ਵੇਖਦੇ ਹਾਂ ਤਾਂ ਲੱਗਦਾ ਹੈ ਕਿ ਕੁਝ ਵੀ ਨਹੀਂ ਬਦਲਿਆ ਜਾਂ ਬਹੁਤ ਕੁਝ ਬਦਲਣ ਵਾਲਾ ਪਿਆ। ਮੇਰੀਆਂ ਕਹਾਣੀਆਂ ਦਾ ਮੁੱਖ ਧੁਰਾ ਨਾਰੀ ਰਹੀ ਹੈ। ਮੈਂ ਘਟਨਾਵਾਂ 'ਤੇ ਕਹਾਣੀਆਂ ਨਹੀਂ ਲਿਖਦੀ ਕਿ ਕੋਈ ਘਟਨਾ ਵਾਪਰ ਗਈ ਤਾਂ ਮੈਂ ਉਸ ਨੂੰ ਕਹਾਣੀ ਵਿਚ ਢਾਲ਼ ਲਿਆ। ਮੈਂ ਕਹਾਣੀ ਦੇ ਪਾਤਰਾਂ ਦੇ ਮਨੋਵਿਗਿਆਨਕ ਪੱਖ ਨੂੰ ਵਧੇਰੇ ਖੋਲ੍ਹਣ ਦੀ ਕੋਸ਼ਿਸ਼ ਕਰਦੀ ਹਾਂ। ਕਿ ਔਰਤ ਦੀ ਸਥਿਤੀ ਜੋ ਅੱਜ ਹੈ ਤਾਂ ਇਹਦੇ ਪਿੱਛੇ ਕੀ ਕਾਰਨ ਪਏ ਹਨ। ਆਰਥਿਕਤਾ ਹੈ... ਸਮਾਜਿਕ ਸਥਿਤੀ ਹੈ... ਸਮਾਜ ਦਾ ਦਬਾਅ ਹੈ... ਉਹ ਕਿਉਂ ਹੈ? ਉਹ ਕਿਉਂ ਐਨਾ ਦਬਾਅ ਝੱਲ ਰਹੀ ਹੈ। ਮੈਂ ਉਨ੍ਹਾਂ ਔਰਤਾਂ ਨੂੰ ਵੀ ਜਾਣਦੀ ਹਾਂ ਕਿ ਜਿਹੜੀਆਂ ਉੱਚ ਅਹੁੱਦਿਆ 'ਤੇ ਹੁੰਦੀਆਂ ਹਨ ਪਰ ਉਨ੍ਹਾਂ ਦੀ ਘਰਾਂ ਵਿਚ ਉਹ ਸਪੇਸ ਜਾਂ ਆਜ਼ਾਦੀ ਨਹੀਂ। ਉਨ੍ਹਾਂ ਨੂੰ ਘਰਾਂ ਵਿਚ ਜਿਹੜੀ ਸਪੇਸ ਮਿਲਣੀ ਚਾਹੀਦੀ ਹੈ ਉਹ ਅਜੇ ਤੱਕ ਵੀ ਪ੍ਰਾਪਤ ਨਹੀਂ ਕਰ ਸਕੀਆ। ਉਹ ਦੋਹਰੀ ਚੱਕੀ ਵਿਚ ਪਿਸ ਰਹੀਆਂ ਹਨ। ਉਹ ਘਰ ਦੇ ਕੰਮ, ਰਿਸ਼ਤੇਦਾਰੀਆਂ

ਨਿਭਾਉਂਦੀਆਂ ਦਫ਼ਤਰ ਦੇ ਕੰਮ ਵੀ ਕਰਦੀਆਂ ਹਨ। ਮੈਂ ਉਨ੍ਹਾਂ ਔਰਤਾਂ ਨੂੰ ਵੀ ਜਾਣਦੀ ਹਾਂ ਜਿਹੜੀਆਂ ਔਰਤਾਂ ਪੈਸਾ ਕਮਾਉਂਦੀਆਂ ਹਨ ਉਨ੍ਹਾਂ ਉੱਤੇ ਵੀ ਉਨ੍ਹਾਂ ਦਾ ਪੂਰਨ ਅਧਿਕਾਰ ਨਹੀਂ ਹੁੰਦਾ। ਉਨ੍ਹਾਂ ਦੀ ਤਨਖਾਹ ਉੱਤੇ... ਉਨ੍ਹਾਂ ਦੇ ਏ. ਟੀ. ਐੱਮ. ਉੱਤੇ ਉਨ੍ਹਾਂ ਦੇ ਪਤੀ ਦਾ ਦਾਬਾ ਅਜੇ ਵੀ ਹੁੰਦਾ ਹੈ। ਸੋ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਹਨ ਜਿਹੜੀਆਂ ਮੇਰੀਆਂ ਕਹਾਣੀਆਂ ਵਿਚ ਆਉਂਦੀਆਂ ਹਨ। ਵੂਮੈਨ ਓਰੈਂਟਿਡ ਕਹਾਣੀਆਂ ਮੈਂ ਲਿਖਦੀ ਹਾਂ। ਕਿਉਂਕਿ ਮੈਂ ਖੁਦ ਔਰਤ ਹਾਂ ਤੇ ਇਨ੍ਹਾਂ ਨੂੰ ਵਧੇਰੇ ਬਰੀਕੀ ਨਾਲ ਮੈਂ ਸਮਝ ਸਕਦੀ ਹਾਂ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਔਰਤਾਂ ਆਪ ਦਿਖਾਂਦੀਆਂ ਕੁਝ ਹੋਰ ਹਨ ਪਰ ਅੰਦਰੋਂ ਕੁਝ ਹੋਰ ਹੁੰਦਾ ਹੈ। ਮਰਦ ਦੀਆਂ ਗ਼ਲਤੀਆਂ ਉੱਤੇ ਪਰਦੇ ਔਰਤਾਂ ਖੁਦ ਪਾਉਂਦੀਆਂ ਹਨ। ਬਾਹਰ ਜਾ ਕੇ ਆਪਣੇ ਪਤੀ ਦੀ ਤਰੀਫ਼ ਕਰਦੀਆਂ ਹਨ। ਬਾਹਰੀ ਵਰਤਾਰਿਆਂ ਦੇ ਪਿੱਛੇ ਪਏ ਸੱਚ ਨੂੰ ਮੈਂ ਸਮਝਦੀ ਹਾਂ। ਕਹਾਣੀਆਂ ਲਿਖਦੀ ਹਾਂ। ਜੇਕਰ ਕਹਾਣੀ 'ਇਕ ਦਿਨ' ਦੀ ਅਸੀਂ ਗੱਲ ਕਰੀਏ ਤਾਂ ਉਹਦੇ ਵਿਚ ਜੋ ਔਰਤ ਹੈ ਉਹਦੇ ਕੋਲ ਸਾਰਾ ਕੁਝ ਹੈ। ਘਰ, ਬੱਚੇ, ਪਤੀ ਆਦਿ ਸਾਰਾ ਕੁਝ ਹੈ। ਪਰ ਅੰਦਰੂਨੀ ਤੌਰ ਤੇ ਉਹ ਮਹਿਸੂਸ ਕਰਦੀ ਹੈ ਕਿ ਇਕ ਜਿਹੜੀ ਆਜ਼ਾਦੀ ਹੈ। ਉਹ ਉਹਦੇ ਕੋਲ ਨਹੀਂ ਹੈ। ਫਰੀਡਮ ਉਹ ਨਹੀਂ ਕਿ ਜਿਹੜੀ ਫਰੀਡਮ ਦੀਆਂ ਸਾਡੀ ਸੁਸਾਇਟੀ ਗੱਲਾਂ ਕਰਦੀ ਹੈ। ਪਰ ਵਿਮੈਨ ਲਿਬਰੇਸ਼ਨ ਉਦੋਂ ਆਵੇਗੀ ਜਦੋਂ ਔਰਤ ਆਪਣੇ ਫ਼ੈਸਲੇ ਖੁਦ ਲਵੇਗੀ। ਜਦੋਂ ਉਹ ਔਰਤ ਕਹਿੰਦੀ ਹੈ ਕਿ ਮੈਨੂੰ ਇਕ ਦਿਨ ਹੀ ਦੇ ਦੇ। ਪਰ ਉਹਦੇ ਪਤੀ ਨੂੰ ਇਕ ਦਿਨ ਦੇਣ ਵਿਚ ਵੀ ਇਤਰਾਜ਼ ਹੈ ਕਿ ਮੈਂ ਐਦਾਂ ਨਹੀਂ ਕਰ ਸਕਦਾ। ਲਿਖੀ ਹੋਈ ਚਿੱਠੀ ਨੂੰ ਮਸਲ ਦਿੱਤਾ ਜਾਂਦਾ ਹੈ। ਮਤਲਬ ਕਿ ਉਹਦੀ ਹਸਰਤ ਨੂੰ ਮਸਲਿਆ ਜਾ ਰਿਹਾ ਹੈ। ਇਹ ਇਕ ਦਿਨ ਔਰਤਾਂ ਅਜੇ ਵੀ ਚਾਹੁੰਦੀਆਂ ਹਨ ਕਿ ਸਾਨੂੰ ਮਿਲੇ। ਬੇਸ਼ੱਕ ਔਰਤਾਂ ਇਕੱਲੀਆਂ ਸਫ਼ਰ ਕਰਦੀਆਂ ਹਨ। ਕਾਰਾਂ ਵੀ ਚਲਾਉਂਦੀਆਂ ਹਨ ਪਰ ਉਨ੍ਹਾਂ ਵਿਚ ਹਸ਼ਰਤ ਅਜੇ ਵੀ ਅਧੂਰੀ ਹੈ। ਮੈਂ ਆਸ ਰੱਖਦੀ ਹਾਂ ਕਿ ਉਹ ਸਮਾਂ ਜ਼ਰੂਰ ਆਵੇਗਾ ਜਦੋਂ ਇਹ ਸੋਚ ਬਦਲੇਗੀ ਕਿ ਜਿਸ ਤਰ੍ਹਾਂ ਦੀ ਜ਼ਿੰਦਗੀ ਉਹ ਚਾਹੁੰਦੀਆਂ ਹਨ ਉਹ ਜੀਅ ਸਕਣ।

**ਪ੍ਰੋ. ਜੇ. ਬੀ. ਸੇਖੋਂ**-ਤ੍ਰਿਪਤਾ ਕੇ ਸਿੰਘ ਹੁਰਾਂ ਬਹੁਤ ਠੋਸ ਤਰੀਕੇ ਨਾਲ ਆਪਣੀ ਗੱਲ ਰੱਖੀ ਏ। ਕਿਸੇ ਕਰੀਏਟਿਵ ਦੀ ਇਹੀ ਖ਼ੂਬੀ ਹੁੰਦੀ ਹੈ ਕਿ ਸਬਜੈਕਟ ਤਾਂ ਹਰ ਕਿਸੇ ਕੋਲ ਹੁੰਦਾ ਹੈ। ਪਰ ਉਸ ਨੂੰ ਨਿਭਉਂਦਾ ਕੋਈ ਕਿਵੇਂ ਹੈ। ਸਾਹਿਤ ਨੇ ਮਨੁੱਖ ਦੀਆਂ ਭਾਵਨਾਵਾਂ ਨੂੰ ਪੇਸ਼ ਕਰਨਾ ਹੁੰਦਾ ਹੈ। ਭਾਵਨਾਵਾਂ, ਉਸ ਦੇ ਸੁਪਨਿਆ ਤੋਂ ਵੱਡੀ ਕੋਈ ਚੀਜ਼ ਨਹੀਂ ਹੁੰਦੀ। ਸਾਹਿਤਕਾਰ ਜ਼ਿੰਦਗੀ ਦੇ ਵਿਸ਼ਿਆ ਨੂੰ ਚੰਗੀ ਤਰ੍ਹਾਂ ਗੁੰਨ ਕੇ ਸਾਡੇ ਸਨਮੁੱਖ ਕਰਦਾ ਹੈ। ਸੋ ਉਨ੍ਹਾਂ ਨੇ ਵਿਸਥਾਰ ਨਾਲ ਕਹਾਣੀਆਂ ਦੇ ਹਵਾਲੇ ਨਾਲ ਆਪਣੀ ਗੱਲ ਕੀਤੀ ਹੈ। ਮੇਰਾ ਸਵਾਲ ਬਲਵਿੰਦਰ ਗਰੇਵਾਲ ਲਈ ਹੈ। ... ਤੁਸੀਂ ਮਹਾਂਭਾਰਤ ਵਿਚ ਸਾਨੂੰ ਬੜੀ ਪਤੈ ਦੀ ਗੱਲ ਦੱਸੀ ਹੈ। ਮਨਮੋਹਨ ਬਾਵਾ ਹੁਰਾਂ ਨੇ ਕਿਤੇ ਲਿਖਿਆ ਹੈ ਕਿ ਜਿਨੇ ਪਾਠਕ ਮੇਰੀ ਰਚਨਾ ਨੂੰ ਪੜ੍ਹਨਗੇ ਉਹਦੇ ਓਨੇ ਅਰਥ ਹੋਣਗੇ। ਇਹ ਕਿਸੇ ਟੈਕਸਟ ਦੀ ਕਲਾਸੀਕਲ ਪਰਿਭਾਸ਼ਾ ਹੁੰਦੀ ਹੈ। ਕਾਫ਼ਕਾ ਕਿਤੇ ਲਿਖਦਾ ਹੈ ਕਿ ਕਹਾਣੀ ਦਾ ਜਦੋਂ ਮੈਂ ਪਹਿਲਾਂ ਫ਼ਿਕਰਾ ਲਿਖਦਾ ਹਾਂ ਤਾਂ ਅਗਲੇ ਫ਼ਿਕਰੇ ਦਾ ਮੈਨੂੰ ਪਹਿਲਾਂ ਹੀ ਇਲਹਾਮ ਹੋ ਜਾਂਦਾ ਹੈ। ਬਾਬੇ ਨਾਨਕ ਨੇ ਕਿਹਾ ਕਿ ਰਬਾਬ ਛੇੜ ਮਰਦਾਨਿਆ ...ਬਾਣੀ ਆਈ ਐ। ਮੇਰੀ ਗੱਲਬਾਤ ਦਾ ਅਗਲਾ ਨੁਕਤਾ ਪਾਤਰਾਂ ਬਾਰੇ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਪਾਤਰ ਜਿਹੜੇ ਹੁੰਦੇ ਹਨ ਉਹ ਲੇਖਕ ਦੀ ਕਠਪੁੱਤਲੀ ਹੁੰਦੇ ਹਨ। ਉਨ੍ਹਾਂ ਨੂੰ ਜਿਵੇਂ ਮਰਜ਼ੀ ਲੇਖਕ ਘੁਮਾਈ ਜਾਵੇ। ਤੁਸੀਂ ਕਿਤੇ ਲਿਖਿਆ ਕਿ ਪਾਤਰ ਮੇਰੇ ਲਹੂ 'ਚ ਗਿਰਦੇ ਹਨ। ਤੁਸੀਂ ਸਾਨੂੰ ਦੱਸੋਂ ਕਿ ਪਾਤਰਾਂ ਉੱਤੇ ਕਿਸੇ ਲੇਖਕ ਦੀ ਕਿੰਨੀ ਕੁ ਕਮਾਂਡ ਹੁੰਦੀ ਹੈ ਤੇ ਕਿੰਨੇ ਕੁ ਉਹ ਖੁਦਮੁਖ਼ਤਿਆਰ ਹੁੰਦੇ ਹਨ।

**ਬਲਵਿੰਦਰ ਸਿੰਘ ਗਰੇਵਾਲ**-ਤੁਹਾਡੇ ਸਵਾਲ ਦਾ ਜਵਾਬ ਮੈਂ ਜ਼ਰੂਰ ਦਊਗਾ ਪਰ ਪਹਿਲਾਂ ਮੈਂ ਆਪਣੀ

ਪਹਿਲੀ ਗੱਲ ਨੂੰ ਪੂਰੀ ਕਰਾਂਗਾ ... ਅਸੀਂ ਪੜ੍ਹਨਾ ਬਾਅਦ ਵਿਚ ਸਿਖਦੇ ਹਾਂ ਪਹਿਲਾਂ ਸਾਨੂੰ ਸੁਣਨਾ ਆਉਣਾ ਚਾਹੀਦਾ ਹੈ। ਬੰਦਾ ਪਹਿਲਾਂ ਸਰੋਤਾ ਹੁੰਦਾ, ਫਿਰ ਉਹ ਪਾਠਕ ਬਣਦਾ। ਫਿਰ ਉਹ ਲੇਖਕ ਬਣਦਾ। ਮੈਂ ਇਕ ਸਰੋਤੇ ਦੇ ਤੌਰ ਤੇ ਤੁਹਾਡੇ ਨਾਲ ਆਪਣਾ ਇਕ ਅਨੁਭਵ ਸਾਂਝਾ ਕਰਦਾ ਹਾਂ। ਉਹਦੇ ਵਿੱਚੋਂ ਸਿਰਜਣ ਪ੍ਰਕਿਰਿਆ ਦੇ ਆਰੰਭ ਦੀ ਗੱਲ ਸਾਇਦ ਮਾੜੀ ਮੋਟੀ ਲੱਭ ਜਾਵੇ। ਮੈਂ ਜਦੋਂ ਚੌਥੀ ਜਾਂ ਪੰਜਵੀਂ ਵਿਚ ਪੜ੍ਹਦਾ ਸੀ ਤਾਂ ਮੈਂ ਚੰਗੀਆਂ ਕਿਤਾਬਾਂ ਦਾ ਪਾਠਕ ਬਣ ਗਿਆ ਸੀ। ਗੱਲ ਇੰਝ ਐ ਕਿ ਸਾਡੇ ਘਰ ਚਾਰਾ ਸਾਂਭਣ ਲਈ ਇਕ ਕਮਰਾ ਮਿਸਤਰੀ ਬਣਾ ਰਿਹਾ ਸੀ। ਰੇਤਾ ਰਲਾਉਂਦੇ ਹੋਏ ਮੇਰੇ ਹੱਥ ਇਕ ਰੋੜਾ ਆ ਗਿਆ। ਇੱਟਾਂ ਫੜਾਉਂਦੇ ਹੋਏ ਮੈਂ ਮਿਸਤਰੀ ਨੂੰ ਕਿਹਾ ਕਿ ਮਿਸਤਰੀ ਜੀ ਆਹ ਰੋੜਾ ਕਿੱਥੇ ਲੱਗੂਗਾ। ਉਹ ਮੇਰੇ ਕੰਨੀ ਵੇਖ ਕੇ ਥੋੜ੍ਹਾ ਜਿਹਾ ਮੁਸਕ੍ਰਾਏ। ਉਹ ਕਹਿੰਦੇ ਜਿੱਥੇ ਕਰਤਾਰ ਦੀ ਮਰਜ਼ੀ ਹੋਵੇ। ਤੇ ਕਰਤਾਰ ਉਸ ਮਿਸਤਰੀ ਦਾ ਨਾਂ ਸੀ। ਜਦੋਂ ਉਨ੍ਹਾਂ ਇਹ ਗੱਲ ਕਹੀ ਤਾਂ ਮੇਰੇ ਅੰਦਰ ਬਿਜਲੀ ਲਿਸ਼ਕੀ। ਬਿਨਾ ਕੁਝ ਬੋਲੇ ਮੇਰੇ ਇਹ ਗੱਲ ਸਮਝ ਆ ਗਈ ਕਿ ਇਹ ਕਰਤਾਰ ਸ਼ਬਦ ਨਾਲ ਖੇਡਦਾ ਹੈ। ਇਕੋ ਸ਼ਬਦ ਬੋਲ ਕੇ ਉਹ ਆਪਣੇ ਨਾਂ ਤੇ ਪ੍ਰਮਾਤਮਾ ਦੇ ਨਾਂ ਦੀ ਗੱਲ ਕਰ ਗਿਆ। ਮੈਂ ਕਿੱਸੇ ਪਹਿਲਾ ਬਹੁਤ ਪੜ੍ਹੇ ਹੋਏ ਸਨ। ਪਰ ਮੈਂ ਪਾਠਕ ਉਦੋਂ ਉਨ੍ਹਾਂ ਦੀ ਓਸ ਗੱਲ ਨਾਲ ਬਣਿਆ। ਕਿ ਗੱਲ ਉਹ ਨਹੀਂ ਹੁੰਦੀ ਜਿਹੜੀ ਸਾਹਿਤ ਵਿਚ ਲਿਖੀ ਗਈ ਹੁੰਦੀ ਹੈ। ਸਾਡੀ ਆਮ ਗੱਲਬਾਤ 'ਚ ਕਿਵੇਂ ਸਾਹਿਤ ਪਿਆ ਹੁੰਦਾ ਹੈ। ਜਿਵੇਂ ਕੋਈ ਪੁੱਛ ਰਿਹਾ ਕਿ 'ਬਈ ਤੂੰ ਵਾਅਦਾ ਕੀਤਾ ਸੀ ਕਿ ਪੈਸੇ ਮੋੜ ਦੂ।' ਹੁਣ ਵਾਅਦਾ ਕੀਤਾ ਜੋ ਸ਼ਬਦ ਹੈ। ਹੁਣ ਉਹ ਸ਼ਬਦ ਉਹ ਬਦਲ ਕੇ ਬੋਲ ਰਿਹਾ ਜਿਹਦੀ ਮਨਸ਼ਾ ਕੁਝ ਹੋਰ ਹੈ। ਅਤੇ ਦੂਜਾ ਬੰਦਾ ਕਹਿੰਦਾ, 'ਨਹੀਂ ਯਾਰ... ਗੱਲ ਤਾਂ ਛੇ ਮਹੀਨੇ ਦੀ ਹੋਈ ਸੀ।' ਹੁਣ ਉਹਨੇ ਇਹ ਨਹੀਂ ਕਿਹਾ ਕਿ ਵਾਅਦਾ ਛੇ ਮਹੀਨੇ ਦਾ ਹੋਇਆ ਸੀ। ਗੱਲ ਉਹ ਹੀ ਕਹੀ ਹੈ ਜਿਹੜੀ ਉਹ ਕਹਿੰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਸ਼ਬਦਾਂ ਦੀ ਚੋਣ ਤੱਕ ਚਲੇ ਜਾਂਦੇ ਹੋ। ਤੁਹਾਨੂੰ ਪਤਾ ਲੱਗ ਜਾਂਦਾ ਕਿ ਆਹ ਗੱਲ ਲਿਖੀ ਗਈ ਹੈ ਅਤੇ ਆਹ ਗੱਲ ਦਾ ਗਲਪੀਕਰਨ ਹੋ ਗਿਆ। ... ਹੁਣ ਮੈਂ ਆਪਣੀ ਅਸਲ ਗੱਲ 'ਤੇ ਆਉਂਦਾ ਹਾਂ। ਆਪਣੀ ਇਕ ਕਹਾਣੀ ਰਾਹੀ ਮੈਂ ਸਿਰਜਣਾ ਦੀ ਗੱਲ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ। ਉਹ 'ਮੋਹ ਪਾਸ਼' ਕਹਾਣੀ ਹੈ। ਕਿਸੇ ਸਲੇਬਸ ਵਿਚ ਵੀ ਲੱਗੀ ਹੋਈ ਹੈ। ਦੂਜੀ ਕਹਾਣੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਜਿਸ ਨੇ ਮੈਨੂੰ ਨਾਮਣਾ ਵੀ ਬੜਾ ਦਿੱਤਾ ਤੇ ਬਦਨਾਮੀ ਵੀ ਬੜੀ ਦਿੱਤੀ। ਗੱਲ ਐਨੀ ਕੁ ਸੀ ਕਿ ਮੈਂ ਕਿਸੇ ਦੇ ਸਕੂਟਰ ਪਿੱਛੇ ਬੈਠਾ ਸਾਂ, ਉਹ ਮੈਨੂੰ ਗੱਲ ਸੁਣਾਉਣ ਲੱਗ ਪਿਆ। ਗੱਲ ਐਂ ਸ਼ੁਰੂ ਕੀਤੀ ਕਿ 'ਅੱਜ ਮਨ ਬੜਾ ਦੁੱਖੀ ਹੈ।' ਮੈਂ ਪੁੱਛਿਆ 'ਕਿਵੇਂ?' ਤਾਂ ਉਹ ਅੱਗਿਓ ਕਹਿੰਦਾ, 'ਬਈ, ਅੱਜ ਮੈਂ ਸਕੇ ਮਾਮੇ-ਭਾਣਜੀ ਦਾ ਵਿਆਹ ਕਰਵਾ ਕੇ ਆਇਆ... ਕੈਨੇਡਾ ਜਾਣ ਲਈ।' ਹੁਣ ਜਿਉਂ ਹੀ ਉਸ ਨੇ ਇਹ ਗੱਲ ਕਹੀ ਤਾਂ ਮੇਰੇ ਅੰਦਰ ਬੈਠੇ ਸਿਰਜਕ ਨੇ ਉਹ ਗੱਲ ਫੜ ਲਈ। ਸਿਰਜਣਾ ਉਦੋਂ ਹੋਈ ਜਦੋਂ ਉਹਦੀ ਗੱਲ ਨੇ ਮੇਰੇ ਅੰਦਰ ਬੈਠੇ ਸਿਰਜਕ ਨੇ 'ਉਹ ਗੱਲ ਫੜ ਲਈ। ਮੇਰੇ ਅੰਦਰ ਅੰਦਰ ਉਸ ਗੱਲ ਨੇ ਚਾਨਣ ਕਰ ਦਿੱਤਾ। ਮੇਰੇ ਮਨ ਨੇ ਕਿਹਾ ਕਿ ਉਹ ਦੋਵੇਂ ਨੌਜਵਾਨ ਨੇ ਉਨ੍ਹਾਂ ਨੇ ਤਿੰਨ ਸਾਲ ਉੱਥੇ ਇਕੱਠੇ ਰਹਿਣਾ ਹੈ ਜੇਕਰ ਇਕੱਠੇ ਰਹਿਣ ਕਰਕੇ ਦੋਹਾਂ ਦੇ ਮਨ ਜੁੜ ਜਾਣ ਫਿਰ? ਉਹ ਮੈਨੂੰ ਕਹਿੰਦਾ ਕਿ ਇਹ ਸਾਰਾ ਪੈਸੇ ਦਾ ਖੇਲ ਐ। ਕੈਨੇਡਾ ਜਾਣ ਦਾ ਤੰਤਰ ਹੈ। ਤਾਂ ਮੈਂ ਕਹਿੰਦਾ ਮੇਰੇ ਅੰਦਰ ਕਹਾਣੀ ਓਸ ਘੜੀ ਹੀ ਬਣ ਗਈ ਜਦੋਂ ਉਸ ਨੇ ਵਿਆਹ ਵਾਲਾ ਫ਼ਿਕਰਾ ਬੋਲਿਆ। ਸਿਰਜਣਾ ਹੋ ਗਈ। ਉਸ ਤੋਂ ਬਾਅਦ ਤਾਂ ਮੈਂ ਉਸ ਵਿਚਾਰ ਨੂੰ ਲਿਖਿਆ ਹੀ ਹੈ। ਫਿਰ ਤੁਸੀਂ ਲੇਖਕ ਕਹਾਣੀ ਨਾਲ ਜੁੜਦੀਆਂ ਕਿਹੜੀਆਂ ਗੱਲਾਂ ਦੇ ਰਹੇ ਹੋ। ਪਹਿਲੀ ਗੱਲ ਤਾਂ ਮੇਰੇ ਮਨ ਵਿਚ ਇਹ ਗੱਲ ਆਈ ਕਿ ਇਹਦੇ 'ਚ ਅਸ਼ਲੀਲਤਾ ਨਹੀਂ ਹੋਣੀ ਚਾਹੀਦੀ। ਮੈਂ ਅਸ਼ਲੀਲ ਕਹਾਣੀ ਨਹੀਂ ਲਿਖਣਾ ਚਾਹੁੰਦਾ ਸਾਂ। ਮੇਰੇ ਮਨ 'ਚ ਸੀ ਕਿ ਯਾਰ! ਅਸੀਂ ਗੁਰਬਾਣੀ ਦੇ ਸੱਚੇ ਉਪਾਸ਼ਕ ਹਾਂ। ਅਸੀਂ

ਨੈਤਿਕਤਾ ਦੀਆਂ ਗੱਲਾਂ ਕਰਦੇ ਹਾਂ ਤਾਂ ਇਸ ਵੇਲੇ ਸਾਡੀ ਨੈਤਿਕਤਾ ਕਿੱਥੇ ਚਲੇ ਜਾਂਦੀ ਹੈ। ਦੂਜੀ ਗੱਲ ਉਹ ਇਕੱਠੇ ਤਿੰਨ ਸਾਲ ਰਹਿੰਦੇ ਨੇ ਤੇ ਇਕੱਠੇ ਮਾਮੇ-ਭਾਣਜੀ ਵਾਂਗ ਰਹਿੰਦੇ ਹਨ। ਮੇਰੇ ਸਾਹਮਣੇ ਸਮੱਸਿਆ ਸੀ ਕਿ ਮੈਂ ਉਨ੍ਹਾਂ ਦੇ ਅਦਰਲੇ 'ਜੀਅ' ਦਾ ਕੀ ਕਰਾਂ। ਮਾਮਾ-ਭਾਣਜੀ ਤਾਂ ਉਹ ਸਮਾਜ ਲਈ ਨੇ। ਪਰ ਉਹ ਇਕੱਠੇ ਕਿਵੇਂ ਆਪਣੇ ਆਪ ਨੂੰ ਬਚਾ ਬਚਾ ਕੇ ਰਹਿੰਦੇ ਨੇ। ਕਿ ਜ਼ਿੰਦਗੀ ਕਿਵੇਂ ਹੌਲੀ ਹੌਲੀ ਉਹਨ੍ਹਾਂ ਨੂੰ ਠੋਕਰਾ ਮਾਰ ਰਹੀ ਐ। ਫਿਰ ਕਹਾਣੀ 'ਚ ਮੈਂ ਚਾਹੁੰਦਾ ਸਾਂ ਕਿ ਇਕ ਪਰੰਪਰਾ ਕਿਵੇਂ ਵਿਹਾਰ ਕਰੂੰ। ਫਿਰ ਮੈਂ ਕਹਾਣੀ ਵਿਚ ਇਕ ਬਾਬਾ ਪਾਤਰ ਲੈ ਕੇ ਆਇਆ। ਉਹਦੀ ਮਾਂ ਨੇ, ਉਹਦੇ ਭਰਾ ਨੇ, ਉਹਦੇ ਬਾਪ ਨੇ ਇਹ ਗੱਲ ਸਵੀਕਾਰ ਕਰ ਲਈ ਬਈ ਠੀਕ ਹੈ ਆਪਾਂ ਬਾਹਰ ਹੀ ਜਾਣਾ ਐ.. ਆਪਾਂ ਐ ਤੋਰ ਦਿੰਦੇ ਐ। ਪਰ ਉਹਦਾ ਜਿਹੜਾ ਦਾਦਾ ਸੀ ਜਿਹੜਾ ਖੂੰਡਾ ਚੁੱਕੀ ਫਿਰਦਾ ਸੀ ਉਹ ਅੰਦਰ ਪਿਆ ਹੀ ਮਰ ਗਿਆ। ਉਹਦੀ ਐਨੀ ਹੇਠੀ ਹੋਈ ਮਹਿਸੂਸ ਹੋਈ ਕਿ ਉਹ ਪਿਆ ਪਿਆ ਹੀ ਮਰ ਗਿਆ। ਲੇਖਕ ਨੂੰ ਇਹ ਗੱਲ ਲੈ ਕੇ ਆਉਣੀ ਪੈਣੀ ਸੀ ਕਿ ਤੁਸੀਂ ਕਿਹੜੀ ਸੁਸਾਇਟੀ ਨਾਲ ਡੀਲ ਕਰਦੇ ਹੋ। ਇਸ ਗੱਲ ਦਾ ਕਿਹੜੀ ਸੁਸਾਇਟੀ ਨਾਲ ਟਕਰਾ ਹੋਣਾ ਏ। ਕਹਾਣੀ ਦਾ ਸ਼ਿਖਰ ਤਲਾਕ ਐ। ਦੋ ਜੀਆਂ ਨੇ ਤਲਾਸ ਵਰਗੇ ਸ਼ਬਦ 'ਤੇ ਆਉਣਾ ਹੈ। ਭਾਵੇਂ ਮੈਂ ਕੈਨੇਡਾ ਗਿਆ ਨਹੀਂ ਸਾਂ ਪਰ ਮੈਂ ਕਹਾਣੀ ਬਹੁਤ ਮਿਹਨਤ ਨਾਲ ਲਿਖਦਾ ਹਾਂ। ਦੋ ਬੰਦਿਆਂ ਦੀਆਂ ਦਸ ਦਸ ਘੰਟਿਆ ਦੀਆਂ ਲੰਮੀਆਂ ਮੁਲਾਕਾਤਾਂ ਕੀਤੀਆਂ ਸਨ। ਉਹ ਕਹਾਣੀ ਲਿਖਣ ਤੋਂ ਪਹਿਲਾਂ। ਉਥੇ ਸੜਕਾਂ 'ਤੇ ਲੇਅਨ ਬਣੀਆਂ ਹੋਈਆਂ। ਹੁਣ ਉਹ ਬੰਦਾ ਜਾਂਦਾ ਤਾਂ ਇਕ ਲੇਅਨ 'ਚ ਆ। ਜਿਹਦੇ 'ਚ ਉਹ ਤੁਰਿਆ। ਲੇਕਿੰਨ ਜਦੋਂ ਹੀ ਉਹ ਜ਼ਿੰਦਗੀ 'ਚ ਵੜਿਆ। ਉਹਦੀ ਸਪੀਡ ਘਟ ਗਈ। ਪਹਿਲਾਂ ਤਾਂ ਇਕ ਹਾਰਨ ਮਾਰ ਕੇ ਲੰਘਿਆ। ਦੂਜਾ ਜਦੋਂ ਲੰਘਿਆ ਤਾਂ ਇਕ ਲਾਇਨ ਬੋਲ ਕੇ ਗਿਆ। ਕਹਿੰਦਾ 'ਕੀਪ ਦਾ ਸਪੀਡ ਅਦਰਵਾਇਜ਼ ਇਨ ਦਾ ਲੇਅਨ।' ਮੈਨੂੰ ਡਾ. ਰਾਹੀ ਹੁਰਾਂ ਇਕ ਗੱਲ ਦੱਸੀ ਕਿ ਇਸ ਲਾਇਨ ਨਾਲ ਤੇਰੀ ਕਹਾਣੀ ਬਣੀ ਐ। ਬਈ ਜਿਸ ਸਮਾਜ 'ਚ ਤੁਸੀਂ ਰਹਿਣਾ ਐ, ਤੁਹਾਨੂੰ ਤੁਹਾਡੀ ਸਪੀਡ ਦਾ ਪਤਾ ਹੋਣਾ ਚਾਹੀਦਾ ਹੈ। ਫਿਰ ਕਦੇ 'ਮੋਹ ਪਾਸ਼' ਦੀ ਗੱਲ ਦੱਸਾਂਗਾ ਕਿ ਪਾਤਰ ਤੁਹਾਡੇ ਹੱਥ ਵਿੱਚੋਂ ਕਿਵੇਂ ਨਿਕਲ ਜਾਂਦੇ ਹਨ। ਮੈਂ ਉਹ ਗੱਲਾਂ ਨਹੀਂ ਕਰਦਾ ਬਈ ਕੋਈ ਕਹਿੰਦਾ ਐ ਪਾਤਰ ਮਨਮਰਜ਼ੀ ਕਰ ਜਾਂਦਾ...ਪਾਤਰ ਫਿਰ ਐਧਰ ਚਲਿਆ ਜਾਂਦਾ ...ਪਾਤਰ ਓਧਰ ਚਲਿਆ ਜਾਂਦਾ। ਮੇਰੇ ਪਾਤਰ ਤਾਂ ਸਾਰੀ ਗੱਲ ਮੇਰੇ ਅਨੁਸਾਰ ਕਰਦੇ ਹਨ। ਹਾਂ ਵਿਚਾਰ ਜ਼ਰੂਰ ਅਚਾਨਿਕ ਆਉਂਦਾ ਜਿਹਨੂੰ ਕਿਹਾ ਜਾਂਦਾ ਇਲਹਾਮ ਹੋਇਆ। ਮੈਂ ਫਿਰ ਕਹਿੰਦਾ ਹਾਂ ਜਦੋਂ ਇਲਹਾਮ ਹੁੰਦਾ ਹੈ ਉਥੇ ਤੁਸੀਂ ਸਿਰਜਕ ਹੁੰਦੇ ਹੋ। ਬਾਕੀ ਸਾਰੇ ਸਮੇਂ ਤੁਸੀਂ ਲੇਖਕ ਹੁੰਦੇ ਹੋ।

**ਪ੍ਰੋ. ਜੇ. ਬੀ. ਸੇਖੋਂ**-ਮੈਂ ਮੁਖਤਿਆਰ ਸਿੰਘ ਨੂੰ ਪੁੱਛਣਾ ਚਾਹੁੰਦਾ ਹਾਂ...ਅੱਜ ਦੀ ਕਹਾਣੀ ਤੇ ਵਿਚਾਰਾ ਦਾ ਭਾਰ ਬਹੁਤ ਪੈ ਗਿਆ ਹੈ। ਤੁਸੀਂ ਆਪਣੀ ਕਹਾਣੀ ਨੂੰ ਹਲਕਾ ਕਿਵੇਂ ਕਰਦੇ ਹੋ। ਜਿਵੇਂ ਵਿਰਕ ਕਹਿੰਦਾ ਹੈ ਪਤੰਗ ਜਿੰਨਾ ਹਲਕਾ ਹੁੰਦਾ ਹੈ ਉਹ ਓਨਾ ਵਧੇਰੇ ਉੱਚਾ ਉੜਦਾ ਹੈ।

**ਮੁਖਤਿਆਰ ਸਿੰਘ**-ਜਦੋਂ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਉਦੋਂ ਪ੍ਰਗਤੀਵਾਦ ਦਾ ਵਿਚਾਰ ਸਾਹਿਤ ਤੇ ਹਾਵੀ ਸੀ। ਜਿਹਨੂੰ ਅਗਾਂਹਵਧੂ ਵਿਚਾਰਧਾਰਾ ਕਿਹਾ ਜਾਂਦਾ ਸੀ। 1970 ਦਾ ਉਹ ਸਮਾਂ ਸੀ। ਜਦੋਂ ਕੋਈ ਵਿਚਾਰਧਾਰਾ ਹਾਵੀ ਹੁੰਦੀ ਹੈ ਤਾਂ ਉਸ ਦਾ ਪ੍ਰਭਾਵ ਹਰ ਲੇਖਕ ਉੱਤੇ ਪੈਂਦਾ ਹੈ। ਉਸ ਸਮੇਂ ਮੈਂ ਕਹਾਣੀ ਲਿਖੀ 'ਗੰਢ ਪਰਾਏ ਹੱਥ' ...ਉਦੋਂ ਪੰਜਾਬ ਵਿਚ ਭਈਏ ਆਉਣੇ ਸ਼ੁਰੂ ਹੋ ਗਏ ਸਨ। ਤਾਂ ਉਹ ਖੇਤਾਂ ਵਿਚ ਕੰਮ ਕਰਨ ਵਾਲੇ ਭਈਏ ਬਾਪੂ ਨਾਲ ਪੰਡ ਬੰਨ੍ਹ ਰਹੇ ਸਨ। ਉਨ੍ਹਾਂ ਨੂੰ ਗੰਢ ਪੀਡੀ ਕਰਨੀ ਨਹੀਂ ਸੀ ਆਉਂਦੀ... ਜੋ ਅਸੀਂ ਗੋਡੇ ਮਾਰ ਮਾਰ ਕੇ ਕਰਦੇ ਹਾਂ। ਬਾਪੂ ਨੇ ਉਨ੍ਹਾਂ ਨੂੰ ਉਹ ਸਿਖਾਈ। ਉਦੋਂ ਉਨ੍ਹਾਂ ਇਕ ਕੁੱਤਾ ਵੀ ਰੱਖਿਆ ਹੋਇਆ ਸੀ। ਉਹ ਕੁੱਤਾ ਕਿਤੇ ਦੂਰ ਚਲੇ ਜਾਂਦਾ ਏ ਤਾਂ ਮੁੜ ਕੇ ਨਹੀਂ ਆਉਂਦਾ।

ਬਾਪੂ ਦਾ ਮੁੰਡਾ ਵਿਦੇਸ਼ ਜਾਣ ਲਈ ਕਾਹਲਾ ਏ ਪਰ ਬਾਪੂ ਉਹਨੂੰ ਖੇਤੀ ਕਰਨ ਲਈ ਕਹਿੰਦਾ ਏ। ਕਿਵੇਂ ਜ਼ਮੀਨਾਂ ਵਿਕਦੀਆਂ ਹਨ। ਜ਼ਮੀਨਾਂ ਵੇਚ ਕੇ ਉਹ ਫੈਕਟਰੀਆਂ ਵਿਚ ਕੰਮ ਕਰਨ ਜਾਣ ਲੱਗਦੇ ਨੇ। ਜ਼ਮੀਨਾਂ ਵੇਚ ਕੇ ਜੋ ਪੈਸਾ ਆਉਂਦਾ ਹੈ ਤਾਂ ਉਹਦੇ ਨਾਲ ਇਕ ਫੈਕਟਰੀ ਲਗਾਉਣ ਦਾ ਵਿਚਾਰ ਬਣਾਉਂਦੇ ਨੇ। ... ਇਹ ਤਾਂ ਕਹਾਣੀ ਦਾ ਵਿਸ਼ਾ ਸੀ... ਮੈਂ ਕਹਿਣਾ ਚਾਹੁੰਦਾ ਸਾਂ ਕਿ ਪਰਵਾਸੀ ਏਥੇ ਖੇਤੀ ਕਰਨ ਆ ਰਹੇ ਨੇ ਤੇ ਸਾਡੇ ਮੁੰਡੇ ਵਿਦੇਸ਼ ਜਾ ਰਹੇ ਨੇ। ਇਹ ਜਿਹੜਾ ਸੰਕਟ ਸੀ ਮੈਂ ਇਸ ਕਹਾਣੀ ਵਿਚ ਪੇਸ਼ ਕੀਤਾ। ਪਿਛੇ ਜਿਹੇ ਮੈਂ ਕਹਾਣੀ ਲਿਖੀ 'ਗੋਦੜੀ ਦੇ ਲਾਲ' ਇਹ ਕਹਾਣੀ ਕਿਸਾਨ ਅੰਦੋਲਨ ਤੇ ਨਹੀਂ ਪਰ ਜ਼ਿੰਮੀਦਾਰ ਦੇ ਮੁੰਡੇ ਨੂੰ ਉਹਦਾ ਬਾਪ ਉਡੀਕ ਰਿਹਾ ਹੈ। ਪਰ ਉਹ ਅੰਦੋਲਨ ਵਿਚ ਮਾਰਿਆ ਜਾਂਦਾ ਹੈ। ਇਸ ਗੱਲ ਦਾ ਬਾਪ ਨੂੰ ਪਤਾ ਨਹੀਂ। ਮੈਂ ਕਹਿਣਾ ਚਾਹੁੰਦਾ ਸਾਂ ਕਿ ਪੰਜਾਬ ਦੇ ਮੁੰਡੇ ਇਸ ਤਰ੍ਹਾਂ ਵੀ ਮਾਰੇ ਜਾ ਰਹੇ ਹਨ। ਉਹ ਮੁੰਡਾ ਬਾਹਰ ਜਾਣ ਲਈ ਤਿਆਰ ਸੀ। ਏਸ ਤਰ੍ਹਾਂ ਜਦੋਂ ਵੀ ਮੈਂ ਆਪਣੇ ਆਲੇ ਦੁਆਲੇ ਵਿਚ ਕੋਈ ਆਚੰਭੇ ਭਰੀ ਘਟਨਾ ਵੇਖਦਾ ਹਾਂ ਤਾਂ ਮੇਰੇ ਅੰਦਰ ਕਹਾਣੀ ਫੁੱਟ ਤੁਰਦੀ ਹੈ।

**ਪ੍ਰੋ. ਜੇ. ਬੀ ਸੇਖੋਂ-** ਅੰਤ ਵਿਚ ਮੈਂ ਤ੍ਰਿਪਤਾ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਔਰਤ ਦੀ ਆਜ਼ਾਦੀ ਦੇ ਮਾਇਨੇ ਕੀ ਹਨ।

**ਤ੍ਰਿਪਤਾ ਕੇ. ਸਿੰਘ-**ਇਹ ਸਵਾਲ ਬਹੁਤ ਹੀ ਮਹੱਤਵਪੂਰਨ ਹੈ। ਕਿ ਅਸੀਂ ਅਜ਼ਾਦੀ ਦੇ ਮਾਇਨੇ ਕੀ ਸਮਝਦੇ ਹਾਂ। ਵਸਤਰ ਛੋਟੇ ਜਾਂ ਵੱਡੇ ਪਾ ਲਏ... ਵਾਲ਼ ਵੱਡੇ ਜਾਂ ਛੋਟੇ ਕਰ ਲਏ। ਬਾਹਰੀ ਦਿੱਖ ਨੂੰ ਬਦਲ ਲਿਆ ਜਾਂ ਅੰਗਰੇਜ਼ੀ ਬੋਲ ਲਈ। ਅਜਿਹਾ ਕਰਕੇ ਆਪਾਂ ਆਪਣੇ ਆਪ ਨੂੰ ਮੌਡਰਨ ਜਾਂ ਆਜ਼ਾਦ ਸਮਝਦੇ ਹਾਂ। ਮੇਰੇ ਹਿਸਾਬ ਨਾਲ ਇਹ ਅਸਲ ਆਜ਼ਾਦੀ ਨਹੀਂ ਹੈ। ਮਾਨਸਿਕ ਤੌਰ ਤੇ ਤੁਸੀਂ ਚੀਜ਼ਾਂ ਨੂੰ ਕਿਵੇਂ ਵੇਖਦੇ ਹੋ। ਜਦੋਂ ਤੁਸੀਂ ਕੋਈ ਗੱਲਬਾਤ ਕਰਦੇ ਹੋ ਤਾਂ ਕਿਵੇਂ ਆਜ਼ਾਦ ਮਹਿਸੂਸ ਕਰਦੇ ਹੋ। ਘਰ ਵੀ ਭਾਵੇਂ ਤੁਸੀਂ ਬਾਹਰੀ ਤੌਰ ਤੇ ਕਿੰਨੇ ਵੀ ਮਾਡਰਨ ਹੋ... ਗੱਲ ਇਹ ਹੈ ਕਿ ਤੁਹਾਡੀ ਗੱਲ ਨੂੰ ਕਿੰਨਾ ਕੁ ਮਹੱਤਵ ਦਿੱਤਾ ਜਾਂਦਾ ਹੈ। ਮਾਂ, ਭਰਾ, ਪਿਤਾ, ਪਤੀ, ਤੁਹਾਡਾ ਮੁੰਡਾ ਕਿੰਨਾ ਕੁ ਮਹੱਤਵ ਦਿੰਦਾ ਹੈ। ਨਾਰੀ ਦੀ ਆਜ਼ਾਦੀ ਤਾਂ ਘਰ ਤੋਂ ਹੀ ਨਿਸਚਿਤ ਹੁੰਦੀ ਹੈ। ਜਦੋਂ ਵੀ ਕਦੇ ਘਰ ਦੀ ਬੈੱਲ ਵੱਜਦੀ ਹੈ ਤਾਂ ਘਰ ਵਿਚ ਬੇਟੀ, ਮਾਂ, ਭਰਾ ਬੈਠੇ ਹਨ ਤਾਂ ਜਦੋਂ ਬੇਟੀ ਵੇਖਣ ਲਈ ਉੱਠਦੀ ਹੈ ਤਾਂ ਉਹਨੂੰ ਬਿਠਾ ਦਿੱਤਾ ਜਾਂਦਾ ਹੈ। ਭਰਾ ਚਾਹੇ ਛੋਟਾ ਹੀ ਹੋਵੇ। ਉਹਨੂੰ ਵੇਖਣ ਲਈ ਭੇਜਿਆ ਜਾਂਦਾ ਹੈ। ਸਾਹਿਤ ਹੀ ਇਹੋ ਜਿਹਾ ਮਧਿਆਮ ਹੈ ਜਿਹੜਾ ਤੁਹਾਡੀ ਸੋਚ ਬਦਲਣ ਲਈ ਮੁੱਖ ਰੋਲ ਅਦਾ ਕਰਦਾ ਹੈ। ...ਏਥੇ ਮੈਂ ਆਪਣੇ ਪਾਤਰਾਂ ਦੀ ਵੀ ਗੱਲ ਕਰਨਾ ਚਾਹੁੰਦੀ ਹਾਂ ਕਿ ਇਕ ਮੇਰੀ ਕਹਾਣੀ ਹੈ 'ਸੈਵਨਥ ਸੈਂਸ' ਭਾਵ ਸੱਤਵੀਂ ਇੰਦਰੀ। ਆਮ ਤੌਰ ਤੇ ਅਸੀਂ ਸੈਵਨਥ ਸੈਂਸ ਕਹਿੰਦੇ ਹਾਂ। ਉਹਦੇ ਵਿਚ ਇਕ ਅਨੁਪਮਾ ਨਾਂ ਦੀ ਇਕ ਪਾਤਰ ਹੈ। ਅਨੁਪਮਾ ਬਹੁਤ ਹੀ ਮੌਡਰਨ ਕੁੜੀ ਹੈ। ਬਹੁਤ ਹੀ ਸੁਲਝੀ ਹੋਈ ਕੁੜੀ ਹੈ। ਉਹਦੇ ਦਫ਼ਤਰ ਦੇ ਮਰਦ ਪਾਤਰਾਂ ਵੱਲੋਂ ਉਹਨੂੰ ਪਲ ਪਲ ਤੇ ਵੇਖਿਆ ਜਾਂਦਾ ਹੈ ਕਿ ਉਹ ਕਿਸ ਤਰ੍ਹਾਂ ਦੇ ਕੱਪੜੇ ਪਾ ਕੇ ਆਉਂਦੀ ਹੈ, ਕੀ ਖਾ ਰਹੀ ਹੈ। ਜੇ ਉਹ ਚਿਕਨ ਬਰਗਰ ਮੰਗਦੀ ਹੈ ਤਾਂ ਕਿਹਾ ਜਾਂਦਾ ਬਈ ਅੱਛਾ ਉਹ ਚਿਕਨ ਬਰਗਰ ਮੰਗਦੀ ਪਈ ਹੈ। ਫਿਰ ਤਾਂ ਉਹ ਰਾਤ ਨੂੰ ਪੈੱਗ ਵੀ ਲਾ ਲੈਂਦੀ ਹੋਣੀ ਐ। ਜੇਕਰ ਕਿਸੇ ਨਾਲ ਦੋਸਤਾਨਾ ਵਿਹਾਰ ਕਰਦੀ ਹੈ ਤਾਂ ਹੋਰ ਮਰਦਾਂ ਵੱਲੋਂ ਕਿਹਾ ਜਾਂਦਾ ਕਿ ਅੱਛਾ ਤੇਰੀ ਇਹਦੇ ਨਾਲ ਗੱਲਬਾਤ ਹੈ... ਸਾਡੀ ਵੀ ਕਰਾ। ਹਲਾ ਕਿ ਉਸ ਕੁੜੀ ਨੂੰ ਕੁਝ ਪਤਾ ਨਹੀਂ ਹੈ। ਮੈਂ ਕਹਾਣੀ ਵਿਚ ਕਹਿਣਾ ਚਾਹਿਆ ਕਿ ਸਾਡੇ ਸਮਾਜ ਦੀ ਮਾਨਸਿਕਤਾ ਬਹੁਤ ਕੁਠਿੰਤ ਹੈ। ਕਹਾਣੀ ਕਹਿੰਦੀ ਹੈ ਕਿ ਇਹ ਤੁਸੀਂ (ਔਰਤ) ਨੇ ਵੇਖਣਾ ਹੈ ਕਿ ਤੁਸੀਂ ਕਿਵੇਂ ਆਜ਼ਾਦ ਹੋ।

(**ਸਕ੍ਰਿਪਟ ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਈ ਏ**)

ਗੋਸ਼ਟੀ-4

# ਕਹਾਣੀ 'ਚ ਪਾਤਰ ਉਸਾਰੀ



ਬਲਬੀਰ ਪਰਵਾਨਾ ਜਿੰਦਰ ਸਾਂਵਲ ਧਾਮੀ ਭਗਵੰਤ ਰਸੂਲਪੁਰੀ

*ਇਸ ਗੋਸ਼ਟੀ 'ਚ ਪ੍ਰਸਿੱਧ ਕਥਾਕਾਰ ਜਿੰਦਰ, ਬਲਬੀਰ ਪਰਵਾਨਾ ਤੇ ਸਾਂਵਲ ਧਾਮੀ ਨੇ ਹਿੱਸਾ ਲਿਆ। ਇਸ ਦੇ ਸੂਤਰਧਾਰ ਭਗਵੰਤ ਰਸੂਲਪੁਰੀ ਸਨ।*

**ਭਗਵੰਤ ਰਸੂਲਪੁਰੀ**-ਇਸ ਚਰਚਾ ਵਿਚ ਆਪਾਂ ਕਹਾਣੀ 'ਚ ਪਾਤਰ ਉਸਾਰੀ ਬਾਰੇ ਗੱਲਾਂ ਕਰਨੀਆਂ ਨੇ। ਕਹਾਣੀ ਵਿਚ ਪਾਤਰਾਂ ਦੀ ਬੜੀ ਅਹਿਮੀਅਤ ਹੁੰਦੇ ਆ। ਜਦੋਂ ਵੀ ਕੋਈ ਕਹਾਣੀਕਾਰ ਕਹਾਣੀ ਦੀ ਸਿਰਜਣਾ ਕਰਦਾ ਹੈ ਤਾਂ ਉਹਦੇ ਸਾਹਮਣੇ ਇਕ ਜਾਂ ਦੋ-ਤਿੰਨ ਪਾਤਰ ਹੁੰਦੇ ਹਨ। ਉਨ੍ਹਾਂ ਪਾਤਰਾਂ ਨੂੰ ਉਹ ਆਪਣੀ ਦ੍ਰਿਸ਼ਟੀ ਨਾਲ ਘੜਦਾ ਹੈ। ਉਸ ਨੂੰ ਆਪਣੀ ਕਲਪਨਾ ਨਾਲ ਉਸਾਰਦਾ ਹੈ। ਪੰਜਾਬੀ ਕਹਾਣੀ ਦੇ ਪਿਛੋਕੜ ਵੱਲ ਜਦੋਂ ਅਸੀਂ ਝਾਤੀ ਮਾਰਦੇ ਹਾਂ ਤਾਂ ਸਾਡੇ ਸਾਹਮਣੇ ਅਨੇਕਾਂ ਪ੍ਰਸਿੱਧ ਜਾਂ ਕਲਾਸਿਕ ਕਹਾਣੀਆਂ ਆਉਂਦੀਆਂ ਹਨ। ਉਹ ਵੱਡੀਆਂ ਜਾਂ ਜਾਨਦਾਰ ਤਾਂ ਹੀ ਬਣ ਸਕੀਆਂ, ਕਿਉਂਕਿ ਉਨ੍ਹਾਂ ਦੇ ਪਾਤਰ ਵੱਡੇ ਸਨ ਜਾਂ ਕਹਾਣੀਕਾਰਾਂ ਨੇ ਉਹ ਵੱਡੇ ਬਣਾ ਦਿੱਤੇ। ਸਾਨੂੰ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਲੱਭ ਜਾਣਗੀਆਂ ਜਿਨ੍ਹਾਂ ਦੇ ਪਾਤਰ ਅਜੇ ਤੱਕ ਸਾਡੇ ਚੇਤਿਆਂ ਵਿਚ ਵਸੇ ਹੋਏ ਹਨ। ਕਈ ਵਾਰ ਕਹਾਣੀ ਦੇ ਪਾਤਰਾਂ ਵਿੱਚੋਂ ਪਾਠਕ ਉਨ੍ਹਾਂ ਦੇ ਅਸਲ ਚਿਹਰੇ ਦੀ ਪਛਾਣ ਕਰਨ ਲੱਗ ਪੈਂਦਾ ਹੈ। ਕਈ ਵਾਰ ਇਕ ਵਿਅਕਤੀ ਵਿੱਚੋਂ ਲੇਖਕ ਵਾਰ ਵਾਰ ਆਪਣੀ ਹਰ ਨਵੀਂ ਕਹਾਣੀ ਦੇ ਪਾਤਰ ਘੜਨ ਲੱਗ ਪੈਂਦਾ ਹੈ। ਕਈ ਵਾਰ ਕਿਸੇ ਵਿਅਕਤੀ ਦੇ ਇਕ ਪੱਖ ਨੂੰ ਲੈ ਕੇ ਕਹਾਣੀ ਦਾ ਪਾਤਰ ਉਸਾਰ ਲੈਂਦਾ ਹੈ ਫਿਰ ਕਹਾਣੀਕਾਰ ਨਵੀਂ ਕਹਾਣੀ ਵਿਚ ਨਵੇਂ ਪਾਤਰ ਰਾਹੀਂ ਦੂਜੇ ਪੱਖ ਨੂੰ ਪੇਸ਼ ਕਰਦਾ ਹੈ। ਜਦੋਂ ਅਸੀਂ ਇਕ ਕਹਾਣੀਕਾਰ ਦੀਆਂ ਸਾਰੀਆਂ ਕਹਾਣੀਆਂ ਪੜ੍ਹਦੇ ਹਾਂ ਤਾਂ ਸਾਨੂੰ ਲੱਗਣ ਲੱਗ ਪੈਂਦਾ ਹੈ ਕਿ ਫਲਾਣਾ ਕਹਾਣੀਕਾਰ ਇਕ ਪਾਤਰ ਨੂੰ ਵਾਰ ਵਾਰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰੀ ਜਾਂਦਾ ਹੈ। ਜਿਵੇਂ ਪ੍ਰੇਮ ਪ੍ਰਕਾਸ਼ ਦੀ ਔਰਤ ਵਾਰ ਵਾਰ ਕਈ ਕਹਾਣੀਆਂ ਵਿਚ ਪੇਸ਼ ਹੁੰਦੀ ਹੈ। ਸਮਾਜਿਕ ਦਬਾਵਾਂ ਕਾਰਨ ਕਈ ਵਾਰ ਕਈ ਕਹਾਣੀਕਾਰ ਕਿਸੇ ਵਿਅਕਤੀ ਨੂੰ ਕਹਾਣੀ 'ਚ ਪਾਤਰ ਵਜੋਂ ਪੇਸ਼ ਕਰਨ ਲੱਗਿਆ ਉਸ ਦੇ ਕਈ ਪੱਖ ਲਕੋ ਲੈਂਦੇ ਹਨ। ਸਾਡੇ ਕੋਲ ਨਾਇਕ ਪ੍ਰਧਾਨ ਕਹਾਣੀਆਂ ਦੀ ਲੰਮੀ ਪ੍ਰੰਪਰਾ ਰਹੀ ਹੈ, ਜਿਨ੍ਹਾਂ ਵਿਚ ਵੱਖ ਵੱਖ ਕਥਾਕਾਰਾਂ ਨੇ ਆਪਣੀ ਆਪਣੀ ਸਮਰੱਥਾ ਅਨੁਸਾਰ ਵੱਡੇ ਪਾਤਰ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਗੋਸ਼ਟੀ 'ਚ ਤਿੰਨ ਸਮਰੱਥ ਕਹਾਣੀਕਾਰ ਜਿੰਦਰ, ਬਲਬੀਰ ਪਰਵਾਨਾ ਅਤੇ ਸਾਂਵਲ ਧਾਮੀ ਹਨ।

ਇਨ੍ਹਾਂ ਨਾਲ ਉਨ੍ਹਾਂ ਪਾਤਰਾਂ ਬਾਰੇ ਗੱਲਾਂ ਕਰਾਂਗੇ ਜਿਹੜੇ ਇਨ੍ਹਾਂ ਨੇ ਆਪਣੀਆਂ ਕਹਾਣੀਆਂ ਵਿਚ ਉਸਾਰਨ ਦਾ ਉਪਰਾਲਾ ਕੀਤਾ ਹੈ। ਮੇਰੇ ਸਵਾਲ ਜਿੰਦਰ ਨੂੰ ਹੈ। ਜਿੰਦਰ ਪਿਛਲੇ ਚਾਲੀ ਸਾਲਾਂ ਤੋਂ ਪੰਜਾਬੀ ਕਹਾਣੀ ਵਿਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। 'ਮੈਂ ਕਹਾਣੀ ਤੇ ਉਹ', 'ਤੁਸੀਂ ਨਹੀਂ ਸਮਝ ਸਕਦੇ', 'ਨਹੀਂ ਮੈਂ ਨਹੀਂ', 'ਬਿਨਾਂ ਵਜ੍ਹਾ ਤਾਂ ਨਹੀਂ', 'ਜ਼ਖ਼ਮ', 'ਸਿਆਸਤ ਖੇਡ ਸਿਆਸਤ' ਤੇ 'ਸੇਫ਼ਟੀ ਕਿੱਟ' ਉਨ੍ਹਾਂ ਦੇ ਕਹਾਣੀ ਸੰਗ੍ਰਹਿ ਹਨ। ਉਸ ਨੇ ਹੁਣ ਤੱਕ 70 ਦੇ ਕਰੀਬ ਕਹਾਣੀਆਂ ਲਿਖ ਕੇ ਕਹਾਣੀ ਵਿਚ ਆਪਣਾ ਨਾਂ ਸਥਾਪਿਤ ਕੀਤਾ ਹੈ। ਉਸ ਦੀਆਂ ਇਨ੍ਹਾਂ ਕਹਾਣੀਆਂ 'ਚ ਅਨੇਕਾਂ ਪਾਤਰ ਆਏ ਹਨ। ਇਨ੍ਹਾਂ ਪਾਤਰਾਂ ਦੀਆਂ ਵੱਖ ਵੱਖ ਪਰਤਾਂ ਨੂੰ ਉਨ੍ਹਾਂ ਆਪਣੀ ਕਹਾਣੀ ਵਿਚ ਪੇਸ਼ ਕੀਤਾ ਹੈ। ਸ਼ੁਰੂ ਸ਼ੁਰੂ ਦੀਆਂ ਉਨ੍ਹਾਂ ਦੀਆਂ ਕਹਾਣੀਆਂ ਦੇ ਪਾਤਰ ਸਧਾਰਨ-ਨਿਮਨ ਲੋਕ ਬਣੇ, ਫਿਰ ਔਰਤ ਪਾਤਰਾਂ ਦੇ ਅਨੇਕਾਂ ਰੂਪ ਉਨ੍ਹਾਂ ਨੇ ਪੇਸ਼ ਕੀਤੇ। ਸ਼ਹਿਰੀ ਮੱਧ ਵਰਗੀ ਪਾਤਰ ਅਤੇ ਪਰਵਾਸ ਕਰ ਗਏ ਪੰਜਾਬੀ ਮੂਲ ਦੇ ਪਾਤਰ ਵੀ ਉਨ੍ਹਾਂ ਦੀਆਂ ਕਹਾਣੀਆਂ ਵਿਚ ਉਭਰ ਕੇ ਪੇਸ਼ ਹੁੰਦੇ ਹਨ। ... ਜਿੰਦਰ ਜੀ ਤੁਸੀਂ ਸਾਨੂੰ ਦੱਸੋਂ ਕਿ ਐਨੇ ਪਾਤਰਾਂ ਦੇ ਐਨੇ ਰੂਪ ... ਤੁਸੀਂ ਕਿਵੇਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰ ਜਾਂਦੇ ਓ... ਇਹ ਪਾਤਰ ਕਿੱਥੋਂ ਆਉਂਦੇ ਨੇ? ਜਿੱਥੇ ਤੱਕ ਮੈਨੂੰ ਪਤਾ ਏ ਕਿ ਤੁਸੀਂ ਘਰੋਂ ਬਹੁਤ ਘੱਟ ਬਾਹਰ ਨਿਕਲਦੇ ਓ?

**ਜਿੰਦਰ-** ਸਤਿਕਾਰਯੋਗ ਮੇਰੇ ਸੀਨੀਅਰ ਕਹਾਣੀਕਾਰ ਦੋਸਤੋ! ਮੈਂ ਬੜੇ ਗਰੀਬ ਪਰਿਵਾਰ ਵਿੱਚੋਂ ਆਇਆ। ਓਸ ਪਰਿਵਾਰ ਵਿੱਚੋਂ ਜਿੱਥੇ ਟੋਟਲ ਲਾਣਾ ਅਨਪੜ੍ਹ ਸੀ। ਪਤਾ ਨਹੀਂ ਕਿਵੇਂ ਮੈਂ ਪੜ੍ਹ ਗਿਆ। ਜਦੋਂ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਉਦੋਂ ਮੈਂ ਆਪਣੇ ਪਿੰਡ ਰਹਿੰਦਾ ਸੀ। ਮੈਨੂੰ ਪਿੰਡ ਦੀ ਸਮਝ ਸੀ। ਉਥੇ ਵਿਚਰਦੇ ਪਾਤਰਾਂ ਨੂੰ ਮੈਂ ਬਹੁਤ ਨੇੜੇ ਤੋਂ ਵੇਖਦਾ ਤੇ ਸਮਝਦਾ ਸਾਂ। ਫਿਰ ਮੈਂ 1988 ਵਿਚ ਸ਼ਾਹਿਰ ਆ ਗਿਆ। ਜਦੋਂ ਪਿੰਡ ਰਹਿੰਦਾ ਸਾਂ ਤਾਂ ਮੈਂ ਨਿਮਨ ਵਰਗ ਨਾਲ ਸਬੰਧ ਰੱਖਦਾ ਸਾਂ। ਜਦੋਂ ਮੈਂ ਸ਼ਹਿਰ ਵਿਚ ਆ ਗਿਆ ਤਾਂ ਮੈਂ ਨਿਮਨ ਮੱਧ ਵਰਗ ਨਾਲ ਸੰਬੰਧ ਰੱਖਣ ਲੱਗ ਪਿਆ। ਮੇਰੇ ਕੋਲ ਪਿੰਡ ਦੀ ਸਮਝ ਵੀ ਸੀ ਨਿਮਨ ਵਰਗ ਦੀ ਵੀ ਸਮਝ ਸੀ ਤੇ ਸ਼ਾਹਿਰ ਵਿਚ ਆਉਣ ਨਾਲ ਮੇਰੇ ਕੋਲ ਨਿਮਨ ਵਰਗ ਦੀ ਵੀ ਸਮਝ ਆਉਣ ਲੱਗ ਪਈ। ਉਸ ਤੋਂ ਅੱਗੇ ਮੈਨੂੰ ਵਿਦੇਸ਼ ਦੇ ਪੰਜਾਬੀ ਪਰਵਾਸੀ ਲੋਕਾਂ ਦਾ ਤਜ਼ਰਬਾ ਵੀ ਆਉਣ ਲੱਗ ਪਿਆ। ਇਨ੍ਹਾਂ ਵਿਚ ਵਿਚਰਦੇ ਪਾਤਰਾਂ ਦੀ ਮੈਨੂੰ ਸਮਝ ਆਉਣ ਲੱਗ ਪਈ। ਭਗਵੰਤ ਠੀਕ ਕਹਿੰਦਾ ਏ ਕਿ ਮੈਂ ਘਰੋਂ ਬਾਹਰ ਬਹੁਤ ਘੱਟ ਨਿਕਲਦਾ ਹਾਂ। ਮੈਂ ਸਾਹਿਤਕ ਸਮਾਗਮਾ ਵਿਚ ਬਹੁਤ ਘੱਟ ਜਾਂਦਾ ਹਾਂ। ਮੈਂ ਉਹ ਬੰਦਾ ਹਾਂ ਜਿਹੜਾ ਪੜ੍ਹਨ 'ਤੇ ਵੱਧ ਜੋਰ ਦਿੰਦਾ। ਮੈਂ ਅਨੇਕਾਂ ਵਾਰ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਅਸਟ੍ਰੇਲੀਆਂ ਗਿਆ ਹਾਂ ਤੇ ਚਾਰ ਵਾਰ ਮੈਂ ਪਾਕਿਸਤਾਨ ਵੀ ਗਿਆਂ ਹਾਂ। ਮੈਂ ਬਹੁਤ ਘੁੰਮਿਆ। ਇਕ ਸਟੇਜ ਇਹ ਵੀ ਆ ਜਾਂਦੀ ਐ ਕਿ ਬੰਦਾ ਘੁੰਮਦਾ ਘੁੰਮਦਾ ਥੱਕ ਜਾਂਦਾ ਹੈ। ਮੇਰੀ ਨੌਕਰੀ ਚੰਡੀਗੜ੍ਹ 17 ਸੈਕਟਰ ਸੀ। ਸੀਨੀਅਰ ਐਡੀਟਰ ਮੇਰੀ ਪੋਸਟ ਸੀ। ਅਸੀਂ ਵੱਖ ਵੱਖ ਥਾਂਵਾਂ ਤੇ ਡਿਪੂ ਚੈਕ ਕਰਨ ਜਾਣਾ ਹੁੰਦਾ ਸੀ। ਡਿਪੂ ਚੈਕ ਕਰਨ ਮੈਂ ਜਾਂਦਾ ਸਾਂ। ਉਸ ਸਮੇਂ ਮੈਂ ਪੰਜਾਬ ਵਿਚ ਬਹੁਤ ਘੁੰਮਿਆ। ਜੇ ਮੈਂ ਪੱਟੀ ਡਿੱਪੂ ਚੈਕ ਕਰਨ ਗਿਆ ਤਾਂ ਮੈਂ ਖੇਮਕਰਨ ਬਾਰਡਰ ਵੇਖਣ ਤੁਰ ਪੈਂਦਾ। ਜੇ ਮੈਂ ਫਿਰੋਜਪੁਰ ਜਾਂਦਾ ਤਾਂ ਹੁਸੈਨੀਵਾਲਾ ਬਾਰਡਰ ਚਲੇ ਜਾਂਦਾ, ਉੱਥੋਂ ਮੈਂ ਫਜਿਲਕਾ ਚਲੇ ਜਾਂਦਾ। ਮੇਰਾ ਵਿਚਾਰ ਇਹੀ ਐ ਕਿ ਲੇਖਕ ਨੂੰ ਪੜ੍ਹਨਾ ਅਤੇ ਚੁੱਪ-ਚਾਪ ਬਿਨਾ ਸ਼ੋਰ ਕੀਤਿਆਂ ਘੁੰਮਣਾ ਚਾਹੀਦਾ ਹੈ। ਜਿੱਥੇ ਤੱਕ ਪੜ੍ਹਨ ਦੀ ਗੱਲ ਹੈ। 2002 ਤੱਕ ਮੈਂ ਐਨਾ ਸਾਹਿਤ ਨਹੀਂ ਪੜ੍ਹਿਆ ਸੀ। ਜਿਨ੍ਹਾਂ ਮੈਂ 2002 ਤੋਂ ਬਾਅਦ ਪੜ੍ਹਿਆ। ਸਾਡੇ ਘਰਾਂ ਵਿਚ ਇਹ ਆਮ ਧਾਰਨਾ ਹੁੰਦੀ ਹੈ ਕਿ ਜੇਕਰ ਘਰ ਵਿਚ ਮਹਾਂਭਾਰਤ ਦੀ ਕਿਤਾਬ ਆ ਜਾਵੇ ਤਾਂ ਘਰ ਵਿਚ ਲੜਾਈ ਹੋਣ ਲੱਗ ਪਵੇਗੀ। ਆਮ ਘਰਾਂ ਦੇ ਸਧਾਰਨ ਲੋਕਾਂ ਦੀ ਇਹ ਧਾਰਨਾ ਹੈ। ਪਰ ਮੇਰੀ ਸਭ ਤੋਂ ਮਨ ਪਸੰਦ ਕਿਤਾਬ ਮਹਾਂਭਾਰਤ ਹੈ। ਮੇਰਾ ਵਿਚਾਰ ਹੈ ਕਿ ਜਿਹੜੀ ਜ਼ਿੰਦਗੀ ਹੈ ਉਹ ਮਹਾਂਭਾਰਤ

ਵਿਚ ਲੱਭਦੀ ਹੈ। ਜੋ ਚੀਜ ਮਹਾਂਭਾਰਤ ਵਿਚ ਹੈ ਨਹੀਂ ਉਹ ਕਿਸੇ ਕਿਤਾਬ ਵਿਚ ਵੀ ਹੈਨੀ। ਜਦੋਂ ਅਸੀਂ ਸਲੇਬਸ ਦੌਰਾਨ ਕਿਤਾਬਾਂ ਪੜ੍ਹਦੇ ਹਾਂ ਤਾਂ ਸਾਡੀ ਸੋਚ ਬੜੀ ਸੀਮਤ ਹੁੰਦੀ ਹੈ। ਸਲੇਬਸ ਸਾਡੀ ਸੋਚ ਨੂੰ ਸੀਮਿਤ ਕਰਦਾ ਹੈ। ... ਮੈਂ ਵੇਦ ਸਾਰੇ ਪੜ੍ਹੇ ਹਨ। ਮਹਾਂਭਾਰਤ ਨਾਲ ਸਬੰਧਤ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ। ਮੇਰੀ ਸਭ ਤੋਂ ਵੱਡੀ ਸਮੱਸਿਆ ਮੇਰਾ ਉਸ਼ੋ ਨੂੰ ਪੜ੍ਹਨਾ ਸੀ। ਜਦੋਂ ਮੈਂ ਉਸ਼ੋ ਨੂੰ ਪੜ੍ਹਦਾ ਸੀ ਤਾਂ ਮੇਰਾ ਸਿਰ ਦੁਖਦਾ ਸੀ। ਦਬਾਅ ਐਨਾ ਪੈਂਦਾ ਸੀ। ਫਿਰ ਮੈਂ ਉਸ਼ੋ ਦੇ ਭਾਸ਼ਣਾ ਦੀਆਂ ਕੈਸਿਟਾਂ ਲਿਆ ਕੇ ਸੁਣਨ ਲੱਗ ਪਿਆ। ਫਿਰ ਮੇਰੇ ਕੋਲ ਬਹੁਤ ਚਿਰ ਕੁਰਾਨ ਸ਼ਰੀਫ਼ ਪਿਆ ਰਿਹਾ। ਜਦੋਂ ਮੈਂ ਪੜ੍ਹਦਾ ਸਾਂ ਤਾਂ ਮੈਨੂੰ ਸਮਝ ਨਹੀਂ ਆਉਂਦੀ ਸੀ। ਪਿਛਲੇ ਸਾਲ ਮੈਂ ਆਪਣੇ ਬੇਟੇ ਕੋਲ ਅਸਟ੍ਰੇਲੀਆ ਗਿਆ। ਉਥੇ ਹਿੰਦੀ ਵਿਚ ਕੁਰਾਨ ਸ਼ਰੀਫ ਪਿਆ ਸੀ। ਮੈਂ ਪੜ੍ਹਨਾ ਸ਼ੁਰੂ ਕੀਤਾ। ਮੈਂ ਉਸ ਦੇ ਥੌਟ ਨੂੰ ਸਮਝਿਆ। ਏਥੇ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਮੈਂ ਬਹੁਤ ਜਿਆਦਾ ਘੁੰਮਿਆ ਹੈ ਤੇ ਪੜ੍ਹਿਆ ਵੀ ਬਹੁਤ ਹੈ। ਸੋ ਪਾਤਰਾਂ ਦੀਆਂ ਵੱਖ ਵੱਖ ਪਰਤਾਂ ਅਤੇ ਪਾਤਰਾਂ ਦੀਆਂ ਕਿਸਮਾਂ ਮੇਰੀਆਂ ਕਹਾਣੀਆਂ ਵਿਚ ਆਉਂਦੀਆਂ ਗਈਆਂ। ਜਦੋਂ ਵੀ ਮੈਂ ਪੜ੍ਹਦਾ ਹਾਂ ਤਾਂ ਮੇਰੇ ਅਵਚੇਤਨ ਵਿੱਚੋਂ ਕਹਾਣੀਆਂ ਨਿਕਲਦੀਆਂ ਹਨ। ਪਾਤਰ ਆਉਂਦੇ ਹਨ। ਮੈਂ ਜਦੋਂ ਵੀ ਕਹਾਣੀ ਲਿਖਦਾ ਹਾਂ... ਉਸ ਵਿਚ ਪਾਤਰ ਉਸਾਰਦਾ ਹਾਂ ਤਾਂ ਬਹੁਤ ਸੋਚ ਕੇ ਨਹੀਂ ਉਸਾਰਦਾ। ਮੇਰੇ ਅੰਦਰ ਜਿਹੜਾ ਪੜ੍ਹਨ ਨਾਲ ਅਤੇ ਵੱਖ ਵੱਖ ਥਾਵਾਂ ਤੇ ਵਿਚਰਨ ਨਾਲ ਚਿੰਤਨ ਪਿਆ ਹੁੰਦਾ ਹੈ ਮੈਂ ਉਸ ਅਧਾਰ ਤੇ ਪਾਤਰ ਉਸਾਰ ਲੈਂਦਾ ਹਾਂ। ਲਿਖਣ ਦੀ ਪ੍ਰਕ੍ਰਿਆ ਮੇਰੇ ਲਈ ਅਚੰਭਾ ਹੈ। ਕੋਈ ਚੀਜ਼ ਮੇਰੇ ਕੋਲੋਂ ਕਹਾਣੀ ਲਿਖਵਾਉਂਦੀ ਹੈ। ਮੈਂ ਬਹੁਤ ਸੋਚ ਕੇ ਨਹੀਂ ਕਹਾਣੀ ਲਿਖਦਾ। ਬਸ ਅਚਾਨਿਕ ਕੋਈ ਕ੍ਰਿਸ਼ਮਾ ਹੋ ਜਾਂਦਾ ਹੈ। ਦੂਜੀ ਗੱਲ ਇਹ ਕਿ ਮੇਰੇ ਪਾਤਰ ਵੀ ਮੇਰੇ ਕੰਟਰੋਲ ਵਿਚ ਨਹੀਂ ਰਹਿੰਦੇ। ਕਹਾਣੀ ਵਿਚ ਉਹ ਆਪਣੇ ਆਪ ਉਸਰਦੇ ਜਾਂਦੇ ਹਨ। ਇਹ ਰਵਾਨਗੀ ਹੁੰਦੀ ਹੈ। ਅਗਲੀ ਕਹਾਣੀ ਕਦੋਂ ਲਿਖ ਹੋਣੀ ਹੈ? ਮੈਨੂੰ ਕੁਝ ਵੀ ਪਤਾ ਨਹੀਂ ਹੁੰਦਾ। ਕਈ ਵਾਰ ਮਨ ਵਿਚ ਇਕ ਫ਼ਿਕਰਾ ਬਣਦਾ ਹੈ ਤਾਂ ਉਸ ਤੋਂ ਅੱਗੇ ਕਹਾਣੀ ਬਣਨ ਲੱਗ ਪੈਂਦੀ ਹੈ। ਮੈਂ ਕਹਾਣੀ ਤੇ ਮਿਹਨਤ ਵੀ ਨਹੀਂ ਕਰਦਾ। ਆਪੇ ਹੀ ਰਵਾਨਗੀ 'ਚ ਕਹਾਣੀ ਉਸਰਦੀ ਹੈ। ਹੁਣ ਤੁਸੀਂ ਵੇਖੋਂ ਮੈਂ ਡਾਰਵਿਨ ਵੀ ਸਾਰਾ ਪੜ੍ਹਿਆ। 'ਦ ਥਿਊਰੀ ਆਫ਼ ਆਵਲੂਏਸ਼ਨ' ਵੀ ਪੜ੍ਹੀ ਐ। ਨਿੱਠ ਕੇ ਫਰਾਇਡ ਪੜ੍ਹਿਆ... ਮੈਂ 'ਗੀਤਾ' ਬਹੁਤ ਵਾਰ ਪੜ੍ਹੀ ਐ। ਸਿੱਖ ਇਤਿਹਾਸ... ਗੁਰਬਾਣੀ.... ਆਦਿ ਆਦਿ। ਇਹ ਸਾਰਾ ਕੁਝ ਮੇਰੇ ਮਾਇੰਡ ਵਿਚ ਸਟੋਰ ਹੋਈ ਜਾਂਦਾ ਹੈ। ਮੈਂ ਇਹ ਵੀ ਮੰਨਦਾ ਹਾਂ ਕਿ ਕੁਝ ਪਾਤਰ ਹੁੰਦੇ ਨੇ ਜਿਹੜੇ ਤੁਹਾਡੇ ਦਿਮਾਗ ਵਿਚ ਬੈਠ ਜਾਂਦੇ ਨੇ। ਇਕ ਗੱਲ ਮੈਂ ਤੁਹਾਨੂੰ ਦੱਸਦਾ... ਜਦੋਂ 1998 ਵਿਚ ਪਹਿਲੀ ਵਾਰ ਹਰਜੀਤ ਅਟਵਾਲ ਕੋਲ ਇੰਗਲੈਂਡ ਗਿਆ ਤਾਂ ਹਰਜੀਤ ਅਟਵਾਲ ਨੇ ਮੈਨੂੰ ਇਕ ਬੱਸ ਵਿਚ ਬਿਠਾਇਆ। ਤਾਂ ਬੱਸ ਵਿਚ ਇਕ ਗੋਰੀ ਜਵਾਨ ਔਰਤ ਚੜ੍ਹੀ। ਮੈਂ ਵੇਖਿਆ ਕਿ ਬਾਹਰ ਉਹਦੀ ਮਾਂ ਵੀ ਰੋਂਦੀ ਸੀ ਤੇ ਉਹ ਬੱਸ ਵਿਚ ਬੈਠੀ ਵੀ ਰੋਂਦੀ ਸੀ। ਮਾਂ ਕਿਤੇ ਜਾ ਰਹੀ ਹੋਣੀ ਏ। ਉੱਥੇ ਮੈਨੂੰ ਲੱਗਾ ਕਿ ਮਨੁੱਖ ਦਾ ਵਿਹਾਰ ਹਰ ਥਾਂ ਇੱਕੋ ਜਿਹਾ ਹੈ। ਤੁਸੀਂ ਕਿਤੇ ਵੀ ਚਲੇ ਜਾਓ। ਜਿਹੜੇ ਮਰਜ਼ੀ ਖਿੱਤੇ 'ਚ ਚਲੇ ਜਾਓ। ਮਨੁੱਖ ਦਾ ਵਰਤਾਓ ਤੇ ਭਾਵਨਾਵਾਂ ਨਹੀਂ ਬਦਲਦੀਆਂ। ਬੰਦੇ ਦਾ ਸੁਭਾ ਨਹੀਂ ਬਦਲਦਾ। ਆਪਾਂ ਮਹਾਂਭਾਰਤ ਨੂੰ ਮਿਥਿਹਾਸ ਕਹਿੰਦੇ ਹਾਂ... ਭਾਵ ਕਿ ਮਨੋਘੜਤ ਕਥਾਵਾਂ। ਇਸ ਨੂੰ ਲਿਖੇ 5 ਹਜ਼ਾਰ ਸਾਲ ਹੋ ਗਏ। ਵੱਧ ਘੱਟ ਸਮਾਂ ਵੀ ਕਈ ਕਹਿੰਦੇ ਨੇ। ਜੇ ਆਪਾਂ ਮਨ ਲਈਏ ਕਿ ਇਹ ਮਿਥਿਹਾਸ ਹੈ। ਪਰ ਇਸ ਵਿਚ ਪੇਸ਼ ਹੋਏ ਪਾਤਰਾਂ ਦੇ ਅਧਾਰ ਤੇ ਕਹਿ ਸਕਦੇ ਹਾਂ ਕਿ ਬੰਦਾ ਬਦਲਿਆ ਨਹੀਂ। ਰਹਿਣ ਸਹਿਣ ਬਦਲ ਗਿਆ। ਪਹਿਰਾਵਾਂ ਬਦਲ ਗਿਆ। ਰੰਗ ਬਦਲ ਗਿਆ। ਪਰ ਬੰਦੇ ਦੀ ਫ਼ਿਤਰਤ ਨਹੀਂ ਬਦਲੀ। ਮੈਨੂੰ ਏਥੇ ਹਿੰਦੀ ਦੇ ਵੱਡੇ ਕਥਾਕਾਰ ਸੰਜੀਵ ਦੀ 'ਅਪਰਾਧ' ਕਹਾਣੀ ਚੇਤੇ ਆਉਂਦੀ ਹੈ। ਉਹ ਕਹਾਣੀ ਵਿਚ ਇਹ ਕਹਿੰਦਾ ਆ ਕਿ ਏਥੇ ਬੰਦੇ ਨੂੰ ਬਦਲਣ ਲਈ ਉਹਦੇ ਜੀਨਸ ਬਦਲਦੇ ਪੈਣੇ ਹਨ। ਜੇ ਆਪਾਂ ਪਾਤਰਾਂ

ਦੀ ਗੱਲ ਕਰੀਏ ਤਾਂ ਇਹ ਤਾਂ ਕਹਾਣੀ ਵਿਚ ਆਉਣੇ ਹੀ ਆਉਣੇ ਨੇ। ਪਾਤਰਾਂ ਤੋਂ ਬਿਨਾ ਤਾਂ ਕਹਾਣੀ ਹੁੰਦੀ ਹੀ ਨਹੀਂ। ਜਦੋਂ ਮੇਰੇ ਮਨ ਵਿਚ ਕਹਾਣੀ ਆਉਂਦੀ ਹੈ ਤਾਂ ਪਾਤਰ ਵੀ ਆਪਣੇ ਆਪ ਹੀ ਆ ਜਾਂਦੇ ਹਨ।

**ਭਗਵੰਤ ਰਸੂਲਪੁਰੀ**-ਜਿੰਦਰ ਜੀ ! ਤੁਸੀਂ ਆਪਣੇ 'ਮਾਮਾ ਗੋਲੂ' ਬਾਰੇ ਕਿਤੇ ਜ਼ਿਕਰ ਕੀਤਾ ਹੈ। ਤੁਸੀਂ ਇਸ ਮਾਮਾ ਚੋਂ ਅਨੇਕਾਂ ਕਹਾਣੀਆਂ ਦੇ ਪਾਤਰ ਸਿਰਜ ਦਿੱਤੇ ਨੇ। ਮੈਨੂੰ ਤੁਹਾਡੀਆਂ ਕਹਾਣੀਆਂ ਚੇਤੇ ਆਉਂਦੀਆਂ ਹਨ...ਬਾਪੂ, ਮਾਂ ਨੇ ਨਹੀਂ ਰੋਕਿਆ ਤੇ ਜ਼ਹਿਰ... 'ਕਤਲ' ਕਹਾਣੀ ਵਿਚ ਉਹ ਪਾਤਰ ਦਾ ਕੋਈ ਰੂਪ ਆ ਜਾਂਦਾ ਆ। ਆਖ਼ਰ ਉਹਦੇ 'ਚ ਕਿਹੜੀ ਖ਼ੂਬੀ ਸੀ? ਜਿਸ 'ਚੋਂ ਤੁਸੀਂ ਐਨੇ ਪਾਤਰ ਕੱਢ ਲਏ।

**ਜਿੰਦਰ**-ਬਾਬਾ ਗੋਲੂ ਮੇਰੇ ਪਿਤਾ ਜੀ ਦਾ ਸਕਾ ਮਾਮਾ ਸੀ। ਉਸ ਦਾ ਪਿੰਡ ਦਰਿਆ ਦੇ ਪਾਰ ਸੀ। ਉਸ ਨੇ ਆਪਣੀ ਜ਼ਿੰਦਗੀ ਵਿਚ ਬੜੇ ਪੁੱਠੇ ਤੇ ਸਿੱਧੇ ਕੰਮ ਕੀਤੇ। ਉਹਦੀ ਜ਼ਿੰਦਗੀ ਦੀਆਂ ਅਨੇਕਾਂ ਪਰਤਾਂ ਮੈਂ ਵੇਖੀਆਂ ਤੇ ਸੁਣੀਆਂ। ਵਿਆਹ ਉਹਦਾ ਹੋਇਆ ਨਹੀਂ ਸੀ। ਉਹਦੇ ਘਰ ਵਿਚ ਉਹਦੀ ਜਿਹੜੀ ਦੁਰਦਸ਼ਾ ਹੁੰਦੀ ਮੈਂ ਵੇਖੀ ਉਸ ਨੇ ਉਹਨੂੰ ਗੁੰਝਲਦਾਰ ਬਣਾ ਦਿੱਤਾ। ਪਰ ਉਹਦਾ ਅੱਖੜਪੁਣਾ ਘਟਿਆ ਨਹੀਂ ਸੀ। ਹੋਰ ਵਧਦਾ ਗਿਆ। ਉਹ ਜਦੋਂ ਕਿਸੇ ਗੱਲ ਤੇ ਅੜ ਜਾਂਦਾ ਸੀ ਤਾਂ ਬਸ ਅੜ ਜਾਂਦਾ ਸੀ। ਉਹਨੂੰ ਕਦੇ ਕਦੇ ਇਹ ਵੀ ਮਹਿਸੂਸ ਹੁੰਦਾ ਸੀ ਕਿ ਮੇਰੀ ਭੈਣ ਹੈ ਨਹੀਂ। ਉਹ ਸੋਚਦਾ ਜੇ ਮੇਰੇ ਭਾਣਜੇ ਹੁੰਦੇ ਤਾਂ ਮੇਰੇ ਨਾਲ ਇਸ ਤਰ੍ਹਾਂ ਵਿਹਾਰ ਨਾ ਹੁੰਦਾ। ਅਸੀਂ ਏਹੋ ਜਿਹੇ ਬੰਦਾ 'ਚੋਂ ਬਹੁਤ ਸਾਰੀਆਂ ਗੱਲਾਂ ਸਿੱਖਦੇ ਹਾਂ... ਸਮਝਦੇ ਹਾਂ। ਮੈਂ ਕਿਤੇ ਪੜ੍ਹ ਰਿਹਾ ਸਾਂ ... ਕਿ ਬੰਦਾ ਬਚਪਨ ਵਿਚ ਕੁਝ ਹੋਰ ਹੁੰਦਾ। ਜਵਾਨੀ 'ਚ ਹੋਰ ਹੁੰਦਾ। ਚਾਲੀ ਪੰਜਤਾਲੀ ਸਾਲ ਵਿਚ ਹੋਰ ਹੁੰਦਾ ਤੇ 70 ਸਾਲ ਵਿਚ ਹੋਰ ਹੁੰਦਾ। ਇਹ ਬੰਦੇ ਦਾ ਕਰੈਕਟਰ ਹੈ। ਇਹ ਮਾਮਾ ਗੋਲੂ ਬੜਾ ਗੁੰਝਲਦਾਰ ਮੈਨੂੰ ਲੱਗਾ। ਕੀ ਪਤਾ ਭਵਿੱਖ 'ਚ ਹੋਰ ਕਹਾਣੀਆਂ ਦੇ ਪਾਤਰ ਵੀ ਮਾਮੇ ਗੋਲੂ 'ਚੋ ਨਿਕਲ ਆਉਣ।

**ਭਗਵੰਤ ਰਸੂਲਪੁਰੀ**-ਮੇਰਾ ਸਵਾਲ ਬਲਬੀਰ ਪਰਵਾਨਾ ਹੁਰਾਂ ਨੂੰ ਹੈ। ਬਲਬੀਰ ਪਰਵਾਨਾ ਪੰਜਾਬੀ ਦਾ ਸਮਰੱਥ ਕਥਾਕਾਰ ਹੈ। ਉਹ ਨੇ ਹੁਣ ਤੱਕ 'ਸਾਈਨ ਵੈਲਯੂ ਦਾ ਜਲੌਅ', 'ਅਚਾਨਕ ਸਾਹਮਣੇ', 'ਧੂੰਆਂ' ਅਤੇ 'ਗਾਥਾ ਇਕ ਪਿੰਡ ਦੀ' ਆਦਿ ਕਹਾਣੀ ਸੰਗ੍ਰਹਿ ਸਾਨੂੰ ਪੜ੍ਹਨ ਨੂੰ ਦਿੱਤੇ ਹਨ। ਜਦੋਂ ਪਰਵਾਨਾ ਹੁਰਾਂ ਦੀਆਂ ਕਹਾਣੀਆਂ ਦੇ ਪਾਤਰ ਅਸੀਂ ਵੇਖਦੇ ਤੇ ਸਮਝਦੇ ਹਾਂ ਤਾਂ ਉਹ ਖੱਬੇ ਪੱਖੀ ਵਿਚਾਰਧਾਰਾ ਵਿਚ ਬੱਝੇ ਸਾਨੂੰ ਦਿਸਦੇ ਹਨ। ਇਸ ਦੇ ਨਾਲ ਨਾਲ ਉਹ ਇਨ੍ਹਾਂ ਪਾਤਰਾਂ ਰਾਹੀਂ ਕਾਮਰੇਡਾਂ ਦੇ ਬਾਹਰੀ ਅਤੇ ਅੰਦਰੂਨੀ ਕਿਰਦਾਰਾਂ ਨੂੰ ਕਹਾਣੀਆਂ ਵਿਚ ਪੇਸ਼ ਵੀ ਕਰਦੇ ਹਨ। ਪਰਵਾਨਾ ਜੀ ਤੁਹਾਡੀਆਂ ਬਹੁਤ ਸਾਰੀਆਂ ਕਹਾਣੀਆਂ ਦੇ ਪਾਤਰ ਖੱਬੇ ਪੱਖੀ ਲਹਿਰ ਨਾਲ ਸੰਬੰਧਤ ਹਨ। ਕਾਮਰੇਡ ਪਾਤਰ ਵਾਰ ਵਾਰ ਤੁਹਾਡੀਆਂ ਕਹਾਣੀਆਂ ਵਿਚ ਆਉਂਦੇ ਨੇ ਇਸ ਰਾਹੀਂ ਮਾਰਕਸਵਾਦੀ ਮਾਡਲ ਜਾਂ ਵਿਚਾਰਧਾਰਾ ਨੂੰ ਸਵਾਲਾ ਦੇ ਘੇਰੇ ਵਿਚ ਲੈ ਕੇ ਆਉਂਦੇ ਹੋ। ਮੈਨੂੰ ਇਹ ਪਾਤਰ ਤੁਹਾਡੀ ਜ਼ਿੰਦਗੀ ਨਾਲ ਖਹਿ ਕੇ ਲੰਘੇ ਲੱਗਦੇ ਨੇ। ਜਾਂ ਤੁਸੀਂ ਇਹ ਪਾਤਰ ਕਲਪਨਾ ਨਾਲ ਘੜੇ ਨੇ। ਅਸਲ ਜ਼ਿੰਦਗੀ ਵਿਚ ਇਹ ਪਾਤਰ ਕਿਹੋ ਜਿਹੇ ਹੁੰਦੇ ਨੇ ਅਤੇ ਜਦੋਂ ਕਹਾਣੀ ਵਿਚ ਆਉਂਦੇ ਨੇ ਉਹ ਪਾਤਰ ਆਪਣਾ ਰੂਪ ਬਦਲੇ ਨੇ ਜਾਂ ਉਸੇ ਤਰ੍ਹਾਂ ਵਿਹਾਰ ਕਰਦੇ ਨੇ। ਮੇਰੇ ਸਾਹਮਣੇ 'ਕਾਮਰੇਡ ਮੇਹਰ ਸਿੰਘ ਦੀ ਵਿਰਾਸਤ' ਦਾ ਮੁੱਖ ਪਾਤਰ ਕ. ਮੇਹਰੂ, 'ਦੀਨ ਕੇ ਹੇਤ' ਦਾ ਪਾਤਰ ਕਾ. ਘਣਸ਼ਾਮ ਅਤੇ 'ਬੰਦ ਗੇਟ ਤੇ ਵਿਚਾਰਾ ਇਨਕਲਾਬ', 'ਪਿਤਾ', 'ਗਰੇਸ਼ੀਅਰ', 'ਸਾਈਨ ਵੈਲਯੂ ਦਾ ਜਲੌਅ', 'ਆਪਨੜੇ ਗਿਰੀਵਾਨ ਮਹਿ' ਆਦਿ ਕਹਾਣੀਆਂ ਦੇ ਪਾਤਰ ਆਉਂਦੇ ਨੇ। ਕਿ ਕਿਵੇਂ ਪਾਰਟੀਆਂ ਕਮਿਊਨਿਸਟ ਵਰਕਰ ਦਾ ਦਮਨ ਕਰਦੀਆਂ ਹਨ।

**ਬਲਬੀਰ ਪਰਵਾਨਾ**-ਮੈਂ ਆਪਣੀਆਂ ਗੱਲਾਂ ਸੰਖੇਪ 'ਚ ਕਰਾਂਗਾ। ਮੈਂ ਵਿਦਿਆਰਥੀ ਜੀਵਨ ਵੇਲੇ

ਕਮਿਊਨਿਸਟ ਲਹਿਰ ਨਾਲ ਜੁੜ ਗਿਆ ਸੀ। ਅਤੇ ਜਿਸ ਚੁਫੇਰੇ ਵਿਚ ਬੰਦੇ ਨੇ ਸਾਰੀ ਜ਼ਿੰਦਗੀ ਬਿਤਾਈ ਹੋਵੇ ਤਾਂ ਉਸ ਚੁਫੇਰੇ ਬਾਰੇ ਉਹ ਬੰਦਾ ਬਹੁਤ ਕੁਝ ਠੀਕ ਵੀ ਜਾਣਨ ਲੱਗ ਪੈਂਦਾ ਅਤੇ ਬਹੁਤ ਕੁਝ ਗ਼ਲਤ ਵੀ। ਗ਼ਲਤ-ਠੀਕ ਦਾ ਕਨਟ੍ਰਾਸਟ ਵੀ ਸਮਝ ਆਉਣ ਲੱਗ ਪੈਂਦਾ ਕਿ ਗ਼ੜਬੜ ਕਿੱਥੇ ਹੈ। ਮੈਂ ਅੱਜ ਵੀ ਸੋਚਦਾ ਹਾਂ ਇਕੋ ਇਕ ਕਮਿਊਨਿਸਟ ਵਿਚਾਰਧਾਰਾ ਹੀ ਹੈ ਜਿਸ ਵਿੱਚੋਂ ਸਮਕਾਲ ਦੀਆਂ ਸਮੱਸਿਆਵਾਂ ਲਈ ਕੋਈ ਬਦਲ ਲੱਭ ਸਕਦਾ ਹੈ। ਉਹ ਹੱਲ ਪੂੰਜੀਵਾਦ ਅਤੇ ਮਲਟੀਨੈਸ਼ਨਲ ਕੰਪਨੀਆਂ ਕੋਲ ਨਹੀਂ ਲੱਭ ਸਕਦਾ। ਨਾਲ ਨਾਲ ਮੈਂ ਇਹ ਵੀ ਸੋਚਦਾ ਰਹਿੰਦਾ ਹਾਂ ਕਿ ਮਾਰਕਸਵਾਦ ਦੇ ਪ੍ਰੈਕਟਿਸ ਅਤੇ ਫ਼ਲਸਫ਼ੇ ਵਿਚ ਕਿਤੇ ਕੋਈ ਗੜਬੜ ਜਾਂ ਫਰਕ ਤਾਂ ਨਹੀਂ। ਮੈਂ ਆਪਣੀਆਂ ਕਹਾਣੀਆਂ ਵਿਚ ਇਹ ਨੁਕਤੇ ਲੱਭਣ ਦੀ ਕੋਸ਼ਿਸ਼ ਕਰਦਾ ਹਾਂ। ਜਿਵੇਂ ਮੇਰੀ ਕਹਾਣੀ ਹੈ 'ਇਕ ਸੱਚੇ ਕਾਮਰੇਡ ਦਾ ਇਕਲਾਪਾ' ਇਸ ਕਹਾਣੀ ਵਿਚ ਮੈਂ ਜਿਸ ਪਾਤਰ ਨੂੰ ਲਿਆ ਹੈ। ਮੈਂ ਉਸ ਪਾਤਰ ਨੂੰ ਬਹੁਤ ਨੇੜੇ ਤੋਂ ਜਾਣਦਾ ਸਾਂ। ਉਹ ਸਾਡੇ ਪਿੰਡ ਦਾ ਹੀ ਪਾਤਰ ਸੀ ਅਤੇ ਮੈਂ ਉਸ ਨੂੰ ਕਾਲਜ ਵੇਲੇ ਤੋਂ ਹੀ ਜਾਣਦਾ ਸਾਂ। ਪਰ ਅਸੀਂ ਮੁੰਡੇ ਸਦਾ ਉਸ ਨੂੰ ਮਖੌਲ ਕਰਦੇ ਰਹਿੰਦੇ ਸਾਂ ਕਿ ਯਾਰ ਤੂੰ ਜ਼ਿੰਦਗੀ ਪ੍ਰਤੀ ਕਦੇ ਸੀਰੀਅਸ ਵੀ ਹੋਇਆ ਕਰ। ਜੇ ਕਿਤੇ ਰਾਹ ਗਲੀ ਵਿਚਾਰਧਾਰਕ ਬਹਿਸ ਵਿਚ ਉਹ ਪੈ ਗਿਆ ਤਾਂ ਉਹ ਓਨਾ ਚਿਰ ਉੱਥੋਂ ਹਿੱਲਦਾ ਨਹੀਂ ਸੀ ਜਦੋਂ ਦੂਜਾ ਬੰਦਾ ਇਹ ਨਹੀਂ ਸੀ ਮੰਨ ਲੈਂਦਾ ਕਿ ਕਾਮਰੇਡ ਤੂੰ ਹੀ ਬਿਲਕੁਲ ਠੀਕ ਹੈ। ਇਹਦੇ ਨਾਲ ਕੀ ਹੁੰਦਾ ਸੀ ਕਿ ਉਹਦੇ ਘਰ ਦੇ ਕੰਮ ਪੱਛੜ ਜਾਣੇ। ਕਈ ਕੰਮ ਰਹਿ ਜਾਣੇ। ਘਰੋਂ ਉਹਨੂੰ ਗਾਲ੍ਹਾਂ ਪੈਣੀਆਂ। ਓਧਰ ਪਾਰਟੀ ਦੇ ਜੱਥੇਬੰਦਕ ਢਾਂਚੇ ਵਿਚ ਲੱਗਣਾ ਕਿ ਯਾਰ ਏਹ ਤਾਂ ਕਮਲਾ ਜਿਹਾ ਈ ਹੈ। ਹੋਇਆ ਇਹ ਕਿ ਅਸੀਂ ਪੜ੍ਹ ਲਿਖ ਕੇ ਆਪਣੇ ਕੈਰੀਅਰ ਬਣਾਉਣ ਲਈ ਛੋਟੀਆਂ ਮੋਟੀਆਂ ਨੌਕਰੀਆਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ। ਪਰ ਉਹ ਬੰਦਾ ਓਨੀ ਹੀ ਸ਼ਿੱਦਤ ਨਾਲ ਉਸ ਇਨਕਲਾਬ ਲਈ ਜੁੜਿਆ ਰਿਹਾ। ਵਿਆਹ ਉਪਰੰਤ ਬੱਚੇ ਹੋ ਗਏ। ਉਹ ਵੀ ਕਹਿਣ ਲੱਗ ਪਏ ਕਿ ਤੂੰ ਹੁਣ ਸਾਡੇ ਲਈ ਕੁਝ ਕਰ। ਜਦੋਂ ਕਦੇ ਸ਼ਹਿਰੋਂ ਪਿੰਡ ਗਏ ਤਾਂ ਉਹਨੂੰ ਮਿਲਣਾ ਤਾਂ ਸਾਨੂੰ ਲੱਗਣਾ ਕਿ ਉਸਦਾ ਗੱਲ ਬਾਤ ਦਾ ਤੇ ਜ਼ਿੰਦਗੀ ਦਾ ਸਟਾਇਲ ਓਹੋ ਜਿਹਾ ਹੀ ਹੈ। ਕੁਝ ਚਿਰ ਪਹਿਲਾਂ ਉਹਦੀ ਮੌਤ ਗਈ। ਮੈਂ ਅਫਸੋਸ ਲਈ ਜਦੋਂ ਉਹਦੇ ਘਰ ਗਿਆ ਤਾਂ ਉਹਦੀ ਪਤਨੀ ਕਹਿੰਦੀ। 'ਭਾਜੀ ਤੁਸੀਂ ਸਾਰਿਆਂ ਨੇ ਆਪਣਾ ਆਪਣਾ ਕੁਝ ਨਾ ਕੁਝ ਬਣਾ ਲਿਆ ਤੇ ਇਹ ਬੰਦੇ ਨੇ ਮੈਨੂੰ ਵੀ ਡੋਬਿਆ ਅਤੇ ਮੇਰੇ ਬੱਚਿਆ ਨੂੰ ਡੋਬਿਆ।' ਉਸ ਤੋਂ ਬਾਅਦ ਮੇਰੇ ਮਨ ਵਿਚ ਸਾਰੀ ਕਹਾਣੀ ਚੱਲਣ ਲੱਗ ਪਈ ਕਿ ਇਹ ਹੋਇਆ ਕਿਉਂ? ਮੈਂ ਸੋਚਦਾ ਸਾਂ ਕਿ ਅਸੀਂ ਤਾਂ ਭਾਵੇਂ ਕਾਮਰੇਡ ਬਣ ਗਏ ਸਾਂ। ਪਰ ਸਾਡੇ ਅੰਦਰ ਉਹ ਫ਼ਲਸਫ਼ਾ ਅਜੇ ਰਚਿਆ ਨਹੀਂ ਸੀ। ਪਰ ਉਹਦੇ ਅੰਦਰ ਫ਼ਲਸਫ਼ਾ ਰਚ ਮਿਚ ਗਿਆ ਸੀ ਕਿ ਉਹ ਪੱਕਾ ਸੋਚਦਾ ਸੀ ਕਿ ਮੈਂ ਇਕ ਦਿਨ ਇਨਕਲਾਬ ਲੈ ਕੇ ਆਉਣਾ ਹੈ। ਅਤੇ ਉਸ ਇਨਕਲਾਬ ਤੋਂ ਬਾਅਦ ਮੇਰੇ ਬੱਚੇ ਵੀ ਖੁਸ਼ਹਾਲ ਤੇ ਆਰਥਿਕ ਤੌਰ ਤੇ ਮਜਬੂਤ ਹੋਣਗੇ। ਪਰ ਸਾਡੇ ਮਨਾਂ ਵਿਚ ਸੀ ਕਿ ਪੜ੍ਹਾਈ ਤੋਂ ਬਾਅਦ ਕੈਰੀਅਰ ਬਣਾ ਲਓ ਤੇ ਬੱਚੇ ਚੰਗੇ ਸਕੂਲਾਂ ਵਿਚ ਪੜ੍ਹਾ ਕੇ ਸੈੱਟ ਕਰ ਲਓ। ਇਹ ਦੁਖਾਂਤ ਸਾਰੀਆਂ ਲਹਿਰਾਂ ਨਾਲ ਹੁੰਦਾ ਹੈ। ਚਾਹੇ ਉਹ ਦਲਿਤ ਲਹਿਰ ਹੈ ਤੇ ਚਾਹੇ ਉਹ ਸਿੱਖੀ ਦੀ ਲਹਿਰ ਹੈ। ਜਿਸ ਬੰਦੇ ਦੇ ਅੰਦਰ ਫ਼ਲਸਫ਼ਾ ਤੇ ਵਿਚਾਰਧਾਰਾ ਰਚ ਮਿਚ ਜਾਂਦੀ ਹੈ ਉਹ ਬੰਦੇ ਅੰਦਰੋਂ ਟੁੱਟਦੇ ਹਨ। ਮੇਰੀਆਂ ਸਾਰੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਇਹੀ ਹੈ ਕਿ ਜਿਨ੍ਹਾਂ ਬੰਦਿਆਂ ਦੇ ਅੰਦਰ ਫ਼ਲਸਫ਼ਾ ਸੀ ਉਹ ਜ਼ਿੰਦਗੀ ਵਿਚ ਰੁਲ਼ੇ ਹਨ ਅਤੇ ਜਿਹੜੇ ਲੋਕ ਬਾਹਰੋਂ ਬਾਹਰੋਂ ਲਹਿਰਾਂ ਤੇ ਵਿਚਾਰਧਾਰਵਾਂ ਨਾਲ ਜੁੜੇ ਸਨ ਉਹ ਸੈੱਟ ਹੋ ਕੇ ਸਾਡੇ ਵਾਂਗ ਏਥੇ ਉੱਥੇ ਗੱਲਾਂ ਕਰਦੇ ਹਨ।

**ਭਗਵੰਤ ਰਸੂਲਪੁਰੀ**-ਪਰਵਾਨਾ ਜੀ ਜਦੋਂ ਮੈਂ ਤੁਹਾਡੀ ਕਹਾਣੀ ਪੜ੍ਹਦਾ ਹਾਂ ... ਕਾਮਰੇਡ ਮੇਹਰ ਸਿੰਘ ਦੀ ਵਿਰਾਸਤ' ਜਾਂ 'ਦੀਨ ਕੇ ਹੇਤ' ਉਸ ਦਾ ਜਦੋਂ ਪਾਤਰ ਵੇਖਦਾ ਹਾਂ ਉਨ੍ਹਾਂ ਵਰਕਰਾਂ 'ਤੇ ਕਮਿਊਨਿਸਟ

ਪਾਰਟੀਆਂ ਦੇ ਲੀਡਰ ਉਨ੍ਹਾਂ ਦਾ ਦਮਨ ਕਰਦੇ ਹਨ। ਕੀ ਹਰੀਕਤ ਵਿਚ ਇਸੇ ਤਰ੍ਹਾਂ ਦੇ ਲੀਡਰ ਹੁੰਦੇ ਨੇ ਜਾਂ ਤੁਸੀਂ ਕਲਪਨਾ ਨਾਲ ਉਹ ਪਾਤਰ ਘੜਦੇ ਹੋ।

**ਬਲਬੀਰ ਪਰਵਾਨਾ**-ਵੇਖੋਂ ਉਹ ਦਮਨ ਸਹਿਣ ਵਾਲੇ ਅਤੇ ਕਰਨ ਵਾਲੇ ਪਾਤਰ ਹੂ-ਬ-ਹੂ ਤਾਂ ਕਦੇ ਨਹੀਂ ਕਹਾਣੀ ਵਿਚ ਆਉਂਦੇ। ਕਹਾਣੀਕਾਰ ਉਨ੍ਹਾਂ ਨੂੰ ਛਿੱਲ ਤਰਾਸ਼ ਕੇ ਉਸਾਰਦਾ ਤਾਂ ਹੈ। ਪਰ ਇਹ ਸਾਰੇ ਪਾਤਰ ਸਮਾਜ ਵਿਚ ਅਗਜਿਸ਼ਟ ਕਰਦੇ ਹਨ। ਅਸਲੀਅਤ ਵਿਚ ਹੈਗੇ ਨੇ। ਅਸੀਂ ਜੇ ਆਪਣੇ ਆਸ ਪਾਸ ਝਾਤੀ ਮਾਰੀਏ ਤਾਂ ਜਿਹੜੇ ਲੀਡਰ ਹਨ ਉਨ੍ਹਾਂ ਦੇ ਬੱਚੇ ਬਾਹਰ ਵਿਦੇਸ਼ ਵਿਚ ਸੈੱਟ ਹਨ। ਉਨ੍ਹਾਂ ਨੇ ਆਪਣੀਆਂ ਪ੍ਰੋਪਰਟੀਆਂ ਬਣਾਈਆਂ ਹਨ। ਏ. ਸੀ. ਗੱਡੀਆਂ 'ਚ ਜਾਂਦੇ-ਆਉਂਦੇ ਨੇ। ਏ. ਸੀ. ਕਮਰਿਆਂ 'ਚ ਉਨ੍ਹਾਂ ਦੀਆਂ ਮੀਟਿੰਗਾਂ ਹੁੰਦੀਆਂ ਹਨ। ਜਿਹੜਾ ਵਰਕਰ ਹੈ, ਉਹ ਰੁਲ਼ ਰਿਹਾ ਏ। ਉਹ ਉਨ੍ਹਾਂ ਲਈ ਫੰਡ ਵੀ ਇਕੱਠੇ ਕਰਦਾ ਹੈ। ਘਰ ਘਰ ਜਾ ਕੇ ਮੀਟਿੰਗਾਂ ਵੀ ਕਰਵਾਉਂਦਾ ਹੈ। ਜੇ ਹਾਲਾਤ ਬਣਨ ਤਾਂ ਉਹ ਰਾਤ ਬਰਾਤੇ ਰੜੇ ਮੈਦਾਨ ਵਾਹਣ ਵਿਚ ਸੌਂ ਵੀ ਜਾਂਦਾ ਹੈ। ਮੈਨੂੰ ਇਹ ਗੱਲ ਚੁੱਭਦੀ ਹੈ ਕਿ ਜਿਸ ਫ਼ਲਸਫੇ ਨੇ ਅਲਟ੍ਰਨੇਟਿਵ ਸਿਰਜਣਾ ਹੁੰਦਾ ਹੈ ...ਮੈਂ ਇਹ ਗੱਲ ਕਿਸੇ ਨੂੰ ਬਦਨਾਮ ਕਰਨ ਲਈ ਨਹੀਂ ਕਰ ਰਿਹਾ। ਜਦੋਂ ਵੀ ਕਮਿਊਨਿਸਟ ਲਹਿਰ ਉੱਤੇ ਉਂਗਲ ਰੱਖਦਾ ਹਾਂ ਮੈਂ ਇਸ ਲਈ ਨਹੀਂ ਰੱਖਦਾ ਕਿ ਮੈਂ ਇਸ ਨੂੰ ਬਦਨਾਮ ਕਰਨਾ ਹੈ। ਮੈਂ ਉਂਗਲ ਇਸ ਲਈ ਰੱਖਦਾ ਹਾਂ ਕਿ ਜਿਸ ਫ਼ਲਸਫ਼ੇ ਨੇ ਵਿਕਾਸ ਮਾਡਲ ਦਾ ਬਦਲ ਸਿਰਜਣਾ ਸੀ ਉਸ ਫ਼ਲਸਫ਼ੇ ਵਿਚ ਕਿਤੇ ਨਾ ਕਿਤੇ ਗੜਬੜ ਆ ਰਹੀ ਹੈ ਤੇ ਉਹ ਗੜਬੜ ਦੂਰ ਹੋਣੀ ਚਾਹੀਦੀ ਹੈ।

**ਭਗਵੰਤ ਰਸੂਲਪੁਰੀ**-ਤੁਸੀਂ ਆਪਣੀਆਂ ਕਹਾਣੀਆਂ ਵਿਚ ਖੱਬੇ ਪੱਖੀ ਲਹਿਰ ਨੂੰ ਪੋਜੇਟਿਵ ਕਹਿਣ ਵਾਲਾ ਪਾਤਰ ਵੀ ਘੜਿਆ?

**ਬਲਬੀਰ ਪਰਵਾਨਾ**-ਬਿਲਕੁਲ ਜਿਵੇਂ 'ਕਾਮਰੇਡ ਮੇਹਰ ਸਿੰਘ ਦੀ ਵਿਰਾਸਤ' ਕਹਾਣੀ ਦਾ ਪਾਤਰ ਹੈ। ਜਾਂ 'ਇਕ ਸੱਚੇ ਕਾਮਰੇਡ ਦਾ ਇਕਲਾਪਾ' ਦਾ ਪਾਤਰ ਹੈ। ਉਹ ਪਾਤਰ ਅੰਤ ਵਿਚ ਮਰਨ ਤੱਕ ਪਹੁੰਚ ਜਾਂਦਾ ਪਰ ਉਹ ਆਪਣੀ ਕਮਿਊਨਿਸਟ ਵਿਚਾਰਧਾਰਾ ਨਹੀਂ ਛੱਡਦਾ। ਉਹ ਕਹਿੰਦੇ ਨੇ ਕਿ ਉਨ੍ਹਾਂ ਲੀਡਰਾਂ ਦੇ ਸਾਹਮਣੇ ਜਾ ਕੇ ਮੈਂ ਝੁਕਣਾ ਨਹੀਂ ਜਿਨ੍ਹਾਂ ਨੂੰ ਮੈਂ ਹੁਣ ਤੱਕ ਗ਼ਲਤ ਕਹਿੰਦਾ ਰਿਹਾ ਹਾਂ। ਉਨ੍ਹਾਂ ਕਹਾਣੀਆਂ ਦੇ ਅੰਤ ਪੋਜੇਟਿਵ ਹਨ।

**ਭਗਵੰਤ ਰਸੂਲਪੁਰੀ**-ਹੁਣ ਮੇਰਾ ਸਵਾਲ ਸਾਂਵਲ ਧਾਮੀ ਵੱਲ ਹੈ। ਜੇ ਮੈਂ ਸਾਂਵਲ ਧਾਮੀ ਦੀ ਗੱਲ ਕਰਾਂ ਤਾਂ ਕਹਿ ਸਕਦਾ ਹਾਂ ਕਿ ਉਸ ਨੇ ਬਹੁਤ ਥੋੜ੍ਹੀਆਂ ਕਹਾਣੀਆਂ ਲਿਖ ਕੇ ਆਪਣੀ ਨਿੱਗਰ ਥਾਂ ਕਹਾਣੀਆਂ ਵਿਚ ਬਣਾਈ ਹੈ। ਉਨ੍ਹਾਂ ਦਾ ਹੁਣ ਤੱਕ ਇਕੋ ਕਹਾਣੀ ਸੰਗ੍ਰਹਿ 'ਤੂੰ ਨਿਹਾਲਾ ਨਾ ਬਣੀ' ਛਪਿਆ ਹੈ। ਇਸ ਤੋਂ ਇਲਾਵਾ ਪੰਜ-ਸੱਚ ਹੋਰ ਕਹਾਣੀਆਂ ਹੋਣਗੀਆਂ। ਜਦੋਂ ਸਾਂਵਲ ਜੀ ਮੈਂ ਤੁਹਾਡੀਆਂ ਕਹਾਣੀਆਂ ਪੜ੍ਹਦਾ ਹਾਂ ... ਜਿਵੇਂ 'ਮੱਲ੍ਹਮ' ਕਹਾਣੀ ਹੈ ਤੇ 'ਪੁਲ਼' ਕਹਾਣੀ ਹੈ। ਇਹ ਕਹਾਣੀਆਂ 47 ਦੀ ਵੰਡ ਬਾਰੇ ਨੇ। ...ਇਨ੍ਹਾਂ 'ਚ ਜੋ ਮੁਸਲਿਮ ਪਾਤਰ ਨੇ। 'ਪੁਲ਼' ਕਹਾਣੀ ਦਾ ਪਾਤਰ ਕਰਤਾਰ ਸਿੰਘ ਹੈ ਜਿਹੜਾ ਅਣਮਨੁੱਖੀ ਸੁਭਾ ਵਾਲਾ ਹੈ। ਦੂਜਾ 'ਮੱਲ੍ਹਮ' ਕਹਾਣੀ ਦਾ ਫਜ਼ਲ ਪਾਤਰ ਹੈ। ਇਹੋ ਜਿਹੇ ਨਿਵੇਕਲੀ ਦਿੱਖ ਵਾਲੇ ਪਾਤਰਾਂ ਤੱਕ ਤੁਸੀਂ ਕਿਵੇਂ ਪਹੁੰਚ ਕੀਤੀ। ਮੈਨੂੰ ਐਂ ਵੀ ਲੱਗਦਾ ਹੈ ਕਿ ਜਿਵੇਂ ਸਾਂਵਲ ਨੇ ਉਨ੍ਹਾਂ ਪਾਤਰਾਂ ਦੇ ਲੁਕਵੇ ਪੱਖਾਂ ਨੂੰ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਲੇਖਕ ਉਨ੍ਹਾਂ ਪਾਤਰਾਂ ਨਾਲ ਜਿਵੇਂ ਖਹਿ ਕੇ ਘਸਰ ਕੇ ਲੰਘਿਆ ਹੋਵੇ। ਤੁਸੀਂ ਐਨੇ ਨੇੜੇ ਹੋ ਕੇ ਵਿਚਰੇ ਹੋ ਤਾਂ ਹੀ ਉਨ੍ਹਾਂ ਦੀ ਮਾਨਸਿਕਤਾ, ਪੀੜ੍ਹਾ, ਸੰਵੇਦਨਾ, ਉਹ ਐਨੀ ਸ਼ਿੱਦਤ ਨਾਲ ਫੜ ਸਕੇ ਹੋ। ਉਨ੍ਹਾਂ ਕਹਾਣੀਆਂ ਵਿਚ ਜੋ ਮੁਸਲਿਮ ਪਾਤਰ ਆਉਂਦੇ ਨੇ... ਸਿੱਖ ਪਾਤਰ ਆਉਂਦੇ ਨੇ... ਖਾਸ ਕਰਕੇ ਮੁਸਲਿਮ ਪਾਤਰਾਂ ਨੂੰ ਐਨੀ ਸ਼ਿੱਦਤ ਨਾਲ ਫੜ ਸਕਿਆ ਹੈ।

**ਸਾਂਵਲ ਧਾਮੀ**-ਜਦੋਂ ਮੈਂ 'ਮਲ੍ਹਮ' ਕਹਾਣੀ ਲਿਖੀ ਸੀ ਤਾਂ ਇਕ ਨੁਕਤੇ ਤੋਂ ਇਕ ਗੱਲ ਤੋਂ ਕਹਾਣੀ

ਬਣੀ ਸੀ। ਕਿਸੇ ਨੇ ਮੈਨੂੰ ਇਹ ਗੱਲ ਸੁਣਾਈ ਕਿ ਸਾਡੇ ਪਿੰਡ ਚਾਲੀ ਸਾਲ ਬਾਅਦ ਇਕ ਮੁਸਲਿਮ ਬੰਦਾ ਆਇਆ ਸੀ। ਉਹ ਹਕੀਮ ਸਨ ਤੇ ਵਧੀਆਂ ਤੋਂ ਵਧੀਆ ਮਲ੍ਹਮ ਬਣਾਉਂਦੇ ਸਨ। ਜਿਸ ਨਾਲ ਪੁਰਾਣੇ ਤੋਂ ਪੁਰਾਣਾ ਜ਼ਖ਼ਮ ਵੀ ਭਰ ਜਾਂਦਾ ਸੀ। ਜਦੋਂ ਉਹ ਚਾਲੀ ਸਾਲ ਬਾਅਦ ਆਪਣੇ ਪਿੰਡ ਆਇਆ। ਜਿੱਥੋਂ ਉਹ ਉਜੜ ਕੇ ਗਿਆ ਸੀ ਤਾਂ ਆਪਣੇ ਪਿੰਡ ਵਾਸੀਆਂ ਲਈ ਆਪਣੇ ਨਾਲ ਮੱਲ੍ਹਮ ਦੀਆਂ ਡੱਬੀਆਂ ਲੈ ਕੇ ਆਇਆ। ਬਸ ਇਹੀ ਗੱਲ ਮੇਰੇ ਮਨ ਤੇ ਲੜ੍ਹ ਗਈ। ਜਿਵੇਂ ਗਰੇਵਾਲ ਹੁਰਾਂ ਨੇ ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਕਹਾਣੀ ਦੇ ਪ੍ਰਸੰਗ ਵਿਚ ਗੱਲ ਸੁਣਾਈ ਸੀ। ਸੋ ਮੈਂ ਵੀ ਇਸ ਨੁਕਤੇ ਨੂੰ ਲੈ ਕੇ ਕਹਾਣੀ ਬਣਾਉਣ ਲੱਗ ਪਿਆ। ਮੈਂ ਵੀ ਇਕ ਪਾਤਰ ਲੱਭ ਲਿਆ। ਉਨ੍ਹਾਂ ਦੀਆਂ ਬਰੀਕ ਤੰਦਾਂ ਨੂੰ ਮੈਂ ਇਕੱਠੀਆਂ ਕਰਨਾ ਸ਼ੁਰੂ ਕਰ ਦਿੱਤਾ। ਕਿ ਮੈਂ ਇਸ ਗੱਲ ਨੂੰ ਇਕ ਉਦੇਸ਼ ਵਿਚ ਢਾਲ੍ਹਣਾ ਹੈ। ਕਿਉਂਕਿ ਜਦੋਂ ਕਹਾਣੀ ਵਿਚ ਇਕ ਪਾਤਰ ਆਉਂਦਾ ਹੈ। ਜਿਸ ਹਾਣ ਦੀ ਗੱਲ ਮੈਨੂੰ ਸੁਣਾਈ ਗਈ ਸੀ। ਤੇ ਮੈਨੂੰ ਉਸ ਹਾਣ ਦਾ ਪਾਤਰ ਵੀ ਲੱਭਣਾ ਪੈਣਾ ਸੀ। ਅਤੇ ਉਸ ਕਹਾਣੀ ਦਾ ਉਦੇਸ਼ ਵੀ ਓਨਾ ਹੀ ਵੱਡਾ ਪਾਕਿ ਅਤੇ ਪਵਿੱਤਰ ਰੱਖਣਾ ਪੈਣਾ ਸੀ। ਸੋ ਜਦੋਂ ਮੈਂ ਇਤਿਹਾਸ ਨੂੰ ਫਰੋਲਿਆ। 47 ਨੂੰ ਉਹਦੇ ਨਾਲ ਜੋੜਿਆ। ਅਤੇ 84 ਵਿਚ ਦੀ ਕਹਾਣੀ ਨੂੰ ਲੰਘਾਉਣ ਬਾਰੇ ਸੋਚਿਆ ਤਾਂ ਮੈਨੂੰ ਉਸ ਕਹਾਣੀ ਦੇ ਹਾਣ ਦਾ ਇਕ ਪਾਤਰ ਭਾਈ ਘਨ੍ਹਈਆਂ ਜੀ ਲੱਭਿਆ। ਮੈਨੂੰ ਲੱਗਾ ਕਿ ਜੇ ਮੈਂ ਗੱਲ ਕਰ ਸਕਦਾ ਹਾਂ ਤਾਂ ... ਬਹੁਤ ਉੱਚੀ ਤੇ ਸੁੱਚੀ... ਜਿਸ ਔਰੇ ਵਿਚ ਮੈਂ ਬਦਲ ਨੂੰ ਘੜਨਾ ਹੈ ਤਾਂ ਉਹ ਭਾਈ ਘਨ੍ਹਾਈਆਂ ਜੀ ਹੋ ਸਕਦੇ ਹਨ। ਸੋ ਇਸ ਕਹਾਣੀ ਵਿਚ ਜਿਸ ਫ਼ਲਸਫ਼ੇ ਦੀ ਰੌਸ਼ਨੀ ਹੈ ਉਹ ਬਹੁਤ ਸੂਖ਼ਸਮ ਹੈ। ਉਹ ਭਾਈ ਘਨ੍ਹਾਈਆਂ ਜੀ ਦੀ ਸੋਚ ਹੈ। ਸੋ ਮੈਂ ਇਕ ਗੱਲ ਤੋਂ ਪਾਤਰ ਲੱਭਣਾ ਸ਼ੁਰੂ ਕੀਤਾ। ਮੈਨੂੰ ਨਹੀਂ ਸੀ ਪਤਾ ਉਸ ਪਾਤਰ ਦੀ ਉਮਰ ਕਿੰਨੀ ਹੋਊਗੀ। ਉਹਦੀ ਦਿੱਖ ਕਿਸ ਤਰ੍ਹਾਂ ਦੀ ਹੋਊਗੀ। ਉਹਦਾ ਬਚਪਨ ਕਿਸ ਤਰ੍ਹਾਂ ਦਾ ਹੋਊਗਾ। ਪਿੰਡ ਵਿਚ ਮਾਹੌਲ ਕਿਸ ਤਰ੍ਹਾਂ ਦਾ ਹੋਊਗਾ। 47 ਵਿਚ ਉਨ੍ਹਾਂ ਨਾਲ ਕੀ ਵਾਪਰਿਆ ਹੋਊਗਾ। ਉਹ ਕਿੱਥੇ ਜਾ ਕਿਵੇਂ ਵਸੇ ਹੋਣਗੇ। ਨਹੀਂ ਪਤਾ ਸੀ। ਲੇਕਿਨ ਇਸ ਗੱਲ ਤੋਂ ਕੁਝ ਸਾਲ ਪਹਿਲਾਂ ਮੈਂ ਉਨ੍ਹਾਂ ਲੋਕਾਂ ਨੂੰ ਮਿਲਣਾ ਸ਼ੁਰੂ ਕਰ ਦਿੱਤਾ ਸੀ ਜਿਹੜੇ ਸੰਤਾਲੀ ਤੋਂ ਬਾਅਦ ਓਧਰੋਂ ਉਜੜ ਕੇ ਏਧਰ ਆਏ ਸਨ। ਜਦੋਂ ਅਸੀਂ ਪਾਤਰ ਘੜਦੇ ਹਾਂ ਤਾਂ ਸਾਡੇ ਅਵਚੇਤਨ ਵਿਚ ਬਹੁਤ ਕੁਝ ਪਿਆ ਹੁੰਦਾ ਹੈ। ਉਹ ਜਾਗ ਉੱਠਦਾ ਹੈ। ਜਦੋਂ ਅਸੀਂ ਕਾਗਜ਼ ਕਲਮ ਉਠਾਉਂਦੇ ਹਾਂ। ਇਕ ਪਾਤਰ 'ਚੋਂ ਇਕ ਪਾਤਰ ਕਦੇ ਵੀ ਨਹੀਂ ਨਿਕਲਦਾ। ਇਕ ਪਾਤਰ ਵਿਚ ਕਈ ਪਾਤਰ ਆ ਜਾਂਦੇ ਨੇ। ਜਿਵੇਂ 'ਇੱਟ ਕਿੱਥੇ ਲਾਉਣੀ ਹੈ, ਇਹ ਕਰਤਾਰ ਨੂੰ ਪਤਾ ਹੈ' ... ਸਿਰਜਣਸ਼ੀਲਤਾ ਐਹੋ ਜਿਹੀ ਚੀਜ਼ ਹੈ। ਤੁਸੀਂ ਉਸ ਬਾਰੇ ਲਿਖਣਾ ਸ਼ੁਰੂ ਕਰ ਦਿੰਦੇ ਹੋ ਜਿਹਦੇ ਬਾਰੇ ਤੁਸੀਂ ਕਦੇ ਸੋਚਿਆ ਹੀ ਨਹੀਂ ਹੁੰਦਾ। ਕਿੱਥੇ ਮਿਲੇ ਹੁੰਦੇ ਆਂ... ਭੁੱਲ ਜਾਂਦੇ ਹਾਂ... ਉਹ ਵੀ ਆਪਣੀ ਹਾਜ਼ਰੀ ਲਗਾਉਣ ਲਈ ਕਟਿਹਰੇ 'ਚ ਹਾਜ਼ਰ ਹੋ ਜਾਂਦਾ ਹੈ। ਸੋ ਫਜ਼ਲ ਸ਼ਾਹ ਜਾਂ ਫਜ਼ਲਾ ਜਿਹਾ ਪਾਤਰ ਸੀ। ਮੈਂ ਜਿਨ੍ਹਾਂ ਲੋਕਾਂ ਨੂੰ ਵੱਖ ਵੱਖ ਸਮੇਂ ਮਿਲਿਆ ਸੀ। ਮੈਂ ਉਸ ਪਾਤਰ ਨੂੰ ਉਨ੍ਹਾਂ ਵਿੱਚੋਂ ਘੜਿਆ ਸੀ। ਅਤੇ ਦੂਜਾ ਪਾਤਰ ਜੋ 'ਪੁਲ਼' ਕਹਾਣੀ ਵਿਚ ਆਉਂਦਾ ਹੈ ਕਰਤਾਰ ਸਿੰਘ। ਉਸ ਕਹਾਣੀ ਵਿਚ ਮਾਹਲਪੁਰ ਦਾ ਜ਼ਿਕਰ ਵੀ ਆਉਂਦਾ ਹੈ। ਮੇਰੇ ਜਿਹੜੇ ਪੜਦਾਦੇ ਸੀ ਉਹ ਮਾਹਲਪੁਰ ਪਿੰਡ ਵਿਚ ਵਿਆਹੇ ਹੋਏ ਸਨ। ਉਹ ਪਾਤਰ ਸਾਡਾ ਰਿਸ਼ਤੇਦਾਰ ਸੀ। ਰਿਸ਼ਤੇਦਾਰ ਵੀ ਦੂਰ ਦਾ ਸੀ। ਉਹ ਕਦੇ ਕਦੇ ਸਾਡੇ ਘਰ ਆਉਂਦਾ ਹੁੰਦਾ ਸੀ। ਅੰਮ੍ਰਿਤਸਰ ਇਲਾਕੇ ਦਾ ਮਝੈਲ ਸੀ। ਬਾਰ ਵਿਚੋਂ ਆਇਆ ਸੀ। ਵੱਡੇ ਲਹੁਕਿਆ ਵਿਚੋਂ ਉੱਠ ਕੇ ਬੱਗਾ ਪਿੰਡ ਵਿਚ ਆ ਬੈਠਾ ਸੀ। ਉਹਨੇ ਵਿਆਹ ਨਹੀਂ ਸੀ ਕਰਾਇਆ। ਜਿਵੇਂ ਜਿੰਦਰ ਹੁਰਾਂ ਕਿਹਾ ਕਿ ਮਾਮਾ ਗੋਲੂ ਨੇ ਵਿਆਹ ਨਹੀਂ ਕਰਵਾਇਆ ਤੇ ਬਹੁਤ ਬਦਮਾਸ਼ੀਆਂ ਕੀਤੀਆਂ। ਮੈਂ ਆਪਣੇ ਪਾਤਰ ਬਾਰੇ ਸੋਚਦਾ ਹਾਂ ਕਿ ਜੇ ਉਸ ਨੇ ਵਿਆਹ ਕਰਵਾਇਆ ਹੁੰਦਾ ਤਾਂ ਉਹਦੀਆਂ ਬਦਮਾਸ਼ੀਆਂ ਮੁੱਕ ਜਾਣੀਆਂ ਸਨ। ਉਸ ਬੰਦੇ ਨੇ ਵਿਆਹ

ਨਹੀਂ ਸੀ ਕਰਵਾਇਆ। ਵਿਆਹ ਇਕ ਅਜਿਹਾ ਬੰਧਨ ਹੈ ਜਿਹੜਾ ਤੁਹਾਨੂੰ ਸੀਮਿਤ ਕਰ ਦਿੰਦਾ। ਉਸ ਬੰਦੇ ਨੇ ਆਪਣੀ ਜ਼ਿੰਦਗੀ ਵਿਚ ਇਹ ਭੂਮਿਕਾ ਨਿਭਾਈ ਕਿ ਉਹ ਆਪਣੇ, ਪਿਓ, ਬਾਬੇ ਤੇ ਦਾਦੀ ਦੇ ਰਿਸ਼ਤੇਦਾਰਾਂ ਨੂੰ ਵੀ ਮਿਲਦਾ ਹੁੰਦਾ ਸੀ। ਉਹ ਨਿਹੰਗ ਬਾਣੇ ਵਿਚ ਆਉਂਦਾ ਸੀ। ਕੋਲ ਉਹਦੇ ਬਰਛਾ ਹੁੰਦਾ ਸੀ। ਫਤ੍ਹੇ ਬੁਲਾਉਂਦਾ। ਉਹ ਪਾਤਰ ਮੈਨੂੰ ਇਸ ਤਰ੍ਹਾਂ ਮਿਲਿਆ ਕਿ ਜਦੋਂ ਉਹ ਸਾਡੇ ਘਰ ਆਉਂਦਾ ਤਾਂ ਮੈਂ ਹੌਲੀ ਹੌਲੀ ਉਹਦੀਆਂ ਗੱਲਾਂ ਸੁਣਨੀਆਂ ਸ਼ੁਰੂ ਕੀਤੀਆਂ। ਕਦੇ ਮਹੀਨੇ ਬਾਅਦ ਆਉਣਾ... ਕਦੇ ਸਾਲ ਬਾਅਦ ਤੇ ਕਦੇ ਦੋ ਸਾਲ ਬਾਅਦ। ਤੇ ਮੈਂ ਉਹਦੇ ਕੋਲ ਬੈਠ ਜਾਣਾ। ਤੇ ਉਹਨੂੰ ਪੁੱਛਣਾ ਕਿ ਸਾਡੀ ਰਿਸ਼ਤੇਦਾਰੀ ਕੀ ਹੈ। ਸਿਗਾ ਉਹ ਮੇਰੇ ਪੜਦਾਦੇ ਦਾ ਰਿਸ਼ਤੇਦਾਰ। ਉਨ੍ਹਾਂ ਦੀ ਇਕ ਰਿਸ਼ਤੇਦਾਰੀ ਲੰਗੇਰੀ ਵੀ ਸੀ। ਜਦੋਂ ਤੁਸੀਂ ਕਹਾਣੀ 'ਪੁਲ਼' ਪੜ੍ਹੋਗੇ ਤਾਂ ਉਹਦੇ 'ਚ ਲੰਗੇਰੀ ਦਾ ਜ਼ਿਕਰ ਵੀ ਆਉਂਦਾ ਹੈ। ਉਨ੍ਹਾਂ ਪਿੰਡਾਂ ਦਾ ਜ਼ਿਕਰ ਵੀ ਆਉਂਦਾ ਜਿੱਥੇ ਉਸ ਨੇ ਸ਼ਰਾਬ ਵੇਚੀ। ਮੈਂ ਕਹਾਣੀ ਵਿਚ ਕੋਈ ਅਦਰਸ਼ ਪਾਤਰ ਨਹੀਂ ਸਿਰਜਿਆ। ਜਿਵੇਂ ਦਾ ਉਹ ਸੀ ਚਿੱਤਰ ਦਿੱਤਾ। ਮੈਨੂੰ ਉਹਦੇ ਤੇ ਕੋਈ ਮਿਹਨਤ ਨਹੀਂ ਕਰਨੀ ਪਈ। ਕਈ ਵਾਰ ਤੁਹਾਨੂੰ ਪਾਤਰ ਐਂ ਵੀ ਮਿਲ ਜਾਂਦੇ ਨੇ ਜਿਵੇਂ ਲੱਸੀ ਵਿਚ ਮੱਖਣ ਦਾ ਪੇੜਾ ਤੈਰਦਾ ਹੁੰਦਾ ਐ। ਅਤੇ ਕਈ ਵਾਰ ਪਾਤਰ ਐਂ ਵੀ ਮਿਲਦੇ ਐ ਜਿਵੇਂ ਡੰਗਰ ਨੂੰ ਪੱਠੇ ਪਾ ਕੇ ...ਨਿਆਣਾ ਜਿਹਾ ਕੱਸ ਕੇ... ਦੁੱਧ ਚੋ ਕੇ ...ਕਾੜ੍ਹ ਕੇ ...ਜਾਗ ਲਾ ਕੇ... ਰਿੜਕ ਕੇ... ਫਿਰ ਲੱਸੀ 'ਚ ਮੱਖਣ ਕੱਢਣ ਵਾਂਗ ਪਾਤਰ ਮਿਲਦਾ ਹੈ। ਜਿਵੇਂ ਭਗਵੰਤ ਹੁਰੀਂ ਸਵਾਲ ਕੀਤਾ ਕਿ ਤੁਹਾਨੂੰ ਪਾਤਰ ਕਿਵੇਂ ਮਿਲਦੇ ਨੇ। ਇਕ ਵਾਰ ਦਿੱਲੀ ਤੋਂ ਮੈਨੂੰ ਇਕ ਦੋਸਤ ਪਿੰਡ ਮਿਲਣ ਆਏ। ਅਸੀਂ ਖੇਤਾਂ ਵਿਚ ਡੇਰੇ ਤੇ ਬੈਠੇ। ਸਵੇਰੇ ਸਵੇਰੇ ਅਸੀਂ ਗੱਲਾਂ ਕਰਦੇ ਸੀ ਕਿ ਇਕ ਬੰਦਾ ਆਇਆ। ਉਹਨੇ ਗੇਟ ਖੋਲ੍ਹਿਆ। ਕੋਲ ਉਹਦੇ ਪਾਣੀ ਸੀ ਤੇ ਉਹ ਬੂਟਿਆ ਨੂੰ ਪਾਣੀ ਪਾਉਣ ਲੱਗ ਪਿਆ। ਮੇਰੇ ਦੋਸਤ ਮੈਨੂੰ ਪੁੱਛਦੇ ਕਿ ਇਹ ਬੰਦਾ ਕੌਣ ਏ? ਤੁਹਾਡਾ ਕੋਈ ਰਿਸ਼ਤੇਦਾਰ ਜਾਂ ਭਾਈਬੰਦ ... ਕੌਣ ਐ ਏ? ਮੈਂ ਕਿਹਾ ਕਿ ਇਹ ਸਾਡੇ ਪਿੰਡ ਦਾ ਰਿਸ਼ਤੇਦਾਰ ਐ। ਇਹਦੇ ਨਾਲ ਧੋਖਾ ਹੋਇਆ। ਇਹਦੀ ਜ਼ਮੀਨ ਇਹਦੇ ਰਿਸ਼ਤੇਦਾਰਾਂ ਨੇ ਆਪਣੇ ਨਾਂ ਲਿਖਵਾ ਲਈ। ਪਿਓ ਇਹਦਾ ਮਰ ਗਿਆ। ਜਦੋਂ ਮਾਂ ਮਰੀ ਤਾਂ ਇਹ ਮੁੜ ਕੇ ਬੋਲਿਆ ਨਹੀਂ। ਪਤਾ ਨਹੀਂ ਇਹ ਗੂੰਗਾਂ ਹੋ ਗਿਆ ਆ। ਕਿਸੇ ਨਾਲ ਗੱਲ ਨੀਂ ਕਰਦਾ। ਉਹ ਦੋਸਤ ਕਹਿਣ ਲੱਗਾ ਕਿ ਹੁਣ ਇਹ ਕੀ ਕਰਨ ਆਇਆ? ਮੈਂ ਕਿਹਾ ਕਿ ਇਹ ਏਥੇ ਕਦੇ ਕਦੇ ਆਉਂਦਾ ਹੈ। ਬੂਟਿਆ ਨੂੰ ਪਾਣੀ ਪਾ ਜਾਂਦਾ ਆ। ਪਰ ਮੈਂ ਇਹਨੂੰ ਪਾਣੀ ਪਾਉਣ ਲਈ ਕਦੇ ਨਹੀਂ ਕਿਹਾ। ... ਪਾਤਰ ਤੁਹਾਡੇ ਕੋਲ ਚੱਲ ਕੇ ਆਉਂਦੇ ਨੇ। ਜਦੋਂ ਕਹਾਣੀਕਾਰ ਬਣਦੇ ਹੋ... ਪਾਤਰ ਤੁਹਾਡੇ ਕੋਲ ਚੱਲ ਕੇ ਆਉਂਦੇ ਹਨ। ਪਾਤਰ ਫ਼ੋਨ ਰਾਹੀਂ ਆ ਜਾਂਦੇ ਹਨ। ਮੇਰੀ ਇਕ ਕਹਾਣੀ ਛਪੇਗੀ, 'ਤਹਿਸ਼ੀਲਦਾਰ ਦਾ ਪੋਤਾ' ਉਹ ਫੋਨ ਉੱਤੇ ਮੈਨੂੰ ਪਾਤਰ ਮਿਲ ਗਿਆ। ਕਿਉਂਕਿ ਤੁਸੀਂ ਪਾਤਰਾਂ ਨੂੰ ਲੱਭਣ ਲੱਗ ਪੈਂਦੇ ਹੋ। ਤੁਹਾਡੀ ਤਲਾਸ਼ ਬਣ ਜਾਂਦੀ ਹੈ। ਜਿਹੜੀਆਂ ਤੁਸੀਂ ਸੰਤਾਲੀ ਬਾਰੇ ਮੇਰੀਆਂ ਕਹਾਣੀਆਂ ਪੜ੍ਹੀਆਂ ਹਨ। ਮੈਂ ਉਨ੍ਹਾਂ ਕਹਾਣੀਆਂ ਦਾ ਬਹੁਤ ਥੋੜ੍ਹਾ ਗਲਪੀਕਰਨ ਕੀਤਾ ਹੈ। ਮੈਂ ਸੋਚਦਾ ਹਾਂ ਜਿਹੜੀਆਂ ਕਹਾਣੀਆਂ ਅਸੀਂ ਲਿਖਦੇ ਹਾਂ। ਉਹ ਤਾਂ ਬਹੁਤ ਛੋਟੀਆਂ ਹੁੰਦੀਆਂ ਹਨ। ਜਿਹੜੀਆਂ ਕਹਾਣੀਆਂ ਕਰਤਾਰ ਲਿਖਦਾ ਹੈ। ਵਕਤ ਲਿਖਦਾ ਹੈ। ਸਮਾਂ ਲਿਖਦਾ ਹੈ। ਉਹ ਤਾਂ ਬਹੁਤ ਮਹਾਨ ਤੇ ਵੱਡੀਆਂ ਹੁੰਦੀਆਂ ਹਨ। ਸੋ ਪਾਤਰ ਰੰਗ ਬਰੰਗੇ ਢੰਗਾ ਨਾਲ.. ਵੰਨ ਸੁਵੰਨੇ ਰੰਗਾਂ ਨਾਲ ਵੱਖ ਵੱਖ ਜਰੀਏ ਨਾਲ ਤੁਹਾਡੇ ਤੱਕ ਪਹੁੰਚਦੇ ਹਨ। ਇਹ ਇਸ ਤਰ੍ਹਾਂ ਪਹੁੰਚਦੇ ਰਹਿਣ ਸਾਡੀ ਦੁਆ ਏ।

**ਭਗਵੰਤ ਰਸੂਲਪੁਰੀ**-ਸਾਂਵਲ ਜੀ ਜਿਵੇਂ ਤੁਸੀਂ 'ਮੱਲ੍ਹਮ' ਕਹਾਣੀ ਦੇ ਪਾਤਰ ਫਜ਼ਲ ਦਾ ਜ਼ਿਕਰ ਕੀਤਾ ਕਿ ਮੈਂ ਬੜੀ ਮਿਹਨਤ ਨਾਲ ਕਈ ਪਾਤਰਾਂ ਵਿੱਚੋਂ ਉਹ ਪਾਤਰ ਘੜਿਆ। ਜਦੋਂ ਕਹਾਣੀਕਾਰ ਪਾਤਰ ਘੜਦਾ ਹੈ.. ਜਾਂ ਤੁਸੀਂ ਪਾਤਰ ਘੜਦੇ ਹੋ। ਪਾਤਰ ਨੂੰ ਘੜਦਿਆਂ ਤੁਹਾਡਾ ਕਲਚਰ ਜਾਂ ਜੋ ਤੁਸੀਂ

ਇਤਿਹਾਸ, ਮਿਥਿਹਾਸ ਪੜ੍ਹਿਆ ਹੁੰਦਾ ਉਹਦੇ ਕੁਝ ਤੱਥ ਤੁਹਾਡੇ ਮਨ ਵਿਚ ਪਏ ਹਨ, ਇਹ ਗੱਲਾਂ ਵੀ ਅਸਰ ਕਰਦੀਆਂ ਹਨ ਜਾਂ ਜ਼ਿੰਦਗੀ ਵਿੱਚੋਂ ਸਿੱਧਾ ਪਾਤਰ ਚੁੱਕ ਕੇ ਤੁਸੀਂ ਕਹਾਣੀ ਵਿਚ ਪੇਸ਼ ਕਰ ਦਿੰਦੇ ਹੋ।

**ਸਾਂਵਲ ਧਾਮੀ**-ਮੈਨੂੰ ਇਕ ਗੱਲ ਚੇਤੇ ਆ ਗਈ ਕਿ ਮੈਨੂੰ ਇੱਕ ਫਿਲਾਸਫ਼ੀ ਦੇ ਪ੍ਰੋਫੈਸਰ ਕਹਿ ਰਹੇ ਸਨ ਕਿ ਮੈਂ ਸਾਹਿਤ ਲਿਖਣ ਵਾਲਿਆਂ ਤੋਂ ਬਹੁਤ ਡਰਦਾ ਰਹਿੰਦਾ ਹਾਂ।ਮੈਂ ਬਹੁਤ ਬੰਦਿਆਂ ਨਾਲ ਗੱਲਾਂ ਕਰਦਾ ਹੁੰਦਾ ਹਾਂ ਜਿੰਨੇ ਡੂੰਘੇ,ਟੇਢੇ ਅਤੇ ਸੂਖ਼ਮ ਇਹ ਲੋਕ ਹੁੰਦੇ ਨੇ ਦੂਜੇ ਨਹੀਂ ਹੁੰਦੇ।ਕਥਾਕਾਰ ਇੱਕ ਵੇਲੇ ਸਮਾਜ ਸ਼ਾਸ਼ਤਰੀ ਵੀ ਹੈ, ਮਨੋਵਿਗਿਆਨੀ ਵੀ ਹੈ ਤੇ ਬਹੁਤ ਕੁਝ ਹੁੰਦਾ ਹੈ।ਜਦੋਂ ਅਸੀਂ ਕਹਾਣੀ ਲਿਖਦੇ ਹਾਂ, ਉਸ ਪਿੱਛੇ ਜਿਹੜੀ ਸਾਡੀ ਸੂਝ ਹੁੰਦੀ ਹੈ ਉਹ ਅਸੀਂ ਵਰਤਦੇ ਹਾਂ। ਜਿਵੇਂ ਜਿੰਦਰ ਹੁਰੀਂ ਕਹਿੰਦੇ ਨੇ ਮੈਂ ਬਹੁਤ ਪੜ੍ਹਿਆ।ਉਹ ਸਾਰਾ ਗਿਆਨ ਸਾਡੇ ਅੰਦਰ ਹੁੰਦਾ ਹੈ।ਜਿਹੜੀ ਗੱਲ ਹੁੰਦੀ ਹੈ ਸੰਭਵਤਾ... ਪਾਠਕ ਜਦੋਂ ਪੜ੍ਹਨ ਤਾਂ ਇਹ ਨਾ ਕਹਿਣ ਯਾਰ ਇਹ ਨਹੀਂ ਹੋ ਸਕਦਾ।ਐਦਾ ਦਾ ਪਾਤਰ ਨਹੀਂ ਹੁੰਦਾ। ਇਹ ਤਾਂ ਉਹੋ ਜਿਹਾ ਪਾਤਰ ਲੱਗਦਾ ਹੀ ਨਹੀਂ ਮੁਸਲਮਾਨ। ਇਹ ਤਾਂ ਸਿੱਖ ਲੱਗਦਾ ਹੈ। ਜਦੋਂ ਅਸੀਂ ਸਮਾਜ ਵਿਚ ਵਿਚਰਦੇ ਹਾਂ।ਅਨੁਭਵ ਗ੍ਰਹਿਣ ਕਰਦੇ ਹਾਂ ਤਾਂ ਸਾਡੇ ਅੰਦਰ ਉਂਝ ਵੀ ਸੂਝ ਆ ਜਾਂਦੀ ਹੈ।ਅਸੀਂ ਕਿਹੜੇ ਪਾਤਰ ਨੂੰ ਕਿਹੜੀ ਦਿੱਖ ਵਿਚ, ਕਿਹੜੇ ਔਰੇ ਵਿਚ ਅਤੇ ਕਿਹੜੇ ਸੰਦਰਭ ਵਿਚ ਅਤੇ ਕਿਹੜੀ ਖ਼ੂਬੀਆਂ –ਖਾਮੀਆਂ ਨਾਲ ਘੜਨਾ – ਪੇਸ਼ ਕਰਨਾ ਹੁੰਦਾ ਹੈ। ਇਹ ਗਿਆਨ ਸਹਿਜ ਅਵਸਥਾ ਵਿਚ ਆਉਂਦਾ ਹੈ। ਕਹਾਣੀਕਾਰ ਉਹ ਵਾਰ ਵਾਰ ਸੋਧਦਾ ਰਹਿੰਦਾ ਹੈ।

**ਭਗਵੰਤ ਰਸੂਲਪੁਰੀ**-ਮੇਰੇ ਮਨ ਵਿਚ ਜਿੰਦਰ ਹੁਰਾਂ ਲਈ ਇਕ ਸਵਾਲ ਆਉਂਦਾ ਹੈ। ਤੁਸੀਂ ਕਿਤੇ ਲਿਖਿਆ ਕਿ "ਕਈ ਪਾਤਰ ਮੇਰੀ ਕਲਪਨਾ 'ਚੋਂ ਉਪਜਦੇ ਹਨ–ਬੱਸ ਹੁਣ ਤੂੰ ਸੌਂ ਜਾਈਂ, ਹੁਣ ਤੱਕ, ਪਾਪ, ਮਾਤੇ ਸ਼੍ਰੀ ਆਦਿ ਦੇ ਔਰਤ ਪਾਤਰ ਮੇਰੀ ਕਲਪਨਾ 'ਚੋਂ ਨਿਕਲੇ ਹਨ।" ਇਕ ਥਾਂ ਹੋਰ ਲਿਖਿਆ ਕਿ "ਮੈਂ ਅਜੇ ਤੱਕ ਕੋਈ ਸੰਪੂਰਨ ਔਰਤ ਪਾਤਰ ਨਹੀਂ ਸਿਰਜ ਸਕਿਆ।" ...ਕਹਾਣੀ 'ਚ ਜੋ ਤੁਸੀਂ ਪਾਤਰ ਉਸਾਰਦੇ ਹੋ... ਔਰਤ ਖਾਸ ਕਰਕੇ ਕੀ ਤੁਸੀਂ ਕਲਪਨਾ ਨਾਲ ਉਸਾਰਦੇ ਹੋ। ਜਾਂ ਜੋ ਤੁਸੀਂ ਇਤਿਹਾਸ, ਮਿਥਿਹਾਸ ਜਾਂ ਹੋਰ ਭਾਸ਼ਾਵਾਂ ਦਾ ਸਾਹਿਤ ਪੜ੍ਹਿਆ ਉਹ ਵੀ ਪਾਤਰ ਉਸਾਰਨ ਲਈ ਸਹਾਈ ਹੁੰਦਾ ਹੈ। ਮਿੱਥ ਤੁਹਾਡੇ ਇਨਰ ਮਾਇੰਡ 'ਚ ਹੁੰਦੀ ਹੈ।ਜਦੋਂ ਕੋਈ ਇਸਤਰੀ ਪਾਤਰ ਉਸਾਰਨਾ ਹੁੰਦਾ ਹੈ।

**ਜਿੰਦਰ**-ਇਕ ਸਾਲ ਮੈਂ ਸਾਰੇ ਵੇਦ ਪੜ੍ਹੇ।ਵੇਦਾਂ ਬਾਰੇ ਗੱਲਾਂ ਬਹੁਤ ਹਨ।ਜਿਹੜੀ ਗੱਲ ਮੇਰੇ ਹੁਣ ਚੇਤੇ ਆ ਰਹੀ ਏ ਉਹ ਇਹ ਕਿ ਅਸੀਂ ਛੇਤੀ ਕੀਤੇ ਕਿਸੇ ਇਨਸਾਨ ਨੂੰ ਸਮਝ ਨਹੀਂ ਸਕਦੇ।ਏਥੇ ਤੱਕ ਅਸੀਂ ਆਪਣੀ ਜੀਵਨ ਸਾਥਣ ਨੂੰ ਵੀ ਪੂਰੀ ਤਰ੍ਹਾਂ ਸਮਝ ਨਹੀਂ ਸਕਦੇ। ਜੀਵਨ ਸਾਥਣ ਤਾਂ ਦੂਰ ਦੀ ਗੱਲ ਹੈ ਅਸੀਂ ਆਪਣੇ ਆਪ ਨੂੰ ਵੀ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ।ਭਗਵੰਤ ਨੇ 'ਕਹਾਣੀ ਧਾਰਾ' ਦੇ ਨਵੇਂ ਅੰਕ ਵਿਚ ਮੇਰੀ ਕਹਾਣੀ 'ਚੀਕਾਂ' ਛਾਪੀ ਹੈ।ਉਹਦੇ ਅੰਤ ਵਿਚ ਭਰਜਾਈ ਆਪਣੀ ਨਣਦ ਨੂੰ ਕਹਿੰਦੀ ਐ, ਸਭ ਕੁਝ ਸੋਚ ਕੇ ਨਹੀਂ ਹੁੰਦਾ।ਠੀਕ ਹੈ ਮੈਂ ਇੰਗਲਿਸ਼ ਦੀ ਐਮ.ਏ.ਕੀਤੀ ਹੈ।ਮੈਂ ਹਿੰਦੀ ਸਾਹਿਤ ਬਹੁਤ ਪੜ੍ਹਦਾ।ਮੈਂ ਬਲਬੀਰ ਪਰਵਾਨਾ ਵਾਂਗ ਕਿਸੇ ਧਾਰਾ ਨਾਲ ਬੱਝਿਆ ਹੋਇਆ ਨਹੀਂ ਹਾਂ।ਮੈਂ ਹਿਊਮਿਨਇਜ਼ਮ ਨੂੰ ਬਲੌਂਗ ਕਰਦਾ ਮੈਂ ਕਿਸੇ ਵਿਚਾਰਧਾਰਾ ਨਾਲ ਬੱਝਿਆ ਨਹੀਂ। ਨਾ ਮੇਰੀ ਕਿਸੇ ਪ੍ਰਤੀ ਕੋਈ ਪ੍ਰਤੀਬੱਧਤਾ ਹੈ।ਮੈਂ ਆਪਣੇ ਆਪ ਨੂੰ ਫ੍ਰੀ ਰੱਖਦਾ ਹਾਂ।ਕੁਝ ਔਰਤ ਪਾਤਰ ਇਸੇ ਜ਼ਿੰਦਗੀ 'ਚੋਂ ਨਿਕਲੇ ਹਨ। ਫਿਰ ਮੈਂ ਇਹਨੂੰ ਵੀ ਸਮਝਦਾ ਹਾਂ ਕਿ ਸਾਹਿਕ ਕੀ ਹੈ? ਜ਼ਿੰਦਗੀ ਕੀ ਹੈ? ਜ਼ਿੰਦਗੀ ਕੀ ਹੋਣੀ ਚਾਹੀਦੀ ਹੈ। ਨਾ ਤਾਂ ਯਥਾਰਥ ਵਧੀਆ ਕਹਾਣੀ ਬਣਾਉਂਦਾ ਹੈ। ਅੱਜ ਕੱਲ ਅਖ਼ਬਾਰੀ ਕਹਾਣੀਆਂ ਬਹੁਤ ਲਿਖੀਆਂ ਜਾ ਰਹੀਆਂ ਨੇ।ਪਰ ਮੈਂ ਕਿਸੇ ਅਖਬਾਰੀ ਘਟਨਾਵਾਂ ਤੇ ਕਹਾਣੀ ਨਹੀਂ ਲਿਖੀ।ਮੈਨੂੰ ਸੰਤਾਲੀ ਦੀ ਇਕ ਗੱਲ ਚੇਤੇ ਆ ਰਹੀ ਹੈ।ਸਾਡੇ ਪਿੰਡ ਅਸੀਂ ਤੇ ਲੋਕ ਪੁਰਾਣੇ ਮੁਸਲਮਾਨਾਂ ਦੇ ਘਰਾਂ 'ਚੋਂ ਸ਼ਤੀਰੀਆਂ ਅਤੇ ਬਾਲੇ

ਇਕੱਠੇ ਕਰਦੇ ਹੁੰਦੇ ਸਾਂ। ਮੈਂ ਉਦੋਂ ਬਹੁਤ ਛੋਟਾ ਸੀ। ਫਿਰ ਇਕ ਮੁਸਲਮਾਨਾਂ ਦੀ ਵੱਡੀ ਹਵੇਲੀ ਸੀ। ਏਦਾਂ ਲੱਗਦਾ ਹੁੰਦਾ ਸੀ ਕਿ ਜਿਵੇਂ ਦਿਨੇਂ ਉਹਦੇ ਵਿੱਚੋਂ ਆਵਾਜ਼ਾਂ ਆਉਂਦੀਆਂ ਹੁੰਦੀਆਂ ਹਨ। ਫਿਰ ਜਦੋਂ ਮੈਂ ਜੜ੍ਹਾਂਵਾਲ ਗਿਆ ਤਾਂ ਚੱਕ 54 ਵਿਚ ਆਪਦੇ ਨਾਨਕੇ ਪਿੰਡ ਗਿਆ। ਦੇਸ਼ ਵੰਡ ਬਾਰੇ ਮੈਂ ਤਕਰੀਬਨ 150 ਕਿਤਾਬਾਂ ਪੜ੍ਹੀਆਂ... ਇਹ ਸਾਰਾ ਕੁਝ ਮੇਰੇ ਮਨ ਵਿਚ ਇਕੱਠਾ ਹੋਈ ਗਿਆ। ਫਿਰ ਅਚਨਚੇਤ ਮੈਨੂੰ ਇਕ ਖਿਆਲ ਆਇਆ, ਜੋ 'ਜ਼ਖ਼ਮ' ਕਹਾਣੀ ਬਣ ਗਿਆ। ਤਿੰਨ ਚਾਰ ਪਾਤਰ ਕਿਵੇਂ ਇਕੱਠੇ ਹੋ ਗਏ। ਉਹ ਕੁਝ ਪਲ ਮੇਰੇ ਮਨ 'ਚ ਆਏ ਤਾਂ ਕਹਾਣੀ ਲਿਖੀ ਗਈ। ਮੈਂ ਦੋ ਚਾਰ ਵਾਰ ਸੋਚ ਕੇ ਲਿਖਣ ਦੀ ਕੋਸ਼ਿਸ਼ ਕੀਤੀ ਪਰ ਮੇਰੇ ਕੋਲ ਸੋਚ ਕੇ ਕਹਾਣੀ ਲਿਖੀ ਨਹੀਂ ਗਈ। ਸੋਚ ਕੇ ਮੇਰੇ ਕੋਲੋਂ ਪੜ੍ਹ ਵੀ ਨਹੀਂ ਹੁੰਦਾ। ਜੋ ਗੱਲ ਔਰਤ ਪਾਤਰ ਦੀ ਪੁੱਛੀ ਗਈ ਹੈ... ਜਦੋਂ ਮੈਂ ਸਿੰਗਮਡ ਫਰਾਇਡ ਦੀਆਂ ਕਿਤਾਬਾਂ ਪੜ੍ਹੀਆਂ। ਆਤਮ ਵਿਸ਼ਲੇਸ਼ਣ ਬਾਰੇ ਜਾਣਿਆ। 25-30 ਨਾਰੀ ਮਨ ਦੀਆਂ ਕਿਤਾਬਾਂ ਪੜ੍ਹੀਆਂ। ਹਿੰਦੀ ਦੀਆਂ ਕਹਾਣੀਕਾਰਾਂ ਚਿੱਤਰਾ ਮੁਦਗਿੱਲ ਤੋਂ ਲੈ ਕੇ ਮਮਤਾ ਕਾਲੀਆ ਦੀਆਂ ਕਹਾਣੀਆਂ ਪੜ੍ਹੀਆਂ। ਉਦੋਂ ਕੁ ਮੇਰੇ ਮਨ ਵਿਚ ਗੱਲ ਆਈ ਕਿ ਔਰਤ ਦੇ ਆਹ ਪੱਖ ਬਾਰੇ ਕਹਾਣੀ ਲਿਖਣੀ ਚਾਹੀਦੀ ਹੈ। ਮੈਂ ਕਹਿੰਦਾ ਹੁੰਦਾ ਕਿ ਜਿੱਥੋਂ ਕਹਾਣੀ ਖਤਮ ਹੋਈ ਹੈ ਮੈਂ ਕਹਾਣੀ ਉੱਥੋਂ ਸ਼ੁਰੂ ਕਰਦਾ। ਮੈਂ ਪਾਤਰ ਨੂੰ ਅੰਦਰੋਂ ਫੜਦਾ ਹਾਂ। ਮੈਨੂੰ ਜੇਕਰ ਹਫ਼ਤੇ ਦਾ ਡੇੜ ਸੌ ਫੋਨ ਆਉਂਦਾ ਹੈ ਤਾਂ 140 ਲੋਕ ਦੁਖੀ ਹੁੰਦੇ ਹਨ। ਉਨ੍ਹਾਂ ਵਿਚ ਮੈਂ ਵੀ ਸ਼ਾਮਿਲ ਹਾਂ। ਉਹ 140 ਬੰਦੇ ਮੇਰੇ ਸਬ ਕੌਂਸ਼ੀਅਸ਼ ਮਾਇੰਡ ਵਿਚ ਸਟੋਰ ਹੋ ਜਾਂਦੇ ਹਨ। ਮੈਂ ਇਹ ਵੀ ਕਹਿੰਦਾ ਹੁੰਦਾ ਕਿ ਮੈਂ ਨ੍ਹੀਂ ਲਿਖਦਾ ਮੇਰੇ ਕੋਲੋਂ ਅੱਲ੍ਹਾ ਲਿਖਵਾਉਂਦਾ ਐ। ਅੱਲ੍ਹਾ ਤੋਂ ਭਾਵ ਮੇਰਾ ਸਬ ਕੌਂਸ਼ੀਅਸ਼ ਮਾਇੰਡ।

**ਭਗਵੰਤ ਰਸੂਲਪੁਰੀ**-ਪਰ ਮੈਂ ਤੁਹਾਡੀਆਂ ਬਹੁਤ ਸਾਰੀਆਂ ਕਹਾਣੀਆਂ ਔਰਤ ਦੇ ਮਸਲਿਆਂ ਬਾਰੇ ਪੜ੍ਹੀਆਂ। ਤੁਸੀਂ ਔਰਤਾਂ ਦੀਆਂ ਬਹੁਤ ਬਰੀਕ ਪਰਤਾਂ ਨੂੰ ਉਨ੍ਹਾਂ ਕਹਾਣੀਆਂ ਵਿਚ ਉਭਾਰਿਆ ਹੈ। ਮੈਨੂੰ ਲੱਗਦਾ ਤਕਰੀਬਨ 20 ਕੁ ਕਹਾਣੀਆਂ ਔਰਤਾਂ ਦੇ ਮਸਲਿਆਂ ਬਾਰੇ ਹੋਣਗੀਆਂ। ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡਾ ਐਨੀਆਂ ਔਰਤਾਂ ਨਾਲ ਵਾਹ ਪੈਂਦਾ ਹੈ ਜਾਂ ਤੁਸੀਂ ਓਹਲਾ ਰੱਖ ਰਹੇ ਹੋ। ਅਸਲ ਗੱਲ ਕੀ ਹੈ।

**ਜਿੰਦਰ**-ਜਿਵੇਂ ਮੈਂ ਪਹਿਲਾਂ ਵੀ ਕਿਹਾ ਕਿ ਜਦੋਂ ਮੈਂ ਘੁੰਮਦਾ ਹਾਂ ਮੈਂ ਕਿਸੇ ਨੂੰ ਦੱਸਦਾ ਨਹੀਂ। ਮੈਂ ਕਿੱਥੇ ਜਾਂਦਾ ਹੈ। ਉਹਦੇ ਬਾਰੇ ਕੇਵਲ ਦੋ ਬੰਦਿਆਂ ਨੂੰ ਪਤਾ ਹੁੰਦਾ ਇਕ ਹਰਜੀਤ ਅਟਵਾਲ ਨੂੰ ਦੂਜਾ ਖ਼ਾਲਿਦ ਧਾਲੀਵਾਲ ਨੂੰ। ਹਰ ਬੰਦੇ ਦੀ ਆਪਣੀ ਇਕ ਨਿੱਜੀ ਜ਼ਿੰਦਗੀ ਹੁੰਦੀ ਹੈ। ਹਰ ਬੰਦੇ ਦੀ ਜ਼ਿੰਦਗੀ ਵਿਚ ਔਰਤਾਂ ਆਉਂਦੀਆਂ ਹਨ। ਜਿਹੜੀ ਮੇਰੇ ਦਿਮਾਗ ਵਿਚ ਸਭ ਤੋਂ ਵੱਡੀ ਇਮਜ਼ ਬੈਠੀ ਹੈ। ਉਹ ਮਾਂ ਦੀ ਹੈ। ਮਾਂ ਤੋਂ ਵੱਡਾ ਕੋਈ ਰਿਸ਼ਤਾ ਨਹੀਂ। ਜਦੋਂ ਵੀ ਕਹਾਣੀ ਵਿਚ ਕੋਈ ਔਰਤ ਆਉਂਦੀ ਹੈ ਤਾਂ ਮੈਂ ਆਪਣੀ ਮਾਂ ਵਿੱਚੋਂ ਉਸ ਔਰਤ ਪਾਤਰ ਦੀ ਸਿਰਜਣਾ ਕਰਦਾ ਹਾਂ। ਇਹ ਜ਼ਰੂਰੀ ਵੀ ਨਹੀਂ ਹੁੰਦਾ ਕਿ ਅਸੀਂ ਸਾਰਾ ਕੁਝ ਡਿਸਕਲੋਜ਼ ਕਰਨਾ ਹੁੰਦਾ ਹੈ। ਮੈਂ ਸਾਰਾ ਕੁਝ ਦੇਖਦਾ ਹਾਂ... ਸਾਰਾ ਕੁਝ ਪੜ੍ਹਦਾ ਹਾਂ... ਮੇਰੇ ਸੰਬੰਧ ਰਹੇ ਹਨ ਜਾਂ ਨਹੀਂ ਰਹੇ... ਉਹ ਵੱਖਰਾ ਮੁੱਦਾ ਹੈ। ਜੇ ਮੇਰੇ ਸੰਬੰਧ ਰਹੇ ਹਨ ਤਾਂ ਉਹ ਕਿਤੇ ਨਾ ਕਿਤੇ ਕਹਾਣੀ ਵਿਚ ਆਏ ਵੀ ਹਨ। ਕਿੱਦਾ ਆਏ ਹਨ... ਭਾਈ ਉਹ ਤਾਂ ਮੈਂ ਦੱਸਣੇ ਨਹੀਂ। ਮੇਰੀ ਹਰ ਕਹਾਣੀ ਵਿਚ ਘੱਟੋ ਘੱਟ 20 ਤੋਂ 50 ਪ੍ਰਤੀਸ਼ਤ ਔਰਤ ਪਾਤਰ ਦੇ ਰੂਪ ਵਿਚ ਆਈ ਹੈ। ਔਰ ਮੈਂ ਕਹਿੰਦਾ ਹਾਂ ਵਧੀਆ ਲਿਟਰੇਚਰ ਹਮੇਸ਼ਾ ਕਲਪਨਾ ਵਿੱਚੋਂ ਆਉਂਦਾ ਹੈ। ਲੇਖਕ ਨੇ ਆਪਣੀਆਂ ਲਿਖਤਾਂ ਰਾਹੀਂ ਇਕ ਡਿਫਰੈਂਟ ਦੁਨੀਆ ਤਿਆਰ ਕਰਨੀ ਹੁੰਦੀ ਹੈ। ਵਰਲਡ ਲੈਵਲ ਤੇ ਇਕ ਬਹਿਸ ਚੱਲੀ ਸੀ ਕਿ ਸਾਇੰਸਦਾਨ ਵੱਡਾ ਕਿ ਲੇਖਕ। ਉਹ ਕਹਿੰਦਾ ਜਿਹੜਾ ਸਾਇਸਦਾਨ ਹੁੰਦਾ ਹੈ ਉਹ ਖੋਜ ਕਰਦਾ ਹੈ। ਜਿਹੜਾ ਲੇਖਕ ਉਹ ਕਰਿਏਟ ਕਰਦਾ ਹੈ। ਕਰਿਏਟ ਕਰਨਾ ਹੀ ਵੱਡੀ ਚੀਜ ਹੁੰਦਾ ਹੈ।

**ਭਗਵੰਤ ਰਸੂਲਪੁਰੀ**-ਮੈਂ ਜਦੋਂ ਬਲਬੀਰ ਪਰਵਾਨਾ ਜੀ ਦੀਆਂ ਹੋਰ ਕਹਾਣੀਆਂ ਪੜ੍ਹਦਾ ਹਾਂ ਤਾਂ ਮੈਨੂੰ ਇਨ੍ਹਾਂ ਦੀਆਂ ਕਹਾਣੀਆਂ ਦਾ ਇਹ ਪੱਖ ਬੜਾ ਅਹਿਮ ਲੱਗਦਾ ਹੈ ਕਿ ਉਨ੍ਹਾਂ ਨੇ ਪਤੀ-ਪਤਨੀ ਦੇ ਰਿਸ਼ਤਿਆਂ ਨੂੰ ਲੈ ਕੇ ਉਨ੍ਹਾਂ ਨੇ ਬਹੁਤ ਕਮਾਲ ਦੀਆਂ ਕਹਾਣੀਆਂ ਲਿਖੀਆਂ। ਉਨ੍ਹਾਂ ਦੇ ਬਹੁਤੇ ਪਾਤਰ ਪਤੀ ਪਤਨੀ ਦੇ ਰੂਪ ਵਿਚ ਵਿਚਰਦੇ ਨੇ ਤੀਜਾ ਪਾਤਰ ਜਦੋਂ ਕਹਾਣੀ ਵਿਚ ਆਉਂਦਾ ਏ ਤਾਂ ਉਹ ਤ੍ਰੇੜ ਪਾਉਂਦਾ ਏ। ਮੈਂ ਪਰਵਾਨਾ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਤੀ-ਪਤਨੀ ਦੇ ਪਾਤਰ ਉਹ ਕਿੱਥੋਂ ਲੈਂਦੇ ਨੇ।

**ਬਲਬੀਰ ਪਰਵਾਨਾ**-ਅਸੀਂ ਜਿਸ ਦੌਰ ਵਿਚ ਰਹਿ ਰਹੇ ਹਾਂ। ਜਿੱਥੇ ਦੋਵੇਂ ਮੀਆਂ-ਬੀਵੀ ਨੌਕਰੀ ਕਰਦੇ ਹਨ। ਉਹ ਸੁਸਾਇਟੀ ਬਿਲਕੁੱਲ ਵੱਖਰੀ ਹੈ। ਉਨ੍ਹਾਂ ਦੇ ਰਿਸ਼ਤੇ ਬਿਲਕੁਲ ਵੱਖਰੇ ਹਨ। ਜਿਹੜੀ ਸੁਸਾਇਟੀ ਸਾਡੇ ਪਿੰਡ ਵਿਚ ਰਹਿੰਦੀ ਹੈ ਜਿੱਥੇ ਔਰਤ ਪਰਿਵਾਰ ਦੇ ਹੋਰ ਜੀਆਂ ਉੱਤੇ ਨਿਰਭਰ ਹੈ। ਜਦੋਂ ਸ਼ਹਿਰ ਵਿਚ ਆ ਕੇ ਮੈਂ ਆਪਣੇ ਆਸੇ ਪਾਸੇ ਨੌਕਰੀ ਕਰਦੇ ਪਤੀ-ਪਤਨੀ ਨੂੰ ਵੇਖਦਾ ਹਾਂ। ਦੂਜੇ ਪਾਸੇ ਮੈਂ ਵੀ ਨੌਕਰੀ ਕਰਦਾ ਸਾਂ ਤੇ ਮੇਰੀ ਪਤਨੀ ਵੀ ਨੌਕਰੀ ਕਰਦੀ ਸੀ। ਅਸੀਂ ਇਸ ਸਰਕਲ ਵਿਚ ਵਿਚਰਦੇ ਵੀ ਸਾਂ। ਮੈਨੂੰ ਲੱਗਦਾ ਹੈ ਕਿ ਇਸ ਮਿਡਲ ਕਲਾਸ ਸੁਸਾਇਟੀ ਵਿਚ ਅੱਸੀ ਪ੍ਰਤੀਸ਼ਤ ਵਿਆਹੇ ਜੋੜਿਆ ਵੱਲ ਵੇਖ ਕੇ ਤਾਂ ਐਂ ਲੱਗਦਾ ਹੈ ਕਿ ਇਹ ਆਪਸ ਵਿਚ ਕਿਓਂ ਰਹੀ ਜਾਂਦੇ ਨੇ। ਮੈਂ ਆਪਣੇ ਗੁਵਾਂਢ ਵਿਚ ਨੌਕਰੀ ਪੇਸ਼ਾ ਪਤੀ-ਪਤਨੀ ਵੇਖਦਾ ਹਾਂ। ਉਂਝ ਉਹ ਘਰ ਵਿਚ ਲੜਦੇ ਰਹਿੰਦੇ ਹਨ ਜਦੋਂ ਕੋਈ ਆ ਜਾਂਦਾ ਹੈ ਪਤੀ-ਪਤਨੀ ਵਾਂਗ ਵਿਚਰਨ ਲੱਗ ਪੈਂਦੇ ਨੇ। ਤੇ ਮਾਣ ਨਾਲ ਕਹਿੰਦੇ ਨੇ ਅਸੀਂ ਤਾਂ ਬਸ ਜੀ ਤੁਹਾਡੀਆਂ ਹੀ ਗੱਲਾਂ ਕਰਦੇ ਸੀ। ਮੈਂ ਕਹਿੰਦਾ ਹਾਂ ਕਿ ਸਾਡੀ ਮਿਡਲ ਕਲਾਸ ਇਕ ਢੌਂਗੀ ਸੁਸਾਇਟੀ ਬਣ ਗਈ ਹੈ। ਪਿੰਡਾਂ ਵਿਚ ਹੋਰ ਤਰ੍ਹਾਂ ਦੀ ਸੁਸਾਇਟੀ ਹੈ। ਸੇਵਾ ਸੈਕਟਰ ਦੀ ਸੁਆਇਟੀ ਜਿੱਥੇ ਦੋਵੇਂ ਮੀਆਂ-ਬੀਵੀ ਪੈਸਾ ਕਮਾਉਂਦੇ ਹਨ ਕੇਵਲ ਢੌਂਗੀ ਸੁਸਾਇਟੀ ਹੈ। ਇਹ ਸਾਰੇ ਪਾਤਰਾਂ ਨੂੰ ਮੈਂ ਬੜੇ ਧਿਆਨ ਨਾਲ ਵੇਖਦਾ ਰਹਿੰਦਾ ਹਾਂ। ਇਨ੍ਹਾਂ ਪਾਤਰਾਂ ਵਿਚ ਮੇਰਾ ਆਪਣਾ ਸਵੈ ਵੀ ਸ਼ਾਮਿਲ ਹੈ। ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਜੇ ਮੈਂ ਆਹ ਕਹਾਣੀ ਲਿਖੀ ਹੈ ਤਾਂ ਇਹਦੇ ਪਾਤਰ ਫਲਾਣੇ ਹਨ। ਜਦੋਂ ਮੈਂ 'ਧੂੰਆਂ' ਕਹਾਣੀ ਲਿਖੀ ਜਿਸ ਵਿਚ ਬੰਦਾ ਕੰਪਰੋਮਾਇਜ਼ ਕਰਦਾ ਹੈ। ਉਹ ਕਹਾਣੀ ਦਾ ਪਾਤਰ ਮੇਰਾ ਦੋਸਤ ਸੀ। ਉਸ ਨੇ ਮੈਨੂੰ ਬੜੇ ਵਿਸ਼ਵਾਸ਼ ਨਾਲ ਕਿਹਾ ਕਿ ਯਾਰ ਸਾਡਾ ਮੀਆਂ-ਬੀਵੀ ਵਿਚ ਸਮਝੌਤਾ ਕਰਵਾ ਦੇ। ਉਹ ਮੇਰਾ ਦੋਸਤ ਚੰਗੀ ਨੌਕਰੀ ਕਰਦਾ ਸੀ। ਉਹਨੇ ਮੈਨੂੰ ਕਿਹਾ ਕਿ ਯਾਰ ਮੇਰੀ ਪਤਨੀ ਨੂੰ ਕਹੋ ਕਿ ਫਲਾਣਾ ਬੰਦਾ ਮੇਰੇ ਘਰ ਨਾ ਲੈ ਕੇ ਆਵੇ ਹਾਂ ਬਾਹਰ ਜਿਵੇਂ ਮਰਜ਼ੀ ਮਿਲੀ ਜਾਵੇ। ਇਹ ਗੱਲ ਵੱਖਰੀ ਹੈ ਉਹ ਸਮਝੌਤਾ ਅਸੀਂ ਨਹੀਂ ਕਰਵਾ ਸਕੇ। ਮੇਰੇ ਪਾਤਰ ਕੋਈ ਜਾਅਲੀ ਨਹੀਂ। ਇਨ੍ਹਾਂ ਵਿਚ ਮੈਂ ਵੀ ਹੋ ਸਕਦਾ ਤੇ ਉਹ ਮਿਡਲ ਕਲਾਸ ਦੇ ਪਤੀ-ਪਤਨੀ ਵੀ ਹੋ ਸਕਦੇ ਹਨ।

**ਭਗਵੰਤ ਰਸੂਲਪੁਰੀ**-ਪਰਵਾਨਾ ਜੀ, ਤੁਸੀਂ ਜਦੋਂ ਕਿਸੇ ਕਹਾਣੀ ਦਾ ਪਾਤਰ ਘੜਦੇ ਹੋ। ਪਤੀ ਪਤਨੀ ਦੇ ਪਾਤਰ ਸਿਰਜਦੇ ਹੋ। ਜਾਂ ਕਾਮਰੇਡ ਪਾਤਰ ਘੜਦੇ ਹੋ। ਉਹਦੇ ਵਿਚ ਉਹ ਗੱਲਾਂ ਵੀ ਸਹਾਈ ਹੁੰਦੀਆਂ ਹਨ ਜੋ ਤੁਸੀਂ ਕਿਤਾਬਾਂ ਵਿੱਚੋਂ ਪੜ੍ਹੀਆਂ ਹੁੰਦੀਆਂ ਹਨ। ਜਾਂ ਤੁਸੀਂ ਜੋ ਇਤਿਹਾਸ-ਮਿਥਿਹਾਸ ਪੜ੍ਹਦੇ ਹੋ।

**ਬਲਬੀਰ ਪਰਵਾਨਾ**-ਨਹੀਂ ! ਮੈਂ ਪੜ੍ਹਦਾ ਕੇਵਲ ਆਪਣੀ ਥਿੰਕਗ ਡਵੈਲਪ ਕਰਨ ਲਈ। ਮੈਂ ਸੁਸਾਇਟੀ ਨੂੰ ਸਮਝਣ ਲਈ ਪੜ੍ਹਦਾ ਹਾਂ। ਜਦੋਂ ਮੈਂ 5700 ਪੰਨਿਆਂ ਦਾ ਮਹਾਂਭਾਰਤ ਪੜ੍ਹਿਆ ਤਾਂ ਮੈਂ ਇਹ ਜਾਨਣਾ ਚਾਹੁੰਦਾ ਸਾਂ ਕਿ ਸਾਡੀ ਸੁਸਾਇਟੀ ਉੱਥੋਂ ਏਥੇ ਤੱਕ ਕਿਵੇਂ ਆਈ ਹੈ। ਮੈਂ ਉਸ ਨੂੰ ਆਪਣੇ ਪਾਤਰ ਘੜਨ ਲਈ ਨਹੀਂ ਪੜ੍ਹਦਾ। ਮੈਂ ਜਦੋਂ ਵੀ ਇਤਿਹਾਸ ਜਾਂ ਫਲਸਫ਼ਾ ਪੜ੍ਹਦਾ ਹਾਂ ਏਸ ਲਈ ਪੜ੍ਹਦਾ ਹਾਂ ਕਿ ਮੈਂ ਆਪਣੀ ਸੁਸਾਇਟੀ ਦੀਆਂ ਵੱਖ ਵੱਖ ਲੇਅਰ ਸਮਝ ਸਕਾਂ। ਉਨ੍ਹਾਂ 'ਚੋਂ ਪਾਤਰ ਨਹੀਂ ਘੜਦਾ। ਪਾਤਰ ਮੈਂ ਆਪਣੇ ਸਮਕਾਲ ਵਿੱਚ ਘੜਦਾ ਹਾਂ।

**ਭਗਵੰਤ ਰਸੂਲਪੁਰੀ**-ਸਾਂਵਲ ਧਾਮੀ ਜੀ ਨੂੰ ਮੇਰਾ ਇਕ ਸਵਾਲ ਹੈ। ਜਦੋਂ ਮੈਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦਾ ਹਾਂ-'ਗਾਇਡ' ਤੇ 'ਪੇਂਜੀ ਦੇ ਫੁੱਲ'। ਮੈਨੂੰ ਐਂ ਲੱਗਦਾ ਐ ਕਿ ਯਾਰ ਜਿਹੜੇ ਯੂਨੀਵਰਸਿਟੀ ਦੇ ਅਧਿਆਪਕ ਹੁੰਦੇ ਨੇ। ਉਹ ਤਾਂ ਵਿਦਿਆਰਥੀਆਂ ਦਾ ਤੇ ਸਾਡਾ ਅਦਰਸ਼ ਹੁੰਦੇ ਨੇ। ਪਰ ਇਨ੍ਹਾਂ ਕਹਾਣੀਆਂ ਵਿਚ ਜੋ ਪਾਤਰ ਘੜੇ ਹਨ ਉਨ੍ਹਾਂ ਦੀ ਸ਼ਕਲ ਹੋਰ ਤਰ੍ਹਾਂ ਦੀ ਹੈ। ਉਹ ਸਾਡੀ ਜਾਂ ਵਿਦਿਆਰਥੀਆਂ ਦੀ ਸੋਚ ਤੋਂ ਵੱਖਰੀ ਹੈ। ਉਹ ਵਿਦਿਆਰਥੀਆਂ ਦਾ ਸ਼ੋਸ਼ਣ ਕਰਦੇ ਨੇ ਜਾਂ ਆਪਣੇ ਹਿੱਤਾਂ ਲਈ ਉਨ੍ਹਾਂ ਨੂੰ ਵਰਤਦੇ ਨੇ। ਕੀ ਇਹ ਯੂਨੀਵਰਸਿਟੀਆਂ ਵਿਚ ਸੱਚਮੁੱਚ ਹੁੰਦਾ ਹੈ। ਅਜਿਹੇ ਪਾਤਰ ਹੁੰਦੇ ਨੇ ਜਾਂ ਤੁਹਾਡੀ ਕਲਪਨਾ ਮਾਤਰ ਈ ਏ?

**ਸਾਂਵਲ ਧਾਮੀ**-ਇਹ ਕਹਾਣੀਆਂ ਜਦੋਂ ਲਿਖੀਆਂ ਤੇ ਜਦੋਂ ਛਪੀਆਂ ਤੇ ਮੈਂ ਇਨ੍ਹਾਂ ਕਹਾਣੀਆਂ ਦਾ ਖਮਿਆਜ਼ਾ ਵੀ ਭੁਗਤਿਆ। ਇਹ ਸਵਾਲ ਮੈਨੂੰ ਬਹੁਤਿਆਂ ਨੇ ਕੀਤਾ। ਦੇਖੋ ਗੱਲ ਇਸ ਤਰ੍ਹਾਂ ਹੈ ਕਿ ਜਿਹੜੀ ਅਸੀਂ ਸੋਧ ਕਰਨੀ ਚਾਹੁੰਦੇ ਹਾਂ ਤਾਂ ਉਸ ਮਸਲੇ 'ਤੇ ਅਸੀਂ ਉਂਗਲੀ ਰੱਖਦੇ ਹਾਂ। ਇਹ ਗੱਲ ਠੀਕ ਹੈ ਅਧਿਆਪਕ ਬਹੁਤ ਚੰਗੇ ਹੁੰਦੇ ਹਨ... ਸਾਡੇ ਅਦਰਸ਼ ਵੀ ਹੁੰਦੇ ਨੇ। ਪਰ ਇਹ ਹੈ ਹੁੰਦੇ ਬੜੇ ਖਚ ਹਨ। ਮੈਂ ਵੀ ਹੁਣ ਕਾਲਜ ਵਿਚ ਪੜ੍ਹਾਉਂਦਾ ਹਾਂ ਅਸੀਂ ਇਹ ਕਹਿ ਸਕੀਏ ਕਿ ਯਾਰ ਮੈਂ ਇਹਦੇ ਵਰਗਾ ਬੰਦਾ ਬਣਨਾ। ਉਦਾਂ ਦੇ ਬਹੁਤ ਘੱਟ ਮਿਲਦੇ ਹਨ। ਜਾਤ-ਪਾਤ ਨੂੰ ਲੈ ਲਓ... ਧਰਮ ਨੂੰ ਲੈ ਲਓ... ਵਿਚਾਰਧਾਰਾ ਨੂੰ ਲੈ ਲਓ। ਆਪਣੇ ਆਪਣੇ ਖੁੰਡਾਂ ਨਾਲ ਬੱਝੇ ਹੋਏ ਹਨ। ਜਿੱਥੇ ਤੱਕ 'ਗਾਇਡ' ਕਹਾਣੀ ਦੀ ਗੱਲ ਹੈ। ਤੁਸੀਂ ਉਸ ਕਹਾਣੀ ਵਿਚ ਹਰੇਕ ਬੰਦੇ ਨੂੰ ਪਛਾਣ ਸਕਦੇ ਹੋ। ਮੈਂ ਕਿਸੇ ਤਰ੍ਹਾਂ ਦੇ ਡਰ ਕਰਕੇ ਕਹਾਣੀ ਨਹੀਂ ਲਿਖੀ। ਮੈਨੂੰ ਪਤਾ ਸੀ ਕਿ ਮੈਂ ਵੀ ਕਿਸੇ ਕਾਲਜ ਵਿਚ ਅਡਜਸਟ ਹੋ ਸਕਦਾ ਹਾਂ। ਮੈਂ ਵੀ ਯੂਨੀਵਰਸਿਟੀ ਵਿਚ ਇੰਟਰਵਿਊ ਦੇ ਸਕਦਾ ਹਾਂ। ਪਰ ਸਾਰਾ ਕੁਝ ਦਾਅ ਤੇ ਲਾ ਕੇ ਇਹ ਕਹਾਣੀ ਲਿਖੀ ਕਿਉਂਕਿ ਮੈਂ ਇਹ ਸਾਰਾ ਮਾਹੌਲ ਵੇਖਿਆ ਹੋਇਆ ਸੀ। ਪਰ ਮੈਂ ਇਸ ਨੂੰ ਪਿੰਡੇ ਨਹੀਂ ਹੰਢਾਇਆ। ਕਹਾਣੀ ਵਿਚ ਜਿਹੜਾ ਬਿਰਤਾਂਤਕਾਰ ਹੈ। ਜਿਹੜਾ ਸਾਰਿਆਂ ਦੇ ਪੋਲ ਖੋਲ੍ਹ ਰਿਹਾ। ਉਹ ਵੀ ਕੋਈ ਅਦਰਸ਼ਵਾਦੀ ਨਹੀਂ। ਉਹ ਵੀ ਇਕ ਨੰਬਰ ਦਾ ਕਮੀਨਾ ਹੈ। ਉਂਜ ਤਾਂ ਸਾਹਿਤ ਦਾ ਆਪਣਾ ਇਕ ਸੱਚ ਹੁੰਦਾ ਹੈ। ਜੇ ਤੁਸੀਂ ਇਸ ਤਰ੍ਹਾਂ ਕਹਾਣੀ ਨੂੰ ਲੈਣਾ ਹੈ ਕਿ ਇਹ ਕਹਾਣੀ ਯੂਨੀਵਰਸਿਟੀ ਦੇ ਸੱਚ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਰਾਹੀਂ ਤੁਸੀਂ ਇਸ ਸਿਸਟਮ ਨੂੰ ਫੜ ਸਕਦੇ ਹੋ। ਜੋ 'ਪੇਂਜੀ ਦੇ ਫੁੱਲ' ਕਹਾਣੀ ਹੈ। ਉਹ ਥੋੜ੍ਹੀ ਜਿਹੀ ਡਿਫਰੈਂਟ ਹੈ। ਉਸ ਵਿਚ ਤੁਹਾਨੂੰ ਇਕ ਮੁਹੱਬਤ ਕਰਨ ਵਾਲਾ ਇਨਸਾਨ ਵੀ ਮਿਲੇਗਾ ਜਿਹੜਾ ਆਦਰਸ਼ਵਾਦੀ ਹੈ। ਉਸ ਦੇ ਪੈਰਲਰ ਜਿਹੜਾ ਪ੍ਰੋਫ਼ੈਸਰ ਹੈ। ਉਹ ਜੁਗਾੜੀ ਹੈ। ਜੋ ਔਰਤ ਹੈ ਆਪਣੇ ਭਵਿੱਖ ਨੂੰ ਲੈ ਕੇ ਮਰਦਾਂ ਨੂੰ ਪੌੜੀਆਂ ਹੀ ਸਮਝਦੀ ਹੈ। ਇਹ ਕਹਾਣੀ ਜਿੱਥੇ ਜਾ ਕੇ ਮੁੱਕਦੀ ਹੈ ਉੱਥੇ ਮੁਹੱਬਤ ਦਾ ਸਵਾਦ ਪਾਠਕ ਨੂੰ ਆਉਂਦਾ ਹੈ। 'ਗਾਇਡ' ਕਹਾਣੀ ਦੇ ਪਾਤਰ ਦੇ ਮੁਕਾਬਲੇ ਵਿਚ ਕਿਤੇ ਇਕ ਅੱਧਾ ਜੇ ਮੈਂ ਆਦਰਸ਼ ਪਾਤਰ ਇਹਦੇ 'ਚ ਘੜ ਲੈਂਦਾ ਤਾਂ ਸ਼ਾਇਦ ਵਧੀਆ ਹੁੰਦਾ। ਮੈਨੂੰ ਇਹ ਸਵਾਲ ਬਹੁਤ ਲੋਕਾਂ ਨੇ ਕੀਤਾ ਤੇ ਮੈਂ ਹਰੇਕ ਵਾਰੀ ਮਹਿਸੂਸ ਕੀਤਾ ਕਿਤੇ ਕਾਣ ਰਹਿ ਜਾਂਦੀ ਹੈ।

**ਭਗਵੰਤ ਰਸੂਲਪੁਰੀ**-ਸਾਂਵਲ ਜੀ ਜਦੋਂ ਕੋਈ ਕਹਾਣੀਕਾਰ ਮੈਂ ਪਾਤਰ ਨਾਲ ਕਹਾਣੀ ਲਿਖਦਾ ਹੈ ਤਾਂ ਕਹਾਣੀਕਾਰ ਕੋਲੋਂ ਉਸ ਤਰ੍ਹਾਂ ਨਾਲ ਪਾਤਰ ਆਜ਼ਾਦ ਅਸਤਿੱਤਵ ਨਾਲ ਉਸਰਦਾ ਨਹੀਂ। ਜਾਂ ਕਹਾਣੀਕਾਰ ਉਸ ਪਾਤਰ ਨੂੰ ਕਾਬੂ ਕਰਕੇ ਜਾਂ ਦਾਬਾ ਪਾ ਕੇ ਕਹਾਣੀ ਵਿਚ ਘੜਦਾ ਹੈ। ਤੁਸੀਂ ਵੀ ਮੈਂ ਪਾਤਰ ਨਾਲ ਕੁਝ ਕਹਾਣੀਆਂ ਲਿਖੀਆਂ ਤੁਸੀਂ ਇਸ ਗੱਲ ਨੂੰ ਕਿਸ ਤਰ੍ਹਾਂ ਸੋਚਦੇ ਹੋ।

**ਸਾਂਵਲ ਧਾਮੀ**-ਜਿਵੇਂ 'ਪੇਂਜੀ ਦੇ ਫੁੱਲ' ਦੀ ਕਹਾਣੀ ਹੈ। ਜਿਹਦੇ ਵਿਚ ਬਿਰਤਾਂਤਕਾਰ ਔਰਤ ਪਾਤਰ ਹੈ। ਜਿਹੜੀ ਕਹਾਣੀ ਸੁਣਾਉਂਦੀ ਹੈ। ਮੈਨੂੰ ਲੱਗਦਾ ਹੈ ਜਿੱਥੇ ਬੰਦਸ਼ਾ ਹਨ ਉੱਥੇ ਛੋਟਾਂ ਵਧੇਰੇ ਹਨ। ਜਦੋਂ

ਤੁਸੀਂ ਮੈਂ ਪਾਤਰ ਨੂੰ ਲੈ ਕੇ ਕਹਾਣੀ ਲਿਖਦੇ ਹੋ ਜਿਹੜਾ ਅਵਚੇਤਨ ਨੂੰ ਫਰੋਲਣ ਦਾ ਕੰਮ ਹੈ। ਉਹ ਬੜਾ ਹੀ ਸੌਖਾ ਹੈ। ਜੇ ਤੁਸੀਂ ਦੂਜੇ ਤਰੀਕੇ ਨਾਲ ਕਹਾਣੀ ਲਿਖੋ ਤਾਂ ਤੁਹਾਨੂੰ ਪਾਤਰ ਦੇ ਅਵਚੇਤਨ ਨੂੰ ਫੜ੍ਹਨ ਲਈ ਕਈ ਵਿਧੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਮੇਰੀ ਆਪਣੀ ਨਿੱਜੀ ਰਾਏ ਹੈ ਕਿ ਮਾਂ ਪਾਤਰ ਨਾਲ ਕਹਾਣੀਆਂ ਲਿਖਣੀਆਂ ਸੌਖੀਆਂ ਹਨ। ਕਿਉਂਕਿ ਤੁਸੀਂ ਅੰਦਰਲਾ ਬਾਹਰਲਾ ਸੱਚ ਨਾਲ ਨਾਲ ਫਰੋਲਦੇ ਜਾਂਦੇ ਹੋ। ਇਹ ਵੀ ਗੱਲ ਠੀਕ ਹੈ ਤੁਸੀਂ ਵਧੇਰੇ ਸਬਜੈਕਟਿਵ ਹੋ ਜਾਂਦੇ ਹੋ। ਕਹਾਣੀ ਇਕ ਪਾਤਰ ਤੱਕ ਸੀਮਤ ਹੋ ਜਾਂਦੀ ਹੈ। ਉਹਨੂੰ ਲਿਖਣ ਵਾਲਾ ਵੀ ਤਾਂ ਇਕ ਬੰਦਾ ਹੁੰਦਾ ਹੈ।

**ਭਗਵੰਤ ਰਸੂਲਪੁਰੀ**-ਜਿੰਦਰ ਜੀ ਤੁਸੀਂ ਇਸ ਮਸਲੇ ਬਾਰੇ ਕਿਸ ਤਰ੍ਹਾਂ ਸੋਚਦੇ ਹੋ? ਮੈਂ ਪਾਤਰ ਨਾਲ ਕਹਾਣੀ ਲਿਖਣੀ ਸੌਖੀ ਹੈ।

**ਜਿੰਦਰ**-ਵੇਖੋ ਮੇਰੇ ਲਈ ਇਹ ਸੌਖਾ ਕੰਮ ਐ। ਮੈਂ ਥਰਡ ਪਰਸ਼ਨ ਨਾਲ ਇਕ ਜਾਂ ਦੋ ਕਹਾਣੀਆਂ ਹੀ ਲਿਖੀਆਂ ਹਨ। ਅੱਛਾ ਮੈਨੂੰ ਇਕ ਗੱਲ ਹੁਣੇ ਚੇਤੇ ਆਈ ਆ। ... ਤਿੰਨ ਬੰਦੇ ਜਾ ਰਹੇ ਨੇ। ਤਿੰਨ੍ਹਾਂ ਬੰਦਿਆਂ ਕੋਲੋਂ ਤਿੰਨ ਅਖ਼ਬਾਰਾਂ ਫੜੀਆਂ ਹੋਈਆਂ ਹਨ। ਤਿੰਨ੍ਹਾਂ ਅਖਬਾਰਾਂ ਨੂੰ ਵੇਖ ਕੇ ਮੈਂ ਦੱਸ ਦਿੰਦਾ ਹਾਂ ਕਿ ਉਸ ਬੰਦੇ ਦੀ ਕਿਹੋ ਜਿਹੀ ਸੋਚ ਹੈ ਤੇ ਉਹਦਾ ਸਮਾਜ ਨੂੰ ਵੇਖਣ ਦਾ ਕੀ ਸਟੈਂਡ ਹੈ। ਔਰਤ ਜਿਹੜੇ ਕੱਪੜੇ ਪਾਉਂਦੀ ਹੈ ਜਾਂ ਮੇਕਅੱਪ ਕਰਦੀ ਹੈ ਉਹਦੀ ਨੇਚਰ ਤੇ ਸਟੈਂਡ-ਸੁਭਾ ਦਾ ਪਤਾ ਲੱਗ ਜਾਂਦਾ ਹੈ। ਇਹ ਬੜੀਆਂ ਗੁੱਝੀਆਂ ਰਮਜਾਂ ਹੁੰਦੀਆਂ ਹਨ। ਜਿਹੜਾ ਬੰਦਾ ਉਮਰ ਬੀਤਣ ਨਾਲ ਹੌਲੀ ਹੌਲੀ ਸਿੱਖਦਾ ਰਹਿੰਦਾ ਹੈ। ਮੈਂ ਵੀ ਇੰਝ ਹੀ ਸਿਖੀਆਂ ਹਨ। ਜਦੋਂ ਅਸੀਂ ਪੜ੍ਹਨ ਦਾ ਇਕ ਸਟੈਂਡਰਡ ਬਣਾ ਲੈਂਦੇ ਹਾਂ।

**ਭਗਵੰਤ ਰਸੂਲਪੁਰੀ**-ਜਦੋਂ ਕਹਾਣੀ ਸਿਰਜਦੇ ਹੋ ਤਾਂ ਤੁਸੀਂ ਔਰਤ ਪਾਤਰ ਨੂੰ ਕਿਸ ਚੌਖਟੇ ਵਿਚ ਰੱਖਦੇ ਹੋ?

**ਜਿੰਦਰ**-ਮੇਰੇ ਲਈ ਔਰਤ, ਮਰਦ ਦੇ ਬਰਾਬਰ ਦੀ ਧਿਰ ਹੈ। ਮੇਰਾ ਕੋਈ ਚੌਖਟਾ ਨਹੀਂ। ਜੇ ਮੈਂ ਚੌਖਟਾ ਹੀ ਬਣਾ ਲਿਆ ਤਾਂ ਫਿਰ ਮੇਰੇ ਕੋਲੋਂ ਕਹਾਣੀ ਬਣਨੀ ਹੀ ਨਹੀਂ। ਕਹਾਣੀ ਦੇ ਹਵਾਲੇ ਨਾਲ ਗੱਲ ਕਰਦਾ ਹਾਂ। ਇਕ ਮੇਰੀ ਕਹਾਣੀ 'ਆਤਮ ਪੁਰਾਣ' ਹੈ। ਉਸ ਵਿਚ ਤਿੰਨ ਪਾਤਰ ਹਨ। ਔਰਤ ਦਾ ਵਿਆਹ ਹੋ ਜਾਂਦਾ ਹੈ। ਜਦੋਂ ਬੱਚੇ 40-45 ਉਮਰ ਦੇ ਹੋ ਜਾਂਦੇ ਹਨ ਤਾਂ ਔਰਤ ਇਕੱਲੀ ਹੋ ਜਾਂਦੀ ਹੈ। ਉਸ ਔਰਤ ਦੇ ਮਨ ਵਿਚ ਆਉਂਦਾ ਹੈ ਕਿ ਮੈਂ ਆਪਣੀ ਜਾਤ ਦੇ ਬੰਦੇ ਨੂੰ ਹੰਢਾ ਕੇ ਵੇਖਾ। ਇਹ ਥੌਟ ਕਿੱਥੋਂ ਮਿਲਿਆ... ਮੈਂ ਹਰ ਸਾਲ ਹਰਿਦੁਵਾਰ ਜਾਂਦਾ ਹਾਂ। ਮੈਨੂੰ ਉੱਥੇ ਇਕ ਸੰਤ ਮਿਲਿਆ ਸੀ। ਜਿਸ ਨੂੰ ਮੈਂ ਭੱਟਾਚਾਰੀਆਂ ਦਾ ਨਾਂ ਦਿੱਤਾ ਕਹਾਣੀ ਵਿਚ। ਉਸ ਨੇ ਮੈਨੂੰ ਗੱਲਾਂ ਬਹੁਤ ਸੁਣਾਈਆਂ। ਉਹ ਗੱਲਾਂ ਮੇਰੇ ਅਵਚੇਤਨ ਵਿਚ ਬਹੁਤ ਸਾਲ ਪਈਆਂ ਰਹੀਆਂ। ਫਿਰ ਕਈ ਸਾਲਾਂ ਬਾਅਦ ਇਸ ਕਹਾਣੀ ਰਾਹੀਂ ਨਿਕਲੀਆਂ।


**ਭਗਵੰਤ ਰਸੂਲਪੁਰੀ**- ਆਪਾਂ ਇਸ ਗੋਸ਼ਟੀ 'ਚ ਕਹਾਣੀ ਦੇ ਪਾਤਰਾਂ ਬਾਰੇ ਗੱਲਾਂ ਕੀਤੀਆਂ ਨੇ। ਫਿਰ ਵੀ ਪਾਤਰਾਂ ਬਾਰੇ ਬਹੁਤ ਸਾਰੀਆਂ ਗੱਲਾਂ ਰਹਿ ਗਈਆਂ ਨੇ। ਮੈਂ ਕਦੇ ਕਦੇ ਸੋਚਦਾ ਹਾਂ ਕਿ ਜਿਸ ਰੂਪ ਵਿਚ ਪਾਤਰ ਕਹਾਣੀ 'ਚ ਪੇਸ਼ ਹੁੰਦਾ ਏ ਕੀ ਉਸੇ ਰੂਪ ਵਿਚ ਸਮਾਜ ਵਿਚ ਵੀ ਮੌਜੂਦ ਹੁੰਦਾ ਏ। ਮੈਂ ਜੇ ਆਪਣੀ ਗੱਲ ਕਰਾਂ ਤਾਂ ਮੈਂ ਸਮਾਜ 'ਚ ਵਿਚਰਦੇ ਕਈ ਪਾਤਰਾਂ ਵਿੱਚੋਂ ਇਕ ਪਾਤਰ ਘੜ ਲੈਂਦਾ ਹਾਂ। ਜਦੋਂ ਅਸੀਂ ਇਕ ਕਹਾਣੀਕਾਰ ਦੀਆਂ ਸਮੁੱਚੀਆਂ ਕਹਾਣੀਆਂ ਦੇ ਪਾਤਰਾਂ ਦੀ ਪਰਖ ਕਰੀਏ ਤਾਂ ਸਾਨੂੰ ਕਈ ਪਾਤਰਾਂ 'ਚ ਸਮਾਨਤਾ ਨਜ਼ਰ ਆਉਂਦੀ ਏ। ਕਹਾਣੀ ਦੇ ਜੋ ਪਾਤਰ ਹੁੰਦੇ ਨੇ ਉਨ੍ਹਾਂ ਦਾ ਵਜੂਦ ਇਕੱਲਿਆ ਦਾ ਕੋਈ ਨਹੀਂ ਹੁੰਦਾ ਉਹ ਆਪਣੇ ਨਾਲ ਦੇ ਪਾਤਰਾਂ ਨਾਲ ਉਸਰਦੇ ਹਨ। ਉਹ ਪਾਤਰ ਕਿੰਨਾ ਕਿ ਕਹਾਣੀ 'ਚ ਖੁਦਮੁਖਤਾਰ ਆਪਣੀ ਹੋਂਦ ਗ੍ਰਹਿਣ ਕਰਦਾ ਏ ਇਹ ਕਹਾਣੀਕਾਰ ਨੇ ਨਿਰਭਰ ਕਰਦਾ ਏ। ਧੰਨਵਾਦ!


(**ਸਕ੍ਰਿਪਟ ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਈ ਏ**)

**ਪੋਲਿਸ਼ ਕਹਾਣੀ**

# ਇਕ ਨਾਚ, ਇਕ ਟਪੂਸੀ

**ਮੂਲ ਲੇਖਕ :**
**ਆਈਜ਼ਾਕ ਬਸ਼ੇਵਿਸ ਸਿੰਗਰ**
**ਉਲਥਾਕਾਰ : ਮਕਸੂਦ ਸਾਕਿਬ**
**ਲਿੱਪੀਆਂਤਰ : ਜੋਗਿੰਦਰ ਪਾਲ ਮਾਨ**





ਮਕਸੂਦ ਸਾਕਿਬ



ਜੋਗਿੰਦਰ ਪਾਲ ਮਾਨ

ਬਾ'ਜ਼ੀਂ ਵਾਰ ਮਕਾਨਾਂ ਦੇ ਮੁਹਾਂਦਰੇ ਸਗਵੇਂ ਆਪਣੇ ਵਾਸੀਆਂ ਤੇ ਹੋਂਦੇ ਨੇਂ। ਚਾਚੇ ਜੈਖ਼ਾਇਲ ਦੇ ਸਾਲ਼ੇ ਲਈਰਜ਼ ਦਾ ਮਕਾਨ ਵੀ ਕੁਝ ਇੰਜ ਦਾ ਈ ਸੀ। ਲਏਰਜ਼ ਚਾਚੇ ਦਾ ਪਿਛਲਾ ਸਾਲ਼ਾ ਸੀ। ਉਹਦੀ ਭੈਣ ਬੇਲਾ ਮੇਰੀ ਦੂਜੀ ਚਾਚੀ ਸੀ। ਹੁਣ ਉਹ ਜੀਂਦੀ ਨਹੀਂ ਸੀ। ਮੇਰਾ ਮਾਂ ਪਿਉ ਮੈਨੂੰ ਸ਼ਰੀਨ ਲੈ ਕੇ ਪਰਤਿਆ ਤਾਂ ਚਾਚੇ ਤਰੀਜਾ ਵਿਆਹ ਕਰ ਲਿਆ।

ਉੱਚਾ ਲੰਮਾ ਤੇ ਖੁੱਲ੍ਹੇ ਹੱਡਾਂ ਪੈਰਾਂ ਦਾ ਲਈਰਜ਼ ਸੱਠਾਂ ਨੂੰ ਅੱਪੜਿਆ ਹੋਇਆ ਸੀ। ਜਵਾਨੀ ਵਿਚ ਉਹ ਸ਼ੀਂਹ ਵਾਕਣ ਸੀ, ਪਰ ਏਸ ਉਮਰੇ ਮੁਸੀਬਤਾਂ ਹੱਥੋਂ ਝੌਂ ਗਿਆ ਹੋਇਆ ਸੀ। ਹਰਨੀਏ ਦਾ ਰੋਗੀ ਸੀ। ਇਕ ਟੰਗ ਕੁਝ ਮਰੇੜੀ ਸਾਸੂ, ਜੇਹਦੀ ਪਾਰੋਂ ਥੋੜਾ ਲੰਵਾ ਕੇ ਟੁਰਦਾ ਸੀ। ਕਣਕ ਜ਼ਖ਼ੀਰਾ ਕੀਤੀ ਹੋਈ ਸਾਸੂ, ਉਹਨੂੰ ਅੱਗ ਲੱਗੀ ਤੇ ਸਾਰੀ ਸੜਕੇ ਸਵਾਹ ਹੋ ਗਈ। ਇੰਜ ਉਹਦਾ ਵਪਾਰ ਦਾ ਮਤਾ ਵੀ ਜਾਂਦਾ ਰਿਹਾ। ਵੱਡੀਆਂ ਦੋ ਕਾਕੀਆਂ ਕੇਕ ਖਤਾਈਆਂ ਤੇ ਡਬਲਰੋਟੀਆਂ ਪਕਾ ਕੇ ਜਿਹੜੇ ਚਾਰ ਛਿੱਲੜ ਵਟਦੀਆਂ ਉਹਨਾਂ ਤੇ ਉਹਦਾ ਵੀ ਡੰਗ ਪਿਆ ਟੱਪਦਾ ਸੀ। ਅਸਲ ਵਿਚ ਸਾਰੀ ਮੰਦਹਾਲੀ ਦਾ ਮੂਲ ਉਹਦੀਆਂ ਤਿੰਨ ਧੀਆਂ ਈ ਸਨ, ਰਾਕੇਲ਼, ਲੀ ਤੇ ਫ਼ੀਗਲ। ਤਿੰਨੇ ਬੁੱਢ ਕਵਾਰੀਆਂ ਸਨ। ਪਿੰਡ ਸਾਰਾ ਯਹੂਦੀ ਹੋਵੇ ਤੇ ਇਕੱਠੀਆਂ ਤਿੰਨ ਕੁੜੀਆਂ ਵਿਹੜਿਉਂ ਨਾ ਉੱਠ ਸਕਣ। ਇਹ ਕਿਵੇਂ ਹੋ ਸਕਦਾ ਸੀ? ਸ਼ਰੀਨ ਦਾ ਹਰ ਬੰਦਾ ਏਹੋ ਸੋਚਦਾ ਸੀ। ਮੇਰੀ ਜਾਚੇ ਹਰ ਬੰਦੇ ਤੋਂ ਚੋਖਾ ਲਈਰਜ਼ ਤੇ ਉਹਦੀਆਂ ਧੀਆਂ ਵੀ ਏਹੋ ਸੋਚਦੀਆਂ ਰਹਿੰਦੀਆਂ ਸਨ।

ਉਹਨਾਂ ਦੇ ਮਕਾਨ ਤੇ ਈ ਆਉਨੇ ਆਂ। ਉਹਦੀਆਂ ਕੰਧਾਂ ਢੇਰ ਈ ਚੌੜੀਆਂ ਸਨ, ਛੱਤ ਉੱਲੀ ਨਾਲ ਹਰੀ ਕਚੂਰ ਹੋਈ ਹੋਈ ਸੀ ਤੇ ਚਿਮਨੀ ਸਾਫ਼ ਕੀਤੀ ਨਾ ਕੀਤੀ, ਹਰ ਵੇਲੇ ਧੂੰ ਤੇ ਲੰਬਾਂ ਕੱਢਦੀ ਰਹਿੰਦੀ। ਚਿਮਨੀਆਂ ਸਾਫ਼ ਕਰਨ ਵਾਲਾ ਗ਼ਜ਼ਮੇਕ ਸਹੁੰ ਖਾਂਦਾ ਸੀ ਪਈ ਉਹਨੇ ਇਕ ਵਾਰੀ ਆਪਣੀ ਅੱਖੀਂ ਚਿਮਨੀ ਵਿਚ ਇਕ ਭੂਤਨਾ ਬੈਠਾ ਵੇਖਿਆ ਸੀ, ਕਾਲ਼ਾ ਧੂੰ, ਅੱਗੋਂ ਪਿੱਛੋਂ ਕੁੱਬ ਨਿਕਲਿਆ ਹੋਇਆ, ਸਿਰ ਤੇ ਬੋਦੀ ਤੇ ਧੁੰਨੀ ਤੀਕਰ ਲੰਮਾ ਨੱਕ। ਜਿਵੇਂ ਉਥੇ ਈ ਰਹਿੰਦਾ ਹੋਵੇ। ਇਹ ਭੂਤਨਾ ਗਵਾਂਢੀਆਂ ਦੀ ਕੁੜੀ ਨੂੰ ਦਿਸਿਆ ਸੀ। ਅੱਧੀ ਰਾਤ ਨੂੰ ਇਕ ਵਾਰੀ ਜਦੋਂ ਉਹ ਕੱਪੜਿਆਂ ਦਾ ਮੈਲ਼ਾ ਪਾਣੀ ਰੋੜ੍ਹਨ ਬੰਨੇ ਨਿੱਕਲੀ ਤਾਂ ਉਹਦੇ ਕੰਨਾਂ ਵਿਚ ਕਿਸੇ ਦੇ ਕਿਲਕਾਰੀਆਂ ਮਾਰਨ ਦਾ ਵਾਜ ਪਿਆ। ਜੈਂ ਵੇਲੇ ਉਹਨੇ ਨਜ਼ਰਾਂ ਚਾ ਕੇ ਲਈਰਜ਼ ਕਿਆਂ ਦੀ ਛੱਤ ਵੱਲ ਵੇਖਿਆ ਤਾਂ ਉਹਨੂੰ ਉਹ ਮਖ਼ਲੂਕ ਚਿਮਨੀ ਦੀ ਟੀਸੀ ਤੇ ਬੈਠੀ ਇਸ਼ਾਰੇ ਕਰਦੀ ਨਜ਼ਰੀਂ ਪਈ। ਨਾਲ ਨਾਲ ਉਹ ਆਪਣੀ ਬੇਲਚੇ ਵਰਗੀ ਜਿਭ ਵੀ ਬਾਹਰ ਨੂੰ ਕੱਢਦੀ ਸੀ।

ਸਮਝ ਨਹੀਂ ਸੀ ਆਂਵਦੀ ਮਕਾਨ ਬਣਾਵਣ ਵਾਲੇ ਨੇ ਏਹਦੀਆਂ ਕੰਧਾਂ ਗਜ਼ ਗਜ਼ ਚੌੜੀਆਂ, ਮੱਥਾ ਬਾਰੀਉਂ ਵਾਂਝਿਆ ਤੇ ਡਿਉੜ੍ਹੀ ਲੰਮ ਸਲੰਮੀ ਤੇ ਦਿਨ ਵੇਲੇ ਵੀ ਘੁੱਪ ਹਨੇਰੀ ਕਿਉਂ ਰੱਖੀ ਸੀ? ਫੇਰ ਏਹ ਪਈ ਛੱਤਾਂ ਨੀਵੀਂਆਂ, ਏਡ ਭਾਰੀਆਂ ਤੇ ਪੜਛੱਤੀਆਂ ਬੇਹਿਸਾਬੀਆਂ ਉੱਚੀਆਂ ਕਿਉਂ ਬਣਾਈਆਂ ਸਨ? ਏਹਨਾਂ ਸਵਾਲਾਂ ਦਾ ਕਿਸੇ ਕੋਲ਼ ਵੀ ਕੋਈ ਜਵਾਬ ਨਹੀਂ ਸੀ, ਕਿਉਜੋ ਮਕਾਨ ਨੂੰ ਬਣਿਆਂ ਦੋ ਸੌ ਵਰ੍ਹੇ ਪਏ ਹੋਂਦੇ ਸਨ। ਸੌੜੀਆਂ ਜੇਹੀਆਂ ਤੇ ਵਿੰਗੀਆ ਜੇਹੀਆਂ ਬਾਰੀਆਂ ਸਨ, ਜੇਹੜੀਆਂ ਦਰਿਆ ਤਾਈਂ ਅੱਪੜਦੀ ਦਲਦਲ ਨੂੰ ਖੁੱਲ੍ਹਦੀਆਂ ਸਨ। ਹੁਨਾਲ਼ਾਂ ਦੀਆਂ ਅਨ੍ਹੇਰੀਆਂ ਰਾਤਾਂ ਵਿਚ ਏਸ ਦਲਦਲ ਉੱਤੇ ਅਜਬ ਜੇਹਾ ਚਾਨਣ ਲਹਿਰਦਾ ਵਖਾਲ਼ੀ ਦੇਂਦਾ ਸੀ। ਲੋਕੀਂ ਦੱਸਦੇ ਸਨ, ਏਸ ਚਾਨਣ ਦੀ ਸੂੰਹ ਕੱਢਣ ਗਿਆ ਮੁੜਕੇ ਕਦੀਂ ਨਹੀਂ ਆਇਆ।

ਲਈਰਜ਼ ਦੀਆਂ ਆਂਦਰਾਂ ਨਲ਼ਾਂ ਵਿਚ ਆਣ ਪੈਂਦੀਆਂ ਸਨ ਤੇ ਉਹਨਾਂ ਨੂੰ ਮੁੜਕੇ ਥਾਂ ਟਿਕਾਣੇ ਕਰਨ ਦਾ ਵਲ਼ ਪੂਰੇ ਸ਼ਰੀਨ ਵਿਚ ਇਕ ਜ਼ਨਾਨੀ ਨੂੰ ਈ ਆਂਵਦਾ ਸੀ। ਲੋਕੀਂ ਟਿਚਕਰਾਂ ਕਰਦੇ ਪਈ ਜੇ ਏਹ ਜ਼ਨਾਨੀ ਵੀ ਨਾ ਹੁੰਦੀ ਤਾਂ ਲਈਰਜ਼ ਚਰੋਕਣਾ ਨਿਭ ਗਿਆ ਹੁੰਦਾ। ਲਈਰਜ਼ ਲਈ ਇਹ ਢੇਰ ਨਮੋਸ਼ੀ ਵਾਲ਼ੀ ਗੱਲ ਸੀ ਕਿ ਇਕ ਓਪਰੀ ਜ਼ਨਾਨੀ ਉਹਦੇ ਨੰਗ ਨੂੰ ਹੱਥ ਲਾਂਦੀ ਸੀ। ਪਰ ਜੀਵਣ ਮਰਨ ਦੇ ਮਾਮਲਿਆਂ ਵਿਚ ਅਜਿਹੀਆਂ ਗੱਲਾਂ ਬੇਵੁਕੱਅਤ ਹੋਂਦੀਆਂ ਨੇਂ। ਏਹ ਜ਼ਨਾਨੀ ਪੈਸਾ ਧੇਲਾ ਕੋਈ ਨਹੀਂ ਸੀ ਲੈਂਦੀ। ਏਹਦੇ ਭਾਣੇ ਇਹ ਕੋਈ ਵੱਡਾ ਨੇਕੀ ਦਾ ਕੰਮ ਸੀ। ਏਹਦੋਂ ਅੱਡ ਏਹਦੇ ਕੋਲ਼ ਨਜ਼ਰ ਤੇ ਚੂਚਿਆਂ ਦੇ ਜਾਦੂ ਟੂਣੇ ਦਾ ਵੀ ਤੋੜ ਸੀ।

ਮੇਰੇ ਮਾਪੇ ਤੇ ਮੈਂ ਸ਼ੀਰਨ ਆਏ ਤਾਂ ਲੀ ਚਾਲ੍ਹੀਆਂ ਤੋਂ ਟੱਪੀ ਖਲ੍ਹੀ ਸੀ। ਲੰਮੀ ਚੌੜੀ ਪਿਉ ਵਾਕਣ ਮਰਦਾਵੇਂ ਹੱਥ, ਤੇ ਮੂੰਹ ਸਗਵਾਂ ਉਹਦੀਆਂ ਆਪਣੀਆਂ ਪਕਾਈਆਂ ਰੋਟੀਆਂ ਜੇਹਾ ਠੁੱਲ੍ਹਾ ਤੇ ਰੱਤਾ। ਲੱਖ ਜਤਨ ਕੀਤਿਆਂ ਵੀ ਉਹ ਮੂੰਹੋਂ ਇਕ ਲਫ਼ਜ਼ ਨਾ ਫੁੱਟਦੀ। ਟਿੱਲ ਵਿੱਚ ਵੀ ਉਹ ਸਗਵੀਂ ਬੰਦਿਆਂ ਵਾਕਣ ਸੀ। ਲੱਕੜਾਂ ਪਾੜਦੀ, ਖੂਹ ਤੋਂ ਪਾਣੀ ਢੋਂਦੀ, ਆਟਾ ਪੀਹਣੀ ਤੋਂ ਆਟੇ ਦੀਆਂ ਬੋਰੀਆਂ ਕੰਡ ਉੱਤੇ ਚੁੱਕ ਕੇ ਲੈ ਆਂਵਦੀ। ਏਡੇ ਭਾਰੇ ਕੰਮ ਕਰ ਕੇ ਵੀ ਉਹ ਬਹੁੰ ਸੋਹਣੀ ਸੀ। ਨੱਕ-ਨਕਸ਼ਾ ਸਾਵਾਂ ਤੇ ਕਾਲ਼ੀਆਂ ਅੱਖਾਂ ਜਗਦੀਆਂ ਵਖਾਲ਼ੀ ਦੇਂਦੀਆਂ ਸਨ।

ਮੈਂ ਲੋਕਾਂ ਥੀਂ ਸੁਣਿਆ ਪਈ ਇਕ ਵਾਰ ਉਹ ਆਟਾ ਪੀਹਣੀ ਤੋਂ ਬੋਰੀ ਚਾਈ ਮੁੜਦੀ ਪਈ ਸੀ ਕਿ ਦੋ ਡਾਕੂ ਆਣ ਪਏ। ਇਕ ਨੇ ਰਫ਼ਲ ਉਹਦੀ ਹਿੱਕ ਤੇ ਧਰ ਦਿੱਤੀ। ਲੀ ਨੇ ਝੱਟ ਨਾ ਲਾਇਆ ਤੇ ਰਫ਼ਲ ਖੋਹ ਕੇ ਦੋ ਟੋਟੇ ਕਰ ਦਿੱਤੀ। ਮੁੜ ਬੱਟ ਨਾਲ਼ ਦੋਵਾਂ ਨੂੰ ਐਨਾ ਕੁ ਪਿੰਜਿਆ ਕਿ ਉਹਨਾਂ ਕੋਲ਼ ਨੱਸੇ ਬਿਨਾ ਰਾਹ ਨਾ ਰਿਹਾ। ਪੁਲ਼ਸ ਨੇ ਉਹਨਾਂ ਨੂੰ ਫੜਿਆ ਤੇ ਜੇਲ੍ਹ ਤੋਂ ਪਹਿਲਾਂ ਹਸਪਤਾਲ ਖੜਨਾ ਪਿਆ।

ਰਾਕੇਲ ਲੀ ਤੋਂ ਨਿੱਕੀ ਸੀ ਪਰ ਵਜੂਦ ਵਿਚ ਸਗਵੀਂ ਲੀ ਈ ਵੇਖ ਛੱਡੋ। ਪਰ ਉਹ ਜੇਡੀ ਨਿੱਗਰ, ਖਰਵੀ ਤੇ ਅਮੋੜ ਸੀ ਰਾਕੇਲ ਉਤਨੀ ਈ ਲਿੱਸੀ, ਕੂਲ਼ੀ ਤੇ ਸਾਊ ਸੀ। ਲੀ ਨੂੰ ਕਿਸੇ ਦੀ ਮਜਾਲ ਨਹੀਂ ਸੀ ਵਿਆਹ ਦਾ ਪੁੱਛ ਜਾਏ, ਪਰ ਰਾਕੇਲ ਨੂੰ ਹਰ ਕੋਈ ਪੁੱਛ ਲੈਂਦਾ ਸੀ। ਉਹਦਾ ਵਲਦਾ ਹਰ ਇਕ ਨੂੰ ਇੱਕੋ ਹੋਂਦਾ, "ਕਿਸੇ ਦੀ ਰੋਟੀ ਵਰਜੀਏ ਤਾਂ ਪਹਿਲਾਂ ਸਲੂਣਾ ਵਰਤਾਈਏ ਮੁੜ ਮਿੱਠਾ।"

ਮੈਨੂੰ ਚੇਤੇ ਏ, ਇਕ ਵਾਰੀ ਮੇਰੀ ਮਾਂ ਨੇ ਉਹਨੂੰ ਆਖਿਆ, "ਮਿੱਠਾ ਪਹਿਲਾਂ ਵਰਤਾਣਾ ਏਡਾ ਈ ਭੈੜਾ ਹੋਂਦਾ ਏ?" ਕਿਸੇ ਕਿਤਾਬ ਵਿਚ ਲਿਖਿਆ ਹੋਇਆ ਏ!" ਰਾਕੇਲ ਨੇ ਬੜੇ ਧਿਆਨ ਨਾਲ਼ ਸੁਣਿਆ ਤੇ ਫੇਰ ਆਖਿਆ, "ਰਿਵਾਜ ਈ ਏਹੋ ਏ ਪਈ ਪਹਿਲਾਂ ਅਗਲੇ ਦੇ ਸਾਹਮਣੇ ਸਲੂਣਾ ਰੱਖੋ ਤੇ ਫੇਰ ਮਿੱਠਾ।"

ਲੀ ਆਟਾ ਗੁਨ੍ਹਦੀ, ਡਬਲਰੋਟੀਆਂ ਬਣਾਂਦੀ, ਭੱਠੀ ਵਿਚ ਧਰਦੀ ਤੇ ਫੇਰ ਤਿਆਰ ਮਾਲ ਬੰਨੇ ਕੱਢਦੀ। ਵੇਚਣ ਦੀ ਜ਼ਿੰਮੇਵਾਰੀ ਰਾਕੇਲ ਦੀ ਸੀ। ਹਰ ਜੁਮੇਰਾਤ ਉਹ ਕੇਕ, ਡਬਲਰੋਟੀਆਂ, ਖਤਾਈਆਂ ਤੇ

ਬਿਸਕੁਟ ਇਕ ਪੱਛੀ ਵਿਚ ਪਾ ਕੇ ਬਜ਼ਾਰ ਵਿਚ ਖਲੋ ਜਾਂਦੀ। ਜੁਮੇ ਦਿਹਾੜੇ ਉਹ 'ਹਲਾ' ਤੇ 'ਸਬਾਥ' ਖਤਾਈਆਂ ਵੀ ਵੇਚਦੀ।

ਦੋਵਾਂ ਤੋਂ ਛੋਟੀ ਫ਼ੀਗਲ ਉਹਨਾਂ ਵੇਲਿਆਂ ਵਿਚ ਮਸਾਂ ਉੱਨਤੀਆਂ ਵਰ੍ਹਿਆਂ ਦੀ ਸੀ। ਰਿਸ਼ਤੇ ਕਰਾਵਣ ਵਾਲ਼ਿਆਂ ਹਾਲੇ ਉਹਦੇ ਲਈ ਵਰ ਦੀ ਭਾਲ਼ ਨਹੀਂ ਸੀ ਛੱਡੀ। ਉਹਦੀ ਮਾਂ ਉਹਨੂੰ ਜੰਮਦਿਆਂ ਮਰ ਗਈ ਸੀ। ਆਪਣੀਆਂ ਭੈਣਾਂ ਦੇ ਉਲ਼ਟ ਉਹ ਸੋਹਣੀ ਤੇ ਛੀਟਕੇ ਵਜੂਦ ਦੀ ਸੀ। ਟੱਬਰ ਦੇ ਕਿਸੇ ਇਕ ਜੀ ਨਾਲ਼ ਵੀ ਉਹ ਨਹੀਂ ਸੀ ਰਲ਼ਦੀ। ਆਂਹਦੇ ਸਨ ਪਈ ਉਹ ਖਣਵਾਦੇ ਦੀ ਇਕ ਪੜਮਾਸੀ ਤੇ ਗਈ ਸੀ। ਤਿੰਨ ਵਾਰਾਂ ਉਹ ਮੰਗੀ ਗਈ। ਉਹਦਾ ਪਹਿਲਾ ਮੰਗੇਤਰ ਰੱਬ ਦੀ ਆਈ ਨਾਲ਼ ਟੁਰਦਾ ਹੋਇਆ। ਦੂਜੇ ਨੂੰ ਮੰਗੇਵੇਂ ਦੇ ਕਾਗ਼ਜ਼ ਉਹਨੇ ਆਪ ਮੋੜ ਛੱਡੇ। ਤਰੀਜਾ ਲਾਮ ਤੇ ਗਿਆ ਤੇ ਮੁੜ ਕਿਸੇ ਨਾ ਉਹਦਾ ਸੁਣਿਆ।

ਲੀ ਤੇ ਫ਼ੀਗਲ ਨੂੰ ਦਸਾਂ ਵਰ੍ਹਿਆਂ ਤੋਂ ਚੋਖਾ ਵੇਲਾ ਪਿਆ ਹੋਂਦਾ ਸੀ, ਇਕ ਦੂਜੀ ਨਾਲ਼ ਕਲਾਮ ਕੀਤਿਆਂ। ਏਥੋਂ ਤਾਈਂ ਕਿ ਉਹ ਇਕ ਦੂਜੀ ਵੱਲ ਤੱਕਦੀਆਂ ਵੀ ਨਹੀਂ ਸਨ। ਫ਼ੀਗਲ ਨੂੰ ਗਾਵਣ ਦਾ ਸ਼ੌਂਕ ਸੀ। ਇਕ ਬਿੱਲੀ ਵੀ ਉਹਨੇ ਰੱਖੀ ਹੋਈ ਸੀ। ਪਿਉ ਨੇ ਉਹਨੂੰ ਇਕ ਸਿਲਾਈ ਮਸ਼ੀਨ ਲਿਆ ਦਿੱਤੀ ਹੋਈ ਸੀ ਤੇ ਉਹ ਦਰਜ਼ਣ ਬਣੀ ਕਮੀਜ਼ਾਂ, ਮਰਦਾਵੇਂ ਜਾਂਘੀਏ ਤੇ ਚੋਲ਼ੀਆਂ ਸਿਉਂਦੀ ਰਹਿੰਦੀ। ਵਿਆਹ ਸ਼ਾਦੀਆਂ ਕਰਾਵਣ ਵਾਲ਼ਿਆਂ ਨਾਲ਼ ਉਹਦੀਆਂ ਢੇਰ ਗੱਲਾਂ ਹੋਂਦੀਆਂ। ਕੋਈ ਮਾੜਾ ਮੋਟਾ ਜਚਦਾ ਪੁੱਜਦਾ ਰਿਸ਼ਤਾ ਆਂਵਦਾ ਤਾਂ ਉਹ ਫ਼ੀਗਲ ਨਾਲ਼ ਮਿਲਾਣ ਤੇ ਗੱਲ-ਕਥ ਦਾ ਵੀ ਸਰਬੰਧ ਕਰ ਦੇਂਦੇ। ਵੱਖਰੀ ਗੱਲ ਏ ਪਈ ਨਿਕਲਦਾ ਕੁਝ ਵੀ ਨਾ। ਫ਼ੀਗਲ ਅਕਸਰ ਮੇਰੀ ਮਾਂ ਕੋਲ਼ ਆਈ ਰਹਿੰਦੀ। ਉਹ ਸਨਾ ਪੰਦਰ੍ਹਾਂ ਦੇ ਹਫ਼ਤੇ ਦੀਆਂ ਬੜੀਆਂ ਬੜੀਆਂ ਡਰਾਉਣੀਆਂ ਕਹਾਣੀਆਂ ਸੁਣਾਂਦੀ ਤੇ ਲਾਮ ਦੇ ਸਮੇਂ ਸਮਗਲਰ ਬਣ ਜਾਣ ਵਾਲ਼ੀਆਂ ਕੁੜੀਆਂ ਤੇ ਜ਼ਨਾਨੀਆਂ ਦੇ ਕਿੱਸੇ ਛੇੜੀ ਰੱਖਦੀ। ਉਹ ਦੱਸਦੀ ਪਈ ਆਸਟਰੀਆ ਦੇ ਫ਼ੌਜੀ ਉਹਨਾਂ ਦੇ ਕੱਪੜੇ ਲੁਹਾ ਕੇ ਤਲਾਸ਼ੀ ਲੈਂਦੇ ਤੇ ਵਜੂਦ ਦੇ ਉਹਨਾਂ ਹਿੱਸਿਆ ਨੂੰ ਫਰੋਲਦੇ ਜਿੱਥੇ ਕੋਈ ਵੀ ਜ਼ਨਾਨੀ ਕਿਸੇ ਬਗਾਨੇ ਬੰਦੇ ਦੀ ਝਾਤ ਵੀ ਨਹੀਂ ਸੀ ਸਹਿੰਦੀ। ਮੇਰੀ ਮਾਂ ਅੱਗੋਂ ਆਪਣਾ ਵਿੱਗ ਵਾਲ਼ਾ ਸਿਰ ਮਾਰਦੀ ਆਖਦੀ, "ਇਹ ਸਭ ਸਾਡੇ ਮੁੱਢ ਕਦੀਮੀ ਦੇਸ ਨਕਾਲ਼ੇ ਦੀਆਂ ਖਿੱਟਾਂ ਨੇਂ।"

ਫ਼ੀਗਲ ਲੀ ਨੂੰ ਜਾਦੂ ਟੂਣੇ ਦਾ ਦੋਸ ਦੇਂਦੀ ਆਖਦੀ ਪਈ ਸੀ, ਉਹਨੂੰ ਨਾ ਤੇ ਆਪ ਨੂੰ ਵਿਆਹ ਦੀ ਖ਼ਾਹਿਸ ਸੀ ਤੇ ਨਾ ਈ ਉਹਨੇ ਰਾਕੇਲ ਨੂੰ ਘਰ ਵਸਾਣ ਦਿੱਤਾ। ਫ਼ੀਗਲ ਜਿੰਨੀ ਵਾਰੀ ਵੀ ਮੰਗੀ ਗਈ ਲੀ ਨੇ ਉਤਨੀ ਵਾਰ ਈ ਉਹਦੇ ਤੇ ਤਵੀਤ ਕਰ ਦਿੱਤੇ। ਫ਼ੀਗਲ ਮੇਰੀ ਮਾਂ ਨੂੰ ਆਖਦੀ, "ਤਾਈ ਜੀ, ਲੀ ਜ਼ਨਾਨੀ ਨਹੀਂ ਬੰਦਾ ਏ ਬੰਦਾ।"

ਮੇਰੀ ਮਾਂ ਉਹਨੂੰ ਛੇੜਦਿਆਂ ਆਖਦੀ, "ਕੀ ਗੱਲਾਂ ਮਾਰੀ ਆਉਨੀ ਏਂ, ਉਹਦੀਆਂ ਤਾਂ ਚੰਗੀਆਂ ਭਲੀਆਂ ਛਾਤੀਆਂ ਵੀ ਨੇ।"

"ਉਹਦੇ ਪੈਰ ਵੀ ਤੇ ਬਹੁਸ਼ਾਂ ਵਾਲ਼ੇ ਨੇਂ। ਰੱਬ ਤੋਂ ਭੁੱਲ ਹੋ ਗਈ ਏ।"

"ਇਹ ਕਿਵੇਂ ਆਖ ਸਕਨੀ ਏਂ? ਰੱਬ ਤੋਂ ਭੁੱਲ ਨਹੀਂ ਹੋ ਸਕਦੀ।"

"ਜੇ ਇੰਜ ਏ ਤਾਂ ਫੇਰ ਲੀ ਜਮਾਂਦਰੂ ਮੂਰਖ ਏ।"

ਉਹਨਾਂ ਦਾ ਟੱਬਰ ਸਾਡੇ ਮੇਲ਼ ਦਾ ਨਹੀਂ ਸੀ। ਚਾਚੇ ਜੈਖਾਇਲ ਦਾ ਉਹਨਾਂ ਦੀ ਫੁੱਫੀ ਨਾਲ਼ ਪਿਆਰ ਦਾ ਵਿਆਹ ਸੀ, ਨਹੀਂ ਤਾਂ, ਉਹ ਕਿਤੇ ਨੀਵੀਂ ਸੀ। ਫ਼ੀਗਲ ਮੇਰੀ ਮਾਂ ਨੂੰ "ਤਾਈ" ਆਖਦੀ ਤਾਂ ਸਾਨੂੰ ਲੱਗਦਾ ਜਿਵੇਂ ਕਿਸੇ ਸਾਡੀ ਬੇਇੱਜ਼ਤੀ ਕਰ ਦਿੱਤੀ ਹੋਵੇ, ਪਰ ਮੇਰੀ ਮਾਂ ਲਈਰਜ਼ ਦੀਆਂ ਧੀਆਂ ਨੂੰ

ਯਤੀਮਣੀਆਂ ਸਮਝ ਕੇ ਤਰਸ ਖਾਂਦੀ। ਉਹ ਮੈਨੂੰ ਕਦੀਂ ਖਤਾਈਆਂ ਲੈਣ ਤੇ ਕਦੀਂ ਫ਼ੀਗਲ ਤੋਂ ਕਮੀਜ਼ਾਂ ਸਿਵਾਣ ਘੱਲ ਦੇਂਦੀ। ਮੇਚਾ ਦੇਂਦਿਆਂ ਫ਼ੀਗਲ ਦੀਆਂ ਉਂਗਲਾ ਨਾਲ਼ ਮੈਨੂੰ ਕੁਤਕਤਾੜੀਆਂ ਜੇਹੀਆਂ ਹੋਵਣ ਲੱਗਦੀਆਂ ਤੇ ਮੇਰਾ ਹਾਸਾ ਨਿਕਲ਼ ਪੈਂਦਾ। ਲੀ ਦੀਆਂ ਛਾਤੀਆਂ ਬਾਰੇ ਮਾਂ ਦੀ ਕੀਤੀ ਗੱਲ ਹਰ ਵੇਲੇ ਮੇਰੇ ਦਿਮਾਗ ਵਿਚ ਰਹਿੰਦੀ। ਉਦੋਂ ਮੇਰੀ ਜਾਚੇ ਬਾਲਾਂ ਨੂੰ ਦੁੱਧ ਪਿਆਵਣ ਵਾਲੀਆਂ ਜਨਾਨੀਆਂ ਦੀਆਂ ਈ ਛਾਤੀਆਂ ਹੋਂਦੀਆਂ ਸਨ। ਲੀ ਦੀਆਂ ਛਾਤੀਆਂ ਤੇ ਢੇਰ ਵੱਡੀਆਂ ਸਨ ਪਰ ਉਹਦੀ ਵਾਜ ਮਰਦਾਂ ਵਾਕਣ ਗੰਭੀਰ ਸੀ। ਕਿੱਧਰੇ ਉਹ ਤਾਲਮਦ ਵਿਚ ਦੱਸੀਆਂ ਹੋਈਆਂ ਦੁਲਿੰਗੀ ਜ਼ਨਾਨੀਆਂ ਵਿਚੋਂ ਤਾਂ ਨਹੀਂ ਸੀ? ਮੈਨੂੰ ਉਹਦੇ ਤੋਂ ਟੋਇਆਂ ਟਿੱਬਿਆਂ ਵਾਲ਼ੇ ਅਨ੍ਹੇਰੇ ਰਾਹ ਵਾਕਣ ਈ ਡਰ ਆਂਵਦਾ ਸੀ। ਕਹਾਣੀਆਂ ਵਾਲ਼ੀਆਂ ਕਿਤਾਬਾਂ ਤੋਂ ਮੈਨੂੰ ਪਤਾ ਸੀ ਪਈ ਏਹੋ ਜੇਹੀਆਂ ਭੈੜੀਆਂ ਜ਼ਨਾਨੀਆਂ ਵੀ ਹੋਂਦੀਆਂ ਨੇਂ ਜੇਹੜੀਆਂ ਬਦਰੂਹਾਂ ਨਾਲ਼ ਭੋਗ ਕਰਕੇ ਭੂਤਨੇ ਭੂਤਨੀਆਂ ਜੰਮਦੀਆਂ ਨੇਂ। ਭਾਵੇਂ ਤੇ ਲੀ ਉਸੇ ਚਿਮਨੀ ਵਾਲ਼ੇ ਭੂਤਨੇ ਨਾਲ਼ ਰਲ਼ੀ ਹੋਈ ਸੀ। ਮੈਂ ਫੁੱਟਦੀ ਉਮਰ ਵਿਚ ਸਾਂ। ਏਸ ਕਰਕੇ ਮੈਂ ਬਹੁਤੇ ਤੋਂ ਬਹੁਤਾ ਵੇਲਾ ਤੌਰੇਤ ਦੇ ਛੇਕੜਲੇ ਸਪਾਰੇ ਵਿਚ ਪੜ੍ਹੇ ਹੋਏ ਜ਼ਨਾਨੀਆਂ ਬੰਦਿਆਂ ਦੇ ਸਬੰਧਾਂ ਬਾਰੇ ਵਿਚਾਰਦਾ ਰਹਿੰਦਾ। ਨਾਵਲ ਵੀ ਮੈਨੂੰ ਚੰਗੇ ਲੱਗਣ ਲੱਗ ਪਏ ਸਨ। ਅਸਲੋਂ ਏਹਨਾਂ ਵੇਲਿਆਂ ਵਿਚ ਈ ਮੇਰੀ ਮਾਂ ਨੇ ਫ਼ੀਗਲ ਨੂੰ ਮੇਰੇ ਲਈ ਬਹੁੰ ਸਾਰੇ ਪਜਾਮੇ ਤੇ ਕਮੀਜ਼ਾਂ ਸਿਉਣ ਦਾ ਆਖਿਆ।

ਮੈਂ ਫ਼ੀਗਲ ਕੋਲ ਲਿਲਨ ਲੈ ਕੇ ਗਿਆ। ਜਦੋਂ ਮੈਂ ਉਹਨਾਂ ਦੇ ਘਰ ਦੇ ਨੇੜੇ ਅੱਪੜਿਆ ਤਾਂ ਮੈਂ ਚਿਮਨੀ ਵਿੱਚੋਂ ਗੂੜ੍ਹਾ ਕਾਲ਼ਾ ਧੂੰ ਨਿਕਲ਼ਦਾ ਵੇਖਿਆ। ਮੈਨੂੰ ਧੂੰ ਦੇ ਏਸ ਸੱਖਣੇ ਬੱਦਲ ਵਿਚ ਰਹਿੰਦੇ ਭੂਤਨੇ ਦਾ ਖ਼ਿਆਲ ਆਇਆ। ਬੇਕਰੀ ਕੋਲੋਂ ਲੰਘਦਿਆਂ ਲੀ ਭੈੜੇ ਜੇਹੇ ਕੱਪੜੇ ਤੇ ਵੱਡੇ ਸਾਰੇ ਬੂਟ ਪਾਈ ਖਲੋਤੀ ਵਖਾਲ਼ੀ ਦਿੱਤੀ। ਉਹ ਸੱਜਰੀਆਂ ਪੱਕੀਆਂ ਡਬਲਰੋਟੀਆਂ ਉੱਤੇ ਪਾਣੀ ਦਾ ਤਰੌਂਕਾ ਪਈ ਦੇਂਦੀ ਸੀ ਤੇ ਰੋਟੀਆਂ ਵਿੱਚੋਂ ਭਾਫ਼ ਉੱਡ ਉੱਡ ਕੇ ਉਤਾਂਹ ਜਾਂਦੀ ਪਈ ਸੀ।

ਬੂਹੇ ਦੀ ਸਰਦਲ ਵਾਹਵਾ ਉੱਚੀ ਸੀ, ਮੈਂ ਏਹਦੇ ਤੋਂ ਟੱਪ ਕੇ ਲੰਘਿਆ। ਇਹ ਇਕ ਗਰਮ ਦੇਹਾੜ ਸੀ। ਲਈਰਜ਼ ਦਾ ਬੂਹਾ ਚੌੜ-ਚਪੱਟ ਲੱਥਾ ਸੀ। ਤਮਾਕੂ ਨਾਲ਼ ਉਹਦੀ ਚਿੱਟੀ ਦਾੜ੍ਹੀ ਵਿਚ ਵੱਡੇ ਵੱਡੇ ਖਾਕੀ ਡੱਬ ਪਏ ਹੋਏ ਸਨ। ਇਹ ਸੋਚ ਕੇ ਪਈ ਇਕ ਜ਼ਨਾਨੀ ਉਹਦੇ ਨਲ਼ਾਂ ਦੀ ਮਾਲਸ਼ ਕਰਦੀ ਸੀ ਮੇਰੇ ਅੰਦਰ ਸੂੰਹ ਤੇ ਕਰੈਹਤ ਦਾ ਅਹਿਸਾਸ ਜੇਹਾ ਜਾਗ ਪਿਆ। ਉਹਦਾ ਲੁਹਾਰਖ਼ਾਨਾ ਸੀ, ਜੇਹੜਾ ਵਦਾਣਾਂ, ਆਰਿਆਂ, ਸੰਨ੍ਹੀਆਂ ਪਲਾਸਾਂ, ਪੇਚਕੱਸਾਂ ਤੇ ਛੁਰੀਆਂ ਨਾਲ਼ ਭਰਿਆ ਹੋਇਆ ਸੀ। ਗੁੱਠ ਵਿਚ ਤਖ਼ਤੇ ਉੱਤੇ ਲੋਹੇ ਦੇ ਕੰਦਲੇ ਖਲ੍ਹਾਰੇ ਹੋਏ ਸਨ। ਮੇਰੀ ਮਾਂ ਦੱਸਦੀ ਹੁੰਦੀ ਸੀ ਕਿ ਜਵਾਨੀ ਵਿਚ ਲਈਰਜ਼ ਨੇ ਵੱਟਿਆਂ ਉੱਤੇ ਸਪਰਿੰਗਾਂ ਦੀ ਤਾਕਤ ਨਾਲ਼ ਆਪਣੇ ਆਪ ਚੱਲਣ ਵਾਲ਼ਾ ਪੰਘੂੜਾ ਬਣਾਉਣਾ ਚਾਹਿਆ ਸੀ। ਏਸੇ ਖ਼ਬਤ ਪਾਰੋਂ ਉਹਦਾ ਲੋਹਾਰਾ ਕੰਮ ਠੱਪ ਹੋ ਗਿਆ ਸੀ।

ਘੜੀ ਪਿੱਛੋਂ ਮੈਂ ਫ਼ੀਗਲ ਦੇ ਕਮਰੇ ਵਿਚ ਵੜਿਆ। ਏਥੇ ਸਾਰੇ ਘਰ ਨਾਲ਼ੋਂ ਚੋਖਾ ਚਾਨਣ ਸੀ। ਪਿਉ ਤੇ ਧੀਆਂ ਸਾਂਝੇ ਟੱਬਰ ਵਾਕਣ ਨਹੀਂ ਸਨ ਰਹਿੰਦੇ। ਇੰਜ ਸਨ, ਜਿਵੇਂ ਗਵਾਂਢੀ ਹੋਵਣ। ਕੁਝ ਕਮਰੇ ਉਜਾੜ ਸਨ ਤੇ ਉਹਨਾਂ ਨੂੰ ਹਰ ਵੇਲੇ ਜੰਦਰੇ ਵੱਜੇ ਰਹਿੰਦੇ ਸਨ। ਫ਼ੀਗਲ ਦੇ ਕਮਰੇ ਵਿਚ ਇਕ ਜ਼ਨਾਨਾ ਧੜ ਦੀ ਬੇ ਸਿਰ ਮੂਰਤੀ ਪਈ ਹੋਈ ਸੀ। ਫ਼ੀਗਲ ਦੇ ਵਾਲ਼ਾਂ ਵਿੱਚ ਧਾਗੇ ਅੜੇ ਹੋਏ ਸਨ, ਏਹਨਾਂ ਨਾਲ਼ ਉਹਦੀਆਂ ਅੱਖਾਂ ਵਿਚ ਇਕ ਉਚੇਚਾ ਜਾਦੂ ਜੇਹਾ ਭਰ ਗਿਆ ਹੋਇਆ ਸੀ। ਉਹ ਤਰੀਹਾਂ ਵਰ੍ਹਿਆਂ ਤੋਂ ਕਿਤੇ ਛੋਟੀ ਜਾਪਦੀ ਸੀ। ਉਹ ਬੜੇ ਸਹਿਜ ਨਾਲ਼ ਮਸ਼ੀਨ ਦੇ ਪੈਡਲ ਉੱਤੇ ਪੈਰ ਧਰਦੀ ਤੇ ਆਪਣੀ ਸ਼ਹਾਦਤ ਦੀ ਉਂਗਲ ਨੂੰ ਬੜੇ ਸ਼ਟੋ ਨਾਲ਼ ਸੂਈ ਦੇ ਅੱਗੋਂ ਹਟਾਉਂਦੀ।

ਉਹ ਸਵਾਗਤੀ ਮੁਸਕਾਂਦ ਨਾਲ਼ ਬੋਲੀ, "ਅੱਛਾ ਤੂੰ ਆਇਆ ਏਂ?"

"ਅੰਮਾਂ ਘੱਲਿਆ ਏ।"


"ਤੈਨੂੰ ਆਪਣੀ ਅੰਮਾਂ ਨਾਲ਼ ਪਿਆਰ ਏ।"

ਮੈਂ ਘਾਬਰਿਆ ਖਲੋਤਾ ਸਾਂ, "ਆਹੋ ਤੇ ਹੋਰ ਨਹੀਂ?"

"ਹੈਸਡ ਕਿਸੇ ਜ਼ਨਾਨੀ ਨਾਲ਼ ਮੁਹੱਬਤ ਕਰਨ ਦੀ ਖੁੱਲ੍ਹ ਦੇਂਦਾ ਏ?"

"ਅੰਮਾਂ ਤੇ ਜ਼ਨਾਨੀ ਨਹੀਂ ਹੋਂਦੀ।"

"ਤੇ ਹੋਰ ਕੀ ਹੋਂਦੀ ਏ?"



ਫ਼ੀਗਲ ਮੇਰਾ ਮੇਚਾ ਲੈਣ ਉੱਠ ਖਲੋਤੀ। ਉਹਨੂੰ ਮੇਰੀ ਮਾਂ ਨੇ ਦੱਸਿਆ ਹੋਇਆ ਸੀ ਕਿ ਮੇਰੀ ਧੌਣ ਮੋਟੀ ਹੋ ਗਈ ਸੀ। ਏਸ ਲਈ ਉਹ ਬੜੇ ਧਿਆਨ ਨਾਲ ਮੇਚਾ ਲੈਣ ਲੱਗ ਪਈ। ਉਹਦੀਆਂ ਪੋਰਾਂ ਮੇਰੀ ਠੋਡੀ ਨੂੰ ਲੱਗੀਆਂ ਤਾਂ ਮੈਨੂੰ ਸਹੀ ਹੋਇਆ ਕਿ ਉਹਦੀਆਂ ਉਂਗਲਾਂ ਕੋਸੀਆਂ ਤੇ ਕੂਲ਼ੀਆਂ ਸਨ। ਅਚਨਚੇਤ ਉਹਨੇ ਆਪਣਾ ਸਿਰ ਨਿਵਾਇਆ, ਉਹਦੇ ਵਾਲ਼ ਗੱਲ੍ਹਾਂ ਤੇ ਖਿੱਲਰ ਗਏ ਤੇ ਉਹਨੇ ਮੇਰੇ ਹੋਂਠ ਚੁੰਮ ਘੱਤੇ। ਮੈਥੋਂ ਇਕ ਲਫ਼ਜ਼ ਨਾ ਆਖਣ ਹੋਇਆ।

"ਕਿਸੇ ਨੂੰ ਦੱਸੀਂ ਨਾ।" ਉਹਨੇ ਮੈਨੂੰ ਪੱਕੀ ਕੀਤੀ।

ਅੱਗੋਂ ਕਿੰਨੇ ਅਜਬ ਦਿਨ ਆਂਵਦੇ ਪਏ ਸਨ। ਮੈਨੂੰ ਆਪਣੇ ਤੋਂ ਕੋਈ ਅਪਰਾਧ ਹੁੰਦਾ ਜਾਪਦਾ ਸੀ। ਮੇਰੇ ਦਿਮਾਗ਼ ਵਿਚ ਭੈੜੇ ਭੈੜੇ ਖ਼ਿਆਲ ਆਉਂਦੇ ਰਹਿੰਦੇ। ਕਈਂ ਰਾਤਾਂ ਖ਼ਵਾਬ ਵਿਚ ਮੈਨੂੰ ਆਪਣੀ ਮਸੇਰ ਤਾਬੇ ਨੰਗ-ਮੁਨੰਗੀ ਇੱਕ ਜਾਲ਼ ਵਿਚ ਵਲੇਟੀ ਹੋਈ ਵਖਾਲ਼ੀ ਦੇਂਦੀ ਰਹੀ ਤੇ ਮੈਨੂੰ ਰੋਜ਼ ਲੌਢੇ ਵੇਲੇ ਤਾਈ ਰੋਜ਼ਾ ਰੱਖਣਾ ਪੈਂਦਾ ਰਿਹਾ।

ਸਾਰੇ ਸ਼ੀਰਨ ਵਿਚ ਧੁੰਮ ਗਿਆ ਕਿ ਫ਼ੀਗਲ ਦੀ ਫੇਰ ਇਕ ਵਾਰ ਮੰਗਣੀ ਹੋਵਣ ਲੱਗੀ ਸੀ। ਉਹਦਾ ਨਵਾਂ ਮੰਗੇਤਰ ਵਾਰਸਾ ਦਾ ਇਕ ਗੱਡੀਵਾਨ ਸੀ। ਸਾਰਾ ਕੁਝ ਛੇਤੀ ਛੇਤੀ ਨਿੱਬੜ ਗਿਆ। ਇਕ ਦਿਨ ਸਾਨੂੰ ਏਹ ਖ਼ਬਰ ਮਿਲ਼ੀ ਤੇ ਕੁਝ ਦਿਨ-ਨਾ ਪਏ ਤਾਂ ਸਾਨੂੰ ਮੰਗਣੀ ਦਾ ਸੱਦਾ ਮਿਲੁ ਗਿਆ। ਇਕੱਠ ਬਹੁੰ ਸਾਦਾ ਸੀ। ਬੜੇ ਘੱਟ ਪ੍ਰਾਹੁਣੇ ਸੱਦੇ ਹੋਏ ਸਨ। ਗੱਡੀਵਾਨ ਲਈਸ਼ ਚਾਲ੍ਹੀਆਂ ਦੇ ਪੇਟੇ ਭਾਰੇ ਵਜੂਦ ਦਾ, ਨੀਲੀ ਭਾ ਮਾਰਦੇ ਸੂਹੇ ਰੰਗ ਦਾ ਬੰਦਾ ਸੀ। ਉਹਦਾ ਨੱਕ ਲੰਮਾ, ਬੁੱਲ੍ਹ ਮੋਟੇ ਸਨ। ਵੱਟਾਂ ਵਾਲ਼ੀ ਧੌਣ ਫਿੰਮਣੀਆਂ ਨਾਲ਼ ਭਰੀ ਹੋਈ ਸੀ। ਮੈਨੂੰ ਉਹਦੇ ਵਿਚੋਂ ਘੋੜੇ ਦੇ ਅਯਾਲ਼ ਤੇ ਘੋੜਾਗੱਡੀ ਦੇ ਧੁਰੇ ਵਿਚ ਲੱਗੀ ਗਰੀਸ ਦੀ ਬੋ ਆਂਵਦੀ ਜਾਪੀ। ਭਰਵੱਟਿਆਂ ਦੀ ਸਣ ਹੇਠਾਂ ਉਹਦੀਆਂ ਪਾਣੀ ਭਰੀਆਂ ਨੀਲੀਆਂ ਅੱਖਾਂ ਵਿਚ ਅਜੇਹੀ ਤੱਕਣੀ ਸੀ, ਜੇਹੜੀ ਰੋਹ ਤੇ ਮਕਰ ਦੀ ਸਾਂਝੀ ਦੱਸ ਪਾਂਵਦੀ ਸੀ, ਜਿਵੇਂ ਸਾਰੇ ਦਾ ਸਾਰਾ ਇਕ ਪਖੰਡ ਸੀ। ਰਾਕੇਲ ਨੇ ਸਭਨਾਂ ਅੱਗੇ ਆਪਣੀਆਂ ਬੇਕਰੀ ਦੀਆਂ ਸ਼ੈਵਾਂ ਤੇ ਵਾਡਕਾ ਲਿਆ ਕੇ ਧਰੀ। ਲੀ ਨੇ ਐਵੇਂ ਪਲ ਦਾ ਪਲ ਝਲਕੀ ਦਿੱਤੀ। ਉਹਨੇ ਕੰਮ ਕਾਰ ਵਾਲ਼ੇ ਕੱਪੜੇ ਬਦਲਣੇ ਵੀ ਜ਼ਰੂਰੀ ਨਹੀਂ ਸਨ ਸਮਝੇ। ਲਈਸ਼ ਦਾ ਵਾਜ ਖਰਵਾ ਸੀ, ਜਿਵੇਂ ਹੋਕਾ ਦੇਣ ਵਾਲ਼ਿਆਂ ਦਾ ਹੋਂਦਾ ਏ। ਉਹ ਆਖਦਾ ਪਿਆ ਸੀ, "ਵਾਰਸਾ ਦੀਆਂ ਸੜਕਾਂ ਤੋਂ ਮੇਰਾ ਦਿਲ ਕਾਹਲਾ ਪੈ ਗਿਆ ਹੋਇਆ ਏ।"

ਆਪਣੇ ਕੰਮ ਕਾਰ ਬਾਰੇ ਗੱਲਾਂ ਕਰਦਿਆਂ, ਤਿੰਨ ਚੌਥਾਈ ਵਾਡਕਾ ਉਹਨੇ ਪੀ ਛੱਡੀ ਤੇ ਜੇਹੜੀ ਜੇਹੜੀ ਸ਼ੈ ਵੀ ਉਹਦੇ ਸਾਹਮਣੇ ਪਈ ਸੀ, ਦਰੜ ਗਿਆ। ਵਾਰਸਾ ਦੇ ਖੱਪ ਰੌਲ਼ੇ ਤੇ ਬੈ ਤੋਂ ਉਹ ਚੱਲ ਗਿਆ

ਹੋਇਆ ਸੀ। ਹੁਣ ਉਹਦੀ ਨੀਤ ਸ਼ੀਰਨ ਵਿਚ ਘੋੜਾ ਗੱਡੀ ਬਣਾ ਕੇ ਲਿਬਲਨ ਨੂੰ ਮਾਲ ਢੋਣ ਦੀ ਸੀ। 'ਵਾਰਸਾ ਦੇ ਲੋਕਾਂ ਨੂੰ ਸੜਕ ਟੱਪਣ ਨਹੀਂ ਸੀ ਆਉਂਦੀ, ਕੋਈ ਥੱਲੇ ਆ ਜਾਂਦਾ ਸੀ ਜਾਂ ਕਿਸੇ ਨੂੰ ਮਾੜੀ ਜੇਹੀ ਵੀ ਕੋਈ ਸੱਟ-ਫੇਟ ਲੱਗ ਜਾਂਦੀ ਸੀ ਤਾਂ ਸਾਰਾ ਦੋਸ ਗੱਡੀਵਾਨ ਤੇ ਈ ਆਂਵਦਾ ਸੀ।' ਉਹਦੀਆਂ ਗੱਲਾਂ ਤੋਂ ਮੈਨੂੰ ਏਹੋ ਸਮਝ ਆਈ ਪਈ ਲਾਜ਼ਮਨ ਉਹਨੇ ਕਿਸੇ ਨੂੰ ਥੱਲੇ ਦੇ ਦਿੱਤਾ ਹੋਣਾ ਏ। ਤੇ ਫੇਰ ਉਹਦਾ ਮੁਕੱਦਮਾ ਭੁਗਤਿਆ ਹੋਣਾ ਏ। ਮੁਕੱਦਮੇ ਦੇ ਨਤੀਜੇ ਵਿਚ ਮਤੇ ਉਹਨੂੰ ਜੇਲ੍ਹੇ ਵੀ ਜਾਣਾ ਪਿਆ ਹੋਵੇ। ਫ਼ੀਗਲ ਨੇ ਵੀ ਪ੍ਰਾਹੁਣਿਆਂ ਅੱਗੇ ਖਾਵਣ ਪੀਵਣ ਦੀਆਂ ਸ਼ੈਈਂ ਧਰਨ ਵਿਚ ਹੱਥ ਵਟਾਇਆ। ਮੇਰੇ ਪਿਉ ਨੇ ਮੰਗਣੀ ਦੀ ਲਿਖਾ-ਪੜ੍ਹੀ ਲਈ ਕਾਗ਼ਜ਼ ਕੱਢੇ ਤੇ ਲਈਸ਼ ਨੂੰ ਪੁੱਛਿਆ, "ਹਾਂ ਜੀ ਤੁਹਾਡਾ ਪੂਰਾ ਨਾਂ ਕੀ ਏ?"

"ਲਈਸ਼ ਮਾਟਲ।"

"ਆਰੀਆ ਮੋਰ ਦੀਕਾਈ।" ਮੇਰੇ ਪਿਉ ਨੇ ਇਬਰਾਨੀ ਵਿਚ ਤਰਜਮਾ ਕੀਤਾ।

"ਕੌਣ ਹੁੰਦੇ ਓ?"

"ਕੋਹਣ, ਲੇਵੀ ਜਾਂ ਇਸਰਾਈਲੀ?"

"ਖ਼ੁਦਾ ਜਾਣੇ।"

"ਦੁਆ ਇਕੱਠ ਵਿਚ ਨਹੀਂ ਗਏ ਕਦੀਂ? ਤੁਹਾਨੂੰ ਤੌਰੇਤ ਦੀ ਪੜ੍ਹਾਈ ਵਿਚ ਨਹੀਂ ਸੱਦਿਆ ਕਦੀਂ ਕਿਸੇ।"

"ਇਕ ਵਾਰੀ , ਬਸ।"

"ਏਥੇ ਤੁਹਾਨੂੰ ਦੁਆ ਇਕੱਠ ਵਿਚ ਹਾਜ਼ਰੀ ਦੇਣੀ ਪਈ ਕਰੇਗੀ। ਏਸ ਨਿੱਕੇ ਜਿਹੇ ਕਸਬੇ ਵਿਚ ਤੁਹਾਨੂੰ ਕੁਝ ਨਾ ਕੁਝ ਕਰਨਾ ਈ ਪਵੇਗਾ।" ਫ਼ੀਗਲ ਵਿਚ ਬੋਲ ਪਈ।

"ਜੀ...।"

ਫ਼ੀਗਲ ਦਾ ਪਿਉ ਲਈਰਜ਼ ਖਿਝਿਆ ਹੋਇਆ ਸੀ। ਉਹ ਆਪਣੇ ਵਦਾਣਾਂ, ਰੇਤੀਆਂ ਤੇ ਬੇਲਚਿਆਂ ਢਿੰਬਰੀਆਂ ਕੋਲ਼ ਪਰਤਣ ਨੂੰ ਕਾਹਲ਼ਾ ਪਿਆ ਵਖਾਲ਼ੀ ਦੇਂਦਾ ਸੀ। ਉਹਨੇ ਹਰ ਗੱਲ ਤੇ ਚੁੱਪ-ਚਾਣ ਸਿਰ ਹਿਲਾ ਛੱਡਿਆ। ਫ਼ੀਗਲ ਨੂੰ ਮੁਸਕੜੇਵਾਂ ਤੇ ਛੇੜਾਂ ਪਈਆਂ ਸੁੱਝਦੀਆਂ ਸਨ। ਹੋਰ ਤੇ ਹੋਰ ਉਹਨੇ ਇਕ ਵਾਰੀ ਮੈਨੂੰ ਅੱਖ ਵੀ ਮਾਰ ਦਿੱਤੀ। ਉਹ ਮੋਢੇ ਚਾੜ੍ਹ ਕੇ ਆਂਹਦੀ ਪਈ ਸੀ, "ਵਿਆਹ ਤੇ ਮੌਤ ਤੋਂ ਬਚਿਆ ਨਹੀਂ ਜਾ ਸਕਦਾ।"

"ਤੈਨੂੰ ਏਹੋ ਜੇਹੀਆਂ ਗੱਲਾਂ ਕਿੱਥੋਂ ਸੁੱਝਦੀਆਂ ਨੇਂ?" ਮੇਰੀ ਮਾਂ ਨੇ ਪੁੱਛਿਆ, "ਤੂੰ ਤਾਂ ਖ਼ੈਰ ਨਾਲ਼ ਜਵਾਨ ਏਂ ਹਾਲੇ। ਇਕ ਸੌ ਵੀਹ ਵਰ੍ਹੇ ਜੀਵਣਾ ਏ ਤੂੰ।"

"ਜਵਾਨ ਕਿੱਥੋਂ। ਰੱਬ ਜਾਣੇ ਭਲ਼ਕੇ ਕੀ ਹੋਣਾ ਏ।"

"ਅਸਲੋਂ ਮੇਰੇ ਵਾਲ਼ੀ ਗੱਲ।" ਲਈਸ਼ ਇਕ ਮੱਤ ਹੋਂਦਾ ਬੋਲਿਆ, "ਪਿਛਲੇ ਹਫ਼ਤੇ ਮੈਂ ਇਕ ਬੇਲੀ ਨਾਲ਼ ਬੈਠਾ ਬੀਅਰ ਪਿਆ ਪੀਂਦਾ ਸਾਂ, ਅਚਨਚੇਤੀ ਉਹਦਾ ਸਿਰ ਇਕ ਪਾਸੇ ਢਿਲਕਿਆ ਤੇ ਬਸ ਉਹ ਜਾਂਦਾ ਰਿਹਾ।"

"ਰੱਬ ਹੋਣੀ ਤੋਂ ਬਚਾਈ ਰੱਖੇ ਹਰ ਵੇਲੇ।"

"ਲੋਕ ਸਿੱਧੇ ਪਹੀਆਂ ਥੱਲੇ ਈ ਵੜਦੇ ਨੇਂ।"

ਵਿਆਹ ਦਾ ਸਾਹਾ ਮਹੀਨੇ ਦਾ ਮਿੱਥਿਆ ਗਿਆ। ਲਈਰਜ਼ ਤੇ ਲੀ ਸਾਦਾ ਢੰਗ ਨਾਲ਼ ਵਿਆਹ ਦੇ ਹੱਕ ਵਿਚ ਸਨ ਪਰ ਫ਼ੀਗਲ ਵਾਜੇ-ਗਾਜੇ ਸੱਦਣੇ ਚਾਹੁੰਦੀ ਸੀ। ਮੈਂ ਸੁਣਿਆ ਉਹ ਮੇਰੀ ਮਾਂ ਨੂੰ ਆਂਹਦੀ

ਪਈ ਸੀ, "ਇਕ ਕੁੜੀ ਨੇ ਹਯਾਤੀ ਵਿਚੋਂ ਕੀ ਲੈਣਾ ਹੋਂਦਾ ਏ? ਇਕ ਨਾਚ ਇਕ ਟਪੂਸੀ।"

ਵਿਆਹ ਤੇ ਫ਼ੀਗਲ ਆਪਣੀ ਭੈਣ ਰਾਕੇਲ ਤੇ ਇਕ ਹੋਰ ਕੁੜੀ ਨਾਲ਼ ਵਾਰੀ ਵਾਰੀ ਨੱਚੀ। ਉਹ ਵਹੁਟੀਆਂ ਵਾਲ਼ੇ ਜੋੜੇ ਵਿਚ ਬਹੁੰ ਸੋਹਣੀ ਲੱਗਦੀ ਪਈ ਸੀ। ਏਹ ਜੋੜਾ ਉਹਨੇ ਆਪ ਸੀਤਾ ਸੀ। ਨੱਚਦਿਆਂ ਹੋਇਆ ਜਦੋਂ ਉਹ ਘੁੰਮਣਘੇਰੀ ਲੈਂਦੀ ਤਾਂ ਉਹਦਾ ਚੋਗਾ ਛਤਰੀ ਵਾਕਣ ਫੁੱਲ ਜਾਂਦਾ ਤੇ ਹੇਠੋਂ ਲੈਸ ਵਾਲ਼ੀ "ਪੈਂਟੀ" ਵਖਾਲ਼ੀ ਦੇਂਦੀ। ਨਾਚ ਦੀ ਰਸਮ ਮਗਰੋਂ ਦੋ ਜ਼ਨਾਨੀਆਂ ਫ਼ੀਗਲ ਨੂੰ ਇਕ ਅਨ੍ਹੇਰੇ ਕਮਰੇ ਵਿਚ ਲੈ ਗਈਆਂ। ਕੁਝ ਮਿੰਟ ਨਾ ਪਏ ਤਾਂ ਲਈਰਜ਼ ਤੇ ਇਕ ਹੋਰ ਬੰਦਾ ਲਈਸ਼ ਨੂੰ ਉਹਦੀ ਵਹੁਟੀ ਕੋਲ਼ ਛੱਡਣ ਲੈ ਟੁਰੇ।

ਵਿਆਹ ਵੇਲੇ ਤੇ ਲੀ ਨੇ ਸਬਾਤ ਵਾਲ਼ਾ ਜੋੜਾ ਤੇ ਉੱਚੀ ਅੱਡੀ ਦੀ ਜੁੱਤੀ ਪਾਈ ਹੋਈ ਸੀ। ਸੰਘਣੇ ਤੇ ਮਰਦਾਵੇਂ ਭਰਵੱਟਿਆਂ ਥੱਲਿਉਂ ਉਹਦੀਆਂ ਅੱਖਾਂ ਉਦਾਸ ਤੇ ਤਪੀਆਂ ਹੋਈਆਂ ਸਨ। ਮੇਰੀ ਮਾਂ ਰਾਕੇਲ ਨੂੰ ਸਲਾਮੀ ਦੇਣ ਗਈ ਤਾਂ ਉਹਨੇ ਆਖਿਆ, "ਕਦੀਂ ਕਿਸੇ ਸਲੂਣੇ ਤੋਂ ਪਹਿਲੋਂ ਮਿੱਠਾ ਵੀ ਵਰਤਾਇਆ ਏ ਭਲਾ।"

"ਇਕ ਦਿਨ ਤੁਹਾਡਾ ਪਿਉ ਲੀ ਦੀ ਤੇ ਤੇਰੀ ਖ਼ੁਸ਼ੀ ਵੀ ਵੇਖੇਗਾ।"

'ਖ਼ਬਰੇ!"

ਵਿਆਹੋਂ ਅਗਲੇ ਦਿਨ ਸਵੇਰ ਸਾਰ ਈ ਲੋਕ ਕੰਧਾਂ ਵਿਚ ਮੂੰਹ ਦੇ ਦੇ ਕੇ ਗੱਲਾਂ ਕਰਨ ਲੱਗ ਪਏ। ਇਕ ਮੁੰਡਾ ਬਾਰੀ ਓਹਲੇ ਲੁਕਿਆ ਸਾਰੀ ਰਾਤ ਉਹਨਾਂ ਦੀਆਂ ਗੱਲਾਂ ਸੁਣਦਾ ਰਿਹਾ ਸੀ। ਦਿਨ ਚੜ੍ਹਨ ਤੋਂ ਅਗਦੇਂ ਈ ਉਹਨੇ ਹਰ ਪਾਸੇ ਧੁਮਾ ਦਿੱਤਾ ਕਿ ਅੱਧੀ ਰਾਤੀਂ ਫ਼ੀਗਲ ਤੇ ਲਈਸ਼ ਦੀ ਲੜਾਈ ਹੋ ਪਈ ਸੀ। ਦੋਵਾਂ ਇਕ ਦੂਜੇ ਨੂੰ ਰੱਜ ਕੇ ਮੰਦੇ ਕੱਢੇ ਤੇ ਫੇਰ ਘਸੁੰਨ ਮੁੱਕੀਂ ਵੀ ਹੋਏ। ਉਹ ਮੁੰਡਾ ਦਲਦਲ ਵਲੋਂ ਹੋ ਕੇ ਬਾਰੀ ਤਾਈਂ ਅੱਪੜਿਆ ਸੀ। ਸੱਚ ਸਾਬਤ ਕਰਨ ਲਈ ਉਹਨੇ ਲੋਕਾਂ ਨੂੰ ਉਹ ਚਿੱਕੜ ਵੀ ਵਖਾਇਆ ਜੇਹੜਾ ਰਾਤ ਦਾ ਉਹਦੀ ਪਤਲੂਨ ਤੇ ਬੂਟਾਂ ਤੇ ਲੱਗਾ ਹੋਇਆ ਸੀ। ਫ਼ੀਗਲ ਆਪਣੇ ਢਿੱਡ ਦਾ ਗ਼ੁਬਾਰ ਕੱਢਣ ਲਈ ਛੇਤੀ ਈ ਮੇਰੀ ਮਾਂ ਕੋਲ਼ ਆਈ। ਮੈਂ ਵੀ ਅਸਲ ਭੇਤ ਜਾਨਣਾ ਚਾਹੁੰਦਾ ਸਾਂ ਪਰ ਉਹਨੇ ਮੈਨੂੰ ਝੱਟ ਦੇਣੀ ਏਹ ਆਂਹਦਿਆਂ ਹੋਇਆਂ ਬਾਹਰ ਕੱਢ ਦਿੱਤਾ, "ਏਹ ਤੇਰੇ ਸੁਣਨ ਵਾਲ਼ੀ ਗੱਲ ਨਹੀਂ।"

ਬੂਹੇ ਦੇ ਦੂਜੇ ਬੰਨਿਉਂ ਮੈਂ ਉਹਦਾ ਥਦਣ ਤੇ ਘੁੱਟਿਆ ਘੁੱਟਿਆ ਰੋਵਣ ਸੁਣਦਾ ਰਿਹਾ। ਫ਼ੀਗਲ ਗਈ ਤਾਂ ਮੇਰੀ ਮਾਂ ਦੇ ਮੂੰਹ ਉੱਤੇ ਵੀ ਲਾਲ ਲਾਲ ਘਸਰਾਂ ਪਈਆਂ ਹੋਈਆਂ ਸਨ। ਮੈਂ ਆਪਣੀ ਮਾਂ ਨੂੰ ਪੁੱਛਿਆ ਤਾਂ ਉਹ ਕਹਿਣ ਲੱਗੀ, "ਰੱਬ ਮਾਫ਼ ਕਰੇ, ਪਤਾ ਨਹੀਂ ਕਿੰਨੇ ਕੁ ਬੰਦੇ ਪਾਗਲ ਨੇਂ ਏਥੇ?"

"ਕੀ ਏਹਨਾਂ ਦੀ ਨਿਭੇਗੀ ਨਹੀਂ?"

"ਭੈੜੇ ਨਸੀਬ, ਵਚਾਰੀ ਦੇ।"

ਪਰ ਪੜ੍ਹਾਈ ਘਰ ਦੇ ਮੁੰਡਿਆਂ ਨੇ ਸਿੱਧੇ ਲਫ਼ਜ਼ਾ ਵਿਚ ਈ ਆਖ ਦਿੱਤਾ, "ਫ਼ੀਗਲ ਨੇ ਆਪਣੇ ਬੰਦੇ ਨੂੰ ਆਪਣੀ ਸੇਜ ਤੇ ਈ ਨਹੀਂ ਸੀ ਆਵਣ ਦਿੱਤਾ।"

ਲਈਸ਼ ਮੇਰੇ ਚਾਚੇ ਜੈਖ਼ਾਇਲ ਕੋਲ਼ ਆਪਣੇ ਦੋਸ ਲੈ ਕੇ ਆਇਆ। ਦੋਵੇਂ ਕੁੰਡਾ ਮਾਰਕੇ ਅੰਦਰ ਬਹਿ ਗਏ। ਲਈਸ਼ ਪਹਿਲਾਂ ਵਾਰਸਾ ਨੂੰ ਨਿੰਦਦਾ ਤੇ ਸ਼ੀਰਨ ਨੂੰ ਵਡਿਆਉਂਦਾ ਸੀ, ਹੁਣ ਮਾਮਲਾ ਉਲਟ ਹੋ ਗਿਆ ਸੀ। ਉਹ ਬਜ਼ਾਰ ਵਿਚ ਮੁੰਡਿਆਂ ਤੇ ਬੰਦਿਆਂ ਨੂੰ ਇਕੱਠਿਆਂ ਕਰਕੇ ਘੜੀ ਮੁੜੀ ਏਹੋ ਆਖਦਾ, "ਰੱਬ ਦੇ ਮਾਰੇ ਏਸ ਪਿੰਡ ਵਿਚ ਕੋਈ ਕਿਵੇਂ ਰਹਿ ਸਕਦਾ ਏ? ਏਥੇ ਤੇ ਬੰਦਾ ਚਿੱਕੜ ਵੇਖ ਵੇਖ ਈ ਪਾਗਲ ਹੋ ਜਾਂਦਾ ਏ। ਵਾਰਸਾ ਘੱਟੋ ਘੱਟ ਜੀਂਵਦਾ ਜਾਗਦਾ ਤਾਂ ਲੱਗਦਾ ਏ।"

"ਏਥੇ ਤੁਹਾਨੂੰ ਪੈਸੇ ਨਾਲ਼ ਹਰ ਸ਼ੈ ਲੱਭ ਜਾਂਦੀ ਏ।" ਇਕ ਸੱਜ ਪਰਨੇ ਗੱਭਰੂ ਨੇ ਕੋਲ਼ੋਂ ਆਖਿਆ।

"ਕੀ ਲੱਭ ਜਾਂਦੀ ਏ? ਬੀਅਰ ਦਾ ਗਲਾਸ ਤੀਕਰ ਪੀਣ ਨੂੰ ਸਵਾਦ ਦੀ ਥਾਂ ਨਹੀਂ ਲੱਭਦੀ।"

ਲੋਕਾਂ ਫ਼ੀਗਲ ਦੇ ਲਈਸ਼ ਦੀ ਰਸਾਈ ਕਰਾਵਣ ਦਾ ਬਥੇਰਾ ਜਤਨ ਕਰ ਵੇਖਿਆ। ਘੋੜਿਆਂ ਦੇ ਵਪਾਰੀ ਨੇ ਲਈਸ਼ ਨੂੰ ਅਸਲੋਂ ਥੋੜ੍ਹੇ ਪੈਸਿਆਂ ਤੇ ਘੋੜੇ ਦੇਣ ਦੀ ਅਵਾਜ਼ ਕਰਾ ਦਿੱਤੀ। ਵਪਾਰੀਆਂ ਉਹਨੂੰ ਜ਼ਬਾਨ ਦਿੱਤੀ ਪਈ ਲਿਬਲਨ ਤੋਂ ਲੈਮਬਰਗ ਉਹਦੀ ਘੋੜਾ ਗੱਡੀ ਤੇ ਈ ਮਾਲ ਘੱਲਿਆ ਮੰਗਾਇਆ ਕਰਨਗੇ। ਪਰ ਲਈਸ਼ ਨੇ ਅੱਗੋਂ ਨਾਂਹ ਵਿਚ ਸਿਰ ਮਾਰ ਛੱਡਿਆ। ਫ਼ੀਗਲ ਹੁਣ ਕਿਸੇ ਦੇ ਵੀ ਸਾਹਮਣੇ ਨਾ ਆਂਵਦੀ। ਇਕ ਕੁੜੀ ਉਹਦੀ ਦੁਕਾਨ ਤੇ ਕੱਪੜੇ ਛੋਟੇ ਕਰਾਣ ਗਈ ਤਾਂ ਅੱਗੇ ਜੰਦਰਾ ਵੱਜਿਆ ਹੋਇਆ ਸੀ। ਮੇਰੀ ਚਾਚੀ ਨੀਟਲ ਏਸ ਮਾਮਲੇ ਤੇ ਸਲਾਹ ਮਸ਼ਵਰਾ ਕਰਨ ਲਈ ਅੰਮਾਂ ਕੋਲ ਆਈ। ਉਹ ਸਿਰ ਜੋੜ ਬੈਠੀਆਂ ਘੁਰ-ਘੁਰ ਕਰਦੀਆਂ ਰਹੀਆਂ ਤੇ ਨਾਲ਼ ਨਾਲ਼ ਚਾਚੀ ਨੀਟਲ ਦੇ ਹੈਟ ਦੇ ਫ਼ੀਤੇ ਝੂਲਦੇ ਰਹੇ, " ਮੈਨੂੰ ਤੇ ਲੱਗਦਾ ਏ ਏਸ ਆਟੇ ਦੀ ਰੋਟੀ ਨਹੀਂ ਪੱਕਣੀ।" ਚਾਚੀ ਆਖਿਆ।

"ਉਹ ਅਸਲੋਂ ਪਾਗਲ ਤੇ ਮੂੜ੍ਹ ਬੰਦਾ ਏ।" ਮੇਰੀ ਮਾਂ ਨੇ ਉਹਨੂੰ ਹੁੰਗਾਰਾ ਭਰਿਆ। ਵਿਆਹ ਛੇਤੀ ਈ ਮੁੱਕ ਗਿਆ। ਸ਼ੀਰਨ ਵਿਚ ਲਿਖਤ ਨਹੀਂ ਸੀ ਹੋ ਸਕਦੀ ਕਿਉਂ ਜੋ ਗੱਡੀਵਾਨ ਦੇ ਦੋ ਨਾਂ ਸਨ ਤੇ ਸਮਝ ਨਹੀਂ ਸੀ ਪਈ ਆਂਵਦੀ ਜੋ ਲਿਖਤ ਵਿਚ ਕਿਹੜਾ ਨਾਂ ਆਵੇ। ਏਹਦੇ ਕਰਕੇ ਜੋੜਾ ਲਿਬਲਨ ਚਲਾ ਗਿਆ। ਮੈਂ ਦੋਵਾਂ ਨੂੰ ਘੋੜਾ ਗੱਡੀ ਤੇ ਬਹਿੰਦਿਆਂ ਵੇਖਿਆ। ਲਈਸ਼ ਗੱਡੀਵਾਨ ਦੇ ਨਾਲ਼ ਹੋ ਬੈਠਾ ਤੇ ਫ਼ੀਗਲ ਇਕ ਨੁੱਕਰੇ ਜਵੀਂ ਦੀ ਬੋਰੀ ਉੱਤੇ। ਉਹਨੇ ਉਹੋ ਖੰਭ ਵਾਲ਼ਾ ਹੈਟ ਪਾਇਆ ਹੋਇਆ ਸੀ, ਜਿਹੜਾ ਵਿਆਹ ਤੋਂ ਮਗਰੋਂ ਸਬਾਤ ਦੇ ਮੌਕਿਆਂ ਤੇ ਦੁਆ ਇਕੱਠ ਵਿਚ ਉਹਦੇ ਸਿਰ ਉੱਤੇ ਸੀ। ਉਹ ਛਿੱਕੀ-ਢਿੱਲੀ ਹੋਈ ਜਾਪਦੀ ਸੀ। ਰਾਕੇਲ ਨੇ ਆ ਕੇ ਉਹਨੂੰ ਰੋਟੀ ਦੀ ਪੋਟਲੀ ਫੜਾ ਦਿੱਤੀ। ਕੁੜੀਆਂ ਤੇ ਜ਼ਨਾਨੀਆਂ ਪਰਦਿਆਂ ਵਿਚੋਂ ਪਈਆਂ ਝਾਕਦੀਆਂ ਸਨ।

ਖ਼ਿਆਲ ਸੀ ਫ਼ੀਗਲ ਛੇਤੀ ਈ ਪਰਤ ਆਵੇਗੀ ਪਰ ਉਹਨੂੰ ਲਿਬਲਨ ਵਿਚ ਕਈਂ ਹਫ਼ਤੇ ਲੱਗ ਗਏ। ਜਦੋਂ ਮੁੜੀ ਤਾਂ ਸਿਆਲ਼ ਸ਼ੁਰੂ ਹੋ ਗਿਆ ਸੀ। ਰਾਕੇਲ ਸਾਡੇ ਆ ਕੇ ਆਖਣ ਲੱਗੀ, "ਪਹਿਲਾ ਰਾਹ ਅਧੂਰਾ ਛੱਡ ਕੇ ਤਰੀਜੇ ਤੇ ਨਹੀਂ ਟੁਰਨਾ ਚਾਹੀਦਾ।"

"ਗੁੱਸਾ ਨਾ ਕਰੀਂ ਰਾਕੇਲ, ਉਂਜ ਤੂੰ ਬੇਫ਼ਜ਼ੂਲ ਈ ਬੋਲਦੀ ਰਹਿਨੀ ਏਂ।"

"ਬੰਦੇ ਬਘਿਆੜ ਹੋਂਦੇ ਨੇਂ।" ਰਾਕੇਲ ਮੇਰੀ ਮਾਂ ਨੂੰ ਤੇ ਮੈਨੂੰ ਸੁਣਾਉਂਦੀ ਹੋਈ ਬੋਲੀ।

"ਕੀ ਹੋ ਗਿਆ ਏ ਤੈਨੂੰ? ਰੱਬ ਦੇ ਐਡੇ ਐਡੇ ਵਲੀ ਵੀ ਤੇ ਬੰਦੇ ਈ ਸਨ।"

"ਖ਼ਬਰੇ ਪੁਰਾਣੇ ਵੇਲਿਆਂ ਵਿਚ ਇੰਜ ਹੋ ਜਾਂਦਾ ਸੀ।"

ਇਕ ਦਿਨ ਲੌਂਢੇ ਵੇਲੇ ਫ਼ੀਗਲ ਨੇ ਸਾਡੇ ਘਰ ਆਣ ਵਖਾਲ਼ੀ ਦਿੱਤੀ।

"ਏਹ ਸਾਰੀ ਲੀ ਦੀ ਮਿਹਰਬਾਨੀ ਏ।" ਉਹ ਮੇਰੀ ਮਾਂ ਨਾਲ਼ ਗੋਸ਼ਾ ਪਈ ਕਰਦੀ ਸੀ, "ਉਹਨੇ ਸਾਡੇ ਤੇ ਜਾਦੂ ਕੀਤਾ ਹੋਇਆ ਸੀ। ਉਹਨੂੰ ਮੇਰੇ ਵਿਆਹ ਦਾ ਸੁਣਦਿਆਂ ਸਾਰ ਭਾਂਬੜ ਮਚ ਪਏ ਸਨ। ਉਹਨੇ ਮੈਨੂੰ ਬਦਦੁਆ ਦਿੱਤੀ। ਮੈਂ ਸੱਚ ਪਈ ਆਹਨੀ ਆਂ।"

"ਰੱਬ ਤੇ ਭਰੋਸਾ ਹੋਵੇ ਤਾਂ ਕੋਈ ਬਲਾ ਕੁਝ ਨਹੀਂ ਕਰ ਸਕਦੀ।"

"ਕੁਝ ਨਹੀਂ ਹੋਂਦਾ। ਉਹਨੇ ਰਾਕੇਲ ਨੂੰ ਤਵੀਤ ਪਾਏ ਹੋਏ ਨੇ। ਰਾਕੇਲ ਤੋਤੇ ਵਾਕਣ ਉਹਦੀਆਂ ਗੱਲਾਂ ਰਟੀਆਂ ਹੋਈਆਂ ਨੇਂ, ਕੀ ਮਜਾਲ ਜੇ ਇਕ ਲਫ਼ਜ਼ ਵੀ ਆਪਣਾ ਬੋਲ ਜਾਵੇ। ਲੀ ਆਖੇ ਤਾਂ ਉਹ ਸਿਰ ਪਰਨੇ ਖਲੋ ਜਾਵੇ। ਮੇਰੇ ਤੇ ਉਹਦਾ ਹੁਕਮ ਨਹੀਂ ਚੱਲਦਾ ਏਸ ਲਈ ਉਹ ਮੇਰੇ ਖਤੇ ਪਈ ਹੋਈ ਏ।"

"ਰੱਬ ਤੈਨੂੰ ਸੋਹਣਾ ਵਰ ਦੇਵੇਗਾ, ਜੇਹੋ ਜੇਹਾ ਤੂੰ ਚਾਹਨੀ ਏਂ।"

"ਨਹੀਂ ਤਾਈ, ਮੇਰਾ ਵਿਆਹ ਤੇ ਹੁਣ ਮਲਕਲ ਮੌਤ ਨਾਲ ਈ ਹੋਣਾ ਏ।"

ਫ਼ੀਗਲ ਸੱਚੀ ਸੀ। ਕੁਝ ਚਿਰ ਨਾ ਪਿਆ ਤੇ ਅਸਾਂ ਸੁਣਿਆ ਪਈ ਉਹਨੂੰ ਕੋਈ ਡਾਢਾ ਮਾਰੂ ਰੋਗ ਲੱਗ ਗਿਆ ਸੀ। ਇਕ ਡਾਕਟਰ ਵੀ ਸੱਦਿਉ ਨੇਂ ਪਰ ਉਹ ਕੋਈ ਨਾ ਸੰਭਲ਼ੀ। ਜ਼ਨਾਨੀਆਂ ਦੱਸਦੀਆਂ ਸਨ ਪਈ ਉਹ ਟੀ. ਬੀ. ਦੇ ਰੋਗੀਆਂ ਵਾਕਣ, ਸੁੱਕ ਕੇ ਤੀਲਾ ਹੋ ਗਈ ਸੀ ਤੇ ਦਿਨੋ ਦਿਨ ਉਹਦੀ ਹਾਲਤ ਨਿੱਘਰਦੀ ਜਾਂਦੀ ਸੀ। ਮੈਂ ਜਦੋਂ ਫ਼ਿਰਲ ਲੈਣ ਗਿਆ ਤਾਂ ਫੀਗਲ ਦੀ ਸਿਲਾਈ ਮਸ਼ੀਨ ਚੁੱਪ ਸੀ। ਇਕ ਵਾਰ ਮੈਂ ਵੇਖਿਆ ਫ਼ੀਗਲ ਦੇ ਦਰਜ਼ੀ ਖਾਨੇ ਦਾ ਬੂਹਾ ਲੱਥਾ ਸੀ ਤੇ ਉਹ ਇਕ ਕੱਪੜੇ ਨੂੰ ਸਿਊਣਾਂ ਪਾਂਉਂਦੀ ਪਈ ਸੀ। ਮੈਨੂੰ ਵੇਖਦਿਆਂ ਸਾਰ ਉਹ ਮਰੇੜਾ ਜੇਹਾ ਮੁਸਕਰਾਈ, “ਲਓ ਏਹਨੂੰ ਵੇਖੋ, ਪੂਰਾ ਭਾਈ ਬਣਿਆ ਪਿਆ ਏ।”

“ਫ਼ੀਗਲ ਮੇਰੀ ਦੁਆ ਏ ਤੂੰ ਛੇਤੀ ਨਾਲ਼ ਤਗੜੀ ਹੋ ਜਾਏਂ।”

“ਜੇ ਦੁਆਵਾਂ ਨਾਲ ਘੋੜੇ ਭੱਜਦੇ ਤਾਂ ਮੰਗਤੇ ਪੈਦਲ ਨਾ ਫਿਰਦੇ। ਮੈਂ ਦਵਾ ਦਾਰੂਉਂ ਟੱਪ ਗਈ ਆਂ। ਪਰ ਚੰਗਾ ਕੀਤਾ ਏ ਤੂੰ ਫੇਰਾ ਮਾਰ ਕੇ। ਆ ਜਾ ਬਹਿ ਜਾ।”

ਮੈਂ ਸਟੂਲ ਤੇ ਬਹਿ ਗਿਆ ਤਾਂ ਉਹ ਚਤਾਰਨ ਲੱਗ ਪਈ, “ਅਜੇ ਕੱਲ੍ਹ ਦੀ ਗੱਲ ਏ ਤੂੰ ਅਸਲੋਂ ਬਾਲ ਹੋਂਦਾ ਸੈਂ। ਹੁਣ ਤੂੰ ਭਰ ਜਵਾਨ ਹੋ ਗਿਆ ਏਂ। ਮੇਰੀ ਇਕ ਗੱਲ ਘੁੱਟ ਕੇ ਪੱਲੇ ਬੰਨ੍ਹ ਛੱਡ ਜੇ ਕੋਈ ਜ਼ਨਾਨੀ ਤੇਰੇ ਗੋਚਰਾਂ ਆ ਪਵੇ ਤਾਂ ਉਹਨੂੰ ਤਸੀਹੇ ਨਾ ਦੇਵੀਂ। ”

“ਰੱਬ ਮਾਫ਼ ਕਰੇ।”

“ਅਸੀਂ ਸੱਭੇ ਖ਼ੁਦਾ ਦੀ ਸੰਤਾਨ ਆਂ।”

“ਬਸ ਤੂੰ ਛੇਤੀ ਈ ਤਗੜਿਆਂ ਹੋ ਜਾਣਾ ਏ।”

“ਨਹੀਂ ਸੋਹਣੇ, ਮੇਰਾ ਹੁਣ ਏਸ ਦੁਨੀਆ ਤੇ ਕੁਝ ਨਹੀਂ ਰਿਹਾ।” ਉਹਦੇ ਹੋਠਾਂ ਤੇ ਇਕ ਮੁਸਕਾਂਦ ਪਸਰ ਗਈ ਜਿਵੇਂ ਉਹਨੂੰ ਪਤਾ ਲੱਗ ਗਿਆ ਹੋਵੇ।

ਕੁਝ ਹਫ਼ਤਿਆਂ ਮਗਰੋਂ ਉਹ ਗੁਜ਼ਰ ਗਈ। ਛੇਕੜਲੇ ਵੇਲੇ ਉਹਨੇ ਮੇਰੇ ਚਾਚੇ ਜੈਖ਼ਾਇਲ ਨੂੰ ਸੱਦ ਘੱਲਿਆ ਸੀ। ਉਹਦੇ ਨਾਲ਼ ਈ ਉਹਨੇ ਢਿੱਡ ਸਾਂਝਾ ਕੀਤਾ ਤੇ ਫੇਰ ਉਹਨੂੰ ਆਖਿਆ ਪਈ ਉਹਦੇ ਵਰੀ ਦੇ ਜੋੜੇ ਗਰੀਬ ਘਰਾਂ ਦੀਆਂ ਵਹੁਟੀਆਂ ਨੂੰ ਵੰਡ ਦਿੱਤੇ ਜਾਣ। ਪਿੰਡ ਦੀਆਂ ਜ਼ਨਾਨੀਆਂ ਦੱਸਦੀਆਂ ਸਨ, ਉਹ ਵਲੀਆਂ ਵਾਕਣ ਮੋਈ। ਉਹਦੀ ਮਈਅਤ ਉੱਠੀ ਤਾਂ ਮੈਂ ਵੀ ਜਨਾਜ਼ੇ ਨਾਲ਼ ਗਿਆ। ਰਾਕੇਲ ਉੱਚੀ ਉੱਚੀ ਵੈਣ ਪਾਉਂਦੀ ਤੇ ਦੋਵਾਂ ਹੱਥਾਂ ਨਾਲ਼ ਸਿਰ ਪਿੱਟਦੀ ਪਈ ਸੀ। ਪਰ ਲੀ ਚੁੱਪ-ਚਾਣ ਟੁਰਦੀ ਪਈ ਸੀ। ਲਈਰਜ਼ ਨੇ ਕਦੀਸ਼ ਦੀ ਤਲਾਵਤ ਕੀਤੀ। ਫੇਰ ਪਿਉ ਤੇ ਧੀਆਂ ਸੱਤ ਦਿਨ ਸੱਥਰ ਪਾਈ ਰੱਖਿਆ।

ਫ਼ੀਗਲ ਦੇ ਮਰਨ ਪਿੱਛੋਂ ਟੱਬਰ ਟੁੱਟ-ਭੱਜ ਗਿਆ। ਲਈਰਜ਼ ਨੂੰ ਕਈਂ ਮਹੀਨੇ ਪਾ ਕੇ ਨਮੂਨੀਆਂ ਹੋ ਗਿਆ ਤੇ ਉਹ ਗੁਜ਼ਰ ਗਿਆ।

ਹੁਣ ਰਾਕੇਲ ਦੇ ਸ਼ਦਾਇਣ ਹੋ ਜਾਣ ਦੀਆਂ ਗੱਲਾਂ ਉੱਡ ਪਈਆਂ, ਉਹ ਗਾਹਕਾਂ ਨੂੰ ਵੱਧ ਪੈਸੇ ਮੋੜ ਦੇਂਦੀ। ਲੀ ਦਾ ਉਹਦੇ ਤੇ ਇਤਬਾਰ ਨਾ ਰਿਹਾ। ਲੀ ਆਪ ਵੀ ਚੰਗੀ ਦੁਕਾਨਦਾਰ ਨਹੀਂ ਸੀ। ਪੇਂਡੂ ਗਾਹਕਾਂ ਨਾਲ਼ ਉਹ ਝਗੜ ਪੈਂਦੀ। ਗਿਣਤੀ ਦੇ ਲੋਕ ਸਨ, ਜੇਹਨਾਂ ਲਈ ਉਹ ਸ਼ੈਵਾਂ ਬਣਾਂਦੀ ਸੀ। ਉਹ ਲੋਕ ਵੀ ਉਹਦੇ ਕੋਲ਼ ਆਪ ਆਂਵਦੇ ਸਨ... ਕੁਝ ਕੁੜੀਆਂ ਤੇ ਇਕ ਮੈਟਰਨ। ਦੋਵਾਂ ਭੈਣਾਂ ਨੂੰ ਗੁਜ਼ਾਰੇ ਜੋਗੀ ਵੀ ਵਟਕ ਨਾ ਹੋਂਦੀ। ਘਰ ਲਈ ਚੀਜ਼ ਵਸਤ ਲਿਆਣੀ ਰਾਕੇਲ ਦੀ ਜ਼ਿੰਮੇਵਾਰੀ ਸੀ। ਪਰ ਹੁਣ ਕਿੰਨਾ ਚਿਰ ਹੋ ਗਿਆ ਸੀ ਉਹਨੂੰ ਕਸਾਈ ਦੀ ਦੁਕਾਨ ਤੇ ਆਇਆਂ। ਉਹ ਅਸਲੋਂ ਈ ਸੱਤ੍ਰਗੀ-ਬਹੱਤਰੀ ਗਈ ਸੀ। ਮੇਰੀ ਮਾਂ ਕੋਲ਼ ਆਉਂਦੀ ਤੇ ਤਰੀਖ਼ਾਂ, ਗੱਲਾਂ ਕਿੱਧਰੇ ਦੀਆਂ ਕਿੱਧਰੇ ਜੋੜ ਛੱਡਦੀ। ਹਫ਼ਤੇ ਦੇ ਦੂਜੇ ਦਿਹਾੜੇ

ਉਹਨੇ ਲਾਜ਼ਮਨ ਸਾਨੂੰ ਕੇਕ, ਬਿਸਕੁਟ ਤੇ ਹੋਰ ਸ਼ੈਵਾਂ ਦੇ ਕੀ ਜਾਣੀਆਂ ਹੁੰਦੀਆਂ ਸਨ। ਇਕ ਸਬਾਤ ਉਹ ਸਾਡੇ ਵੱਲ ਆਈ ਤਾਂ ਉਹਨੇ ਉਹੋ ਰੋਜ਼ ਦੇ ਮੈਲ਼ੇ ਕੱਪੜੇ ਪਾਏ ਹੋਏ ਸਨ ਤੇ ਬੇਕਰੀ ਵਾਲ਼ੀ ਪੱਛੀ ਚਾਈ ਹੋਈ ਸੀ। ਮੇਰੀ ਮਾਂ ਲਾਡ ਨਾਲ਼ ਉਹਦੀਆਂ ਗੱਲ੍ਹਾਂ ਪੁੱਟਣ ਲੱਗ ਪਈ, "ਰਾਕੇਲ, ਕੀ ਗੱਲ ਏ? ਅੱਜ ਤੇ ਸਬਾਤ ਏ।"

"ਮੇਰੇ ਭਾਣੇ ਐਤਵਾਰ ਏ।"

"ਸਾਰੀਆਂ ਦੁਕਾਨਾਂ ਬੰਦ ਨੇਂ। ਅੱਜ ਤਾਂ ਕਿਸੇ ਸ਼ੈ ਦੀ ਫੇਰੀ ਨਹੀਂ ਹੋ ਸਕਦੀ।"

"ਫੇਰ ਮੈਂ ਰੋਟੀ ਮੋੜ ਲੈਜਾਵਾਂ।"

"ਨਹੀਂ ਧਰ ਚਾ ਸੂ। ਤੂੰ ਸਬਾਤ ਲਈ ਕੋਈ ਖਾਣਾ ਨਹੀਂ ਪਕਾਇਆ?"

"ਖ਼ਬਰੇ। ਅੱਛਾ ਮੈਂ ਚੱਲਨੀ ਆਂ।"

ਚੋਖਾ ਚਿਰ ਨਾ ਪਿਆ ਏਸ ਗੱਲ ਨੂੰ... ਰਾਕੇਲ ਨੂੰ ਛਾਤੀ ਦਾ ਕੈਂਸਰ ਹੋ ਗਿਆ। ਉਹ ਮੰਜੀ ਤੇ ਪੈ ਗਈ। ਲੀ ਉਹਦੀ ਟਹਿਲ ਕਰਦੀ। ਸ਼ੀਰਨ ਦੇ ਡਾਕਟਰ ਕਾਟਜ਼ ਨੇ ਆਖਿਆ ਪਈ ਜੇ ਰਾਕੇਲ ਵਾਰਸਾ ਟੁਰ ਜਾਵੇ ਤਾਂ ਖ਼ਬਰੇ ਅਪ੍ਰੇਸ਼ਨ ਨਾਲ਼ ਬਚ ਰਵੇ। ਸਾਰਾ ਪਿੰਡ ਰਲ਼ ਕੇ ਉਹਦਾ ਖ਼ਰਚ ਚੁੱਕਣ ਤੇ ਵੀ ਰਾਜ਼ੀ ਸੀ ਪਰ ਰਾਕੇਲ ਨੇ ਏਹ ਆਖ ਕੇ ਨਾਂਹ ਕਰ ਦਿੱਤੀ, "ਮੈਂ ਏਥੇ ਈ ਜੰਮੀ ਆਂ ਤੇ ਏਥੇ ਈ ਮਰਾਂਗੀ।"

ਪੀੜ ਤੇ ਸਰਸਾਮ ਦੀ ਹਾਲਤ ਵਿਚ ਉਹ ਗਾਵਣ ਕੱਢ ਛੜ੍ਹਦੀ। "ਰਵਸ਼ ਹੈਸ਼ੋਨਾ" ਤੇ "ਯੋਮ ਕੁੱਪਰ" ਦੇ ਕੁਝ ਟੋਟੇ ਉਹਦੇ ਚੇਤੇ ਵਿਚ ਬਚੇ ਰਹੇ ਸਨ। ਏਹ ਸਮਝ ਲੱਗ ਗਈ ਸੀ ਕਿ ਉਹਦਾ ਵਾਜ ਗਾਵਣ ਵਾਲ਼ਾ ਸੀ, ਭਾਵੇਂ ਪਹਿਲਾਂ ਕਦੀਂ ਕਿਸੇ ਉਹਨੂੰ ਗਾਂਵਦਿਆਂ ਨਹੀਂ ਸੀ ਸੁਣਿਆ। ਉਹ ਲਫ਼ਜ਼ਾਂ ਤੇ ਤਰਜ਼ਾਂ ਵਿਚ ਆਪਣੇ ਹਸਾਬ ਸਿਰ ਵਧਾਅ ਚੜ੍ਹਾਅ ਵੀ ਕਰ ਲੈਂਦੀ... ਨਾਲ਼ ਉਹ ਆਪਣੇ ਪਿਉ ਤੇ ਚਰੋਕਣੀ ਮਰ ਗਈ ਹੋਈ ਮਾਂ ਦੇ ਵੈਣ ਵੀ ਅਲਾਂਵਦੀ ਰਹਿੰਦੀ, ਪੀੜ੍ਹੀਓ-ਪੀੜ੍ਹੀ ਟੁਰੇ ਆਂਵਦੇ ਲੰਮੇ ਸੁਰ ਵਿਚ। ਹੁਣ ਉਹ ਖੁਲ੍ਹਮ-ਖੁੱਲ੍ਹਾ ਆਖਦੀ ਪਈ ਸੀ, ਲੀ ਨੇ ਫ਼ੀਗਲ ਤੇ ਉਹਨੂੰ ਵਿਆਹ ਕਰਨ ਤੋਂ ਡੱਕਿਆ ਸੀ।

ਰਾਕੇਲ ਦੇ ਮਰਨ ਪਿੱਛੋਂ ਲੀ ਨੇ ਬੇਕਰੀ ਦਾ ਕੰਮ ਠੱਪ ਕਰ ਦਿੱਤਾ। ਉਹਨੇ ਘਰ ਦੇ ਦੋ ਕਮਰੇ ਕਿਰਾਏ ਤੇ ਚਾੜ੍ਹ ਦਿੱਤੇ ਤੇ ਏਸ ਆਮਦਨ ਨਾਲ਼ ਔਖਾ ਸੌਖਾ ਗੁਜ਼ਾਰਾ ਕਰਨ ਲੱਗ ਪਈ। ਉਹ ਹਰ ਵੇਲੇ ਅੰਦਰ ਵੜੀ ਰਹਿੰਦੀ। ਕਿੱਧਰੇ ਨਾ ਜਾਂਦੀ, ਹੋਰ ਤੇ ਹੋਰ ਉਹ ਦੁਆ ਇਕੱਠ ਵਿਚ ਸੰਖ ਸੁਣਨ ਵੀ ਨਾ ਜਾਂਦੀ। ਚਿਮਨੀ ਹੁਣ ਧੂੰ ਤੇ ਚੰਗਿਆੜੇ ਕੱਢਣੇ ਬੰਦ ਕਰ ਦਿੱਤੇ। ਸ਼ੀਰਨ ਵਿਚ ਕਿਹਾ ਜਾਣ ਲੱਗਾ ਪਈ ਚਿਮਨੀ ਵਾਲ਼ਾ ਭੂਤਨਾ ਹੁਣ ਲੀ ਦੇ ਚੁੱਲ੍ਹੇ ਮਗਰ ਰਹਿਣ ਲੱਗ ਪਿਆ ਸੀ। ਤੇ ਰਾਤ ਨੂੰ ਉਹਦੇ ਨਾਲ਼ ਈ ਲੱਕੜ ਦੇ ਫੱਟੇ ਉੱਤੇ ਸੌਂਦੀ ਸੀ। ਸੱਠਾਂ ਵਰ੍ਹਿਆਂ ਤੋਂ ਉੱਤੇ ਵੀ ਲੀ ਦੇ ਵਾਲ਼ ਕਾਲ਼ੇ ਸ਼ਾਹ ਸਨ।

ਮੇਰੇ ਸ਼ੀਰਨ ਛੱਡਣ ਤਾਈਂ ਲੀ ਜਿਉਂਦੀ ਸੀ। ਉਹ ਨਾਜ਼ੀਆਂ ਦੇ ਹੱਲੇ ਤੋਂ ਥੋੜਾ ਪਹਿਲਾਂ ਮੋਈ। ਮੁੱਦਤਾਂ ਹੋ ਗਈਆਂ ਮੈਨੂੰ ਉਹਨਾਂ ਸਾਰੀਆਂ ਭੈਣਾਂ ਦਾ ਖ਼ਿਆਲ ਆਇਆਂ। ਪਰ ਕੱਲ੍ਹ ਜਦੋਂ ਮੈਂ ਕੰਮ ਕਰਦਾ ਕਰਦਾ ਐਵੇਂ ਮਿੰਟ ਕੁ ਲਈ ਉਂਘਲਾਇਆ ਮੈਨੂੰ ਫ਼ੀਗਲ ਦਾ ਖ਼ਾਬ ਆਇਆ। ਉਹਨੇ ਵਹੁਟੀਆਂ ਵਾਲ਼ਾ ਜੋੜਾ ਤੇ ਰੇਸ਼ਮੀ ਜੁੱਤੀ ਪਾਈ ਹੋਈ ਸੀ। ਵਾਲ਼ ਕੰਡ ਤਾਈਂ ਲਮਕੇ ਹੋਏ ਸਨ, ਮੂੰਹ ਉੱਤੇ ਪਿਲੱਤਣ ਵਰਤੀ ਹੋਈ ਸੀ ਤੇ ਉਹਦੀਆਂ ਅੱਖਾਂ ਕਿਸੇ ਹੋਰ ਵੀਂ ਦੁਨੀਆ ਦੀ ਖ਼ੁਸ਼ੀ ਨਾਲ਼ ਲਿਸ਼ਕਦੀਆਂ ਪਈਆਂ ਸਨ। ਉਹ ਇਕ ਹੱਥ ਨਾਲ ਪਾਮ ਦੀ ਡਾਹਣੀ ਪਈ ਹਲਾਂਵਦੀ ਸੀ। ਦੂਜੇ ਹੱਥ ਉਹਨੇ ਸੰਤਰਾ ਫੜਿਆ ਹੋਇਆ ਸੀ। ਉਹ ਮੇਰੀ ਮਾਂ ਨੂੰ ਆਖਦੀ ਪਈ ਸੀ, "ਇਕ ਕੁੜੀ ਨੇ ਹਯਾਤੀ ਵਿੱਚੋਂ ਕੀ ਲੈਣਾ ਹੋਂਦਾ ਏ? ਇਕ ਨਾਚ ਇਕ ਟਪੂਸੀ... ਬੱਸ।"

(**ਸੰਪਰਕ** 89683-43252)

ਹਿੰਦੀ ਕਹਾਣੀ

# ਬੋਲੋ ਜੈ, ਬੋਲੋ ਜੈ ਗੁਰੂਦੇਵ ਦੀ

ਮੂਲ : ਕਿੰਸ਼ੁਕ ਗੁਪਤਾ

ਅਨੁਵਾਦਕ : ਸੁਕੀਰਤ



Kinshuk Gupta



Sukirat

ਆਖਣ ਨੂੰ ਤੇ ਅਜ ਆਖ਼ਰੀ ਰਾਤ ਹੈ ਜਦੋਂ ਮੈਂ ਤੇ ਸੁਹਾਨੀ ਇਕੱਠੇ ਹਾਂ, ਪਰ ਉਹਦੇ ਨਾਲ ਘਰ ਵਿਚ ਹੋਣਾ - ਤੇ ਮੁੜ ਇਕ ਵੇਰ ਨਾਟਕ ਕਰਦੇ ਪਾਤਰਾਂ ਵਿਚ ਵਿਚ ਤਬਦੀਲ ਹੋ ਜਾਣਾ - ਬੜਾ ਹੀ ਬੇਮਤਲਬ ਜਾਪਿਆ । ਕੰਮ ਮੁਕਦਿਆਂ ਸਾਰ ਮੈਂ ਸੁਨਿਧੀ ਦੇ ਘਰ, ਚਾਣਕਿਆਪੁਰੀ ਵੱਲ ਨਿਕਲ ਪਿਆ । ਸਾਫ਼-ਸ਼ਫਾਫ਼ ਘਰ ਵਿਚ ਗੈਰ-ਦੁਨਿਆਵੀ ਸ਼ਾਂਤੀ, ਟਿਮਟਿਮਾਂਦੀਆਂ ਰੌਸ਼ਨੀਆਂ ਦਾ ਹੜ੍ਹ, ਪਰ ਹਲਕੇ ਨੀਲੇ ਰੰਗ ਦਾ ਕੁੜਤਾ ਪਾਈ ਸੁਨਿਧੀ ਦਾ ਉਹੋ ਜਿਹਾ ਹੀ ਮੁਰਝਾਇਆ ਚਿਹਰਾ, ਅੱਖਾਂ ਹੇਠ ਕਾਲੇ ਘੇਰੇ ।

"ਹੁਣ ਤੇ ਆਰਿਅਨ ਵੀ ਠੀਕ ਏ, ਫੇਰ ਉਦਾਸ ਕਿਓਂ ਏਂ ?" ਉਹ ਬੜਾ ਚਿਰ ਚੁਪਚਾਪ ਖੜ੍ਹੀ ਬਾਰੀ ਤੋਂ ਬਾਹਰ ਘਿਰ ਰਹੀ ਰਾਤ ਨੂੰ ਦੇਖਦੀ ਰਹੀ। ਫੇਰ ਮੈਂ ਹੀ ਗੱਲ ਜੋੜ ਦਿੱਤੀ , "ਤੂੰ ਸੌਂ ਲੈ ਹਾਲ ਦੀ ਘੜੀ। ਜਾਣ ਵੇਲੇ ਤੈਨੂੰ ਜਗਾ ਜਾਵਾਂਗਾ।"

"ਤੂੰ ਆਰਿਅਨ ਨੂੰ ਮਿਲਣ ਨਾ ਆਇਆ ਕਰ।" ਉਹ ਝਕਦੀ ਹੋਈ ਦੱਬੇ ਸੁਰੀਂ ਆਖਦੀ ਹੈ।

"ਕਿਓਂ ?" ਮੈਂ ਹੈਰਾਨ ਜਿਹਾ ਹੋ ਕੇ ਪੁੱਛਦਾ ਹਾਂ।

"ਉਹ ਤੈਨੂੰ ਆਪਣਾ ਪਿਓ ਸਮਝਣ ਲਗ ਪਿਆ ਹੈ।"

ਮੇਰੇ ਕੋਲੋਂ ਕੁਝ ਕਿਹਾ ਨਹੀਂ ਜਾਂਦਾ, ਬਸ ਉਸਦੇ ਮੋਢੇ ਤੇ ਹੌਲੀ ਜਿਹੀ ਆਪਣਾ ਹੱਥ ਰਖ ਦੇਂਦਾ ਹਾਂ। ਮੇਰੀ ਛੋਹ ਵਿਚ ਹੱਕ ਵਾਲੀ ਕੋਈ ਦ੍ਰਿੜਤਾ ਨਹੀਂ, ਸਿਰਫ਼ ਭਰੋਸੇ ਦੀ ਕੋਮਲਤਾ ਹੈ - ਭਰੋਸੇ ਦੇ ਓਹੀ ਧਾਗੇ ਜਿਹੜੇ ਉਸ ਦਿਨ ਓਸਨੇ ਅਚਾਨਕ ਮੇਰੇ ਵੱਲ ਵਧਾ ਦਿੱਤੇ ਸਨ, ਪਰ ਉਹ ਮੋਢੇ ਉਚਕਾ ਕੇ ਮੇਰੇ ਹੱਥ ਨੂੰ ਪਰ੍ਹਾਂ ਕਰ ਦੇਂਦੀ ਹੈ।

ਮੈਂ ਜਾਣਦਾ ਹਾਂ ਆਰਿਅਨ ਖਾਤਰ ਹਸਪਤਾਲ ਦੀ ਦੌੜ ਭਜ ਨੇ ਉਸਨੂੰ ਥਕਾ ਦਿੱਤਾ ਹੈ। ਟਾਈਫਾਈਡ ਤੋਂ ਕਿਤੇ ਵਧ ਥਕ ਗਈ ਹੈ ਉਹ ਉਸ ਡਰ ਤੋਂ – ਜਿਸਨੇ ਹੜ੍ਹ ਦੇ ਪਾਣੀ ਵਾਂਗ ਉਸਦੇ ਸਾਹਮਣੇ ਦੀ ਸਾਰੀ ਜ਼ਮੀਨ ਨੂੰ ਸੋਖ ਲਿਆ ਹੈ - ਕਿ ਹਾਲਾਤ ਅਨੁਰਾਗ ਵਾਂਗ ਆਰਿਅਨ ਨੂੰ ਵੀ ਕਿਸੇ ਢੰਗ ਨਾਲ ਉਸ ਕੋਲੋਂ ਖੋਹ ਲੈਣਗੇ ।

ਕੀ ਉਨ੍ਹਾਂ ਦਿਨਾਂ ਵਿਚ ਮੇਰੀ ਗੈਰ-ਹਾਜ਼ਰ ਰਹਿਣਾ ਵੀ ਏਸ ਅਣਬੋਲੇ ਭਰੋਸੇ ਨੂੰ ਚਕਨਾਚੂਰ ਕਰਨ ਵਿਚ ਹਿੱਸੇਦਾਰ ਨਹੀਂ ਬਣਿਆ ਹੋਵੇਗਾ ?

-----------------

ਦੂਰ ਦੂਰ ਤੀਕ ਆਦਮੀ ਦਾ ਕੋਈ ਪਰਛਾਂਵਾਂ ਨਹੀਂ, ਭੌਂਕਦੇ ਕੁੱਤਿਆਂ ਦੀਆਂ ਹੇੜਾਂ ਜਾਂ ਜੁਗਾਲੀ ਕਰਦੇ ਬੌਲਦ ਨਹੀਂ, ਆਵਾਜ਼ ਦਾ ਕਤਰਾ ਤਕ ਨਹੀਂ - ਰਸਤਾ ਜਿਵੇਂ ਕਿਸੇ ਸੋਗ ਵਿਚ ਗ਼ਲਤਾਨ ਹੋਵੇ।

ਬਸ, ਪੀਲੀਆਂ ਰੌਸ਼ਨੀਆਂ ਦੀ ਇਕ ਲੰਮੀ ਕਤਾਰ ਸੜਕ ਨੂੰ ਵਿਚਕਾਰੋਂ ਚੀਰਦੀ ਹੋਈ ਅਨੰਤ ਵਲ ਜਾਂਦੀ ਦਿਸਦੀ ਹੈ ।ਮੈਂ ਆਪਣੀ ਗੱਡੀ ਸੁਨਿਧੀ ਦੇ ਘਰ ਛੱਡ ਆਇਆ ਹਾਂ ।ਠੰਡ ਵਿਚ ਕੰਬਦਾ, ਆਪਣੇ ਹੱਥਾਂ ਨੂੰ ਲਾਲ ਚੈੱਕ ਵਾਲੇ ਮਫ਼ਲਰ ਨਾਲ ਢੱਕਦਾ, ਸੜਕ ਦੀ ਰੌਸ਼ਨੀ ਦੀ ਸੇਧ ਵਿਚ ਵਧਦਾ ਤੁਰਿਆ ਜਾ ਰਿਹਾ ਹਾਂ। ਦਿਮਾਗ਼ ਵਿਚ ਬੇਤਰਤੀਬ, ਬੇਸਿਰ-ਪੈਰ ਖਿਆਲ ਹਨ, ਸੜਕ ਤੇ ਜਾਂਦੇ ਵਾਹਨਾਂ ਵਾਂਗ ਇਕ ਦੂਜੇ ਵਿਚ ਰਲ-ਗੱਡ।ਮੈਨੂੰ ਵਾਰ ਵਾਰ ਚਿੱਟੀ ਧੋਤੀ ਵਿਚ ਸਟੇਜ ਤੇ ਬੈਠੇ ਗੁਰੂਦੇਵ ਸੰਤੋਸ਼ ਯਾਦ ਆ ਰਹੇ ਹਨ, ਉਪਨਿਸ਼ਦਾਂ ਜਾਂ ਪੁਰਾਣਾਂ ਦੀ ਕੋਈ ਕਥਾ ਸੁਣਾ ਰਹੇ, ਸਾਹਮਣੇ ਬੈਠੀ ਭੀੜ ਨੂੰ ਤੋੜ-ਮਰੋੜ ਕੇ ਉਸਦਾ ਅਰਥ ਸਮਝਾ ਰਹੇ।

'ਦ ਹਿੰਦੂ' ਦੇ ਐਸੋਸੀਏਟ ਐਡੀਟਰ ਦੇ ਅਹੁਦੇ ਤੇ ਪੰਦਰਾਂ ਸਾਲ ਦੀ ਨੌਕਰੀ ਦੌਰਾਨ ਅਸੀਂ ਪਤਾ ਨਹੀਂ ਕਿੰਨੀ ਵਾਰ ਪਸਿੱਤੇ ਪਿੰਡਾਂ ਵਿਚ ਗਏ, ਹਜ਼ਾਰਾਂ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਇਕੱਤਰ ਕੀਤੀਆਂ, ਕੁਰਸੀਆਂ ਵਿਚ ਧਸੇ ਢਿੱਡਲ ਨੇਤਾਵਾਂ ਦੇ ਸਟਿੰਗ ਔਪ੍ਰੇਸ਼ਨ ਕਰਾਏ - ਕਿੰਨੀਆਂ ਸਨਸਨੀਖੇਜ਼, ਹੈਰਤਅੰਗੇਜ਼ ਖ਼ਬਰਾਂ ਛਾਪੀਆਂ, ਜਿਨ੍ਹਾਂ ਨੂੰ ਪੜ੍ਹ ਕੇ ਸਚ ਵੀ ਘੜੀ ਹੋਈ ਕਹਾਣੀ ਜਾਪੇ ।

'ਧਾਰਮਕ ਗੁਰੂ ਦੇ ਚੱਕਰ ਵਿਚ ਫਸ ਕੇ ਪਤਨੀ ਨੇ ਦਿੱਤਾ ਤਲਾਕ' - ਜੇਕਰ ਸਾਡੇ ਤਲਾਕ ਦੀ ਵੀ ਖ਼ਬਰ ਬਣੀ ਤਾਂ ਉਹ ਵੀ ਕੁਝ ਇਹੋ ਜਿਹੀ ਚਟਪਟੀ ਹੀ ਹੋਵੇਗੀ।ਉਸ ਵਿਚ ਤਫ਼ਸੀਲ ਹੋਵੇਗੀ, ਇੰਦੌਰ ਦੇ ਗੁਰੂਦੇਵ ਸੰਤੋਸ਼ ਦੀ, ਉਸਦੇ ਭਗਤਾਂ ਦੀ ਭੀੜ ਦੀ।ਕੁਝ ਅੰਦਰਲੇ ਲੋਕਾਂ ਦੇ ਬਿਆਨ ਵੀ ਹੋਣਗੇ ਜੋ ਗੁਰੂ ਦੀ ਤਾਰੀਫ਼ ਦੇ ਕਸੀਦੇ ਪੜ੍ਹਨਗੇ।ਚਾਹ ਦੀਆਂ ਚੁਸਕੀਆਂ ਲੈਂਦਿਆਂ ਸਾਰੇ ਕਿਆਸ ਆਰਾਈਆਂ ਕਰਨਗੇ, ਜਸੂਸਾਂ ਵਾਲੇ ਟੋਪੇ ਪਾ ਕੇ ਸਾਡੇ ਤਲਾਕ ਦੇ ਸੰਭਵ ਕਾਰਨਾਂ ਦੀ ਇਕ ਲੰਮੀ ਲਿਸਟ ਤਿਆਰ ਕਰਨਗੇ।

ਕੱਲ ਸੁਹਾਨੀ ਦੇ ਦਸਤਖ਼ਤ ਹੋ ਜਾਣ ਦੇ ਇਕ, ਵਧ ਤੋਂ ਵਧ ਦੋ ਮਹੀਨਿਆਂ ਦੇ ਅੰਦਰ ਸਾਡੇ ਤਲਾਕ ਦੀ ਲੰਮੀ ਪ੍ਰਕਿਰਿਆ ਦਾ ਅੰਤ ਹੋ ਜਾਵੇਗਾ ।ਕਿਹੋ ਜਿਹਾ ਲਗਦਾ ਹੋਵੇਗਾ ਤਲਾਕ ਦੇ ਫੌਰਨ ਬਾਅਦ – – ਕੀ ਸਿਰਫ਼ ਆਜ਼ਾਦੀ ਮਿਲ ਜਾਣ ਦਾ 'ਡੋਪਾਮੀਨ ਰਸ਼' ਹੀ ਮਹਿਸੂਸ ਹੁੰਦਾ ਹੋਵੇਗਾ ਜਾਂ ਰਿਸ਼ਤੇ ਨੂੰ ਇਕ ਮੌਕਾ ਨਾ ਦੇਣ ਦੀ 'ਗਿਲਟ' ਘੇਰ ਲੈਂਦੀ ਹੋਵੇਗੀ? ਸ਼ਾਇਦ ਏਸੇ 'ਕਾਸ਼ ' ਤੋਂ ਬਚਾਣ ਲਈ ਹੀ ਵਿਆਹ ਤੋੜਨ ਦੀ ਇਹ ਪ੍ਰਕਿਰਿਆ ਏਨੀ ਲੰਮੀ ਹੈ, ਸ਼ਾਇਦ ਏਸੇ ਲਈ ਲੋਕ ਵਾਰ-ਵਾਰ ਪੁੱਛਦੇ ਰਹਿੰਦੇ ਹਨ - ਕੀ ਤੁਹਾਡਾ ਦੁਹਾਂ ਦਾ ਇਹ ਫੈਸਲਾ ਅੰਤਮ ਹੈ?

ਕੀ ਪਛਤਾਵੇ ਦੀ ਇਹੋ ਲਿਜਲਿਜੀ ਭਾਵਨਾ ਮੈਨੂੰ ਵੀ ਘੇਰ ਲਵੇਗੀ- ਨਹੀਂ, ਬਿਲਕੁਲ ਨਹੀਂ।ਇਕ ਹੋਰ ਮੌਕਾ ਦੇਣ ਦਾ ਮਤਲਬ ਹੈ ਰਿਸ਼ਤੇ ਨੂੰ ਚਿਊਇੰਗ ਗਮ ਵਾਂਗ ਖਿੱਚਣਾ, ਕੁਝ ਹੋਰ ਸਮਾਂ ਗੁਰੂਦੇਵ ਸੰਤੋਸ਼ ਦੀ ਓਸ ਸਨਕ ਨਾਲ ਗੁਜ਼ਾਰਨਾ, ਹਰ ਕਮਰੇ ਵਿਚ ਲੱਗੇ ਫੋਟੋ ਫਰੇਮ ਵਿਚ ਜੜੇ ਉਨ੍ਹਾਂ ਦੇ ਮੋਮ ਵਾਂਗ ਪਿਘਲਦੇ ਚਿਹਰੇ ਨੂੰ ਦੇਖਣਾ ਤੇ ਪਾਟੀ ਆਵਾਜ਼ ਵਿਚ ਦਿਤੇ ਜਾਣ ਵਾਲੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਸੁਣਨਾ।

ਜਦੋਂ ਦਾ ਮੈਂ ਤਲਾਕ ਬਾਰੇ ਘਰ ਦਸਿਆ ਹੈ, ਮੰਮੀ-ਪਾਪਾ ਹਰ ਸ਼ਾਮ ਫੋਨ ਕਰਦੇ ਹਨ।ਵੀਡੀਓ ਕਾਲ ਦੌਰਾਨ ਅਸੀ ਖਾਣੇ ਦੀ ਮੇਜ਼ ਉਤੇ ਆਹਮੋ ਸਾਹਮਣੇ ਬੈਠੇ ਰਹਿੰਦੇ ਹਾਂ, ਮਾਂ ਤਿਊੜੀਆਂ ਵੱਟਦੀ ਪੁੱਛਦੀ ਹੈ, " ਤੂੰ ਸੁਹਾਨੀ ਬਾਰੇ ਕਿਓਂ ਨਹੀਂ ਸੋਚਦਾ ?" ਪਿਤਾ ਜੀ ਅੱਖਾਂ ਚੁਰਾਂਦੇ ਹੋਏ ਸਮਝਾਣ ਦੀ ਕੋਸ਼ਿਸ਼ ਕਰਦੇ ਹਨ, " ਏਸ ਉਮਰ ਵਿਚ ਮਨ ਭਟਕ ਜਾਂਦਾ ਹੈ।ਭਟਕਣ ਦਾ ਕਦੇ ਕੋਈ ਅੰਤ ਨਹੀਂ ਹੁੰਦਾ।"

ਫੋਨ ਬੰਦ ਕਰਨ ਤੋਂ ਪਹਿਲਾਂ ਅਸੀਂ ਕੁਝ ਹੋਰ ਮਿਨਟ ਚੁਪਚਾਪ ਇਕ ਦੂਜੇ ਨੂੰ ਘੂਰਦੇ ਹਾਂ ।ਮੈਂ ਉਨ੍ਹਾਂ ਦੀਆਂ ਇਲਜ਼ਾਮ ਭਰੀਆਂ ਅੱਖਾਂ ਦੇਖ ਕੇ ਕੰਬ ਜਾਂਦਾ ਹਾਂ , ਪਰ ਸਮਝ ਨਹੀਂ ਪੈਂਦੀ ਕਿ ਆਪਣੇ ਜਾਂ ਸੁਨਿਧੀ ਦੇ ਸਵੈ-ਮਾਣ ਨੂੰ ਉਨ੍ਹਾਂ ਬੇਬੁਨਿਆਦ ਸਵਾਲਾਂ ਦੇ ਗਾਰੇ ਵਿਚ ਲਿਬੜਨ ਤੋਂ ਕਿਵੇਂ ਬਚਾਵਾਂ।

ਮੈਂ ਸੁਨਿਧੀ ਨੂੰ ਪੁੱਛਿਆ ਸੀ, "ਜੇ ਤਲਾਕ ਸੁਹਾਨੀ ਨੇ ਮੰਗਿਆ ਹੁੰਦਾ ਤਾਂ ਕੀ ਮੈਂ ਇਨ੍ਹਾਂ ਸਵਾਲੀਆ

ਨਿਗਾਹਾਂ ਤੋਂ ਬਚ ਸਕਦਾ ਸਾਂ ?"

ਉਹਨੇ ਚਾਹ ਵਿਚ ਖੰਡ ਪਾਂਦਿਆਂ ਲਾਪਰਵਾਹੀ ਨਾਲ ਕਿਹਾ ਸੀ, "ਮਿਡਲ ਕਲਾਸ ਪਤੀ ਕਦੇ ਨਹੀਂ ਬਚ ਸਕਦੇ।"

-------------

ਉਸ ਰਾਤ ਚੌਲਾਂ ਦੇ ਵਿਚਕਾਰ ਬਣਾਏ ਟੋਏ ਵਿਚ ਦਾਲ ਪਾਂਦਿਆਂ ਮੈਂ ਬਿਨਾ ਸੁਹਾਨੀ ਵਲ ਦੇਖਿਆਂ ਤਲਾਕ ਦੀ ਗੱਲ ਕਹਿ ਦਿੱਤੀ। ਮੈਂ ਉਸ ਕੋਲੋਂ ਨਜ਼ਰਾਂ ਚੁਰਾਂਦਾ ਟੀ ਵੀ ਵਲ ਦੇਖਦਾ ਰਿਹਾ, ਜਦੋਂ ਮੈਨੂੰ ਅਹਿਸਾਸ ਹੋਇਆ ਕਿ ਉਸਦੀਆਂ ਨਜ਼ਰਾਂ ਮੈਨੂੰ ਘੂਰ ਰਹੀਆਂ ਹਨ। ਟੀ ਵੀ ਤੋਂ ਕਿਸੇ ਦੇ ਖਿੜਖਿੜਾ ਕੇ ਹੱਸਣ ਦਾ ਸ਼ੋਰ ਆਂਦਾ ਰਿਹਾ, ਤੇ ਮੈਂ ਚੋਰ-ਨਿਗਾਹੀਂ ਸੁਹਾਨੀ ਨੂੰ ਮੂੰਹ ਵਿਚ ਰੋਟੀ ਦੀਆਂ ਵੱਡੀਆਂ ਵੱਡੀਆਂ ਗਰਾਹੀਆਂ ਪਾਂਦਿਆਂ ਦੇਖਦਾ ਰਿਹਾ।

ਖੰਘ ਦੇ ਇਕ ਉੱਥੂ ਨਾਲ ਉਸਦੇ ਮੂੰਹ ਵਿਚ ਤੁੰਨੇ ਰੋਟੀ ਦੇ ਅਧਚੱਬੇ ਟੁਕੜੇ ਕਮਰੇ ਵਿਚ ਥਾਂ ਥਾਂ ਖਿੱਲਰ ਗਏ ਤੇ ਉਹ ਡੁਸਕਣ ਲਗ ਪਈ ।

ਮੈਂ ਫੌਰਨ ਪਾਣੀ ਦਾ ਗਲਾਸ ਉਸ ਵਲ ਵਧਾਇਆ, "ਤੂੰ ਪੈਸੇ ਬਾਰੇ ਬਿਲਕੁਲ ਚਿੰਤਾ ਨਾ ਕਰ।" ਉਹ ਰਤਾ ਕੁ ਮੇਰੇ ਵਲ ਝੁਕੀ, ਸ਼ਾਇਦ ਮੇਰੇ ਗਲੇ ਲਗਣ ਲਈ, ਪਰ ਮੇਰੇ ਸਰੀਰ ਵਿਚ ਅਜੀਬ ਜਿਹਾ ਖਿਚਾਅ ਆ ਗਿਆ, ਜਿਸਨੂੰ ਮਹਿਸੂਸਦਿਆਂ ਉਹ ਕੰਧ ਦਾ ਸਹਾਰਾ ਲੈ ਨਿਢਾਲ ਹੋ ਗਈ।

ਦੇਰ ਰਾਤ ਉਹ ਮੇਰੇ ਕਮਰੇ ਦੀ ਦਹਿਲੀਜ਼ ਤੇ ਖੜੀ ਮੈਨੂੰ ਤਕਦੀ ਰਹੀ। ਮੈਂ ਵੀ ਅੱਖਾਂ ਮੀਟੀਆਂ ਰੱਖੀਆਂ, ਪਰ ਜਦੋਂ ਉਹ ਮੇਰੇ ਵਾਲਾਂ ਵਿਚ ਹੱਥ ਫੇਰ ਕੇ ਮੁੜਨ ਲੱਗੀ, ਤਾਂ ਮੈਂ ਉਸਨੂੰ ਆਵਾਜ਼ ਮਾਰੀ, "ਏਨੀ ਦੇਰ ਤਕ ਜਾਗਦੀ ਪਈ ਏਂ?"

"ਹਾਂ .. ਨਹੀਂ.. ਮੇਰਾ ਮਤਲਬ ਹੈ ਤੂੰ ਆਰਾਮ ਕਰ।"

"ਏਧਰ ਆ।" ਮੈਂ ਬਿਸਤਰੇ ਤੇ ਉਹਦੇ ਲਈ ਥਾਂ ਬਣਾਂਦਿਆਂ ਕਿਹਾ।

"ਗੁਰੂਦੇਵ ਸੰਤੋਸ਼ ਲਈ ਸ਼ਰਧਾ ਮੈਨੂੰ ਸਨਕ ਜਾਪਦੀ ਏ। ਮੈਂ ਏਨਾ ਘੁਟ-ਘੁਟ ਕੇ ਨਹੀਂ ਜੀ ਸਕਦਾ।"

"ਜਾਂ ਤੂੰ ਕੁੜ੍ਹਦਾ ਏਂ ਕਿ ਓਸ਼ੋ ਵਰਗੀ ਪਾਪੂਲੈਰਿਟੀ ਦੇ ਬਾਵਜੂਦ ਉਨ੍ਹਾਂ ਉੱਤੇ ਕੋਈ ਇਲਜ਼ਾਮ ਨਹੀਂ, 'ਕੌਨਮੈਨ' ਜਾਂ 'ਸੈਕਸ ਗੁਰੂ' ਵਰਗੇ ਭੱਦੇ ਨਾਂਵਾਂ ਦਾ।" ਉਸਨੇ ਛਿੱਥਿਆਂ ਪੈਂਦਿਆਂ ਕਿਹਾ।

"ਦੋਹਾਂ ਦੀ ਆਪਸ ਵਿਚ ਕੋਈ ਤੁਲਨਾ ਨਹੀਂ। ਉਨ੍ਹਾਂ ਦੇ ਵਕਤਾਂ, ਭਗਤਾਂ 'ਤੇ ਫ਼ਲਸਫੇ ਵਿਚ ਬਹੁਤ ਫ਼ਰਕ ਹੈ।"

"ਤੈਨੂੰ ਚਿੜ੍ਹ ਕਿਓਂ ਹੈ ਕਿ ਪ੍ਰਭੂ ਜੀ ਦੇ ਬਹੁਤੇ ਭਗਤ ਗ਼ਰੀਬ ਹਨ? ਹਰ ਕਿਸੇ ਕੋਲ ਕਮਿਊਨ ਵਿਚ ਜਾਣ ਤੇ ਲਾਲ ਚੋਗੇ ਪਾ ਕੇ ਨੱਚਣ ਜੋਗੇ ਪੈਸੇ ਨਹੀਂ ਹੁੰਦੇ।"

"ਅਸਲ ਗਲ ਇਹ ਹੈ ਕਿ ਤੂੰ ਕੁਝ ਸੁਣਨਾ ਹੀ ਨਹੀਂ ਚਾਹੁੰਦੀ। ਜੇ ਮੈਨੂੰ ਤੇਰੇ ਗੁਰੂ ਦੀਆਂ ਗਲਾਂ ਬਚਕਾਨਾ ਲਗਦੀਆਂ ਹਨ ਤਾਂ ਤੂੰ ਚਿੜ੍ਹਦੀ ਕਿਓਂ ਹੈਂ?।"

"ਕਿਓਂਕੇ ਮੈਨੂੰ ਵੀ ਸੈਕਸ ਜ਼ਿੰਦਗੀ ਦਾ ਧੁਰਾ ਹੋਣ ਵਾਲੀ ਗੱਲ ਬਚਕਾਨੀ ਲਗਦੀ ਹੈ। ਜ਼ਿੰਦਗੀ ਦਾ ਧੁਰਾ ਮੋਕਸ਼ ਪ੍ਰਾਪਤ ਕਰਨ ਦੀ ਇੱਛਾ ਹੀ ਹੋ ਸਕਦੀ ਹੈ।" ਉਸਨੇ ਕਿਸੇ ਬਾਲ ਵਾਂਗ ਹਠ ਕਰਦਿਆਂ ਕਿਹਾ।

"ਪਹਿਲੀ ਗਲ , ਓਸ਼ੋ ਨੇ ਸੰਭੋਗ ਤੋਂ ਸਮਾਧੀ ਦੀ ਗਲ ਕੀਤੀ ਹੈ ਤੇ ਦੂਜੀ ਗੱਲ, ਮੈਂ ਬਿਨਾ ਦਲੀਲ ਕੋਈ ਵੀ ਗੱਲ ਮੰਨਣ ਤੋਂ ਇਨਕਾਰੀ ਹਾਂ।" ਤੇ ਫੇਰ ਇਹ ਵੀ ਜੜ ਦਿਤਾ, "ਤੇਰੀ ਏਸ ਅੰਨੀ ਸ਼ਰਧਾ ਕਾਰਨ ਹੀ ਸਾਡੇ ਘਰ ਬੱਚਾ ਨਹੀਂ ਹੈ।"

"ਬੱਚੇ ਦਾ ਲਾਲਚ ਦੇ ਕੇ ਤੈਨੂੰ ਉਸ ਸੁਨਿਧੀ ਨੇ ਫਸਾ ਲਿਆ ਹੈ ।ਬਚਪਨ ਤੋਂ ਹੀ ਉਸਨੇ ਛੋਟੀ ਹੋਣ

ਦਾ ਨਾਜਾਇਜ਼ ਫਾਇਦਾ ਲਿਆ ਹੈ।" ਉਹ ਦਰਵਾਜ਼ਾ ਬੰਦ ਕਰਕੇ ਚਲੀ ਗਈ ।

"ਇਹੋ ਜਿਹੀ ਕੋਈ ਗੱਲ ਨਹੀਂ।" ਸ਼ਬਦ ਮੇਰੇ ਮੂੰਹ ਵਿਚ ਘੁੱਟੇ ਰਹਿ ਗਏ ।

--------------

ਟੁਰਦਿਆਂ ਮੇਰੇ ਪੈਰ ਦੁਖਣ ਲਗ ਪਏ ਹਨ ।ਸਰੀਰ ਨੂੰ ਚੀਰਦੀਆਂ ਠੰਡੀਆਂ ਹਵਾਵਾਂ ਦੇ ਥਪੇੜਿਆਂ ਨਾਲ ਸਿਰ ਖੜਕ ਰਿਹਾ ਹੈ ।ਖਿਆਲਾਂ ਦੇ ਝੁਰਮਟ ਨੇ ਇਕ ਵੇਰ ਫੇਰ ਰੌਸ਼ਨੀ ਨੂੰ ਸੋਖ ਲਿਆ ਹੈ।ਚੰਗਾ ਹੁੰਦਾ ਜੇ ਗੁਰੂਦੇਵ ਸੰਤੋਸ਼ ਦੀ ਕੋਈ ਹੋਂਦ ਹੀ ਨਾ ਹੁੰਦੀ - ਜਾਂ ਫੇਰ ਉਹ ਕਿਸੇ ਧੋਖਾਧੜੀ ਜਾਂ ਰੇਪ ਦੇ ਚੱਕਰ ਵਿਚ ਫਸ ਕੇ ਸਲਾਖਾਂ ਦੇ ਪਾਰ ਹੀ ਹੋ ਜਾਂਦਾ - ਸ਼ਾਇਦ ਸਾਡਾ ਵਿਆਹ ਬਚ ਜਾਂਦਾ।

ਪਰ ਏਦੂੰ ਵੀ ਚੰਗਾ ਹੁੰਦਾ ਜੇ ਉਸ ਦਿਨ ਮੈਂ ਸੁਹਾਨੀ ਦੇ ਨਾਲ ਘਰ ਹੀ ਹੁੰਦਾ, ਉਸ ਟੁੱਚੇ 'ਰਾਈਜ਼ਿੰਗ ਜਰਨਲਿਸਟ ਐਵਾਰਡ।' ਨੂੰ ਲੈਣ ਗਿਆ ਹੋਇਆ ਸ਼ਿਮਲੇ ਦੇ ਵਿਲੋ ਬੈਂਕਸ ਹੋਟਲ ਵਿਚ ਨਹੀਂ। ਅੱਧੀ ਰਾਤ ਵੇਲੇ ਸੁਹਾਨੀ ਪੀੜ ਵਿਚ ਕੁਰਲਾਂਦੀ ਰਹੀ ਪਰ ਫ਼ਲੈਟ ਦੀਆਂ ਆਵਾਜ਼-ਦੱਬੂ ਕੰਧਾਂ ਕਾਰਨ ਨਾਲ ਰਹਿੰਦੇ ਮਿਸਟਰ ਤੇ ਮਿਸਿਜ਼ ਕੁਲਕਰਣੀ ਸੁਣ ਨਾ ਸਕੇ ।ਹਿੰਮਤ ਕਰਕੇ ਉਹ ਆਪਣਾ ਫੋਨ ਫੜਨ ਖਾਣੇ ਦੀ ਮੇਜ਼ ਤਕ ਗਈ - ਜਿਸਨੂੰ ਉਹ ਬੱਚੇ ਨੂੰ ਰੇਡੀਏਸ਼ਨ ਦੇ ਖ਼ਤਰੇ ਤੋਂ ਬਚਾਣ ਲਈ ਓਥੇ ਰਖਦੀ ਸੀ - ਪਰ ਪੀੜ ਦੀ ਇਕ ਤਿੱਖੀ ਲਹਿਰ ਨੇ ਉਸਨੂੰ ਓਥੇ ਹੀ ਨਿਢਾਲ ਕਰ ਦਿੱਤਾ।

ਜਦੋਂ ਉਸਨੂੰ ਹੋਸ਼ ਆਈ, ਮਰੀ ਮੱਛੀ ਦੀ ਬੋਅ ਵਾਲਾ ਹਰੇ ਰੰਗਾ 'ਐਮਨਿਓਟਿਕ ਫਲੂਇਡ' ਉਸਦੇ ਚਾਰੇ ਪਾਸੇ ਫੈਲਿਆ ਹੋਇਆ ਸੀ ।ਹਿੰਮਤ ਕਰਕੇ ਉਹ ਮੁੜ ਖਿਸਕਦੀ ਹੋਈ ਖਾਣੇ ਦੀ ਮੇਜ਼ ਤਕ ਪਹੁੰਚੀ ਸੀ ਤੇ ਕੁਲਕਰਣੀਆਂ ਦਾ ਨੰਬਰ ਮਿਲਾਇਆ ਸੀ।

ਮਿਸਿਜ਼ ਕੁਲਕਰਣੀ ਨੇ ਘਬਰਾਈ ਹੋਈ ਆਵਾਜ਼ ਵਿਚ ਮੈਨੂੰ ਫੋਨ ਤੇ ਦਸਿਆ ਸੀ , "ਸੈਲੇਸ਼, ਕਿੱਥੇ ਹੋ ਤੁਸੀਂ ? ਛੇਤੀ ਹਸਪਤਾਲ ਪਹੁੰਚੋ।ਸੁਹਾਨੀ ਇਜ਼ ਇਨ ਲੇਬਰ।"

"ਪਰ ਮੈਂ ਏਸ ਵੇਲੇ ਸ਼ਿਮਲੇ ਹਾਂ।ਸਵੇਰ ਤੋਂ ਪਹਿਲਾਂ ਦਿੱਲੀ ਨਹੀਂ ਪਹੁੰਚ ਸਕਦਾ।" ਹੜਬੜਾ ਕੇ ਮੈਂ ਬਿਸਤਰੇ ਵਿੱਚੋਂ ਉਠ ਖੜ੍ਹਿਆ ਸਾਂ।

"ਕੀ ਬੱਚਾ ਸਿਰਫ਼ ਮਾਂਵਾਂ ਦਾ ਹੀ ਹੁੰਦਾ ਹੈ?" ਉਨ੍ਹਾਂ ਨੇ ਚੀਕਦੀ ਆਵਾਜ਼ ਵਿਚ ਕਿਹਾ ਤੇ ਮੇਰਾ ਜਵਾਬ ਸੁਣੇ ਬਿਨਾ ਹੀ ਫੋਨ ਕੱਟ ਦਿੱਤਾ ਸੀ ।

ਜਦੋਂ ਤੀਕ ਅਪੋਲੋ ਹਸਪਤਾਲ ਦੀ ਗਰਮ ਕੀਤੀ ਹੋਈ ਲੌਬੀ ਵਿਚ ਵੜ ਸਕਿਆ, ਸੂਰਜ ਸਿਰ ਤੇ ਚੜ੍ਹ ਆਇਆ ਸੀ।ਹਲਕੀ ਧੁੱਪ ਦੀ ਕੋਸੀ ਛੋਹ ਪਿੰਡੇ ਨੂੰ ਸਹਿਲਾ ਰਹੀ ਸੀ, ਖਾਸ ਕਰ ਪੂਰਾ ਰਾਹ ਪੈਂਦੀ ਰਹੀ ਤਾਬੜਤੋੜ ਬਾਰਸ਼ ਤੋਂ ਬਾਅਦ।ਅਸਮਾਨ ਵਿਚ ਜੰਮੇ ਹੋਏ ਸਲੇਟੀ ਬੱਦਲਾਂ ਦੇ ਗੋਹੜੇ, ਦੇਓਦਾਰ ਤੇ ਚੀੜ੍ਹ ਦੀਆਂ ਗਿੱਲੀਆਂ ਟਹਿਣੀਆਂ ਦੇ ਅੰਦਰ ਵੜ ਵੜ ਆਣ, ਹਰ ਮੋੜ ਉੱਤੇ ਬ੍ਰੇਕ ਦੀ ਤਿੱਖੀ ਆਵਾਜ਼ ਤੋਂ ਮੈਂ ਏਨਾ ਡਰਿਆ ਹੋਇਆ ਸਾਂ ਕਿ ਸਾਰਾ ਰਾਹ ਸਾਹ ਸੂਤ ਕੇ ਬੈਠਾ ਰਿਹਾ ਸਾਂ।

ਮਿਸਿਜ਼ ਕੁਲਕਰਣੀ ਦੀ ਉਸ ਕਾਲ ਤੋਂ ਮਗਰੋਂ ਦੋ ਕਾਲਾਂ ਹੋਰ ਆਈਆਂ - ਇਕ ਢਾਈ ਵਜੇ, ਦੂਜੀ ਪੰਜ ਵਜੇ - ਪਰ ਮੈਂ ਚੁੱਕੀਆਂ ਨਹੀਂ ਸਨ।ਸਿਆਲ ਦੀ ਉਹ ਬੇਮੌਸਮੀ ਬਰਸਾਤ ਤੇ ਅੱਠਵੇਂ ਮਹੀਨੇ ਵਿਚ ਸੁਹਾਨੀ ਨੂੰ ਜੰਮਣ-ਪੀੜਾਂ ਜਿਵੇਂ ਕਿਸੇ ਆਣ ਵਾਲੀ ਮਾੜੀ ਖ਼ਬਰ ਵਲ ਇਸ਼ਾਰਾ ਸੀ ਜਿਸਦਾ ਟਾਕਰਾ ਕਰਨ ਦੀ ਹਿੰਮਤ ਉਸ ਸਮੇਂ ਮੇਰੇ ਅੰਦਰ ਨਹੀਂ ਸੀ।ਮੋਬਾਈਲ ਬੰਦ ਕਰਨਾ ਕੁਝ ਸਮੇਂ ਲਈ ਸੱਚ ਨੂੰ ਟਾਲਣਾ ਸੀ।ਆਪਣੇ ਲਈ ਸੁਖਾਂਵੇਂ ਸੱਚ ਨੂੰ ਘੜਨ ਤੇ ਓਸੇ ਨੂੰ ਵਾਰ-ਵਾਰ ਦੁਹਰਾਉਣ ਦਾ ਕੀਮਤੀ ਸਮਾਂ।

ਕਾਲਾ ਸੂਟ ਪਾਈ ਤੇ ਲਾਲ ਟਾਈ ਲਾਈ ਬੈਠੇ ਰਿਸੈਪਨਿਸ਼ਟ ਕੋਲੋਂ ਪੁੱਛਣ ਤੇ ਪਤਾ ਲੱਗਾ ਕਿ ਸੁਹਾਨੀ ਤੀਜੀ ਮੰਜ਼ਲ ਦੇ ਕਮਰਾ ਨੰਬਰ 301 ਵਿਚ ਦਾਖ਼ਲ ਹੈ।ਓਸੇ ਕੋਲੋਂ ਬੱਚੇ ਬਾਰੇ ਪੁੱਛਣ ਹੀ ਲਗਿਆ ਸਾਂ ਕਿ

ਮੈਨੂੰ ਓਥੇ ਹੀ ਖੜੋਤਾ ਦੇਖ ਓਸੇ ਨੇ ਅਦਬ ਨਾਲ ਪੁੱਛਿਆ, "ਕੈਨ ਆਈ ਹੈਲਪ ਯੂ ਵਿਦ ਸਮਥਿੰਗ ਐਲਸ?"

ਉਸਦੇ ਪੁੱਛਣ ਵਿਚ ਅਜੀਬ ਰਸਮੀਪਣਾ ਸੀ ਜਾਂ ਮੈਂ ਆਪ ਹੀ ਸੱਚ ਨੂੰ ਥੋੜਾ ਹੋਰ ਦੂਰ ਧੱਕ ਦੇਣਾ ਚਾਹੁੰਦਾ ਸਾਂ ਕਿ ਬਿਨਾ ਕੁਝ ਪੁੱਛੇ ਮੈਂ ਲਿਫ਼ਟ ਲੈ ਕੇ ਤੀਜੀ ਮੰਜ਼ਲ ਵਲ ਵਧ ਗਿਆ।

ਲਿਫ਼ਟ ਤੋਂ ਉਤਰ ਕੇ ਮੈਂ ਸਿੱਧੇ ਕਦਮੀਂ ਸੁਹਾਨੀ ਦੇ ਕਮਰੇ ਵਲ ਵਧਣ ਲੱਗਾ। ਸਾਹ ਉੱਤੇ-ਥੱਲੇ ਹੁੰਦੇ ਰਹੇ। ਕਮਰੇ ਦੀ ਪਾਰਦਰਸ਼ੀ ਬਾਰੀ ਵਿਚ ਲੱਗੇ ਪਰਦਿਆਂ ਦੀਆਂ ਕਤਰਨਾਂ ਵਿਚੋਂ ਝਾਤ ਮਾਰੀ ਤਾਂ ਸੁਹਾਨੀ ਦੇ ਕੋਲ ਪਿਆ ਪੰਘੂੜਾ ਦੇਖ ਮੇਰੇ ਹੱਥੋਂ ਬੈਗ ਛੁੱਟ ਗਿਆ।

ਮੈਂ ਧਾਅ ਕੇ ਅੰਦਰ ਵੜਿਆ ਤੇ ਫੌਰਨ ਪੰਘੂੜੇ ਵਿਚ ਪਏ ਆਪਣੇ ਬਾਲ ਨੂੰ ਚੁਕ ਲਿਆ। ਮੇਰੀ ਹਥੇਲੀ ਨਾਲੋਂ ਛੋਟਾ ਮੂੰਹ, ਵੱਡੀਆਂ-ਵੱਡੀਆਂ ਅੱਖਾਂ, ਚੌੜਾ ਮੱਥਾ, ਕੰਨਾਂ ਅਤੇ ਗਲ੍ਹਾਂ ਤੇ ਚਮਕਦੇ ਸੁਨਹਿਰੇ ਰੋਏਂ।

"ਉਸਦੀਆਂ ਅੱਖਾਂ ਤੇਰੇ ਤੇ ਗਈਆਂ ਸਨ ਤੇ ਬਾਕੀ ਚਿਹਰਾ ਮੇਰੇ 'ਤੇ ਸੀ।" ਸੁਹਾਨੀ ਦੀ ਆਵਾਜ਼ ਨਿਰਲੇਪ ਸੀ ।

"'ਸੀ' ਕਿਓਂ ਕਹਿ ਰਹੀ ਹੈਂ ?" ਇਹ ਕਹਿੰਦਿਆਂ ਹੀ ਸਾਰਾ ਸੱਚ ਖੁਦ-ਬ-ਖੁਦ ਮੇਰੇ ਸਾਹਮਣੇ ਖੁਲ੍ਹ ਗਿਆ। ਪਤਾ ਨਹੀਂ ਕਿਓਂ ਆਪਣਾ ਹੱਥ ਉਸਦੀਆਂ ਗੱਲ੍ਹਾਂ ਤੋਂ ਹਟਾ ਕੇ ਮੈਂ ਉਸਨੂੰ ਪੰਘੂੜੇ ਵਿਚ ਤਕਰੀਬਨ ਸੁੱਟ ਹੀ ਦਿੱਤਾ । ਸੁਹਾਨੀ ਦੀ ਇਕ ਸਿਸਕੀ ਨਿਕਲੀ। ਮੈਂ ਆਪਣਾ ਮੱਥਾ ਉਸਦੇ ਮੱਥੇ ਨਾਲ ਛੁਹਾਈ ਸੌਰੀ ਕਹਿੰਦਾ ਰਿਹਾ ਤੇ ਸਾਡੇ ਦੁਹਾਂ ਦੇ ਰੋਣ ਦੀਆਂ ਆਵਾਜ਼ਾਂ ਨਾਲ ਕਮਰਾ ਇਵੇਂ ਭਰ ਗਿਆ ਜਿਵੇਂ ਕੋਈ ਨਵ-ਜਨਮਿਆ ਬਾਲ ਰੋ ਰਿਹਾ ਹੋਵੇ ।

---------------

ਓਸ ਦਿਨ ਹਸਪਤਾਲ ਵਿਚ ਸਾਡੇ ਵਿਚਕਾਰ ਇਹੋ ਜਿਹੀ ਨੇੜਤਾ ਉਗਮੀ ਸੀ ਜਿਸਦਾ ਅਹਿਸਾਸ ਬੜਾ ਸੂਖਮ ਸੀ, ਜਿਸ ਤੋਂ ਉਪਜੇ ਪਿਆਰ ਨੂੰ ਅਸੀਂ ਮਨ ਦੇ ਕਿਸੇ ਅਣਛੋਹੇ ਕੋਨੇ ਵਿਚ ਮਹਿਸੂਸਿਆ ਸੀ।

ਸੁਹਾਨੀ ਨੇ ਵਿਲਕਦਿਆਂ ਮੈਨੂੰ ਕਿਹਾ ਸੀ, "ਮੈਂ ਬੱਚੇ ਦੀ ਬੌਡੀ ਡੋਨੇਟ ਕਰਨੀ ਹੈ।"

ਮੈਂ ਆਪਣਾ ਹੱਥ ਉਸਦੇ ਮੱਥੇ ਤੋਂ ਹਟਾ ਲਿਆ ਸੀ , "ਡੋਨੇਟ ਕਿਓਂ ?"

"ਕੀ ਫ਼ਰਕ ਪੈਂਦਾ ਹੈ? ਜ਼ਮੀਨ 'ਚ ਦੱਬੇ ਜਾਣ , ਕੀੜੇ-ਮਕੌੜਿਆਂ ਦੀ ਖੁਰਾਕ ਬਣਨ ਨਾਲੋਂ ਤੇ ਚੰਗਾ ਹੈ ਕਿ ਮੈਡੀਕਲ ਸਾਇੰਸ ਦੇ ਕੰਮ ਆਵੇਗਾ।"

"ਪਰ ਘਰ ਦੇ ਬਾਕੀ ਲੋਕ ਨਹੀਂ ਮੰਨਣਗੇ।"

"ਫਾਰਮ ਤਾਂ ਮੈਂ ਪਹਿਲਾਂ ਹੀ ਭਰ ਦਿੱਤਾ ਸੀ । ਬਸ, ਤੇਰੇ ਦਸਤਖ਼ਤ ਦੀ ਲੋੜ ਹੈ।"

ਸਰਕਾਰੀ ਮੈਡੀਕਲ ਕਾਲਜਾਂ ਬਾਰੇ ਸਪੈਸ਼ਲ ਰਿਪੋਰਟ ਤਿਆਰ ਕਰਦੇ ਸਮੇਂ ਜਦੋਂ ਮੈਂ ਦਿੱਲੀ ਦੇ ਕੁਝ ਨਾਮਚੀਨ ਕਾਲਜਾਂ ਦਾ ਜਾਇਜ਼ਾ ਲਿਆ ਸੀ ਤਾਂ ਓਥੇ ਹੀ ਅਨੌਟਮੀ ਮਿਊਜ਼ੀਅਮ ਵਿਚ ਦੇਖੇ ਸਨ - ਕੱਚ ਦੇ ਵੱਡੇ ਮਰਤਬਾਨਾਂ ਵਿਚ ਕਿਸੇ ਬੇੜੀ ਵਾਂਗ ਆਪਣੇ ਸਰੀਰ ਸੁੰਗੜਾਏ, ਫੌਰਮੈਲੀਨ ਦੇ ਛੱਪੜ ਵਿਚ ਤਰਦੇ, ਅੱਖਾਂ ਮੀਟੀ ਬੱਚੜੇ। ਪਰ ਆਪਣੇ ਬੱਚੇ - ਆਪਣੇ ਹਿੱਸੇ - ਦੇ ਸਰੀਰ ਨੂੰ ਚੀਰ-ਫਾੜ ਵਾਲੇ ਸਕੈਲਪਲ ਦੀ ਤੇਜ਼ ਧਾਰ ਦੇ ਹੇਠ ਕਿਵੇਂ ਅਣਚਾਹਿਆ ਛੱਡ ਦਿਆਂ ? ਮੇਰਾ ਮਨ ਨਹੀਂ ਸੀ ਮੰਨਿਆ, ਪਰ ਸੁਹਾਨੀ ਦੀ ਮਾਨਸਕ ਹਾਲਤ ਠੀਕ ਨਹੀਂ ਸੀ ਤੇ ਮੈਂ ਲੜ ਕੇ ਉਸਨੂੰ ਹੋਰ ਦੁਖੀ ਨਹੀਂ ਸੀ ਕਰਨਾ ਚਾਹੁੰਦਾ।

"ਫਾਰਮ ਤੇ ਸਾਈਨ ਕਰ ਦਿਆਂਗਾ। ਤੂੰ ਬੱਚੇ ਨੂੰ ਏਨੇ ਮਹੀਨੇ ਸਰੀਰ ਵਿਚ ਰੱਖਿਆ ਹੈ, ਇਸ ਲਈ ਫੈਸਲੇ ਦਾ ਪਹਿਲਾ ਹੱਕ ਤੇਰਾ ਹੈ।" ਫੇਰ ਕੁਝ ਚਿਰ ਰੁਕ ਕੇ ਪੁੱਛਿਆ , ਪੱਕੀ ਗੱਲ, ਇਹ ਸਭ ਰਿਸਰਚ ਲਈ

ਕਰ ਰਹੀ ਹੈਂ?"

"ਹੋਰ ਕੀ?" ਉਹ ਸਾਹਮਣੇ ਵਲ ਦੇਖਦਿਆਂ ਬੋਲੀ । ਪਰ ਜਦੋਂ ਮੈਂ ਦੇਰ ਤੀਕ ਓਥੇ ਹੀ ਖੜ੍ਹਾ ਰਿਹਾ, ਤਾਂ ਖੁਦ ਹੀ ਕਹਿਣ ਲੱਗੀ , "ਡਾਕਟਰ ਨੇ ਇਕਰਾਰ ਕੀਤਾ ਹੈ ਮਹੀਨੇ ਵਿਚ ਇਕ ਵਾਰ ਮੈਨੂੰ ਦੇਖਣ ਦੇਣਗੇ।"

"ਕਿਸੇ ਵੀ ਚਮਤਕਾਰ ਨਾਲ ਤੂੰ ਉਸਨੂੰ ਮੁੜ ਜਿਉਂਦਾ ਨਹੀਂ ਕਰ ਸਕਦੀ। ਬਾਕੀ ਤੇਰੀ ਮਰਜ਼ੀ।" ਮੈਂ ਫਾਰਮ ਤੇ ਦਸਤਖ਼ਤ ਕਰਦਿਆਂ ਕਿਹਾ।

ਅਗਲੀ ਸਵੇਰ ਉਸਨੇ ਓਸ ਫਾਰਮ ਨੂੰ ਆਪਣੀਆਂ ਛਾਤੀਆਂ ਵਿਚਕਾਰ ਰੱਖ ਕੇ ਇਵੇਂ ਪਲੋਸਿਆ, ਜਿਵੇਂ ਉੱਘੂ ਆਣ 'ਤੇ ਬਾਲ ਦੀ ਪਿੱਠ ਥਪਕਾਂਦੇ ਹਨ। ਫਾਰਮ ਦੇ ਟੋਟੇ ਕਰਦੀ ਰਹੀ ਤੇ ਰੋਂਦੀ ਰਹੀ । ਫੇਰ ਸਾਰੇ ਟੋਟਿਆਂ ਨੂੰ ਆਪਣੇ ਉੱਤੇ ਬੁਰਕ ਲਿਆ - ਜਾਹ, ਬੱਚੜਿਆ , ਮੈਂ ਤੈਨੂੰ ਆਜ਼ਾਦ ਕੀਤਾ।

ਜ਼ਮੀਨ ਤੇ ਟੇਢੇ-ਮੇਢੇ ਪਏ ਟੁਕੜੇ ਇਵੇਂ ਲਗ ਰਹੇ ਸਨ ਜਿਵੇਂ ਕਬਰਿਸਤਾਨ ਦੇ ਹਜ਼ਾਰਾਂ ਇਬਾਰਤੀ ਪੱਥਰ ।

----------------

ਉਸਤੋਂ ਬਾਅਦ ਹਾਲਾਤ ਅਚਾਨਕ ਵਿਗੜਨ ਲਗ ਪਏ। ਸੁਹਾਨੀ ਉਦਾਸੀ ਦੀ ਡੂੰਘੀ ਦਲਦਲ ਵਿਚ ਧਸਦੀ ਗਈ, ਜਿਸ ਵਿਚੋਂ ਨਿਕਲਣ ਦੀ ਕੋਸ਼ਿਸ਼ ਵਿਚ ਉਹ ਹਰ ਰੋਜ਼ ਹੋਰ ਡੂੰਘੀ ਧਸਦੀ ਜਾਂਦੀ। ਘਰ ਤੋਂ ਉਸਦਾ ਮਨ ਉੱਖੜ ਗਿਆ ਸੀ - ਉਦੋਂ ਉਸਨੇ ਬਣਾਨਾ ਸ਼ੁਰੂ ਕੀਤਾ ਮੌਡਰਨ ਆਰਟ, ਯਾਨੀ ਵੱਖੋ ਵੱਖ ਕਿਸਮਾਂ ਦੇ ਆਪਸ ਵਿਚ ਉਲਝੇ ਗੋਲੇ, ਤ੍ਰਿਕੋਣ ਅਤੇ ਚੌਕੋਰ , ਜਿਹੜੇ ਅਵਚੇਤਨ ਦੀਆਂ ਡੂੰਘੀਆਂ ਪਰਤਾਂ ਨੂੰ ਉਘਾੜ ਕੇ ਰੱਖ ਦੇਂਦੇ ਹਨ ।

ਬੜੇ ਮਨ ਨਾਲ, ਇਕਾਗਰ ਹੋ ਕੇ ਉਹ ਖਾਕੇ ਬਣਾਂਦੀ, ਪਰ ਰੰਗ ਭਰਨ ਵੇਲੇ ਅਕਸਰ ਆਪਣੇ ਬਣਾਏ ਆਕਾਰ ਵਿਚ ਖੁਦ ਹੀ ਉਲਝ ਜਾਂਦੀ। ਦੇਖਦੇ- ਦੇਖਦੇ ਗੋਲਾ ਓਝਲ ਹੋ ਜਾਂਦਾ। ਲਾਲ ਰੰਗ ਵਿਚ ਡੁੱਬੇ ਬੁਰਸ਼ ਨੂੰ ਵਾਪਸ ਰੱਖ ਉਹ ਦੂਜੇ ਰੰਗ ਵਿਚ ਡੋਬਦੀ, ਪਰ ਜਿਓਂ ਹੀ ਦੂਜੇ ਰੰਗ ਦਾ ਸਟਰੋਕ ਮਾਰਦੀ, ਲੁਕਿਆ ਗੋਲਾ ਮੁੜ ਦਿਸਣ ਲੱਗ ਪੈਂਦਾ, ਪਰ ਤਦ ਤਕ ਬਹੁਤ ਦੇਰ ਹੋ ਗਈ ਹੁੰਦੀ ਤੇ ਉਹ ਪੂਰੀ ਪੇਂਟਿੰਗ ਤੇ ਕਾਲਾ ਕਾਟਾ ਮਾਰ ਦੇਂਦੀ ।

ਸੁਨਿਧੀ ਨੇ ਉਸ ਔਖੇ ਸਮੇਂ ਉਸਦਾ ਹੱਥ ਘੁਟ ਕੇ ਫੜੀ ਰਖਿਆ ਸੀ। ਉਹ ਹਰ ਸ਼ਾਮ ਮਿਲਟਨ ਦੀ ਥਰਮੌਸ ਵਿਚ ਚਾਹ ਤੇ ਖਾਣ ਲਈ ਕੁਝ ਹੋਰ ਨਾਸ਼ਤਾ ਲੈ ਕੇ ਆਂਦੀ ਤੇ ਅਸੀ ਦੋਵੇਂ ਘੰਟਿਆਂ ਬੱਧੀ ਸੁਸਾਇਟੀ ਦੇ ਬਗੀਚੇ ਵਿਚ ਬਹਿ ਕੇ ਆਂਦੀਆਂ ਜਾਂਦੀਆਂ ਗੱਡੀਆਂ, ਲਾਲ ਗੁਲਾਬਾਂ ਤੇ ਚਿੱਟੀਆਂ ਗੁਲਦੌਦੀਆਂ ਦੀਆਂ ਇਕੋ ਜਿੰਨੀ ਦੂਰੀ ਤੇ ਲੱਗੀਆਂ ਪੰਗਤਾਂ, ਪੀਂਘਾਂ ਵਲ ਦੌੜਦੇ - ਝੂਟਦੇ ਬਾਲਾਂ, ਚਮਕੀਲੇ ਰੰਗਾਂ ਦੇ ਟਰੈਕ ਸੂਟਾਂ ਵਿਚ ਸੈਰ ਕਰਦੇ ਲੋਕਾਂ ਨੂੰ ਦੇਖਦੇ ਰਹਿੰਦੇ ।

ਮੈਂ ਸੋਚਿਆ ਸੀ ਕੁਦਰਤ ਦਾ ਪਸਾਰ, ਉਸ ਵਿਚ ਲੁਕੇ ਸੱਚ ਦੀ ਤਾਨ ਉੱਲੀ ਵਾਂਗ ਫੈਲ ਰਹੇ ਉਸਦੇ ਖਾਲੀਪਣ ਨੂੰ ਭਰ ਦੇਣਗੇ । ਸਰਸਰਾਂਦੀਆਂ ਹਵਾਵਾਂ, ਕੋਸੀ ਧੁੱਪ, ਝੂਮਦੇ ਰੁਖ ਉਸਨੂੰ ਜ਼ਿੰਦਗੀ ਦੀ ਵੱਡੀ ਸੱਚਾਈ ਦਾ ਅਰਥ ਸਮਝਾਣ ਵਿਚ ਸਫ਼ਲ ਹੋ ਜਾਣਗੇ, ਪਰ ਉਸਦੇ ਮਨ ਦੀਆਂ ਬਾਰੀਆਂ ਵਿਚ ਸ਼ਾਇਦ ਏਨਾ ਧੂੰਆਂ ਭਰਿਆ ਹੋਇਆ ਸੀ ਕਿ ਕੁਦਰਤ ਦਾ ਰੂਹਾਨੀ ਸੁਹੱਪਣ ਵੀ ਉਸ ਵਿਚ ਕੋਈ ਝੁਣਝੁਣੀ ਨਾ ਪੈਦਾ ਕਰ ਸਕਿਆ ।

ਮਨੋਰੋਗ ਮਾਹਰ ਦੀਆਂ ਦਿੱਤੀਆਂ ਨੀਂਦ ਦੀਆਂ ਗੋਲੀਆਂ ਦਾ ਅਸਰ ਜਦੋਂ ਵੀ ਘਟਦਾ, ਉਹ ਬਾਰੀ ਕੋਲ ਖੜੀ ਡੁੱਬਦਾ ਸੂਰਜ ਦੇਖਦੀ। ਸੁਨਿਧੀ ਉਸ ਦਾ ਜੀ ਲਾਣ ਦੀ ਬੜੀ ਕੋਸ਼ਿਸ਼ ਕਰਦੀ, ਬਾਜ਼ਾਰ ਵਿਚ

ਰੰਗ-ਬਰੰਗੀਆਂ ਚੂੜੀਆਂ, ਚੱਪਲਾਂ ਤੇ ਲਿਪਸਟਿਕਾਂ ਦਿਖਾਂਦੀ ਰਹਿੰਦੀ, ਪਰ ਕਿਤੇ ਨਾ ਕਿਤੇ ਉਸਨੂੰ ਦਿਸ ਜਾਂਦੇ - ਦੁੱਧ ਦੀ ਬੋਤਲ, ਪ੍ਰੈਮ ਵਿਚ ਸੁੱਤਾ ਬੱਚਾ ਜਾਂ ਕਿਸੇ ਤਕੜੇ, ਗੋਰੇ ਬਾਲ ਦੀ ਹੱਸਦੇ ਦੀ ਤਸਵੀਰ ਤੇ ਬੀਤੇ ਦੀ ਖੜਖੜ ਉਸਨੂੰ ਮੁੜ ਝੰਜੋੜ ਜਾਂਦੀ।

"ਤੂੰ ਮੇਰੇ ਬੱਚੇ ਨੂੰ ਜ਼ਮੀਨ ਵਿਚ ਗੱਡ ਦਿੱਤਾ। ਤੂੰ ਮੇਰੇ ਬੱਚੇ ਨੂੰ ਮਾਰ ਦਿੱਤਾ।" ਉਸਨੇ ਇਲਜ਼ਾਮ ਲਾਇਆ ਤੇ ਮੈਂ ਭੌਚੱਕਾ ਰਹਿ ਗਿਆ। ਗੁੱਸੇ ਵਿਚ ਮੇਰਾ ਚਿਹਰਾ ਭਖ਼ ਗਿਆ ਪਰ ਮਨੋਰੋਗ ਮਾਹਰ ਦੀ ਸਖ਼ਤ ਹਿਦਾਇਤ ਸੀ ਕਿ ਮੈਨੂੰ ਸਬਰ ਤੋਂ ਕੰਮ ਲੈਣਾ ਪਵੇਗਾ ਤੇ ਮੈਂ ਉਸਦੇ ਸਾਰੇ ਵਾਰ ਝੱਲਦਾ ਰਿਹਾ।

ਸੁਹਾਨੀ ਦੀ ਦੇਖਭਾਲ ਕਰਨਾ ਬਿਜਲੀ ਦੀ ਨੰਗੀ ਤਾਰ ਫੜੀ ਰੱਖਣ ਵਾਂਗ ਸੀ, ਉਸਦੀ ਉਦਾਸੀ, ਗੁੱਸੇ ਤੇ ਖਿਝ ਨੂੰ ਕਿਸੇ ਸਪੰਜ ਵਾਂਗ ਸੋਖਦੇ ਰਹਿਣਾ। ਮੇਰੇ ਅੰਦਰ ਇਕ ਖ਼ਲਾਅ ਧਸਦਾ ਦਾ ਰਿਹਾ ਸੀ, ਜਿਸਦਾ ਸਿੱਲਾਪਣ ਥੈਰੇਪਿਸਟ ਨਾਲ ਘੰਟਿਆਂ ਬੱਧੀ ਗਲ ਕਰਕੇ ਵੀ ਦੂਰ ਨਹੀਂ ਸੀ ਹੁੰਦਾ। ਮਨ ਦੇ ਹਨੇਰੇ ਤਹਿਖਾਨਿਆਂ ਨੂੰ ਪਿਆਰ ਦੀ ਸੰਘਣੀ ਨੇੜਤਾ ਦੀ ਲੋੜ ਸੀ, ਜਿਸਨੂੰ ਨਾ ਸਿਰਫ਼ ਸੁਨਿਧੀ ਨੇ ਸਮਝਿਆ, ਸਗੋਂ ਆਰਿਅਨ ਦੇ ਨਿਸੁਆਰਥ ਪ੍ਰੇਮ ਰਾਹੀਂ ਮੇਰੇ ਅੰਦਰ ਡੂੰਘੇ ਹੁੰਦੇ ਜਾ ਰਹੇ ਸੱਖਣੇਪਣ ਨੂੰ ਦੂਰ ਧੱਕਣ ਦੀ ਕੋਸ਼ਿਸ਼ ਵੀ ਕੀਤੀ।

ਪਰ ਸਾਡੀ ਗ੍ਰਿਹਸਥੀ ਦੀ ਬੇੜੀ ਨੂੰ ਚੱਪੂ ਮਾਰ ਕੇ ਉਹ ਕਿੰਨੀ ਕੁ ਦੂਰ ਤਕ ਠਿੱਲ ਸਕਦੀ ਸੀ? ਸੁਹਾਨੀ ਦੇ ਕਾਲਾ ਜਾਦੂ ਤੇ ਟੂਣੇ -ਟੋਟਕੇ ਕਰਨ ਦੇ ਸਾਰੇ ਇਲਜ਼ਾਮਾਂ ਨੂੰ ਉਹ ਅਣਸੁਣਿਆ ਕਰਦੀ ਰਹੀ, ਪਰ ਕਦੇ ਨਾ ਕਦੇ ਉਸਦੀ ਹਿੰਮਤ ਦਾ ਟੁਟ ਜਾਣਾ ਲਾਜ਼ਮੀ ਸੀ । ਉਸ ਦਿਨ ਆਰਿਅਨ ਦੇ ਰੋਣ ਦੀ ਆਵਾਜ਼ ਸੁਣ ਕੇ ਸੁਹਾਨੀ ਕੱਚੀ ਨੀਂਦਰੋਂ ਉੱਠ ਗਈ ਤੇ ਬੜੀ ਬੇਰਹਿਮੀ ਨਾਲ ਆਰਿਅਨ ਨੂੰ ਪ੍ਰੈਮ ਵਿਚੋਂ ਉਠਾਲ ਕੇ ਦੋ ਚਪੇੜਾਂ ਜੜ ਦਿੱਤੀਆਂ । ਸੁਨਿਧੀ ਨੇ ਮੁੱਠੀਆਂ ਘੁੱਟ ਕੇ ਆਪਣੇ ਗੁੱਸੇ ਨੂੰ ਜਜ਼ਬ ਕਰ ਲਿਆ ਪਰ ਮੁੜ ਸਾਡੇ ਘਰ ਕਦੇ ਨਾ ਆਣ ਦੀ ਸਹੁੰ ਖਾ, ਪੁੱਠੇ ਪੈਰੀਂ ਪਰਤ ਗਈ।

-------------

ਉਨ੍ਹੀਂ ਦਿਨੀਂ ਸੁਹਾਨੀ ਨੂੰ ਗੁਰੂਦੇਵ ਸੰਤੋਸ਼ ਮਿਲੇ । ਚਿੱਟੇ ਕਪੜੇ ਪਾਈ ਉਨ੍ਹਾਂ ਦੇ ਭਗਤ ਸੋਸਾਇਟੀ ਦੇ ਸਾਹਮਣੇ ਵਾਲੀ ਕੰਧ ਉਤੇ ਨੀਲੇ ਰੰਗ ਨਾਲ ਲਿਖ ਰਹੇ ਸਨ ' ਸਾਦਾ ਅਹਾਰ ਅਪਣਾਓ, ਧਰਤੀ ਬਚਾਓ ।' ਫੇਰ ਨੀਲੀਆਂ ਟੋਪੀਆਂ ਪਾਈ ਤੇ ਹੱਥਾਂ ਵਿਚ ਚਿੱਟੇ ਝੰਡੇ ਫੜੀ, ਜਿਨ੍ਹਾਂ ਉੱਤੇ ਵੱਡੇ ਵੱਡੇ ਅੱਖਰਾਂ ਵਿਚ 'ਗੁਰੂਦੇਵ ਸੰਤੋਸ਼' ਲਿਖਿਆ ਹੋਇਆ ਸੀ, ਉਨ੍ਹਾਂ ਨੇ ਜ਼ੋਰ ਜ਼ੋਰ ਦੀ ਨਾਅਰੇ ਲ਼ਾਏ -

"ਗਊ ਹੱਤਿਆ ਕਰਨ ਵਾਲਿਆਂ ਨੂੰ ਫਾਂਸੀ ਹੋਵੇ।"

"ਗਾਂ ਨੂੰ ਰਾਸ਼ਟਰੀ ਪਸ਼ੂ ਐਲਾਨਿਆ ਜਾਵੇ।"

"ਜੀਵਾਂ ਤੇ ਦਇਆ ਕਰੋ, ਸਾਦਾ ਖਾਓ।"

"ਗੁਰੂਦੇਵ ਸੰਤੋਸ਼ ਦੀ ਜੈ

ਸੁਹਾਨੀ ਸ਼ੁਰੂ ਤੋਂ ਹੀ ਸ਼ਾਕਾਹਾਰੀ ਭੋਜਨ ਦੀ ਸਮਰਥਕ ਰਹੀ ਸੀ । ਉੱਤੋਂ ਉਨ੍ਹਾਂ ਲੋਕਾਂ ਦਾ ਸਦਾਚਾਰ ਅਤੇ ਗੁਰੂਭਗਤੀ, ਤੇ ਫੇਰ ਯੂਟਿਊਬ ਉੱਤੇ ਪ੍ਰਭੂ ਮਹਾਰਾਜ ਦੇ ਪ੍ਰਵਚਨ ਸੁਣ ਕੇ ਉਹ ਉਨ੍ਹਾਂ ਉੱਤੇ ਮੁਗਧ ਹੋਏ ਬਿਨਾ ਨਾ ਰਹਿ ਸਕੀ ।

"ਤੈਨੂੰ ਵੀ ਬਾਬਾ ਜੀ ਨੂੰ ਸੁਣਨਾ ਚਾਹੀਦਾ ਏ।" ਪੂਰੀ ਰਾਤ ਉਨ੍ਹਾਂ ਦੇ ਪ੍ਰਵਚਨ ਸੁਣ ਕੇ ਸਵੇਰੇ ਉਹ ਬੋਲੀ। ਉਸ ਦਿਨ, ਛੇ ਮਹੀਨਿਆਂ ਬਾਅਦ ਉਸਦੇ ਚਿਹਰੇ ਉਤੇ ਸੰਤੋਖ ਦੀਆਂ ਛਿੱਟਾਂ ਸਨ , ਤੇ ਮੈਂ ਉਸਦੀ ਛਿਣ-ਭੰਗਰ ਦੀ ਸ਼ਾਂਤੀ ਨੂੰ ਦਲੀਲ ਦੇ ਪੱਥਰ ਨਾਲ ਭੰਨਣਾ ਨਹੀਂ ਸਾਂ ਚਾਹੁੰਦਾ। ਮੈਂ ਹਲਕਾ ਜਿਹਾ ਮੁਸਕਰਾ ਛੱਡਿਆ।

ਉਨ੍ਹੀਂ ਦਿਨੀਂ ਸਿਰਸੇ ਦੇ ਬਾਬੇ ਦੀ ਖ਼ਬਰ ਨੇ ਅੱਗ ਫੜੀ ਹੋਈ ਸੀ। ਕੁਝ ਦਿਨ ਪਹਿਲੋਂ ਹੀ ਬਾਬੇ ਦੇ ਕਿਸੇ ਸਮਰਪਤ ਭਗਤ ਦੀ ਧੀ ਨੇ ਦਾਅਵਾ ਕੀਤਾ ਸੀ ਕਿ ਡੇਰੇ ਦੀ ਭੇਤਭਰੀ ਗੁਫਾ ਵਿਚ ਈਸ਼ਵਰ ਨਾਲ ਸਾਖਿਆਤਕਾਰ ਦੇ ਨਾਂਅ ਹੇਠ ਗੁਰੂ ਨਾਜਾਇਜ਼ ਸਬੰਧ ਬਣਾਂਦਾ ਸੀ। ਇਸ ਸਾਰੇ ਸਕੈਂਡਲ ਦੀ ਛਾਣ-ਬੀਣ ਮੈਂ ਨਾ ਸਿਰਫ਼ ਕੋਈ ਸਨਸਨੀਖੇਜ਼ ਖ਼ਬਰ ਲੱਭਣ ਲਈ ਕਰ ਰਿਹਾ ਸਾਂ, ਸਗੋਂ ਨਿਜੀ ਕਾਰਨਾਂ ਕਾਰਣ ਵੀ ਇਨ੍ਹਾਂ ਅਖਾਓਤੀ ਰੂਹਾਨੀ ਗੁਰੂਆਂ ਬਾਰੇ ਰਿਸਰਚ ਕਰਨ ਵਿਚ ਮੇਰੀ ਦਿਲਚਸਪੀ ਸੀ, ਖਾਸ ਕਰਕੇ ਗੁਰੂਦੇਵ ਸੰਤੋਸ਼ ਵਿਚ ।

ਉੱਤਰੀ ਭਾਰਤ ਦੇ ਪਾਲ ਤੇ ਆਸਾ ਰਾਮ ਤੋਂ ਲੈ ਕੇ ਦੱਖਣੀ ਭਾਰਤ ਦੇ ...ਆਨੰਦ ਅਤੇ ਸਤਿਆ ਸਾਂਈਂ ... ਤਕ ਸਾਰਿਆਂ ਉੱਤੇ ਸੰਗੀਨ ਜੁਰਮਾਂ ਦੇ ਦਰਜਨਾਂ ਇਲਜ਼ਾਮ। ਬਲਾਤਕਾਰ, ਟੈਕਸ ਚੋਰੀ, ਨਸ਼ਾ-ਦਵਾਈਆਂ ਦੀ ਖਰੀਦ-ਫ਼ਰੋਖ਼ਤ, ਸਰਕਾਰੀ ਜ਼ਮੀਨ ਤੇ ਆਪਣੇ ਆਲੀਸ਼ਾਨ ਆਸ਼ਰਮਾਂ ਦੀ ਉਸਾਰੀ। ਸਾਰੇ ਹਜ਼ਾਰਾ ਕਰੋੜਾਂ ਦੇ ਮਾਲਕ, ਮਰਸਿਡੀਜ਼ ਵਿਚ ਘੁੰਮਣ ਵਾਲੇ, ਲੱਖਾਂ-ਕਰੋੜਾਂ ਦੇਸੀ-ਬਦੇਸੀ ਭਗਤਾਂ ਦੀ ਪਲਟਨ ਲੈ ਕੇ ਕਾਨੂੰਨ ਨਾਲ ਭਿੜ ਜਾਣ ਵਾਲੇ । ਬਸ, ਥੋੜੀ ਜਿੰਨੀ ਜਾਂਚ-ਪੜਤਾਲ ਕਰੋ ਤੇ ਸਾਰੇ ਇਕੋ ਥਾਲੀ ਦੇ ਚੱਟੇ-ਵੱਟੇ।

ਇਨ੍ਹਾਂ ਸਾਰਿਆਂ ਵਿਚ ਗੁਰੂਦੇਵ ਸੰਤੋਸ਼ - ਜਿਨ੍ਹਾਂ ਦਾ ਅਸਲੀ ਨਾਂਅ ਮਨੋਹਰ ਸੀ, ਤੇ ਦਸਵੀਂ ਤਕ ਪੜ੍ਹੇ ਹੋਏ ਸਨ - ਦੀ ਛਬ ਕੁਝ ਵਖਰੀ ਦਿਸਦੀ ਸੀ। ਕਾਰਣ ਇਹ ਕਿ ਉਨ੍ਹਾਂ ਦੇ ਭਗਤਾਂ ਦੀ ਗਿਣਤੀ ਘੱਟ ਸੀ ਤੇ ਬਹੁਤੇ ਭਗਤ ਗ਼ਰੀਬ ਤਬਕੇ ਨਾਲ ਤਾਅੱਲੁਕ ਰਖਣ ਵਾਲੇ ਸਨ । ਮੈਂ ਯੂਟਿਊਬ ਉਤੇ ਉਨ੍ਹਾਂ ਦੇ ਭਾਸ਼ਣ ਸੁਣਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਆਵਾਜ਼ ਪਾਟੀ ਜਿਹੀ ਸੀ , ਜਿਵੇਂ ਬੜੀ ਮੁਸ਼ਕਲ ਨਾਲ ਗਲੇ ਵਿੱਚੋਂ ਨਿਕਲ ਰਹੀ ਹੋਵੇ । ਸੁਹਾਨੀ ਨੂੰ ਇਸ ਵਿੱਚੋਂ ਕੀ ਸਮਝ ਪਈ ਤੇ ਹਜੂਮ ਨੂੰ ?

ਕਿਸੇ ਭਗਤ ਨੇ ਤਾਰੀਫ਼ ਕਰਦਿਆਂ ਆਪਣੀ ਫੇਸਬੁਕ ਵਾਲ ਤੇ ਲਿਖਿਆ ਸੀ ਕਿ ਗੁਰੂਦੇਵ ਸੰਤੋਸ਼ ਦਾ ਆਦੇਸ਼ ਹੈ ਕਿ ਸਾਤਵਿਕ ਭੋਜਨ ਖਾਓ । ਖਿਚੜੀ ਖਾਓ। ਦੂਜੀ ਲੰਮੀ ਪੋਸਟ ਵਿਚ ਉਹੋ ਸਾਦੇ ਭੋਜਨ ਦੀ ਰਟੀ ਰਟਾਈ ਗੱਲ। ਪਤਾ ਨਹੀਂ ਕਿਹੜੇ ਕਾਂਡਾਂ ਦੇ ਸਬੂਤ ਨਾਲ ਓਸ ਨੂੰ ਗੀਤਾ ਵਿਚ ਲਿਖੇ ਗਊ ਮੂਤਰ ਦੀ ਮਹੱਤਤਾ ਨਾਲ ਜੋੜ ਦਿੱਤਾ, ਜਿਸਦਾ ਅੰਤ ਹੋਇਆ 'ਗਾਂ ਸਾਡੀ ਮਾਂ ਹੈ' ਵਰਗੇ ਮੰਤਰ -ਨੁਮਾ ਵਾਕਾਂ ਨਾਲ। ਤੀਜੀ ਪੋਸਟ ਵਿਚ ਜੀਵ-ਆਤਮਾ, ਆਤਮਾ, ਭਵਸਾਗਰ, ਮੋਕਸ਼ - ਚਾਰੋਂ ਜੋੜ ਕੇ ਕੁਝ ਬੇਤੁਕੀਆਂ ਗੱਲਾਂ ।

ਮੈਂ ਸੁਹਾਨੀ ਦੀ ਸੁਧਰਦੀ ਹਾਲਤ ਤੇ ਏਨਾ ਖੁਸ਼ ਸਾਂ ਕਿ ਮੈਂ ਸਮਝ ਹੀ ਨਾ ਸਕਿਆ ਕਿਹੜੇ ਵੇਲੇ ਉਸਦੀ ਗੁਰੂਦੇਵ ਸੰਤੋਸ਼ ਵਿਚ ਸ਼ਰਧਾ ਅਸੀਮ ਤੇ ਅਟੁੱਟ ਹੋ ਗਈ। ਗਲ ਖ਼ਤਰੇ ਦੇ ਜ਼ੋਨ ਤੀਕ ਪਹੁੰਚ ਗਈ। ਮੈਨੂੰ ਭਿਣਕ ਓਦੋਂ ਪਈ ਜਦ ਉਸਨੇ ਪ੍ਰਭੂਦੇਵ ਦੀ ਫਰੇਮ ਜੜੀ ਫੋਟੋ ਸਾਡੇ ਬੈਡਰੂਮ ਵਿਚ ਲਾ ਦਿੱਤੀ। ਮੇਰੇ ਜਨਮਦਿਨ ਉੱਤੇ ਅਸੀ ਮੇਰੇ ਦੋਸਤਾਂ ਦੀ ਰੱਖੀ ਪਾਰਟੀ ਤੇ ਜਾਣ ਲਈ ਤਿਆਰ ਹੋ ਰਹੇ ਸਾਂ, ਜਦੋਂ ਇਕ ਜੋੜੀ – ਗੁਰੂਦੇਵ ਸੰਤੋਸ਼ ਦੀ ਭਗਤ - ਸਾਡੇ ਘਰ ਆਣ ਧਮਕੀ , ਤੇ ਸੁਹਾਨੀ ਸਭ ਕੁਝ ਭੁਲਾ ਕੇ ਉਨ੍ਹਾਂ ਦੀ ਤੀਮਾਰਦਾਰੀ ਵਿਚ ਰੁਝ ਗਈ। ਜਦੋਂ ਵੀ ਉਨ੍ਹਾਂ ਦੇ ਡਾਕਟਰ ਹੋਣ ਨਾਲ ਜੁੜੀ ਗਲ ਹੁੰਦੀ, ਸੁਹਾਨੀ ਬੜੇ ਨਾਟਕੀ ਢੰਗ ਨਾਲ ਆਪਣੀ ਆਵਾਜ਼ ਉੱਚੀ ਕਰ ਲੈਂਦੀ । ਡਰਾਈਂਗ ਰੂਮ ਵਿਚ ਬੈਠੇ ਤਿੰਨੋ ਜਣੇ ਗੁਰੂਦੇਵ ਦੀਆਂ ਦੈਵੀ ਸ਼ਕਤੀਆਂ ਦਾ ਗੁਣਗਾਨ ਕਰਦੇ ਰਹੇ ਤੇ ਉਸਤੋਂ ਕੀਲੀ ਹੋਈ ਉਹ ਪਾਰਟੀ ਬਾਰੇ ਸਭ ਕੁਝ ਭੁੱਲ ਗਈ । ਵੇਲੇ ਸਿਰ ਪਹੁੰਚ ਜਾਣ ਦਾ ਵਾਅਦਾ ਕਰ ਕੇ ਵੀ ਉਹ ਪਾਰਟੀ ਵਿਚ ਨਾ ਆਈ ।

ਬਸ ਇਕ ਸੌਰੀ ਨੋਟ : ਗੱਲਾਂ ਦੇਰ ਤਕ ਚਲਦੀਆਂ ਰਹੀਆਂ । ਹੁਣ ਥਕ ਗਈ ਹਾਂ। ਅਗਲੀ ਸਵੇਰ ਚਾਰ ਵਜੇ ਉੱਠ ਕੇ ਉਸਨੇ ਸ਼ੁਰੂ ਕਰ ਦਿੱਤੀ - ਮੋਕਸ਼ ਕ੍ਰਿਆ। ਏਸ ਕ੍ਰਿਆ ਬਾਰੇ ਡਾਕਟਰ ਜੋੜੀ ਨੇ ਉਸਨੂੰ

ਦਸਿਆ ਸੀ : ਅੱਖਾਂ ਬੰਦ ਕਰ, ਮਾਲਾ ਦੇ ਮਣਕਿਆਂ ਨੂੰ ਗਿਣ ਕੇ ਕੀਤੀ ਜਾਣ ਵਾਲੀ ਧਿਆਨ ਕ੍ਰਿਆ ਜਿਸਨੂੰ ਗੁਰੂਦੇਵ ਸੰਤੋਸ਼ ਨੇ ਈਜਾਦ ਕੀਤਾ ਸੀ, ਸੌਰ ਮੰਡਲ ਦੇ ਦੂਜੇ ਨਛੱਤਰਾਂ ਤਕ ਪਹੁੰਚਣ ਲਈ, ਜਿਸਦਾ ਸੁਭਾਗ ਸਿਰਫ਼ ਮੁੱਠੀ ਭਰ ਲੋਕਾਂ ਨੂੰ ਹੀ ਮਿਲਦਾ ਸੀ ।

"ਏਸ ਨਾਲ ਕੀ ਹੋਵੇਗਾ?" ਮੈਂ ਅੱਖਾਂ ਮਲਦਿਆਂ ਪੁੱਛਿਆ ।

"ਬਾਹਰ ਦੀ ਦੁਨੀਆ ਤੋਂ ਜਦੋਂ ਧਿਆਨ ਹਟੇਗਾ, ਤਾਂ ਹੀ ਫੇਰ ਦੂਜੀ ਦੁਨੀਆ ਵਲ ਧਿਆਨ ਜਾਵੇਗਾ।" ਉਸਨੇ ਡਾਕਟਰ ਜੋੜੀ ਦੀ ਆਖੀ ਗੱਲ ਦੁਹਰਾ ਦਿੱਤੀ।

"ਕੀ ਕਰਨਾ ਏ ਦੂਜੀ ਦੁਨੀਆ ਦੇਖ ਕੇ.. ? ਇਹੋ ਕਾਫੀ ਨਹੀਂ?" ਮੈਂ ਚੁਹਲ ਦੇ ਅੰਦਾਜ਼ ਵਿਚ ਪੁੱਛਿਆ ।

"ਤੇਰੇ ਏਨੇ ਕੂ ਦਿਮਾਗ ਵਿਚ ਇਹ ਗੱਲਾਂ ਨਹੀਂ ਵੜਨ ਲੱਗੀਆਂ।" ਉਸਨੇ ਦੋ ਉਂਗਲੀਆਂ ਦੇ ਇਸ਼ਾਰੇ ਨਾਲ਼ ਮੇਰੇ ਦਿਮਾਗ ਨੂੰ ਚੂੰਢੀ ਭਰ ਦਰਸਾਇਆ।

ਘੰਟੇ ਬਾਅਦ ਜਦੋਂ ਮੈਂ ਉੱਠਿਆ, ਉਹ ਚਾਦਰ ਲਪੇਟੀ ਸੁੱਤੀ ਪਈ ਸੀ। ਮੇਰੇ ਅਲਾਰਮ ਨਾਲ ਉਹ ਤ੍ਰਭਕ ਕੇ ਉੱਠੀ ਤੇ ਫੇਰ ਸਾਧਨਾ ਵਿਚ ਲੀਨ ਹੋ ਗਈ। ਉਸ ਦਿਨ ਨਾ ਉਸਨੇ ਨਾਸ਼ਤਾ ਬਣਾਇਆ, ਨਾ ਰੋਟੀ ਦਾ ਡੱਬਾ ਮੈਨੂੰ ਦਿੱਤਾ। ਓਸੇ ਥਾਂ ਬੁੱਤ ਬਣੀ ਬੈਠੀ ਰਹੀ, ਮੇਰੀ ਹਰ ਗਲ ਨੂੰ ਅਣਸੁਣੀ ਕਰਦਿਆਂ।

"ਕਿਸੇ ਵਾਸਤੇ ਵੀ ਅੰਨੀ ਸ਼ਰਧਾ ਠੀਕ ਨਹੀਂ। ਦਲੀਲ ਨਾਲ ਸੋਚਣ ਦੀ ਆਪਣੀ ਸਮਰੱਥਾ ਨੂੰ ਗੁਆ ਨਾ।" ਰਾਤ ਨੂੰ ਮੈਂ ਗੁਰੂਦੇਵ ਸੰਤੋਸ਼ ਬਾਰੇ ਔਨਲਾਈਨ ਲੱਭੀਆਂ ਖ਼ਬਰਾਂ ਦੇ ਪ੍ਰਿੰਟ ਆਊਟ ਉਸਨੂੰ ਪੜ੍ਹਨ ਲਈ ਦੇਂਦਿਆਂ ਕਿਹਾ ।

" ਭਗਤੀ ਦਲੀਲ ਤੋਂ ਪਰੇ ਹੋ ਕੇ ਹੀ ਸੰਭਵ ਹੈ।"

"ਮੈਂ ਇੰਦੌਰ ਆਸ਼ਰਮ ਵਿਚ ਹੋਣ ਵਾਲੇ ਸਮਾਗਮ ਵਿਚ ਲਗਜ਼ਰੀ ਟੈਂਟ ਬੁਕ ਕਰਾ ਲਿਆ ਹੈ। ਟਰਸਟ ਵਿਚ ਖਜ਼ਾਨਚੀ ਦਾ ਅਹੁਦਾ ਮੈਨੂੰ ਦਿੱਤੇ ਜਾਣ ਦਾ ਐਲਾਨ ਵੀ ਓਥੇ ਹੀ ਹੋਵੇਗਾ । ਤੂੰ ਵੀ ਜਾਣਾ ਹੈ।" ਕੁਝ ਮਿੰਟਾਂ ਬਾਅਦ ਉਸਨੇ ਚੁਪ ਤੋੜਦਿਆਂ ਕਿਹਾ।

"ਖਜ਼ਾਨਚੀ, ਤੈਨੂੰ ? ਬਿਨਾ ਕਿਸੇ ਤਜਰਬੇ ਦੇ ? ਤੈਨੂੰ ਇਕ ਵਾਰ ਵੀ ਮਿਲੇ ਬਿਨਾ ? ਇਹ ਕਿਵੇਂ ਮੁਮਕਿਨ ਹੈ?"

"ਦੇਖਿਆ, ਹੁਣ ਸਮਝ ਪਈ? ਪ੍ਰਭੂ ਜੀ ਕਬੀਰ ਦੇ ਅਵਤਾਰ ਹਨ। ਅੰਤਰਯਾਮੀ ਹਨ । ਆਵਾਜ਼ ਤੋਂ ਪਰਖ ਲੈਂਦੇ ਹਨ ਸਭ ਨੂੰ।"

"ਦਿਮਾਗ਼ ਖਰਾਬ ਹੋ ਗਿਆ ਈ .. ?" ਮੈਂ ਮਨ ਵਿਚ ਸੋਚਿਆ ਪਰ ਸੁਹਾਨੀ ਨਾਲ ਲੜਾਈ ਹੋ ਜਾਣ ਤੋਂ ਡਰਦਿਆਂ ਬੋਲਿਆ ਨਾ । ਉੱਤੋਂ ਡਰ ਏਸ ਗੱਲ ਦਾ ਵੀ ਸੀ ਕਿ ਮੇਰੀ ਮੀਨ-ਮੇਖ਼ ਤੋਂ ਪਰੇਸ਼ਾਨ ਹੋ ਕੇ ਸੁਹਾਨੀ ਮੈਨੂੰ ਸਮਾਗਮ ਵਿਚ ਲਿਜਾਣ ਤੋਂ ਮਨਾ ਨਾ ਕਰ ਦੇਵੇ।

ਨਿਜੀ ਤੌਰ ਉੱਤੇ ਓਥੇ ਜਾਣ ਦੀ ਇੱਛਾ ਮੈਨੂੰ ਨਾ ਵੀ ਹੋਵੇ , ਪਰ ਸੁਹਾਨੀ ਦੀ ਅੰਨ੍ਹੀ ਭਗਤੀ ਦਾ ਕਾਰਨ ਜਾਣਨਾ ਜ਼ਰੂਰੀ ਸੀ। ਗੁਰੂਦੇਵ ਸੰਤੋਸ਼ ਦੇ ਤੇਜ ਨੂੰ ਆਪਣੀਆਂ ਅੱਖਾਂ ਨਾਲ ਦੇਖਣਾ, ਮੰਤਰਮੁਗਧ ਕਰ ਦੇਣ ਵਾਲੇ ਉਨ੍ਹਾਂ ਦੇ ਭਾਸ਼ਣ ਨੂੰ ਸੁਣਨਾ ਤਾਂ ਜੋ ਸੁਹਾਨੀ ਦੇ ਸਾਹਮਣੇ ਸੱਚ ਦੀਆਂ ਸਾਰੀਆਂ ਪਰਤਾਂ ਉਘਾੜ ਕੇ ਰੱਖੀਆਂ ਜਾ ਸਕਣ।

--------------

ਇੰਦੌਰ ਪਹੁੰਚਣ ਲਈ ਗੱਡੀ ਵਿਚ ਬੈਠਾ ਮੈਂ ਉਸ ਆਸ਼ਰਮ ਨੂੰ ਕਿਆਸਦਾ ਰਿਹਾ ਜਿੱਥੇ ਗਰੀਬਾਂ ਦੇ ਮਸੀਹਾ ਗੁਰੂਦੇਵ ਸੰਤੋਸ਼ ਰਹਿੰਦੇ ਹੋਣਗੇ। ਮਨ ਵਿਚ ਇਹੋ ਸਵਾਲ ਸੀ ਕਿ ਜਦੋਂ ਭੁੱਖ ਨਾਲ ਢਿੱਡ ਵਿਚ

ਕੜਵੱਲ ਪੈਂਦੇ ਹੋਣ ਤਾਂ ਮੋਕਸ਼ ਦੀਆਂ ਗੱਲਾਂ ਭਲਾ ਉਹੋ ਜਿਹੀਆਂ ਨਹੀਂ ਲਗਦੀਆਂ ਹੋਣਗੀਆਂ ਜਿਵੇਂ ਕਸਾਈ ਨੂੰ ਨੈਤਿਕਤਾ ਦਾ ਸਬਕ ਪੜ੍ਹਾਣਾ? ਫੇਰ ਸੋਚਣ ਲੱਗਾ ਸੁਹਾਨੀ ਦੇ ਸੰਮੋਹਨ ਦਾ ਕਾਰਣ - ਤੇ ਸੰਮੋਹਨ ਵੀ ਕਿੰਨਾ ਡੂੰਘਾ – ਕਿ ਬੇਸੁਧ ਹੋ ਕੇ ਗੁਰੂਦੇਵ ਸੰਤੋਸ਼ ਦੀ ਉਸਤਤ ਵਿਚ ਆਪਣਾ ਸਭ ਕੁਝ ਸਮਰਪਤ ਕਰਨ ਵਿਚ ਜੁਟੀ ਹੋਈ ਹੈ ? ਕੀ ਉਸਨੂੰ ਸਚਮੁਚ ਸਾਡੇ ਬੱਚੇ ਦੀਆਂ ਫੈਂਟੀ ਹੋਈ ਕੌਫੀ ਦੇ ਰੰਗ ਦੀਆਂ ਭੂਰੀਆਂ ਅੱਖਾਂ ਭੁਲ ਗਈਆਂ ਹਨ ?

ਪਹਿਲਾਂ ਕਿੰਨੀ ਵੇਰ ਜ਼ਿਕਰ ਕਰਦੀ ਸੀ ਕਿ ਡਲਿਵਰੀ ਤੋਂ ਬਾਅਦ ਜਦੋਂ ਡਾਕਟਰ ਨੇ ਉਸ ਮਾਸ ਦੇ ਜੀਵ ਨੂੰ ਠੰਡ ਤੋਂ ਬਚਾਣ ਲਈ ਸੁਹਾਨੀ ਦੇ ਪੇਟ ਉੱਤੇ ਰੱਖਿਆ, ਤਾਂ ਉਹ ਕਿਵੇਂ ਦੁੱਧ ਦੀ ਗੰਧ ਸੁੰਘਦਿਆਂ, ਕੱਛੂਕੁੰਮੇ ਵਾਂਗ ਰਿੜ੍ਹਨ ਦੀ ਕੋਸ਼ਿਸ਼ ਕਰਦਾ ਉਸਦੀਆਂ ਦੋਧੀਆਂ ਵੱਲ ਬਿਟਰ ਬਿਟਰ ਝਾਕਣ ਲਗ ਪਿਆ ਸੀ।

ਕਦੇ ਚੇਤੇ ਆ ਜਾਂਦਾ ਹੈ, ਕਿ ਕਿਵੇਂ ਉਸਦੇ ਮਰ ਗਏ ਹੋਣ ਦੀ ਗਲ ਸੁਣ ਕੇ ਮੈਨੂੰ ਇਕ ਲਿਜਲਿਜਾ ਜਿਹਾ ਅਹਿਸਾਸ ਹੋਇਆ ਸੀ ਤੇ ਮੈਂ ਬੜੀ ਬੇਰਹਿਮੀ ਨਾਲ ਉਸਨੂੰ ਕਿਸੇ ਗੇਂਦ ਵਾਂਗ ਚੁਕ ਸੁੱਟਿਆ ਸੀ , ਤੇ ਫੇਰ ਮੈਂ ਸਾਰੀ ਰਾਤ ਪਾਸੇ ਪਰਤਦਾ ਰਹਿ ਜਾਂਦਾ ਹਾਂ। ਕਿੰਨੇ ਚਿਰ ਤਕ ਸੁਹਾਨੀ ਮੈਨੂੰ ਘੂਰਦੀ ਰਹੀ ਸੀ - ਕੀ ਏਨੀ ਛੇਤੀ ਉਹ ਸਭ ਕੁਝ ਭੁਲ ਗਈ ਹੈ ... ਕੀ ਯਾਦਾਂ ਨੂੰ ਇਹੋ ਸਰਾਪ ਹੁੰਦਾ ਹੈ ਕਿ ਉਹ ਤ੍ਰਾਟ ਬਣਕੇ ਮਨ ਦੇ ਕਿਸੇ ਭੋਰੇ ਵਿਚ ਘੁੱਟੀਆਂ ਰਹਿ ਜਾਣ?

ਦੁਖ ਕਿਸੇ ਸੰਘਣੇ ਕੋਹਰੇ ਵਾਂਗ ਸਾਡੇ ਵਿਚਕਾਰ ਪੱਸਰਿਆ ਹੋਇਆ ਹੈ, ਜਿਸ ਨੂੰ ਗੱਲਾਂ, ਦਿਲਾਸਿਆਂ ਜਾਂ ਹਾਸਿਆਂ ਦੇ ਛੱਲੇ ਨਹੀਂ ਚੀਰ ਸਕਦੇ। ਮੈਂ ਸੁਹਾਨੀ ਕੋਲੋਂ ਪੁੱਛਣਾ ਹੈ ਕਿ ਜਦੋਂ ਸਾਡੇ ਬਾਲ ਨੇ ਇਕ ਝਟਕੇ ਨਾਲ ਸਾਹ ਭਰਿਆ ਸੀ ਤਾਂ ਕੀ ਉਸਨੇ ਵੀ ਤਸਵੀਰਾਂ ਵਿਚਲੇ ਉਸ ਆਦਰਸ਼ ਪਰਵਾਰ ਨੂੰ ਨਹੀਂ ਸੀ ਚਿਤਵਿਆ, ਜਿਸ ਵਿਚ ਮਾਪਿਆਂ ਦੀ ਉਂਗਲ ਫੜੀ ਵਿਚਕਾਰ ਟੁਰਦਾ ਬੱਚਾ ਅਸਮਾਨ ਵਲ ਤਕਦਾ ਦਿਸਦਾ ਹੈ ।ਸਾਰੇ ਹਮਦਰਦੀ ਦਾ ਹੱਥ ਸੁਹਾਨੀ ਦੇ ਮੋਢਿਆਂ ਉਤੇ ਧਰਦੇ ਹਨ , ਜਿਵੇਂ ਉਹ ਸਿਰਫ਼ ਸੁਹਾਨੀ ਦਾ ਹੀ ਬੱਚਾ ਸੀ ਤੇ ਮੈਨੂੰ ਆਖ ਛੱਡਦੇ ਹਨ - ਤਾਂ ਕੀ ਹੋਇਆ ? ਦੂਜਾ ਪੈਦਾ ਕਰ ਲੈਣਾ। ਸਾਰੇ ਮੈਨੂੰ ਸਮਝਾਂਦੇ ਰਹੇ ਹਨ ਕਿ ਇਹੋ ਜਿਹੇ ਔਖੇ ਹਾਲਾਤ ਵਿਚ ਸੁਹਾਨੀ ਦਾ ਹਥ ਨਹੀਂ ਛੱਡਣਾ, ਪਰ ਕਿਉਂ ਕਿਸੇ ਨੂੰ ਵੀ ਮੇਰੇ ਖਾਲੀ ਹਥ ਦਾ ਖਿਆਲ ਨਹੀਂ ਆਂਦਾ?

ਸੁਨਿਧੀ ਨੇ ਹੀ ਕਿਸੇ ਫ਼ਰਿਸ਼ਤੇ ਵਾਂਗ ਮੇਰਾ ਹਥ ਫੜੀ ਰੱਖਿਆ ਸੀ। ਉਸਦੇ ਘਰ ਦੇ ਲਾਖੇ ਰੰਗੇ ਸੋਫਿਆਂ ਤੇ ਬੈਠੇ ਅਸੀਂ ਕੰਧਾਂ ਨੂੰ ਵਾਚਦੇ ਰਹਿੰਦੇ। ਕੰਧਾਂ ਤੇ ਬਣ ਰਹੀਆਂ ਪੇਪੜੀਆਂ, ਸ਼ਨੀਲ ਦੇ ਸੁਨਹਿਰੇ ਪਰਦੇ, ਕੱਚ ਦੇ ਡੱਬਿਆਂ ਵਿਚ ਬੰਦ ਕਾਜੂ–ਪਿਸਤਾ, ਸੁਆਗਤ ਵਿਚ ਸਿਰ ਝੁਕਾਈ ਖੜੋਤੀ ਇਕ ਰਾਜਸਥਾਨੀ ਜੋੜੀ। ਬਾਹਰ ਪੈਂਦਾ ਗੱਡੀਆਂ ਦਾ ਸ਼ੋਰ, ਭੌਂਕਦੇ ਕੁੱਤੇ, ਮਿਆਂਕਦੀਆਂ ਬਿੱਲੀਆਂ - ਜੀਕਣ ਮੇਰੇ ਚਾਰੋ ਪਾਸੇ ਜ਼ਿੰਦਗੀ ਦਾ ਗ੍ਰਹਿ–ਪਥ ਮਦਮਸਤ ਚਾਲੇ ਚਲਾਇਮਾਨ ਸੀ, ਤੇ ਵਿਚਕਾਰ ਖੜਾ ਸਾਂ ਮੈਂ - ਰੁਕਿਆ ਹੋਇਆ, ਅਧੂਰਾ, ਅਗਾਂਹ ਤੁਰਦੀ ਜਾ ਰਹੀ ਜ਼ਿੰਦਗੀ ਨੂੰ ਫੜ ਨਾ ਸਕਣ ਕਾਰਨ ਛਿੱਥੇਪਣ ਨਾਲ ਭਰਿਆ ਹੋਇਆ ।

ਕਦੇ ਮੈਂ ਕੁਝ ਤੋੜਨ ਦੀ ਕਦੀਮੀ ਇੱਛਾ ਨਾਲ ਭਰਿਆ, ਸੋਫੇ ਦੀਆਂ ਪੋਲੀਆਂ ਗੱਦੀਆਂ ਨੂੰ ਮੁੱਕੀਆਂ ਮਾਰਨ ਲੱਗ ਪੈਂਦਾ, ਤੇ ਮੇਰੀ ਹਰ ਸੱਟ ਨਾਲ ਅੰਦਰ ਧਸਦੀ ਗੱਦੀ ਮੈਨੂੰ ਹਲਕਾ ਜਿਹਾ ਯਕੀਨ ਦੁਆਂਦੀ ਕਿ ਜ਼ਿੰਦਗੀ ਤੇ ਮੇਰੀ ਪਕੜ ਅਜੇ ਢਿੱਲੀ ਨਹੀਂ ਹੋਈ। ਪਰ ਕੋਈ ਵੀ ਟੋਇਆ ਟਿਕਦਾ ਨਾ, ਭਰ ਜਾਂਦਾ ।ਮੈਂ ਕਿਸੇ ਬਾਲ ਵਾਂਗ ਜ਼ਿਦ ਫੜੀ, ਉਨ੍ਹਾਂ ਨੂੰ ਪਿਚਕਾਣ ਦੀ ਕੋਸ਼ਿਸ਼ ਵਿਚ ਮੁੜ ਮੁੜ ਮੁੱਕੀਆਂ ਮਾਰਦਾ ਤੇ ਸੁਨਿਧੀ ਬਿਨਾ ਕੁਝ ਬੋਲੇ ਮੇਰੀਆਂ ਅੱਖਾਂ ਤੋਂ ਸਿਮਦੇ ਹੰਝੂਆਂ ਨੂੰ ਪੂੰਝਦੀ ਰਹਿੰਦੀ। ਕਦੇ ਮੇਰੇ ਗਲਾਸ ਵਿਚ

ਵਾਈਨ ਉਲੱਦੀ ਜਾਂਦੀ, ਕਦੇ ਮੇਰੇ ਬੁੱਲ੍ਹਾਂ ਵਿਚ ਜਕੜੀ ਸਿਗਰਟ ਨੂੰ ਲਾਈਟਰ ਨਾਲ ਬਾਲ ਦੇਂਦੀ ਤੇ ਮੈਂ ਦੇਰ ਤੀਕ ਹਵਾ ਵਿਚ ਘੁਲਦੇ ਜਾਂਦੇ ਧੂੰਏਂ ਨੂੰ ਨਜ਼ਰ ਗੱਡੀ ਦੇਖਦਾ ਰਹਿੰਦਾ। ਘੰਟਿਆਂ ਬੱਧੀ, ਨਸ਼ੇ ਦੇ ਅਹਿਸਾਸ ਵਿਚ ਗੁਆਚਿਆ ਮੈਂ ਆਪਣੇ ਆਪ ਨੂੰ ਪੂਰਾ ਮਹਿਸੂਸ ਕਰਦਾ - ਤੁਰਦਾ ਹੋਇਆ, ਦੌੜਦਾ ਹੋਇਆ। ਨਸ਼ਾ ਉਤਰ ਜਾਂਦਾ ਤੇ ਇਕ ਵਾਰ ਫੇਰ ਉਦਾਸੀ ਦਾ ਕਾਲਾ ਪ੍ਰਾਈਮਰ ਚੜ੍ਹ ਜਾਂਦਾ।

ਕੁਝ ਦਿਨ ਸੁਹਾਨੀ ਦੀ ਇਕ ਵੀ ਕਾਲ ਨਾ ਆਂਦੀ, ਤੇ ਕਦੇ ਉਹ ਮਿੰਟ ਮਿੰਟ ਤੇ ਕਾਲਾਂ ਕਰੀ ਜਾਂਦੀ। ਉਸਨੂੰ ਦੇ ਸਕਣ ਲਈ ਮੇਰੇ ਕੋਲ ਹਮਦਰਦੀ ਬਿਲਕੁਲ ਨਹੀਂ ਸੀ ਬਚੀ। ਇਕ ਅਜੀਬ ਜੇਹੀ ਚਿੜ੍ਹ ਸੀ, ਜੋ ਉਸਦਾ ਨਾਂਅ ਦੇਖਦੇ ਸਾਰ ਮੇਰੇ ਤੇ ਹਾਵੀ ਹੋ ਜਾਂਦੀ ਸੀ – ਸੁਹਾਨੀ , ਤੂੰ ਏਨੀ ਖ਼ੁਦ.ਗਰਜ਼ ਕਿਵੇਂ ਹੋ ਸਕਦੀ ਹੈਂ ਕਿ ਆਪਣੇ ਤੋਂ ਸਿਵਾ ਕਿਸੇ ਹੋਰ ਬਾਰੇ ਤੂੰ ਸੋਚ ਹੀ ਨਹੀਂ ਸਕਦੀ ?

------------

ਇੰਦੌਰ ਸਟੇਸ਼ਨ ਤੇ ਨੀਲੇ ਰੰਗ ਦੀਆਂ ਟੋਪੀਆਂ ਪਾਈ ਭਗਤਾਂ ਦੀ ਇਕ ਭੀੜ ਸੁਹਾਨੀ ਦੇ ਸਵਾਗਤ ਲਈ ਮੁਸਤੈਦੀ ਨਾਲ ਖੜੀ ਸੀ। ਸੁਹਾਨੀ ਨੂੰ ਗੁਲਾਬ ਦਾ ਇਕ ਫੁੱਲ ਦੇ ਕੇ ਸਾਰਿਆਂ ਨੇ ਉਸਦਾ ਇਸਤਕਬਾਲ ਕੀਤਾ ।

“ਸਿਸਟਰ ਊਸ਼ਾ, ਤੁਹਾਨੂੰ ਰੇਲ ਵਿਚ ਕੋਈ ਪਰੇਸ਼ਾਨੀ ਤਾਂ ਨਹੀਂ ਹੋਈ?” ਇਕ ਕਾਲਾ, ਢਿੱਡਲ ਬੰਦਾ ਜੋ ਮੁੜ ਮੁੜ ਆਪਣੇ ਕੰਨਾਂ ਵਿਚ ਮਾਚਸ ਦੀ ਤੀਲੀ ਵਾੜੀ ਜਾ ਰਿਹਾ ਸੀ, ਸੁਹਾਨੀ ਵਲ ਮੁਖਾਤਬ ਹੋਇਆ ।

“ਊਸ਼ਾ?” ਮੇਰੇ ਮੂੰਹੋਂ ਆਪਮੁਹਾਰੇ ਹੀ ਨਿਕਲ ਗਿਆ। ਸੁਹਾਨੀ ਨੇ ਮੇਰਾ ਹੱਥ ਘੁੱਟ ਲਿਆ। ਸਾਨੂੰ ਇਕ ਟਕ ਦੇਖ ਰਹੀਆਂ ਨਜ਼ਰਾਂ ਵਿਚ ਉੱਠ ਪਈ ਹੈਰਾਨੀ ਨੂੰ ਭਾਂਪਦਿਆਂ ਉਸਨੇ ਜੋੜ ਦਿੱਤਾ , “ਇਹ ਭੁੱਲਣ ਲੱਗ ਪਏ ਨੇ”, ਤੇ ਸਾਰੇ ਲੋਕਾਂ ਦੀਆਂ ਅੱਖਾਂ ਐਕਸ-ਰੇ ਮਸ਼ੀਨ ਵਾਂਗ ਮੇਰੇ ਸਰੀਰ ਵਿਚ ਬੁਢਾਪੇ ਦੀਆਂ ਨਿਸ਼ਾਨੀਆਂ ਭਾਲਣ ਲੱਗੀਆਂ।

“ਮਰਸਿਡੀਜ਼ ਤੁਹਾਡੇ ਲਈ ਤਿਆਰ ਹੈ।” ਇਕ ਔਰਤ ਨੇ ਕਿਹਾ, ਜਿਸਨੇ ਆਪਣੇ ਜੂੜੇ ਵਿਚ ਨੀਲਾ ਪੈੱਨ ਅੜੁੰਗਿਆ ਹੋਇਆ ਸੀ।

‘ਮਰਸਿਡੀਜ਼’ ਸੁਣ ਕੇ ਮੇਰਾ ਹਾਸਾ ਨਿਕਲ ਗਿਆ । ਸੁਹਾਨੀ ਨੇ ਮੈਨੂੰ ਪੈਰ ਮਾਰਿਆ ।

ਇੰਦੌਰ ਦੇ ਸ਼ਾਂਤ ਸ਼ਹਿਰ ਨੂੰ ਪਾਰ ਕਰਦੀ ਗੱਡੀ ਆਸ਼ਰਮ ਵੱਲ ਵੱਧਣ ਲੱਗੀ। ਡਰਾਈਵਰ ਵੀ ਕੋਈ ਭਗਤ ਸੀ ਤੇ ਉਸਦੇ ਨਾਲ ਵਾਲੀ ਸੀਟ ਉਤੇ ਓਹੀਓ ਔਰਤ ਬੈਠੀ ਹੋਈ ਸੀ, ਇਸ ਲਈ ਸੁਹਾਨੀ ਨੂੰ ਕੋਈ ਵੀ ਸਵਾਲ ਨਾ ਪੁੱਛ ਸਕਿਆ। ਮੈਂ ਇਕ ਦੋ ਵੇਰ ਇਸ਼ਾਰਿਆਂ ਰਾਹੀਂ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਤਾਕੀ ਖੋਲ ਠੰਡੀ ਹਵਾ ਦਾ ਲੁਤਫ਼ ਲੈਂਦੀ ਸ਼ਹਿਰ ਦੀਆਂ ਭੁਰਦੀਆਂ ਇਮਾਰਤਾਂ ਦੇਖਣ ਵਿਚ ਮਸ਼ਗੂਲ ਸੀ , ਤੇ ਸ਼ੀਸ਼ੇ ਵਿਚ ਦਿਸਦੀਆਂ ਡਰਾਈਵਰ ਦੀਆਂ ਸ਼ੱਕੀ ਨਿਗਾਹਾਂ ਜਿਵੇਂ ਮੇਰੇ ਉੱਤੇ ਹੀ ਟਿਕੀਆਂ ਹੋਈਆਂ ਸਨ।

ਸ਼ਹਿਰ ਤੋਂ ਤਕਰੀਬਨ ਪੰਦਰਾਂ ਕਿਲੋਮੀਟਰ ਦੂਰ ਵੱਸਿਆ, ਗੁੰਬਦਾਂ ਨਾਲ ਔਟਿਆ ਹੋਇਆ ਸੰਗਮਰਮਰ ਦਾ ਚੁੰਧਿਆਊ-ਚਿੱਟਾ ਆਸ਼ਰਮ ਇਵੇਂ ਲੱਗੇ ਜਿਵੇਂ ਅਰਬ ਰਾਜਕੁਮਾਰੀਆਂ ਦਾ ਮਹਿਲ। ਮਹਿਮਾਨਾਂ ਲਈ ਵਿਛਾਇਆ ਗਿਆ ਲਾਲ ਕਾਲੀਨ, ਟਰੇਅ ਵਿਚ ਪਾਣੀ ਲਈ ਖੜੋਤੀਆਂ ਔਰਤਾਂ, ਬੱਤੀਆਂ ਤੇ ਲੜੀਆਂ ਲਾਂਦੇ ਆਦਮੀ, ਵੱਡੇ-ਵੱਡੇ ਕੜਾਹਿਆਂ ਵਿਚ ਪਕ ਰਿਹਾ ਖਾਣਾ - ਚਾਰੇ ਪਾਸੇ ਵਿਆਹ ਵਰਗੀ ਗਹਿਮਾ-ਗਹਿਮੀ ਸੀ ।

ਸਾਨੂੰ ‘ਲਗਜ਼ਰੀ ਟੈਂਟ’ ਵਲ ਲਿਜਾਇਆ ਗਿਆ । ਭਾਂਵੇਂ ਇਹ ਤੰਬੂਆਂ ਨੂੰ ਤਰਪਾਲ ਨਾਲ ਢੱਕ ਕੇ

ਬਣਾਇਆ ਗਿਆ ਟੈਂਟ ਸੀ, ਪਰ ਆਪਣੇ ਨਾਂਅ ਦੀ ਲਾਜ ਰਖਦਾ ਪੰਜ ਤਾਰਾ ਹੋਟਲਾਂ ਵਾਲੀਆਂ ਸਾਰੀਆਂ ਸੇਵਾਵਾਂ ਨਾਲ ਲੈਸ। ਇਕ ਵੱਡਾ ਕਮਰਾ, ਬਿਸਤਰੇ ਉੱਤੇ ਨਰਮ ਗੱਦਾ, ਫਲਾਂ ਦੀ ਟੋਕਰੀ, ਟੇਟਲੇ ਕੰਪਨੀ ਦੇ ਹਰੀ ਚਾਹ ਦੇ ਪੁੜੇ, ਸ਼ਾਵਰ - ਸਭ ਕੁਝ।

"ਏਨੀਆਂ ਸਾਰੀਆਂ ਚੀਜ਼ਾਂ ਫ਼ਰੀ ਔਫ਼ ਕੌਸਟ?" ਮੈਂ ਜਾਣ-ਬੁਝ ਕੇ ਉਸਨੂੰ ਸਵਾਲ ਕੀਤਾ।

"ਪਾਗਲ ਏਂ? ਏਨੀ ਵਡੀ ਪ੍ਰਾਈਵੇਸੀ ਫ਼ਰੀ ਥੋੜਾ ਮਿਲਦੀ ਏ? ਫ਼ਰੀ ਵਾਲੇ ਟੈਂਟ ਵਿਚ ਛੇ-ਸੱਤ ਜਣੇ ਇਕੱਠੇ ਸੌਂਦੇ ਨੇ।" ਸੁਹਾਨੀ ਨੇ ਮੁੜ ਅੱਖ ਮਾਰੀ । "ਦੇਖ ਰਿਹੈਂ, ਕਿੰਨਾ ਵੱਡਾ ਪਰਬੰਧ ਏ? ਓਸ਼ੋ ਦੇ ਔਰੇਗਨ ਤੋਂ ਵੀ ਵੱਡਾ।"

"ਓਸ਼ੋ ਨੂੰ ਵਿਚ ਕਾਹਨੂੰ ਘਸੀਟ ਲਿਆਂਦੀ ਏਂ? ਓਸ਼ੋ ਵਾਂਗ ਮੈਨੂੰ ਕ੍ਰਿਸ਼ਨਾਮੂਰਤੀ, ਸਦਗੁਰੂ, ਦੰਡਾਪਾਣੀ ਦੀਆਂ ਗੱਲਾਂ ਵੀ ਚੰਗੀਆਂ ਲਗਦੀਆਂ ਹਨ । ਪਰ ਜੋ ਮਰਜ਼ੀ ਕਹਿ ਲਓ, ਮੈਂ ਤਾਂ ਕਿਸੇ ਨੂੰ ਆਪਣਾ ਨਾਂਅ ਬਦਲਣ ਦੀ ਇਜਾਜ਼ਤ ਨਾ ਦੇਵਾਂ।"

"ਮਿਰਚਾਂ ਤੈਨੂੰ ਏਸੇ ਗਲ ਦੀਆਂ ਤੇ ਲੜੀਆਂ ਹਨ ਕਿ ਤੈਨੂੰ ਦੱਸੇ ਬਿਨਾ ਮੈਂ ਨਾਂਅ ਬਦਲ ਲਿਆ।"

"ਨਹੀਂ, ਏਸ ਲਈ ਕਿ ਤੂੰ ਕਿਵੇਂ ਸੌਖਿਆਂ ਹੀ ਆਪਣੀ ਪਛਾਣ ਨੂੰ ਕਿਸੇ ਛਿੱਲ ਵਾਂਗ ਲਾਹ ਮਾਰਿਆ।"

ਉਹੀ ਔਰਤ ਜੋ ਕਾਰ ਵਿਚ ਸਾਡੇ ਨਾਲ ਸੀ, ਇਕ ਘੰਟੇ ਬਾਅਦ ਸੁਹਾਨੀ ਨੂੰ ਬੁਲਾਣ ਆਈ, "ਸਿਸਟਰ ਊਸ਼ਾ, ਗੁਰੂਦੇਵ ਸੰਤੋਸ਼ ਤੁਹਾਨੂੰ ਮਿਲਣਾ ਚਾਹੁੰਦੇ ਹਨ । ਤੁਸੀ ਛੇਤੀ ਉਨ੍ਹਾਂ ਦੇ ਕਮਰੇ ਵਿਚ ਆ ਜਾਓ।"

"ਤੁਸੀ ਚੱਲੋ, ਮੈਂ ਆ ਰਹੀ ਹਾਂ।"

"ਤੂੰ ਵੀ ਨੀਲੀ ਕਮੀਜ਼ ਪਾ ਕੇ ਛੇਤੀ ਤਿਆਰ ਹੋ ਜਾ।" ਉਸਨੇ ਸ਼ੋਖੀ ਨਾਲ ਕਿਹਾ, ਜਿਵੇਂ ਮੈਨੂੰ ਦਸ ਦੇਣਾ ਚਾਹੁੰਦੀ ਹੋਵੇ ਕਿ ਆਸ਼ਰਮ ਵਿਚ ਉਸਦੀ ਕਿੰਨੀ ਇੱਜ਼ਤ ਹੈ।" ਤੈਨੂੰ ਸਿਰਫ਼ ਮੇਰੇ ਕਾਰਣ ਅੰਦਰ ਜਾਣ ਦੇਣਗੇ।"

ਮੇਰਾ ਜੀ ਨਹੀਂ ਸੀ ਕਰਦਾ, ਪਰ ਗੁਰੂਦੇਵ ਸੰਤੋਸ਼ ਨੂੰ ਨੇੜਿਓਂ ਦੇਖਣ ਦੀ, ਉਨ੍ਹਾਂ ਦੀ ਸੰਸਥਾ ਨੂੰ ਬਾਰੀਕੀ ਨਾਲ ਸਮਝਣ ਅਤੇ ਆਪਣੇ ਲੇਖ ਲਈ ਅਛੋਪਲੇ ਜਿਹੇ ਕੁਝ ਤਸਵੀਰਾਂ ਖਿੱਚਣ ਦਾ ਏਦੂੰ ਵਧੀਆ ਮੌਕਾ ਨਹੀਂ ਸੀ ਮਿਲ ਸਕਣਾ, ਇਸ ਲਈ ਮੈਂ ਬਿਨਾ ਸਵਾਲ-ਜਵਾਬ ਕੀਤਿਆਂ ਛੇਤੀ ਨਾਲ ਤਿਆਰ ਹੋਣ ਲੱਗ ਪਿਆ।

ਉਸਨੇ ਆਪ ਵੀ ਨੀਲੇ ਰੰਗ ਦੀ ਸਾੜ੍ਹੀ ਪਾਈ, ਢੇਰ ਸਾਰਾ ਇਤਰ ਛਿੜਕਿਆ ਤੇ ਗੁਰੂਦੇਵ ਸੰਤੋਸ਼ ਦਾ ਲੇਪਲ ਲਾ ਕੇ ਜਾਣ ਲਈ ਤਿਆਰ ਹੋ ਗਈ।

ਅਸੀਂ ਇਕ ਸੜਕ ਦੇ ਵਿਚਕਾਰ ਤੁਰਨ ਲੱਗੇ, ਜਿਸਦੇ ਦੋਵੇਂ ਬੰਨੇ ਟੈਂਟ ਤਣੇ ਹੋਏ ਸਨ। ਸੱਜੇ ਹਥ ਵਲ ਲਗਜ਼ਰੀ ਤੇ ਸੁਪਰ ਲਗਜ਼ਰੀ ਟੈਂਟਾਂ ਦੀਆਂ ਤਰਤੀਬਵਾਰ ਕਤਾਰਾਂ, ਤੇ ਖੱਬੇ ਹਥ ਪੀਲੇ, ਦਾਗ਼-ਧੱਬਿਆਂ ਵਾਲੇ ਡੀਲਕਸ ਟੈਂਟਾਂ ਦਾ ਲਾਪਰਵਾਹ, ਬੇਤਰਤੀਬ ਜਮਘਟ।

ਅਸ਼ੋਕ ਦੇ ਸੰਘਣੇ ਦਰਖ਼ਤਾਂ ਵਿਚਕਾਰ ਗੁਰੂਦੇਵ ਸੰਤੋਸ਼ ਦੀ ਆਲੀਸ਼ਾਨ ਕੁਟੀਆ। ਕੁਟੀਆ ਦੇ ਚਾਰੋ ਪਾਸੇ ਮੁਸਤੈਦੀ ਨਾਲ ਪਹਿਰਾ ਦੇਂਦੇ ਚਾਰ ਭਗਤ। ਉਹ ਸਾਰਿਆਂ ਨੂੰ ਗੁਰੂਦੇਵ ਸੰਤੋਸ਼ ਦੀ ਤਸਵੀਰ ਦਾ ਲੇਪਲ ਦੇਂਦੇ, ਮੋਬਾਈਲ ਅਤੇ ਬੈਲਟ ਇਕ ਲਾਲ ਟਰੇਅ ਵਿਚ ਰਖਾਉਂਦੇ, ਇਕ ਤਸਵੀਰ ਖਿੱਚਦੇ, ਤੇ ਹਰ ਕਿਸੇ ਨੂੰ ਨੰਬਰਵਾਰ ਟੋਕਨ ਦੇ ਕੇ ਅੰਦਰ ਭੇਜ ਦੇਂਦੇ।

ਅੰਦਰ ਦਾ ਕਮਰਾ ਕੋਲਡ ਸਟੋਰੇਜ ਵਰਗਾ ਠੰਡਾ। ਚਾਰ ਚਾਰ ਏ ਸੀ ਤੇ ਪੱਖੇ , ਜਿਨ੍ਹਾਂ ਉੱਤੇ ਗੁਰੂਦੇਵ

ਸੰਤੋਸ਼ ਦੀ ਤਸਵੀਰ ਦਾ ਵੱਡਾ ਸਟਿਕਰ ਚੇਪਿਆ ਹੋਇਆ ਸੀ। ਸਾਰੇ ਲੋਕ ਬਸ ਇਕ ਨੰਬਰ। ਆਵਾਜ਼ ਆਂਦੀ, "ਫਲਾਣਾ ਫਲਾਣਾ ਨੰਬਰ ਏਸ ਕਮਰੇ ਵਿਚ ਹਾਜ਼ਰ ਹੋਵੇ" ਤੇ ਲੋਕ ਉਸ ਨੰਬਰ ਦਾ ਨੀਲਾ ਪਲਾਸਟਿਕ ਟੋਕਨ ਗਲੇ ਵਿਚ ਲਟਕਾ ਕੇ ਅੰਦਰ ਵੜ ਜਾਂਦੇ। ਚਾਰੇ ਕਮਰਿਆਂ ਵਿਚ ਗੁਰੂਦੇਵ ਸੰਤੋਸ਼ ਤੇ ਨਹੀਂ ਸਨ ਹੋ ਸਕਦੇ। ਬਾਕੀ ਤਿੰਨ ਕਮਰਿਆਂ ਵਿਚ ਉਨ੍ਹਾਂ ਦੇ ਤਿੰਨ ਕਰੀਬੀ ਚੇਲੇ ਚੇਲੇ ਦਰਸ਼ਨ ਦੇ ਰਹੇ ਸਨ।

"ਚੇਲੇ?" ਮੈਂ ਸੁਹਾਨੀ ਨੂੰ ਟੇਢੀ ਨਜ਼ਰੇ ਦੇਖਦਿਆਂ ਕਿਹਾ।

" ਸ਼ਿਸ਼", ਉਸਨੇ ਕਿਹਾ।

ਕੱਛੂਕੁੰਮੇ ਦੀ ਚਾਲੇ ਅੱਗੇ ਵਧਦੀ ਕਤਾਰ ਵਿਚ ਲਗਿਆਂ ਸਾਨੂੰ ਘੰਟੇ ਤੋਂ ਵਧ ਸਮਾਂ ਹੋ ਗਿਆ ਸੀ। ਸੁਹਾਨੀ ਦੇ ਚਿਹਰੇ ਤੇ ਪਹਿਲੋਂ ਉਭਰਿਆ ਸਵੈ-ਵਿਸ਼ਵਾਸ ਕਾਫੂਰ ਹੋ ਚੁੱਕਾ ਸੀ। ਉਸਨੇ ਕਿਸੇ ਜਾਣੂੰ ਨੂੰ ਲੱਭਣ ਲਈ ਏਧਰ ਓਧਰ ਨਜ਼ਰ ਮਾਰੀ। ਫੇਰ ਪੰਗਤ ਦੇ ਅੱਗੇ ਲੱਗੇ ਪਰਬੰਧਕਾਰੀ ਨੂੰ ਵੀ ਕਿਹਾ ਕਿ ਪ੍ਰਭੂ ਮਹਾਰਾਜ ਨੇ ਖੁਦ ਉਸਨੂੰ ਸੱਦਿਆ ਹੈ ਇਸ ਲਈ ਉਸਨੂੰ ਜਾਣ ਦੇਣ, ਪਰ ਓਸ ਦਾੜ੍ਹੀ ਵਾਲੇ ਬੰਦੇ ਨੇ ਉਸਨੂੰ ਪੰਗਤ ਨਾ ਤੋੜਨ ਦੀ ਹਿਦਾਇਤ ਕਰਦਿਆਂ ਵਾਪਸ ਭੇਜ ਦਿੱਤਾ।

"ਉਂਜ ਵੀ, ਸਾਨੂੰ ਕਿਹੜਾ ਕੋਈ ਜਲਦੀ ਹੈ?" ਆ ਕੇ ਉਸ ਮੈਨੂੰ ਕਿਹਾ।

ਕਾਫੀ ਵਕਫੇ ਪਿੱਛੋਂ ਸਾਨੂੰ ਅੰਦਰ ਬੁਲਾਇਆ ਗਿਆ। ਕਮਰੇ ਵਿਚ ਗੁਰੂਦੇਵ ਸੰਤੋਸ਼ ਆਪ ਹਨ, ਉਨ੍ਹਾਂ ਦਾ ਕੋਈ ਸ਼ਿਸ਼ ਨਹੀਂ, ਇਹ ਦੇਖ ਸੁਹਾਨੀ ਦੇ ਚਿਹਰੇ ਤੇ ਨਿੰਮੀ ਜਿਹੀ ਮੁਸਕਾਨ ਤਰ ਆਈ। ਅੰਦਰ ਵੜਦਿਆਂ ਹੀ ਉਹ ਹੁਲਸ ਕੇ ਗੁਰੂਦੇਵ ਸੰਤੋਸ਼ ਦੇ ਚਰਨਾਂ ਵਿਚ ਆ ਢੱਠੀ। ਧੋਤੀ ਤੇ ਬੁਨੈਨ ਪਾਈ ਉਹ ਇਕ ਵੱਡੀ ਕੁਰਸੀ ਤੇ ਬੈਠੇ ਹੋਏ ਸਨ ਜਿਸਦੀ ਗੱਦੀ ਦੇਖਿਆਂ ਚਮੜੇ ਦੀ ਜਾਪਦੀ ਸੀ।

"ਦੂਰੋਂ ਗੱਲ ਕਰੋ।" ਜ਼ਮੀਨ ਤੇ ਬੈਠੇ ਮੁੰਡੇ ਨੇ ਚਿਤਾਰਿਆ।

" ਕਿੰਨੇ ਦਿਨਾਂ ਤੋਂ ਤੁਹਾਨੂੰ ਮਿਲਣਾ ਚਾਹੁੰਦੀ ਸਾਂ, ਬਾਬਾ ਜੀ। ਅਜ ਧੰਨ ਹੋ ਗਈ।"

" ਕੀ ਨਾਂਅ ਹੈ ਤੇਰਾ?" ਗਲਾ ਖਖਾਰਦਿਆਂ ਗੁਰੂਦੇਵ ਸੰਤੋਸ਼ ਨੇ ਪੁੱਛਿਆ।

"ਸੁਹਾਨੀ ..ਨਹੀਂ..ਨਹੀਂ ਊਸ਼ਾ ..ਤੁਸੀਂ ਹੀ ਤਾਂ ਦਿੱਤਾ ਸੀ ਨਾਂਅ।" ਸੁਹਾਨੀ ਦਾ ਅਚੰਭਤ ਸੁਰ।

" ਬਾਬਾ ਜੀ, ਇਹ ਸਾਡੇ ਨਵੇਂ ਖ਼ਜ਼ਾਨਚੀ ਹਨ ..ਸਿਸਟਰ ਊਸ਼ਾ।" ਓਸੇ ਮੁੰਡੇ ਨੇ ਕਿਹਾ।

ਸੁਹਾਨੀ ਮੁੜ ਮੁੜ ਮੈਨੂੰ ਦੇਖਦੀ, ਸ਼ਾਇਦ ਹਿੰਮਤ ਲਈ, ਤੇ ਮੈਂ ਵੀ ਪਲਕਾਂ ਝਪਕਾ ਕੇ ਉਸਨੂੰ ਹੌਸਲਾ ਦੇਂਦਾ, ਪਰ ਸੁਹਾਨੀ ਵਲ ਉਨ੍ਹਾਂ ਦੀ ਬੇਵਾਸਤਗੀ ਦੇਖ ਅੰਦਰੋਂ ਖੁਸ਼ ਸਾਂ। ਜਾਪ ਰਿਹਾ ਸੀ , ਗੁਰੂਦੇਵ ਸੰਤੋਸ਼ ਦਾ ਬੁਖਾਰ ਉਸਦੇ ਸਿਰ ਤੋਂ ਉਤਰ ਜਾਵੇਗਾ, ਪਰ ਬਾਬਾ ਜੀ ਨੇ ਅੱਖਾਂ ਬੰਦ ਕਰ ਲਈਆਂ ਤੇ ਕੁਝ ਬੁੜਬੁੜਾਉਣ ਲਗ ਪਏ ...

"ਬੱਚੇ ਦਾ ਮੋਹ ਨਾ ਪਾਲ। ਇਹ ਈਸ਼ਵਰ ਦਾ ਇਸ਼ਾਰਾ ਹੈ। ਤੇਰੇ ਬਹੀਖਾਤੇ ਵਿਚ ਕੁੱਕੜੀ ਦੇ ਚੂਚਿਆਂ ਦੀਆਂ ਕਿੰਨੀਆਂ ਸਾਰੀਆਂ ਚੀਕਾਂ ਹਨ।"

ਸੁਹਾਨੀ ਦਾ ਚਿਹਰਾ ਦੀਵੇ ਵਾਂਗ ਚਮਕ ਪਿਆ। ਆਪਣੀ ਨਿਰਾਸਤਾ ਨੂੰ ਜਿਵੇਂ ਉਸਨੇ ਦੂਹਰੇ ਵੇਗ ਨਾਲ ਦੂਰ ਧੱਕ ਦਿੱਤਾ। ਉਸਨੇ ਇਕ ਮਾਣਮੱਤੀ ਮੁਸਕਰਾਹਟ ਨਾਲ ਮੈਨੂੰ ਦੇਖਿਆ ਤੇ ਮੇਰਾ ਹੱਥ ਕਸ ਕੇ ਘੁਟ ਲਿਆ।

ਜਦ ਤੀਕ ਮੈਂ ਉਨ੍ਹਾਂ ਦੀ ਆਖੀ ਗੱਲ ਦਾ ਮਤਲਬ ਸਮਝ ਸਕਦਾ, ਉਸਤੋਂ ਪਹਿਲਾਂ ਹੀ ਉਨ੍ਹਾਂ ਦੀ ਚਮਤਕਾਰੀ ਨੀਝ ਦੀ ਸੰਭਾਵਨਾ ਨੇ ਮੈਨੂੰ ਹੈਰਾਨ ਕਰ ਦਿੱਤਾ। ਉੱਤੋਂ ਸੁਹਾਨੀ ਦੀ ਬਾਲਾਂ ਵਰਗੀ ਕਿਲਕਾਰੀ। ਸੋਚਣ ਤਾਂ ਬਾਅਦ ਵਿਚ ਲੱਗਾ ਕਿ ਇਹ ਕੋਈ ਭਵਿੱਖਬਾਣੀ ਨਹੀਂ, ਸਗੋਂ ਖੁੱਲ੍ਹੇ ਅੰਤ ਵਾਲੀਆਂ ਗੱਲਾਂ ਹਨ, ਜੋ ਕਿਸੇ ਵੀ ਮੌਕੇ, ਕਿਸੇ ਤੇ ਵੀ ਫਿਟ ਜਾਪਣ। ਨਾਲੇ ਗੁਰੂਜੀ ਲਈ ਆਪਣੀ ਖ਼ਜ਼ਾਨਚੀ ਬਾਰੇ

ਜਾਣਕਾਰੀ ਇਕੱਤਰ ਕਰ ਕੇ ਰਖਣਾ ਕਿੰਨਾ ਕੁ ਔਖਾ ਹੋਵੇਗਾ? ਪਰ 'ਬੱਚੇ ਦਾ ਮੋਹ ਨਾ ਪਾਲ' - ਇਹ ਕਿੰਨੀ ਬੇਤੁਕੀ ਗੱਲ ਹੈ !ਗੁਰੂਜੀ ਦਾ ਬੱਚੇ ਨਾਲ ਕੀ ਮਤਲਬ? ਇਹ ਸਭ ਦਾ ਨਿੱਜੀ ਫੈਸਲਾ ਹੁੰਦਾ ਹੈ, ਇਸ ਵਿਚ ਉਨ੍ਹਾਂ ਦੀ ਦਖ਼ਲਅੰਦਾਜ਼ੀ ਦਾ ਕੀ ਮਤਲਬ?

ਗੁਰੂਜੀ ਨੇ ਹੱਥ ਵਧਾ ਕੇ ਇਕ ਇਕ ਸਟਰਾਬੇਰੀ ਸਾਡੇ ਹੱਥੀਂ ਫੜਾਈ। ਬੈਠੇ ਮੁੰਡੇ ਨੇ ਸਾਨੂੰ ਘੂਰਿਆ, ਅੱਖਾਂ ਨਾਲ ਦਾਨ-ਪੇਟੀ ਵਿਚ ਰੁਪਈਏ ਪਾਣ ਦਾ ਇਸ਼ਾਰਾ ਕੀਤਾ ਤੇ ਤਿੱਖੀ ਆਵਾਜ਼ ਵਿਚ ਪੰਜ ਸੌ ਵੀਹ ਨੰਬਰ ਨੂੰ ਸੱਦ ਲਿਆ ।

ਸੁਹਾਨੀ ਨੇ ਮੇਰੇ ਵਲ ਹਥ ਵਧਾਇਆ ਤੇ ਮੈਂ ਬਟੂਏ ਵਿਚੋਂ ਸੌ ਰੁਪਏ ਕੱਢ ਕੇ ਉਸਨੂੰ ਫੜਾ ਦਿੱਤੇ। ਸੌ ਰੁਪਏ ਦੇਖ ਉਸ ਮੁੰਡੇ ਨੇ ਮੈਨੂੰ ਮੁੜ ਘੂਰਿਆ ਤੇ ਇਕ ਛਿਣ ਲਈ ਜਾਪਿਆ ਜਿਵੇਂ ਰੁਪਈਆਂ ਦੀ ਡੋਰ ਰਾਹੀਂ ਮੈਂ ਸੁਹਾਨੀ ਨਾਂਅ ਦੀ ਕਠਪੁਤਲੀ ਨੂੰ ਖਿੱਚ ਕੇ ਰੱਖ ਸਕਦਾ ਹਾਂ, ਪਰ ਜਦੋਂ ਤੱਕ ਮੈਂ ਰੁਪਈਆਂ ਦੀ ਦੱਥੀ ਉਸਨੂੰ ਫੜਾ ਨਾ ਦਿੱਤੀ, ਉਹ ਓਥੇ ਹੀ ਖੜੀ ਮੈਨੂੰ ਘੂਰਦੀ ਰਹੀ।

ਓਥੋਂ ਨਿਕਲਦਿਆਂ ਹੀ ਉਹ ਔਰਤ ਪਤਾ ਨਹੀਂ ਕਿੱਥੋਂ ਨਮੂਦਾਰ ਹੋਈ, ਓਸੇ ਤਰ੍ਹਾਂ ਜੂੜੇ ਵਿਚ ਪੈੱਨ ਘਸੋੜੀ, ਤੇ ਸਾਨੂੰ ਗਊ-ਸ਼ਾਲਾ ਵਲ ਲੈ ਗਈ। ਪੰਦਰਾਂ ਮਿਨਟ ਦੀ ਸੈਰ ਦੌਰਾਨ ਸਾਡੀ ਉਸ ਨਾਲ ਗੱਲਬਾਤ ਹੋਈ । ਉਸਨੇ ਦੱਸਿਆ ਕਿ ਉਸਦਾ ਗੁਰੂਜੀ ਦਾ ਦਿੱਤਾ ਨਾਂਅ ਸ਼ੈਲਜਾ ਹੈ। ਦਸ ਸਾਲ ਪਹਿਲਾਂ ਪ੍ਰਭੂ ਮਹਾਰਾਜ ਦੇ ਆਖੇ ਉਹ - ਬਿਲਕੁਲ ਬੁੱਧ ਵਾਂਗ - ਆਪਣੇ ਪਤੀ ਅਤੇ ਦੋ ਸਾਲਾਂ ਦੇ ਬਾਲ ਨੂੰ ਛੱਡ ਕੇ ਉਨ੍ਹਾਂ ਦੀ ਸ਼ਰਣ ਵਿਚ ਆ ਗਈ ਸੀ। ਓਦੋਂ ਤੋਂ ਉਹ ਆਸ਼ਰਮ ਵਿਚ ਹੀ ਰਹਿੰਦੀ ਹੈ , ਆਪਣੀਆਂ ਸੇਵਾਵਾਂ ਦੇਂਦੀ ਹੈ , ਵੀ ਆਈ ਪੀ ਭਗਤਾਂ ਨੂੰ ਆਸ਼ਰਮ ਦੀ ਫੇਰੀ ਦੁਆਂਦੀ ਹੈ।

"ਤੁਸੀਂ ਆਪਣੇ ਪਰਵਾਰ ਨੂੰ ਕਿਓਂ ਛੱਡ ਦਿੱਤਾ?" ਮੈਂ ਝਟ ਸਵਾਲ ਕੀਤਾ ।

"ਘਰ ਵਿਚ ਸ਼ੁਰੂ ਤੋਂ ਹੀ ਮਨ ਨਹੀਂ ਸੀ ਲਗਦਾ। ਜਿਵੇਂ ਹੀ ਪ੍ਰਭੂ ਮਹਾਰਾਜ ਨੇ ਆਗਿਆ ਦਿੱਤੀ, ਮੈਂ ਸਭ ਕੁਝ ਛੱਡ ਦਿੱਤਾ।" ਉਸਨੇ ਬੇਲਾਗ ਆਵਾਜ਼ ਵਿਚ ਦਸਿਆ।

"ਹੁਣ ਉਨ੍ਹਾਂ ਨੂੰ ਮਿਲਣ ਜਾਂਦੇ ਹੋ ?" ਮੈਂ ਮੁੜ ਪੁੱਛਿਆ।

"ਪ੍ਰਭੂ ਮਹਾਰਾਜ ਦਾ ਹੁਕਮ ਸੀ ਕਿ ਪਿੱਛੇ ਮੁੜ ਕੇ ਨਹੀਂ ਦੇਖਣਾ ।ਸਾਧਨਾ ਵਿਚ ਮੋਹ ਲਈ ਕੋਈ ਥਾਂ ਨਹੀਂ ।"

"ਤੁਹਾਡਾ ਕੁਆਟਰ ਕਿੱਥੇ ਹੈ?" ਸੁਹਾਨੀ ਨੇ ਮਾਹੌਲ ਨੂੰ ਹਲਕਾ ਕਰਨ ਦੇ ਮਕਸਦ ਨਾਲ ਪੁੱਛਿਆ।

"ਸਾਨੂੰ ਰਸੋਈ ਵਿਚ ਹੀ ਥਾਂ ਮਿਲੀ ਹੋਈ ਹੈ।"

" ਰਸੋਈਏ .. ?" ਮੇਰੇ ਮੂੰਹੋਂ ਨਿਕਲਦਾ ਨਿਕਲਦਾ ਰਹਿ ਗਿਆ।

ਰਾਹ ਵਿਚ ਸਾਨੂੰ ਬਾਲ ਦਿਸੇ, ਸਿਰ ਉੱਤੇ ਗੁਰੂਦੇਵ ਸੰਤੋਸ਼ ਦੇ ਨਾਂਅ ਦਾ ਚਿੱਟਾ ਪਟਾ ਬੰਨ੍ਹੀਂ, ਆਪਣੇ ਕਦ ਤੋਂ ਉੱਚੇ ਝਾੜੂ ਨਾਲ ਦੋਵੇਂ ਪਾਸੇ ਬਣੇ ਵਿਹੜੇ ਨੂੰ ਸੁੰਬਰਦੇ ਹੋਏ। ਕੁਝ ਕਿਆਰੀਆਂ ਦੀ ਗੋਡੀ ਕਰ ਰਹੇ ਸਨ, ਕੁਝ ਘਾਹ ਉੱਤੇ ਖਿੱਲਰੇ ਸੁੱਕੇ, ਪੀਲੇ ਪੱਤੇ ਚੁਗ ਰਹੇ ਸਨ। ਜਿਵੇਂ ਹੀ ਉਨ੍ਹਾਂ ਸਾਨੂੰ ਸ਼ੈਲਜਾ ਨਾਲ ਦੇਖਿਆ, ਆਪਣਾ ਸਾਰਾ ਕੰਮ ਵਿਚੇ ਛੱਡ ਭੱਜਦੇ ਹੋਏ ਸਾਡੇ ਵਲ ਆਏ ਅਤੇ ਇਕ ਬੈਟਰੀ ਵਾਲੇ ਗੁੱਡੇ ਵਾਂਗ ਸਾਨੂੰ ਸਲਾਮ ਠੋਕਿਆ।

ਕਦੇ ਉਹ ਸਾਡੇ ਹਥ ਫੜੀ ਸਟਰਾਬੇਰੀ ਵਲ ਦੇਖਦੇ, ਕਦੇ ਸੁਹਾਨੀ ਦੇ ਮੋਢੇ ਨਾਲ ਲਟਕੇ ਪਰਸ ਵਲ। ਮੈਂ ਆਪਣੀ ਸਟਰਾਬੇਰੀ ਉਨ੍ਹਾਂ ਵਲ ਵਧਾਈ ਤਾਂ ਇਕ ਵਾਰ ਤਾਂ ਉਹ ਕੁੱਤਿਆਂ ਵਾਂਗ ਝਪਟਣ ਨੂੰ ਹੋਏ , ਪਰ ਓਸੇ ਵੇਲੇ ਸ਼ੈਲਜਾ ਨੇ ਘੂਰਿਆ ਤਾਂ ਉਹ ਸਹਿਮੇ ਜਿਹੇ ਆਪੋ-ਆਪਣੇ ਕੰਮੀਂ ਲੱਗ ਗਏ।

"ਇਹ ਬੱਚੇ ਕੌਣ ਹਨ?" ਰੁਪਈਏ ਕੱਢਣ ਲਈ ਕੱਢੇ ਬਟੂਏ ਨੂੰ ਮੈਂ ਵਾਪਸ ਜੇਬ ਵਿਚ ਰੱਖਦਿਆਂ

ਪੁੱਛਿਆ।

"ਆਲ-ਦੁਆਲ ਦੇ ਮੰਗਤੇ, ਜਿਨ੍ਹਾਂ ਉਤੇ ਪ੍ਰਭੂ ਮਹਾਰਾਜ ਦੀ ਦਇਆ ਦ੍ਰਿਸ਼ਟੀ ਪੈ ਗਈ।" ਮੈਂ ਹਾਮੀ ਭਰਨ ਲਈ ਸਿਰ ਨਾ ਹਿਲਾਇਆ, ਜਿਸ ਗਲ ਨੂੰ ਫੌਰਨ ਭਾਂਪਦਿਆਂ ਉਸਨੇ ਝਟ ਜੜ ਦਿੱਤਾ, "ਕੰਮ ਕਰਨਾ ਆਉਣਾ ਤੇ ਜ਼ਰੂਰੀ ਹੈ ਨਾ , ਨਹੀਂ ਤਾਂ ਅੱਗੇ ਜਾ ਕੇ ਇਹ ਆਪਣੇ ਪੈਰੀਂ ਕਿਵੇਂ ਖੜ੍ਹੋਣਗੇ ?"

ਸੰਤਰੀ ਰੰਗ ਦੀ ਅਰਧ-ਗੋਲ ਪੱਟੀ ਤੇ ਲਿਖਿਆ 'ਦਇਆ ਗਊਸ਼ਾਲਾ' ਤੇ ਸਾਹਮਣੇ ਪਰਧਾਨ ਮੰਤਰੀ ਦੇ ਹੱਥੋਂ ਇਨਾਮ ਲੈਂਦੇ ਗੁਰੂਦੇਵ ਸੰਤੋਸ਼ ਦਾ ਇਸ਼ਤਿਹਾਰੀ ਫੱਟਾ। ਸ਼ੈਲਜਾ ਦਸਦੀ ਰਹੀ ਕਿ ਕਿਵੇਂ ਉਨ੍ਹਾਂ ਦੇ ਗੁਰੂਦੇਵ ਨੇ ਗਊ ਸੇਵਾ ਲਈ ਏਸ਼ੀਆ ਦੀ ਸਭ ਤੋਂ ਵੱਡੀ ਗਊਸ਼ਾਲਾ ਉਸਾਰੀ ਹੈ ।( ਬਾਕੀ ਜਾਨਵਰਾਂ ਨੇ ਪਤਾ ਨਹੀਂ ਕਿਹੜਾ ਪਾਪ ਕੀਤਾ ਹੈ? )

"ਪੂਰੇ ਇੰਦੌਰ ਵਿਚ ਸਹੀ ਮੁੱਲ ਉੱਤੇ ਖਰੇ ਦੁੱਧ ਦੀ ਸਪਲਾਈ ਏਸੇ ਗਊਸ਼ਾਲਾ ਤੋਂ ਹੁੰਦੀ ਹੈ।"

ਮੈਂ ਵਿਅੰਗ ਭਰੀ ਮੁਸਕਰਾਹਟ ਨਾਲ ਪੁੱਛਿਆ, "ਤੁਸੀਂ ਸਾਰੇ ਸ਼ਹਿਰ ਨੂੰ ਦੁੱਧ ਪਿਆਂਦੇ ਹੋ, ਤਾਂ ਫੇਰ ਵੱਛਿਆਂ ਨੂੰ ਕੀ ਪਿਆਂਦੇ ਹੋ ?" ਪਰ ਸ਼ੈਲਜਾ ਅਣਸੁਣਿਆ ਕਰ ਸਾਨੂੰ ਅੰਦਰ ਗਊਸ਼ਾਲਾ ਵਿਚ ਲੈ ਗਈ। ਇਕ ਹਜ਼ਾਰ ਦਾ ਚੰਦਾ ਦੇਣ 'ਤੇ ਸਾਨੂੰ ਇਕ ਗਲਾਸ ਲੱਸੀ ਪਿਆਈ ਗਈ। ਗਊਸ਼ਾਲਾ ਦੇ ਮੁਖ ਸੇਵਕ ਦਲੀਪ ਨੇ ਸਾਨੂੰ ਦੁਹਾਂ ਨੂੰ ਥੋੜਾ ਜਿਹਾ ਚਾਰਾ ਫੜਾ ਦਿੱਤਾ ਤੇ ਸਾਡੇ ਹੱਥੀਂ ਇਕ ਗਾਂ ਨੂੰ ਖੁਆ ਦਿੱਤਾ।

ਕੰਧਾਂ ਉੱਤੇ ਹਰ ਪਾਸੇ ਲਿਖਿਆ ਹੋਇਆ ਸੀ : 'ਸਵਰਗ ਪਾਣ ਦਾ ਰਾਹ ਸਰਲ, ਖੁਆਓ ਸਭ ਗਾਈਆਂ ਨੂੰ ਖੱਲ'

ਗਊਸ਼ਾਲਾ ਤੋਂ ਨਿਕਲ ਕੇ ਸਿਸਟਰ ਸ਼ੈਲਜਾ ਨੇ ਸਾਨੂੰ ਦਲੀਪ ਬਾਰੇ ਦੱਸਿਆ। ਉਹ ਪਹਿਲਾਂ ਓਸ਼ੋ ਦਾ ਭਗਤ ਸੀ। ਫੇਰ ਉਸਨੇ ਇਸਕੌਨ ਵਿਚ ਧੱਕੇ ਖਾਧੇ, ਪਰ ਅੰਤ ਵਿਚ ਪ੍ਰਭੂ ਮਹਾਰਾਜ ਦੀ ਸ਼ਰਣ ਵਿਚ ਆ ਕੇ ਹੀ ਉਸਨੂੰ ਆਪਣੀ ਬਿਮਾਰੀ ਨਾਲ ਲੜਨ ਦੀ ਤਾਕਤ ਮਿਲੀ।"

"ਉਸਨੂੰ ਕੀ ਪਰੇਸ਼ਾਨੀ ਸੀ?" ਓਸ਼ੋ ਦਾ ਨਾਂਅ ਸੁਣ ਕੇ ਸੁਹਾਨੀ ਹੋਰ ਚੰਭਲ ਗਈ।

"ਮੈਨੂੰ ਠੀਕ ਤਾਂ ਨਹੀਂ ਪਤਾ, ਪਰ ਸੁਣਿਆ ਹੈ, ਔਰਤਾਂ ਨਾਲ ਸੌਣ ਦਾ ਧੰਦਾ ਕਰਦਾ ਸੀ।"

"ਇਹ ਬਿਮਾਰੀ ਥੋੜਾ ਹੈ, ਜਿਸਨੂੰ ਗੁਰੂਜੀ ਠੀਕ ਕਰ ਦੇਣਗੇ। ਇਹ ਤਾਂ ਉਸਦਾ ਰੋਟੀ ਕਮਾਣ ਦਾ ਜ਼ਰੀਆ ਹੋਇਆ ਨਾ ..।"

"ਇੰਜ ਤੇ ਤੁਸੀਂ ਕਹੋਗੇ ਕਿ ਕਸਾਈ ਵੀ ਕੁਝ ਗਲਤ ਨਹੀਂ ਕਰਦਾ। ਸਰਕਾਰ ਨੇ ਕਿੰਨੀਆਂ ਵੱਡੀਆਂ ਮੀਟ ਦੀਆਂ ਦੁਕਾਨਾਂ ਵਿਚ ਗਾਂ ਦਾ ਮਾਸ ਫੜਿਆ ਹੈ। ਛੀ ! ਮਾਂ ਨੂੰ ਵੱਢਦਿਆਂ ਇਨ੍ਹਾਂ ਅਧਰਮੀਆਂ ਦੇ ਹੱਥ ਨਹੀਂ ਕੰਬਦੇ?" ਸ਼ੈਲਜਾ ਨੇ ਆਪਣਾ ਮੂੰਹ ਮਸੋਸਦਿਆਂ ਕਿਹਾ । "ਗੁਰੂਜੀ ਨੇ ਆਪਣੀ ਦੇਖ ਰੇਖ ਹੇਠ ਰੱਖ ਉਸਨੂੰ ਮਹੀਨਾ ਭਰ ਮੋਕਸ਼-ਕ੍ਰਿਆ ਕਰਾਈ। ਨਤੀਜਾ ਤੁਸੀਂ ਆਪੇ ਦੇਖ ਲਓ।"

"ਜ਼ਰੂਰੀ ਤੇ ਨਹੀਂ ਕਿ ਸਾਰਿਆਂ ਲਈ ਮਾਂ ਹੋਵੇ।" ਮੈਂ ਕਹਿਣਾ ਚਾਹੁੰਦਾ ਸਾਂ ਪਰ ਫੇਰ ਚੁੱਪ ਹੋ ਗਿਆ।

ਰਾਤ ਦੇ ਪੰਜ ਕੋਰਸ ਮੀਲ ਦੇ ਬਾਅਦ ਅਸੀਂ ਆਪਣੇ ਟੈਂਟ ਵਿਚ ਮੁੜ ਆਏ। ਆਪਣੇ ਪੈਰਾਂ ਨੂੰ ਘੁਟਦਿਆਂ, ਸੁਹਾਨੀ ਨੇ ਸਾਹਮਣਲੀ ਕੰਧ ਤੇ ਗੁਰੂਦੇਵ ਸੰਤੋਸ਼ ਦੀ ਆਦਮਕੱਦ ਤਸਵੀਰ ਦੇਖ ਕੇ ਹੁਲਾਰੇ ਨਾਲ ਕਿਹਾ, "ਪੂਰਾ ਜੰਗਲ ਵਿਚ ਮੰਗਲ ਹੈ।"

"ਧਾਰਮਕ ਪਿਕਨਿਕ ", ਮੈਂ ਸਵਾਦ ਲੈਂਦਿਆਂ ਕਿਹਾ ।

ਮੈਂ ਉਸਦੇ ਕੋਲ ਖਿਸਕ ਆਇਆ ਤੇ ਕੀੜੀਆਂ ਵਾਂਗ ਉਸਦੀਆਂ ਬਾਹਾਂ ਉਤੇ ਆਪਣੀਆਂ ਉਂਗਲਾਂ ਦੁੜਾਉਣ ਲੱਗਾ । ਉਸਨੇ, ਇਕ ਸ਼ਰਮੀਲੀ ਮੁਸਕਰਾਹਟ ਨਾਲ ਭਰੀ ਨੇ, ਫੁਸਫਸਾਂਦਿਆਂ ਕਿਹਾ , "ਕੀ ਕਰਦਾ ਪਿਐਂ ?"

ਮੈਂ ਉਸਦੇ ਹਾਸੇ ਨੂੰ ਉਸਦੀ ਹਾਮੀ ਸਮਝ ਕੇ ਉਸਦੀਆਂ ਗਲ੍ਹਾਂ ਨੂੰ ਪੋਲੇ ਜਿਹੇ ਚੁੰਮ ਲਿਆ ।ਅਚਾਨਕ ਉਸਦੇ ਸਰੀਰ ਵਿਚ ਤਣਾਅ ਆ ਗਿਆ ।ਉਸਨੇ ਮੈਨੂੰ ਦੂਰ ਧੱਕ ਦਿੱਤਾ ਤੇ ਸਖ਼ਤੀ ਨਾਲ ਬੋਲੀ, "ਮੈਨੂੰ ਇਨ੍ਹਾਂ ਗੰਦੇ ਕੰਮਾਂ ਦਾ ਹਿੱਸਾ ਨਾ ਬਣਾ।"

" ਗੰਦਾ ਮਤਲਬ ? ਏਨੇ ਸਾਲਾਂ ਤੋਂ ਤੇ ਤੈਨੂੰ ਕਦੇ ਮਾੜਾ ਨਹੀਂ ਲੱਗਾ?" ਮੈਂ ਉਸਨੂੰ ਸਵਾਲ ਕਰਨਾ ਚਾਹਿਆ, ਪਰ ਚੁਪ ਹੋ ਗਿਆ।ਅਜੀਬ ਜਿਹੀ ਸ਼ਰਮ ਆਈ।ਬਿਲਕੁਲ ਉਵੇਂ ਹੀ ਲੱਗਿਆ ਜਿਵੇਂ ਕਿਸੇ ਅਪਾਹਜ ਪਿਤਾ ਨੂੰ ਲਗਦਾ ਹੋਵੇਗਾ, ਜਦੋਂ ਪਹਿਲੀ ਵਾਰ ਡਾਇਪਰ ਬਦਲਣ ਸਮੇਂ ਉਸਦਾ ਪੁੱਤਰ ਉਸਨੂੰ ਨੰਗਿਆਂ ਦੇਖਦਾ ਹੋਵੇਗਾ।ਮੈਂ ਝਟ ਬੱਤੀ ਬੁਝਾ ਦਿੱਤੀ ।

ਅਗਲੇ ਦਿਨ ਗੁਰੂਦੇਵ ਸੰਤੋਸ਼ ਦਾ ਮਹਾਸਤਸੰਗ ਸੀ, ਜਿਸ ਵਿਚ ਸੁਹਾਨੀ ਨੂੰ ਰਸਮੀ ਢੰਗ ਨਾਲ ਖਜ਼ਾਨਚੀ ਥਾਪਿਆ ਜਾਣਾ ਸੀ।ਉਸ ਤੋਂ ਮਗਰੋਂ ਦੋ ਵਜੇ ਦੀ ਗੱਡੀ ਫੜ ਅਸੀਂ ਵਾਪਸ ਦਿੱਲੀ ਰਵਾਨਾ ਹੋ ਜਾਣਾ ਸੀ।

"ਤਿਆਰ ਹੋ ਕੇ ਛੇਤੀ ਆ ਜਾਵੀਂ।ਮੈਂ ਓਥੇ ਹੀ ਤੇਰਾ ਇੰਤਜ਼ਾਰ ਕਰਾਂਗੀ।" ਸਵੇਰੇ ਉੱਠਦੇ ਸਾਰ ਸੁਹਾਨੀ ਨੇ ਮੈਨੂੰ ਕਿਹਾ ਤੇ ਚਲੀ ਗਈ ।ਮੈਂ ਠੰਡੇ ਪਾਣੀ ਦਾ ਇਕ ਗਲਾਸ ਪੀਤਾ ਤੇ ਬਿਸਤਰੇ ਤੇ ਪੁੱਠਾ ਲੰਮਾ ਪੈ ਗਿਆ ।ਸੋਚਣ ਲੱਗਾ, ਜਿਵੇਂ ਸਾਡਾ ਵਿਆਹੁਤਾ ਜੀਵਨ ਕੋਈ ਕਾਈ ਲੱਗਿਆ ਫ਼ਰਸ਼ ਹੈ ਜਿਸ ਉਤੇ ਅਸੀਂ ਦੋਵੇਂ ਵੱਖੋ-ਵੱਖ ਦਿਸ਼ਾਵਾਂ ਵਲ ਤਿਲਕਦੇ ਜਾ ਰਹੇ ਹਾਂ ।ਮੈਨੂੰ ਸ਼ੈਲਜਾ ਦੇ ਵਿਚਾਰੇ ਪਤੀ ਦਾ ਖਿਆਲ ਆਇਆ - ਇਹੋ ਜਿਹੀ ਰੁਸਵਾਈ ਨੂੰ ਉਸਨੇ ਕਿਵੇਂ ਕਬੂਲਿਆ ਹੋਵੇਗਾ, ਆਪਣੇ ਅਮੁੱਕ ਪਿਆਰ ਦਾ ਇਹੋ ਜਿਹਾ ਸਿਲਾ ?

ਨੀਲੇ ਕਪੜੇ ਪਾਈ ਸਾਰੇ ਓਥੇ ਹੀ ਬੈਠੇ ਰਹੇ - ਅਸੀ ਲਾਲ ਕੁਰਸੀਆਂ ਦੀ ਇਕ ਪੰਗਤ ਵਿਚ , ਬਾਕੀ ਹਜ਼ਾਰਾਂ ਸ਼ਰਧਾਲੂ ਹੇਠਾਂ ਜ਼ਮੀਨ ਉਤੇ - ਜਦੋਂ ਤਕਰੀਬਨ ਦੋ ਘੰਟੇ ਬਾਅਦ ਗੁਰੂਦੇਵ ਸੰਤੋਸ਼ ਨੇ ਦਰਸ਼ਨ ਦਿੱਤੇ।ਉਨ੍ਹਾਂ ਦੋ ਘੰਟਿਆਂ ਦੌਰਾਨ ਕਿਸੇ ਦੇ ਮੱਥੇ ਕੋਈ ਸ਼ਿਕਨ ਨਹੀਂ, ਕਿਓਂਕੇ ਸਪੀਕਰ ਤੇ ਵਾਰ-ਵਾਰ ਇਹੋ ਐਲਾਨ ਹੁੰਦਾ ਰਿਹਾ ਕਿ ਗੁਰੂਦੇਵ ਸੰਤੋਸ਼ ਸਾਧਨਾ ਵਿਚ ਲੀਨ ਹਨ।ਜਦੋਂ ਹੀ ਉਨ੍ਹਾਂ ਆਸਨ ਗ੍ਰਹਿਣ ਕੀਤਾ ਨਾਲ ਹੀ ਗੁਰੂਦੇਵ ਸੰਤੋਸ਼ ਦੇ ਆਣ ਦਾ ਐਲਾਨ ਸ਼ੁਰੂ ਹੋ ਗਿਆ।ਭਗਤ ਉਚਕ ਉਚਕ ਕੇ ਉਨ੍ਹਾਂ ਨੂੰ ਦੇਖ ਰਹੇ ਸਨ।ਜਿਵੇਂ ਹੀ ਉਨ੍ਹਾਂ ਆਪਣਾ ਇਕ ਹੱਥ ਹਿਲਾਇਆ, ਤਾਂ ਸਾਰੀ ਸਭਾ ਬਿਲਕੁਲ ਸ਼ਾਂਤ।

ਫੇਰ ਉਨ੍ਹਾਂ ਬੋਲਣਾ ਸ਼ੁਰੂ ਕੀਤਾ -

"ਚੰਗਾ ਲਗ ਰਿਹਾ ਹੈ ਕਿ ਸਭ ਨੀਲੇ ਬਾਣੇ ਵਿਚ ਹਨ ।ਇਸ ਸਾਲ ਦੇ ਅੰਤ ਵਿਚ ਇਹੋ ਜਿਹਾ ਵਿਨਾਸ਼ ਹੋਵੇਗਾ ਜੋ ਤਕਰੀਬਨ ਅੱਧੀ ਦੁਨੀਆ ਨੂੰ ਖ਼ਤਮ ਕਰ ਦੇਵੇਗਾ।ਪਰ ਉਹ ਸਭ ਬਚ ਜਾਣਗੇ ਜਿਹੜੇ ਨੀਲਾ ਰੰਗ ਪਾਈ ਰੱਖਣਗੇ।ਅੱਜ ਤੋਂ ਉਲਟੀ ਗਿਣਤੀ ਸ਼ੁਰੂ ਹੋ ਰਹੀ ਹੈ ।ਏਥੋਂ ਨੀਲੇ ਝੰਡੇ ਲਿਜਾ ਕੇ ਸਾਰੇ ਆਪਣੇ ਘਰਾਂ ਉੱਤੇ ਲਾ ਲਓ ਤੇ ਆਪਣੇ ਪਰਵਾਰਾਂ ਨੂੰ ਇਸ ਮਹਾਮਾਰੀ ਦੀ ਮਾਰ ਤੋਂ ਬਚਾ ਲਓ।"

ਇਸ ਤੋਂ ਮਗਰੋਂ ਉਨ੍ਹਾਂ ਪਿੰਡ ਦੇ ਕਿਸੇ ਕਿਸਾਨ ਦੀ ਇਕ ਲੰਮੀ ਕਹਾਣੀ ਸੁਣਾਈ, ਜਿਸਦਾ ਭਾਵ ਇਹ ਸੀ ਕਿ ਆਪਣੇ ਭਾਗਾਂ ਵਿਚ ਲਿਖੇ ਤੋਂ ਵਧ ਕਿਸੇ ਨੂੰ ਕੁਝ ਨਹੀਂ ਮਿਲਦਾ ।ਫੇਰ ਉਹੋ ਰਟੀਆਂ ਰਟਾਈਆਂ ਗੱਲਾਂ ਜੋ ਸੁਹਾਨੀ ਵੀ ਮੈਨੂੰ ਵਾਰ-ਵਾਰ ਸੁਣਾਂਦੀ ਰਹੀ ਸੀ - ਸਰੀਰ ਕਰਾਏ ਦਾ ਮਕਾਨ ਹੈ, ਇਸਨੂੰ ਗੰਦਾ ਹੋਣ ਤੋਂ ਬਚਾਣ ਲਈ ਧਿਆਨ ਧਰੋ , ਆਂਡੇ-ਮੱਛੀ ਤੋਂ ਦੂਰ ਰਹੋ, ਸਾਦਾ ਭੋਜਨ ਅਪਨਾਓ, ਗਊਆਂ ਦੀ ਰਾਖੀ ਕਰੋ, ਗਊ-ਹੱਤਿਆ ਤੋਂ ਵੱਡਾ ਕੋਈ ਜੁਰਮ ਨਹੀਂ, ਆਪਣੀ ਕਮਾਈ ਦਾ ਵੀਹਵਾਂ ਹਿੱਸਾ ਆਸ਼ਰਮ ਨੂੰ ਦਾਨ ਕਰੋ ।

ਡਰ ਦਾ ਵਪਾਰ ਅਤੇ ਪੁਲੀਟੀਕਲੀ ਕਰੈਕਟ ਹੋਣ ਦੀ ਪੂਰੀ ਕੋਸ਼ਿਸ਼ - ਇਹੋ ਸੀ ਗੁਰੂਦੇਵ ਸੰਤੋਸ਼ ਦਾ

ਯੂ ਐਸ ਪੀ । ਇਹੋ ਜਿਹਾ ਹੀ ਮੇਰਾ ਮੋਹਭੰਗ ਕਮਿਊਨ ਜਾ ਕੇ ਹੋਇਆ ਸੀ – ਹਰ ਮੌਕੇ ਜੇਬ ਢਿੱਲੀ ਕਰਾਣ ਲਈ ਤਿਆਰ ਲੋਕ, ਐਚ ਆਈ ਵੀ ਟੈਸਟ, ਲੋਕਲ ਵੱਸੋਂ ਲਈ ਆਣ ਦੀ ਮਨਾਹੀ, ਭਾਰਤੀ ਲੋਕਾਂ ਵੱਲ ਤਿਰਸਕਾਰ ਵਾਲੀ ਨਜ਼ਰ ।

ਮੋਹਭੰਗ ਹੋਣ ਵਿਚ ਅਕਸਰ ਸਾਡੀ ਆਪਣੀ ਹੀ ਗਲਤੀ ਹੁੰਦੀ ਹੈ– ਅਚਾਨਕ ਅਸੀਂ ਕਿਸੇ ਦੇ ਵਿਚਾਰਾਂ ਨਾਲ ਟੁੰਬੇ ਜਾਂਦੇ ਹਾਂ ਤੇ ਉਸਨੂੰ ਸੰਪੂਰਨ ਮੰਨ ਉਸਦੇ ਪੈਰੋਕਾਰ ਬਣਨ ਲਈ ਕਾਹਲੇ ਪੈ ਜਾਂਦੇ ਹਾਂ। ਭਗਤ ਹੋਣਾ ਕੀਲੇ ਜਾਣਾ ਹੈ - ਆਪਣੀ ਮਤ ਨੂੰ ਕਿਸੇ ਹੋਰ ਦੇ ਸਪੁਰਦ ਕਰ ਦੇਣਾ, ਓਸ ਬਲਿਊ ਵੇਲ੍ਹ ਖੇਡ ਵਾਂਗ।

ਭਾਸ਼ਣ ਖਤਮ ਹੁੰਦੇ ਸਾਰ ਐਲਾਨ ਹੋਇਆ, "ਸਿਸਟਰ ਊਸ਼ਾ ਮੰਚ ਤੇ ਆ ਜਾਵੇ।"

ਜਦੋਂ ਸਟੇਜ ਉੱਤੇ ਉਸਨੂੰ ਲੋਈ ਪੁਆਈ ਜਾ ਰਹੀ ਸੀ, ਮੈਨੂੰ ਜਾਪਿਆ ਜਿਵੇਂ ਉਸ ਰਾਹੀਂ ਸੁਹਾਨੀ ਦੀ ਜ਼ਿੰਦਗੀ ਨੂੰ ਕੁੰਜ ਵਾਂਗ ਲਾਹ ਸੁੱਟਿਆ ਗਿਆ ਹੈ– ਓਸ ਜ਼ਿੰਦਗੀ ਨੂੰ, ਜਿਸਦਾ ਇਕ ਹਿੱਸਾ ਮੈਂ ਵੀ ਸਾਂ।

--------------------

ਓਸ ਰਾਤ, ਟੈਂਟ ਵਿਚ ਸੁਹਾਨੀ ਦੇ ਹਿਕਾਰਤ ਭਰੇ ਸ਼ਬਦਾਂ ਦੇ ਬਾਅਦ ਉਸਦੇ ਸਾਹਮਣੇ ਬੱਚੇ ਦੀ ਗੱਲ ਛੇੜਨ ਦੀ ਹਿੰਮਤ ਹੀ ਨਾ ਪਈ । ਟੁਕੜਿਆਂ ਵਿਚ ਕੱਟੇ ਜਾਣ ਤੋਂ ਬਾਅਦ ਜਿਵੇਂ ਸੇਬ ਰਹਿੰਦਾ ਤਾਂ ਸੇਬ ਹੀ ਹੈ, ਪਰ ਉਸ ਦੀ ਪੂਰਨਤਾ ਦਾ ਅਹਿਸਾਸ ਖਤਮ ਹੋ ਜਾਂਦਾ ਹੈ, ਸਾਡਾ ਰਿਸ਼ਤਾ ਕਹਿਣ ਨੂੰ ਤਾਂ ਜੁੜਿਆ ਹੋਇਆ ਸੀ, ਪਰ ਅਹਿਸਾਸਾਂ ਦੀ ਨਿੱਘੀ ਨੇੜਤਾ ਭਾਫ਼ ਬਣ ਕੇ ਉੱਡ ਚੁੱਕੀ ਸੀ । ਬਚੇ ਸਨ, ਸਿਰਫ਼ ਫ਼ਰਜ਼ਾਂ ਦੇ ਖ਼ੁੰਢ । ਉਸ ਪਤਲੀ ਜਿਹੀ ਤੰਦ ਨੂੰ ਵੀ ਉਸਨੇ ਉਸ ਦਿਨ ਝਟਕ ਦਿੱਤਾ ਜਦੋਂ ਅਚਾਨਕ ਮੈਨੂੰ ਦੂਜੇ ਕਮਰੇ ਵਿਚ ਸੌਣ ਲਈ ਆਖਿਆ।

"ਰਾਤੀਂ ਕਦੇ ਤੇਰਾ ਪੈਰ, ਕਦੇ ਹੱਥ ਛੋਹ ਜਾਂਦੇ ਹਨ।"

"ਤਾਂ ਕੀ ਹੋਇਆ?" ਮੈਂ ਬੇਫਿਕਰੀ ਨਾਲ ਪਾਸਾ ਲੈਂਦਿਆਂ ਕਿਹਾ।

"ਮੈਨੂੰ ਨਹੀਂ ਪਸੰਦ ਕਿ ਕੋਈ ਆਦਮੀ ਮੈਨੂੰ ਛੋਹੇ।"

"ਕੋਈ ਆਦਮੀ ਤੋਂ ਕੀ ਮਤਲਬ ?" ਮੈਂ ਮੁੜ ਕੇ ਉਸ ਵਲ ਦੇਖਿਆ । ਉਸਦੇ ਸਖ਼ਤ ਚਿਹਰੇ ਤੋਂ ਅੰਦਾਜ਼ਾ ਹੋ ਗਿਆ ਸੀ ਕਿ ਉਹ ਮਖੌਲ ਨਹੀਂ ਸੀ ਕਰ ਰਹੀ।

"ਸਾਧਨਾ ਨਾਲ ਮੈਂ ਚਾਰੋ ਪਾਸੇ ਇਕ ਘੇਰਾ ਬਣਾ ਲਿਆ ਹੈ। ਇਸ ਦੇ ਅੰਦਰ ਸਿਰਫ਼ ਮੈਂ ਹਾਂ, ਇਕੱਲੀ।"

"ਜੇ ਤੈਨੂੰ ਤਕਲੀਫ਼ ਹੈ, ਤਾਂ ਤੂੰ ਹੀ ਜਾ। ਮੈਨੂੰ ਓਥੇ ਨੀਂਦ ਨਹੀਂ ਆਂਦੀ।"

ਉਹ ਬਿਨਾ ਕੁਝ ਕਹੇ ਓਥੇ ਹੀ ਲੇਟ ਗਈ - ਵਿਚਕਾਰ ਸਰਹਾਣਿਆਂ ਦੀ ਇਕ ਅਜਿਹੀ ਕੰਧ, ਜੋ ਸਿਰਫ਼ ਬਾਹਰੋਂ ਦੇਖਿਆਂ ਹੀ ਨਰਮ ਸੀ, ਅੰਦਰੋਂ ਇਕਦਮ ਸਖ਼ਤ ਤੇ ਕਰੜੀ।

ਸੁਨਿਧੀ ਇਕ ਵਾਰ ਫੇਰ ਮੇਰੇ ਲਈ ਢਾਲ ਬਣ ਕੇ ਹਾਜ਼ਰ ਸੀ। ਉਸ ਸਮੇਂ ਅਨੁਰਾਗ ਨਾਲ ਉਸਦੇ ਤਲਾਕ ਦੀਆਂ ਸਾਰੀਆਂ ਕਾਰਵਾਈਆਂ ਪੂਰੀਆਂ ਹੋ ਚੁੱਕੀਆਂ ਸਨ, ਅਤੇ ਡੇਢ ਸਾਲਾਂ ਦੇ ਆਰਿਅਨ ਨੇ ਟੁਰਨਾ, ਬੋਲਣਾ ਤੇ ਪੌੜੀਆਂ ਚੜ੍ਹਨਾ ਸਿਖ ਲਿਆ ਸੀ। ਜਦੋਂ ਹੀ ਮੇਰਾ ਮਨ ਮਸੋਸਦਾ - ਜੋ ਹੁਣ ਹਰ ਦੂਜੇ ਤੀਜੇ ਦਿਨ ਹੋਣ ਲਗ ਪਿਆ ਸੀ - ਮੈਂ ਉਸਦੇ ਘਰ ਵਲ ਇਵੇਂ ਭੱਜਿਆ ਜਾਂਦਾ, ਜਿਵੇਂ ਜੇਠ ਦੀ ਦੁਪਹਿਰ ਵਿਚ ਮੱਝਾਂ ਦਾ ਵੱਗ ਛੱਪੜ ਵਲ ਭੱਜਿਆ ਜਾਂਦਾ ਹੈ । ਦੇਰ ਰਾਤ ਤਕ ਆਰਿਅਨ ਦੇ ਨਾਲ ਮੈਂ ਤੇ ਸੁਨਿਧੀ ਟੀ ਵੀ ਵਾਲੇ ਕਮਰੇ ਵਿਚ, ਜਿੱਥੇ ਸਾਹਮਣਲੀ ਕੰਧ ਉਤੇ ਆਰਿਅਨ ਦੀਆਂ ਤਸਵੀਰਾਂ ਦਾ ਕੋਲਾਜ ਬਣਿਆ ਹੋਇਆ ਸੀ , ਚੌਂਕੜੀ ਮਾਰ ਕੇ ਬੈਠੇ ਰਹਿੰਦੇ ਅਤੇ ਹਰੇ, ਲਾਲ, ਪੀਲੇ, ਚਿੱਟੇ ਡੱਬਿਆਂ ਉਤੇ ਡੱਬੇ

ਰੱਖੀ ਜਾਂਦੇ ।ਕੋਈ ਇਮਾਰਤ ਬਣਦੀ ਦਿਸਦੀ, ਤਾਂ ਅਸੀ ਤਿੰਨੇ ਉਤਸ਼ਾਹਤ ਹੋ ਹੋਰ ਡੱਬੇ ਧਰਨ ਲਗਦੇ, ਜਦੋਂ ਅਚਾਨਕ ਅਗਲਾ ਡੱਬਾ ਰਖਦੇ, ਸਾਰੀ ਦੀ ਸਾਰੀ ਇਮਾਰਤ ਢੇਰ ਹੋ ਜਾਂਦੀ।

ਇਕ ਵੇਰ ਸੁਨਿਧੀ ਨੇ ਕਿਹਾ, "ਸਾਨੂੰ ਇੰਸਟਰਕਸ਼ਨ ਮੈਨੂਅਲ ਦੇਖ ਕੇ ਇਕ ਘਰ ਬਣਾਣਾ ਚਾਹੀਦਾ ਏ। ਵੱਡਾ, ਖੁੱਲ੍ਹਾ, ਹਵਾਦਾਰ ਘਰ।"

ਅਸੀਂ ਪੀਲੀਆਂ ਕੰਧਾਂ ਉਤੇ ਲਾਲ ਬਾਰੀਆਂ ਬਣਾਈਆਂ, ਭੂਰੇ ਰੰਗ ਦਾ ਦਰਵਾਜ਼ਾ , ਤੇ ਉਹਦੇ ਉੱਤੇ ਚਿਮਨੀ ਲਾਈ। ਪੂਰਾ ਹੋਇਆ ਤਾਂ ਅਸੀਂ ਇਕ ਦੂਜੇ ਵਲ ਨਿੱਘ ਨਾਲ ਦੇਖਿਆ ਤੇ ਭਰੋਸੇ-ਭਰਪੂਰ ਹਾਸੀ ਦਾ ਬੇਬਾਕ ਛੱਲਾ ਇਕ ਦੂਜੇ ਵਲ ਸੁੱਟਿਆ। ਆਰਿਅਨ ਫ਼ਰਸ਼ ਤੇ ਹੀ ਸੌਂ ਗਿਆ ਸੀ, ਪਰ ਸਾਡੀ ਹਾਸੀ ਦੇ ਬੇਮੁਰੱਵਤ ਸ਼ੋਰ ਤੋਂ ਬੇਆਰਾਮ ਹੋਇਆ ਉੱਠ ਪਿਆ, ਅਤੇ ਉਸਦੇ ਨਿੱਕੇ ਹੱਥਾਂ ਦੇ ਹੱਲੇ ਨਾਲ ਸਾਡਾ ਘਰ ਨੇਸਤਨਾਬੂਦ ਹੋ ਗਿਆ।

ਸ਼ੁਰੂ ਵਿਚ, ਦੇਰ ਹੋ ਜਾਣ ਤੇ ਜਦੋਂ ਸੁਹਾਨੀ ਦੀ ਕਾਲ ਆ ਜਾਂਦੀ, ਤਾਂ ਸੁਨਿਧੀ ਦੇ ਸਾਂਹਵੇਂ ਮੈਂ ਮਾਣ ਨਾਲ ਭਰ ਜਾਂਦਾ। ਸੁਹਾਨੀ ਨੂੰ ਕਿੰਨੇ ਹੱਕ ਨਾਲ ਆਖਦਾ ਕਿ ਮੈਂ ਛੇਤੀ ਘਰ ਪਹੁੰਚ ਰਿਹਾ ਹਾਂ, ਜਿਵੇਂ ਸੁਨਿਧੀ ਨੂੰ ਜਤਾਉਣਾ ਚਾਹੁੰਦਾ ਹੋਵਾਂ ਕਿ ਸੁਹਾਨੀ ਨੂੰ ਮੇਰੀ ਕਿੰਨੀ ਲੋੜ ਹੈ। ਫੇਰ ਉਸਦੇ ਫੋਨ ਆਣੇ ਘਟਦੇ ਗਏ ਅਤੇ ਸੁਨਿਧੀ ਦੇ ਘਰ ਵਿਚ ਪਸਰੀ ਅਪਣੱਤ ਕਾਰਨ ਕਿਸੇ ਵੀ ਨਾਟਕ ਦੇ ਓਹਲੇ ਵਿਚ ਲੁਕਣ ਦੀ ਮੇਰੀ ਲੋੜ ਵੀ ਮੁੱਕਦੀ ਗਈ ।

ਓਸ ਸਨਿੱਚਰਵਾਰ ਜਦੋਂ ਮੈਂ ਆਰਿਅਨ ਦਾ ਪਸੰਦੀਦਾ ਡੇਅਰੀ ਮਿਲਕ ਚਾਕਲੇਟ ਲੈ ਕੇ ਗਿਆ, ਉਸਨੇ ਮੈਨੂੰ ਉਂਗਲੀ ਦੇ ਇਸ਼ਾਰੇ ਨਾਲ ਜ਼ਮੀਨ ਤੇ ਬਹਿਣ ਲਈ ਕਿਹਾ ।ਮੈਂ ਗੋਡਿਆਂ ਭਾਰ ਬਹਿ ਗਿਆ ਤਾਂ ਉਸ ਮੇਰੀਆਂ ਗਲ੍ਹਾਂ ਤੇ ਉਂਗਲਾਂ ਫਿਰਾਈਆਂ , ਫੇਰ ਚਾਕਲੇਟ ਮੇਰੇ ਹੱਥੋਂ ਖੋਹ , ਟੱਪਦਾ ਹੋਇਆ ਬੋਲਿਆ, "ਪਾਪਾ, ਚਾਕੀ ..ਚਾਕੀ ...।"

ਮੈਂ ਸਤਵੇਂ ਅਸਮਾਨ ਉੱਤੇ .."ਮੁੜ ਕਹਿ, ਵਾਰ-ਵਾਰ ਕਹਿ, ਕਹਿੰਦਾ ਰਹਿ...।" ਪਰ ਸੁਨਿਧੀ ਨੂੰ ਜਿਵੇਂ ਸੱਪ ਸੁੰਘ ਗਿਆ ।"ਆਰੂ, ਮਾਸੜ ਜੀ .. ਮਾਅਅ..ਸੜ ...।"

"ਕਿਓਂ ਰੋਕਦੀ ਏਂ.. ? ਇਨ੍ਹਾਂ ਨਾਂਵਾਂ ਨਾਲ ਰਿਸ਼ਤੇ ਥੋੜ੍ਹੀ ਬਦਲ ਜਾਣਗੇ ?"

"ਤਾਂ ਫੇਰ ਮੈਂ ਤੈਨੂੰ ਵੀ ਆਪਣਾ ਪਤੀ ਕਹਿ ਦਿਆਂ?" ਉਸਨੇ ਦਿਲਗੀਰ ਨਜ਼ਰਾਂ ਨਾਲ ਕੰਬਦੀ ਆਵਾਜ਼ ਵਿਚ ਪੁੱਛਿਆ ।

ਮੈਂ ਭੌਂਚੱਕਾ। ਖਿਝੀ ਜਿਹੀ ਆਵਾਜ਼ ਨਿਕਲੀ , "ਤੂੰ ਇਹ ਸੋਚਿਆ ਵੀ ਕਿਵੇਂ? ਆਪਣੀ ਭੈਣ ਨੂੰ ਧੋਖਾ ਦੇਣਾ .. ?"

ਲੈਪਟੌਪ ਵਾਲਾ ਬੈਗ ਮੋਢੇ ਤੇ ਲਟਕਾ ਮੈਂ ਫੌਰਨ ਨਿਕਲਣ ਦੀ ਕੀਤੀ, ਕਿ ਉਸਦੀ ਪਿਘਲਦੀ ਆਵਾਜ਼ ਮੇਰੇ ਕੰਨੀਂ ਪਈ , "ਦੋ ਢਾਈ ਵਰ੍ਹੇਆਂ ਤੋਂ ਮੈਨੂੰ ਕਿਸੇ ਨਹੀਂ ਛੋਹਿਆ।" ਜਿਸ ਅਣਕਿਆਸੇ ਯਕੀਨ ਦਾ ਚੁੰਬਕ ਉਸਨੇ ਮੇਰੇ ਵੱਲ ਵਧਾ ਦਿੱਤਾ ਸੀ, ਮੈਂ ਕਿਵੇਂ ਨਾ ਓਸ ਵਲ ਖਿਚਿਆ ਜਾਂਦਾ ?

ਪਰ ਮੁੜਨ ਦਾ ਮਤਲਬ ਸੀ, ਉਸਦੀਆਂ ਅੱਖਾਂ ਵਿਚ ਆਪਣੇ ਲਈ ਜਗਮਗਾਂਦੀ ਮੁਹੱਬਤ ਦੇਖਣਾ, ਜਿਸਦੀ ਰੌਸ਼ਨੀ ਨਾਲ ਮੇਰੀਆਂ ਅੱਖਾਂ ਚੁੰਧਿਆ ਜਾਣੀਆਂ ਸਨ ।ਮੈਂ ਦੜਦੜ ਕਰਦਾ ਘਰ ਤੋਂ ਬਾਹਰ ਨਿਕਲ ਗਿਆ।ਸ਼ੁਕਰ ਮਨਾਂਦਿਆਂ ਕਿ ਉਸ ਵਲ ਮੇਰੀ ਪਿੱਠ ਸੀ, ਨਹੀਂ ਤਾਂ ਉਹ ਮੇਰੀਆਂ ਅੱਖਾਂ ਦੇਖ ਲੈਂਦੀ ਤੇ ਸਮਝ ਜਾਂਦੀ ਫ਼ਰਜ਼ਾਂ ਦੀਆਂ ਕਿਹੋ ਜਿਹੀਆਂ ਫਾਹੀਆਂ ਨੇ ਮੈਨੂੰ ਅੰਦਰੋਂ ਜਕੜਿਆ ਹੋਇਆ ਹੈ।

-------------

ਸੁਹਾਨੀ ਸਿਸਟਰ ਊਸ਼ਾ ਹੋ ਚੁੱਕੀ ਸੀ, ਟਰਸਟ ਦੇ ਕੰਮਾਂ ਵਿਚ ਪੂਰੀ ਤਰ੍ਹਾਂ ਖੁਭੀ ਹੋਈ। ਉਨ੍ਹਾਂ ਤੋਂ

ਇਲਾਵਾ ਉਹ ਘਰ ਦਾ ਤਕਰੀਬਨ ਹਰ ਕੰਮ ਭੁੱਲ ਜਾਂਦੀ, ਦੁੱਧ ਉਬਾਲਣ ਧਰਦੀ ਤੇ ਕਦੇ ਕਿਸੇ ਭਗਤ ਦਾ ਫੋਨ ਆ ਜਾਂਦਾ, ਤੇ ਉਹ ਗੁਰੂਦੇਵ ਸੰਤੋਸ਼ ਦੀ ਉਸਤਤ ਵਿਚ ਰੁੱਝ ਜਾਂਦੀ। ਜਦੋਂ ਤਕ ਉਸਨੂੰ ਯਾਦ ਆਂਦਾ, ਸਾਰਾ ਦੁੱਧ ਪਤੀਲੀ 'ਚੋਂ ਬਾਹਰ ਆ ਚੁੱਕਾ ਹੁੰਦਾ। ਕਦੇ ਸਬਜ਼ੀ ਸੁਆਹ ਹੋ ਜਾਂਦੀ, ਕਦੇ ਰੋਟੀਆਂ ਸੜ ਕੇ ਕਾਲੀਆਂ। ਮੈਂ ਉਸਨੂੰ ਆਖਦਾ ਕੋਈ ਮਹਿਰੀ ਰਖ ਲੈਂਦੇ ਹਾਂ, ਪਰ ਉਸਦਾ ਓਹੀਓ ਰਟਿਆ-ਰਟਾਇਆ ਜਵਾਬ - ਹਰ ਇਨਸਾਨ ਊਰਜਾ ਦੀ ਤਰੰਗ ਹੁੰਦਾ ਹੈ। ਅਜਨਬੀ ਤਰੰਗਾਂ ਨੂੰ ਆਪਣੇ ਘਰ ਵਿਚ ਵਾੜਨ ਨਾਲ ਕਲੇਸ਼ ਪੈਂਦਾ ਹੈ।

ਹੌਲੀ ਹੌਲੀ ਏਸੇ ਦਲੀਲ ਦਾ ਜਾਮਾ ਉਸਨੇ ਮੈਨੂੰ ਵੀ ਪੁਆ ਦਿੱਤਾ ਜਦ ਮੇਰੇ ਕੱਪੜੇ ਦੂਜੇ ਕਮਰੇ ਦੀ ਅਲਮਾਰੀ ਵਿਚ ਟੰਗ ਦਿੱਤੇ । ਮੇਰੇ ਹਰ ਮਿੱਤਰ ਦੇ ਦਾਖ਼ਲੇ ਤੇ ਪਾਬੰਦੀ, ਰਿਸ਼ਤੇਦਾਰਾਂ ਦੇ ਆਣ ਤੇ ਮਨਾਹੀ, ਹਰ ਰੋਜ਼ ਡਰਾਈਂਗ ਰੂਮ ਵਿਚ ਗੁਰੂਦੇਵ ਸੰਤੋਸ਼ ਦੇ ਭਗਤਾਂ ਦੀ ਆਵਾਜਾਈ।

ਅਚਾਨਕ ਜਦੋਂ ਮੰਮੀ-ਪਾਪਾ ਮਿਲਣ ਆਏ, ਘਬਰਾਇਆ ਹੋਇਆ ਸਾਂ, ਕਿਤੇ ਉਨ੍ਹਾਂ ਨੂੰ ਵੀ ਪੁੱਠੇ ਪੈਰੀਂ ਨਾ ਮੁੜਨਾ ਪਵੇ, ਪਰ ਸੁਹਾਨੀ ਦੇ ਆਮ ਵਤੀਰੇ ਨੂੰ ਦੇਖ ਕੇ ਹੈਰਾਨ ਸਾਂ। ਜਦੋਂ ਹੀ ਉਹ ਦੋਵੇਂ ਗਏ, ਉਸਨੇ ਆਪਣਾ ਮੂੰਹ ਟੇਢਾ ਕੀਤਾ ਤੇ ਜਿੱਥੇ ਜਿੱਥੇ ਉਨ੍ਹਾਂ ਦੇ ਪੈਰ ਪਏ ਸਨ, ਓਥੇ ਓਥੇ ਗੁਰੂਦੇਵ ਸੰਤੋਸ਼ ਅਲਾਪਦਿਆਂ, ਉਨ੍ਹਾਂ ਦਾ ਦਿੱਤਾ ਅਮ੍ਰਿਤ ਛਿੜਕਦੀ ਰਹੀ।

ਮੈਂ ਸੰਡੇ ਮੈਗਜ਼ੀਨ ਲਈ ਗੁਰੂਦੇਵ ਸੰਤੋਸ਼ ਦੇ ਆਸ਼ਰਮ ਵਿਚ ਬਿਤਾਏ ਆਪਣੇ ਦਿਨਾਂ ਦਾ ਵੇਰਵਾ ਉਸ ਕੋਲੋਂ ਲੁਕਾ-ਲੁਕਾ ਕੇ ਲਿਖਣਾ ਸ਼ੁਰੂ ਕਰ ਦਿੱਤਾ ਸੀ । ਪਤਾ ਨਹੀਂ ਕਿਵੇਂ ਉਸਨੂੰ ਇਸ ਗੱਲ ਦੀ ਭਿਣਕ ਪੈ ਗਈ , ਤੇ ਇਕ ਸ਼ਾਮ ਜਦੋਂ ਮੈਂ ਬਾਹਰ ਗਿਆ ਹੋਇਆ ਸਾਂ, ਉਸਨੇ ਚਾਰ-ਪੰਜ ਦਿਨ ਦੀ ਮਿਹਨਤ ਨਾਲ ਲਿਖਿਆ ਆਰਟੀਕਲ ਡਿਲੀਟ ਕਰ ਦਿੱਤਾ। ਉਸ ਰਾਤ ਜਦੋਂ ਮੈਂ ਆਪਣਾ ਲੈਪਟੌਪ ਖੋਲਿਆ ਤਾਂ ਦੰਗ ਰਹਿ ਗਿਆ । ਪੁੱਛਣ ਤੇ ਸੁਹਾਨੀ ਨੇ ਕੁਝ ਨਾ ਕਿਹਾ । ਬਸ ਇਕ ਟੇਢੀ ਮੁਸਕਾਨ, ਜੋ ਸਾਰਾ ਕੁਝ ਬਿਆਨ ਕਰ ਗਈ।

ਇਕ ਰਾਤ ਤਕਰੀਬਨ ਡੇਢ ਵਜੇ ਸੁਹਾਨੀ ਨੇ ਮੈਨੂੰ ਝੰਜੋੜ ਕੇ ਉਠਾਇਆ, ਤੇ ਰੋਣਹਾਕੀ ਹੋ ਗੁਰੂਦੇਵ ਸੰਤੋਸ਼ ਦੀ ਦਿਲ ਦਾ ਦੌਰਾ ਪੈਣ ਤੋਂ ਹੋਈ ਮੌਤ ਬਾਰੇ ਦੱਸਿਆ, ਤੇ ਫੇਰ ਫੁਟ ਫੁਟ ਕੇ ਰੋਣ ਲਗ ਪਈ। ਨਿਢਾਲ ਹੋ ਕੇ ਉਹ ਮੇਰੇ ਉੱਤੇ ਪਈ ਰਹੀ, ਆਪਣੇ ਸਰੀਰ ਨੂੰ ਬਿਲਕੁਲ ਢਿੱਲਾ ਛੱਡ ਜਿਵੇਂ ਚਾਹੁੰਦੀ ਹੋਵੇ ਕਿ ਉਸਦੇ ਦੁਖ ਦਾ ਸਾਰਾ ਭਾਰ ਮੈਂ ਚੁਕ ਲਵਾਂ। ਪਰ ਸਾਡੇ ਵਿਚਕਾਰੋਂ ਭਰੋਸੇ ਦੀ ਜ਼ਮੀਨ ਤਾਂ ਕਦੋਂ ਦੀ ਗਰਕ ਚੁੱਕੀ ਸੀ। ਹੁਣ ਓਥੇ ਖੱਡੇ ਸਨ, ਡੂੰਘੇ, ਦਸਾਂ ਦਸਾਂ ਨੂੰ ਨਿਗਲ ਜਾਣ ਵਾਲੇ, ਜਿਨ੍ਹਾਂ ਵਿਚੋਂ ਅਸੀਂ ਇਕ ਦੂਜੇ ਨੂੰ ਧੱਕੀ ਜਾ ਰਹੇ ਸਾਂ ।

ਉਹ ਮਹੀਨੇ ਲਈ ਆਸ਼ਰਮ ਜਾ ਕੇ ਰਹੀ। ਪ੍ਰਭੂ ਮਹਾਰਾਜ ਦੇ ਤਿੰਨੇ ਚੇਲਿਆਂ ਵਿਚਕਾਰ ਪਹਿਲੋਂ ਦਾਗ਼ ਦੇਣ, ਫੇਰ ਗੱਦੀ ਨੂੰ ਲੈ ਕੇ , ਤੇ ਮਗਰੋਂ ਧਨ-ਦੌਲਤ ਬਾਰੇ ਬਹਿਸਾ-ਬਹਿਸੀ ਹੁੰਦੀ ਰਹੀ। ਪਤਾ ਲੱਗਾ ਕਿ ਸਾਰਿਆਂ ਦੀ ਸਹਿਮਤੀ ਟਰਸਟ ਦੇ ਤਿੰਨ ਹਿੱਸੇ ਕਰ ਦੇਣ ਬਾਰੇ ਬਣੀ ਹੈ - ਇੰਦੌਰ ਦੇ ਆਸ਼ਰਮ ਦੇ ਤਿੰਨ ਹਿੱਸੇ ਹੋਣਗੇ, ਸਭ ਦੀਆਂ ਵੱਖਰੀਆਂ ਵਿਚਾਰਧਾਰਾਵਾਂ, ਵੱਖਰੇ ਭਗਤ । ਤੈਅ ਹੋਇਆ ਕਿ ਸਾਰੇ ਆਪਣੇ ਰਜਿਸਟਰ ਵਿਚ ਭਗਤਾਂ ਦੇ ਨਾਂਅ ਪਹਿਲੇ ਦਿਨ ਤੋਂ ਹੀ ਦਰਜ ਕਰ ਦੇਣਗੇ, ਤਾਂ ਜੋ ਕੋਈ ਕਿਸੇ ਦੇ ਭਗਤ ਖਿਸਕਾਣ ਦੀ ਕੋਸ਼ਿਸ਼ ਨਾ ਕਰ ਸਕੇ।

ਤੇ ਸਿਸਟਰ ਊਸ਼ਾ ਉਰਫ਼ ਸੁਹਾਨੀ? ਦੋ ਚੇਲਿਆਂ ਨੇ ਤੇ ਉਸਨੂੰ ਸਾਫ਼ ਇਨਕਾਰ ਕਰ ਦਿੱਤਾ ਤੇ ਤੀਜੇ ਨੇ ਲੰਗਰ ਦਾ ਮੁਖੀ ਥਾਪਣ ਦੀ ਪੇਸ਼ਕਸ਼ ਕੀਤੀ ਕਿਉਂਕੇ ਬਾਕੀ ਸਾਰੇ ਅਹੁਦਿਆਂ ਤੇ ਆਦਮੀ ਥਾਪੇ ਜਾ ਚੁੱਕੇ ਸਨ ।

ਜਦੋਂ ਸੁਹਾਨੀ ਨੇ ਫੋਨ ਤੇ ਦਸਿਆ ਕਿ ਉਹ ਆਖ਼ਰੀ ਵਾਰ ਇੰਦੌਰ ਜਾ ਰਹੀ ਹੈ, ਤਾਂ ਮੇਰੇ ਅੰਦਰ ਖ਼ੁਸ਼ੀ ਦੀ ਇਕ ਲਹਿਰ ਉੱਠੀ। ਜਾਪਿਆ ਕਿ ਹੁਣ ਸੁਹਾਨੀ ਇਨ੍ਹਾਂ ਸਾਰੇ ਕਰਮ-ਕਾਂਡਾਂ ਤੋਂ ਮੁਕਤ ਹੋ ਜਾਵੇਗੀ। ਇਕੇਰਾਂ ਮੁੜ ਉਹ ਅਲ੍ਹੜ ਸੁਹਾਨੀ ਬਣ ਜਾਵੇਗੀ, ਜਿਹੜੀ ਹਫ਼ਤਾ ਪਹਿਲਾਂ ਹੀ ਵੈਲੇਨਟਾਈਨ ਡੇ ਮਨਾਣ ਲਗ ਪੈਂਦੀ ਸੀ , ਜਿਸਨੂੰ ਜੇਕਰ ਬੈੱਡ ਟੀ ਉਸਦੇ ਪਸੰਦੀਦਾ ਕਾਜੂ ਬਿਸਕੁਟਾਂ ਨਾਲ ਮਿਲ ਜਾਏ ਤਾਂ ਉਸਦੀਆਂ ਵਾਛਾਂ ਖਿੜ ਜਾਂਦੀਆਂ ਸਨ, ਜੋ ਪਾਰਟੀਆਂ ਵਿਚ ਇਹੋ ਦੇਖਦੀ ਰਹਿੰਦੀ ਸੀ ਕਿ ਕਿਸੇ ਹੋਰ ਦੀਆਂ ਹੀਲਜ਼ ਉਸਦੀਆਂ ਨਾਲੋਂ ਉੱਚੀਆਂ ਤਾਂ ਨਹੀਂ।

ਪਰ ਹੋਇਆ ਬਿਲਕੁਲ ਉਲਟ - ਜਿਵੇਂ ਉਸਦਾ ਵਿਸ਼ਵਾਸ, ਜੋ ਕਿਰਚ-ਕਿਰਚ ਖਿੱਲਰ ਗਿਆ ਸੀ, ਉਸਨੇ ਦੂਣੇ ਉਤਸ਼ਾਹ ਤੇ ਤੇਜ਼ੀ ਨਾਲ ਸਮੇਟ ਲਿਆ। ਉਹ ਦਸ ਦਸ ਘੰਟੇ ਮਣਕੇ ਗਿਣਦੀ ਸਾਧਨਾ ਵਿਚ ਲੀਨ ਰਹਿੰਦੀ, ਜਿੱਥੇ ਗੁਰੂਦੇਵ ਸੰਤੋਸ਼ ਉਸਨੂੰ ਉਪਦੇਸ਼ ਦੇਂਦੇ। ਦਸਦੇ ਕਿ ਉਹ ਆਸ਼ਰਮ ਦੀ ਦੁਰਦਸ਼ਾ ਤੋਂ ਕਿੰਨੇ ਦੁਖੀ ਹਨ, ਕਿ ਉਨ੍ਹਾਂ ਨੂੰ ਕਦੇ ਜਾਪਿਆ ਹੀ ਨਹੀਂ ਸੀ ਕਿ ਉਨ੍ਹਾਂ ਦੇ ਚੇਲਿਆਂ ਵਿਚ ਇੰਜ ਫੁਟ ਪੈ ਜਾਵੇਗੀ, ਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਸੁਹਾਨੀ ਹੀ ਅਜਿਹੀ ਭਗਤ ਹੈ ਜਿਸਦੀ ਭਗਤੀ ਵਿਚ ਕੋਈ ਖੋਟ ਨਹੀਂ , ਇਸ ਲਈ ਉਹ ਸਿਰਫ਼ ਉਸਨੂੰ ਹੀ ਉਪਦੇਸ਼ ਦੇ ਰਹੇ ਹਨ।

ਆਪਣੀ ਮੌਤ ਦੇ ਬਾਅਦ ਵੀ ਆਪਣੇ ਪੰਥ ਨੂੰ ਵਧਦੇ-ਫੁੱਲਦੇ ਦੇਖਣਾ ਵੀ ਤਾਂ ਇਕ ਇੱਛਾ ਹੀ ਹੈ, ਪਰ ਦਲੀਲ ਦੀ ਸੱਟ ਰਾਹੀਂ ਸੁਹਾਨੀ ਦੀ ਸ਼ਰਧਾ ਨੂੰ ਤੋੜਨਾ ਕਦੋਂ ਸੰਭਵ ਸੀ । ਫੇਰ ਗੁਰੂਜੀ ਦਾ ਉਪਦੇਸ਼ ਹੋਇਆ - ਤੇ ਲਗਾਤਾਰ ਇਕ ਹਫ਼ਤਾ ਜਾਰੀ ਰਿਹਾ - ਕਿ ਸੁਹਾਨੀ ਨੇ ਦਿੱਲੀ ਵਿਚ ਇਕ ਛੋਟਾ ਜਿਹਾ ਆਸ਼ਰਮ ਬਣਾ ਕੇ, ਸਾਰੇ ਅਹਿਮ ਚੇਲਿਆਂ ਨੂੰ ਇਕੱਠਿਆਂ ਕਰ, ਇੰਦੌਰ ਦਾ ਆਸ਼ਰਮ ਉਨ੍ਹਾਂ ਤਿੰਨ ਬੇਈਮਾਨ, ਢੋਂਗੀ , ਮੱਕਾਰ ਚੇਲਿਆਂ ਕੋਲੋਂ ਵਾਪਸ ਲੈਣਾ ਤੇ ਗੁਰੂਦੇਵ ਸੰਤੋਸ਼ ਦੇ ਜਥੇ ਨੂੰ ਮੁੜ ਸਥਾਪਤ ਕਰਨਾ ਹੈ ।

ਉਸਨੇ ਦਿੱਲੀ ਦੇ ਆਸੇ-ਪਾਸੇ ਦੇ ਭਗਤਾਂ ਨੂੰ ਮਿਲਣਾ ਸ਼ੁਰੂ ਕੀਤਾ । ਡਾਕਟਰ ਜੋੜੀ ਕੋਲੋਂ ਉਸਨੂੰ ਬੜੀ ਆਸ ਸੀ, ਪਰ ਉਦੋਂ ਤੀਕ ਉਹ ਦੱਖਣ ਦੇ ਕਿਸੇ ਮਹਾਗੁਰੂ ਦੀਆਂ ਅਧਿਆਤਮਕ ਸ਼ਕਤੀਆਂ ਦੇ ਕਾਇਲ ਹੋ ਚੁੱਕੇ ਸਨ। ਉਨ੍ਹਾਂ ਨੂੰ ਗੁਰੂਦੇਵ ਸੰਤੋਸ਼ ਬਿਲਕੁਲ ਆਮ ਜਿਹੇ ਜਾਪਣ ਲਗ ਪਏ ਸਨ ਅਤੇ ਮਣਕੇ ਗਿਣ ਕੇ ਕੀਤੀ ਜਾਣ ਵਾਲੀ ਮੋਕਸ਼-ਕ੍ਰਿਆ ਨਿਹਾਇਤ ਬੇਵਕੂਫੀ। ਉਨ੍ਹਾਂ ਦੀ ਦਲੀਲ ਸੀ ਕਿ ਉਹ ਤਾਂ ਆਪ ਸਾਰਿਆਂ ਨੂੰ ਸੈਕੰਡ ਉਪੀਨੀਅਨ ਦੀ ਸਲਾਹ ਦੇਂਦੇ ਹਨ, ਸੋ ਇਕ ਗੁਰੂ ਉਤੇ ਅਡੋਲ ਵਿਸ਼ਵਾਸ ਕਿਵੇਂ ਟਿਕਾਇਆ ਜਾ ਸਕਦਾ ਹੈ? ਹਾਲਾਂਕਿ ਗੁਰੂਦੇਵ ਸੰਤੋਸ਼ ਦੇ ਤਿੰਨ-ਚੌਥਾਈ ਭਗਤ ਟੁੱਟ ਚੁੱਕੇ ਸਨ, ਫੇਰ ਵੀ ਸੁਹਾਨੀ ਦਾ ਲੱਕ ਨਹੀਂ ਸੀ ਟੁੱਟਿਆ ਤੇ ਉਹ ਜੀ ਜਾਨ ਨਾਲ ਉਨ੍ਹਾਂ ਮੁੱਠੀ ਭਰ ਭਗਤਾਂ ਨੂੰ ਇਕੱਠਿਆਂ ਕਰਨ ਵਿਚ ਲੱਗੀ ਰਹੀ । ਮੈਂ ਇਕ ਮੂਕ ਦਰਸ਼ਕ ਵਾਂਗ ਦੇਖਦਾ ਰਿਹਾ ਸਾਂ, ਉਸਦੀਆਂ ਬੇਤੁਕੀਆਂ ਗੱਲਾਂ ਉਤੇ ਥੋੜਾ ਬਹੁਤ ਹੱਸਦਿਆਂ, ਪਰ ਜਦੋਂ ਹਰ ਰੋਜ਼ ਜੌਇੰਟ ਅਕਾਊਂਟ ਵਿਚੋਂ ਪੈਸੇ ਨਿਕਲਣ ਲੱਗੇ , ਤਾਂ ਮੈਂ ਸੁਹਾਨੀ ਨਾਲ ਗੱਲ ਕੀਤੀ ।

"ਹਰ ਰੋਜ਼ ਜੌਇੰਟ ਅਕਾਊਂਟ ਵਿਚੋਂ ਪੈਸੇ ਕਿੱਥੇ ਜਾ ਰਹੇ ਹਨ?"

"ਤੂੰ ਕੌਣ ਹੁੰਦਾ ਏਂ ਪੁੱਛਣ ਵਾਲਾ ? ਉਨ੍ਹਾਂ ਪੈਸਿਆਂ ਤੇ ਮੇਰਾ ਵੀ ਹੱਕ ਹੈ।" ਉਸਨੇ ਤਿੜ ਕੇ ਕਿਹਾ।

"ਹੱਕ ਦੀ ਗਲ ਕਿੱਥੋਂ ਆ ਗਈ? ਵੈਸੇ ਕਮਾਈ ਤੇ ਮੇਰੀ ਹੈ ਸਾਰੀ।"

"ਤਾਂ ਹੀ ਤੇਰੇ ਕੋਲੋਂ ਸਹਿਆ ਨਹੀਂ ਜਾ ਰਿਹਾ। ਬੜਾ ਫੈਮਿਨਿਸਟ ਬਣਿਆ ਫਿਰਦਾ ਸੀ। ਹੁਣ ਕਿੱਥੇ ਗਈ ਸਿਮੋਨ ਦ ਬੋਵੂਆ ?" ਉਸਦਾ ਚਿਹਰਾ ਲੋਹਾ-ਲਾਖਾ ਹੋ ਗਿਆ ।

"ਉਹ ਸਾਡੀਆਂ ਸੇਵਿੰਗਜ਼ ਹਨ ਬਿਮਾਰੀ ਠਿਮਾਰੀ ਲਈ .. ਇਵੇਂ ਜ਼ਾਇਆ ਕਰਨ ਲਈ ਨਹੀਂ।"

ਉਸਦੇ ਕੰਨਾ ਤੇ ਜੂੰ ਨਾ ਸਰਕੀ। ਇਕ ਮਹੀਨੇ ਵਿਚ ਦਸ ਲਖ ਰੁਪਏ ਬੈਂਕ ਵਿਚੋਂ ਨਿਕਲ ਚੁੱਕੇ ਸਨ, ਜਦੋਂ ਮੈਂ ਆਪਣਾ ਮਨ ਕਰੜਾ ਕਰ ਤਲਾਕ ਦੇ ਕਾਗ਼ਜ਼ ਉਸਨੂੰ ਫੜਾ ਦਿੱਤੇ। ਖਾਣ ਦੀ ਗੋਲ ਮੇਜ਼ ਉੱਤੇ ਉਨ੍ਹਾਂ ਕਾਗ਼ਜ਼ਾਂ ਦਾ ਢੇਰ ਤੇ ਅਸੀਂ ਦੋਵੇਂ ਆਹਮੋ ਸਾਹਮਣੇ ਬੈਠੇ ਜ਼ਿੰਦਗੀ ਦੀ ਆਖ਼ਰੀ ਬਸੰਤ ਜੀ ਰਹੇ ਸਾਂ। ਸੁਹਾਨੀ ਨੇ ਓਦੋਂ ਅਜੇ ਤਲਾਕ ਲਈ ਹਾਮੀ ਨਹੀਂ ਸੀ ਭਰੀ , ਤੇ ਸਮਾਂ ਪੈਣ ਨਾਲ ਹੌਲੀ ਹੌਲੀ ਮੇਰਾ ਇਰਾਦਾ ਵੀ ਨਰਮ ਪੈ ਰਿਹਾ ਸੀ। ਜਾਪਦਾ ਸੀ ਕਿ ਟੁੱਟਣ ਦਾ ਡਰ ਸਾਨੂੰ ਇਕ ਵਾਰ ਫੇਰ ਨੇੜੇ ਲੈ ਆਏਗਾ, ਪਰ ਇਕ ਰਾਤ ਮੇਰੀ ਅਚਾਨਕ ਨੀਂਦ ਖੁੱਲ੍ਹੀ ਤਾਂ ਸੁਹਾਨੀ ਨੂੰ ਗੱਲ ਕਰਦਿਆਂ ਸੁਣਿਆ -

"ਪ੍ਰਭੂ ਮਹਾਰਾਜ ਦੇ ਹੁਕਮ ਦੀ ਪਾਲਣਾ ਕਿਵੇਂ ਕਰਾਂਗੀ?"

"ਮੈਂ ਕਿੱਥੋਂ ਲਿਆਵਾਂਗੀ ?"

"ਓਹਨੇ ਨਾ ਦਿੱਤੇ ਜੇਕਰ ?"

ਸੋਚ ਲਿਆ, ਜੁੜੇ ਰਹਿਣ ਦੀ ਵਿਓਂਤਬੱਧ ਘੁਟਣ ਨਾਲੋਂ ਟੁੱਟ ਜਾਣ ਦੀ ਸੱਟ ਬਿਹਤਰ ਹੈ ।

ਅਗਲੀ ਸਵੇਰ ਉਸਨੇ ਸ਼ਰਤ ਰੱਖੀ ਕਿ ਤਲਾਕ ਸਿਰਫ਼ ਤਾਂ ਹੀ ਮੁਮਕਿਨ ਹੈ ਜੇਕਰ ਮੈਂ ਸਾਰੀ ਜਾਇਦਾਦ ਦਾ ਤਿੰਨ ਚੌਥਾਈ ਹਿੱਸਾ ਉਸਨੂੰ ਦੇ ਦੇਵਾਂ।

------------

ਹੌਲੀ ਹੌਲੀ ਰਾਤ ਦਾ ਹਨੇਰਾ ਖੁਰਦਾ ਜਾ ਰਿਹਾ ਹੈ ।ਅਸਮਾਨ ਵਿਚ ਨੀਲੀਆਂ ਛੋਹਾਂ, ਪੰਛੀਆਂ ਦਾ ਇਕ ਚਹਿਚਹਾਂਦਾ ਝੁੰਡ, ਸੜਕਾਂ ਉੱਤੇ ਲੋਕਾਂ ਵਧ ਰਿਹਾ ਸ਼ੋਰ - ਜਿਵੇਂ ਸੁੱਤੇ ਸੰਸਾਰ ਵਿਚ ਇਕ ਵਾਰ ਫੇਰ ਕੋਈ ਜਾਨ ਪਾ ਰਿਹਾ ਹੋਵੇ ।

ਸੁਨਿਧੀ ਦਾ ਉਹੀ ਤੜਫਦਾ ਸੁਰ - ਆਰਿਅਨ ਤੈਨੂੰ ਬਾਪ ਮੰਨਣ ਲਗ ਪਿਆ ਹੈ - ਗੂੰਜ ਰਿਹਾ ਹੈ। ਮਨ ਨੂੰ ਫਰੋਲ ਕੇ ਦੇਖਾਂ ਤਾਂ ਸ਼ਾਇਦ ਮੈਂ ਵੀ ਇਹੋ ਚਾਹੁੰਦਾ ਸਾਂ ਪਰ ਪਤਾ ਨਹੀਂ ਕਿਹੜੀ ਕੰਡੀਸ਼ਨਿੰਗ ਕਾਰਨ, ਜਦੋਂ ਉਸਨੇ ਵਿਆਹ ਦਾ ਸੁਝਾਅ ਦਿੱਤਾ ਮੈਂ ਅੱਗ–ਬਬੂਲਾ ਹੋ ਗਿਆ। ਕਿਓਂ ਨਾ ਕਹਿ ਸਕਿਆ ਕਿ ਕਿਸੇ ਦੀ ਕੋਮਲ ਛੋਹ ਲਈ ਮੈਂ ਵੀ ਤਰਸ ਗਿਆ ਹਾਂ।

ਬੁਖਾਰ ਨਾਲ ਤਪਦੇ ਆਰਿਅਨ ਦੇ ਸੁਪਨੇ ਰਾਤ ਭਰ ਸਤਾਂਦੇ ਰਹੇ। ਕੰਮ 'ਤੇ ਮਨ ਉੱਖੜਿਆ ਰਿਹਾ, ਪਰ ਇਕ ਵਾਰ ਵੀ ਉਸਨੂੰ ਮਿਲਣ ਨਹੀਂ ਗਿਆ। ਸੁਨਿਧੀ ਮੇਰੇ ਲਈ ਚੱਟਾਨ ਵਾਂਗ ਖੜੀ ਰਹੀ, ਪਰ ਮੈਂ ਆਰਿਅਨ ਦੀ ਬਿਮਾਰੀ ਵੇਲੇ ਉਸ ਦਾ ਸਾਥ ਕਿਓਂ ਨਾ ਦਿੱਤਾ ? ਜੋ ਕੁਝ ਸੁਹਾਨੀ ਨੇ ਮੇਰੇ ਨਾਲ ਕੀਤਾ, ਕੀ ਮੈਂ ਵੀ ਉਹੋ ਕੁਝ ਸੁਨਿਧੀ ਨਾਲ ਨਹੀਂ ਦੋਹਰਾਇਆ ... ਉਸਨੂੰ 'ਟੇਕਨ ਫੌਰ ਗ੍ਰਾਂਟੇਡ' ਲਿਆ ਹੈ ?

ਘਰ ਪਹੁੰਚ ਗਿਆ ਹਾਂ। ਸੁਹਾਨੀ ਹੁਣ ਤਕ ਦਸਤਖ਼ਤ ਕਰ ਚੁੱਕੀ ਹੋਵੇਗੀ ...ਜਾਂ ਸ਼ਾਇਦ ਨਹੀਂ। ਮੇਰੇ ਕੋਲ ਚਾਬੀ ਹੈ, ਪਰ ਤਾਂ ਵੀ ਘੰਟੀ ਮਾਰਦਾ ਹਾਂ। ਮੈਨੂੰ ਪਤਾ ਹੈ ਕਿ ਸੁਹਾਨੀ ਸਾਧਨਾ ਵਿਚ ਲੀਨ ਹੋਵੇਗੀ ਤੇ ਦਰਵਾਜ਼ਾ ਨਹੀਂ ਖੋਲ੍ਹੇਗੀ। ਮੈਂ ਚਾਬੀ ਨਾਲ ਤਾਲਾ ਖੋਲ੍ਹਣ ਲਗਦਾ ਹਾਂ , ਜਦੋਂ ਅਚਾਨਕ ਉਸਦੀਆਂ ਪੈੜਾਂ ਦੀ ਧਮਕ ਕੰਨੀਂ ਪੈਂਦੀ ਹੈ ।

ਮੈਂ ਛਿਣ–ਭੰਗਰ ਦੀ ਖੁਸ਼ੀ ਦੇ ਉਮਾਹ ਨਾਲ ਭਰ ਜਾਂਦਾ ਹਾਂ। ਉਮੀਦ ਜਿਵੇਂ ਕੋਈ ਗਲਹਿਰੀ ਹੈ, ਜੋ ਆਪਣੇ ਪੰਜਿਆਂ ਵਿਚ ਦਬੋਚਿਆ ਬਾਗ਼ ਦਾ ਪਹਿਲਾ ਕਰੌਂਦਾ ਕੁਤਰ ਰਹੀ ਹੈ। ਉਸਨੂੰ ਦੇਖਣ ਦੇ ਅਨੰਦ ਵਿਚ ਅਸੀਂ ਅਕਸਰ ਇਹ ਕਿਓਂ ਭੁੱਲ ਜਾਂਦੇ ਹਾਂ ਕਿ ਕਿੰਨੇ ਜਤਨਾਂ ਨਾਲ ਅਸੀਂ ਏਸ ਕਰੌਂਦੇ ਨੂੰ ਉਗਾਇਆ ਸੀ।

**ਸੰਪਰਕ ਲੇਖਕ: (Kinshuk Gupta:95608-71782)**

**ਅਨੁਵਾਦਕ: 93162-02025**

ਕਹਾਣੀ

# ਬੁਰਜ ਖ਼ਲੀਫ਼ਾ

**ਸਰਬਜੀਤ ਕੌਰ ਸੋਹਲ**



ਸੰਜੂ ਨੂੰ ਵੇਖਦਿਆਂ ਹੀ ਉਸਨੂੰ ਕਲਹਿਣਾ ਜਿਹਾ ਅਹਿਸਾਸ ਹੁੰਦਾ ਸੀ। ਕੁੜੀਆਂ ਵਾਲੀ ਤਾਂ ਉਸ ਵਿੱਚ ਕੋਈ ਗੱਲ ਹੀ ਨਹੀਂ ਸੀ। ਜਿਸ ਉਮਰੇ ਕਰੂਪ ਤੋਂ ਕਰੂਪ ਕੁੜੀ ਵੀ ਕਦੀ ਕਵਾਰ ਸੁਹਣੀ ਲੱਗ ਜਾਂਦੀ ਹੈ, ਉਹ ਤਾਂ ਬੱਸ ਐਵੇਂ ਕਿਵੇਂ ਜਿਹੀ ਹੀ ਸੀ। ਉਸ ਨੂੰ ਵੇਖਕੇ ਤਾਂ ਮਨ 'ਚ ਕੋਈ ਭਾਵ, ਕੋਈ ਤਰੰਗ ਹੀ ਨਾ ਉੱਠੇ...ਕਦੀ...।

ਪਤਾ ਨਹੀਂ ਹਾਲਾਤ ਬੰਦੇ ਨੂੰ ਬਣਾਉਂਦੇ ਹਨ ਕਿ ਬੰਦਾ ਹਾਲਾਤ ਸਿਰਜਦਾ ਹੈ? ਬਸ...ਹਾਲਾਤਾਂ ਦਾ ਪਿਛਵਾੜਾ ਢੱਕਦਾ-ਢੱਕਦਾ ਉਹ ਕਿੱਥੋਂ ਕਿੱਥੇ ਪਹੁੰਚ ਜਾਂਦਾ, ਪਤਾ ਹੀ ਨਹੀਂ ਲੱਗਦਾ।

ਵਿਭਾਗ ਵਿੱਚ ਆਉਂਦੀ ਜਾਂਦੀ ਸੰਜੂ ਦਾ ਉਸ ਪ੍ਰੋਫ਼ੈਸਰ ਨੇ ਕਦੀ ਵੀ ਨੋਟਿਸ ਲਿਆ ਨਹੀਂ ਸੀ। ਮੱਧਰਾ ਕੱਦ, ਪੱਕਾ ਜਿਹਾ ਰੰਗ, ਮੋਟਾ ਨੱਕ, ਕਾਲੇ ਬੁੱਲ...ਕੁੜੀਆਂ ਵਰਗੀ ਤਾਂ ਉਹ ਕਿੱਧਰੋਂ ਵੀ ਨਹੀਂ ਸੀ ਲੱਗਦੀ। ਮੁੰਡਿਆਂ ਵਰਗੀ ਚਾਲ-ਢਾਲ, ਮੂੰਹ ਤੇ ਅਵਾਰਗੀ, ਬੇਪਰਵਾਹੀ ਲਈ ਉਹ ਕਲਾਸ 'ਚ ਆਉਂਦੀ। ਧਿਆਨ ਨਾਲ ਸੁਣਦੀ ਤੇ ਜੋ ਉਹ ਪ੍ਰੋਫ਼ੈਸਰ ਬੋਲਦਾ ਸੰਜੂ ਨਾਲੋ-ਨਾਲ ਲਿਖਦੀ ਜਾਂਦੀ। ਪਹਿਲੇ ਸਮੈਸਟਰ ਵਿੱਚੋਂ ਨੰਬਰ ਵੀ ਠੀਕ ਸਨ, ਉਸਦੇ...।

ਕੋਈ ਮੰਨ ਨਹੀਂ ਸੀ ਸਕਦਾ ਕਿ ਇਸ ਤਰ੍ਹਾਂ ਦੇ ਕੱਦ ਬੁੱਤ ਵਾਲੀ ਕੁੜੀ ਯੂਨੀਵਰਸਿਟੀ ਦੀ ਬਾਸਕਿਟਬਾਲ ਟੀਮ ਵਿੱਚ ਮੱਲਾਂ ਮਾਰ ਸਕਦੀ ਐ। ਪੜ੍ਹਾਈ ਵਿੱਚ ਤਸਲੀਨਤਾ ਅਤੇ ਖੇਡਣ ਦੀ ਸ਼ਿੱਦਤ ਕਾਰਨ ਸੰਜੂ ਸਭਨਾਂ ਦਾ ਧਿਆਨ ਖਿੱਚਣ ਵਿੱਚ ਕਾਮਯਾਬ ਹੋ ਰਹੀ ਸੀ। ਗੋਲ ਜਿਹੇ ਮੂੰਹ ਤੇ ਆਤਮ ਵਿਸ਼ਵਾਸ ਦਾ ਜਲੌਅ ਖਿੱਚਪਾਊ ਜ਼ਰੂਰ ਲੱਗਣ ਲੱਗ ਪਿਆ ਸੀ।

ਅੱਜ ਸੰਜੂ ਦੀ ਟੀਮ ਨੇ ਇੰਟਰ ਕਾਲਜ ਵਿੱਚ ਗੋਲਡ ਮੈਡਲ ਜਿੱਤਿਆ ਸੀ। ਸਾਰੇ ਵਿਭਾਗ ਵਿੱਚ ਉਸ ਦੀ ਵਾਹੋ-ਵਾਹੀ ਹੋ ਰਹੀ ਸੀ। ਸੰਜੂ ਦੀਆਂ ਨਜ਼ਰਾਂ ਵਿਚਲੇ ਕਈ ਸਵਾਲ...ਜਿਵੇਂ ਪ੍ਰੋਫ਼ੈਸਰ ਨੂੰ ਹੀ ਸੰਬੋਧਿਤ ਸਨ। ਜਿੱਤ ਦਾ ਪਰਚਮ ਉਸ ਦੇ ਬੋਲਾਂ ਵਿੱਚ ਨਹੀਂ ਸਗੋਂ ਅੱਖਾਂ ਵਿੱਚੋਂ ਅਤੇ ਸਰੀਰਕ ਭਾਸ਼ਾ ਵਿੱਚੋਂ ਵਧੇਰੇ ਪ੍ਰਗਟ ਹੋ ਰਿਹਾ ਸੀ।

ਚਾਹ ਦੀ ਤਲਬ ਜਿਹੀ ਲੱਗੀ ਤਾਂ ਕੈਨਟੀਨ ਵੱਲ ਜਾਂਦਿਆਂ ਉਸ ਪ੍ਰੋਫ਼ੈਸਰ ਦੀ ਨਜ਼ਰ ਸੰਜੂ 'ਤੇ ਪਈ। ਉਹ ਕੰਧ ਦੇ ਓਹਲੇ ਖੜ੍ਹੀ ਸਿਗਰਟ ਪੀ ਰਹੀ ਸੀ।

ਪ੍ਰੋਫ਼ੈਸਰ ਨੂੰ ਵੇਖਦਿਆਂ ਹੀ ਉਹ ਅਚਕਚਾ ਗਈ, ਕਾਹਲੀ ਨਾਲ ਸਿਗਰਟ ਨੂੰ ਪਿੱਠ ਪਿੱਛੇ ਲੁਕਾਉਂਦਿਆਂ ਨਜ਼ਰਾਂ ਨੀਵੀਆਂ ਕਰੀ ਖੜ੍ਹੀ ਰਹੀ।

"ਸ਼ਾਬਾਸ਼ੇ! ਆਹੀ ਕਸਰ ਰਹਿ ਗਈ ਸੀ। ਪੰਜਾਬੀ ਵਿਭਾਗ, ਗੁਰਮੁਖੀ ਪੜ੍ਹਨੀ ਤੇ ਪੀਣੀ ਸਿਗਰਟ...।" ਭੋਰਾ ਸੰਗ ਨਹੀਂ ਆਉਂਦੀ ਭਲਾ... ?" ਉਸ ਦੀ ਫਟਕਾਰ ਸੁਣ ਕੇ ਸੰਜੂ ਦੀ ਧੌਣ ਹੋਰ ਨੀਵੀਂ ਹੋ ਗਈ।

"ਸੌਰੀ ਸਰ, ਬਸ ਐਵੇਂ ਹੀ ਪਰੇਸ਼ਾਨ ਸਾਂ...ਕਈ ਦਿਨਾਂ ਤੋਂ...ਉਲਝਣਾਂ ਸੁਲਝ ਹੀ ਨਹੀਂ ਰਹੀਆਂ। ਬਸ, ਆਪਣੇ ਆਪ ਨਾਲ ਹੀ ਲੜਾਈ ਕਰ ਰਹੀ ਸਾਂ...।" ਸੰਜੂ ਨੇ ਜ਼ਰਾ ਜਿਹੀਆਂ ਅੱਖਾਂ ਉੱਪਰ ਕਰਦਿਆਂ

ਕਿਹਾ ਸੀ।

ਸ਼ਰਮਿੰਦਗੀ ਦਾ ਅਹਿਸਾਸ ਲਈ ਉਹ ਬਿਨਾਂ ਹਿਲੇ-ਜੁਲੇ ਓਵੇਂ ਦੀ ਓਵੇਂ ਮੂਰਤੀ ਬਣੀ ਖੜ੍ਹੀ ਸੀ।

"ਚੱਲ, ਆ ਜਾ! ਚਾਹ ਪੀਂਦੇ ਆਂ...ਇਹੋ ਜਿਹੀ ਕਿਹੜੀ ਮੁਸ਼ਕਲ ਐ ਜਿਸ ਦਾ ਹੱਲ ਨਹੀਂ ਹੁੰਦਾ?" ਕਹਿੰਦਿਆਂ ਉਹ ਕੈਨਟੀਨ ਵੱਲ ਹੋ ਤੁਰਿਆ।

ਉਵੇਂ ਦੀ ਉਵੇਂ ਹੀ, ਸੰਜੂ ਉਸ ਦੇ ਮਗਰ ਤੁਰੀ ਆਈ ਸੀ। ਕਿੰਨਾ ਕੁੱਝ ਸੀ ਸੰਜੂ ਦੇ ਚਿਹਰੇ 'ਤੇ...ਜੱਗ ਬੁੱਝ ਕਰ ਰਿਹਾ, ਉਹ ਪਹਿਲਾਂ ਕਦੀ ਕਿਉਂ ਨਹੀਂ ਵੇਖ ਸਕਿਆ, ਇਹ ਸੋਚਦਿਆਂ ਉਹ ਗੌਰ ਨਾਲ ਸੰਜੂ ਨੂੰ ਵੇਖਦਾ ਹੈ। ਅੱਜ ਉਹ ਫਿੱਟੇ ਮੂੰਹ ਵਾਲਾ ਕਲਹਿਣਾ ਜਿਹਾ ਅਹਿਸਾਸ ਨਦਾਰਦ ਸੀ, ਕਿਤੇ...।

ਭਲਾ, ਇਹ ਖੇਡਦੀ ਕਿਵੇਂ ਹੋਵੇਗੀ? ਚੁੱਪ ਗੜੁੱਪ ਜਿਹੀ ਦਿੱਸਣ ਵਾਲੀ ਸੰਜੂ, ਕਹਿੰਦੇ ਨੇ ਗਰਾਊਂਡ ਵਿੱਚ ਖੂਬ ਘੌਰੂ ਪਾਉਂਦੀ ਐ, ਨਾਲੇ ਗੇਂਦ ਦੇ ਨਾਲ-ਨਾਲ ਆਪ ਵੀ ਓਨੀ ਹੀ ਬੁੜਕਦੀ ਹੈ। ਬਾਸਕਿਟ ਪਾਉਣ ਵੇਲੇ ਵੀ ਕਿਤੇ ਹੀ ਕੋਈ ਬਾਸਕਿਟ ਛੁੱਟਦੀ ਐ।

ਐਨੇ ਸਾਲ ਹੋ ਗਏ ਪੜ੍ਹਾਉਂਦਿਆਂ। ਕਿੰਨੇ ਵਿਦਿਆਰਥੀ ਆਏ-ਗਏ, ਐਮ. ਫਿਲ ਕਰ ਗਏ, ਪੀ.ਐਚ. ਡੀਆਂ ਕਰ ਗਏ ਪਰ ਇਹ ਕੁੜੀ ਤਾਂ ਜਿਵੇਂ ਅਲੋਕਾਰ ਹੀ ਸੀ। ਜੋ ਹੈ ਉਹ ਦਿੱਸਦੀ ਨਹੀਂ ਤੇ ਜੋ ਦਿੱਸਦੀ ਹੈ ਉਹ ਹੈ ਨਹੀਂ...।

ਸੰਜੂ ਬਾਰੇ ਪਤਾ ਨਹੀਂ ਕਿਉਂ ਉਸ ਦੀਆਂ ਕਿਆਸ ਅਰਾਈਆਂ ਝੂਠੀਆਂ ਪੈ ਰਹੀਆਂ ਸਨ। ਉਸ ਨੂੰ ਹੋਰ ਜਾਨਣ ਦੀ ਇੱਛਾ ਪ੍ਰਬਲ ਹੁੰਦੀ ਜਾ ਰਹੀ ਸੀ।

"ਹਾਂ, ਦੱਸ ਬਈ...ਕੀ ਪਰੇਸ਼ਾਨੀਆਂ ਤੇਰੀਆਂ...? ਇਹ ਸਿਗਰਟ ਪੀਣੀ ਤੈਨੂੰ ਸ਼ੋਭਾ ਦਿੰਦੀ ਆ...? ਘਰਦੇ ਤੁਹਾਡੇ 'ਤੇ ਯਕੀਨ ਕਰਦੇ...ਔਖੇ ਹੋ-ਹੋ ਤੁਹਾਡੀਆਂ ਫੀਸਾਂ ਭਰਦੇ ਤੇ ਹੁਣ ਸਾਡੀਆਂ ਕੁੜੀਆਂ ਆਹ ਗ਼ੁਲ ਖਿਲਾਉਂਦੀਆਂ ਫਿਰਦੀਆਂ। ਲੱਖ ਲਾਹਨਤ ਹੈ...। ਕੋਈ ਮਾੜੀ ਮੋਟੀ ਸੰਗ ਹਯਾ ਹੈ ਕਿ ਨਹੀਂ...?" ਉਹ ਬੋਲੀ ਜਾ ਰਿਹਾ ਸੀ।

ਸੰਜੂ ਨੀਵੀਆਂ ਨਜ਼ਰਾਂ ਕਰੀ ਬੈਠੀ ਸੀ। ਜਿਵੇਂ ਉਸ ਨੂੰ ਕੋਈ ਜਵਾਬ ਨਾ ਸੁੱਝ ਰਿਹਾ ਹੋਵੇ।... ਤੇ ਜਾਂ ਫਿਰ ਜਿਵੇਂ ਉਹ ਜਵਾਬ ਦੇਣਾ ਵੀ ਜ਼ਰੂਰੀ ਨਹੀਂ ਸਮਝ ਰਹੀ ਸੀ।

"ਬੋਲ ਹੁਣ ਕੁੱਝ, ਮੂੰਹ 'ਚ ਘੁੰਙਣੀਆਂ ਪਾਈਆਂ?" ਉਹ ਕੋਸ਼ਿਸ਼ ਕਰਕੇ ਵੀ ਆਪਣੇ ਗੁੱਸੇ 'ਤੇ ਕਾਬੂ ਨਹੀਂ ਰੱਖ ਸਕਿਆ ਸੀ।

"ਜੋ ਮੈਂ ਕਹਾਂਗੀ, ਤੁਸੀਂ ਯਕੀਨ ਨਹੀਂ ਕਰਨਾ ਸਰ...। ਇਸ ਟੁੱਟ-ਪੈਣੀ ਜ਼ਿੰਦਗੀ ਨੇ ਮੈਨੂੰ ਐਹੋ-ਐਹੋ ਜਿਹੇ ਰੰਗ ਵਿਖਾ ਦਿੱਤੇ ਕਿ ਬੱਸ ਇਕ ਮੌਤ ਹੀ ਨਹੀਂ ਆਈ...। ਸਹਿਣਸ਼ੀਲਤਾ ਦੀ ਵੀ ਇਕ ਹੱਦ ਹੁੰਦੀ ਹੈ ਪਰ ਮੇਰੇ ਨਾਲ ਤਾਂ ਹੱਦੋਂ ਵੱਧ ਹੀ ਹੁੰਦੀਆਂ ਆਈਆਂ।"

ਜਿੰਨਾ ਸੰਜੂ ਦੀ ਜ਼ੁਬਾਨ ਘੱਟ ਬੋਲਦੀ ਲੱਗਦੀ ਓਨੀਆਂ ਹੀ ਉਸ ਦੀਆਂ ਅੱਖਾਂ ਵੱਧ ਬੋਲ ਰਹੀਆਂ ਸਨ। ਭਲਾ ਇਹ ਅੱਖਾਂ, ਇਹ ਚਿਹਰਾ ਉਸ ਤੋਂ ਮਿਸ ਕਿਵੇਂ ਹੋ ਗਿਆ ਸੀ। ਡਿਪਾਰਟਮੈਂਟ ਦੀਆਂ ਸਾਰੀਆਂ ਕੁੜੀਆਂ ਬਾਰੇ ਤਾਂ ਉਹ ਚੰਗੀ ਤਰ੍ਹਾਂ ਜਾਣਦਾ ਸੀ।

ਪਰ ਇਹ ਕੁੜੀ ਤਾਂ ਜਮਾਂ ਈ...ਅਲੋਕਾਰ ਸੀ। ਕਿਸੇ ਦੰਦ-ਕਥਾ ਵਰਗੀ ਤਾਂ ਬਿਲਕੁਲ ਹੀ ਨਹੀਂ...ਦੰਦ ਕਥਾ ਤਾਂ ਪੜ੍ਹਾਈ ਜਾ ਸਕਦੀ ਐ...ਇਹ ਤਾਂ ਕੋਈ ਰਹੱਸਮਈ ਕਿਰਦਾਰ ਸੀ। ਉਹ ਉਸ ਬਾਰੇ ਕਈ ਕੁੱਝ ਸੋਚ ਗਿਆ।

"ਸਰ ਤੁਸੀਂ ਉਹ ਮੁੰਡਿਆਂ ਵਾਲੀ ਬਾਸਕਿਟਬਾਲ ਟੀਮ ਵਾਲੇ ਵਨੀਤ ਨੂੰ ਜਾਣਦੇ ਓ...? ਬਸ ਓਸੇ ਨਾਲ ਈ ਪੰਗਾ ਪੈ ਗਿਆ ਹੋਇਆ। ਵੱਡਾ ਨਾਢੂ ਖਾਂ ਬਣਿਆ ਫਿਰਦਾ।" ਸੰਜੂ ਆਪਣੇ ਲੋਰ ਵਿੱਚ ਬੋਲਦੀ

ਜਾ ਰਹੀ ਸੀ।

ਅਤੀਤ ਦੀਆਂ ਯਾਦਾਂ ਵਿੱਚ ਗੁਆਚਦਿਆਂ ਉਸ ਗੱਲ ਅੱਗੇ ਤੋਰੀ, "ਮੇਰਾ ਪਿੰਡ ਓਧਰ ਸੰਗਰੂਰ ਵੰਨੀਂ ਐ...ਰੰਗ-ਰੂਪ ਦੇਣ ਵੇਲੇ ਰੱਬ ਬਹੁਤੀ ਜ਼ਿਆਦਾ ਕਿਰਸ ਕਰ ਗਿਆ। ਇਸੇ ਲਈ ਮੈਂ ਆਪਣੇ ਆਪ ਨੂੰ ਦੂਸਰਿਆਂ ਦੇ ਮੁਕਾਬਲੇ ਵੱਧ ਤ੍ਰਾਸ਼ਿਆ, ਵੱਧ ਮਿਹਨਤ ਕੀਤੀ...ਕਿ ਮੇਰੀ ਹੁਨਰਮੰਦੀ ਮੇਰੇ ਰੰਗ ਰੂਪ ਨੂੰ ਢੱਕ ਲਵੇ। ਪਰ ਇਹ ਚੰਦਰਾ, ਮੇਰਾ ਸਾਓਲਾ ਰੰਗ ਤੇ ਨਿੱਕਾ ਕੱਦ...ਮੇਰੀ ਤਰੱਕੀ ਦੇ ਆੜੇ ਆਉਂਦਾ ਹੀ ਰਹਿੰਦਾ।"

"ਭਲਾ, ਜ਼ਰੂਰੀ ਐ ਕਿ ਹਰ ਬੰਦਾ ਜਾਂ ਤੀਵੀਂ ਸੁਹੱਪਣ ਦਾ ਮੁਜੱਸਮਾ ਹੀ ਹੋਵੇ..., ਫਿਰ ਮੇਰੇ ਵਰਗੀਆਂ ਕਿੱਥੇ ਜਾਣਗੀਆਂ ?" ਸੰਜੂ ਦੀਆਂ ਅੱਖਾਂ ਵਿੱਚ ਕਈ ਸਵਾਲ ਤੈਰ ਰਹੇ ਸਨ।

ਉਸ ਦੇ ਅੰਦਾਜ਼ੇ ਤੋਂ ਕਿਤੇ ਵਧੇਰੇ ਉਹ ਦਰਦ ਦੀ ਨਦੀ ਵਾਂਗ ਕਲਵਲ-ਕਲਵਲ ਵਹਿ ਰਹੀ ਸੀ। ਉਸ ਨੂੰ ਤਾਂ ਕਦੇ ਚਿੱਤ ਚੇਤਾ ਹੀ ਨਹੀਂ ਸੀ ਆਇਆ ਕਿ ਸਾਡਾ ਸਮਾਜਕ ਰਵੱਈਆ ਕਿਵੇਂ ਅਚੇਤ ਹੀ ਤੀਰਾਂ ਵਾਂਗ ਵਿੰਨ੍ਹ ਛੱਡਦਾ...ਇਹੋ ਜਿਹੀਆਂ ਰੂਹਾਂ ਨੂੰ...। ਉਸਦੇ ਅੰਦਰ ਵਾਰ ਕਿੰਨਾ ਕੁੱਝ ਰਿੱਝ ਪੱਕ ਰਿਹਾ ਸੀ। ਇਸੇ ਲਈ ਉਸ ਨੇ ਸੰਪੂਰਨ ਸ਼ਿੱਦਤ ਨਾਲ ਸੰਜੂ ਦੇ ਦੁੱਖ ਦੇ ਅਹਿਸਾਸ ਦੀ ਥਾਹ ਪਾਉਣੀ ਚਾਹੀ ਸੀ। ਜ਼ਿੰਦਗੀ ਦੀਆਂ ਇਹੋ ਜਿਹੀਆਂ ਬੇਤਰਤੀਬੀਆਂ ਦਾ ਤਾਂ ਉਸਨੇ ਕਦੀ ਤਸੱਵੁਰ ਹੀ ਨਹੀਂ ਸੀ ਕੀਤਾ। ਕਹਿਣ ਨੂੰ ਉਹ ਆਪਣੇ ਲੈਕਚਰਾਂ ਵਿੱਚ ਲਿੰਗਕ ਅਸਮਾਨਤਾਵਾਂ ਦੀਆਂ ਉਦਾਹਰਨਾਂ ਦਿੰਦਾ...ਨਾਰੀਵਾਦ ਦਾ ਨਾਹਰਾ ਲਾਉਣ ਤੱਕ ਅੱਪੜ ਜਾਂਦਾ।

"ਉਫ ! ਸੰਜੂ ਤੂੰ ਕਿੰਨਾ ਕੁੱਝ ਸਹਿੰਦੀ ਆਈ ਐਂ...।" ਉਸ ਨੇ ਸੰਜੂ ਦੀ ਪੀੜ ਨੂੰ ਆਪਣੀ ਦਰਸਾਉਣ ਲਈ ਉਸ ਦੇ ਹੱਥ 'ਤੇ ਹੱਥ ਰੱਖਦਿਆਂ ਕਿਹਾ ਸੀ। ਸੰਜੂ ਦੀਆਂ ਅੱਖਾਂ ਵਿੱਚੋਂ ਦੋ ਅੱਥਰੂ ਵਹਿ ਕੇ ਉਸ ਦੇ ਹੱਥ ਉੱਪਰ ਆ ਡਿੱਗੇ ਸਨ। ਉਹ ਬੇਚੈਨ ਹੋ ਗਿਆ ਸੀ। ਕਿੰਨੀ ਸਹਿਜਤਾ ਨਾਲ ਉਸ ਵਰਗੇ ਸਾਰੇ ਹੀ ਸੁਹਣੀ ਕੁੜੀ, ਸੁਹਣੀ ਤੀਵੀਂ ਦੀਆਂ ਤਾਰੀਫਾਂ ਕਰਦੇ ਰਹਿੰਦੇ ਸਨ...ਪਰ ਜਿਸ ਨੂੰ ਰੱਬ ਨੇ ਰੰਗ ਰੂਪ ਉਹੋ ਜਿਹਾ ਨਾ ਦਿੱਤਾ ਹੋਵੇ, ਭਲਾ..., ਉਸ ਨਾਲ ਕੀ ਬੀਤਦੀ ਹੈ...? ਅੱਜ ਸੰਜੂ ਨੇ ਉਸ ਮਰਮ ਦਾ ਅਹਿਸਾਸ ਕਰਵਾਇਆ ਸੀ। ਉਂਝ ਕਹਿਣ ਨੂੰ ਉਹ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸੀ।

ਸੰਜੂ ਦੀ ਇਸ ਮਸੂਮੀਅਤ ਨੇ ਉਸ ਨੂੰ ਜ਼ਿੰਦਗੀ ਨੂੰ ਵੇਖਣ ਸਮਝਣ ਦਾ ਨਵਾਂ ਜਾਵੀਆ ਦਿੱਤਾ ਸੀ। ਉਸ ਦਿਨ ਤੋਂ ਬਾਅਦ ਉਹ ਸੰਜੂ ਲਈ ਵਿਸ਼ੇਸ਼ ਜਿਹਾ ਕੁੱਝ ਮਹਿਸੂਸ ਕਰਨ ਲੱਗਾ। ਤਰਸ ਤਾਂ ਨਹੀਂ ਸੀ, ਇਹ...ਕੁੱਝ ਹੋਰ ਸੀ ਇਹ ਪ੍ਰੋਫੈਸਰ ਗਿਰੀ...ਨਹੀਂ ਨਹੀਂ...ਇਹ ਮਰਮ ਸੀ...ਦਰਦ ਸੀ...ਕੁੱਝ ਸੀ ਜੋ ਸੰਜੂ ਨਾਲ ਉਸ ਨੂੰ ਜੋੜਨ ਲੱਗ ਪਿਆ ਸੀ।

ਦਰਦ ਦੀਆਂ ਪਰਤਾਂ ਤਾਂ ਉਸ ਪ੍ਰੋਫੈਸਰ ਨੂੰ ਵੀ ਡਬੋਈ ਰੱਖਦੀਆਂ ਸਨ। ਜਦੋਂ ਦੀ ਉਸ ਦੀ, ਬੀਵੀ ਉਸ ਨੂੰ ਛੱਡ ਕੇ ਤੁਰ ਗਈ ਹੋਈ ਸੀ। ਉਸ ਦੀ ਬੀਵੀ ਨੂੰ ਲੱਗਦਾ ਸੀ ਕਿ ਉਹ ਆਪਣੀਆਂ ਵਿਦਿਆਰਥਣਾਂ ਨਾਲ ਫਲਰਟ ਕਰਦਾ ਆ...। ਹੁਣ ਐਮ. ਫਿਲ, ਪੀ. ਐਚ. ਡੀ. ਕਰਨ ਵਾਲੀਆਂ ਕੁੜੀਆਂ ਨੂੰ ਸਮਾਂ ਤਾਂ ਦੇਣਾ ਹੀ ਪੈਂਦਾ ਹੈ। ਇਹ ਤਾਂ ਉਸ ਦੀਆਂ ਕਸਬੀ ਲੋੜਾਂ ਸਨ। ਇੰਨਾ ਵੀ ਨਾ ਸਮਝਦੀ ਉਹ...ਜਾਂ ਸ਼ਾਇਦ ਬੀਵੀ ਬਹਾਨਾ ਹੀ ਲੱਭਦੀ ਸੀ ਛੱਡਣ ਲਈ...। ਉਹਨੂੰ ਵੀ ਕੋਈ ਹੋਰ ਪਸੰਦ ਸੀ ਅਤੇ ਉਹ ਉਸੇ ਕੋਲ ਹੀ ਚਲੀ ਗਈ ਸੀ।

ਇਸੇ ਲਈ ਉਹ ਹਮੇਸ਼ਾ ਅਸਹਿਜ ਜਿਹਾ ਹੀ ਰਹਿੰਦਾ। ਪਰ ਆਪਣੀ ਪੀੜ ਕਦੇ ਕਿਸੇ ਅੱਗੇ ਜ਼ਾਹਰ ਨਾ ਹੋਣ ਦਿੰਦਾ...ਮਰਦ ਸੀ ਨਾ ਤੇ ਮਰਦ ਨੂੰ ਦਰਦ ਕਿੱਥੇ ਹੁੰਦਾ ਹੈ?

... ਤੇ ਫਿਰ ਉਸ ਨੇ ਆਪਣੇ ਆਪ ਨੂੰ ਸਮਝਾ ਲਿਆ...ਸਾਰਿਆਂ ਨੂੰ ਸਭ ਕੁੱਝ ਤਾਂ ਨਹੀਂ ਨਾ

ਮਿਲਦਾ। ਉਹ ਆਪਣੇ ਵਿਦਿਆਰਥੀਆਂ ਨਾਲ ਪਰਚਿਆ ਰਹਿੰਦਾ। ਦੂਰ-ਨੇੜੇ ਜਾਣ ਵੇਲੇ ਅਜੀਜ਼ ਵਿਦਿਆਰਥੀ ਉਸ ਦੇ ਨਾਲ ਹੁੰਦੇ ਸਨ। ਕਦੀ ਕਵਾਰ ਕੰਵਲ ਵੀ ਨਾਲ ਤੁਰ ਪੈਂਦੀ...ਉਹ ਵੀ ਤਾਂ ਉਸ ਕੋਲ ਪੀ.ਐਚ. ਡੀ. ਕਰ ਰਹੀ ਸੀ।

ਠੀਕ ਐ ਕਿ ਆਸੇ ਪਾਸੇ ਲੋਕ ਸਨ, ਮਿੱਤਰ ਵੀ, ਪਰ ਖ਼ਾਲੀਪਨ ਬੜਾ ਦਰਦਮਈ ਸੀ। ਭਲਾ ਉਸ ਦਾ ਕੀ ਕਸੂਰ ਸੀ ? ਚੰਗਾ ਭਲਾ ਸੀ ਉਹ, ਜੱਦੀ ਪੁਸ਼ਤੀ ਜ਼ਮੀਨ ਵੀ ਹੈਗੀ ਸੀ...ਫਿਰ ਵੀ ਉਹ ਛੱਡ ਕੇ ਤੁਰ ਗਈ।... ਮਾੜੀ ਕਿਸਮਤ ਨੂੰ...।

ਸੰਜੂ ਅਕਸਰ ਉਸ ਕੋਲ ਡਿਪਾਰਟਮੈਂਟ 'ਚ ਆ ਜਾਂਦੀ। ਸਵੇਰੇ ਸ਼ਾਮ ਗਰਾਊਂਡ ਵਿੱਚ ਪ੍ਰੈਕਟਿਸ ਕਰਦੀ...ਦਿਨੇ ਕਲਾਸਾਂ ਲਾਉਂਦੀ...।ਅੱਜਕੱਲ੍ਹ ਉਸ ਨਾਲ ਮੁੰਡਿਆਂ ਦੀ ਬਾਸਕਿਟਬਾਲ ਟੀਮ ਦਾ ਕੈਪਟਨ ਵਨੀਤ ਵੀ ਕਦੀ-ਕਦਾਰ ਦਿੱਸ ਜਾਂਦਾ।

ਵਨੀਤ ਕਹਿੰਦਾ-ਕਹਾਉਂਦਾ ਸਾਢੇ ਛੇ ਫੁੱਟ ਦਾ ਸੁਣੱਖਾ ਮੁੰਡਾ ਸੀ। ਬਾਸਕਿਟਬਾਲ ਖੇਡਣ ਕਾਰਨ ਉਹ ਜਾਣੂ ਹੋਣਗੇ। ਪ੍ਰੋਫੈਸਰ ਸੋਚ ਛੱਡਦਾ...।

ਅੱਜ ਸੰਜੂ ਖੁਸ਼ ਸੀ, ਬਹੁਤ ਖੁਸ਼... ਉਸ ਨੂੰ ਮਿਲਣ ਆਈ...ਖ਼ੁਸ਼ੀ 'ਚ ਖੀਵੀ ਹੋਈ। ਅਜੀਬ ਜਿਹੀ ਖ਼ੁਮਾਰੀ ਵਿੱਚੋਂ ਸੰਜੂ ਬੋਲ ਰਹੀ ਸੀ ? ਜਿਵੇਂ ਕੋਈ ਕਿਲਾ ਫ਼ਤਿਹ ਕਰਕੇ ਆਈ ਹੋਵੇ। ਕੋਈ ਅਲੋਕਾਰ ਘਟਨਾ ਵਾਪਰੀ ਹੋਵੇ। ਉਹ ਖੁਸ਼ ਸੀ, ਕਿਸੇ ਗੋਲਡ ਮੈਡਲ ਜਿੰਨੀ ਪ੍ਰਾਪਤੀ ਵਾਂਗ ਉਹ ਦੱਸ ਰਹੀ ਸੀ।

"ਤੁਸੀਂ ਵਨੀਤ ਨੂੰ ਜਾਣਦੇ ਓ ਨਾ, ਓਹ ਜਿਹੜਾ ਕੈਪਟਨ ਆ ਮੁੰਡਿਆਂ ਦੀ ਟੀਮ ਦਾ, ਵੱਡਾ ਬਣਿਆ ਫਿਰਦਾ ਸੀ ਨਾਢੂ ਖਾਂ...ਨੱਕ ਤੇ ਮੱਖੀ ਕਿੱਥੇ ਬਹਿਣ ਦਿੰਦਾ ਸੀ, ਪਤਾ ਨਹੀਂ ਆਪਣੇ ਆਪ ਨੂੰ ਕੀ ਸਮਝਦਾ ਸੀ। ਬੜਾ ਮਾਣ ਆ ਉਸ ਨੂੰ ਆਪਣੇ ਕੱਦ ਬੁੱਤ ਤੇ...।ਆਪਦੇ ਸੋਹਣੇ ਹੋਣ ਤੇ...ਬਾਕੀਆਂ ਨੂੰ ਤਾਂ ਉਹ ਬੰਦੇ ਹੀ ਨਹੀਂ ਸਮਝਦਾ ਸੀ।"

"ਬੱਸ ਹੱਸਿਆ ਸੀ ਉਹ ਉਸ ਦਿਨ...। ਗਰਾਊਂਡ ਵਿੱਚ ਪ੍ਰੈਕਟਿਸ ਕਰਦਿਆਂ ਉਸ ਵਿਅੰਗ ਕੀਤਾ ਸੀ... 'ਅਖੇ ਜਿਹੋ ਜਿਹੀ ਇਹ ਆਪ ਆ ਓਹੋ ਜਿਹੀ ਇਹਦੀ ਗੇਮ ਹੋਊਗੀ...।' ਤੇ ਗਰਾਊਂਡ ਵਿੱਚ ਖੜ੍ਹੇ ਸਾਰੇ ਮੁੰਡੇ ਖਿੜਖਿੜਾ ਕੇ ਹੱਸ ਪਏ ਸਨ।

ਉਹਨਾਂ ਦਾ ਉਹ ਹਾਸਾ ਮੇਰੀ ਰੂਹ ਨੂੰ ਫੱਟ ਮਾਰ ਗਿਆ ਸੀ। ਰਹਿ-ਰਹਿ ਕੇ ਮੈਨੂੰ ਕਚੀਚੀਆਂ ਆਉਂਦੀਆਂ। ਵਨੀਤ ਦੇ ਓਹ ਬੋਲ ਮੇਰੇ ਲਈ ਟਰਨਿੰਗ ਪੁਆਇੰਟ ਬਣ ਗਏ। ਜਦੋਂ ਜਦੋਂ ਮੈਂ ਅਵੇਸਲੀ ਹੁੰਦੀ, ਡਿੱਗਦੀ, ਉਹਨਾਂ ਮੁੰਡਿਆਂ ਦਾ ਹਾਸਾ ਮੈਨੂੰ ਮੁੜ ਖੜ੍ਹਾ ਕਰ ਦਿੰਦਾ। ਮੈਂ ਹੋਰ ਤਾਕਤ ਝੋਂਕ ਦਿੰਦੀ। ...ਤੇ ਬਸ ਜੋ ਸੋਚ ਲਿਆ ਸੋ ਕਰ ਲਿਆ...।" ਆਤਮ ਵਿਸ਼ਵਾਸ ਨਾਲ ਲਬਰੇਜ਼ ਸੰਜੂ ਬੋਲ ਰਹੀ ਸੀ।

"ਉਹ ਦਿਨ ਤੇ ਆਹ ਦਿਨ...। ਸਵਾਦ ਈ ਆ ਗਿਆ। ਓਸੇ ਦੀ ਠੁੱਕ ਭੰਨਣ ਲਈ ਮੈਂ ਦਿਨ ਰਾਤ ਪ੍ਰੈਕਟਿਸ ਕੀਤੀ। ਆਪਣੀ ਗੇਮ ਤੇ ਐਨਾ ਧਿਆਨ ਦਿੱਤਾ ਕਿ ਰੱਬ ਵੀ ਮੇਰੀ ਹਿੰਮਤ ਮੂਹਰੇ ਸੋਚਣ ਲੱਗ ਪਿਆ ਹੋਣਾ...।" ਆਖਦੀ ਉਹ ਆਪਣੀ ਹੀ ਗੱਲ 'ਤੇ ਹੱਸ ਪਈ।

"ਬਸ ਓਦਣ ਜਦੋਂ ਸਾਡੀ ਟੀਮ ਦੇ ਮੈਚ ਜਿੱਤਣ ਤੋਂ ਬਾਅਦ ਵਨੀਤ ਮੈਨੂੰ ਵਧਾਈ ਦੇਣ ਆਇਆ ਤਾਂ ਮੈਂ ਖੁਸ਼ੀ 'ਚ ਖੀਵੀ ਹੋਈ ਨੇ ਉਸ ਨੂੰ ਕਲਾਵੇ ਵਿੱਚ ਲੈ ਲਿਆ। ...ਤੇ ਫਿਰ ਉਹ ਸਾਰਾ ਕੁੱਝ ਹੋਇਆ। ਜਿਸ ਦੀ ਉਸ ਨੇ ਤਵੱਕੋ ਵੀ ਨਹੀਂ ਕੀਤੀ ਹੋਣੀ। ਬਸ ਮੈਂ ਉਸ ਨੂੰ ਬੋਲਣ ਜੋਗਾ ਨਹੀਂ ਛੱਡਿਆ। ਲਾਹ ਤਾ ਥੱਲੇ, ਪਾਤੇ ਮੋਛੇ, ਵੱਢ ਲਿਆ ਕੁੱਕੜ...ਐਵੇਂ ਬਹੁਤਾ ਕੁੜ-ਕੁੜ ਕਰਦਾ ਸੀ। ਹੁਣ ਕੱਸੇ ਮੇਰੇ ਤੇ ਵਿਅੰਗ, ਹੁਣ ਮਾਰੇ ਬੋਲ, ਹੁਣ ਹੱਸੇ ਮੇਰੇ ਤੇ...ਭੈਣ...।" ਤੇ ਸੰਜੂ ਨੇ ਗਾਲ੍ਹ ਮੂੰਹ ਵਿੱਚ ਘੁੱਟ ਲਈ ਸੀ।

"ਲੰਘਾ ਦਿੱਤਾ ਉਹਨੂੰ ਲੱਤ ਹੇਠੋਂ, ਹੁਣ ਬੋਲੇ ਕਿਵੇਂ ਬੋਲਦਾ, ਮੈਂ ਉਹਦੀ ਹਿੰਢ ਭੰਨਣੀਂ ਹੀ ਭੰਨਣੀ

ਸੀ।" ਉਹ ਆਪਣੇ ਲੋਰ ਵਿੱਚ ਬੋਲਦੀ ਜਾ ਰਹੀ ਸੀ।

ਇਹ ਭਲਾ ਕਿਹੋ ਜਿਹੀ ਤਰਜ਼ੇ ਜ਼ਿੰਦਗੀ ਸੀ ਕਿ ਆਪਣੇ ਪੈਰਾਂ 'ਤੇ ਆਪੇ ਕੁਹਾੜਾ ਮਾਰ ਲਵੋ, ਆਪਣੇ ਆਪ ਨੂੰ ਗੁਆ ਕੇ ਆਪਣੀ ਹੀ ਜਿੱਤ ਦਾ ਪਰਚਮ ਦੂਸਰੇ ਦੇ ਸਿਰ ਵਿੱਚ ਗੱਡਣਾ। ਹੁਣ ਉਸ ਨੂੰ ਵੀ ਲੱਗ ਰਿਹਾ ਸੀ ਕਿ ਸੰਜੂ ਦੀ ਲੋਹੜੇ ਦੀ ਤੀਖਣ ਪ੍ਰਾਪਤੀ ਵਾਲੀ ਖਾਹਿਸ਼, ਆਪਣੇ ਆਪ ਨੂੰ ਪੂਰਾ-ਸੂਰਾ ਦਰਸਾਉਣ ਵਾਲੀ ਲੋਚਾ ਤਹਿਤ, ਉਹ ਕਿਸੇ ਵੀ ਹੱਦ ਤੀਕ ਜਾ ਸਕਦੀ ਸੀ, ਕੋਈ ਵੀ ਹੱਦਬੰਦੀਆਂ ਹੁਣ ਸੰਜੂ ਦਾ ਰਾਹ ਰੋਕ ਸਕਣ...ਸਵਾਲ ਹੀ ਪੈਦਾ ਨਹੀਂ ਹੁੰਦਾ।

ਬੰਬ ਦੇ ਫੱਟਣ ਤੋਂ ਬਾਅਦ ਵਾਲੇ ਖ਼ਿਲਰੇ ਪੁਲਰੇ ਹਾਲਾਤਾਂ ਨਾਲ ਅਜੇ ਤੱਕ ਉਹ ਤਵਾਜ਼ਨ ਨਹੀਂ ਬਿਠਾ ਸਕਿਆ ਸੀ। ਸੰਜੂ ਦਾ ਦਿਲ ਕੰਬਾਊ ਰਵੱਈਆ ਉਸ ਲਈ ਅਸਲੋਂ ਅਲੋਕਾਰ ਹੀ ਤਾਂ ਸੀ। ਸੰਜੂ ਦੇ ਇਉਂ ਬਦਲਾ-ਲਊ ਰਵੱਈਏ ਕਾਰਨ ਪ੍ਰੋਫੈਸਰ ਨੂੰ ਉਸ 'ਤੇ ਤਰਸ ਵੀ ਆਇਆ ਅਤੇ ਨਾਲ ਹੀ ਡਰ ਵੀ ਲੱਗਿਆ ਕਿ ਕਿਤੇ ਇਹ ਕਦਮ ਸੰਜੂ ਨੂੰ ਬਰਬਾਦੀ ਦੀ ਕਗਾਰ 'ਤੇ ਹੀ ਨਾ ਲੈ ਜਾਵੇ।

ਵਿਰੋਧੀ ਨੂੰ ਮਲੀਆਮੇਟ ਕਰਨ ਦੀਆਂ ਚਾਰਾਜੋਈਆਂ, ਬਦਲਾ ਲਊ ਆਵੇਸ਼...'ਤੇ ਉਹ ਵੀ ਸੰਜੂ ਵਰਗੀ ਅਣਹੋਈ ਕੁੜੀ ਵਿੱਚ...ਕੋਈ ਤਸੱਵਰ ਹੀ ਨਹੀਂ ਕਰ ਸਕਦਾ ਸੀ। ਉਹ ਤਾਂ ਜਿਵੇਂ ਕੋਈ ਕਿਲਾ ਫ਼ਤਿਹ ਕਰਨ ਲਈ ਹੀ ਨਿਕਲੀ ਹੋਈ ਹੋਵੇ। ਨਿਧੱੜਕ ਯੋਧਾ, ਤਾਬੜ-ਤੋੜ, ਹੱਲਾ-ਬੋਲ...ਜਿਵੇਂ ਕੋਈ ਬਾਰੂਦ...ਹਰ ਕਿਸੇ ਨੂੰ ਰਾਖ ਕਰਨ ਵਾਲੀ ਇੱਛਾਧਾਰੀ...ਸੰਜੂ...।

'ਖ਼ਾਮੋਸ਼ੀਆਂ ਸਹਿਜੇ-ਸਹਿਜੇ ਬੋਲਦੀਆਂ ਅਤੇ ਇਉਂ ਪ੍ਰੋਫੈਸਰ ਅਤੇ ਸੰਜੂ ਦੋਵਾਂ ਦੀਆਂ ਊਣਤਾਈਆਂ ਈ, ਉਹਨਾਂ ਨੂੰ ਨੇੜੇ ਹੋਰ ਹੋਰ ਨੇੜੇ ਲਿਆ ਰਹੀਆਂ ਸਨ। ਬੇਗਾਨਗੀ ਦੇ ਇਸ ਆਲਮ ਵਿੱਚ ਖਿੱਚ ਦਾ ਕੇਂਦਰ ਸਰੀਰ ਤਾਂ ਉੱਕਾ ਹੀ ਨਹੀਂ ਸਨ...ਦਰਦ ਦੀ ਸਾਂਝ ਤਾਂ ਹੋ ਸਕਦੀ ਸੀ।' ਇਹ ਭਲਾ ਉਹ ਕੀ ਸੋਚ ਰਿਹਾ ਸੀ। ਕਦੀ ਕਦਾਈਂ ਉਹਦਾ ਜੀਅ ਕਰਦਾ ਉਹ ਸੰਜੂ ਨਾਲ ਹੋਰ ਦੁੱਖ ਫਰੋਲੇ... ਪਰ ਸੰਜੂ ਗੁੰਝਲਦਾਰ ਬੁਝਾਰਤ ਵਾਂਗ ਉਸ ਨੂੰ ਹਰ ਪਲ ਉਕਸਾਉਂਦੀ ਰਹਿੰਦੀ।

'ਇਕ ਤਰਲ ਜਿਹਾ ਅਹਿਸਾਸ ਸੀ, ਇਹ...। ਸੰਜੂ ਨੂੰ ਉਸ ਦੀਆਂ ਤੰਗੀਆਂ ਤੁਰਸ਼ੀਆਂ ਕਿੱਧਰ ਨੂੰ ਲੈ ਜਾ ਰਹੀਆਂ ਸਨ?' ਪ੍ਰੋਫੈਸਰ ਸੋਚਦਾ।

ਸੰਜੂ ਦੀ ਸੋਹਣੇ ਨਾ ਹੋਣ ਦੀ ਮਾਜ਼ੂਰੀ ਤੇ ਪ੍ਰੋਫੈਸਰ ਦੀ ਪਤਨੀ ਦਾ ਉਸ ਨੂੰ ਛੱਡ ਕੇ ਤੁਰ ਜਾਣ ਵਾਲਾ ਦਰਦੀਲਾਪਨ, ਕਿਹਾ ਗਠਜੋੜ ਸੀ ਇਹ। ਇਉਂ ਹੁਣ ਉਹ ਅਕਸਰ ਸੰਜੂ ਵੱਲ ਵਧੇਰੇ ਧਿਆਨ ਦਿੰਦਾ, ਇਕ ਅਜਾਈਂ ਜਿਹੀ ਖਿੱਚ...।

ਸੰਜੂ ਉਹ ਸਭ ਕੁੱਝ ਕਰ ਸਕਦੀ ਸੀ ਜੋ ਉਹ ਨਹੀਂ ਕਰ ਸਕਿਆ...ਉਸ ਤੋਂ ਤਾਂ ਬੀਵੀ ਨੂੰ ਭਟਕਾਉਣ ਵਾਲੇ ਤੋਂ ਬਦਲਾ ਵੀ ਨਹੀਂ ਸੀ ਲਿਆ ਜਾ ਸਕਿਆ। ਹੱਡਾ ਰੋੜੀ ਦੇ ਕੁੱਤੇ ਨੂੰ ਵੱਜੇ ਪੱਥਰ ਤੋਂ ਬਾਅਦ ਬਸ ਟਿਆਊਂ-ਟਿਆਊਂ ਹੀ ਕਰ ਸਕਿਆ ਸੀ। ਐਡਾ ਵੀ ਡਰਪੋਕ ਨਹੀਂ ਸੀ ਉਹ...ਬਸ ਸੋਚਿਆ...ਠੀਕ ਹੈ...ਜੇ ਉਸ ਦੀ ਬੀਵੀ ਦੂਸਰੇ ਮਰਦ ਨਾਲ ਖ਼ੁਸ਼ ਹੈ...।

ਇਸ ਪੀੜ ਨੇ ਹੀ ਕਿਸੇ ਦਿਨ ਉਸ ਨੂੰ ਲੈ ਬਹਿਣਾ ਸੀ। ਭਾਵੇਂ ਕੰਵਲ ਨਾਲ ਉਸ ਦੀ ਸਾਂਝ ਸਕਾਲਰ ਤੋਂ ਕਿਤੇ ਵੱਧ ਸੀ। ਕੰਵਲ ਨੇ ਵੀ ਜ਼ਿੰਦਗੀ ਵਿੱਚ ਬਥੇਰੇ ਝੱਖੜ ਝਾਗੇ ਸਨ। ਵਿਆਹ ਤੋਂ ਦੋ ਸਾਲ ਮਗਰੋਂ ਹੀ ਉਸ ਦਾ ਡਾਇਵੋਰਸ ਹੋ ਗਿਆ ਅਤੇ ਫਿਰ ਉਸ ਪੈਰ੍ਹਾਂ ਸਿਰ ਖਲੋਣ ਲਈ ਪੀ. ਐਚ. ਡੀ. ਸ਼ੁਰੂ ਕਰ ਲਈ। ਭੱਜ ਦੌੜ ਕਰਕੇ ਉਸ ਨੇ ਕੰਵਲ ਨੂੰ ਐਡਹੋਕ ਲੈਕਚਰਾਰ ਵੀ ਰਖਵਾ ਦਿੱਤਾ ਸੀ। ਇਉਂ ਕੰਵਲ ਨਾਲ ਉਸਦੀ ਨੇੜਤਾ ਆਪਸੀ ਲੋੜਾਂ ਦੀ ਪੂਰਤੀ ਕਰਕੇ ਰਜ਼ਾਮੰਦੀ ਵਾਲੀ ਬਣ ਗਈ ਸੀ।

ਪਰ ਇਹ ਸੰਜੂ...ਇਸ ਬਾਰੇ ਉਹ ਕਿਉਂ ਵੱਖਰੀ ਤਰ੍ਹਾਂ ਹੀ ਮਹਿਸੂਸ ਕਰਨ ਲੱਗ ਪਿਆ ਸੀ। ਇਹ ਕਿਹੋ

ਜਿਹੀ ਖਿੱਚ ਸੀ। ਛੋਟੇ ਕੱਦ ਕਰਕੇ ਤਾਂ ਉਹ ਜਾਣੇ ਪਰ ਉਸ ਦੀ ਸਰੀਰਕ ਬਣਤਰ ਤਾਂ ਉੱਕਾ ਹੀ ਖਿੱਚਪਾਊ ਨਹੀਂ ਸੀ। ਫਿਰ ਵੀ ਸੰਜੂ ਵਿੱਚ ਕੁੱਝ ਸੀ ਜੋ ਪ੍ਰੋਫੈਸਰ ਨੂੰ ਅਪੀਲ ਕਰ ਰਿਹਾ ਸੀ।

ਉਹ ਇੰਝ ਕਿਵੇਂ ਸੋਚ ਸਕਦਾ...? ਸ਼ਰਮਿੰਦਗੀ ਦਾ ਅਹਿਸਾਸ ਰਾਤ ਬਣਕੇ ਉਸ ਦੇ ਮਨ 'ਤੇ ਪਸਰਿਆ ਰਹਿੰਦਾ। ...ਤੇ ਇਉਂ ਉਹ ਆਪਣੇ ਆਪ ਨੂੰ ਹੀ ਲਾਹਣਤਾਂ ਪਾਉਣ ਲੱਗਦਾ। ਕਲਾਸ 'ਚ ਪੜ੍ਹਾਉਂਦਿਆਂ ਵਿਚ-ਵਿਚਾਲੇ ਨਜ਼ਰ ਸੰਜੂ ਤੇ ਅਟਕ ਜਾਂਦੀ। ਕੁੱਝ ਸੀ ਉਸ ਦੀ ਇਸ ਸੂਰਤ ਵਿੱਚ...ਕੀ ਸੀ ਭਲਾ...? ਉਸ ਤੋਂ ਫੜਿਆ ਕਿਉਂ ਨਹੀਂ ਜਾ ਰਿਹਾ ਸੀ ? 'ਹੱਦ ਹੋ ਗਈ, ਤੇਰੇ ਵਾਲੀ, ਹੁਣ ਤੇਰੀ ਏਹੋ ਜਿਹੀ ਹਾਲਤ ਹੋ ਗਈ ਆ...ਹੋਰਨਾਂ ਕੁੜੀਆਂ ਦਾ ਕਾਲ ਪੈ ਗਿਆ ਕੀ...? ਐਨੇ ਮਾੜੇ ਦਿਨ ਆ ਗਏ ਨੇ ਤੇਰੇ, ਸੰਜੂ ਦਾ ਆਪਣੀ ਮਾਜ਼ੂਰੀ ਤੇ ਜਿੱਤ ਪਾਉਣ ਵਾਲਾ ਉਹ ਅਹਿਸਾਸ, ਜ਼ਿੰਦਗੀ ਨੂੰ ਜੀਣ ਵਾਲਾ ਅੰਦਾਜ਼ ਅਤੇ ਆਪਣੇ ਹੀ ਸਮਾਂਤਰ ਆਪਣੀਆਂ ਪ੍ਰਾਪਤੀਆਂ ਨਾਲ ਸਵੈ ਨੂੰ ਸੁੰਦਰ ਜਤਾਉਣ, ਦਰਸਾਉਣ, ਮਨਵਾਉਣ ਵਾਲਾ ਰਵੱਈਆ...। ਚੁੰਬਕ ਜਿਵੇਂ ਕੋਈ ਖਿੱਚਦੀ ਹੈ ਲੋਹੇ ਨੂੰ...ਪਤਾ ਨਹੀਂ ਲੋਹਾ ਉਹ ਸੀ ਕਿ ਸੰਜੂ...? ਪ੍ਰੋਫੈਸਰ ਬੇਵੱਸ ਜਿਹਾ ਮਹਿਸੂਸ ਕਰਦਾ।

'ਕਈ ਦਿਨਾਂ ਤੋਂ ਸੰਜੂ ਗਾਇਬ ਸੀ, ਮੈਚ ਖੇਡਣ ਗਈ ਹੋਈ ਹੋਣੀ। ਬੇਚੈਨੀ ਜਿਹੀ ਵਿੱਚ ਉਹ ਉਡੀਕ ਰਿਹਾ ਸੀ। ਭਰਿਆ ਭੁਕੰਨਾ ਉਹ ਖਾਲੀ ਹੋਣਾ ਚਾਹੁੰਦਾ ਸੀ। ਜਿਸ ਦਿਨ ਦਾ ਸੰਜੂ ਨੇ ਵਨੀਤ ਬਾਰੇ ਦੱਸਿਆ, ਉਸ ਬੁਰਾ ਨਹੀਂ ਮਨਾਇਆ, ਕੁੜੀਆਂ ਨੂੰ ਇਵੇਂ ਹੀ ਹੋਣਾ ਚਾਹੀਦਾ।' ਉਹ ਮਨੋ ਮਨੀ ਉਚਾਰਦਾ।

ਸਹਿਜ ਦਿਸਣ ਦੀ ਕੋਸ਼ਿਸ਼ 'ਚ ਅਸੀਂ ਕਿੰਨਾ ਅਸਹਿਜ ਜਿਊਂਦੇ ਜਾਂਦੇ ਹਾਂ। ਕਿਉਂ ਹੈ ਭਲਾ, ਜ਼ਿੰਦਗੀ ਦੀ ਇਹੋ ਜਿਹੀ ਰਫ਼ਤਾਰ...ਨਾ ਸੱਚ ਗੁਫ਼ਤਾਰ...।

'ਮਸਲੇ ਹੀ ਮਸਲੇ, ਚੰਗੇ ਦਿੱਸਣ ਦਾ ਔਗਾ, ਲੁੱਕੀਆਂ ਹੋਈਆਂ ਖਾਹਿਸ਼ਾਂ ਦਾ ਅੰਬਾਰ...ਟੈਬੂ, ਕੁੰਠਾਵਾਂ, ਜਿਊਣ ਕਿੱਥੇ ਦਿੰਦੀਆਂ...। ਦੁਚਿੱਤੀਆਂ, ਦਵੰਦ, ਆਰ ਜਾਂ ਪਾਰ...ਸੋਚ ਹੀਣਤਾ...ਸ਼ੂਨਯ ਅਹਿਸਾਸ...ਇਹੋ-ਉਹੋ ਜਿਹੀ...ਕਿਹੋ ਜਿਹੀ ਇਹ ਜ਼ਿੰਦਗੀ...ਚੱਤੇ ਪਹਿਰ ਦੀ ਅੱਚਵੀ...। ਦਵੰਦ ਹੰਢਾਉਂਦੇ ਅਸੀਂ ਸਾਰੇ...ਆਪੋ ਆਪਣੇ ਚਿਹਰਿਆਂ ਤੇ ਭਲੇਮਾਣਸੀ ਦੇ ਮੁਖੌਟੇ ਪਾਈ...ਧਰਤ ਵਾਂਗ ਗੋਲ ਗੋਲ ਘੁੰਮਦੇ...।'

'ਜੇ ਭਲਾ ਧਰਤੀ ਗੋਲ ਹੈ ਤਾਂ ਫਿਰ ਦੇਸ਼ ਕਿਵੇਂ ਪੂਰਬੀ ਜਾਂ ਪੱਛਮੀ ਹੋਏ? ਜੇ ਭਲਾ ਸਰੀਰ ਹਨ ਤਾਂ ਲੋੜਾਂ ਵੀ ਹਨ। ਮੁਥਾਜੀ 'ਚ ਫਿਰ ਕਿਉਂ ਜੀਣਾ ਹੋਵੇ।' ਪ੍ਰੋਫੈਸਰ ਦੇ ਅੰਦਰਲਾ ਹੀ ਉਸ ਨੂੰ ਨਿਰਉੱਤਰ ਕਰਦਾ ਰਹਿੰਦਾ। ਅੱਜ ਸੰਜੂ ਬੜੀ ਖੁਸ਼-ਖੁਸ਼ ਆਈ ਸੀ। ਐਤਵਾਰ ਹੋਣ ਕਰਕੇ ਉਹ ਘਰ ਹੀ ਸੀ। ਆਪਣੀ ਜਿੱਤ ਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਜਾ ਰਹੀ ਸੀ। ਇੰਟਰ ਯੂਨੀਵਰਸਿਟੀ...ਗੋਲਡ...ਅਤੇ ਇੱਛਾ ਅਨੁਸਾਰ ਰੇਲਵੇ 'ਚ ਪੱਕੀ ਨੌਕਰੀ ਦੀ ਆਫ਼ਰ...।

ਕਾਜੂ ਬਰਫ਼ੀ ਉਸ ਦੇ ਮੂੰਹ 'ਚ ਪਾਉਂਦੀ ਸੰਜੂ ਝੱਲ-ਵਲੱਲੀ ਲੱਗ ਰਹੀ ਸੀ। ਉਸ ਦੀ ਉਧੇੜ-ਬੁਣ, ਉਸ ਦੇ ਖਦਸ਼ੇ, ਪ੍ਰੋਫੈਸਰ ਦੀ ਸਮਝ ਤੋਂ ਬਾਹਰ ਸਨ, ਸਭ...।

ਇਉਂ ਲੱਗ ਰਿਹਾ ਸੀ ਜਿਵੇਂ ਸੰਜੂ ਅੰਦਰ ਕੋਈ ਸੂਰਜ ਮੱਘ ਰਿਹਾ ਹੋਵੇ। ਅਲੌਕਾਰੀ ਲੋਅ, ਚਾਨਣ, ਰਿਸ਼ਮਾਂ, ਚੁੰਬਕੀ ਆਕਰਸ਼ਣ...।

ਸੰਜੂ ਬੋਲ ਰਹੀ ਸੀ...ਉਸਦੇ ਕੰਨਾਂ ਨੂੰ ਕੁੱਝ ਸੁਣ ਨਹੀਂ ਸੀ ਰਿਹਾ...ਉਹਦੇ ਕੰਨ ਵੇਖ ਰਹੇ ਸਨ...ਅੱਖਾਂ ਸੁਣ ਰਹੀਆਂ ਸਨ...ਸਰੀਰ ਕਿਸੇ ਤੰਦਰਾ ਵਿੱਚ ਛਲ-ਛਲ ਕਰਦਾ ਵਹਿ ਰਿਹਾ ਸੀ, ਜਿਵੇਂ...। ਭਲਾ ਇਹ ਕੀ ਗੱਲ ਹੋਈ ? ਉਹ ਇਵੇਂ ਕਿਵੇਂ ਸੋਚ ਰਿਹਾ ਸੀ। ਛੀ-ਛੀ ਉਸਦੀ ਦੋਸਤੀ ਕਮਲ ਨਾਲ ਸੀ। ਕਿੰਨਾ ਸੁੱਖਦਾਈ ਹੈ ਉਸ ਦਾ ਆਉਣਾ। ਤਨ-ਮਨ ਦੋਵੇਂ ਆਨੰਦਿਤ ਹੋ ਜਾਂਦੇ...ਜਿਵੇਂ ਸਾਰੀਆਂ ਵਿਰਲਾਂ

ਭਰੀਆਂ ਗਈਆਂ ਹੋਣ। ਤਨ ਦੀਆਂ ਲੋੜਾਂ ਦੀ ਸਮਝ ਸੀ, ਕਮਲ ਨੂੰ...।

ਸੰਜੂ ਦੇ ਸਰੀਰ ਦਾ ਅੰਗ-ਅੰਗ ਖੁਸ਼ੀ 'ਚ ਖੀਵੇਪਨ ਦਾ ਇਜ਼ਹਾਰ ਕਰ ਰਿਹਾ ਸੀ। ਸੰਜੂ ਦੇ ਅੱਖਾਂ ਦੀ ਭਾਸ਼ਾ ਪੜ੍ਹ ਲਈ ਸੀ ਸ਼ਾਇਦ...।

"ਤੁਹਾਡੇ ਕੋਲ ਪੀਣ ਲਈ ਕੁੱਝ ਹੈ, ਵਾਈਨ, ਵਿਸਕੀ, ਵੋਦਕਾ...ਕੁੱਝ ਵੀ...ਅੱਜ ਮੈਂ ਬਹੁਤ ਖੁਸ਼ ਆਂ...।"

ਲੱਗਦਾ ਸੀ ਜਿਵੇਂ ਉਸ ਬ੍ਰਹਿਮੰਡ ਹੀ ਜਿੱਤ ਲਿਆ ਹੋਵੇ। ਪ੍ਰੋਫੈਸਰ ਉਸ ਦੀ ਖੁਸ਼ੀ 'ਚ ਖੁਸ਼ ਸੀ...। ਇਕ ਲੁੱਕਵੀਂ ਜਿਹੀ ਇੱਛਾ ਦਾ ਝਾਉਲਾ ਉਹ ਲੁਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਵੇਂ...। ਸੰਜੂ ਰਸੋਈ 'ਚੋਂ ਦੋ ਗਲਾਸ ਚੁੱਕ ਲਿਆਈ ਨਾਲੇ ਪਾਣੀ ਦੀ ਬੋਤਲ...ਖਾਣ ਨੂੰ ਕੁੱਝ ਲੱਭਿਆ ਨਹੀਂ ਸੀ, ਉਸਨੂੰ...।

ਵਿਸਕੀ ਦਾ ਨੀਟ ਪੈਗ ਲਾਉਂਦਿਆਂ ਸੰਜੂ ਨੇ ਉਸ ਨੂੰ ਹੋਰ ਅਚੰਭਿਤ ਕਰ ਦਿੱਤਾ ਸੀ। ਪਹਿਲਾਂ ਸਿਗਰਟ ਤੇ ਹੁਣ ਇਹ ਨੀਟ ਵਿਸਕੀ...।

"ਇਕ ਪਟਿਆਲਾ ਪੈਗ ਪਾਇਓ, ਸਰ...।" ਕਹਿੰਦਿਆਂ ਉਹ ਬੈਡਰੂਮ ਵੱਲ ਹੋ ਤੁਰੀ। ਜਿਸ ਸ਼ਿੱਦਤ ਨਾਲ ਸੰਜੂ ਨੇ ਉਸ ਦਾ ਸਾਥ ਦਿੱਤਾ ਇਹੋ ਜਿਹੀ ਸ਼ਿੱਦਤ ਤਾਂ ਉਸਨੇ ਕਦੀ ਮਹਿਸੂਸ ਹੀ ਨਹੀਂ ਕੀਤੀ ਸੀ। ਪਤਾ ਨਹੀਂ ਇਹ ਸ਼ਰਾਬ ਦਾ ਨਸ਼ਾ ਸੀ ਜਾਂ ਫਿਰ ਸੰਜੂ ਅੰਦਰ ਪਲ ਰਹੇ ਕਿਸੇ ਵਿਸ਼ਾਦ ਦੀ ਉੱਭਲਚਿਤੀ...। ਪ੍ਰੋਫੈਸਰ ਠੰਡਾ ਠਾਰ ਹੋਇਆ ਪਿਆ ਸੀ।

ਕਿੰਨਾ ਅਲੋਕਾਰ ਸੀ ਸਭ ਕੁਝ... ਉਹ ਤਾਂ ਜਿਵੇਂ ਨਿਸ਼ਬਦ ਸੋਚਹੀਨ ਨਿਊਟਰਲ ਗੇਅਰ ਵਿਚ ਹੀ ਹੋ ਗਿਆ ਸੀ। ਬੋਲਣ ਵਾਲਾ ਜਿਵੇਂ ਕੁਝ ਰਿਹਾ ਹੀ ਨਹੀਂ ਸੀ। ਇਹ ਸਭ ਤਾਂ ਮਹਿਸੂਸ ਕਰਨ ਵਾਲਾ ਸੀ ਤੇ ਮਹਿਸੂਸੀਆਤ ਦੀ ਡੂੰਘੀ ਝੀਲ ਵਿੱਚ ਉਹ ਗਲ਼-ਗਲ਼ ਤੀਕਰ ਡੁੱਬਿਆ ਪਿਆ ਸੀ। ਹੁਣ ਭਾਵੇਂ ਉਹਦੀ ਜਾਨ ਵੀ ਚਲੀ ਜਾਵੇ, ਕੋਈ ਰੰਝ ਨਹੀਂ ਸੀ ਹੋਣ ਵਾਲਾ...।

ਬਿਨਾਂ ਲੀੜੇ ਪਾਈ ਉਹ ਦੋਵੇਂ ਅਜੇ ਵੀ ਇਕ ਦੂਜੇ ਦੇ ਸਰੀਰਾਂ ਦਾ ਨਿੱਘ ਮਾਣ ਰਹੇ ਸੀ। ਸੰਜੂ ਦੇ ਕੋਸੇ ਕੋਸੇ ਸਾਹ ਹਜੇ ਵੀ ਉਸ ਦੀ ਧੌਣ ਨੂੰ ਮੁਹੱਬਤਨਾਮਾ ਜਚਾ ਰਹੇ ਸਨ। ਸਮਾਂ ਤਾਂ ਜਿਵੇਂ ਖਲੋ ਹੀ ਗਿਆ ਸੀ। ਪਤਾ ਨਹੀਂ ਕਿੰਨਾ ਚਿਰ ਉਹ ਇਸੇ ਅਵੱਸਥਾ ਵਿੱਚ ਪਏ ਰਹੇ ਸਨ।

"ਕਿਵੇਂ, ਤੁਸੀਂ ਠੀਕ ਹੋ?" ਸੰਜੂ ਨੇ ਪਾਸਾ ਲੈਂਦਿਆਂ ਬੇਬਾਕੀ ਨਾਲ ਆਪਣੀ ਲੱਤ ਉਸ ਦੀਆਂ ਲੱਤਾਂ ਤੇ ਰੱਖਦਿਆਂ ਪੁੱਛਿਆ ਸੀ।

"ਹੂੰ... ਠੀਕ ਆਂ...।" ਮਸਾਂ ਹੀ ਪ੍ਰੋਫੈਸਰ ਤੋਂ ਜਵਾਬ ਦੇ ਹੋਇਆ ਸੀ।

"ਵੇਖ ਲਓ ਫੇਰ... ਅੱਜ ਮੈਂ ਇਕ ਹੋਰ ਮੈਡਲ ਲੈ ਲਿਆ। ਆਹ ਜਿਹੜਾ ਬਣਿਆ ਫਿਰਦਾ ਸੀ ਬੁਰਜ ਖ਼ਲੀਫ਼ਾ ਉਹ ਤਾਂ ਮੈਂ... ਅੱਜ ਢਾਹ ਲਿਆ ਜੇ...।" ਆਖਦਿਆਂ ਉਹ ਪ੍ਰੋਫੈਸਰ ਦੇ ਹਾਵ ਭਾਵ ਜਾਚਣੇ ਚਾਹੇ। ਪ੍ਰੋਫੈਸਰ ਦਾ ਮਨ... ਜਿਵੇਂ ਕਚਿਆਣ ਨਾਲ ਭਰ ਗਿਆ। ਸ਼ਰਮਿੰਦਗੀ ਦਾ ਅਹਿਸਾਸ ਉਸ ਨੂੰ ਰਸਾਤਲ ਵੱਲ ਲੈ ਤੁਰਿਆ ਸੀ।

'ਇਹ ਉਹ ਕੀ ਕਰ ਬੈਠਾ? ਸੰਜੂ ਨੇ ਉਸ ਨੂੰ ਨੀਵਾਂ ਵਿਖਾਉਣ ਲਈ ਇਹ ਸਭ ਕੀਤਾ ਸੀ? ਜੇ ਸੰਜੂ ਨੇ ਕਿਸੇ ਨੂੰ ਦੱਸ ਦਿੱਤਾ ਤਾਂ ਉਸਦਾ ਤਾਂ ਮਰਨ ਹੀ ਹੋ ਜਾਊ।'

ਸ਼ਰਮਿੰਦਗੀ ਅਤੇ ਘਬਰਾਹਟ ਕਾਰਨ ਪ੍ਰੋਫੈਸਰ ਨੂੰ ਤ੍ਰੇਲੀ ਆ ਗਈ। ਉਹ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ, ਕੱਪੜੇ ਲਈ ਬਾਥਰੂਮ ਵੱਲ ਹੋ ਤੁਰਿਆ। ... ਜਿਵੇਂ ਸੱਚੀ-ਮੁੱਚੀਂ ਅੱਜ ਬੁਰਜ ਖ਼ਲੀਫ਼ਾ ਢਹਿ ਢੇਰੀ ਹੋ ਗਿਆ ਸੀ। (**ਸੰਪਰਕ- 98151-72073**)

ਕਹਾਣੀ

# ਚਿਰਾ.ਗ

**ਸੋਮਾ ਸਬਲੋਕ**



ਇਹ ਮੇਲਾ ਤਿੰਨ ਦਿਨ ਚੱਲਣਾ ਸੀ-ਪੂਰੇ ਤਿੰਨ ਦਿਨ।

ਇਨ੍ਹਾਂ ਤਿੰਨਾਂ ਦਿਨਾਂ ਵਿੱਚ ਲੋਕਾਂ ਨੇ ਇਕੱਠੇ ਹੋਣਾ ਸੀ।

ਇੱਕ ਬਹੁਤ ਵੱਡਾ ਇਕੱਠ...

ਸਾਂਝੇ ਪੀਰ ਦੀ ਮਜਾਰ 'ਤੇ...

ਸਾਂਝਾ ਪੀਰ...?

ਹਾਂ, ਸਾਂਝਾ ਪੀਰ...ਮਜਾਰ ਬ੍ਰਾਹਮਣ ਸਭਾ ਨੇ ਜੁ ਬਣਵਾਈ ਸੀ...

ਨਾ ਪੀਰ ਸਿਆਸੀ ਸੀ

ਨਾ ਸਭਾ ਸਿਆਸੀ ਸੀ

ਆਮ ਜਨਤਾ ਦੇ ਮਨ ਵਿੱਚ ਕੋਈ ਭੇਦ ਨਹੀਂ ਹੁੰਦਾ...।

ਮੇਲੇ ਤੇ ਉਹ ਵੀ ਧਾਰਮਿਕ...ਸਭ ਬਰਾਬਰ...ਇੱਕੋ ਜਿਹੇ...ਮਸਤ...

ਮਸਤ ਤਾਂ ਹੋਣੇ ਈ ਹੋਏ...ਕਿਹੜਾ ਕੋਈ ਵੋਟਾਂ ਦਾ ਚੱਕਰ ਹੁੰਦਾ ਇੱਥੇ...।

ਪਰ, ਇਹ ਫਤਵਾ ਵੀ ਕਿਵੇਂ ਦਿੱਤਾ ਜਾ ਸਕਦਾ...ਬਈ ਵੱਡਾ ਇਕੱਠ ਹੋਣਾ ਹੀ ਸੀ ?

ਕਿਹਾ ਜਾ ਸਕਦਾ...ਕਿਉਂ ਨਹੀਂ ਕਿਹਾ ਜਾ ਸਕਦਾ...?

ਇਹ ਜਗ੍ਹਾ ਹੀ ਉਹ ਸੀ...ਜਿੱਥੇ ਬਹੁਤਿਆਂ ਤੋਂ ਵੀ ਵੱਧ ਲੋਕਾਂ ਦਾ ਵਿਸ਼ਵਾਸ ਬੱਝਦਾ...ਹਮੇਸ਼ਾ ਈ ਤਾਂ ਇਵੇਂ ਹੁੰਦਾ ਰਿਹਾ...।

ਮੈਂ ਇਵੇਂ ਹੀ ਤਾਂ ਦੇਖਦਾ ਆ ਰਿਹਾਂ...ਜਦੋਂ ਤੋਂ ਸੁਰਤ ਸੰਭਾਲੀ ਏ...ਮੇਰਾ ਬਾਪ ਵੀ ਇਸ ਗੱਲ ਦੀ ਸ਼ਾਹਦੀ ਭਰਿਆ ਕਰਦਾ ਸੀ...।ਉਹ ਦੱਸਦਾ ਹੁੰਦਾ ਸੀ...ਕੀੜੀਆਂ ਦੀ ਨਿਆਈਂ ਲੋਕ ਜਮ੍ਹਾਂ ਹੋਇਆ ਕਰਦੇ ਸਨ...ਹੁਮ ਹੁਮਾ ਕੇ ਪੁੱਜਦੇ ਸਨ...ਰੰਗ ਬਰੰਗੇ ਕੱਪੜੇ ਪਾ ਕੇ...ਸਜ-ਧਜ ਕੇ...ਕੀ ਕੁੜੀਆਂ-ਕੀ ਬੁੜ੍ਹੀਆਂ...ਕੀ ਮੁੰਡੇ-ਖੁੰਡੇ ਤੇ ਕੀ ਚਿੱਟੇ ਭਰਵੱਟਿਆਂ ਵਾਲੇ...ਅੱਖਾਂ 'ਚ ਸੁਰਮਾ...ਤੇੜ ਚਾਦਰੇ ਖੜਕਦੇ ਹੋਣੇ...ਤੁਰਦੀਆਂ ਜਾਂਦੀਆਂ ਦੇ ਨਾਲ ਪਰਾਂਦੇ ਮੱਟਕਦੇ ਹੋਣੇ...।

ਉਹ ਹਿੰਦੂ-ਹਿੰਦਵਾਣੀਆਂ ਨਹੀਂ ਸਨ ਹੁੰਦੇ

ਉਹ ਮੁਸਲਮਾਨ-ਮੁਸਲਮਾਣੀਆਂ ਵੀ ਨਹੀਂ ਹੁੰਦੇ ਸਨ

ਪੁੱਤਰਾ, ਹੁਣ ਤਾਂ ਇਹ ਧਰਮਾਂ ਦੀ ਉਹ ਵੰਡ ਸੀ...ਜਿਹੜੀ ਸਿਆਸਤ ਦਾਨਾਂ ਦੇ ਕੁੱਛੜ ਚੜ੍ਹੀ ਹੋਈ ਸੀ...ਉਨ੍ਹਾਂ ਨੇ ਇਹ ਆਪਣੇ ਮੋਢਿਆਂ 'ਤੇ ਚੁੱਕੀ ਹੋਈ...

ਉਂਜ ਉਹ ਜੱਟ...ਆ-ਧਰਮੀ...ਪੰਡੇ...ਪਰੋਤ...ਖੱਤਰੀ-ਵੈਸ਼ ਕੁੱਝ ਵੀ ਨਹੀਂ ਹੁੰਦੇ ਸਨ...

ਸਭ ਸਾਂਝੇ

ਤੂੰ ਸਾਂਝਾ...ਮੈਂ ਸਾਂਝਾ

ਧੀਆਂ ਭੈਣਾਂ ਸਾਂਝੀਆਂ

ਮੇਰਾ ਬਾਪ ਦੱਸਦਾ ਹੁੰਦਾ ਸੀ...ਉਹ ਸਾਰੇ ਮੇਲਾ ਦੇਖਣ ਆਉਂਦੇ ਹੁੰਦੇ ਸਨ...ਮੌਜ ਮਸਤੀ। ਸੁਹਣੀਆਂ ਦੁਕਾਨਾਂ...ਝੰਡੀਆਂ ਲਾ ਲਾ ਸਜਾਈਆਂ ਹੋਣੀਆਂ। ਛਾਬੜੀਆਂ ਆਲੇ ਵੀ ਭੁੰਜੇ ਨਾ ਸੀ ਬੈਠਦੇ ਹੁੰਦੇ। ਸੋਹਣੇ ਛੋਟੇ ਛੋਟੇ ਥੜ੍ਹੇ ਹੁੰਦੇ ਸੀ ਉਨ੍ਹਾਂ ਦੇ...ਲਿੱਪੇ ਪੋਚੇ ਹੋਏ। ਮੇਰਾ ਭਤੀਜ ਸੀ...ਸਾਊ...ਵੱਡੇ ਭਰਾ ਦਾ ਮੁੰਡਾ...ਚਾਚੀ ਆਪਣੀ ਕੋਲ ਆ ਜਾਇਆ ਕਰੇ ਮੇਲੇ ਦੇ ਦਿਨਾਂ ਨੂੰ...ਅਖੇ ਚਾਚੀ ਮਿੱਠੀ ਇਮਲੀ ਬਣਾ ਦੇ...ਤੇ ਚਾਚੀ ਵੀ ਉਸ ਨੂੰ ਬਣਾ ਦਿਆ ਕਰੇ ਮਿੱਠੀ ਇਮਲੀ...ਸੋਹਣਾ ਕਠਾਰਾ ਭਰ ਕੇ...। ਭੱਜਦਾ ਜਾਂਦਾ ਹੁੰਦਾ ਸੀ ਸਾਊ ਮੇਲੇ ਨੂੰ...ਮਿੱਠੀ ਇਮਲੀ ਆਲਾ ਕਠਾਰਾ ਚੁੱਕੀ...ਜ਼ਮੀਨ 'ਤੇ ਬੋਰੀ ਵਿਛਾ ਕੇ ਗੋਡਿਆਂ ਪਰਨੇ ਹੋ ਉੱਚੀ ਉੱਚੀ ਹੇਕ ਲਾਉਂਦਾ...'ਪੈਹੇ ਦਾ ਪੱਤਾ ਭਰ ਕੇ... ਗੱਡੀ ਜਾਣਾ ਚੜ੍ਹ ਕੇ'...ਸ਼ਾਮ ਤਾਈਂ ਵੱਟ ਲਿਆਂਦਾ ਹੁੰਦਾ ਸੀ ਪੰਜ ਸੱਤ।

ਲੜਦੇ ਕਿੱਥੇ ਸਨ ਉਹ ?...ਨਾਅ...ਸਵਾਲ ਹੀ ਪੈਦਾ ਨਹੀਂ ਹੁੰਦਾ ਸੀ।

ਮੇਰੇ ਬਾਪ ਦਾ ਦੇਖਿਆ ਸਮਾਂ ਹੁਣ ਵੀ ਦਿੱਸਦਾ ਏ...ਕਿਤੇ ਕਿਤੇ...ਮੇਲਿਆਂ ਦੇ ਦਿਨਾਂ 'ਚ...ਮੇਲਾ ਮੇਲੀਆਂ ਦਾ ਹੁੰਦਾ ਈ ਏ...ਹੋਵੇਗਾ ਵੀ।

ਪਰ ਤੁਸੀਂ ਪੁੱਛੋਗੇ...ਕਿਵੇਂ ਹੋਵੇਗਾ ਮੇਲਾ ਮੇਲੀਆਂ ਦਾ...? ਕੁੱਝ ਨਿਸ਼ਚਿਤ ਹੈਗਾ...?

ਹਾਂ ਭਾਈ...ਹੈਗਾ...ਮਨੁੱਖ ਤਾਂ ਮਨੁੱਖ ਈ ਆ...

ਚਾਅ...ਮਲ੍ਹਾਰ ਕਦੇ ਮਰਦੇ...?

ਸਕੂਨ ਭਾਲਦਾ ਮਨੁੱਖ

ਕੁਦਰਤ ਤੋਂ ਭੈਅ ਖਾਂਦਾ ਮਨੁੱਖ

ਭੈਅ ਤੋਂ ਮੁਕਤ ਹੋਣ ਲਈ ਕੁਦਰਤ ਦੀ ਮੂਰਤ ਘੜਦਾ ਮਨੁੱਖ

ਫੇਰ ਮੂਰਤ ਤੋਂ ਡਰ ਕੇ ਉਸਦੀ ਪੂਜਾ ਕਰਦਾ ਮਨੁੱਖ

ਉਹ ਮੂਰਤ ਉਸ ਨੂੰ ਪੱਥਰ 'ਚ ਵੀ ਨਜ਼ਰ ਆ ਜਾਂਦੀ ਹੈਗੀ...ਕਾਗ਼ਜ਼ 'ਤੇ ਵੀ ਦਿਸਦੀ ਹੈਗੀ...ਡਰਦਾ ਡਰਦਾ ਉਹ ਹਰ ਉਸ ਥਾਂ 'ਤੇ ਪਹੁੰਚ ਜਾਂਦਾ ਏ ਜਿੱਥੋਂ ਉਸ ਨੂੰ ਇਸ ਡਰ ਤੋਂ ਮੁਕਤੀ ਮਿਲਦੀ ਏ...ਮਨ ਦੀ ਮੌਜ ਆ ਨਾ ਭਾਈ...ਜਿੱਥੋਂ ਹਾਸਲ ਹੁੰਦੀ ਹੋਵੇ...ਉਸ ਨੂੰ ਅਹਿਸਾਸ ਹੁੰਦਾ ਹੋਵੇ ਕਿ ਉਹ ਇੱਕ ਬੁੱਕਲ ਅੰਦਰ ਸੁਰੱਖਿਅਤ ਏ...ਫ਼ੇਰ

ਇਹ ਬੁੱਕਲ ਧਰਮ ਦੀ ਹੋਵੇ

ਇਹ ਬੁੱਕਲ ਮੂਰਤੀ-ਕੈਲੰਡਰ ਦੀ ਹੋਵੇ

ਇਹ ਬੁੱਕਲ ਮਹਿਬੂਬ ਦੀ ਹੋਵੇ

ਬਸ, ਬੁੱਕਲ ਬੁੱਕਲ ਹੀ ਹੁੰਦੀ ਏ...

ਤੇ ਜਾਂ ਫੇਰ ਇਹ ਬੁੱਕਲ ਸਿਆਸਤ ਦੀ ਹੀ ਕਿਉਂ ਨਾ ਹੋਵੇ।

ਬੁੱਕਲ ਤਾਂ ਬੁੱਕਲ ਹੀ ਹੈ ਮਿੱਤਰਾ...ਜਦੋਂ ਤੱਕ ਇਸ ਬੁੱਕਲ ਦਾ ਨਿੱਘ ਮਿਲਦਾ ਰਹਿਣਾ...ਉਦੋਂ ਤੱਕ ਇਹ ਇਕੱਠ ਹੁੰਦੇ ਹੀ ਰਹਿਣੇ।

× × ×

ਮੇਲੇ ਵਿਚ ਉਹਦੀ ਚਿਰਾਗ਼ਾਂ ਦੇ ਨੇੜੇ ਡਿਊਟੀ ਲੱਗੀ ਹੋਈ ਸੀ। ਮਜਾਰ ਤੇ ਲੋਕ ਚਿਰਾਗ਼ ਹੀ ਤਾਂ ਬਾਲਦੇ ਹਨ...ਸ਼ਰਧਾ ਨਾਲ...ਗੱਲ ਜਗ੍ਹਾ ਦੀ ਨਹੀਂ ਹੁੰਦੀ, ਗੱਲ ਭੀੜ ਦੀ ਵੀ ਨਹੀਂ ਹੁੰਦੀ-ਗੱਲ ਤਾਕਤ ਦੀ ਹੁੰਦੀ ਏ...ਹੁਣ ਇਹ ਤਾਕਤ ਦਾ ਰਾਮ-ਰੌਲਾ ਕਿੱਥੋਂ ਆ ਗਿਆ ?...ਰਾਮ-ਰੌਲਾ ਕੀ ?...ਤਾਕਤ ਤਾਂ



ਤਾਕਤ ਏ...ਮੰਨੇ ਜਾਣ ਵਾਲੇ ਦੀ ਹੋਈ ਜਾਂ ਮਨਵਾਉਣ ਵਾਲੇ ਦੀ ਹੋਈ...ਮੰਨਣ ਵਾਲੇ ਦੀ ਤਾਕਤ ਕਿੱਥੇ...? ਇਹੋ ਤਾਂ ਇਸ ਜਗ੍ਹਾ ਦਾ ਸੀ...ਜਿਸ ਨੂੰ ਲੋਕੀਂ ਮੰਨਦੇ ਸਨ...ਡਾਹਡਿਆਂ ਨੇ ਉਸ ਥਾਂ ਤੋਂ ਲੋਕਾਂ ਨੂੰ ਦੂਰ ਕਰ ਦਿੱਤਾ ਸੀ। ਲੋਕ ਮਜਾਰ ’ਤੇ ਚਿਰਾਗ਼ ਬਾਲ ਕੇ ਰੱਖ ਜਾਂਦੇ...ਤੇ ਖੇਤ ਕੁ ਦੀ ਵਿੱਥ ’ਤੇ ਜਾ ਕੇ ਮੇਲੇ ਵਿਚ ਸ਼ਾਮਲ ਹੋ ਜਾਂਦੇ। ਸਦੀਆਂ ਤੋਂ ਇਵੇਂ ਹੀ ਚਲਦਾ ਆ ਰਿਹਾ...।

ਇਸ ਵਰ੍ਹੇ ਉਹ ’ਕੱਲਾ ਈ ਸੇਵਾ ’ਤੇ ਸੀ।24 ਵਰ੍ਹਿਆਂ ਦਾ ਹੁਸੈਨ।ਲੋਕੀਂ ਚਿਰਾਗ਼ ਲਈ ਇੱਕ ਦੂਜੇ ਤੋਂ ਪਹਿਲਾਂ ਅੱਗੇ ਲੰਘ ਕੇ ਮਜਾਰ ਤੇ ਨਿਵਣ ਦੀ ਕਾਹਲ ਵਿੱਚ ਸਨ। ਕੋਈ ਬਜ਼ੁਰਗ ਹੈ ਜਾਂ ਬੱਚਾ ਹੈ ਜਾਂ ਫੇਰ ਬੱਚੇ ਵਾਲੀ ਹੈ– ਇਸ ਦਾ ਕੋਈ ਖ਼ਿਆਲ ਨਹੀਂ ਸੀ ਕਰ ਰਿਹਾ।ਹੁਸੈਨ ਆਪਣੀ ਵਿਉਂਤ ਮੁਤਾਬਕ ਬੱਚਿਆਂ ਵਾਲੀਆਂ ਨੂੰ ਅੱਗੇ ਲਿਆ ਰਿਹਾ ਸੀ।ਉਸ ਤੋਂ ਬਾਅਦ ਬਜ਼ੁਰਗਣੀਆਂ ਬਜ਼ੁਰਗ ਤੇ ਫੇਰ ਸਮੂਹ ਨੱਢੇ– ਨੱਢੀਆਂ।

ਵਾ–ਵਰੋਲਾ ਜਿਹਾ ਆਇਆ।ਅਫਰਾ–ਤਫਰੀ ਦਾ ਮਾਹੌਲ ਇੱਕ ਦਮ ਬਣ ਗਿਆ।ਕੁੱਝ ਸਮਝ ਈ ਨਾ ਲੱਗੇ ਬਈ ਹੋਇਆ ਕੀ ਏ...ਬਸ, ਡਾਂਗਾਂ ਸੋਟੀਆਂ... ਘਸੁੰਨ ਚਪੇੜਾਂ...ਕੋਈ ਕਹੇ...ਜ਼ੋਰੂ ਦਾ ਤਮਾਸ਼ਾ ਤੇ ਕੋਈ ਦੂਜਾ ਕਹੇ...ਨਾਂਅ...ਇੱਦਾਂ ਨਹੀਂ...ਇਹ ਤਾਂ ਕੋਈ...? ਬੰਦੇ–ਤੀਵੀਆਂ ਮਿੰਟਾਂ–ਸਕਿੰਟਾਂ ਵਿੱਚ ਈ ਸਿਰੋਂ ਨੰਗੇ ਤੇ ਪੈਰੋਂ ਵ੍ਹਾਣੇ ਹੋ ਗਏ...ਕੁੱਛੜ ਵੀ ਖ਼ਾਲੀ ਹੁੰਦੇ ਦਿਸਣ ਲੱਗੇ ਤੇ ਪਰਾਂਦਿਆਂ ਦੀ ਮੱਟਕ ਵੀ ਜਾਂਦੀ ਲੱਗੀ।ਮਜਾਰ ਦੇ ਨਾਲ ਦਾ ਖੇਤ ਛੱਡ ਕੇ ਉਸ ਤੋਂ ਅਗਲੇ ਖੇਤ ਵਿਚ ਚੰਡੋਲਾਂ ਦੇ ਬੰਨੇ ਠਾਂਅ–ਠਾਂਅ ਹੋਈ ਤਾਂ ਕੱਵਾਲ ਵੀ ਉਸਤਤ ਕਰਨਾ ਭੁੱਲ ਗਏ, ਉਨ੍ਹਾਂ ਦੇ ਰਾਗ ਠੱਪ ਹੋ ਗਏ।

× × ×

ਦੂਜੇ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ ਸਨ–ਪਿੰਡ ਚੱਕੋ ਚੱਕ ਦੇ ਮੇਲਾ ਬਾਬਾ ਲਾਲ ਲਾਲਾਂ ਵਾਲੇ ’ਚ ਮਚੀ ਨੱਠ–ਭੱਜ...ਮਜਾਰ ਤੇ ਨਿਵ ਰਹਿਆਂ ਤੇ ਵੀ ਚੱਲੀ ਗੋਲੀ... ਲਗਭਗ ਪੰਜ ਸੌ ਮਾਰੇ ਗਏ ਤੇ ਕੁਝ ਇੰਨਿਆਂ ਕੁ ਦਾ ਪਤਾ ਨਹੀਂ ਲੱਗ ਰਿਹਾ।

× × ×

ਇਨ੍ਹਾਂ ਸਾਰਿਆਂ ’ਚ ਨਜਾਮ–ਮਲਕ ਦਾ ਪੁੱਤਰ ਵੀ ਸੀ–ਹੁਸੈਨ ਮਜਾਰ ਤੇ ਸੇਵਾ ਨਿਭਾਅ ਰਿਹਾ। ਬਾਬੇ ਨਿਸ਼ਾਨ ਦਾ ਪੋਤਰਾ ਬੇਅੰਤ ਵੀ ਕਤਾਰ ਵਿੱਚ ਖੜ੍ਹਾ ਬੜੀ ਸ਼ਰਧਾ ਤੇ ਸ਼ਿੱਦਤ ਨਾਲ ਮਜਾਰ ਤੱਕ ਪਹੁੰਚਣ ਲਈ ਆਪਣੀ ਵਾਰੀ ਦੀ ਉਡੀਕ ਵਿੱਚ ਸੀ। ਜਿਵੇਂ ਬਾਕੀਆਂ ਨੂੰ ਆਪਣੇ ਆਉਣ ਵੇਲੇ ਸਮੇਂ ਦਾ ਪਤਾ ਨਹੀਂ ਸੀ...ਹੁਸੈਨ ਤੇ ਬੇਅੰਤ ਵੀ ਬੇਖ਼ਬਰ ਸਨ ਆਪਣੇ ਨਾਲ ਵਾਪਰਨ ਵਾਲੇ ਹਾਦਸੇ ਬਾਰੇ।...ਇੱਕ

ਪੈਰ ਚੁੱਕੋ ਤੇ ਦੂਜੇ ਦਾ ਭਰੋਸਾ ਨਈਂ...ਸ਼ੈਤਾਨ ਅੱਗੇ ਮਨੁੱਖ ਦੀ ਛੇਵੀਂ ਇੰਦਰੀ ਦੀ ਕੀ ਬਿਸਾਤ...ਹੁਸੈਨ ਅਤੇ ਬੇਅੰਤ ਅਣਿਆਈ ਮੌਤ ਮਾਰੇ ਗਏ...ਪਤਾ ਨਹੀਂ ਕੀਹਦੀ ਕਿਹੋ ਜਿਹੀ ਸਿਆਸਤ ਉਨ੍ਹਾਂ ਨੂੰ ਨਿਗਲ ਗਈ।

ਪਤਾ ਨਈਂ ਇਹ ਕੁਦਰਤ ਦੀ ਸਿਆਸਤ ਸੀ।

ਕਿ...ਕੁਰਸੀ ਦੀ ਸਿਆਸਤ ਸੀ।

ਪੋਤਰੇ ਬੇਅੰਤ ਦੀ ਲਾਸ਼ ਉਸਦੇ ਸਾਹਮਣੇ ਸੀ-ਸੱਜੀ ਬਾਂਹ ਤੋਂ ਬਿਨਾਂ ਵਾਲੀ ਲਾਸ਼। ਸੱਜੇ ਹੱਥ ਵਿੱਚ ਹੀ ਤਾਂ ਉਸ ਚਿਰਾਗ਼ ਫੜਿਆ ਹੋਇਆ ਸੀ। ਇਸੇ ਹੱਥ ਵਿੱਚ ਉਸ ਬੱਤੀਆਂ ਤੇ ਸਰ੍ਹੋਂ ਦੇ ਤੇਲ ਦੀ ਸ਼ੀਸ਼ੀ ਫੜੀ ਹੋਈ ਸੀ। ਡਾਢੇ ਦਾ ਸੱਤੀਂ ਵੀਹੀਂ ਸੌ... ਪਤਾ ਨਈਂ ਕੀਹਨੇ ਉਸ ਤੋਂ ਸੌ ਦਾ ਹਿਸਾਬ ਲਿਆ ਹੋਵੇਗਾ...ਖੱਬੇ ਪਾਸੇ ਦੇ ਕੰਨ ਵਿੱਚ ਪਾਈ ਸੋਨੇ ਦੀ ਨੰਤੀ ਦੀ ਚਮਕ ਫਿੱਕੀ ਪੈ ਗਈ ਸੀ...ਦਾਦੇ ਨਿਸ਼ਾਨ ਨੇ ਬੜੇ ਚਾਅ ਨਾਲ ਉਸ ਨੂੰ ਘੜਾਅ ਕੇ ਦਿੱਤੀ ਸੀ ਨੰਤੀ। ਨਿਸ਼ਾਨ ਨੇ ਨੰਤੀ ਤਾਂ ਆਪਣੇ ਜਵਾਨ ਪੁੱਤ ਹਰਬੰਸ ਦੇ ਵੀ ਪਾਈ ਸੀ...ਉਹਦਾ ਵਿਸ਼ਵਾਸ ਸੀ ਸੋਨਾ ਪਾਉਣ ਨਾਲ ਮਨੁੱਖ ਦੀ ਉਮਰ ਵੱਧਦੀ ਹੈ।

ਹਰਬੰਸ ਭੈਣ ਨੂੰ ਸੰਧਾਰਾ ਦੇਣ ਚੱਲਾ ਸੀ। ਉਸਦੀ ਬੱਸ ਸ਼ਹਿਰੋਂ ਬਾਹਰ ਹਾਲੇ ਨਿਕਲੀ ਹੀ ਸੀ ਕਿ ਮੁੱਖ ਸੜਕ 'ਤੇ ਬਣੇ ਹੰਪ ਕਾਰਨ ਡਰਾਈਵਰ ਨੇ ਉਸਦੀ ਸਪੀਡ ਹੌਲੀ ਕਰ ਲਈ ਸੀ। ਅੱਖ ਦੇ ਫੌਰੇ ਵਿੱਚ ਹੀ ਹਾਲਾ-ਲਾਲਾ ਮੱਚ ਗਈ। ਕੋਈ ਸਮਝ ਨਾ ਪਈ। ਉਸੇ ਬੱਸ ਵਿੱਚੋਂ ਦੋ ਜਣੇ ਪਿਛਲੀ ਬਾਰੀ ਵਿੱਚੋਂ ਅਤੇ ਦੋ ਜਣੇ ਅਗਲੀ ਬਾਰੀ ਵਿੱਚੋਂ ਅੱਗ ਦੇ ਲਾਂਬੂ ਵਾਂਗ ਉਤਰੇ ਅਤੇ ਫਟਾਫਟ ਮੋਢੇ ਤੇ ਧਰੇ ਪਰਨਿਆਂ ਨਾਲ ਮੁੰਡਾਸਾ ਮਾਰ ਲਿਆ। ਸਿਰ ਉਨ੍ਹਾਂ ਪਹਿਲਾਂ ਹੀ ਲਪੇਟੇ ਹੋਏ ਸਨ। ਇਸ ਤੋਂ ਕੁੱਝ ਵੀ ਨਹੀਂ ਪਛਾਣ ਹੁੰਦਾ ਸੀ ਕਿ ਉਹ ਕਿਸ ਕੌਮ ਦੇ ਸਨ, ਕਿਸ ਧਰਮ ਦੇ ਸਨ...ਉਨ੍ਹਾਂ ਦਾ ਕਿਹੜਾ ਰੱਬ ਸੀ। ਬਸ ਤੋਂ ਹੇਠਾਂ ਉਤਰ ਕੇ ਉਨ੍ਹਾਂ ਇਕੱਠੇ ਹੀ ਲਲਕਾਰਾ ਮਾਰਿਆ ਸੀ-

'ਸਾਰੇ ਰੋਡੇ ਹੇਠਾਂ ਆ ਜਾਓ ਉਏ...ਭੈਣ...'

ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਬੱਸ ਦਾ ਇੱਕ ਅਗਲਾ ਤੇ ਇੱਕ ਪਿਛਲਾ ਟਾਇਰ ਗੋਲੀਆਂ ਨਾਲ ਵਿੰਨ੍ਹ ਦਿੱਤੇ। ਬੱਸ ਅੰਦਰ ਇੱਕੋ ਸਾਹੇ ਚੀਕਾਂ ਵੱਜਣ ਲੱਗੀਆਂ...ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ...ਇਹ ਕੀ ਭਾਣਾ ਵਰਤ ਗਿਆ...? ਬਸ ਅੰਦਰ ਦੋ-ਚਾਰ ਜਨਾਨਾ ਸਵਾਰੀਆਂ ਤੇ ਤਿੰਨ ਚਾਰ ਹਲਕੀ ਉਮਰ ਦੇ ਬੱਚੇ ਸਹਿਮ ਦੇ ਰੌਂਅ ਵਿੱਚ ਸੀਟਾਂ ਹੇਠ ਵੜਨ ਦੀ ਕੋਸ਼ਿਸ਼ ਕਰਨ ਲੱਗੇ।

ਉਨ੍ਹਾਂ ਦੇ ਦੋ-ਤਿੰਨ ਵਾਰ ਲਲਕਾਰੇ ਮਾਰਨ ਤੇ ਵੀ ਕੋਈ ਹੇਠਾਂ ਨਾ ਉਤਰਿਆ...ਮੂਹਰਲੇ ਪਾਸੇ ਉਤਰੇ ਦੋ ਜਣਿਆਂ ਵਿੱਚੋਂ ਇੱਕ ਵਾਹੋਦਾਹੀ ਅੰਦਰ ਆ ਵੜਿਆ ਤੇ ਉਸ ਚੁਣ-ਚੁਣ ਕੇ ਬੰਦੇ ਹੇਠਾਂ ਉਤਾਰਨੇ ਸ਼ੁਰੂ ਕਰ ਦਿੱਤੇ...ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਉਹ ਇਵੇਂ ਬਕ ਰਹੇ ਸਨ ਜਿਵੇਂ ਉਹ ਕਿਸੇ ਮਾਂ ਦੇ ਪੇਟੋਂ ਨਾ ਜੰਮੇ ਹੋਣ...ਜਿਵੇਂ ਉਹ ਸਾਨ੍ਹਾਂ ਦੀ ਔਲਾਦ ਹੋਣ। ਦੇਖਦਿਆਂ ਹੀ ਦੇਖਦਿਆਂ ਚੌਦਾਂ ਰੋਡੇ ਕਤਾਰ ਵਿਚ ਖੜ੍ਹੇ ਕਰ ਦਿੱਤੇ। ਹਰਬੰਸ ਦੇ ਅੰਦਰ ਭੈਅ ਦੀਆਂ ਤੈਹਾਂ ਨੇ ਇਉਂ ਸਿਰ ਚੁੱਕਿਆ ਕਿ ਉਸ ਦੀਆਂ ਅੱਖਾਂ ਸਾਹਮਣੇ ਆਪ ਬਾਪ ਨਿਸ਼ਾਨ ਵੱਲੋਂ ਅੱਖਾਂ ਭਰ ਭਰ ਬਿਆਨ ਕੀਤੀਆਂ ਅਣਹੋਈਆਂ ਇੱਕ ਇੱਕ ਕਰ ਕੇ ਰੀਲ ਵਾਂਗੂੰ ਘੁੰਮ ਗਈਆਂ...ਨਿਸ਼ਾਨ ਅਕਸਰ ਹੀ ਉਹ ਵਾਕਿਆਤ ਛੋਹ ਲੈਂਦਾ...ਬੰਸਿਆ...ਇਉਂ ਥੋੜਾ ਸੀ ਉੱਥੇ ਸਾਡੇ ਘਰਾਂ 'ਚ...ਨਿਸ਼ਾਨ ਹੋਇਆ ਕਿ ਅਹਿਮਦ ਹੋਇਆ...ਛੇ-ਸੱਤ ਘਰ ਹੁੰਦੇ ਸੀ ਪੂਰੇ ਮੁਹੱਲੇ ਵਿੱਚ...ਸਭਨਾਂ ਨੂੰ ਇੱਕ-ਦੂਜੇ ਦੇ ਚੁੱਲ੍ਹੇ ਦਾ ਪਤਾ ਹੁੰਦਾ ਸੀ...ਮੂੜ੍ਹੇ-ਦਰੀਆਂ ਦੀ ਕੋਈ ਵੰਡ ਥੋੜਾ ਸੀ ਪਾਈ ਹੋਈ ਕਿਸੇ ਨੇ...ਤੇਰੀ ਮਾਂ ਨੂੰ ਨਿਆਣੇ ਐਨੇ ਚੰਗੇ ਲੱਗਦੇ ਸਨ ਕਿ ਪੂਰੇ ਮੁਹੱਲੇਦਾਰਾਂ ਦਿਆਂ ਨੂੰ ਨਹਾਉਣਾ-ਧਵਾਉਣਾ ਕਰ ਦਿੰਦੀ ਸੀ...ਸਾਗ ਦੀ ਤੌੜੀ ਇੱਕ ਚੁੱਲ੍ਹੇ 'ਤੇ ਹੀ ਚੜ੍ਹਦੀ...ਜੇ ਕੜਾਹ ਖੀਰ ਪੱਕਦੇ ਤਾਂ ਉਹ ਵੀ ਕਿਸੇ

ਇੱਕ ਚੁੱਲ੍ਹੇ ’ਤੇ...ਨਾ ਕੋਈ ਦਵਾਲੀ ਦਾ ਝੇੜਾ ਤੇ ਨਾ ਈਦ ਦਾ...ਹੋਲੀ ਵੀ ਸਾਂਝੀ...ਲੋਹੜੀ ਵੀ ਸਾਂਝੀ...ਬੱਸ ਡੰਗ ਈ ਲਿਆ ਲੋਕਾਂ ਦੀਆਂ ਖੁਸ਼ੀਆਂ ਨੂੰ ਚੰਦਰਿਆਂ ਦੀ ਨਿਮਾਣੀ ਜਿਹੀ ਭੁੱਖ ਨੇ...ਲਾਲਚ ਕਦੇ ਰੱਜਣ ਈ ਨਹੀਂ ਦਿੰਦਾ ਲੋਭੀਆਂ ਨੂੰ...ਉੱਧਰੋਂ ਉੱਜੜ ਕੇ ਆਇਆਂ ਨੂੰ ਇੱਧਰ ਆ ਕੇ ਵੀ ਨਹੀਂ ਟਿਕਾਅ...ਹੁਣ ਰੋਡਿਆਂ ਤੇ ਕੇਸਧਾਰੀਆਂ ਦਾ ਝੇੜਾ ਛੇੜੀ ਬੈਠੇ ਨੇ...ਇਨ੍ਹਾਂ ਦਾ ਰਾਮ ਸਾਂਝਾ...ਸਤਿਗੁਰ ਸਾਂਝਾ...ਸਮਝ ਨ੍ਹੀਂ ਲੱਗਦੀ...ਤਰੇੜ ਕਿਹੜੀ ਆ ?...ਕੀ ਚਾਹੁੰਦੇ ਨੇ ਇਹ...? ਆਪੋ ਵਿੱਚ ਰਿਸ਼ਤੇਦਾਰੀਆਂ...ਗੁਰਦਵਾਰੇ ਜਾਂਦਿਆਂ ਦੀ ਧੀ ਸਨਾਤਨੀਆਂ ਦੇ ਘਰ ਵਸਦੀ ਆ...ਤੇ ਸਨਾਤਨੀਆਂ ਦੀ ਧੀ ਸਰਦਾਰਾਂ ਦੇ ਘਰ ਦੀ ਸ਼ਾਨ ਬਣਦੀ ਆ...ਬੰਸਿਆ...ਤੇਰੀ ਮਾਂ...ਨੰਦ ਕੁਰ...ਤੂੰ ਆਪੇ ਸਮਝ...ਇਹ ਤਾਂ ਬਸ ਕੰਜਰ ਦਿਆਂ ਦੀ ਚੌਧਰ ਦੀ ਭੁੱਖ...ਸੱਤਾ ਦਾ ਲਾਲਚ ਘਾਣ ਕਰੀ ਜਾਂਦਾ ਅਸਾਂ ਲੋਕਾਂ ਦਾ...।

ਹਰਬੰਸ ਦੇ ਮੂਹਰੇ ਬਾਪੂ ਨਿਸ਼ਾਨ ਦੇ ਸ਼ਬਦ ਸੱਚ ਹੋਣ ਜਾ ਰਹੇ ਸਨ...ਉਸ ਦੀਆਂ ਅੱਖਾਂ ਮੂਹਰੇ ਰੀਲ ਘੁੰਮ ਗਈ...

ਬੇਅੰਤ–ਪਿਉ ਮੋਇਆ

ਹਰਦੇਈ–ਸਿਰੋਂ ਨੰਗੀ

ਨਿਸ਼ਾਨ–ਸੱਜੀ ਬਾਂਹ ਭੱਜਾ

ਗੋਲੀ ਨੇ ਉਸਦੀ ਛਾਤੀ ’ਤੇ ਵੀ ਦਸਤਕ ਦੇ ਦਿੱਤੀ ਤੇ ਉਹ ਵੀ ਢੇਰੀ ਹੋ ਗਿਆ... ਕਿਸੇ ਰਾਜ ਦੀ ਸਥਾਪਨਾ ਲਈ ਪਾਏ ਜਾ ਰਹੇ ਬੀਮ ਦਾ ਸਰੀਆ ਬਣਨ ਲਈ...।

× × ×

ਨਜ਼ਾਮ ਮਲਕ ਲੋਥਾਂ ਫਰੋਲ ਰਿਹਾ ਸੀ।

ਨਿਸ਼ਾਨ ਵੀ ਡੱਕਰੇ ਡੱਕਰੇ ਹੋਈਆਂ ਲਾਸ਼ਾਂ ’ਚੋਂ ਬੇਅੰਤ ਨੂੰ ਲੱਭ ਰਿਹਾ ਸੀ।

ਓ ਸਾਈਆਂ...ਕੀ ਵਿਗਾੜ ਦਿੱਤਾ ਸੀ ਉਏ ਬੇਅੰਤ ਨੇ...ਮੇਰੇ ਲਾਲ ਦੇ ਲਾਲ ਨੇ... ਮੇਰੀ ਬੁੱਢੇ ਦੀ ਡੰਗੋਰੀ ਨੇ...ਉਏ...ਤੇਰੇ ਦਰਬਾਰ ਤੇ ਵੀ ਕੁਰਸੀਆਂ ਦੀ ਵੰਡ ਦਾ ਜਸ਼ਨ ਮਨਾ ਹੋ ਗਿਆ...ਉਏ ਸ਼ਾਂਤੀ ਪਾਠ ਕਰਨ ਵਾਲਿਓ...ਕਦੋਂ ਤੁਹਾਡੇ ਸ਼ਾਂਤੀ ਪਾਠਾਂ ਨੂੰ ਬੂਰ ਪੈਣਗੇ...? ਜਦੋਂ ਸਾਡੇ ਘਰ ਤਬਾਹ ਹੋ ਜਾਣਗੇ...? ਓ ਕੰਜਰ ਦਿਉ...ਭਾਣੇ ਵਰਤ ਚੁੱਕਣ ਤੋਂ ਬਾਅਦ ਹੀ ਤੁਹਾਨੂੰ ਸ਼ਾਂਤੀ ਪਾਠ ਯਾਦ ਆਉਂਦੇ...ਕਿੱਦਾਂ ਦੇ ਦਲਾਸੇ ਦਿੰਦੇ ਹੋ ਉਏ ਤੁਸੀਂ...।

ਲੋਥਾਂ ਦਾ ਢੇਰ ਹੋ ਚੁੱਕੀ ਭੀੜ ’ਚੋਂ ਬੇਅੰਤ ਦਾ ਖੁਰਾ–ਖੋਜ ਨਹੀਂ ਲੱਭਾ। ਨਜਾਮ ਮਲਕ ਦਾ ਪੁੱਤਰ ਹੁਸੈਨ ਵੀ ਮਜਾਰ ’ਤੇ ਡਿਊਟੀ ਦਿੰਦਾ ਦਿੰਦਾ ਨਾਮਾਲੂਮ ਕਿੱਥੇ ਡਿਊਟੀ ਦੇਣ ਚਲਾ ਗਿਆ।

ਦੋ ਦਿਨਾਂ ਵਿਚ ਹੀ ਚੀਥੜੇ ਉੱਡੀਆਂ ਅਣਪਛਾਤੀਆਂ ਦੇਹਾਂ ਉੱਥੇ ਨਹੀਂ ਸਨ। ਉਸ ਪਾਸੇ ਰਹਿੰਦੇ ਲੋਕਾਂ ਨੇ ਦੱਸਿਆ ਸੀ...ਪੁਲਿਸ ਗੱਡੀਆਂ ਭਰ ਕੇ ਲੈ ਗਈ ਸੀ...ਮਾਸ ਦੀਆਂ...ਵੱਢੀਆਂ ਟੁੱਕੀਆਂ ਲੋਥਾਂ ਦੀਆਂ...ਲਹੂ–ਲੁਹਾਨ ਹੋਏ ਸਰੀਰਾਂ ਦੀਆਂ...ਮਜਾਰ ਦਾ ਚੌਗਿਰਦਾ ਸਾਫ ਸੀ...ਮੇਲੇ ਵਾਲੇ ਮੈਦਾਨ ਵਿੱਚ ਵੀ ਕੁੱਝ ਵਾਪਰਿਆ ਨਹੀਂ ਦਿਸ ਰਿਹਾ ਸੀ।

ਸਿਰਫ਼ ਨਜਾਮ ਮਲਕ ਦੇ ਘਰ ਕੁੱਝ ਹੋਇਆ ਸੀ...

ਨਿਸ਼ਾਨ ਦਾ ਵਿਹੜਾ ਸੁੰਨਾ ਹੋਇਆ ਸੀ...

ਦਸ ਮੀਲ ਦੂਰ ਵਗਦਾ ਦਰਿਆ ਭਰ ਗਿਆ ਸੀ...ਖੁਸ਼ ਹੋ ਰਿਹਾ ਸੀ ਲਾਸ਼ਾਂ ਨਾਲ ਆਪਣਾ ਢਿੱਡ ਭਰ ਕੇ...ਸ਼ਾਇਦ ਦੁਆਵਾਂ ਵੀ ਦੇ ਰਿਹਾ ਹੋਵੇ ਆਪਣੀ ਖ਼ੈਰ ਖਵਾਹ ਪੁਲਿਸ ਨੂੰ...।

ਅਖ਼ਬਾਰਾਂ ਨੇ ਦੱਸ ਪਾਈ ਸੀ ਸ਼ਾਇਦ ਹਜ਼ਾਰ ਕੁ ਲੋਕ ਇਸ ਮੇਲੇ ਵਿੱਚ ਮਾਰੇ ਗਏ ਸਨ...ਕੁੱਝ ਜ਼ਖ਼ਮੀ

ਹੋਏ ਹਸਪਤਾਲਾਂ ਵਿੱਚ ਇਲਾਜ ਲਈ ਪੁੱਜ ਗਏ ਸਨ। ਵਿਸਫੋਟ ਦਾ ਕਾਰਨ ਹਿੰਦੂ-ਮੁਸਲਿਮ ਬੇਇਤਫਾਕੀ ਲਿਖੀ ਗਈ।

ਨਜਾਮ ਮਲਕ ਅਖ਼ਬਾਰ ਪੜ੍ਹ ਰਿਹਾ ਸੀ...ਤੇ ਸੋਚ ਰਿਹਾ ਸੀ...ਬੇਇਤਫਾਕੀ ਮਜਾਰ 'ਤੇ ਚਿਰਾਗ਼ ਬਾਲਣ ਗਏ ਲੋਕਾਂ ਵਿੱਚ ਕਿਵੇਂ ਹੋ ਸਕਦੀ ਏ...ਪੀਰ ਬਾਬਾ ਤਾਂ ਸਾਰਿਆਂ ਦਾ ਸਾਂਝਾ...ਸਾਰੇ ਈ ਤਾਂ ਰਲ਼ ਮਿਲ ਕੇ ਉੱਥੇ ਆਏ ਸਨ...ਗਮਗੀਨ ਹੋਏ ਨੇ ਆਪ-ਮੁਹਾਰੇ ਇਹ ਵੀ ਦੁਹਰਾਇਆ ਸੀ...ਵੈਸੇ ਤਾਂ ਇਹ ਮਜਾਰ ਬਣਾਈ ਵੀ ਇੱਕ ਪੰਡਤ ਨੇ ਦੱਸੀ ਜਾਂਦੀ...ਆਮ ਲੋਕ ਵੱਢ-ਟੁੱਕ...ਗੋਲੀ ਬਾਰੀ...ਬੰਬ ਬਾਜੀ ਇਵੇਂ ਨਹੀਂ ਕਰ ਸਕਦੇ...ਮਾਜਰਾ ਕੁਝ ਹੋਰ ਹੀ ਏ...।

ਬਾਰ ਬਾਰ ਦੰਦਲ ਪੈਣ ਕਾਰਨ ਦੁਖੀ ਹੋਈ ਆਪਣੀ ਬੇਗਮ ਨੂੰ ਵੀ ਦਲਾਸੇ ਦੇ ਰਿਹਾ ਸੀ ਤੇ ਹਾਲਾਤ ਤੇ ਵਿਚਾਰ ਵੀ ਕਰ ਰਿਹਾ ਸੀ।

× × ×

ਜਵਾਨ ਨਜਾਮ ਮਲਕ ਇਸ ਵੇਲੇ ਸੱਤਰਾਂ ਨੂੰ ਢੁੱਕ ਰਿਹਾ ਸੀ...ਉਹ ਪਿਛਲੇ ਪੱਚੀ ਵਰ੍ਹਿਆਂ ਤੋਂ ਇਹ ਕੰਮ ਕਰ ਰਿਹਾ ਸੀ...ਪਰ ਇਹ ਉਸਦਾ ਪੇਸ਼ਾ ਨਹੀਂ ਸੀ। ਉਸਦਾ ਪੇਸ਼ਾ ਸਬਜ਼ੀ ਦੀ ਰੇਹੜੀ ਲਾਉਣਾ ਸੀ...ਸਵੇਰੇ ਸਵੇਰੇ ਮੰਡੀ 'ਚੋਂ ਮਾਲ ਲੈ ਕੇ ਉਹ ਆਪਣੇ ਇਲਾਕੇ ਵਿੱਚ ਹੋਕਾ ਦਿੰਦਾ...ਉਸਦੇ ਪੱਕੇ ਗ੍ਰਾਹਕ ਸਨ...ਕੋਈ ਹੋਰ ਵੀ ਕਿਉਂ ਨਾ ਲੰਘੇ ਉੱਧਰੋਂ ਹੋਕਾ ਦਿੰਦਾ ਹੋਇਆ...ਪਰ ਉਸ ਮੁਹੱਲੇ ਵਾਲਿਆਂ ਨੇ ਨਜਾਮ ਮਲਕ ਤੋਂ ਹੀ ਸਬਜ਼ੀ ਲੈਣੀ ਹੁੰਦੀ...ਉਧਾਰ-ਸੁਧਾਰ ਵੀ ਉਹ ਕਰ ਲੈਂਦਾ ਸੀ...ਪਰ ਕੋਈ ਵੀ ਉਸਦਾ ਵਿਸ਼ਵਾਸ ਨਹੀਂ ਤੋੜਦੀ ਸੀ...ਤੋਲ ਦਾ ਬੜਾ ਇਮਾਨਦਾਰ ਸੀ ਨਾ ਉਹ...ਕੰਡੀ ਮਾਰਨ ਨੂੰ ਉਹ ਹਰਾਮ ਕਹਿੰਦਾ ਸੀ...ਉਹਦੀਆਂ ਖਰੀਦਦਾਰਾਂ ਨੂੰ ਵੀ ਪਤਾ ਸੀ...ਨਜਾਮ ਮਲਕ ਦਾ ਕੋਈ ਬਹੁਤਾ ਟੱਬਰ ਨਹੀਂ...ਬਸ ਇੱਕ ਪੁੱਤਰ ਤੇ ਦੋਹਾਂ ਨੂੰ ਪਕਾ ਦੇ ਖਵਾਉਣ ਵਾਲੀ ਉਸਦੀ ਬੇਗਮ...।

ਕਈ ਵਾਰ ਉਹ ਸਬਜ਼ੀ ਖਰੀਦਦੀਆਂ ਬੀਬੀਆਂ-ਭੈਣਾਂ ਨੂੰ ਉਸ ਮੰਜ਼ਰ ਬਾਰੇ ਦੱਸਣ ਲੱਗ ਜਾਂਦਾ...ਉਹਨੂੰ ਪਤਾ ਈ ਨਹੀਂ...ਉਸਦਾ ਪੁੱਤਰ ਕਿੱਥੇ ਦਫ਼ਨ ਕੀਤਾ ਗਿਆ...ਉਹ ਉਸਦੀ ਲੋਥ ਦੇਖ ਹੀ ਨਹੀਂ ਸਕਿਆ ਸੀ...ਉਸ ਖੂਨੀ ਹਨ੍ਹੇਰੀ ਦੇ ਝੁੱਲਣ ਤੋਂ ਹਫ਼ਤੇ ਕੁ ਬਾਅਦ ਪੁਲਿਸ ਕੁੱਝ ਕੱਪੜੇ ਲਿਆਈ ਸੀ ਉਸ ਨੂੰ ਦੇਣ ਲਈ...ਪਰ ਇਹ ਉਸ ਦੇ ਪੁੱਤਰ ਦੇ ਕੱਪੜੇ ਨਹੀਂ ਸਨ।

ਇੱਕ ਦਿਨ ਉਸ ਆਪਣੇ ਚੇਤਿਆਂ 'ਚੋਂ ਇੱਕ ਘਟਨਾ ਦਾ ਖੁਲਾਸਾ ਕੀਤਾ...ਮੈਂ ਤੇ ਬੇਗਮ ਕਿੱਧਰੇ ਜਾ ਰਹੇ ਸਾਂ...ਬਸ ਦਰਿਆ ਦੇ ਪੁਲ 'ਤੇ ਹਜੇ ਚੜ੍ਹੀ ਹੀ ਸੀ...ਕਿ ਕੀ ਵੇਖਦੇ ਆਂ...ਇੱਕ ਪੁਲਸ ਮੁਲਾਜਮ ਦਰਿਆ ਵਿੱਚ ਕੋਈ ਲੋਥ ਸੁੱਟ ਰਿਹਾ ਸੀ...ਚਿੱਟੇ ਕੱਪੜੇ ਵਿੱਚ ਲਪੇਟੀ ਹੋਈ...ਤਿੰਨ ਜਗ੍ਹਾ ਤੋਂ ਬੰਨ੍ਹੀ ਹੋਈ...ਪਹਿਲਾਂ ਤਾਂ ਮੈਨੂੰ ਯਕੀਨ ਹੀ ਨਾ ਆਵੇ ਬਈ ਦਿਨ ਦੀਵੀਂ ਇਹ ਕਿਵੇਂ ਹੋ ਸਕਦਾ...ਪਰ ਸੋਚਿਆ...ਸਰਕਾਰੇ ਦਰਬਾਰੇ ਅਣਹੋਣੀਆਂ ਹੋਣੀਆਂ ਹੀ ਹੋ ਕੇ ਢੁੱਕ ਰਹੀਆਂ ਨੇ...ਤੇ ਫੇਰ ਇਹ ਤਾਂ ਕੋਈ ਵੱਡੀ ਗੱਲ ਨਈਂ...ਉਹ ਕਿਉਂ ਲੁਕ ਕੇ ਕਰਨਗੇ ਇਹੋ ਜੇ ਕੰਮ...ਵਰਤਾਰਾ ਸਮਝਦਿਆਂ ਯਕੀਨ ਹੋ ਹੀ ਗਿਆ ਸੀ ਮੈਨੂੰ ਆਪਣੀਆਂ ਅੱਖਾਂ 'ਤੇ...ਮੈਂ ਆਪਣੇ ਵਿਚਾਰ ਦੀ ਹਾਮੀ ਆਪ ਹੀ ਭਰ ਦਿੱਤੀ ਸੀ...ਮੇਰੇ ਲੂੰ-ਕੰਢੇ ਖੜੇ ਹੋ ਗਏ...ਮੇਰਾ ਹੁਸੈਨ ਵੀ ਦਰਿਆ ਵਿੱਚ ਸੁੱਟ ਦਿੱਤਾ ਹੋਣਾ...ਹੋਰ ਵੀ ਪਤਾ ਨਈਂ ਕਿੰਨੇ ਕੁ ਹੁਸੈਨ ਜਲ ਦੇਵਤਾ ਨੂੰ ਸੌਂਪ ਦਿੱਤੇ ਹੋਣ ਇਨ੍ਹਾਂ...ਮੇਰਾ ਵਿਸ਼ਵਾਸ ਪੱਕਾ ਹੋ ਗਿਆ...ਮੇਰੇ ਹੁਸੈਨ ਨੂੰ ਮਿੱਟੀ ਨਹੀਂ ਮਿਲੀ...ਹੋਰਨਾਂ ਵਾਂਗ ਉਹ ਵੀ ਜਲ ਦੇਵਤਾ ਦੀ ਭੇਟਾ ਚਾੜ੍ਹ ਦਿੱਤਾ ਗਿਆ ਹੋਣਾ...!

ਉਸ ਦਿਨ ਤੋਂ ਹੀ ਮੈਂ ਤਹੱਈਆ ਕਰ ਲਿਆ ਸੀ...ਅਣਪਛਾਤੀਆਂ ਤੇ ਲਾਵਾਰਿਸ ਮ੍ਰਿਤਕ ਦੇਹਾਂ ਦਾ ਵਾਲੀ-ਵਾਰਸ ਬਣਾਂਗਾ...ਮੈਂ ਉਨ੍ਹਾਂ ਦਾ ਦਾਹ ਸੰਸਕਾਰ ਕਰਾਂਗਾ...ਮੈਂ ਉਨ੍ਹਾਂ ਨੂੰ ਮਿੱਟੀ ਦਿਆਂਗਾ...।

× × ×

ਇਹ ਫੈਸਲਾ ਕੋਈ ਐਵੀਂ ਨਹੀਂ ਸੀ ਲੈ ਹੋ ਗਿਆ। ਇਹ ਜਿਸ ਤਨ ਲੱਗੇ ਸੋਈ ਤਨ ਜਾਣੇ ਦਾ ਉਬਾਲ ਸੀ...ਲਗਾਤਾਰ ਉਬਲਦਾ ਹੋਇਆ...ਕਦੇ ਮੱਠਾ ਨਾ ਪੈਂਦਾ ਹੋਇਆ...। ਇਹ ਉਬਾਲ ਅੱਗ ਵਿੱਚ ਵੀ ਤਾਂ ਨਹੀਂ ਸੀ ਪੈ ਰਿਹਾ...ਬਸ ਉਬਲਦਾ ਹੀ ਜਾ ਰਿਹਾ ਸੀ...ਕੜਾਹੇ ਅੰਦਰ ਉਬਲਦੇ ਤੇਲ ਵਾਂਗ...ਗੁਰੂਆਂ-ਪੀਰਾਂ...ਦੇਵੀ ਦੇਵਤਿਆਂ ਦੀ ਇਸ ਧਰਤ ’ਤੇ ਲਾਸ਼ਾਂ ਦੇ ਢੇਰ ਕੋਈ ਇੱਕ ਦਿਨ ਲੱਗ ਕੇ ਬੱਸ ਥੋੜੀ ਹੋ ਜਾਂਦੀ ਏ...ਅੱਜ ਕੱਲ੍ਹ ਤਾਂ ਹਰ ਘਰ ਮਿੱਟੋ-ਮਿੱਟੀ ਸੱਥਰ ਵਿੱਛ ਜਾਂਦੇ ਨੇ...ਘਰ ਮੁਸਲਮਾਨ ਦਾ ਹੋਵੇ...ਜਾਂ ਘਰ ਹਿੰਦੂ ਦਾ ਹੋਵੇ...ਮਨੁੱਖ ਦੇ ਅੰਦਰ ਇੱਕ ਵਿਅਕਤੀਗਤ ਦੁਸ਼ਮਣ... ਵਿਅਕਤੀ ਦੇ ਚੁਫੇਰੇ ਬਾਹਰਲੇ ਦੁਸ਼ਮਣ...ਸੋਚਦਾ ਸੋਚਦਾ ਨਜਾਮ ਮਲਕ ਆਪਮੁਹਾਰੇ ਪਿਆਜ ਦੇ ਛਿੱਲੜ ਉਧੇੜਦਾ ਰਹਿੰਦਾ...। ਕਦੇ ਉਹ ਸੋਚਦਾ ਕਾਮ ਅਤੇ ਕ੍ਰੋਧ ਇੱਕਜੁੱਟ... ਲੋਭ ਦੂਜੀ ਧਿਰ...ਇਸ ਲੋਭ ਨੇ ਘਰ ਪੱਟ ਕੇ ਰੱਖ ਦਿੱਤੇ...ਹਰ ਵਕਤ ਦੀ ਹਫੜਾ-ਦਫੜੀ... ਅੱਗੇ ਤੋਂ ਅੱਗੇ ਭੱਜਣ ਦੀ ਹੋੜ...ਪਤਾ ਵੀ ਹੈਗਾ...ਨਾਲ ਕੁੱਝ ਨਈਂ ਜਾਣਾ...ਫੇਰ ਵੀ ਘਰ ਭਰਨਾ...ਤਿਜੋਰੀਆਂ ਭਰਨੀਆਂ...ਸਭ ਤੋਂ ਮਾੜੀ ਭੁੱਖ ਸਰਦਾਰੀ ਦੀ...ਸੱਤਾ ਦੀ...।ਹੁਸੈਨ ਦੇ ਟੁਰ ਜਾਣ ਕਾਰਨ ਨਜਾਮ ਮਲਕ ਉਦਰੇਵੇਂ ਭਰੀ ਸਿਆਣਪ ਦੀ ਗੁਥਲੀ ਬਣ ਗਿਆ ਸੀ।

ਬੀਬੀ ਤਾਹਿਰਾ ਨੂੰ ਕਦ ਚੈਨ ਪਿਆ ਸੀ...ਉਦੋਂ ਦਾ ਹੀ ਜਦੋਂ ਦਾ ਉਸਦਾ ਸਰਵਣ ਪੁੱਤਰ ਹੁਸੈਨ ਅੱਖੋਂ ਉਹਲੇ ਹੋਇਆ...ਸਦਾ ਲਈ...ਉਸ ਦੀ ਛਾਤੀ ਦਾ ਉਬਾਲ ਥੰਮਿਆ ਨਹੀਂ ਸੀ ਥੰਮਦਾ...ਇਹ ਉਬਾਲ ਉਸਦੇ ਸਿਰ ਨੂੰ ਐਸਾ ਚੜ੍ਹਿਆ ਕਿ ਹੁਣ ਤੱਕ ਉਸ ਨੂੰ ਪੱਥਰ ਦੀ ਸਿੱਲ੍ਹ ਹੀ ਬਣਾ ਕੇ ਧਰ ਛੱਡਿਆ। ਇਸ ਸਦਮੇ ਤੋਂ ਬਾਹਰ ਆ ਪਾਉਣਾ ਉਸ ਲਈ ਅਸੰਭਵ ਹੋ ਗਿਆ...ਉੱਠਦੀ ਤਾਂ ਹੁਸੈਨ ਨੂੰ ਚਿਤਵਦੀ। ਸੌਂਦੀ ਤਾਂ ਹੁਸੈਨ ਦੇ ਸੁਫ਼ਨੇ ਵੇਖਦੀ। ਸੌਂ ਵੀ ਕਿਹੜਾ ਐਵੀਂ ਹੋ ਜਾਂਦਾ ਸੀ ਉਸ ਕੋਲੋਂ...ਡਾਕਟਰਾਂ ਨੇ ਉਸ ਨੂੰ ਗੋਲੀ ਤੇ ਲਾਇਆ ਤਾਂ ਜਾ ਕੇ ਕਿਧਰੇ ਦੋ ਘੜੀਆਂ ਟਿਕ ਜਾਂਦੀ...ਹੋਰ ਕੁੱਝ ਅਸਰ ਹੀ ਨਹੀਂ ਸੀ ਕਰਦਾ ਉਸ ’ਤੇ। ਨਜਾਮ ਮਲਕ ਥਾਲੀ ਮੂਹਰੇ ਧਰਦਾ ਤਾਂ ਉਹ ਨਿਵਾਲੇ ਧਰਤੀ ਦੇ ਮੂੰਹ ਵਿੱਚ ਪਾਉਂਦੀ...ਹੁਸੈਨ ਖਾ...ਖਾ ਲੈ...ਤੈਨੂੰ ਭੁੱਖ ਲੱਗੀ ਹੋਵੇਗੀ...ਜਿੱਥੇ ਜਾ ਬੈਠਾ ਏਂ...ਉੱਥੇ ਤੇਰੀ ਮਾਂ ਤਾਂ ਨਹੀਂ ਬੈਠੀ...ਜਿਹੜੀ ਤੈਨੂੰ ਪਕਾ ਕੇ ਖਵਾਵੇਗੀ ? ਨਈਂ...ਬੱਚੜਿਆ...ਖਾ...ਛੇਤੀ ਕਰ...ਫ਼ੇਰ ਈ ਤੇ ਮੈਂ ਖਾਵਾਂ...ਉਹ ਧਰਤੀ ’ਤੇ ਹੱਥ ਫੇਰਦੀ ਰਹਿੰਦੀ...ਹੁਸੈਨ ਨੂੰ ਬੁਲਾਉਂਦੀ-ਪਰਚਾਉਂਦੀ ਰਹਿੰਦੀ...ਹੁਸੈਨ ਸੀ ਕਿ ਕੋਈ ਜਵਾਬ ਈ ਨਹੀਂ ਦਿੰਦਾ ਸੀ। ਕਦੇ ਕਦੇ ਉਹ ਉਸਦੇ ਕੱਪੜੇ ਕੱਢ ਲਿਆਉਂਦੀ...ਕਿੱਲੀਆਂ ’ਤੇ ਟੰਗ ਛੱਡਦੀ...ਮੰਜੀ ਦੇ ਪਾਵਿਆਂ ਨੂੰ ਪਵਾ ਦਿੰਦੀ...ਹੁਣ ਕਿੱਲੀਆਂ-ਪਾਵੇ ਉਸਦੇ ਹੁਸੈਨ ਸਨ।

ਇੱਕ ਦਿਨ ਤਾਂ ਹੱਦ ਹੀ ਹੋ ਗਈ। ਨਜਾਮ ਮਲਿਕ ਸਬਜ਼ੀ ਦੀ ਫੇਰੀ ਲਾ ਕੇ ਮੁੜ ਆਇਆ ਸੀ। ਬੀਬੀ ਤਾਹਿਰਾ ਵੱਟਾ ਬਣੀ ਮੰਜੀ ’ਤੇ ਉਵੇਂ ਹੀ ਪਈ ਸੀ ਜਿਵੇਂ ਉਹ ਉਸ ਨੂੰ ਛੱਡ ਕੇ ਗਿਆ ਸੀ। ਆ ਕੇ ਉਸ ਨੂੰ ਤਿਆਰ ਕੀਤਾ...ਉਸਦੀ ਕੰਘੀ ਪੱਟੀ ਸਵਾਰੀ...ਜਿੰਨਾ ਕੁ ਉਸ ਖਾਧਾ, ਖਵਾ ਦਿੱਤਾ ਤੇ ਆਪ ਵੀ ਮਾੜਾ-ਮੋਟਾ ਝੁਲਸ ਕੇ ਅੱਜ ਦੀ ਵੱਟਕ ਦਾ ਹਿਸਾਬ ਕਰਨ ਬੈਠ ਗਿਆ। ਗਵਾਂਢ-ਮੱਥਾ ਚੰਗਾ ਸੀ। ਜਦੋਂ ਉਹ ਫੇਰੀ ਲਾਉਣ ਗਿਆ ਹੁੰਦਾ ਤਾਂ ਉਹ ਬੀਬੀ ਦਾ ਖ਼ਿਆਲ ਰੱਖ ਲੈਂਦੇ ਸਨ। ਪਰ ਇਸ ਇੱਕ ਦਿਨ ਗਵਾਂਢੀਆਂ ਕੋਲੋਂ ਵੀ ਉਹ ਸਾਂਭ ਨਾ ਹੋਈ...ਬੇਤਹਾਸ਼ਾ ਬੂਹੇ ਭੰਨੀ ਜਾਵੇ...ਆਪਣੇ ਢਿੱਡ ’ਤੇ ਮੁੱਕੇ ਮਾਰ ਮਾਰ ਉਹ ਹਫਦੀ ਹਫਦੀ ਡਿੱਗ ਪਈ...ਮੇਰੀ ਔਜਰੀ ਸੜ ਗਈ...ਹੁਸੈਨ ਬੱਚੜਿਆ...ਮੇਰੀ ਔਜੜੀ ਸੜ ਗਈ...।ਉਸ ਦੀ ਹਾਲਤ ਦੇਖਦਿਆਂ ਨਾਲ ਦੇ ਘਰ ਰਹਿੰਦਾ ਸ਼ਾਹਬਾਜ ਨਜਾਮ ਮਲਕ ਨੂੰ ਸੱਦ ਲਿਆਇਆ। ਉਸ ਨੂੰ ਉਸਦਾ ਏਰੀਆ ਪਤਾ ਸੀ। ਡਾਕਟਰ ਕੋਲ ਲੈ ਗਏ। ਡਾਕਟਰ ਨੇ ਉਸ ਨੂੰ ਪਹਿਲੋਂ ਤੋਂ ਦਿੰਦੇ ਦਵਾਈ

ਦੀ ਡੋਜ਼ ਡਬਲ ਕਰ ਦਿੱਤੀ। ਬੀਬੀ ਤਾਹਿਰਾ ਦੀ ਦਵਾਈ ਦੀ ਡੋਜ਼ ਸਮਾਂ ਪਾ ਕੇ ਡਬਲ ਤੋਂ ਵੀ ਵਧ ਗਈ...ਕੁਰਸੀ ਦੇ ਲਾਲਚੀਆਂ ਦੇ ਲਾਲਚ ਵਾਂਗ...ਜਿਸ ਨੂੰ ਇੱਕ ਵਾਰ ਸਵੇਰੇ ਆਉਂਦਾ ਸੀ ਤੇ ਇੱਕ ਰਾਤੀਂ ਆਉਂਦਾ ਸੀ। ਬਸ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਉਹ ਪੁੱਜ ਗਈ ਸੀ ਹੁਸੈਨ ਕੋਲ। ਨਜਾਮ ਮਲਕ 'ਕੱਲਾ ਰਹਿ ਗਿਆ ਸੀ...ਘਰ ਅੰਦਰ। ਘਰੋਂ ਬਾਹਰ ਉਹ ਇਕੱਲਾ ਨਹੀਂ ਸੀ...ਉਸ ਨਾਲ ਉਡੀਕ ਸੀ...ਲਾਵਾਰਿਸ ਲਾਸ਼ਾਂ ਦੀ ਉਡੀਕ...ਹਸਪਤਾਲ ਵਾਲਿਆਂ ਦੇ ਸੱਦੇ ਦੀ ਉਡੀਕ...ਪੁਲਿਸ ਦੀ ਆਵਾਜ਼ ਦੀ ਉਡੀਕ।

ਦੌਰ ਤਾਂ ਚੱਲ ਹੀ ਰਿਹਾ ਸੀ...ਕਿੱਧਰੇ ਨਾ ਕਿੱਧਰੇ, ਕੋਈ ਨਾ ਕੋਈ ਲਾਵਾਰਿਸ ਲਾਸ਼ ਪੁਲਿਸ ਨੂੰ ਮਿਲਦੀ ਹੀ ਰਹਿੰਦੀ...ਬੇਰੁਜ਼ਗਾਰ ਲਾਸ਼...ਨਸ਼ਿਆਂ ਦੀ ਖਾਧੀ ਲਾਸ਼... ਦਵਾ-ਦਾਰੂ ਖੁਣੋਂ ਮਰ ਗਏ ਸਾਧਨਹੀਣਾਂ ਦੀ ਲਾਸ਼...ਜਿਉਂਦੇ ਜੀ ਹਸਪਤਾਲਾਂ ਵਿੱਚ ਰੁਲ਼ਦਿਆਂ ਦੀ ਲਾਸ਼...ਸੜਕਾਂ 'ਤੇ ਰੁਲ਼ਦੇ ਔਲਾਦ ਵੱਲੋਂ ਤਿਆਗੇ ਗਏ ਬੁੱਢੇ ਮਾਂ-ਬਾਪ ਦੀ ਲਾਸ਼...ਬੱਸ ਲਾਸ਼ਾਂ ਦੇ ਅੰਬਾਰ...ਕੋਈ ਵਾਲੀ-ਵਾਰਸ ਨਹੀਂ ਨਜਾਮ ਮਲਕ ਤੋਂ ਬਗੈਰ...ਕੋਈ ਦਿਨ ਸਾਵਾਂ ਨਾ ਜਾਂਦਾ ਜਿਸ ਦਿਨ ਉਹ ਚਿਖਾ ਨਾ ਬਾਲਦਾ...ਜਾਂ ਕਬਰ ਨਾ ਪੱਟਦਾ। ਇਹ ਉਸਦੀ ਰੋਟੀ ਦਾ ਸਾਧਨ ਨਹੀਂ ਸੀ। ਇਹ ਉਸਦੀ ਜ਼ਮੀਰ ਦੀ ਭੁੱਖ ਮਿਟਾਉਣ ਦਾ ਸਾਧਨ ਸੀ। ਪੁੱਤਰ ਹੁਸੈਨ ਦਾ ਧਾਰਮਿਕ ਅਸਥਾਨ ਤੋਂ ਪਰਤ ਕੇ ਨਾ ਆਉਣ...ਉਸ ਨੂੰ ਮਰਿਆ ਸਮਝ ਲੈਣ ਦਾ ਤਸੱਵਰ ਝੇਲਣਾ...ਇਸੇ ਦੁੱਖ ਭਰੀ ਉਡੀਕ ਵਿੱਚ ਬੀਬੀ ਤਾਹਿਰਾ ਦਾ ਚਲ ਵਸਣਾ...ਕਿਵੇਂ ਜਰ ਗਿਆ ਸੀ ਉਹ...ਇਹ ਉਹੀ ਜਾਣਦਾ ਸੀ...ਜਿਸ ਦਾ ਘਰ ਉੱਜੜ ਗਿਆ ਸੀ।

ਉਸ ਦਿਨ ਉਸਦੀ ਧਾਅ ਨੇ ਅੰਬਰ ਵੀ ਚੀਰ ਦਿੱਤਾ ਸੀ...ਉਸ ਨੂੰ ਖ਼ਬਰ ਮਿਲੀ ਸੀ...ਉਸਦੇ ਜਿਗਰ ਦਾ ਟੋਟਾ ਹੁਸੈਨ ਮਾਰਿਆ ਗਿਆ ਸੀ। ਦਿਲ ਦੀ ਟੀਸ ਉਸ ਵੇਲੇ ਹੋਰ ਵਧ ਗਈ ਸੀ ਜਦੋਂ ਉਸ ਸੋਚਿਆ ਸੀ-ਅੱਲ੍ਹਾ, ਮੈਂ ਆਪਣੇ ਪੁੱਤਰ ਦਾ ਅੰਤਮ ਵਾਰ ਮੂੰਹ ਵੀ ਨਾ ਵੇਖ ਸਕਿਆ...ਉਸ ਨੂੰ ਦਫ਼ਨ ਵੀ ਨਾ ਕਰ ਸਕਿਆ...ਸਾਈਆਂ... ਮੇਰਾ ਹੁਸੈਨ ਯਤੀਮ ਤਾਂ ਨਹੀਂ ਸੀ...ਲਾਵਾਰਿਸ ਸੀ ਉਹ ਕੋਈ...?

ਉਹ ਦਿਨ ਤੇ ਇਹ ਦਿਨ ਆ ਗਏ। ਉਸ ਕੋਈ ਲੋਥ ਲਾਵਾਰਿਸ ਨਾ ਰਹਿਣ ਦਿੱਤੀ। ਉਹ ਆਪਣਾ ਤਹੱਈਆ ਪੂਰਾ ਕਰਦਾ...ਜਿੱਥੇ ਉਸ ਨੂੰ ਮੁਸਲਮਾਨ ਬਾਰੇ ਪਤਾ ਲੱਗਦਾ, ਉਹ ਕਬਰ ਪੁੱਟਦਾ...ਹਿੰਦੂ ਬਾਰੇ ਪਤਾ ਲੱਗਦਾ ਤਾਂ ਉਸ ਨੂੰ ਅਗਨ ਭੇਂਟ ਕਰਦਾ। ਹੁਣ ਉਸਦੇ ਸ਼ਹਿਰ ਵਿੱਚੋਂ ਕੋਈ ਵੀ ਅਣਪਛਾਤੀ ਲੋਥ ਦਰਿਆ ਵਿੱਚ ਨਹੀਂ ਸੁੱਟੀ ਜਾਂਦੀ ਸੀ। ਸਾਰੀਆਂ ਲੋਥਾਂ ਉਸ ਨੂੰ ਹੁਸੈਨ ਜਾਪਦੀਆਂ ਸਨ...ਗਮ ਵਿਚ ਡੁੱਬੀਆਂ ਰਹਿ ਕੇ ਮੁੱਕ ਗਈਆਂ ਬੀਬੀ ਤਾਹਿਰਾ ਲੱਗਦੀਆਂ ਸਨ।

ਪੁਲਿਸ ਨੂੰ ਉਸਦੇ ਸਿਦਕ ਬਾਰੇ ਪਤਾ ਲੱਗ ਗਿਆ ਸੀ। ਮਿਊਨਸੀਪੈਲਿਟੀ ਦੇ ਸਫ਼ਾਈ ਵਿਭਾਗ ਦਾ ਅਫ਼ਸਰ ਵੀ ਨਜਾਮ ਮਲਕ ਦਾ ਨਾਂ ਬੜੇ ਆਦਰ ਨਾਲ ਲੈਂਦਾ। ਪੁਲਿਸ ਆਪਣੇ ਹੱਥ ਲੱਗੀ ਕਿਸੇ ਵੀ ਲਾਸ਼ ਦਾ ਉਹ ਪੰਚਨਾਮਾ ਕਰਦੇ...ਅਖ਼ਬਾਰ ਵਿੱਚ ਖ਼ਬਰ ਦਿੰਦੇ...ਲਾਸ਼ ਦੀ ਫੋਟੋ ਵੀ ਛਪਵਾਉਂਦੇ ਤਾਂ ਜੋ ਉਸਦੀ ਸ਼ਨਾਖ਼ਤ ਹੋ ਸਕੇ, ਪਰ ਜਦੋਂ ਕੋਈ ਵੀ ਲਾਸ਼ ਲੈਣ ਨਾ ਆਉਂਦਾ ਤਾਂ ਲਾਸ਼ ਮਿਊਨਸੀਪੈਲਿਟੀ ਨੂੰ ਸੌਂਪ ਦਿੰਦੇ...ਉਹ ਨਜਾਮ ਮਲਕ ਨੂੰ ਆਵਾਜ਼ ਮਾਰਦੇ। ਜੇਕਰ ਕਿਸੇ ਦਿਨ ਇੱਕ ਤੋਂ ਵੱਧ ਲੋਥਾਂ ਉਸਦੇ ਨਜਿੱਠਣ ਵਾਲੀਆਂ ਹੋ ਜਾਂਦੀਆਂ ਤਾਂ ਉਹ ਕੁੰਦਨ ਨੂੰ ਹਾਕ ਮਾਰਦਾ। ਦੁਪਹਿਰ ਤੋਂ ਬਾਅਦ ਜਿਸ ਥਾਂ 'ਤੇ ਨਜਾਮ ਮਲਕ ਸਵੇਰ ਦੀ ਬਚੀ ਸਬਜ਼ੀ ਦੀ ਰੇਹੜੀ ਲਾਉਂਦਾ ਸੀ, ਕੁੰਦਨ ਦੀ ਝੁੱਗੀ ਉੱਥੋਂ ਨੇੜੇ ਹੀ ਸੀ। ਕਦੇ ਕਦੇ ਕੁੰਦਨ ਉਸਦੀ ਰੇਹੜੀ 'ਤੇ ਆ ਜਾਇਆ ਕਰਦਾ ਸੀ ਤੇ ਕੰਮ ਰੁਜ਼ਗਾਰ ਦੀਆਂ ਗੱਲਾਂ ਉਹ ਆਮ ਹੀ ਸਾਂਝੀਆਂ ਕਰਦੇ ਸਨ।

ਕੁੰਦਨ ਹੱਥ ਲਗਦਾ ਕੰਮਕਾਜ ਕਰ ਲੈਂਦਾ...ਕਦੇ ਕੋਈ ਤੇ ਕਦੇ ਕੋਈ...ਮਜ਼ਦੂਰ ਸੀ...ਮਜ਼ਦੂਰ ਤਾਂ ਕੋਈ ਵੀ ਕੰਮ ਕਰ ਹੀ ਲੈਂਦਾ ਏ...ਢਿੱਡ ਖ਼ਾਤਰ। ਪਿੱਛੇ ਜਿਹੇ ਉਹ ਬੈਂਡ ਵਾਜੇ ਵਾਲਿਆਂ ਨਾਲ ਰਲ਼

ਗਿਆ ਸੀ। ਬੈਂਡ ਦਾ ਮਾਲਿਕ ਉਸ ਨੂੰ ਦਿਹਾੜੀ 'ਤੇ ਲੈ ਜਾਂਦਾ...ਛੈਣੇ ਵਜਾਉਣ ਲਈ...ਰਾਤ ਦਾ ਪ੍ਰੋਗਰਾਮ ਹੁੰਦਾ ਤਾਂ ਗੈਸ ਚੁੱਕ ਤੁਰਨ ਲਈ...ਵਾਰਨੇ ਇਕੱਠੇ ਕਰਨ ਲਈ...ਹੋਰ ਵੀ ਕਈ ਕੁੱਝ ਨਿੱਕ-ਸੁੱਕ। ਬੈਂਡ ਨਾਲ ਕੰਮ ਕਰਦਿਆਂ ਕੁੰਦਨ ਦੀ ਘਰਵਾਲੀ ਨੂੰ ਵੀ ਧੰਦਾ ਮਿਲ ਜਾਂਦਾ...ਕਿਉਂ ਜੋ ਵਿਆਹ-ਸ਼ਾਦੀਆਂ ਵੇਲੇ ਕੁੰਦਨ ਦੀ ਪਛਾਣ ਹਲਵਾਈਆਂ ਨਾਲ ਹੋ ਗਈ ਸੀ। ਉਹ ਹੱਡੋਂ ਤਕੜੀ ਸੀ...ਕੁਦਰਤੀ ਨਰੋਈ ਦਿਖ-ਪੱਖ ਵਾਲੀ...ਕੁੰਦਨ ਦੀ ਮਲਕਾ। ਉਸ ਨੂੰ ਭਾਂਡੇ ਮਾਂਜਣ ਦਾ ਕੰਮ ਮਿਲ ਜਾਂਦਾ। ਰੋਜ਼ ਦੇ ਪੈਸੇ ਦੋਹਾਂ ਨੂੰ ਮਿਲਦੇ ਹੀ...ਖਾਣ ਲਈ ਵੀ ਚੰਗਾ ਮਿਲਦਾ ਜਾਂਦਾ...ਤਲਿਆ ਫਲਿਆ ਸਮਾਨ ਤਾਂ ਉਹ ਕਈ ਕਈ ਦਿਨ ਖਾਂਦੇ ਰਹਿੰਦੇ।

ਕੋਵਿਡ ਦੀ ਮਾਰ ਨੇ ਵੱਡੇ-ਵੱਡੇ ਕਾਰ-ਵਿਉਪਾਰ 'ਤੇ ਅਸਰ ਕੀਤਾ। ਕੁੰਦਨ ਤਾਂ ਸੀ ਹੀ ਨਿੱਕੇ-ਮੋਟੇ ਕੰਮ ਧੰਦੇ ਕਰਨ ਵਾਲਾ। ਵਿਆਹ-ਸ਼ਾਦੀਆਂ ਦੇ ਵਿਹਾਰ ਵੀ ਸੀਮਤ ਹੋ ਗਏ। ਕੁੰਦਨ ਨੂੰ ਕੰਮ ਮਿਲਣਾ ਬੰਦ ਹੋ ਗਿਆ...ਉਜਰਤ ਦਾ ਸਾਧਨ ਜਾਂਦਾ ਲੱਗਾ... ਗਰੀਬ ਕੋਲ ਜਮ੍ਹਾਂ-ਪੂੰਜੀ ਵੀ ਕਿੰਨੀ ਕੁ ਹੁੰਦੀ...ਨੰਗਾ ਕੀ ਖਾਊ ਤੇ ਕੀ ਨਚੋੜੂ...ਉਸਦੇ ਵਿਹਲਾ ਹੋਣ ਕਾਰਨ ਹੁਣ ਨਜਾਮ ਮਲਕ ਉਸ ਨੂੰ ਆਵਾਜ਼ ਮਾਰ ਲੈਂਦਾ ਸੀ।

ਕਰਦੇ-ਕਰਾਉਂਦੇ ਉਸ ਨੂੰ ਸ਼ਹਿਰ ਦੇ ਇੱਕ ਨਾਮੀ ਹਸਪਤਾਲ ਵਿੱਚ ਕੰਮ ਮਿਲ ਗਿਆ। ਇਸ ਹਸਪਤਾਲ ਅੰਦਰ ਕੋਵਿਡ-19 ਨਾਲ ਜੂਝਦੇ ਲੋਕਾਂ ਵਾਸਤੇ ਬਹੁਤ ਵੱਡਾ ਆਈਸੋਲੇਸ਼ਨ ਸੈਂਟਰ ਸਥਾਪਤ ਕੀਤਾ ਗਿਆ ਸੀ। ਸ਼ੱਕੀ ਮਰੀਜ਼ਾਂ ਨੂੰ ਉੱਥੇ ਲਿਆਇਆ ਜਾਂਦਾ...ਸਹਿਮ ਦੇ ਮਾਹੌਲ ਵਿੱਚ ਰਹਿੰਦੇ ਕਈ ਮਰੀਜ਼ ਆਪਣਾ ਮਾਨਸਿਕ ਤਵਾਜਨ ਗੁਆ ਬੈਠਦੇ। ਕੋਵਿਡ ਦੀ ਦਹਿਸ਼ਤ ਉਨ੍ਹਾਂ ਦੀ ਭੁੱਖ-ਤ੍ਰੇਹ ਮਾਰ ਛੱਡਦੀ...ਵਡੇਰੀ ਉਮਰ ਦੇ ਮਰੀਜ਼ਾਂ ਦੀ ਸਤਿਆ ਛੇਤੀ ਜਵਾਬ ਦੇ ਜਾਂਦੀ...ਨਰੋਈ ਕਾਠੀ ਦੇ ਮਰੀਜ਼ ਇਲਾਜ ਲਈ ਦੁਹਾਈਆਂ ਪਾਉਂਦੇ...ਪਰ ਕੋਈ ਉਨ੍ਹਾਂ ਦੀ ਸੁਣਦਾ ਨਾ...ਕਈ ਉਹ ਡਾਕਟਰ ਉਨ੍ਹਾਂ ਤੋਂ ਦੂਰ ਦੂਰ ਰਹਿਣ ਦੀ ਕੋਸ਼ਿਸ਼ ਕਰਦੇ...ਜਿਹੜੇ ਆਪਣੀ ਸੇਵਾ ਕਰਨ ਦੀ ਖਾਧੀ ਸੌਂਹ ਨੂੰ ਇੱਕ ਪਾਸੇ ਰੱਖ ਛੱਡਦੇ ਅਤੇ ਉਨ੍ਹਾਂ ਦੀ ਵਿਅਕਤੀਗਤ ਤੌਰ 'ਤੇ ਆਮ ਲੋਕ ਹੋਣ ਦੀ ਭਾਵਨਾ ਉਭਾਰ ਖਾ ਜਾਂਦੀ। ਕੋਵਿਡ ਇਨ੍ਹਾਂ ਜੇਲ੍ਹਾਂ ਨੂੰ ਕੀ ਮੰਨਦਾ...ਮਰੀਜ਼ ਤਾਂ ਸਿਰਫ਼ ਇੱਕ ਲਾਸ਼ ਸਰੀਖਾ ਬਣ ਜਾਂਦਾ...ਲਾਸ਼...ਜਿਸ ਨੂੰ ਸਾਹ ਆਇਆ ਨਾ ਆਇਆ...ਇੱਕ ਬਰਾਬਰ।

ਕੁੰਦਨ ਝੁੱਗੀ ਛੱਡ ਮਲਕਾ ਨੂੰ ਨਾਲ ਲੈ ਕੇ ਇੱਥੇ ਹੀ ਆ ਗਿਆ ਸੀ। ਉਨ੍ਹਾਂ ਹਸਪਤਾਲ ਦੇ ਸਾਹਮਣੇ ਬਣ ਰਹੇ ਫਲਾਈ ਓਵਰ ਹੇਠਾਂ ਡੇਰੇ ਜਮਾਂ ਲਏ ਸਨ। ਉਹ ਇਕੱਲੇ ਨਹੀਂ ਸਨ ਇੱਥੇ ਰਹਿ ਰਹੇ...ਤਿੰਨ ਕੁ ਪਰਿਵਾਰ ਹੋਰ ਵੀ ਰਹਿ ਰਹੇ ਸਨ...ਵਖਤਾਂ ਮਾਰੇ। ਹਜੇ ਉਨ੍ਹਾਂ ਪਰਿਵਾਰਾਂ ਨੂੰ ਪਤਾ ਨਹੀਂ ਲੱਗਾ ਸੀ ਕਿ ਕੁੰਦਨ ਕੀ ਕੰਮ ਕਰਦਾ ਏ। ਪਤਾ ਲੱਗ ਜਾਂਦਾ ਤਾਂ ਉਨ੍ਹਾਂ ਉਸ ਨੂੰ ਉੱਥੇ ਨਹੀਂ ਰਹਿਣ ਦੇਣਾ ਸੀ...ਕਿਉਂਕਿ ਉਹ ਪਰਿਵਾਰ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਸਨ...ਉਨ੍ਹਾਂ ਨੂੰ ਕੀ ਪਤਾ...ਸੁਰੱਖਿਆ ਸੜਕਾਂ 'ਤੇ ਵਸਦਿਆਂ ਦੀ ਨਹੀਂ ਹੁੰਦੀ। ਖ਼ੈਰ...ਕੁੰਦਨ ਕੰਮ 'ਤੇ ਜਾਂਦਾ...ਹਸਪਤਾਲ 'ਚੋਂ ਲੋਥਾਂ ਚੁੱਕਦਾ...ਸ਼ਮਸ਼ਾਨ ਤੱਕ ਲੈ ਜਾਂਦਾ। ਹਸਪਤਾਲ ਵਾਲਿਆਂ ਨੇ ਉਸ ਨੂੰ ਸੁਰੱਖਿਆ ਵਾਸਤੇ ਪਾਉਣ ਵਾਲਾ ਸੂਟ ਲੈ ਦਿੱਤਾ ਸੀ...ਇੱਕ ਲੋਥ ਚੁੱਕਣ ਦੇ ਪੰਜ ਸੌ ਰੁਪਏ ਦੇਣੇ ਮੁਕਰਰ ਹੋਏ ਸਨ...ਪਰ ਕਿੱਥੇ ?...ਕਦੇ ਦੋ ਸੌ ਦੇ ਦਿੰਦੇ ਤੇ ਕਦੇ ਢਾਈ ਸੌ...ਤਿੰਨ ਸੌ ਤਾਂ ਹਜੇ ਤੱਕ ਦੋ ਕੁ ਵਾਰੀ ਹੀ ਮਿਲੇ ਸਨ। ਕੁੰਦਨ ਨੇ ਪੂਰੇ ਪੰਜ ਸੌ ਲਈ ਕਿਹਾ ਤਾਂ ਉਸ ਨੂੰ ਜਵਾਬ ਮਿਲਿਆ...ਤੇਰੇ ਕਿਹੜਾ ਕੋਈ ਨਿਆਣੇ ਹੈਗੇ...ਬਹੁਤ ਹੈਗੇ ਤੇਰੇ ਲਈ...। ਇੱਕ ਦਿਨ ਫੇਰ ਉਸ ਆਪਣੇ ਨਾਲ ਹੋਏ ਇਕਰਾਰ ਦਾ ਜ਼ਿਕਰ ਕੀਤਾ...। ਜਵਾਬ ਮਿਲਿਆ...ਘਰਵਾਲੀ ਨੂੰ ਵਾਰਡ ਦੀ ਸਫਾਈ ਲਈ ਭੇਜ ਦੇ...ਉਹ ਵੀ ਮਰੀਜ਼ਾਂ ਦੀ ਸੇਵਾ ਕਰ ਲਿਆ ਕਰੂਗੀ...ਪੰਜ ਸੌ ਰੁਪਿਆ ਫੇਰ ਲੈ

ਜਾਇਆ ਕਰਿਉ...। ਉਸ ਮਲਕਾ ਨਾਲ ਗੱਲ ਕੀਤੀ...। ਮਲਕਾ ਮੰਨ ਗਈ। ਉਹ ਰੋਜ਼ ਕੰਮ 'ਤੇ ਜਾਂਦੀ...ਸਾਫ਼ ਸਫ਼ਾਈ ਵਾਲੀ ਸੇਵਾ ਤਾਂ ਰੋਜ਼ ਦੀ ਹੀ ਸੀ...ਉਸਦਾ ਪੰਜ ਸੌ ਵਿਚਲਾ ਦੋ ਸੌ ਦਾ ਹਿੱਸਾ ਪੱਕਾ ਸੀ...ਲੋਥਾਂ ਰੋਜ਼ ਨਹੀਂ ਹੁੰਦੀਆਂ ਸਨ...ਕਦੇ ਕਿੰਨੀਆਂ ਤੇ ਕਦੇ ਕਿੰਨੀਆਂ। ਪ੍ਰਤੀ ਲੋਥ ਕੁੰਦਨ ਨੂੰ ਉਸ ਦਿਨ ਦਾ ਮਿਲ ਜਾਂਦਾ। ਮਲਕਾ ਰੋਜ਼ ਦਾ ਦੋ ਸੌ ਲੈ ਆਉਂਦੀ। ਇਹੋ ਉਨ੍ਹਾਂ ਲਈ ਸਬਰ-ਸੰਤੋਖ ਸੀ...ਸ਼ੁਕਰ ਹਜੇ ਉਨ੍ਹਾਂ ਕੋਲ ਕੋਈ ਤੰਦ ਨਹੀਂ ਸੀ...ਦੋ ਹੀ ਤਾਂ ਜੀਅ ਸਨ ਆਪ...।ਆਪਣੀ ਸੁੱਖ-ਸਾਂਦ ਲਈ ਔੜ੍ਹ-ਪੌੜ੍ਹ ਕਰ ਸਕਦੇ ਸਨ...ਜਵਾਨ ਸਨ...ਚੱਤੋ ਪਹਿਰ ਇਸ ਮੌਤ ਦੇ ਸਾਏ ਵਿੱਚ...ਉਹ ਰਾਹਤ ਮਹਿਸੂਸ ਕਰਦੇ ਵੀ ਸਨ ਤੇ ਨਹੀਂ ਵੀ...ਕੋਵਿਡ-19 ਕਿਸੇ ਦਾ ਸਕਾ ਥੋੜ੍ਹਾ ਸੀ...ਹੁਣ ਤਾਂ ਉਨ੍ਹਾਂ ਵਿੱਚ ਜਾਨ ਸੀ...ਸੋਚਦੇ ਬਾਲ ਬੱਚਾ ਪਾਲ ਵੀ ਲੈਣਗੇ...ਬਾਅਦ ਵਿੱਚ ਕੀ ਕਰਨਗੇ...? ਮਮਤਾ ਛਾਲਾਂ ਮਾਰਦੀ ਉਨ੍ਹਾਂ ਅੰਦਰ...ਪਰ ਹਾਲਾਤ ਅੱਗੇ ਉਹ ਸਾਵੇਂ ਨਾ ਹੋ ਪਾਉਂਦੇ। ਕਰਦੇ ਰਹੇ ਡਿਊਟੀ...ਸੇਵਾ...ਮਨੁੱਖਤਾ ਦੀ ਸੇਵਾ ਪਰਮ ਧਰਮ...ਪਰਮਾਰਥ ਲਈ ਜਿਉਣਾ ਵੀ ਤਾਂ ਕਿਸੇ ਕਿਸੇ ਦੇ ਭਾਗਾਂ ਵਿੱਚ ਹੁੰਦਾ...ਢਿੱਡ ਦੀ ਭੁੱਖ ਉਨ੍ਹਾਂ ਨੂੰ ਇਹ ਸੇਵਾ ਨਿਭਾਉਣ ਦਾ ਮੌਕਾ ਦਿੱਤਾ ਸੀ...ਉਹ ਸੋਚਦੇ-ਗਰੀਬ ਲਈ ਇਹ ਸੇਵਾ ਮਿੱਠਾ ਮੇਵਾ ਏ...ਪਰ ਜਿਹੜੇ ਸੇਵਾ ਦਾ ਪ੍ਰਣ ਕਰਕੇ ਆਏ ਸਨ ਇਸ ਰੁਜ਼ਗਾਰ ਅੰਦਰ...ਉਨ੍ਹਾਂ ਨੂੰ ਸੇਵਾ ਡੰਗ ਮਾਰਦੀ ਏ...ਪਰ ਨਹੀਂ...ਉਹ ਇਹ ਗੱਲ ਬਾਹਰ ਥੋੜ੍ਹਾ ਕਰ ਸਕਦੇ...ਮਲਕਾ ਆਖਦੀ...ਸੁਣੋ ਜੀ, ਸਾਡੇ ਢਿੱਡ ਦਾ ਸਵਾਲ ਏ...ਅਸਾਂ ਤਾਂ ਇਹ ਕੰਮ ਕਰਨਾ ਈ ਏ...ਕੋਈ ਨਖਰਾ ਥੋੜ੍ਹਾ...ਉਹ ਵੀ ਤਾਂ ਹੈਗੇ ਜਿਹੜੇ ਕਫ਼ਨ ਵੇਚਦੇ ਨੇ...ਮਰਗ ਦਾ ਸਮਾਨ ਵੇਚਦੇ ਨੇ...ਗਾਹਕਾਂ ਦਾ ਰਾਹ ਦੇਖ ਦੇਖ ਦਿਨ ਕਟੀ ਕਰਦੇ ਨੇ...ਡਾਕਟਰ ਵੀ ਤਾਂ ਮਰੀਜ਼ਾਂ ਦੀ ਰਾਹ ਦੇਖਦੇ ਹੀ ਨੇ...ਜੇ ਮਰੀਜ਼ ਨਈਂ ਤਾਂ ਡਾਕਟਰ ਦੀ ਕੀ ਲੋੜ ਹੈ ਜੀ ?...ਜੇ ਲੋਥ ਨਹੀਂ ਤਾਂ ਫੇਰ ਸਾਡੀ ਵੀ ਕੀ ਲੋੜ...? ਪਰ ਭਾਗਵਾਨੇ ਇੱਕ ਗੱਲ ਹੈਗੀ...ਅੱਜ ਇਸ ਹਸਪਤਾਲ ਵਿੱਚੋਂ ਲਾਸ਼ਾਂ ਚੁੱਕਦੇ ਹਾਂ...ਰੋਟੀ ਮਿਲੀ ਜਾਂਦੀ...ਜੇ ਇੱਥੋਂ ਨਾ ਵੀ ਮਿਲੀਆਂ ਕੱਲ੍ਹ ਨੂੰ ਤਾਂ ਫੇਰ ਕੀ ?

ਲਾਸ਼ਾਂ ਦੀ ਕਦੇ ਕੋਈ ਕਮੀ ਨਹੀਂ ਆਉਣੀ...
ਦੰਗੇ-ਫਸਾਦ ਵੀ ਤਾਂ ਹੁੰਦੇ ਰਹਿਣੇ ਆ
ਧਰਮਾਂ ਨੇ ਖੇਡ ਖੇਡਣੀ ਈ ਖੇਡਣੀ ਆ
ਕੁਰਸੀਆਂ ਲਈ ਲੜਾਈ ਚਲਦੀ ਈ ਰਹਿਣੀ ਆ
ਤੀਵੀਆਂ ਪਿੱਛੇ ਵੀ ਲੜਾਈਆਂ ਹੁੰਦੀਆਂ ਰਹਿਣੀਆਂ
ਜ਼ਮੀਨ ਦੇ ਝਗੜੇ ਵੀ ਕਦੇ ਖ਼ਤਮ ਨਹੀਂ ਹੋਣੇ
ਹਉਮੈ ਦਾ ਸੱਚ ਕਦੇ ਝੂਠਾ ਨਹੀਂ ਹੋਣਾ
ਸ਼ਰੀਕੇਦਾਰਾਂ ਨੇ ਵੀ ਖ਼ੂਨ ਦੇ ਪਿਆਸੇ ਬਣੇ ਰਹਿਣਾ ਇੱਕ ਦੂਜੇ ਦੇ...
ਬੇਕਾਰੀ-ਬੇਰੁਜ਼ਗਾਰੀ ਨੇ ਕਦ ਨੌਜਵਾਨਾਂ ਨੂੰ ਟਿਕ ਕੇ ਬਹਿਣ ਦੇਣਾ
ਨਸ਼ਿਆਂ ਦੀ ਮਾਰ ਨੇ ਵੀ ਲੋਕਾਂ ਨੂੰ ਝੰਬੀ ਰੱਖਣਾ...

'ਭਾਗਵਾਨੇ...ਇਸ ਹਫੜਾ ਦਫੜੀ ਨੇ ਲੋਕ ਮਾਰਨੇ ਈ ਮਾਰਨੇ...ਸਾਨੂੰ ਕੰਮ ਮਿਲਦਾ ਈ ਰਹਿਣਾ...ਕਾਰੋਬਾਰ ਤਾਂ ਵੱਡੇ-ਵੱਡੇ ਠੱਪ ਹੋ ਜਾਂਦੇ ਆ...ਇਹ ਕਾਰੋਬਾਰ ਕਦੇ ਠੱਪ ਨਹੀਂ ਹੋਣਾ...।' ਕੁੰਦਨ ਆਉਂਦੇ ਸਮੇਂ ਲਈ ਸੋਚ ਕੇ ਗੱਲ ਕਰਦਾ।

'ਹਾਂ ਜੀ...ਨਾਲੇ ਇਹ ਵੀ ਕਿ ਹੁਣ ਸਾਡਾ ਮਨ ਪੱਕਾ ਹੋ ਗਿਆ...ਪਹਿਲਾਂ ਪਹਿਲਾਂ ਲਾਸ਼ਾਂ ਚੁੱਕਣ ਦਾ ਕੰਮ ਫੜਿਆ ਸੀ ਤਾਂ ਸੋਚਦਾ ਹੁੰਦਾ ਸੀ...ਅੱਖਾਂ ਦਾ ਚਿਰਾਗ਼ ਬੁਝ ਗਿਆ ਕਿਸੇ ਦਾ...ਮਾਂ...ਪਿਆਂ ਦੀ ਸੱਜੀ ਬਾਂਹ ਟੁੱਟ ਗਈ...ਕਿਸੇ ਦੇ ਮੱਥੇ ਦੀ ਬਿੰਦੀ ਪੂੰਝੀ ਗਈ...ਹਾਏ...ਕਿਸੇ ਦਾ ਚੁੱਲ੍ਹਾ ਠੰਡਾ ਹੋ ਗਿਆ...ਪਰ

ਹੁਣ ਕੀ...ਕੁੱਝ ਵੀ ਨਈਂ...ਇਹ ਦੁਨੀਆ ਏਦਾਂ ਈ ਚੱਲੀ ਜਾਣੀ...ਰੋਟੀਆਂ ਕਾਰਨ ਪੂਰੇ ਤਾਲ ਹੋਈ ਈ ਜਾਣੇ।' ਮਲਕਾ ਹਾਂ-ਹੂੰ ਕਰਦੀ ਰਹਿੰਦੀ। ਉਹ ਗੱਲਾਂ ਕਰਦੇ-ਕਰਦੇ ਕਦ ਸੌਂ ਜਾਂਦੇ ਪਤਾ ਈ ਨਾ ਲੱਗਦਾ...। ਸਵੇਰੇ ਉੱਠਦੇ...ਡੱਬਾ ਬੰਨ੍ਹਦੇ ਤੇ ਨਿਕਲ ਜਾਂਦੇ ਕਾਰੋਬਾਰ ਸੰਭਾਲਣ।

× × ×

ਅੱਜ ਹਸਪਤਾਲ ਅੰਦਰ ਦੁਪਹਿਰ ਦੀ ਰੋਟੀ ਖਾਂਦਿਆਂ ਨਜਾਮ ਮਲਕ ਉਨ੍ਹਾਂ ਨੂੰ ਬੜਾ ਚੇਤੇ ਆਇਆ। ਆਪੋ ਵਿੱਚੀਂ ਗੱਲਾਂ ਕਰਦੇ ਉਹ ਕਹਿ ਰਹੇ ਸਨ-ਭਲਾ ਹੋਵੇ ਨਜਾਮ ਚਾਚੇ ਦਾ...ਸਾਨੂੰ ਭੁੱਖਾ ਮਰਨੋਂ ਤੇ ਉਸ ਬਚਾਇਆ...ਸੁਣ ਮਲਕਾ...ਕਦੀ ਸੋਚਿਆ ਸੀ...ਇਹ ਪੇਸ਼ਾ ਵੀ ਕਰਨਾ ਪਵੇਗਾ...ਹੈਂਅ...ਕਿੱਥੇ ਤਾਂ ਅਸੀਂ ਜਸ਼ਨਾਂ ਤੋਂ ਕਮਾਈ ਕਰਦੇ ਹੁੰਦੇ ਸੀ...ਤੇ ਕਿੱਥੇ ਹੁਣ...? ਮਲਕਾ ਜਵਾਬ ਦਿੰਦੀ...'ਭਲਿਆ ਲੋਕਾ, ਇਹ ਵੀ ਕਾਹਦੀ ਕਮਾਈ...ਚੌਵੀ ਘੰਟੇ ਡਰ ਕੇ ਈ ਜਿਉਂ ਰਹੇ ਆਂ...ਪਤਾ ਨਹੀਂ ਕਦੋਂ ਰਗੜੇ ਜਾਈਏ...ਚੰਦਰੀ ਜ੍ਹੈਮਤ ਨਾਲ...ਹਰ ਵੇਲੇ ਬਿਮਾਰੀ ਦਾ ਜਿੰਨ ਮਗਰ ਪਿਆ ਹੋਇਆ...।'

'ਕੋਈ ਨਾ...ਜਿੰਨੀ ਲਿਖੀ...ਜਿੰਨਾ ਚਿਰ ਜੀਵਾਂਗੇ...ਭੁੱਖੇ ਤਾਂ ਨਾ ਮਰਾਂਗੇ...।' ਕੁੰਦਨ ਆਖਿਆ।

× × ×

ਪਤਾ ਨਹੀਂ ਦੋਹਾਂ ਦੇ ਮਨ ਵਿੱਚ ਕੀ ਆਈ...ਹਸਪਤਾਲੋਂ ਛੁੱਟੀ ਹੋਈ ਤਾਂ ਉਹ ਦੋਵੇਂ ਨਜਾਮ ਮਲਕ ਵੱਲ ਵਗ ਤੁਰੇ। ਦਿਨੇਂ ਗੱਲਾਂ ਵੀ ਉਹਦੀਆਂ ਹੀ ਕਰਦੇ ਰਹੇ ਸਨ... ਇਸੇ ਲਈ ਅੱਜ ਉਸ ਨੂੰ ਮਿਲਣਾ ਚਾਹੁੰਦੇ ਸਨ। ਨਜਾਮ ਆਪਣੇ ਅੱਡੇ 'ਤੇ ਰੇਹੜੀ ਲਾਈ ਖੜ੍ਹਾ ਸੀ। ਉਸਦੇ ਪੱਕੇ ਗਾਹਕਾਂ ਵਿੱਚੋਂ ਕਈ ਆ-ਜਾ ਰਹੇ ਸਨ ਤੇ ਹਾਲੇ ਇੱਕ-ਦੋ ਰਹਿੰਦੇ ਵੀ ਸਨ। ਰੇਹੜੀ ਤੇ ਬਾਲ ਕੇ ਰੱਖੀ ਲਾਲਟੈਨ ਦੀ ਲੋਅ ਵੀ ਉਹਦੇ ਲਈ ਸੂਰਜ ਦੀ ਲੋਅ ਹੀ ਸੀ...ਭਾਵੇਂ ਇਹ ਵੱਖਰੀ ਗੱਲ ਸੀ ਕਿ ਇਹ ਲੋਅ ਡੁੱਬਦੇ ਸੂਰਜ ਦੀ ਸੀ।

"ਲੇਟ ਹੋ ਗਿਆਂ ਚਾਚਾ ਮਲਕ...?" ਕੁੰਦਨ ਨੇ ਸੁਭਾਉਂ ਹੀ ਪੁੱਛਿਆ। "ਬੜਾ ਦਿਲ ਕਰਦਾ ਸੀ ਅੱਜ ਤੈਨੂੰ ਮਿਲਣ ਦਾ...ਦਿਨੇ ਵੀ ਅਸੀਂ ਤੇਰੀਆਂ ਗੱਲਾਂ ਕਰਦੇ ਰਹੇ...।" ਕੁੰਦਨ ਨੇ ਗੱਲ ਜਾਰੀ ਰੱਖੀ ਸੀ।

"ਸੁਣਾ...ਕਿੱਦਾਂ ਰਿਹਾ ਤੁਹਾਡਾ ਅੱਜ...।" ਨਜਾਮ ਮਲਕ ਨੇ ਸਵਾਲ ਕੀਤਾ।

"ਵਧੀਆ ਸੀ...ਮਲਕਾ ਵਾਰਡ ਦੀ ਸਾਫ਼ ਸਫ਼ਾਈ 'ਤੇ ਲੱਗੀ ਰਹੀ...ਮੈਂ ਤਾਂ ਵਿਹਲਾ ਹੀ ਸੀ...।" ਕੁੰਦਨ ਨੇ ਸਾਰੇ ਦਿਨ ਦੀ ਆਪਣੀ ਗੱਲ ਕਰ ਦਿੱਤੀ।

"ਮੈਂ ਤਾਂ ਰਤਾ ਲੇਟ ਵਿਹਲਾ ਹੋਇਆ...ਦੋ ਲੋਥਾਂ ਦਾ ਕੰਮ ਸੀ...ਦੋਵੇਂ ਈ ਪੁਲਸ ਕੋਲ ਸਨ ਜਦੋਂ ਉਨ੍ਹਾਂ ਮੈਨੂੰ ਬੁਲਾ ਭੇਜਿਆ ਸੀ। ਸੈਨੀਟੇਸ਼ਨ ਵਾਲਿਆਂ ਦੀ ਕਾਰਵਾਈ ਵੀ ਉਨ੍ਹਾਂ ਮੇਰੇ ਪਹੁੰਚਣ 'ਤੇ ਹੀ ਕੀਤੀ ਸੀ।"

"ਇਕ ਲੋਥ ਕਾਰਨ ਬੜਾ ਮਨ ਖਰਾਬ ਹੋਇਆ, ਕੁੰਦਨ...ਖੁਦਕੁਸ਼ੀ ਦਾ ਮਾਮਲਾ ਸੀ...ਪਹਿਲੀ ਨਜ਼ਰੇ ਤਾਂ ਇਵੇਂ ਹੀ ਲੱਗਾ...ਪਰ ਜਦੋਂ ਲਾਸ਼ ਦੇ ਖਿੰਡਰੇ ਹੋਏ ਟੋਟੇ ਮਿਲੇ ਤਾਂ ਪੁਲਿਸ ਮਰਡਰ ਬਾਰੇ ਕਿਆਫੇ ਲਾਉਣ ਲੱਗੀ...ਕੁੱਝ ਵੀ ਹੋਵੇ...ਜੀਅ ਤਾਂ ਖ਼ਤਮ ਹੀ ਸੀ...ਟੋਟੇ ਚੁਣ-ਚੁਣ ਮੈਂ ਮਨੋਂ ਹੰਭ ਗਿਆ...ਸੀ ਤਾਂ ਕੋਈ ਜਵਾਨ-ਜੱਕਾ ਈ...ਪਤਾ ਨਹੀਂ ਸੀ ਲੱਗ ਰਿਹਾ...ਬਈ ਬੱਚੀ ਸੀ ਕਿ ਕੋਈ ਬੱਚਾ ਸੀ...ਇੱਕ ਲੱਤ ਕਿੱਧਰੇ ਦੂਜੀ ਚਾਰ ਗਜ ਦੂਰ ਕਿੱਧਰੇ...ਬਾਹਾਂ ਨੇੜੇ ਨਾ ਤੇੜੇ...ਸਿਰ ਧੜ ਨਾਲ ਹੈ ਹੀ ਨਹੀਂ ਸੀ...ਕੋਲੋਂ ਮਿਲੇ ਕੱਪੜੇ...ਕੁੰਦਨ...ਅੱਜ ਕੱਲ੍ਹ ਦੇ ਬੱਚੇ...ਜੀਨਾਂ ਵਾਲੇ ਈ ਤਾਂ ਹੁੰਦੇ...।" ਨਜਾਮ ਮਲਕ ਬੜਾ ਹੰਭਿਆ ਹੋਇਆ ਬੋਲ ਰਿਹਾ ਸੀ।

"ਬਸ, ਚਾਚਾ, ਮੌਤ ਦਾ ਸਾਇਆ ਪਿੱਛਾ ਨ੍ਹੀਂ ਛੱਡਦਾ...ਚੰਦਰੇ ਸਮੇਂ ਦੀ ਮਾਰ...।" ਕੁੰਦਨ ਵੀ ਹੰਭਦਾ ਹੋਇਆ ਬੋਲਿਆ।

"ਮੇਰੇ ਹੁਸੈਨ ਦਾ ਤਾਂ ਕੁੰਦਨ ਕੁੱਝ ਵੀ ਮੈਨੂੰ ਨਾ ਮਿਲਿਆ...ਕੋਈ ਇੱਕ ਟੁਕੜਾ ਵੀ ਨਾ...ਜਿਨੂੰ ਮੈਂ ਮਿੱਟੀ ਦੇ ਸਕਦਾ।...ਖ਼ੈਰ, ਅੱਜ ਦੀ ਟੁਕੜੇ ਟੁਕੜੇ ਹੋਈ ਲਾਸ਼ ਨੂੰ ਇਕੱਠਾ ਕਰਦੇ ਹੋਏ ਮੇਰੇ ਹੱਥ ਕੰਬ ਰਹੇ ਸਨ...ਦਿਲ ਰੋ ਰਿਹਾ ਸੀ...ਲੱਤਾਂ ਥਾਣੀਂ ਤ੍ਰੇਲੀਆਂ ਮੀਂਹ-ਮੁਸ਼ਕੀ ਵਗ ਰਹੀਆਂ ਸਨ...ਅੱਖਾਂ ਲਈ ਇਹ ਪਹਿਚਾਨਣੀ ਬੜੀ ਅਨੋਖੀ ਹੋ ਰਹੀ ਸੀ।...ਸਾਰੇ ਟੁਕੜੇ ਪੁਲਸ ਦੇ ਹਵਾਲੇ ਕਰਨ ਲੱਗਾ ਤਾਂ ਇੱਕ ਵਾਰ ਹੱਥ ਫੇਰ ਕੰਬ ਗਏ...ਹੁਸੈਨ ਅੱਖਾਂ ਮੂਹਰੇ ਆ ਕੇ ਖੜ ਗਿਆ...।ਉਸਦੇ ਵੀ ਵਿਸਫੋਟ ਵਿੱਚ ਇਵੇਂ ਹੀ ਚੀਥੜੇ ਉੱਡ ਗਏ ਹੋਣੇ...ਪਰ ਇਸ ਲਾਸ਼ ਦੇ ਟੋਟੇ ਤਾਂ ਕਿਸੇ ਹੈਵਾਨ ਦੇ ਹੱਥੋਂ ਹੋਏ ਲੱਗਦੇ ਸਨ...ਸਾਜ਼ਸ਼ੀ...।" ਪੁੱਤਰ ਹੁਸੈਨ ਦੇ ਆਵੇ ਦੀ ਅੱਗ 'ਚ ਧੁਖਦਾ ਨਜਾਮ ਮਲਕ ਦੱਸਦਾ ਗਿਆ-ਕਦੇ ਬੋਲਾਂ ਰਾਹੀਂ...ਕਦੇ ਅੱਥਰੂਆਂ ਰਾਹੀਂ।

"ਨਜਾਮ ਚਾਚਾ...ਇਹ ਵੇਰਵਾ ਤਾਂ ਸੁਣਿਆ ਵੀ ਨਹੀਂ ਜਾ ਰਿਹਾ...ਤੂੰ ਤਾਂ ਨੰਗੀਆਂ ਅੱਖਾਂ ਨਾਲ ਦੇਖਿਆ...ਨੰਗੇ ਹੱਥਾਂ ਨਾਲ ਸਾਰਾ ਕੰਮ ਕੀਤਾ...ਧੰਨ ਏਂ...।" ਖ਼ੌਫ਼ ਖਾਂਦਾ ਕੁੰਦਨ ਕਹਿਣ ਲੱਗਾ।

"ਇੱਥੇ ਈ ਬਸ ਨਹੀਂ...ਉਹ ਪੁਲਸੀਏ ਵੀ ਜਿਵੇਂ ਖ਼ੌਫ਼ ਖਾਧੇ ਹੋਏ ਸਨ...ਐਸੇ ਟੁਕੜਿਆਂ ਤੋਂ ਜਲਦੀ ਛੁਟਕਾਰਾ ਪਾਉਣਾ ਚਾਹੁੰਦੇ ਸਨ...ਉਨ੍ਹਾਂ ਦੀ ਮੰਸ਼ਾ ਇਸ ਲਾਸ਼ ਨੂੰ ਦਰਿਆ ਵਿੱਚ ਸੁੱਟਣ ਦੀ ਸੀ...ਪਰ ਮੇਰੇ ਵਾਸਤੇ ਅੱਗੇ ਉਹ ਢੈਲੇ ਪੈ ਗਏ...ਮੈਂ ਹੀ ਮਿੰਨਤ ਕੀਤੀ..."ਜਨਾਬ, ਤੁਸੀਂ ਆਪਣੀ ਕਾਰਵਾਈ ਪੂਰੀ ਕਰ ਲਉ...ਜ਼ਿਆਦਾ ਦਿਨ ਤਾਂ ਨਹੀਂ ਲੱਗਣ ਲੱਗੇ...ਮੋਰਚਰੀ ਵਿੱਚ ਹੀ ਰਖਵਾਉਣੀ ਹੈ...ਕੋਈ ਨਾ...ਤੁਸੀਂ ਪੰਚਨਾਮਾ ਤਿਆਰ ਕਰੋ...ਨਾ ਕੋਈ ਵਾਲੀ ਵਾਰਸ ਮਿਲਿਆ ਤਾਂ ਮੈਂ ਹੈਗਾ...ਵਾਰਿਸ...ਮੈਂ ਅਗਨੀ ਦਿਆਂਗਾ...।" ਨਜਮ ਮਲਕ ਨੇ ਤਫ਼ਸੀਲ ਬਿਆਨ ਕਰ ਦਿੱਤੀ। ਸੁਤੇ ਸਿੱਧ ਹੀ ਉਸ ਇੱਕ ਸੱਚ ਤੋਂ ਵੀ ਪਰਦਾ ਚੁੱਕ ਦਿੱਤਾ ਸੀ। ਉਹ ਨਹੀਂ ਸੀ ਚਾਹੁੰਦਾ...ਜਿਸ ਅੱਗ ਵਿੱਚ ਉਹ ਜਿਉਂਦੇ ਜੀਅ ਸੜ ਰਿਹਾ, ਕੋਈ ਹੋਰ ਵੀ ਸੜੇ। ਇਸੇ ਲਈ ਉਸ ਸੋਚ ਸਮਝ ਕੇ ਪੁਲਿਸ ਕੋਲ ਆਪਣਾ ਨਾਂ ਦਿੱਤਾ ਸੀ...ਤੇ ਮਿਊਂਸੀਪਲ ਕਮੇਟੀ ਵਿੱਚ ਵੀ ਇਸ ਕਾਰਜ ਲਈ ਆਪਣਾ ਨਾਂ ਸਮਾਜ ਸੇਵਕ ਦੇ ਤੌਰ 'ਤੇ ਦਰਜ ਕਰਵਾ ਆਇਆ ਸੀ।

× × ×

ਚੰਗਾ ਹਨ੍ਹੇਰਾ ਹੋ ਗਿਆ ਸੀ। ਕੁੰਦਨ ਨੇ ਉਸਦੀ ਰੇਹੜੀ ਸੰਭਾਲਣ ਵਿੱਚ ਮਦਦ ਕੀਤੀ। ਉਮਰ ਦੇ ਹਿਸਾਬ ਨਾਲ ਹਨ੍ਹੇਰੇ ਵੇਲੇ ਕੰਮ ਕਰਨਾ ਹੁਣ ਨਜਾਮ ਮਲਕ ਲਈ ਕੁੱਝ ਔਖਾ ਹੋ ਗਿਆ ਸੀ। ਅੱਸੀਵਿਆਂ ਨੂੰ ਢੁਕਣ ਲੱਗਾ ਸੀ ਉਹ। ਨੀਂਦ ਵਾਲੀਆਂ ਗੋਲੀਆਂ ਦੇ ਸਹਾਰੇ ਟਿਕ ਗਈ ਸੀ ਉਸਦੀ ਨੀਂਦ...ਇਸ ਉਮਰੇ ਦੁੱਖ ਸੁੱਖ ਦਾ ਸਾਥੀ ਵੀ ਕੋਈ ਨ੍ਹੀਂ ਉਸ ਕੋਲ।

ਪ੍ਰਸ਼ਾਸਨ ਦੱਸਦਾ ਸੀ ਕਿ ਹੁਣ ਤੱਕ ਨਜਾਮ ਮਲਕ ਨੂੰ ਸਮੇਂ ਸਮੇਂ ਤੇ ਛੱਤੀ ਸੌ ਲਾਸ਼ਾਂ ਸੌਂਪੀਆਂ ਜਾ ਚੁੱਕੀਆਂ ਸਨ ਜਿਨ੍ਹਾਂ ਨੂੰ ਉਸ ਮਿੱਟੀ ਵੀ ਦਿੱਤੀ ਤੇ ਅਗਨੀ ਦੀ ਭੇਟਾ ਵੀ ਕੀਤਾ ਸੀ। ਕਈ ਬਾਜ਼ਾਰ ਵਾਲੇ ਵੀ ਉਸਦੀ ਮਦਦ ਕਰਦੇ ਸਨ। ਇਸ ਕੰਮ ਵਿੱਚ ਮਦਦ ਲਈ ਉਸਨੇ ਇੱਕ ਬੰਦਾ ਰੱਖ ਲਿਆ ਸੀ ਜਿਸ ਨੂੰ ਉਹ ਕੋਲੋਂ ਪੈਸੇ ਦਿੰਦਾ ਸੀ।

ਅੱਜ ਉਸ ਦੀਆਂ ਅੱਖਾਂ ਦਾ ਅਪਰੇਸ਼ਨ ਹੋਣਾ ਸੀ। ਉਹ ਹਿੰਦੂ ਵੀ ਸੀ, ਮੁਸਲਮਾਨ ਵੀ ਸੀ। ਸਾਰੇ ਉਸਦੇ ਆਪਣੇ ਸਨ...ਉਹ ਸਭਨਾਂ ਦਾ ਸੀ। ਅੱਖਾਂ ਦੇ ਹਸਪਤਾਲ ਵਿੱਚ ਅੱਜ ਸਾਰੇ ਹੀ ਉਸ ਕੋਲ ਸਨ...ਮਨੁੱਖੀ ਹੋਂਦ ਵਾਲੀ ਕੁਰਸੀ ਦੇ ਬੇਤਾਜ ਬਾਦਸ਼ਾਹ ਕੋਲ।

(**ਸੰਪਰਕ : 98146-93992**)

**ਕਹਾਣੀ**

# ਮੈਂ ਵੀ ਹਾਰਨਾਂ ਸਿੱਖ ਲਿਆ



**ਜਸਵਿੰਦਰ ਰੱਤੀਆਂ**

ਰਤਨ ਖੱਬੇ ਪੱਖੀ ਸੋਚ, ਸਿਧਾਂਤਾਂ 'ਤੇ ਸਖ਼ਤੀ ਨਾਲ ਪਹਿਰਾ ਦੇਣ ਵਾਲਾ ਬੰਦਾ ਸੀ। ਇਹਨਾਂ ਅਸੂਲਾਂ ਵਿਰੁੱਧ ਸਮਝੌਤਾ ਕਰਨਾ, ਉਹ ਆਪਣੀ ਸ਼ਾਹਰਗ ਵੱਢਣ ਬਰੋਬਰ ਸਮਝਦਾ ਸੀ। ਪਰਿਵਾਰ ਤੇ ਰਿਸ਼ਤੇਦਾਰ ਸਾਰੇ ਉਹਦੀਆਂ ਦਲੀਲਾਂ ਅੱਗੇ ਹਾਰ ਜਾਂਦੇ। ਮੈਨੂੰ ਵੀ ਉਹ ਕਹਿੰਦਾ।

"ਆਪਣੀ ਸੋਚ ਤੇ ਠੋਕ ਕੇ ਪਹਿਰਾ ਦੇਣਾ ਚਾਹੀਦਾ। ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ।"

ਮੇਰੇ ਨਾਲੋਂ ਉਮਰ ਵਿੱਚ ਵੱਡਾ ਸੀ। ਇੰਗਲੈਂਡ ਆ ਕੇ ਕੰਮ ਦੌਰਾਨ ਮੇਰੀ ਉਹਦੇ ਨਾਲ ਸਾਂਝ ਪਈ। ਉਹ ਇੰਗਲੈਂਡ ਦੀ ਭਾਰਤੀ ਮਜ਼ਦੂਰ ਯੂਨੀਆਨ ਦਾ ਸਰਗਰਮ ਵਰਕਰ ਸੀ। ਜਿਵੇਂ ਜਿਵੇਂ ਉਹਦੇ ਨਾਲ ਮੇਲ ਹੁੰਦੇ ਰਹੇ। ਸਾਡੀ ਸਾਂਝ ਪੀਡੀ ਹੁੰਦੀ ਗਈ। ਮੈਂ ਉਹਦੇ ਤੋਂ ਕਾਫੀ ਕੁੱਝ ਸਿੱਖਿਆ। ਪਰ ਉਹਦੇ ਜਿੰਨਾ ਪ੍ਰਤੀਬੱਧ ਨਹੀਂ ਹੋ ਸਕਿਆ।

ਕਾਲਿਜ ਤੋਂ ਹੀ ਮੈਂ ਵਿਗਿਆਨਿਕ ਸੋਚ ਦਾ ਧਾਰਨੀ ਸਾਂ। ਪੜ੍ਹਾਈ ਨਾਲ ਜਿਵੇਂ ਜਿਵੇਂ ਵਿਗਿਆਨਿਕ ਸੂਝ ਵਧੀ। ਉਸੇ ਤਰ੍ਹਾਂ ਸੋਚ ਵਿੱਚ ਪਰਪੱਕਤਾ ਵੀ ਆਉਂਦੀ ਗਈ। ਮਾਂ ਪਿਉ ਨੂੰ ਆਪਣੇ ਵਿਚਾਰਾਂ ਅਨੁਸਾਰ ਬਦਲਣਾ ਤਾਂ ਬਹੁਤ ਔਖਾ ਸੀ। ਪਰ ਉਹਨਾਂ ਦੇ ਪਿਛਾਂਹ ਖਿੱਚੂ ਵਿਚਾਰਾਂ ਨਾਲ ਅਸਹਿਮਤੀ ਪ੍ਰਟਾਉਂਦਾ ਰਹਿੰਦਾ। ਜ਼ਿੰਦਗੀ ਦੀ ਪਹਿਲੀ ਤੇ ਵੱਡੀ ਜਿੱਤ ਮੈਂ ਉਸ ਵਕਤ ਹਾਸਿਲ ਕੀਤੀ। ਜਦੋਂ ਆਪਣੀ ਮਰਜ਼ੀ ਨਾਲ ਆਪਣੀ ਪਸੰਦ ਦੀ ਕੁੜੀ ਨਾਲ ਵਿਆਹ ਕਰਵਾਉਣ ਦਾ ਫੈਸਲਾ ਲਿਆ। ਮਾਂ ਪਿਓ ਨੂੰ ਵੀ ਇਸ ਫੈਸਲੇ ਨਾਲ ਸਹਿਮਤ ਕਰਨ ਵਿੱਚ ਕਾਮਯਾਬ ਰਿਹਾ। ਰੀਤ ਨਾਲ ਮੇਲ ਤੋਂ ਬਾਅਦ ਹੀ ਮੈਂ ਬਾਹਰ ਆਉਣ ਬਾਰੇ ਸੋਚਿਆ। ਪਿਆਰ ਦੀ ਅਗਲੀ ਮੰਜ਼ਲ ਵਿਆਹ ਸੀ ਤੇ ਵਿਆਹ ਲਈ ਆਰਥਿਕ ਮਜਬੂਤੀ ਚਾਹੀਦੀ ਸੀ। ਰੀਤ ਮੇਰੇ ਵਾਂਗ ਵਿਗਿਆਨਿਕ ਸੋਚ ਦੀ ਤਾਂ ਨਹੀਂ ਸੀ ਪਰ ਮੈਨੂੰ ਯਕੀਨ ਸੀ। ਮੈਂ ਉਸ ਨੂੰ ਬਦਲ ਲਵਾਂਗਾ। ਇਸ ਲਈ ਮੈਂ ਸਭ ਤੋਂ ਪਹਿਲਾ ਕੰਮ ਕੀਤਾ। ਵਿਆਹ ਬਹੁਤ ਹੀ ਸਾਦੇ ਢੰਗ ਨਾਲ ਕਰਨ 'ਤੇ ਜ਼ੋਰ ਦਿੱਤਾ। ਮੈਂ ਬਰਾਤ ਦੇ ਵਿੱਚ ਸਿਰਫ ਪੰਜ ਬੰਦੇ ਲੈ ਕੇ ਗਿਆ ਸਾਂ। ਪਰ ਰੀਤ ਦੇ ਘਰ ਜਾ ਕੇ ਹੈਰਾਨ ਰਹਿ ਗਿਆ। ਜਦੋਂ ਦੇਖਿਆ। ਉਹਨਾਂ ਨੇ ਬਹੁਤ ਇਕੱਠ ਕੀਤਾ ਸੀ ਤੇ ਸ਼ਾਨੋਸ਼ੌਕਤ ਵੀ ਪੂਰੀ ਸੀ। ਸਿਆਣਪ ਨੇ ਮੂੰਹ ਬੰਦ ਕਰਾਈ ਰੱਖਿਆ। ਇਸ ਬਾਰੇ ਉਸ ਵਕਤ ਗੱਲ ਕਰਨੀ ਠੀਕ ਨਹੀਂ ਸੀ। ਅਗਲੇ ਦਿਨ ਰੀਤ ਨਾਲ ਇਸ ਬਾਰੇ ਗੱਲ ਕੀਤੀ ਤਾਂ ਸੰਗਦੀ ਜਿਹੀ ਐਨਾ ਹੀ ਕਹਿ ਸਕੀ ਸੀ।

ਡੈਡੀ ਕਹਿੰਦੇ, "ਇਉਂ ਚੁੱਪ ਚੁਪੀਤੇ ਕਿਵੇਂ ਕੁੜੀ ਤੋਰ ਦੇਈਏ। ਭੈਣ ਭਰਾ ਵੀ ਗੁੱਸੇ ਹੋਣਗੇ, ਜਿਨ੍ਹਾਂ ਦੇ ਵਿਆਹਾਂ ਸ਼ਾਦੀਆਂ ਤੇ ਗਏ ਹਾਂ। ਸਾਡੀ ਕੁੜੀ-ਮੁੰਡੇ ਵਿੱਚ ਕਿਹੜਾ ਕੋਈ ਖੋਟ ਹੈ; ਜੋ ਚੋਰਾਂ ਵਾਂਗ ਵਿਆਹ ਕਰੀਏ, ਗੱਜ ਵੱਜ ਕੇ ਕਰਾਂਗੇ।" ਮੈਨੂੰ ਲੱਗਾ ਮੈਂ ਇਕ ਧੀ ਦੇ ਬਾਪ ਦੀਆਂ ਸੱਧਰਾਂ ਨੂੰ ਨਹੀਂ ਸਮਝ ਸਕਿਆ। ਜਿਸ ਨੂੰ ਇੱਕ ਧੀ ਸਮਝ ਸਕਦੀ ਹੈ। ਮੈਂ ਵਿਗਿਆਨਿਕ ਸੋਚ ਦੇ ਨਾਲੋਂ ਵੱਧ ਸੰਵੇਦਨਸ਼ੀਲ ਵੀ ਹਾਂ। ਰੀਤ ਦੇ ਮੰਮੀ ਡੈਡੀ ਨੂੰ ਮੈਂ ਆਪਣੇ ਮੰਮੀ ਡੈਡੀ ਤੋਂ ਵੱਧ ਇੱਜ਼ਤ ਦੇਣ ਦਾ ਫੈਸਲਾ ਕਰ ਚੁੱਕਾ ਸਾਂ।

ਇਸ ਲਈ ਉਹਨਾਂ ਦੀਆਂ ਖੁਆਹਿਸ਼ਾਂ ਦਾ ਖਿਆਲ ਰੱਖਣਾ ਮੇਰਾ ਫ਼ਰਜ਼ ਸੀ। ਪਰ ਜੇ ਇਹ ਗੱਲ ਰਤਨ ਨੂੰ ਪਤਾ ਲੱਗੇ ਤਾਂ ਉਹ ਜ਼ਰੂਰ ਕਹੇ।

"ਤੂੰ ਤਾਂ ਨਵੀਂ ਜ਼ਿੰਦਗੀ ਦੇ ਸ਼ੁਰੂ ਵਿੱਚ ਹੀ ਹਾਰ ਮੰਨ ਲਈ। ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ।"

ਵਿਆਹ ਨੂੰ ਮਹੀਨਾ ਕੁ ਬੀਤਿਆ। ਗੀਤ ਨੇ ਮੇਰੀ ਹਿੱਕ 'ਤੇ ਸਿਰ ਰੱਖ ਪਈ ਨੇ ਇੱਕ ਦਿਨ ਕਿਹਾ, "ਸੁੱਖ, ਡੈਡੀ ਪੁੱਛਦੇ ਸੀ ਸਮਾਨ ਕਦੋਂ ਛੱਡ ਕੇ ਜਾਈਏ?"

"ਕਿਹੜਾ ਸਮਾਨ? ਕਾਹਦਾ ਸਮਾਨ?" ਮੈਨੂੰ ਕੁੱਝ ਸਮਝ ਨਾ ਆਇਆ।

"ਡੈਡੀ ਨੇ ਮੇਰੇ ਲਈ ਪੇਟੀ ਅਲਮਾਰੀ ਤੇ ਬੈਡ ਖਰੀਦੇ।" ਗੀਤ ਨੇ ਡਰੇ ਹੋਏ ਬੱਚੇ ਵਾਂਗ ਮੇਰੇ ਨਾਲ ਅੱਖਾਂ ਮਿਲਾਈਆਂ।

"ਗੀਤ ਮੈਂ ਤੈਨੂੰ ਪਹਿਲਾਂ ਕਿਹਾ ਸੀ। ਆਪਾਂ ਨੂੰ ਕੁੱਝ ਨਹੀਂ ਚਾਹੀਦਾ। ਬੈੱਡ ਸੋਫੇ ਅਲਮਾਰੀਆ ਸਭ ਕੁੱਝ ਘਰ ਹੈ। ਤੂੰ ਡੈਡੀ ਨੂੰ ਕਹਿ ਸਭ ਕੁੱਝ ਵਾਪਸ ਕਰ ਦੇਵੇ।" ਗੀਤ ਨੇ ਨਜ਼ਰਾਂ ਝੁੱਕਾ ਲਈਆ ਤੇ ਮੂੰਹ ਹੇਠਾਂ ਨੂੰ ਕਰ ਲਿਆ, "ਆਪਣੇ ਕੋਲ ਸਭ ਕੁੱਝ ਹੈ। ਆਪਾਂ ਜਦੋਂ ਇੱਥੇ ਰਹਿਣਾ ਨਹੀਂ ਤਾਂ ਆਪਾਂ ਪੇਟੀਆਂ ਅਲਮਾਰੀਆਂ ਕੀ ਕਰਨੀਆਂ। ਇਹ ਸਾਡੇ ਸਮਾਜ ਦੀਆਂ ਭੈੜੀਆਂ ਰੀਤਾਂ ਜਿੰਨਾਂ ਨੂੰ ਖਤਮ ਕਰਨਾ ਸਾਡਾ ਫ਼ਰਜ਼ ਹੈ।" ਮੈਂ ਥੋੜਾ ਸਖ਼ਤੀ ਨਾਲ ਗੀਤ ਨੂੰ ਅਜੇਹਾ ਕਰਨ ਤੋਂ ਰੋਕਣਾ ਚਹੁੰਦਾ ਸੀ। ਪਰ ਮੈਨੂੰ ਗੀਤ ਦੇ ਹੌਂਕੇ ਤੇ ਹੰਝੂਆਂ ਦਾ ਸੇਕ ਆਪਣੀ ਹਿੱਕ ਤੇ ਮਹਿਸੂਸ ਹੋਇਆ।

"ਤੂੰ ਰੋ ਕਿਉਂ ਰਹੀ ਏ?" ਮੈਂ ਉਹਦਾ ਚਿਹਰਾ ਅਪਣੇ ਹੱਥਾਂ ਵਿੱਚ ਲੈ ਕੇ ਆਪਣੇ ਸਾਹਮਣੇ ਕੀਤਾ। ਮੱਥਾ ਚੁੰਮ ਪਿਆਰ ਦਾ ਅਹਿਸਾਸ ਕਰਾਇਆ। ਹਿੱਕ ਨਾਲ ਘੁੱਟ ਕੇ ਯਕੀਨ ਦੁਆਇਆ ਕਿ ਮੈਂ ਹਰ ਥਾਂ ਤੇਰੇ ਨਾਲ ਖੜਾਂਗਾ।

"ਗੀਤ ਮੈਂ ਤੈਨੂੰ ਦੁੱਖੀ ਕਰਨ ਵਾਲੀ ਤਾਂ ਕੋਈ ਗੱਲ ਨਹੀਂ ਕੀਤੀ? ਤੂੰ ਐਨੀ ਉਦਾਸ ਕਿਉਂ ਹੋ ਗਈ?" ਮੈਨੂੰ ਉਮੀਦ ਨਹੀਂ ਸੀ, ਗੀਤ ਬੱਚਿਆਂ ਵਾਂਗ ਰੋਣ ਲੱਗ ਜਾਵੇਗੀ।

"ਸਾਡਾ ਕੁੜੀਆਂ ਦਾ ਕਿਹੜਾ ਕੋਈ ਜ਼ੋਰ ਹੁੰਦਾ। ਪਹਿਲਾ ਮਾਪਿਆਂ ਦੀਆਂ ਗੁਲਾਮ ਫਿਰ ਸਹੁਰਿਆਂ ਦੀਆਂ।" ਗੀਤ ਦੇ ਬੋਲ ਮੇਰੇ ਸੀਨੇ ਵਿੱਚ ਵਰਮੀ ਵਾਂਗ ਸੱਲ ਕਰ ਗਏ।

"ਗੀਤ ਤੂੰ ਬਿੱਲਕੁੱਲ ਗਲ਼ਤ ਕਹਿ ਰਹੀ ਏ। ਮੈਂ ਤੈਨੂੰ ਕਦੇ ਗੁਲ਼ਾਮ ਕਰਨ ਦੇ ਹੱਕ ਵਿੱਚ ਨਹੀਂ ਹਾਂ। ਪਰ ਮੈਂ ਇਹਨਾਂ ਗਲ਼ਤ ਰੀਤਾਂ ਰਸਮਾਂ ਦੇ ਹੱਕ ਵਿੱਚ ਵੀ ਨਹੀਂ, ਜਿੰਨ੍ਹਾ ਨੇ ਅੱਜ ਕੁੜੀਆਂ ਮਾਪਿਆਂ ਲਈ ਬੋਝ ਬਣਾ ਦਿੱਤੀਆਂ।" ਮੈਂ ਗੀਤ ਦੀਆਂ ਭਾਵਨਾਤਮਕ ਦਲੀਲਾਂ ਅੱਗੇ ਹਾਰਨਾਂ ਨਹੀਂ ਚਹੁੰਦਾ ਸਾਂ।

"ਮੈਂ ਤਾਂ ਸੋਚਿਆ ਸੀ ਤੁਸੀਂ ਕਿੰਨੇ ਵਧੀਆਂ ਵਿਚਾਰਾਂ ਦੇ ਹੋ। ਮੇਰੀਆਂ ਭਵਨਾਂਵਾਂ ਦੀ ਕਦਰ ਕਰੋਗੇ।" ਗੀਤ ਮੇਰੇ ਗਲ ਨਾਲ਼ ਲੱਗੀ ਇਹ ਗੱਲਾਂ ਇਸ ਤਰ੍ਹਾਂ ਕਰ ਰਹੀ ਸੀ ਜਿਵੇਂ ਉਹ ਦੁਨੀਆ ਦੀ ਸਭ ਤੋਂ ਵੱਧ ਪਤੀ ਪੀੜ੍ਹਤ ਔਰਤ ਹੋਵੇ।

"ਗੀਤ ਤੂੰ ਇਹ ਕਿਵੇਂ ਸੋਚ ਲਿਆ ਕਿ ਮੈਂ ਤੇਰੀਆਂ ਭਾਵਨਾਂਵਾ ਦੀ ਕਦਰ ਨਹੀਂ ਕਰਦਾ।" ਮੈਂ ਗੀਤ ਨੂੰ ਕਲਾਵੇ 'ਚ ਲੈ ਆਪਣੇ ਦਿਲੀ ਪਿਆਰ ਦਾ ਅਹਿਸਾਸ ਕਰਾ ਰਿਹਾ ਸਾਂ।

"ਤਾਂ ਫਿਰ ਤੁਹਾਨੂੰ ਮੇਰੀ ਇਹ ਗੱਲ ਮੰਨਣੀ ਪਊਗੀ। ਮੈਂ ਬੜੀ ਰੀਝ ਨਾਲ਼ ਆਪਣੀਆ ਚਾਦਰਾਂ ਸਰ੍ਹਾਣੇ ਕੱਢੀਆਂ। ਮੈਂ ਉਹ ਲੈ ਕੇ ਆਉਣੀਆਂ।" ਉਹ ਨਿਆਣਿਆ ਵਾਂਗ ਜਿੱਦ ਕਰਨ ਲੱਗੀ।

"ਉਹ ਤੂੰ ਲੈ ਆਈਂ। ਇਹਦੇ ਵਿੱਚ ਪੇਟੀਆਂ ਅਲਮਾਰੀਆਂ ਤੇ ਹੋਰ ਚੀਜ਼ਾ ਲਿਆਉਣ ਦੀ ਕੀ ਲੋੜ ਹੈ?" ਮੈਂ ਬਾ-ਦਲੀਲ ਗੀਤ ਨੂੰ ਸਮਝਾ ਰਿਹਾ ਸਾਂ।

"ਉਹ ਚੀਜ਼ਾਂ ਮੇਰੀਆ ਆਪਣੀਆਂ ਤੇ ਮੈਂ ਉਹਨਾਂ ਨੂੰ ਆਪਣੇ ਹਿਸਾਬ ਨਾਲ ਆਪਣੀ ਪਸੰਦ ਦੀ

ਥਾਂ ਤੇ ਰੱਖਣਾ ਵੀ ਚਾਹੁੰਦੀ ਹਾਂ। ਇਸ ਲਈ ਮੈਂ ਆਪਣੀ ਪਸੰਦ ਦੀ ਅਲਮਾਰੀ ਤੇ ਪੇਟੀ ਖਰੀਦੀ। ਮੇਰੀ ਵੀ ਇਸ ਘਰ ਵਿੱਚ ਆਪਣੀ ਥੋੜ੍ਹੀ ਜਿਹੀ ਜਗ੍ਹਾ ਹੋਵੇ।" ਗੀਤ ਨੇ ਨਿਮਾਣੀ ਜਿਹੀ ਹੋ ਕੇ ਹੱਕ ਮੰਗਿਆ।



"ਤੂੰ ਇਹ ਕਿਉਂ ਕਹਿੰਨੀ ਥੋੜ੍ਹੀ ਜਿਹੀ ਜਗ੍ਹਾਂ, ਇਹ ਘਰ ਤੇਰਾ ਹੈ। ਸਾਰੀ ਜਗ੍ਹਾ ਤੇ ਤੇਰਾ ਬਰਾਬਰ ਹੱਕ ਹੈ।" ਮੈਂ ਉਹਦੇ ਓਪਰੇਪਨ ਤੋਂ ਉਪਰਾਮ ਹੋ ਗਿਆ।

"ਇਹ ਸਭ ਕਹਿਣ ਦੇ ਹੁੰਦੇ। ਹਰ ਰੋਜ਼ ਚਾਚੀਆਂ ਤਾਈਆਂ ਆਉਂਦੀਆਂ ਤੇ ਬੀਬੀ ਨੂੰ ਕਹਿੰਦੀਆ। 'ਭੈਣਜੀ ਦਾਜ ਕਦੋਂ ਆਉਣਾ।ਅਗਲੀਆਂ ਸੋਚਦੀਆਂ ਕੋਈ ਝੱਗਾ ਚੁੰਨੀ ਦੇਣਗੇ ਕਿ ਨਹੀਂ। ਮੈਨੂੰ ਬਹੁਤ ਸ਼ਰਮ ਆਉਂਦੀ।" ਗੀਤ ਨੂੰ ਆਪਣੇ ਮਾਂ ਪਿਓ ਦੀ ਇੱਜ਼ਤ ਦਾ ਕਿੰਨਾ ਖਿਆਲ ਸੀ।

"ਗੀਤ ਇਹਨਾਂ ਕੁਰੀਤੀਆਂ ਨੂੰ ਖਤਮ ਕਰਨ ਲਈ ਲੋਕਾਂ ਦੀ ਪਰਵਾਹ ਕਰਨੀ ਬੰਦ ਕਰਨੀ ਪਵੇਗੀ।" ਮੈਂ ਆਪਣੇ ਵਿਚਾਰਾਂ ਤੇ ਅੜ ਕੇ ਖੜ੍ਹਾ ਰਹਿਣਾ ਚਹੁੰਦਾ ਸਾਂ।

"ਦਾਜ ਉਹ ਹੁੰਦਾ, ਜੋ ਮੰਗ ਕਿ ਲਿਆ ਜਾਵੇ। ਮੰਮੀ ਡੈਡੀ ਮੈਨੂੰ ਤੋਹਫੇ ਵਜੋਂ ਕੁੱਝ ਦੇਣਾ ਚਾਹੁੰਦੇ ਹਨ, ਤਾਂ ਇਹਦੇ ਵਿੱਚ ਤੁਹਾਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਮੈਂ ਤੁਹਾਡੇ ਤੋਂ ਹੋਰ ਕੁੱਝ ਨਹੀਂ ਮੰਗਦੀ। ਮੈਨੂੰ ਆਪਣੀ ਰੀਝ ਨਾਲ ਬਣਾਇਆ, ਇਹ ਸਮਾਨ ਲੈ ਆਉਣ ਦਿਓ।" ਗੀਤ ਨੇ ਆਪਣੀ ਗੱਲ ਮਨਵਾਉਣ ਲਈ ਜਦੋਂ ਬੱਚਿਆ ਵਾਂਗ ਹੱਥ ਜੋੜ ਦਿੱਤੇ, ਤਾਂ ਮੈਨੂੰ ਲੱਗਾ ਮੈਂ ਜਿਆਦਾ ਮਰਦਾਨਗੀ ਦਿਖਾ ਰਿਹਾ ਹਾਂ। ਆਪਣੇ ਆਪ ਨੂੰ ਅਗਾਂਹ ਵਧੂ ਦਿਖਾਉਣ ਲਈ ਗੀਤ ਦੀਆ ਸਧਰਾਂ ਦਾ ਗਲਾ ਘੁੱਟ ਰਿਹਾ ਹਾਂ। ਮੈਨੂੰ ਆਪਣੀ ਬੀਬੀ ਦੇ ਪੇਟੀ ਸੰਦੂਕ ਦਾ ਖਿਆਲ ਆਇਆ। ਜਿਸ ਦੀ ਚਾਬੀ ਉਹ ਕਿਸੇ ਨੂੰ ਨਹੀਂ ਦਿੰਦੀ। ਉਹਦੇ ਵਿੱਚ ਨਾਂਨੀਂ ਵੱਲੋਂ ਦਿੱਤੀਆਂ ਕਈ ਸੌਗਾਂਤਾਂ ਉਹਨੇ ਸੰਭਲ ਰੱਖੀਆਂ। ਜਿਨ੍ਹਾਂ ਨੂੰ ਉਹ ਹੁਣ ਵੀ ਦਿਨ ਤਿਉਹਾਰ ਤੇ ਕੱਢਦੀ। ਗੀਤ ਵੀ ਕੁੱਝ ਅਜੇਹਾ ਹੀ ਲਿਆਉਣਾ ਚਾਹੁੰਦੀ ਹੋਵੇਗੀ। 'ਗੀਤ ਨੂੰ ਆਪਣੀ ਮਨਮਰਜੀ ਕਰਨ ਦਾ ਪੂਰਾ ਅਧਿਕਾਰ ਹੈ। ਇਹ ਸੋਚ ਮੇਰੇ ਮੂੰਹੋਂ ਇਹ ਸ਼ਬਦ ਨਿੱਕਲੇ ਸਨ।

"ਗੀਤ ਵੈਸੇ ਤਾਂ ਜੋ ਤੈਨੂੰ ਚੰਗਾ ਲੱਗਦਾ। ਉਹ ਕਰਨ ਦਾ ਤੈਨੂੰ ਪੂਰਾ ਹੱਕ ਹੈ।" ਉਹ ਖੁਸ਼ ਹੁੰਦੀ ਮੇਰੇ ਗਲ਼ ਨੂੰ ਚੰਬੜ ਗਈ। ਮੈਂ ਉਹਦੀ ਇਸ ਖੁਸ਼ੀ ਨੂੰ ਘਟਉਣਾ ਨਹੀਂ ਚਾਹੁੰਦਾ ਸੀ। ਇਸ ਲਈ ਹੋਰ ਸਮਝਾਉਣ ਦਾ ਖਿਆਲ ਤਿਆਗ ਹਾਰ ਮੰਨ ਲਈ। ਉਹਨੇ ਮਿਲਣ ਆਏ ਆਪਣੇ ਡੈਡੀ ਨੂੰ ਸਮਾਨ ਛੱਡ ਕੇ ਜਾਣ ਲਈ ਹਰੀ ਝੰਡੀ ਦੇ ਦਿੱਤੀ। ਸਮਾਨ ਆਇਆ ਤਾਂ ਮੈਨੂੰ ਆਪਣੇ ਆਪ ਵਿੱਚ ਸ਼ਰਮ ਜਿਹੀ ਮਹਿਸੂਸ ਹੋ ਰਹੀ ਸੀ। ਪਰ ਗੀਤ ਦੇ ਚਿਹਰੇ 'ਤੇ ਖੁਸ਼ੀ ਨੂੰ ਦੇਖ, ਮੈਂ ਕੁੱਝ ਕਹਿਣਾ ਠੀਕ ਨਾ ਸਮਝਿਆ।

ਇੰਗਲੈਂਡ ਆ ਸਾਲ ਬਾਅਦ ਬੇਟੀ ਰਿਸ਼ਮ ਨੇ ਜਨਮ ਲਿਆ। ਮੈਂ ਗੀਤ ਨੂੰ ਕਹਿ ਦਿੱਤਾ, "ਆਪਾਂ ਹੋਰ ਬੱਚਾ ਨਹੀਂ ਲੈਣਾ ਇਹਨੂੰ ਹੀ ਪੜ੍ਹਾਉਣਾ ਤੇ ਵਧੀਆ ਇਨਸਾਨ ਬਣਾਉਣਾ।" ਗੀਤ ਨੇ ਉਸ ਵਕਤ

ਮੇਰੇ ਵਿਚਾਰਾਂ ਨਾਲ ਕੋਈ ਸਹਿਮਤੀ ਅਸਹਿਮਤੀ ਨਾ ਦਿਖਾਈ। ਇਹ ਤਾਂ ਮੈਨੂੰ ਦੋ ਸਾਲ ਬਾਅਦ ਉਹਨੇ ਇੱਕ ਦਿਨ ਕਿਹਾ।

"ਆਪਾਂ ਵੀ ਹੁਣ ਫੈਮਲੀ ਕੰਮਪਲੀਟ ਕਰ ਲਈਏ। ਇੱਕ ਬੇਬੀ ਬੁਆਏ ਹੋ ਜਾਵੇ। ਫਿਰ ਹੋਰ ਚਾਂਨਸ ਨਹੀਂ ਲੈਣਾ।" ਮੈਂ ਹੈਰਾਨ ਸਾਂ।

"ਪਰ ਆਪਾਂ ਤਾਂ ਫੈਸਲਾ ਕਰ ਚੁੱਕੇ ਹਾਂ ਕਿ ਹੋਰ ਬੱਚਾ ਨਹੀਂ ਲੈਣਾ।" ਮੈਨੂੰ ਗੀਤ ਦਾ ਵਾਅਦਾ ਕਰਕੇ ਮੁੱਕਰਨਾ ਬਿੱਲਕੁੱਲ ਚੰਗਾ ਨਾ ਲੱਗਾ।

"ਮੈਂ ਕਦੋਂ ਫੈਸਲੇ ਲਈ ਹਾਮੀ ਭਰੀ? ਤੁਸੀਂਓ ਕਹਿੰਦੇ ਸੀ। ਬੀਬੀ ਫ਼ੋਨ 'ਤੇ ਕਈ ਵਾਰ ਪੁੱਛ ਹਟੇ। 'ਤੁਸੀਂ ਬੇਬੀ ਕਦੋਂ ਲੈਣਾ? ਮੈਂ ਆ ਜਾਵਾਂਗੀ। ਮੈਂ ਕੀ ਕਹਾਂ?" ਗੀਤ ਨੇ ਆਪਣੀ ਖੁਆਹਿਸ਼ ਮੇਰੀ ਮਾਂ ਰਾਹੀ ਕਹਿ ਦਿੱਤੀ।

"ਬੀਬੀ ਨੂੰ ਬੁਲਾਉਣ ਲਈ ਬੇਬੀ ਲੈਣਾ ਜ਼ਰੂਰੀ ਨਹੀਂ। ਉਹਨਾਂ ਨੂੰ ਰਿਸ਼ਮ ਦੇ ਬਰਥਡੇ ਤੇ ਸਪਾਂਸਰ ਭੇਜ ਦਿਆਂਗੇ।" ਮੈਂ ਅੜ ਗਿਆ।

"ਬੀਬੀ ਪਾਪਾ ਚਾਹੁੰਦੇ ਆ। ਆਪਾਂ ਇੱਕ ਹੋਰ ਬੱਚਾ ਲਈਏ। ਦਾਦੇ ਦਾਦੀ ਨੂੰ ਪੋਤੇ ਦਾ ਚਾਅ ਹੁੰਦਾ। ਕੁੜੀ ਤਾਂ ਕੱਲ ਨੂੰ ਵਿਆਹ ਕਰਾ ਕੇ ਆਪਣੇ ਘਰ ਚਲੀ ਜਊ।" ਗੀਤ ਨੇ ਆਪਣੇ ਦਿਲ ਦੀ ਕਹਿ ਦਿੱਤੀ।

"ਇਸ ਮੁਲਕ ਵਿੱਚ ਮੁੰਡੇ ਵੀ ਕਿਹੜਾ ਨਾਲ ਰਹਿੰਦੇ।" ਮੈਂ ਪੁੱਛਿਆ।

"ਨਾਲ ਭਾਵੇ ਨਾ ਵੀ ਰਹਿਣ। ਸਿਆਣੇ ਕਹਿੰਦੇ ਪੁੱਤਾਂ ਨਾਲ ਜੱਗ ਤੇ ਨਾਂ ਹੁੰਦਾ।"

"ਗੀਤ ਮੈਂ ਹੈਰਾਨ ਹਾਂ! ਤੂੰ ਐਸ ਮੁਲਕ ਵਿੱਚ ਆ ਕੇ ਕਿਹੋ ਜਿਹੀਆਂ ਗੱਲਾਂ ਸੋਚ ਰਹੀ ਏ। ਇੱਥੇ ਕੋਈ ਮੁੰਡੇ ਕੁੜੀ ਵਿੱਚ ਫ਼ਰਕ ਨਹੀਂ। ਬੱਚਾ, ਬੱਚਾ ਹੁੰਦਾ। ਬਾਈ ਰਤਨ ਠੀਕ ਹੀ ਕਹਿੰਦਾ, ਆਪਣੇ ਲੋਕ ਇੱਥੇ ਆ ਕੇ ਵੀ ਨਹੀਂ ਸਮਝਦੇ।" ਮੈਂ ਗੀਤ ਨੂੰ ਸਮਝਾਉਣ ਲਈ ਜ਼ੋਰ ਲਾ ਰਿਹਾ ਸੀ। ਮੇਰੀ ਸਖ਼ਤੀ ਨੂੰ ਨਰਮ ਕਰਨ ਲਈ ਉਹਦਾ ਆਖਰੀ ਹਥਿਆਰ ਤਿਆਰ ਹੁੰਦਾ। ਢਿੱਲਾ ਜਿਹਾ ਮੂੰਹ ਕਰ ਅੱਖਾਂ ਭਰ ਬੋਲੀ।

"ਤੂੰ ਤੇ ਰਤਨ ਭਾਜੀ ਕਹਿੰਦੇ ਨਹੀਂ ਥੱਕਦੇ, 'ਔਰਤਾਂ ਨੂੰ ਇਸ ਮੁੱਲਕ ਵਿੱਚ ਬਰਾਬਰ ਦਾ ਅਧਿਕਾਰ ਹੈ। ਪਰ ਅਧਿਕਾਰ ਦਿੰਦਾ ਕੌਣ ਹੈ? ਚਲਦੀ ਇੱਥੇ ਵੀ ਮਰਦਾਂ ਦੀ ਹੈ। ਆਪਣੇ ਵਿਚਾਰ ਔਰਤਾਂ 'ਤੇ ਥੋਪਦੇ। ਫਿਰ ਕਹਿੰਦੇ ਔਰਤ ਅਜ਼ਾਦ ਆ। ਔਰਤ ਆਪਣੇ ਮਨ ਦੀ ਰੀਝ ਪੂਰੀ ਨਹੀਂ ਕਰ ਸਕਦੀ। ਅਜ਼ਾਦ ਕਾਹਦੀ? ਤੁਸੀਂ ਕਾਮਰੇਡੀਆਂ ਕਰਨੀਆਂ ਕਰੀ ਜਾਓ। ਰਤਨ ਭਾਜੀ ਦੇ ਵੀ ਮੁੰਡਾ ਤੇ ਕੁੜੀ ਆ।" ਉਹਨੇ ਮੈਨੂੰ ਜਜ਼ਬਾਤੀ ਕਰ ਲਾਹਾ ਲੈਣ ਦੀ ਕੋਸ਼ਿਸ਼ ਕੀਤੀ।

"ਗੀਤ ਮੈਂ ਤੈਨੂੰ ਕਦੇ ਕਿਸੇ ਗੱਲੋਂ ਨਹੀਂ ਰੋਕਿਆ। ਇਹ ਤੂੰ ਮੇਰੇ ਸਿਰ ਇਲਜ਼ਮ ਲਾ ਰਹੀ ਏ।"

"ਤਾਂ ਫਿਰ ਮੇਰੀ ਗੱਲ ਮੰਨ ਕੇ ਦਿਖਾਓ।" ਉਹਨੇ ਝੱਟ ਹੀ ਅੱਗਾ ਵੱਲ਼ਿਆ।

"ਪਰ ਜੇ ਫਿਰ ਕੁੜੀ ਹੋ ਗਈ?" ਮੈਂ ਸੁਆਲ ਕੀਤਾ।

"ਨਹੀਂ ਹੁੰਦੀ! ਮੈਨੂੰ ਪੂਰਾ ਵਿਸ਼ਵਾਸ਼ ਹੈ। ਬੀਬੀ ਵੀ ਕਹਿੰਦੀ, 'ਰੱਬ ਸਾਡੀ ਸੁਣੇਗਾ। ਬਸ ਮੈਨੂੰ ਤੁਹਾਡੀ ਸਹਿਮਤੀ ਚਾਹੀਦੀ।" ਉਹ ਖੁਸ਼ ਹੁੰਦੀ ਮੇਰੇ ਗੱਲ ਨਾਲ ਲੱਗੀ ਤਾਂ ਮੈਂ ਹਾਰ ਮੰਨ ਲਈ।

ਪਰੈਗਨੈਸੀ ਹੋਣ ਦੀ ਦੇਰ ਸੀ ਕਿ ਗੀਤ ਇੰਡੀਆ ਦੀ ਤਿਆਰੀ ਖਿੱਚਣ ਲੱਗੀ। ਉਹਦਾ ਬਹਾਨਾ ਸੀ।

"ਬੀਬੀ ਪਾਪਾ ਕਹਿੰਦੇ ਹੁਣ ਆ ਕੇ ਮਿਲ ਜਾਹ। ਫੇਰ ਨਿੱਕੇ ਨਿਆਣੇ ਨੂੰ ਲੈ ਕੇ ਆਉਣਾ ਔਖਾ ਹੋ ਜਾਂਦਾ।" ਮੈਨੂੰ ਉਹਦੀ ਅਚਾਨਕ ਤਿਆਰੀ ਤੋਂ ਸ਼ੱਕ ਪਿਆ।

"ਜੇ ਇੰਡੀਆਂ ਜਾ ਕੇ ਟੈਸਟ ਕਰਵਾ ਤੇ ਕੁੜੀ ਹੋਣ 'ਤੇ ਅਬੋਰਸ਼ਨ ਕਰਾਇਆ। ਮੈਥੋਂ ਬੁਰਾ ਕੋਈ ਨਹੀਂ।" ਮੈਂ ਚਿਤਾਵਨੀ ਦਿੱਤੀ।

"ਤੁਸੀਂ ਚੰਗੀ ਗੱਲ ਸੋਚੋ। ਮੇਰਾ ਪੱਕਾ ਵਿਸ਼ਵਾਸ ਹੈ ਮੁੰਡਾ ਹੀ ਹੋਵੇਗਾ।" ਗੀਤ ਨੇ ਅਬੋਰਸ਼ਨ ਨਾ ਕਰਾਉਣ ਦਾ ਕੋਈ ਵਿਸ਼ਵਾਸ ਨਾ ਦੁਆਇਆ। ਸਗੋਂ ਆਪਣੇ ਤੇ ਬੀਬੀ ਦੇ ਵਿਸ਼ਵਾਸ ਦਾ ਪਾਠ ਪੜ੍ਹਦੀ ਰਹੀ।



ਇੰਡੀਆ ਜਾ ਕੇ ਗੀਤ ਨੇ ਟੈਸਟ ਕਰਾਇਆ। ਮੈਨੂੰ ਪੈਦਾ ਹੋਣ ਵਾਲਾ ਬੱਚਾ ਮੁੰਡਾ ਹੋਣ ਦੀ ਉਹਨੇ ਫ਼ੋਨ 'ਤੇ ਖੁਸ਼ਖ਼ਬਰੀ ਦਿੱਤੀ। ਉਹਦੇ ਬੋਲਾਂ ਵਿੱਚ ਜਿੱਤ ਸੀ ਜਿਵੇਂ ਕਹਿ ਰਹੀ ਹੋਵੇ, 'ਮੈਨੂੰ ਤੇ ਬੀਬੀ ਨੂੰ ਰੱਬ ਤੇ ਯਕੀਨ ਸੀ। ਇਹ ਤੇਰੇ ਕਰਕੇ ਨਹੀਂ ਮੇਰੇ ਕਰਕੇ ਹੋਇਆ। ਮੈਨੂੰ ਭਾਵੇ ਇਹ ਦੁੱਖ ਹੋਇਆ ਕਿ ਮੈਂ ਗੀਤ ਨੂੰ ਇਹ ਹੀ ਨਹੀਂ ਸਮਝਾ ਸਕਿਆ ਸੀ। ਇਹ ਰੱਬ ਦਾ ਕ੍ਰਿਸ਼ਮਾਂ ਨਹੀਂ। ਪਰ ਇਹ ਸੋਚ ਮੇਰੇ ਵੀ ਮਨ ਨੂੰ ਚੈਨ ਆਇਆ। ਜੇ ਕੁੜੀ ਹੁੰਦੀ ਗੀਤ ਨੇ ਅਬੋਰਸ਼ਨ ਕਰਾਵਾ ਕੇ ਹੀ ਸਾਹ ਲੈਣਾ ਸੀ। ਮੈਂ ਆਪਣੇ ਆਪ ਵਿੱਚ ਇੱਕ ਬੋਝ ਹੇਠਾਂ ਦੱਬੇ ਰਹਿਣਾ ਸੀ ਕਿ ਮੈਂ ਇੱਕ ਬੱਚੀ ਨੂੰ ਬਚਾ ਨਹੀਂ ਸਕਿਆ। ਮੈਨੂੰ ਬੱਚਿਆ ਦੇ ਪਾਲਣ ਪੋਸ਼ਨ ਵਿੱਚ ਗੀਤ ਨੂੰ ਮੋਹਰੇ ਰੱਖਣਾ ਪਿਆ। ਮੈਨੂੰ ਘਰ ਤੇ ਬੱਚਿਆਂ ਦੇ ਖਰਚ ਲਈ ਫੁੱਲ ਟਾਈਮ ਕੰਮ ਕਰਨਾ ਪੈਣਾ ਸੀ। ਗੀਤ ਨੂੰ ਮੈਂ ਸ਼ੁਰੂ ਤੋਂ ਹੀ ਹਦਾਇਤ ਕੀਤੀ ਸੀ।

"ਕੰਮ ਪਾਰਟ ਟਾਈਮ ਹੀ ਕਰ ਪਰ ਬੱਚਿਆ ਨੂੰ ਪੂਰਾ ਵਕਤ ਦੇਹ।" ਗੀਤ ਨੇ ਹੁਣ ਤੱਕ ਪਾਰਟ ਟਾਈਮ ਕੰਮ ਹੀ ਕੀਤਾ ਸੀ। ਮੇਰੇ ਕੋਲ ਵੀਕ ਇੰਡ ਹੀ ਬੱਚਿਆਂ ਲਈ ਵਕਤ ਹੁੰਦਾ। ਮੈਂ ਬੱਚਿਆਂ ਨੂੰ ਕਦੇ ਧਾਰਮਿਕ ਗਤੀਵਿਧੀਆਂ ਵਿਚ ਜਾਣ ਲਈ ਨਹੀਂ ਕਹਿੰਦਾ ਸਾਂ। ਗੀਤ ਨਾ ਹੱਟਦੀ। ਉਹ ਬੱਚਿਆ ਨੂੰ ਉਹਨਾਂ ਦੇ ਜਨਮ ਦਿਨ 'ਤੇ ਜਾਂ ਹੋਰ ਤਿਉਹਾਰਾਂ ਤੇ ਗੁਰੂ ਘਰ ਲੈ ਕੇ ਜਾਂਦੀ। ਇਹ ਉਲਾਂਭਾਂ ਇਕ ਦੋ ਵਾਰ ਮੈਨੂੰ ਰਤਨ ਨੇ ਵੀ ਦਿਤਾ ਸੀ।

"ਸੁੱਖ ਗੀਤ ਤਾਂ ਬਹੁਤ ਧਾਰਮਿਕ ਹੈ। ਤੂੰ ਉਹਨੂੰ ਵਿਗਿਆਨਕ ਸੋਚ ਦੀ ਧਾਰਨੀ ਨਹੀਂ ਬਣਾ ਸਕਿਆ। ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ। ਮੈਂ ਤਾਂ ਘਰ ਵਾਲੀ ਤੇ ਬੱਚਿਆਂ ਨੂੰ ਸਾਫ਼ ਕਿਹਾ ਜੇ ਰੱਬ ਤੇ ਐਨਾ ਯਕੀਨ ਹੈ ਤਾਂ ਉਸੇ ਤੋਂ ਮੰਗੋ ਆਪੇ ਖਾਣ ਨੂੰ ਦੇਊ। ਆਪਾਂ ਕਿਸੇ ਨੂੰ ਪੈਨੀ ਨਹੀਂ ਦੇਣੀ। ਜਾਹ ਖਾਂ ਕਦੇ ਕਿਸੇ ਨੇ ਮੇਰੇ ਸਾਹਮਣੇ ਰੱਬ ਦਾ ਨਾ ਲਿਆ ਹੋਵੇ।" ਰਤਨ ਬੜੇ ਮਾਣ ਨਾਲ ਕਹਿੰਦਾ।

"ਭਾਜੀ ਮੈਂ ਆਪਣੇ ਵਿਚਾਰ ਕਿਸੇ 'ਤੇ ਨਹੀਂ ਧੋਪਦਾ। ਬਚਪਨ ਤੋਂ ਮਨ ਵਿੱਚ ਬੈਠਾ ਰੱਬ ਦਾ ਡਰ

ਛੇਤੀ ਨਹੀਂ ਜਾਂਦਾ। ਬਹੁਤ ਘੱਟ ਔਰਤਾਂ ਮਰਦਾਂ ਜਿੰਨੀਆਂ ਦਲੇਰ ਹੁੰਦੀਆਂ। ਆਪਣੇ ਤੋਂ ਡਰਦੀਆਂ ਹਜ਼ਾਰ ਕਹੀ ਜਾਣ। ਅਸੀਂ ਵੀ ਵਿਗਿਆਨਿਕ ਸੋਚ ਦੀਆਂ ਧਾਰਨੀ ਹਾਂ। ਪਰ ਅੰਦਰੋਂ ਉਹ ਰੱਬ ਦਾ ਡਰ ਨਹੀਂ ਕੱਢ ਸਕਦੀਆਂ। ਬੱਚੇ ਜਿਵੇਂ ਜਿਵੇਂ ਵੱਡੇ ਹੋਣਗੇ ਤੇ ਪੜ੍ਹਨਗੇ। ਉਹ ਜ਼ਰੂਰ ਵਿਚਾਧਾਰਕ ਤੌਰ ਤੇ ਮੇਰੇ ਨਾਲ ਜੁੜਨਗੇ।" ਮੈਂ ਰੀਤ ਨੂੰ ਨਾ ਬਦਲਣ ਕਰਕੇ ਹਾਰ ਮੰਨ ਲਈ।

"ਘਰਵਾਲੀ ਦੇ ਦਿਲੋਂ ਤਾਂ ਤੂੰ ਇਹ ਡਰ ਕੱਢ ਨਹੀਂ ਸਕਿਆ। ਬੱਚਿਆਂ ਦੇ ਕਿਥੋਂ ਕੱਢ ਦੇਵੇਂਗਾ। ਇਹ ਘੋਲ ਅਏਂ ਨਹੀਂ ਜਿੱਤੇ ਜਾਂਦੇ।" ਰਤਨ ਕਦੇ ਹਾਰਦਾ ਨਹੀਂ ਸੀ।

ਜਦੋਂ ਬੱਚੇ ਵੱਡੇ ਹੋ ਗਏ ਤੇ ਧਾਰਮਿਕ ਸਮਾਗਮਾਂ ਵਿੱਚ ਜਾਣ ਤੋਂ ਨਾਂਹ ਕਰਨ ਲੱਗੇ। ਫਿਰ ਰੀਤ ਦਾ ਇਲਜ਼ਮ ਮੇਰੇ ਸਿਰ ਆਉਣ ਲੱਗਾ।

"ਤੁਸੀਂ ਆਪ ਤਾਂ ਜਿਹੋ ਜਿਹੇ ਸੀ। ਜੁਆਕ ਵੀ ਆਪਣੇ ਵਰਗੇ ਕਰ ਲਏ। ਅੱਗੇ ਕਿਤੇ ਮੱਥਾ ਟੇਕ ਆਉਦੇ ਸੀ। ਹੁਣ ਤਾਂ ਨਾਂ ਨਹੀਂ ਲੈਣ ਦਿੰਦੇ।"

"ਮੇਰੇ ਨਾਲੋਂ ਵੱਧ ਸਮਾਂ ਤੇਰੇ ਕੋਲ ਰਹਿੰਦੇ ਸਨ। ਤੂੰ ਧਾਰਮਿਕ ਬਣਾ ਲੈਂਦੀ।" ਮੈਨੂੰ ਆਪਣੀ ਜਿੱਤ ਤੇ ਖੁਸ਼ੀ ਹੋਈ।

ਬੇਟੀ ਨੇ ਯੂਨੀਵਰਸਿਟੀ ਦੇ ਆਖਰੀ ਸਾਲ ਵਿੱਚ ਮੈਨੂੰ ਇੱਕ ਦਿਨ ਕਿਹਾ ਸੀ।

"ਡੈਡ ਮੈਂ ਇੱਕ ਗੋਰੇ ਮੁੰਡੇ ਨੂੰ ਪਸੰਦ ਕਰਦੀ ਹਾਂ। ਕੀ ਤੁਸੀਂ ਮੇਰੀ ਪਸੰਦ ਨਾਲ ਸਹਿਮਤ ਹੋ।"

"ਬੇਟੇ ਤੂੰ ਜ਼ਿੰਦਗੀ ਭਰ ਜਿਸ ਨਾਲ ਰਹਿਣਾ। ਉਹ ਤੇਰੀ ਪਸੰਦ ਦਾ ਹੀ ਹੋਣਾ ਚਾਹੀਦਾ। ਤੈਨੂੰ ਪਸੰਦ ਹੈ ਤਾਂ ਮੈਨੂੰ ਇਤਰਾਜ਼ ਕਿਉਂ ਹੋਵੇਗਾ।" ਮੈਂ ਰਿਸ਼ਮ ਨਾਲ ਸਹਿਮਤੀ ਪ੍ਰਗਟਾਈ ਤਾਂ ਉਹ ਹੈਰਾਨ ਹੋ ਗਈ।

"ਸੱਚ ਡੈਡ ! ਤੁਸੀਂ ਮੇਰੇ ਨਾਲ ਸਹਿਮਤ ਹੋ?" ਮੈਂ "ਹਾਂ" ਕਿਹਾ ਤਾਂ ਉਹ ਉੱਠ ਕੇ ਖੁਸ਼ੀ ਨਾਲ ਮੇਰੇ ਗਲ਼ ਨੂੰ ਚੰਬੜ ਗਈ। ਦੂਜੇ ਪਲ ਥੋੜੀ ਉਦਾਸ ਹੁੰਦੀ ਬੋਲੀ।

"ਪਰ ਮੰਮ ਸਹਿਮਤ ਨਹੀਂ। ਉਹਨੂੰ ਪੰਜਾਬੀ ਮੁੰਡਾ ਚਾਹੀਦਾ।"

"ਬੇਟੇ ਤੈਨੂੰ ਪਤਾ ਹੈ। ਉਹ ਧਾਰਮਿਕ ਖਿਆਲ ਦੀ ਹੈ। ਮੈਂ ਉਹਨੂੰ ਹੌਲੀ ਹੌਲੀ ਮਨਾ ਲਵਾਂਗਾ। ਇਹਦੇ ਲਈ ਮੈਨੂੰ ਹਾਰਨਾ ਪਵੇਗਾ।" ਮੈਂ ਸਾਰੀ ਜਿੰਮੇਵਾਰੀ ਆਪਣੇ ਸਿਰ ਲੈ ਲਈ।

ਰੀਤ ਨਾਲ ਗੱਲ ਕੀਤੀ ਤਾਂ ਉਹ ਭੜਕ ਪਈ। 'ਲੋਕ ਕੀ ਕਹਿਣਗੇ? ਇਹਨਾਂ ਨੂੰ ਕੋਈ ਪੰਜਾਬੀ ਮੁੰਡਾ ਨਹੀਂ ਲੱਭਿਆ? ਕੀ ਪਤਾ ਕਿਹੋ ਜਿਹਾ ਹੋਊ? ਗੋਰਿਆ ਦਾ ਕੀ ਪਤਾ ਕਦੋਂ ਛੱਡ ਕੇ ਤੁਰਜੇ?"

"ਛੱਡ ਕੇ ਆਪਣੇ ਵੀ ਬਥੇਰੇ ਚਲੇ ਜਾਂਦੇ। ਲੋਕਾਂ ਦੀਆਂ ਨਹੀਂ ਸੁਣੀ ਦੀਆਂ, ਦੋ ਦਿਨ ਬੋਲ ਕੇ ਹੱਟ ਜਾਂਦੇ ਹੁੰਦੇ। ਤੂੰ ਆਪ ਦੱਸ ਜੇ ਤੇਰੇ ਘਰਦੇ ਆਪਣੇ ਵਿਆਹ ਨੂੰ ਨਾਂ ਮੰਨਦੇ? ਤੇਰਾ ਕੀ ਹਾਲ ਹੁੰਦਾ?" ਮੇਰੀ ਆਖਰੀ ਦਲੀਲ ਰੀਤ ਦੇ ਦਿਲ ਨੂੰ ਲੱਗੀ। ਕਈ ਦਿਨਾਂ ਦੀ ਸੋਚ ਵਿਚਾਰ ਮਗਰੋਂ ਇੱਕ ਸ਼ਰਤ ਤੇ ਮੰਨੀ ਸੀ। 'ਵਿਆਹ ਇੰਡੀਅਨ ਸਟਾਇਲ ਦਾ ਕਰਨਾ। ਮਾਈਆ, ਜਾਗੋ, ਬਰਾਤ ਤੇ ਅਨੰਦ ਕਾਰਜ। ਅਨੰਦ ਕਾਰਜਾਂ ਦੇ ਮੈਂ ਹੱਕ ਵਿੱਚ ਨਹੀਂ ਸਾਂ। ਇਹ ਮੁੰਡੇ ਦੇ ਪ੍ਰਵਾਰ ਨੂੰ ਚੰਗਾ ਨਹੀਂ ਲੱਗਣਾ ਸੀ। ਬਾਕੀ ਸਭ ਸ਼ਰਤਾਂ ਅੱਗੇ ਮੈਨੂੰ ਨਾਂ ਚਹੁੰਦਿਆਂ ਵੀ ਹਾਰ ਮੰਨਣੀ ਪਈ। ਜਦੋਂ ਮੈਂ ਰਤਨ ਨਾਲ ਇਸ ਬਾਰੇ ਗੱਲ ਕੀਤੀ। ਉਹ ਭੜਕਿਆ।

"ਤੂੰ ਇਹ ਮਾਈਆਂ ਜਾਗੋ ਪਾਰਟੀਆਂ ਕਿਉਂ ਕਰ ਰਿਹਾਂ? ਮੈਨੂੰ ਤੇਰੇ ਤੋਂ ਇਹ ਉਮੀਦ ਨਹੀਂ ਸੀ। ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ।" ਉਹ ਲੜਨ ਵਾਲਾ ਹੋਇਆ ਖੜਾ ਸੀ।

"ਭਾਜੀ, ਘਰ ਵਾਲੀ ਤੇ ਬੱਚੇ ਨਹੀਂ ਮੰਨਦੇ।" ਮੈਂ ਹਾਹ ਮੰਨੀ ਖੜਾ ਸਾਂ।

"ਮੰਨਦੇ ਕਿਵੇਂ ਨਹੀਂ ! ਮੈਂ ਘਰਵਾਲੀ ਨੂੰ ਵੀ ਤੇ ਬੱਚਿਆਂ ਨੂੰ ਵੀ, ਪਹਿਲਾਂ ਹੀ ਕਹਿ ਦਿੱਤਾ ਸੀ, 'ਮੈਂ

ਵਿਆਹ ਤੇ ਫੁੱਟੀ ਕੌਡੀ ਨਹੀਂ ਲਾਉਣੀ। ਕਿਸੇ ਦੀ ਹਿੰਮਤ ਨਹੀਂ ਹੋਈ ਲਾਉਣ ਦੀ। ਆਪਣੀ ਸੋਚ ਤੇ ਠੋਕ ਕੇ ਪਹਿਰਾ ਦੇਈਦਾ। ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ।" ਰਤਨ ਬੜੇ ਮਾਣ ਨਾਲ ਦੱਸਦਾ। ਪਰ ਮੈਂ ਉਹਨੂੰ ਕਿਵੇਂ ਸਮਝਾਂਵਾਂ ਮੈਂ ਅਗਾਂਹਵਧੂ ਦੇ ਨਾਲ਼ ਸੂਖਮਭਾਵੀ ਇਨਸਾਨ ਵੀ ਹਾਂ। ਤੇਰੇ ਵਰਗੀ ਕਠੋਰਤਾ ਮੈਂ ਨਹੀਂ ਦਿਖਾ ਸਕਦਾ। ਉਹ ਆਪ ਵਿਆਹ 'ਤੇ ਨਹੀਂ ਆਇਆ ਸੀ। ਉਹਦੀ ਪਤਨੀ ਗੁਰਦੇਵ ਤੇ ਵੱਡੀ ਕੁੜੀ ਸਾਰੀਆਂ ਰਸਮਾਂ 'ਤੇ ਆਈਆਂ। ਦੋਵੇਂ ਬਹੁਤ ਨੱਚੀਆਂ ਤੇ ਅਨੰਦ ਮਾਣਿਆ। ਮੈਨੂੰ ਲੱਗਾ ਉਹਨਾਂ ਨੂੰ ਇਹ ਸਭ ਬਹੁਤ ਪਸੰਦ ਹੈ। ਵਿਆਹ ਤੋਂ ਮਗਰੋਂ ਰੀਤ ਨੇ ਮੈਨੂੰ ਦੱਸਿਆ। ਗੁਰਦੇਵ ਤੇ ਉਹਦੀ ਧੀ ਨੇ ਰਤਨ ਦੀ ਗੈਰ ਹਾਜ਼ਰੀ ਵਿੱਚ ਹੀ ਐਨਾ ਖੁੱਲ੍ਹ ਕੇ ਅਨੰਦ ਮਾਣਿਆ। ਉਹ ਹੁੰਦਾ ਤਾਂ ਕਦੇ ਨਾ ਨੱਚਦੀਆਂ।

ਜਦੋਂ ਦੋ ਸਾਲ ਬਾਅਦ ਬੇਟੇ ਦਾ ਵਿਆਹ ਪੰਜਾਬੀ ਕੁੜੀ ਨਾਲ ਕਰਨ ਦਾ ਫੈਸਲਾ ਹੋਇਆ। ਫਿਰ ਤਾਂ ਅਗਲੇ ਕੁੜਮ ਵੀ ਪੂਰੇ ਪੰਜਾਬੀ ਤੇ ਸ਼ਾਨੋਸ਼ੌਕਤ ਨਾਲ ਵਿਆਹ ਕਰਨ ਦੇ ਹੱਕ ਵਿੱਚ ਸਨ। ਫਿਰ ਮੇਰੀ ਕੀਹਨੇ ਸੁਣਨੀ ਸੀ। ਮੈਂ ਤੇ ਰੀਤ ਰਤਨ ਦੇ ਘਰ ਵਿਆਹ ਦਾ ਕਾਰਡ ਦੇਣ ਗਏ ਤਾਂ ਉਹਨੇ ਸਾਨੂੰ ਸਿੱਧਾ ਹੀ ਜੁਆਬ ਦੇ ਦਿੱਤਾ।

"ਸੁੱਖ ! ਕੁੜੀ ਦੇ ਵਿਆਹ 'ਤੇ ਤਾਂ ਮੈਂ ਗੁਰਦੇਵ ਤੇ ਕੁੜੀ ਨੂੰ ਭੇਜ ਦਿੱਤਾ ਸੀ। ਇੱਕ ਤਾਂ ਕੁੜੀ ਨੇ ਅੰਤਰਜਾਤੀ ਵਿਆਹ ਕਰਾਇਆ ਸੀ। ਮੈਨੂੰ ਉਦੋਂ ਵੀ ਤੁਹਾਡੇ ਕੰਮ ਭਾਵੇਂ ਪਸੰਦ ਨਹੀਂ ਸਨ। ਮੈਂ ਕੁੜੀ ਦੇ ਕਰਕੇ, ਇਹਨਾਂ ਮਾਂਵਾਂ ਧੀਆ ਨੂੰ ਭੇਜਿਆ ਸੀ। ਪਰ ਤੁਸੀਂ ਹੁਣ ਫਿਰ ਉਹੀ ਕੁੱਝ ਕਰਨ ਲੱਗੇ ਹੋ। ਆਪਾਂ ਨੂੰ ਇਹ ਮਨਜੂਰ ਨਹੀਂ। ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ।" ਉਹਨੇ ਸਾਫ਼ ਹੀ ਬਾਈਕਾਟ ਦਾ ਐਲਾਨ ਕਰ ਦਿੱਤਾ।

"ਚੱਲ, ਤੁਸੀਂ ਨਾ ਆਇਓ ! ਭਾਬੀ ਜੀ ਨੂੰ ਭੇਜ ਦਿਓ।" ਮੈਂ ਹਮੇਸ਼ਾਂ ਵਾਂਗ ਹਾਰ ਮੰਨ ਲਈ।

"ਨਾ ਬਈ ਇਹ ਦੋਗਲੀ ਰਾਜਨੀਤੀ ਸਾਥੋਂ ਨਹੀਂ ਹੁੰਦੀ। ਨਾਲੇ ਮੈਂ ਕਿਹੜਾ ਆਪਣੇ ਨਿਆਣਿਆਂ ਦੇ ਵਿਆਹ ਵਿੱਚ ਤੁਹਾਨੂੰ ਸੱਦਿਆਂ ਸੀ।" ਰਤਨ ਨੇ ਸਾਫ਼ ਜੁਆਬ ਦੇ ਦਿੱਤਾ। ਕੋਲ ਬੈਠੀ ਗੁਰਦੇਵ ਕੌਰ ਕੁੱਝ ਨਾ ਬੋਲੀ ਪਰ ਉਹਦੀ ਚੁੱਪ ਕਈ ਕੁੱਝ ਕਹਿ ਰਹੀ ਸੀ। ਰਤਨ ਸਾਹਮਣੇ ਉਹ ਉਸ ਤਰ੍ਹਾਂ ਦੀ ਚੁਲਬੁਲੀ ਨਹੀਂ ਸੀ, ਜਿਸ ਤਰ੍ਹਾਂ ਦੀ ਰਿਸ਼ਮ ਦੇ ਵਿਆਹ ਵਿੱਚ ਸੀ। ਮੈਂ ਗੱਲੀਂ ਬਾਤੀ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਗੱਲੀਂ ਕਿੱਥੇ ਹਾਰਨ ਵਾਲਾ ਸੀ। ਅਸੀਂ ਉੱਠ ਕੇ ਆ ਗਏ। ਮੈਂ ਰਾਹ ਵਿੱਚ ਆਉਦਿਆਂ ਰੀਤ ਨੂੰ ਕਿਹਾ।

"ਇਹ ਹੁੰਦੇ ਸੋਚ ਅਤੇ ਸਿਧਤਾਂ 'ਤੇ ਚੱਲਣ ਵਾਲੇ ਬੰਦੇ। ਸਾਡੀ ਕੋਈ ਸੁਣਦਾ ਹੀ ਨਹੀਂ। ਮੇਰਾ ਤਾਂ ਆਪ ਜੀ ਕਰਦਾ ਕੁੜਮਾਂ ਨੂੰ ਕਹਾਂ ਅਸੀਂ ਕੁੱਛ ਨਹੀਂ ਕਰਨਾ। ਰਤਨ ਠੀਕ ਹੀ ਕਹਿੰਦਾ, ਇਹ ਘੋਲ ਆਏਂ ਨਹੀਂ ਜਿੱਤੇ ਜਾਂਦੇ।" ਮੈਂ ਆਪਣੇ ਦਿਲ ਦੀ ਕਹੀ।

"ਦੇਖ ਲਓ ! ਜੇ ਕੁੜਮਾਂ ਨਾਲ ਇਹੋ ਜਿਹੀ ਗੱਲ ਕੀਤੀ। ਮੈਂ ਕੁੱਝ ਖਾ ਕੇ ਮਰਜੂ। ਮਸਾਂ ਮਸਾਂ ਇੱਕ ਮੁੰਡਾ ਵਿਆਹੁਣਾ। ਇਹਦਾ ਕੀਆ ਇਹ ਤਾਂ ਘਰਵਾਲੀ ਨੂੰ ਟੀ ਵੀ ਸੀਰੀਆਲ ਵੀ ਨਹੀਂ ਦੇਖਣ ਦਿੰਦਾ। ਊਂ ਕਹਿਣਗੇ ਔਰਤ ਜੋ ਚਾਹੇ ਮਰਜੀ ਕਰੇ।" ਰੀਤ ਨੇ ਧਮਕੀ ਦਿੱਤੀ ਤਾਂ ਮੈਂ ਅੰਦਰੋਂ ਡਰ ਗਿਆ। ਕਲਪਣਾ ਕਰਨ ਲੱਗਾ ਕਿ ਰੀਤ ਬਿਨਾਂ ਮੈਂ ਕਿਵੇਂ ਜਿਉਂ ਸਕਾਂਗਾ। ਕੀ ਰਤਨ ਨੂੰ ਗੁਰਦੇਵ ਇਹੋ ਜਿਹੀ ਧਮਕੀ ਨਹੀਂ ਦਿੰਦੀ ਹੋਵੇਗੀ? ਜੇ ਦਿੰਦੀ ਹੋਵੇਗੀ ਤਾਂ ਕੀ ਰਤਨ ਡਰਦਾ ਨਹੀਂ ਹੋਣਾ। ਬੇਟੇ ਦੇ ਵਿਆਹ ਤੋਂ ਮਗਰੋਂ ਗੁਰਦੇਵ ਇਕੱਲੀ ਹੀ ਸ਼ਗਨ ਦੇਣ ਆਈ। ਮੈਂ ਉਹਨੂੰ ਹਾਸੇ ਨਾਲ ਹੀ ਪੁੱਛਿਆਂ।

"ਭਾਬੀ ਬਾਈ ਤਾਂ ਬਾਹਲਾ ਕੱਟੜ ਆ ਅਸੂਲਾਂ ਦਾ। ਚੰਗੀ ਗੱਲ ਆ। ਮੇਰੀ ਤਾਂ ਤੁਹਾਡੀ ਭੈਣ

ਇੱਕ ਨਹੀਂ ਚੱਲਣ ਦਿੰਦੀ। ਕੀ ਕਰੀਏ ਹਾਰ ਮੰਨ ਲਈਦੀ।" ਮੈਂ ਹਾਸੇ ਨਾਲ ਛੇੜਿਆ।

"ਐਨੀ ਕੱਟੜਤਾ ਵੀ ਮਾੜੀ ਆਂ। ਤੁਸੀਂ ਦੂਜੇ ਬੰਦੇ ਦੀ ਕੋਈ ਸੁਣਨੀ ਮੰਨਣੀ ਹੀ ਨਹੀਂ। ਨਿਆਣੇ ਵੀ ਤਾਂਹੀ ਘੱਟ ਆਉਂਦੇ। ਆਪਣੇ ਵਿਚਾਰ ਹੀ ਨਹੀਂ ਸਾਰਿਆਂ ਤੇ ਥੋਪੀ ਜਾਣੇ ਚਾਹੀਦੇ।" ਮੈਨੂੰ ਗੁਰਦੇਵ ਦੇ ਸ਼ਬਦਾਂ ਵਿੱਚ ਵਿਰੋਧਤਾ ਨਜ਼ਰ ਆਈ। ਜਿਹੜੀ ਰਤਨ ਸਾਹਮਣੇ ਕਦੇ ਉਹ ਆਪਣੇ ਚਿਹਰੇ ਤੇ ਵੀ ਆਉਣ ਨਹੀਂ ਦਿੰਦੀ।

ਉਸ ਦਿਨ ਤੋਂ ਮਗਰੋਂ ਗੁਰਦੇਵ ਭਾਬੀ ਨਾਲ ਮੇਲ ਨਹੀਂ ਹੋਇਆ। ਇੱਕ ਸੁਨੇਹਾ ਆਇਆ ਸੀ, 'ਗੁਰਦੇਵ ਨੇ ਖ਼ੁਦਕੁਸ਼ੀ ਕਰ ਲਈ। ਸਭ ਹੈਰਾਨ ਸਨ। ਕਦੇ ਕੋਈ ਲੜਾਈ ਕਲੇਸ਼ ਨਹੀਂ ਸੀ। ਬੱਚੇ ਵਿਆਹੇ ਵਰੇ ਸਨ। ਦੋਵੇਂ ਜੀ ਇਕੱਲੇ ਰਹਿੰਦੇ ਸਨ। ਮੇਰੇ ਦਿਮਾਗ ਵਿੱਚ ਅਨੇਕਾਂ ਵਿਚਾਰ ਘੁੰਮਣ ਲੱਗੇ। ਗੁਰਦੇਵ ਅੰਦਰੋਂ ਇਕੱਲੀ ਸੀ। ਉਹਨੂੰ ਰਤਨ ਨੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਂ ਰੀਤ ਨੂੰ ਸਮਝਦਾ ਹਾਂ। ਉਹਦੇ ਅੰਦਰ ਕੀ ਚਲਦਾ ਮੈਨੂੰ ਪਤਾ ਲੱਗ ਜਾਂਦਾ। ਕਈ ਵਾਰ ਉਹ ਬੱਚਿਆਂ ਵਾਂਗ ਆਪਣੇ ਸੀਰੀਅਲਾਂ ਦੀਆਂ ਕਹਾਣੀਆਂ ਸੁਣਾਉਣ ਲੱਗ ਜਾਂਦੀ। ਕਈ ਪਾਤਰਾਂ ਨੂੰ ਬੁਰਾ ਭਲਾ ਕਹਿ ਕੇ ਸ਼ਾਂਤ ਹੋ ਜਾਂਦੀ। ਮੈਂ ਸੁਣ ਕੇ ਮੁਸਕਰਾ ਛੱਡਦਾ ਹਾਂ।

ਗੁਰਦੇਵ ਦੀ ਮੌਤ ਮਗਰੋਂ ਰਤਨ ਚੁੱਪ ਜਿਹਾ ਹੋ ਗਿਆ ਸੀ। ਦਿਨਾਂ ਵਿੱਚ ਬੁੱਢਾ ਹੋ ਗਿਆ ਲਗਦਾ। ਲਗਦਾ ਸੀ ਉਹਦੇ ਅੰਦਰ ਕੁੱਝ ਹੈ। ਜੋ ਉਹ ਕਹਿਣਾ ਚਾਹੁੰਦਾ। ਪਰ ਕਹਿ ਨਹੀਂ ਸਕਦਾ। ਪਹਿਲਾਂ ਫੇਸਬੁੱਕ ਤੇ ਬੜੀਆਂ ਪੋਸਟਾਂ ਪਾ ਕੇ ਲੋਕਾਂ ਨੂੰ ਸਿਖਾਉਂਦਾ ਤੇ ਸਮਝਾਉਂਦਾ ਰਹਿੰਦਾ। ਹੁਣ ਉਦਾਸੀ ਭਰੀਆ ਪੋਸਟਾਂ ਹੁੰਦੀਆਂ।

ਬੱਚਿਆਂ ਨੇ ਮੈਨੂੰ ਪੰਜਾਹਵੇਂ ਜਨਮ ਦਿਨ ਤੇ ਸਰਪਰਾਈਜ਼ ਪਾਰਟੀ ਦਿੱਤੀ। ਰੀਤ ਤੇ ਬੱਚਿਆਂ ਨੇ ਮੇਰੇ ਸਾਰੇ ਦੋਸਤ ਇਕੱਠੇ ਕੀਤੇ। ਮੈਂ ਉਹ ਲਾਈਵ ਫੇਸਬੁੱਕ 'ਤੇ ਸ਼ੇਅਰ ਕੀਤੀ। ਜਿਸ ਨੂੰ ਦੇਖ ਰਤਨ ਦਾ ਫੋਨ ਆਇਆ ਸੀ। ਜਨਮ ਦਿਨ ਦੀਆਂ ਵਧਾਈਆਂ ਦੇ ਉਹਨੇ ਓਲਾਂਬਾ ਦਿੱਤਾ।

"ਮੈਨੂੰ ਨਹੀਂ ਸੱਦਿਆ ਜਨਮ ਦਿਨ 'ਤੇ!" ਮੈਨੂੰ ਲਗਦਾ ਸੀ ਉਹ ਕਹੇਗਾ 'ਇਹ ਘੋਲ ਆਂਏਂ ਨਹੀਂ ਜਿੱਤੇ ਜਾਂਦੇ। ਪਰ ਉਹ ਬਹੁਤ ਉਦਾਸ ਜਿਹਾ ਬੋਲਿਆ, "ਰੀਤ ਕਹਿੰਦੀ ਹੋਣੀ, ਉਹਨੂੰ ਇਹੋ ਜਿਹਾ ਕੁੱਝ ਪਸੰਦ ਨਹੀਂ। ਉਹਨੇ ਕਿਹੜਾ ਆਉਣਾ।"

"ਨਹੀਂ ਭਾਜੀ, ਇਹ ਗੱਲ ਨਹੀਂ। ਉਹਦੇ ਦਿਮਾਗ ਵਿੱਚ ਨਹੀਂ ਆਇਆ ਹੋਣਾ।" ਮੈਂ ਰੀਤ ਦਾ ਪੱਖ ਲਿਆ।

"ਨਹੀਂ ਮੈਨੂੰ ਕੋਈ ਗਿਲਾ ਨਹੀਂ। ਰੀਤ ਬਹੁਤ ਚੰਗੀ ਕੁੜੀ ਹੈ। ਇਹੋ ਜਿਹੀਆ ਨਿੱਕੀਆਂ ਨਿੱਕੀਆਂ ਖ਼ੁਸ਼ੀਆਂ ਤੁਹਾਨੂੰ ਅੰਦਰੋਂ ਜੋੜਦੀਆਂ। ਮੈਂ ਇਹਨਾਂ ਗੱਲਾਂ ਨੂੰ ਹੀ ਸਮਝ ਨਹੀਂ ਸਕਿਆ। ਮੈਂ ਆਪਣੀ ਪਦਾਰਥਵਾਦੀ ਸੋਚ ਨੂੰ ਲਾਗੂ ਕਰਦਾ, ਇਹ ਭੁੱਲ ਗਿਆ ਕਿ ਮਨੁੱਖ ਅੰਦਰ ਇਕ ਸੂਖ਼ਮ ਮਨ ਹੁੰਦਾ। ਉਹ ਬਹੁਤ ਕੁੱਝ ਕਰਨਾ ਲੋਚਦਾ। ਸਾਨੂੰ ਆਪਣਾ ਮਨ ਜਿੱਤਣਾ ਬਹੁਤ ਮੁਸ਼ਕਲ ਹੁੰਦਾ। ਹੁਣ ਪਤਾ ਲੱਗਾ ਇਹ ਜ਼ਿੰਦਗੀ ਦੇ ਘੋਲ ਆਂਏਂ ਨਹੀਂ ਜਿੱਤੇ ਜਾਂਦੇ...ਕਿਸੇ ਦਾ ਦਿਲ ਜਿੱਤਣ ਲਈ ਹਾਰਨਾਂ ਪੈਂਦਾ।" ਰਤਨ ਬਹੁਤ ਉਦਾਸ ਤੇ ਹਾਰਿਆ ਜਿਹਾ ਲਗਦਾ ਸੀ।

"ਹਾਂ ਭਾਜੀ! ਇਸ ਕਰਕੇ ਮੈਂ ਹਾਰ ਮੰਨ ਲੈਂਦਾ ਸਾਂ।"

"ਹਾਂ, ਹੁਣ ਤਾਂ ਮੈਂ ਵੀ ਹਾਰਨਾਂ ਸਿੱਖ ਲਿਆ, ਪਰ ਕੋਈ ਹਰਾਉਣ ਵਾਲਾ ਨਹੀਂ ਰਿਹਾ।" ਰਤਨ ਦਾ ਗਲਾ ਭਰ ਅਇਆ। ਮੈਂ ਉਸ ਨੂੰ ਪਹਿਲੀ ਵਾਰ ਰੋਂਦਿਆਂ ਸੁਣਿਆ ਸੀ।

(**ਸੰਪਰਕ** +44 7792-287491)

ਕਹਾਣੀ

# ਦਰਦ ਦਾ ਰੰਗ

**ਗੁਰਿੰਦਰ ਸਿੰਘ ਕਲਸੀ**



ਬੇਟੀ ਦੇ ਗੁੱਸੇ ਹੋ ਕੇ ਚਲੇ ਜਾਣ ਤੋਂ ਬਾਅਦ ਤ੍ਰਿਪਤਾ ਅਰੋੜਾ ਬੈੱਡ ਉਪਰ ਮੂਧੇ-ਮੂੰਹ ਪਈ ਸੀ। ਅੱਧਾ ਕੁ ਘੰਟਾ ਪਹਿਲਾਂ ਵਾਪਰੀ ਘਟਨਾ ਤੋਂ ਬਾਅਦ ਰੋ-ਰੋ ਕੇ ਉਸ ਦੀਆਂ ਅੱਖਾਂ ਸੁੱਜ ਗਈਆਂ ਸਨ। ਉਸ ਦੇ ਵਾਲ ਖਿੱਲਰੇ ਪਏ ਸਨ ਅਤੇ ਅੱਖਾਂ ਹੇਠਲੀਆਂ ਗੱਲ੍ਹਾਂ ਦੀਆਂ ਹੱਡੀਆਂ ਤਿੱਖੀਆਂ ਹੋ ਕੇ ਉਪਰ ਨੂੰ ਉੱਭਰ ਆਈਆਂ ਸਨ। ਉਸ ਦੇ ਬੁੱਲ੍ਹਾਂ ਦੀ ਲਿਪਸਟਿਕ ਤਾਂ ਕਦੋਂ ਦੀ ਬੈੱਡ ਦੀ ਸਿਲਵਟਾਂ ਭਰੀ ਚਾਦਰ ਨਾਲ ਪੂੰਝੀ ਜਾ ਚੁੱਕੀ ਸੀ। ਚਿਹਰੇ ਉਤੇ ਹੰਝੂਆਂ ਦੀਆਂ ਘਰਾਲਾਂ ਦੇ ਦਾਗ਼ ਸਨ। ਕਾਲਖ਼ ਸੀ। ਬੈੱਡ ਦੀ ਢੋਅ ਉਪਰ ਉਸ ਦਾ ਪਿਆਰਾ ਸਾਥੀ ਸੈਮਸੰਗ ਦਾ ਟੱਚ ਸਕਰੀਨ ਮੋਬਾਇਲ ਫੋਨ ਪਿਆ ਸੀ।

ਮੋਬਾਇਲ ਫੋਨ ਉਤੇ ਪਿਛਲੇ ਅੱਧੇ ਘੰਟੇ ਦੌਰਾਨ ਹੀ ਤਿੰਨ ਚਾਰ ਵਾਰੀ ਰਿੰਗ ਟੋਨ ਵੱਜੀ ਸੀ। ਮਾਸਟਰ ਦਾ ਫੋਨ ਆ ਰਿਹਾ ਸੀ। ਉਹ ਫੋਨ ਹੱਥ 'ਚ ਫੜਦੀ ਪਰ ਔਨ ਨਾ ਕਰਦੀ। ਫੋਨ ਦੀ ਰਿੰਗ ਵੱਜ ਵੱਜ ਕੇ ਆਪਣੇ ਆਪ ਚੁੱਪ ਕਰ ਜਾਂਦੀ। ਜਦੋਂ ਜਦੋਂ ਵੀ ਉਹ ਆਪਣਾ ਮੋਬਾਇਲ ਫੋਨ ਚੁੱਕਣ ਲਈ ਅਹੁਲਦੀ ਤਾਂ ਬੈੱਡ ਦੀ ਢੋਅ ਵਿਚ ਲੱਗੇ ਸ਼ੀਸ਼ੇ ਵਿਚ ਉਸ ਨੂੰ ਆਪਣਾ ਚਿਹਰਾ ਦਿਸਦਾ। ਭੂਤਨੀਆਂ ਵਰਗਾ ਬਣਿਆ ਆਪਣਾ ਹੀ ਚਿਹਰਾ ਦੇਖ ਕੇ ਉਹ ਡਰ ਜਾਂਦੀ।

ਘਰ ਵਿਚ ਉਹ ਇਕੱਲੀ ਸੀ। ਉਸ ਨੂੰ ਮਾੜੇ ਮਾੜੇ ਖ਼ਿਆਲ ਆਉਂਦੇ ਤਾਂ ਉਹ ਹੋਰ ਵੀ ਡਰ ਜਾਂਦੀ ਅਤੇ ਗੋਲ ਸਿਰਹਾਣੇ ਅਤੇ ਸੋਫ਼ੇ ਦੀਆਂ ਗੱਦੀਆਂ ਵਿਚ ਸਿਰ ਛੁਪਾ ਕੇ ਉਹ ਆਪਣੀਆਂ ਅੱਖਾਂ ਅੱਗੇ ਹਨੇਰਾ ਕਰ ਕੇ ਬੇਜਾਨ ਲੇਟ ਜਾਂਦੀ ।

ਉਸ ਦੇ ਜਿਸਮ ਵਿਚੋਂ ਸਾਹ-ਸਤ ਮੁੱਕ ਚੁੱਕਿਆ ਸੀ। ਕਦੇ-ਕਦੇ ਉਸ ਨੂੰ ਮਾਸਟਰ ਉਤੇ ਤਰਸ ਆਉਂਦਾ ਜਿਹੜਾ ਉਸ ਨਾਲ ਫੋਨ ਉਤੇ ਗੱਲ ਕਰਨੀ ਚਾਹੁੰਦਾ ਸੀ। ਉਹ ਬੈੱਡ ਉਪਰ ਪਈ-ਪਈ ਸੋਚ ਸਕਦੀ ਸੀ ਕਿ ਮਾਸਟਰ ਦੇ ਦਿਲ ਉਪਰ ਇਸ ਸਮੇਂ ਕੀ ਬੀਤ ਰਹੀ ਹੋਵੇਗੀ ।ਉਹ ਵੀ ਜ਼ਰੂਰ ਕਿਸੇ ਨਾ ਕਿਸੇ ਸਮੱਸਿਆਂ ਵਿਚ ਫਸਿਆ ਹੋਵੇਗਾ। ਜ਼ਰੂਰ ਹੀ ਉਸ ਨਾਲ ਕਿਸੇ ਨਾ ਕਿਸੇ ਨੇੜਲੇ ਰਿਸ਼ਤੇਦਾਰ, ਦੋਸਤ ਜਾਂ ਸਹੇਲੀ ਨੇ ਕੋਈ ਝਗੜਾ ਕੀਤਾ ਹੋਵੇਗਾ। ਉਹ ਇਸ ਸਬੰਧੀ ਹੀ ਗੱਲ ਕਰਨੀ ਚਾਹੁੰਦਾ ਹੋਵੇਗਾ। ਕਿੰਨਾ ਸੰਵੇਦਨਸ਼ੀਲ ਹੈ ਉਹ, ਇਕ ਔਰਤ ਨਾਲੋਂ ਵੀ ਕਮਜ਼ੋਰ ਦਿਲ ਰੱਖਣ ਵਾਲਾ। ਉਹ ਲੰਮਾ ਸਮਾਂ ਬੈੱਡ ਉਪਰ ਪਈ ਮਾਸਟਰ ਬਾਰੇ ਸੋਚਦੀ ਸੋਚਦੀ ਫਿਰ ਅੱਜ ਤਾਜ਼ੀ-ਤਾਜ਼ੀ ਵਾਪਰੀ ਘਟਨਾ ਬਾਰੇ ਸੋਚਣ ਲੱਗੀ।

ਉਸ ਦੀ ਬੇਟੀ ਪੁਨੀਤ ਉਸ ਸਮੇਂ ਗੁੱਸੇ ਵਿਚ ਦਹਾੜ ਰਹੀ ਸੀ,

...ਮੈਂ ਜਾ ਰਹੀ ਆਂ, ਤੁਸੀ ਕਰੋ ਜੋ ਆਪਣੀਆਂ ਮਨ ਮਰਜ਼ੀਆਂ ਕਰਨੀਆਂ।

... ਤੂੰ ਰੁਕ ਤਾਂ ਸਹੀ ਪੁਨੀਤੀ...।

ਉਸ ਨੇ ਪਿੱਛਿਓ ਲੇਰ ਮਾਰੀ।

ਪਰ ਉਹ ਤਾਂ ਕੁਝ ਵੀ ਨਹੀਂ ਸੀ ਸੁਣ ਰਹੀ। ਉਸ ਨੇ ਜ਼ੋਰ ਨਾਲ ਦਰਵਾਜ਼ਾ ਖੋਹਲਿਆ ਫੇਰ ਅਗਲੇ ਜਾਲੀ ਵਾਲੇ ਦਰਵਾਜ਼ੇ ਨੂੰ ਝਟਕਾ ਮਾਰਿਆ। ਉਸ ਦੇ ਗੁੱਸੇ ਦੀ ਮਾਰ ਨਾ ਸਹਿੰਦਿਆਂ ਜਾਲ਼ੀ ਵਾਲੇ

ਦਰਵਾਜ਼ੇ ਦਾ ਡੋਰ-ਕਲੋਜ਼ਰ ਟੁੱਟ ਕੇ ਖੱਖੜੀ-ਖੱਖਰੀ ਹੋ ਗਿਆ। ਪੁਨੀਤ ਦੀ ਬੇਟੀ, ਤ੍ਰਿਪਤਾ ਦੀ ਪਿਆਰੀ ਦੋਹਤੀ ਮਨਜੋਤ ਡੈਂਬਰੀ ਖੜ੍ਹੀ ਸੀ। ਉਹ ਆਪਣੀ ਮੰਮੀ ਅਤੇ ਨਾਨੀ ਦੀਆਂ ਹਰਕਤਾਂ ਤੋਂ ਹੈਰਾਨ ਸੀ। ਉਸ ਦੇ ਬੁੱਲ੍ਹ ਫ਼ਰਕੇ ਅਤੇ ਬੋਲੀ,

... ਵਹਟ ਹੈਪਨਡ ਮੌਮ? ਪਲੀਜ਼ ਸਟੌਪ।

ਉਸ ਦੇ ਬੋਲ ਅਜੇ ਉਸ ਦੇ ਮੂੰਹ ਵਿਚ ਹੀ ਸਨ ਕਿ ਪੁਨੀਤ ਉਸ ਉਪਰ ਝਪਟ ਕੇ ਪਈ:

... ਚੱਲ ਤੁਰ ਤੂੰ ...ਵਹਟ ਆਰ ਯੂ ਡੂਇੰਗ ਹੀਅਰ।

ਪੁਨੀਤ ਨੇ ਮਨਜੋਤ ਦੀ ਬਾਂਹ ਫੜ ਕੇ ਉਸ ਨੂੰ ਬਾਹਰ ਖਿੱਚਿਆ ਅਤੇ ਨਾਲ ਉਸ ਦੇ ਛੋਟੇ ਭਰਾ ਗੈਰੀ ਨੂੰ। ਮੋਬਾਇਲ ਫੋਨ ਦੀ ਰਿੰਗ ਉਸ ਸਮੇਂ ਵੀ ਵੱਜ ਰਹੀ ਸੀ ... ਮਾਸਟਰ ਦਾ ਫੋਨ ਆ ਰਿਹਾ ਸੀ...ਪਰ ਕੋਈ ਵੀ ਫੋਨ ਸੁਣਨ ਦੀ ਹਾਲਤ ਵਿਚ ਨਹੀਂ ਸੀ।

ਪੁਨੀਤ ਨੇ ਦੋਵਾਂ ਬੱਚਿਆਂ ਨੂੰ ਬਾਹਰ ਧੂਹ ਲਿਆ ਅਤੇ ਅਬਾ-ਤਬਾ ਬੋਲਦੀ ਹੋਈ ਆਪਣੀ ਕਾਰ ਵੱਲ ਵਧੀ। ਦੋਵਾਂ ਬੱਚਿਆਂ ਨੂੰ ਕਾਰ ਵਿੱਚ ਬਿਠਾ ਕੇ ਉਸ ਨੇ ਤੇਜ਼ੀ ਨਾਲ ਕਾਰ ਸਟਾਰਟ ਕਰ ਲਈ ਅਤੇ ਚੱਲ ਪਈ। ਉਸ ਨੇ ਕਾਰ ਤੇਜ਼ੀ ਨਾਲ ਭਜਾਈ, ਗੇਟ ਤੋਂ ਬਾਹਰ ਇਕ ਦਮ ਉਤਰਾਈ ਸੀ, ਉਤਰਾਈ ਉਤਰਦਿਆਂ ਆਪਣੇ ਅੱਗੇ ਖੜ੍ਹੇ ਇਕ ਟਰੈਕਟਰ ਵਿੱਚ ਵੱਜਣ ਤੋਂ ਬਚਾਉਂਦੀ ਹੋਈ ਮੋੜ-ਘੇੜ ਕੱਟ ਕੇ ਸਕਿੰਟਾਂ ਵਿੱਚ ਹੀ ਅੱਖੋਂ ਓਹਲੇ ਹੋ ਗਈ।

ਤ੍ਰਿਪਤਾ ਨੇ ਪਿੱਛਿਓਂ ਬਹੁਤ ਹਾਕਾਂ ਮਾਰੀਆਂ, ਆਪ ਮਿੰਨਤਾਂ ਕੀਤੀਆਂ, ਤਰਲੇ ਕੀਤੇ, ਗੁਰੂ ਨਾਨਕ ਦੀ ਫੋਟੋ ਅੱਗੇ ਹੱਥ ਜੋੜੇ, ਮੱਥਾ ਟੇਕਿਆ ਪਰ ਉਹ ਤਾਂ ਜਾ ਚੁੱਕੀ ਸੀ। ਬਿਲਕੁਲ ਇੱਕਲੀ ਰਹਿ ਗਈ ਸੀ ਤ੍ਰਿਪਤਾ। ਇਕ ਪੁਨੀਤੀ ਦਾ ਹੀ ਤਾਂ ਸਹਾਰਾ ਸੀ ਉਸ ਨੂੰ । ਥੱਕ ਹਾਰ ਕੇ ਬੈੱਡ ਉੱਤੇ ਮੂਧੇ ਮੂੰਹ ਡਿੱਗ ਪਈ ਸੀ ਉਹ। ਉਸ ਦੇ ਡਾਕਟਰ ਪਤੀ ਰਾਜਵੰਸ ਗਿੱਲ ਵੱਲੋਂ ਖਾਲੀ ਕੀਤੀਆਂ ਸ਼ਰਾਬ, ਸੋਡੇ ਅਤੇ ਪਾਣੀ ਆਦਿ ਬੋਤਲਾਂ ਅਜੇ ਤੱਕ ਉੱਥੇ ਈ ਡਿੱਗੀਆਂ ਪਈਆਂ ਸਨ। ਉਹ ਰਾਤ ਗਿਆਰਾਂ-ਬਾਰਾਂ ਵਜੇ ਤੱਕ ਬੈਠਾ ਇਕੱਲਾ ਹੀ ਸ਼ਰਾਬ ਪੀਂਦਾ ਰਿਹਾ ਸੀ ਅਤੇ ਬੁੜ-ਬੁੜ ਕਰਦਾ ਰਿਹਾ ਸੀ, ਉਹ ਗੱਲ-ਗੱਲ ਵਿੱਚ ਗਾਲ੍ਹਾਂ ਕੱਢਦਾ। ਉਸ ਨੂੰ ਇਹ ਵੀ ਫ਼ਿਕਰ ਨਹੀਂ ਸੀ ਕਿ ਘਰ ਵਿੱਚ ਉਸ ਦਾ ਦੋਹਤਾ ਤੇ ਦੋਹਤੀ ਆਏ ਹੋਏ ਹਨ। ਸਵੇਰੇ ਉੱਠਦਿਆਂ ਹੀ ਆਪਣੀ ਰੁਟੀਨ ਅਨੁਸਾਰ ਉਹ ਆਪਣੇ ਕਲੀਨਿਕ ਉਤੇ ਜਾ ਚੁੱਕਿਆ ਸੀ। ਰਾਤ ਨੂੰ ਬੈਠ ਕੇ ਸ਼ਰਾਬ ਪੀਣਾ ਅਤੇ ਗਾਲ੍ਹਾਂ ਕੱਢਣੀਆਂ ਉਸ ਦਾ ਰੋਜ਼ ਦਾ ਹੀ ਕੰਮ ਬਣ ਗਿਆ ਸੀ। ਕਦੇ-ਕਦੇ ਉਹ ਬਾਹਰੋਂ ਵੀ ਸ਼ਰਾਬ ਪੀ ਕੇ ਡਿੱਗਦਾ ਢਹਿੰਦਾ ਘਰ ਆ ਵੜਦਾ।

ਦੁਪਹਿਰਾਂ ਢਲ ਰਹੀਆਂ ਸਨ। ਉਹ ਕਈ ਵਾਰ ਆਪਣੀ ਬੇਟੀ ਪੁਨੀਤ ਨੂੰ ਫ਼ੋਨ ਮਿਲਾ ਚੁੱਕੀ ਸੀ ਪਰ ਉਹ ਫ਼ੋਨ ਸੁਣ ਹੀ ਨਹੀਂ ਰਹੀ ਸੀ। ਫੇਰ ਕੁਝ ਚਿਰ ਬਾਅਦ ਤਾਂ ਉਸ ਦਾ ਫ਼ੋਨ ਬੰਦ ਹੀ ਆਉਣ ਲਗਿਆ।

ਉਸ ਨੇ ਬੈੱਡ ਤੋਂ ਉੱਠ ਕੇ ਮੂੰਹ-ਸਿਰ ਸੰਵਾਰਿਆ। ਚਾਹ ਬਣਾ ਕੇ ਪੀਤੀ ਅਤੇ ਸੋਫ਼ੇ ਉਤੇ ਬੈਠ ਕੇ ਆਪਣੀਆਂ ਸੋਚਾਂ ਵਿੱਚ ਡੁੱਬ ਗਈ । ਉਸ ਦਾ ਦਿਲ ਬਹੁਤ ਤੇਜ਼ੀ ਨਾਲ ਧੜਕ ਰਿਹਾ ਸੀ। ਉਸ ਦੇ ਮਨ ਅੰਦਰ ਵਿਚਾਰਾਂ ਨੇ ਉੱਧੜ- ਧੁੰਮੀ ਮਚਾਈ ਹੋਈ ਸੀ। ਅਜਿਹੇ ਸਮੇਂ ਮਨ ਸਿੱਧਾ ਤਾਂ ਸੋਚਦਾ ਹੀ ਨਹੀਂ, ਪੁੱਠਾ ਹੀ ਸੋਚਦਾ ਹੈ। ਉਸ ਨੂੰ ਮਾੜੇ ਮਾੜੇ ਖ਼ਿਆਲ ਆ ਰਹੇ ਸਨ। ਅਕਸਰ ਮਨ ਪੁਨੀਤ ਵੱਲ ਮੁੜ ਜਾਂਦਾ । ਮਨ ਸੋਚਦਾ ਕਿਤੇ ਗੁੱਸੇ ਵਿੱਚ ਕਾਰ ਤੇਜ਼ ਚਲਾਉਣ ਕਾਰਣ ਪੁਨੀਤ ਨੇ ਐਕਸੀਡੈਂਟ ਹੀ ਨਾ ਕਰਵਾ ਲਿਆ ਹੋਵੇ। ਕਿਤੇ ਉਸ ਦੇ ਬੱਚੇ ਜ਼ਖ਼ਮੀ ਨਾ ਹੋ ਗਏ ਹੋਣ। ਕਿਤੇ ਪੁਨੀਤ ਇਸ ਵੇਲੇ ਕਿਸੇ ਹਸਪਤਾਲ ਵਿੱਚ ਪਈ ਆਖ਼ਰੀ ਸਾਹ ਨਾ ਗਿਣ ਰਹੀ ਹੋਵੇ। ਕਿਤੇ ਉਸ ਦੀ ਗੱਡੀ ਚਕਨਾਚੂਰ ਨਾ ਹੋ ਗਈ ਹੋਵੇ।

ਅਜਿਹੇ ਮਾੜੇ ਖ਼ਿਆਲਾਂ ਤੋਂ ਉਹ ਘਬਰਾ ਗਈ। ਉਸ ਨੇ ਆਪਣੇ ਸਿਰ ਨੂੰ ਝਟਕਿਆ, ਦਿਮਾਗ਼ ਨੂੰ

ਥਾਂ ਟਿਕਾਣੇ ਸਿਰ ਕੀਤਾ। ਉਸ ਨੇ ਫ਼ੈਸਲਾ ਲਿਆ ਕਿ ਹੁਣ ਤੋਂ ਬਾਅਦ ਉਹ ਕੁਝ ਵੀ ਗ਼ਲਤ ਨਹੀਂ ਸੋਚੇਗੀ।ਉਸ ਨੇ ਕੁਝ ਚੰਗਾ ਚੰਗਾ ਸੋਚਣਾ ਸ਼ੁਰੂ ਕੀਤਾ।ਉਹ ਚੰਗਾ ਚੰਗਾ ਸੋਚਦੀ ਰਹੀ, ਉਸ ਨੇ ਡੂੰਘੇ ਸਾਹ ਲਏ, ਮਨ ਵਿੱਚ ਵਾਹਿਗੁਰੂ ਵਾਹਿਗੁਰੂ ਕਿਹਾ ਪਰ ਇਹ ਚੰਗਾ ਚੰਗਾ ਫੇਰ ਪਤਾ ਨਹੀਂ ਕਦੇ ਮੰਦਾ ਮੰਦਾ ਹੋਣ ਲੱਗਿਆ।

ਉਹ ਸੋਚਣ ਲੱਗੀ ਕਿ ਜਦੋਂ ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਉਹ ਪ੍ਰਾਇਮਰੀ ਅਧਿਆਪਕਾ ਬਣਨ ਦਾ ਕੋਰਸ ਕਰਨ ਲੱਗੀ ਸੀ ਕੋਰਸ ਕਰਦਿਆਂ ਹੀ ਉਸ ਦੀ ਜਾਣ-ਪਛਾਣ ਆਪਣੇ ਨਾਲ ਪੜ੍ਹਦੇ ਸਾਥੀ ਮਨਜੀਤ ਮੱਕੜ ਨਾਲ ਹੋਈ ਸੀ।ਕੁਝ ਹੀ ਮਹੀਨਿਆਂ ਦੀ ਦੋਸਤੀ ਨੇ ਜਨਮਾਂ ਤਕ ਸਾਥ ਨਿਭਾਉਣ ਦੇ ਵਾਅਦੇ ਕਰ ਲਏ ਸਨ। ਕੋਰਸ ਪੂਰਾ ਹੁੰਦਿਆਂ ਜਲਦੀ ਹੀ ਨੌਕਰੀ ਵੀ ਮਿਲ ਗਈ ਸੀ।

ਉਮਰ ਅਜੇ ਨਿਆਣੀ ਸੀ। ਘਰਦਿਆਂ ਦਾ ਡਰ ਵੀ ਸੀ ਅਤੇ ਇੱਜ਼ਤ ਦਾ ਖ਼ਿਆਲ ਵੀ। ਹੁਣ ਵਰਗਾ ਮਹੌਲ ਪਹਿਲਾਂ ਨਹੀਂ ਸੀ।ਪਰ ਮਾਤਾ ਪਿਤਾ ਦੀ ਆਖੀ 'ਇੱਕ ਗੱਲ' ਨੇ ਤਾਂ ਉਸ ਦੀ ਜ਼ਿੰਦਗੀ ਹੀ ਬਦਲ ਦਿੱਤੀ ਸੀ। ਉਸ ਦੇ ਸਭ ਰਸਤਿਆਂ ਉੱਥੇ ਭੱਖੜਾ ਉੱਗ ਆਇਆ। ਸਭ ਰਾਹਾਂ ਉਤੇ ਉਸ ਦੇ ਸੁਪਨਿਆਂ ਦੀਆਂ ਕਿਰਚਾਂ ਸਨ ਜਿਹਨਾਂ ਉਤੇ ਤੁਰਨਾ ਉਸ ਲਈ ਮੁਹਾਲ ਹੋ ਗਿਆ ਸੀ।

ਜਿਸ ਮਨਜੀਤ ਮੱਕੜ ਨੂੰ ਮਿਲਣ ਦੀਆਂ ਉਹ ਹਰ ਸਮੇਂ ਤਰਕੀਬਾਂ ਲੜਾਉਂਦੀ ਰਹਿੰਦੀ ਸੀ ਹੁਣ ਉਸੇ ਨੂੰ ਆਪਣੇ ਆਪ ਤੋਂ ਦੂਰ ਕਰਨ ਦੀਆਂ ਤਰਕੀਬਾਂ ਉਹ ਹਰ ਪਲ ਸੋਚਦੀ ਰਹਿੰਦੀ।ਉਹ ਆਪਣੇ ਸਾਥੀ ਦੀ ਖ਼ੂਬਸੂਰਤ ਜ਼ਿੰਦਗੀ ਬਰਬਾਦ ਨਹੀਂ ਸੀ ਕਰਨਾ ਚਾਹੁੰਦੀ।ਉਹ ਉਸ ਨੂੰ ਆਪਣੇ ਤੋਂ ਦੂਰ ਕਰਨ ਵਾਸਤੇ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਹੋ ਗਈ ਸੀ।

ਪਰ ਮਨਜੀਤ ਮੱਕੜ ਤਾਂ ਪਿੱਛੇ ਹੀ ਨਹੀਂ ਸੀ ਹਟ ਰਿਹਾ।ਉਸ ਨੂੰ ਤਾਂ ਜਿਵੇਂ ਤ੍ਰਿਪਤਾ ਦੇ ਰੂਪ ਵਿੱਚ ਰੱਬ ਹੀ ਮਿਲ ਗਿਆ ਹੋਵੇ।ਉਹ ਅਤਿ ਸੰਵੇਦਨਸ਼ੀਲ ਅਤੇ ਅਗਾਂਹਵਧੂ ਇਨਸਾਨ ਸੀ।ਸਾਰੇ ਉਸ ਦੀ ਚੰਗੀ ਇੱਜ਼ਤ ਕਰਦੇ ਸਨ ਅਤੇ ਇਹ ਗੱਲਾਂ ਤ੍ਰਿਪਤਾ ਵੀ ਜਾਣਦੀ ਸੀ।ਉਹ ਮਜ਼ਬੂਰ ਅਤੇ ਦੁਖੀ ਹੋ ਕੇ ਹਰ ਸਮੇਂ ਅੰਦਰੋ-ਅੰਦਰੀਂ ਰੋਂਦੀ ਰਹਿੰਦੀ।

ਉਹਨਾਂ ਦਿਨਾਂ ਵਿੱਚ ਹੀ ਉਸ ਨੇ ਕਿਸੇ ਕਿਤਾਬ ਵਿੱਚੋਂ ਇਕ ਵਿਚਾਰ ਪੜ੍ਹਿਆ ਕਿ ਤੁਸੀਂ ਕਿਸੇ ਨੂੰ ਓਨੀ ਦੇਰ ਆਪਣੇ ਆਪ ਤੋਂ ਦੂਰ ਨਹੀਂ ਕਰ ਸਕਦੇ ਜਿੰਨੀ ਦੇਰ ਉਸ ਦੇ ਮਨ ਵਿੱਚ ਤੁਹਾਡੇ ਪ੍ਰਤੀ ਨਫ਼ਰਤ ਨਹੀਂ ਭਰ ਜਾਂਦੀ। ਉਸ ਨੇ ਇਸ ਵਿਚਾਰ ਉੱਪਰ ਅਮਲ ਕਰਨਾ ਸ਼ੁਰੂ ਕੀਤਾ ਅਤੇ ਛੇਤੀ ਹੀ ਮਨਜੀਤ ਮੱਕੜ ਨੂੰ ਬਦਚਲਣ ਸਾਬਿਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ।ਸਾਰੇ ਦੋਸਤਾਂ ਮਿੱਤਰਾਂ ਤੇ ਸਹਿਕਰਮੀਆਂ ਵਿੱਚ ਉਸ ਦੇ ਕਿਸੇ ਵਿਆਹੀ ਔਰਤ ਨਾਲ ਸਬੰਧਾਂ ਦਾ ਝੂਠਾ ਚਰਚਾ ਛੇੜ ਦਿੱਤਾ ਜੋ ਮਨਜੀਤ ਦੀ ਕਿਸੇ ਦੂਰ ਦੀ ਰਿਸ਼ਤੇਦਾਰੀ ਵਿੱਚੋਂ ਸੀ।ਮਨਜੀਤ ਨੂੰ ਉਸ ਘਟਨਾ ਨੇ ਹਿਲਾ ਕੇ ਰੱਖ ਦਿੱਤਾ।ਉਸ ਨੇ ਆਪਣੇ ਆਪ ਨੂੰ ਬੇਦੋਸ਼ਾ ਸਾਬਿਤ ਕਰਨ ਵਿੱਚ ਪੂਰਾ ਤਾਣ ਲਗਾ ਦਿੱਤਾ ਪਰ ਜਿੰਨੇ ਮੂੰਹ ਉਨੀਆਂ ਗੱਲਾਂ।ਫੰਘਾਂ ਤੋਂ ਡਾਰਾਂ ਬਣ ਚੁੱਕੀਆਂ ਸਨ ਅਤੇ ਹੁਣ ਕੁਝ ਵੀ ਨਹੀਂ ਸੀ ਹੋ ਸਕਦਾ।ਦੋਵਾਂ ਦੀਆਂ ਰੂਹਾਂ ਜ਼ਖ਼ਮੀ ਹੋ ਚੁੱਕੀਆਂ ਸਨ।ਉਹ ਪੂਰੀ ਤਰ੍ਹਾਂ ਬਦਲ ਚੁੱਕੀ ਸੀ।ਮਨਜੀਤ ਨੂੰ ਮਿਲਣ-ਜੁਲਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇੰਜ ਛੇ-ਸੱਤ ਸਾਲ ਉਸ ਨੂੰ ਮਨਜੀਤ ਦੇ ਪਿਆਰ ਵਿੱਚ ਤੜਫ਼ਦਿਆਂ ਗੁਜ਼ਰ ਗਏ।ਉਸ ਨੇ ਸਾਰੀ ਉਮਰ ਕੁਆਰੀ ਰਹਿਣ ਦਾ ਫ਼ੈਸਲਾ ਕਰ ਲਿਆ ਸੀ।ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਣਾਉਂਦੇ।ਉਹ ਸਭ ਜਰ ਜਾਂਦੀ ਅਤੇ ਆਪਣੇ ਫ਼ੈਸਲੇ ਉਤੇ ਅਟੱਲ ਰਹਿੰਦੀ।

ਪਰ ਜ਼ਿੰਦਗੀ ਸਿੱਧੀ ਤੋਰ ਤੇ ਕਦੇ ਵੀ ਨਹੀਂ ਤੁਰਦੀ। ਇਸ ਵਿੱਚ ਉਤਰਾਓ-ਚੜ੍ਹਾਓ ਤਾਂ ਆਉਂਦੇ ਹੀ ਰਹਿੰਦੇ ਹਨ।ਉਸ ਦੇ ਸਭ ਤੋਂ ਵੱਡੇ ਭਰਾ ਹਰਮਿੰਦਰ ਦਾ ਖਾਸ ਦੋਸਤ ਡਾਕਟਰ ਰਾਜਵੰਸ ਗਿੱਲ ਉਦੋਂ ਉਸ

ਦੀ ਜ਼ਿੰਦਗੀ ਵਿੱਚ ਆ ਗਿਆ ਜਦੋਂ ਉਸ ਦੀ ਜਵਾਨ ਪਤਨੀ ਦੋ ਛੋਟੇ-ਛੋਟੇ ਬੱਚਿਆਂ ਨੂੰ ਛੱਡ ਕੇ ਮਰ ਗਈ। ਘਰ ਵਿੱਚ ਡਾ. ਰਾਜਵੰਸ ਗਿੱਲ ਨਾਲ ਵਿਆਹ ਦੀ ਗੱਲ ਚੱਲੀ ਤਾਂ ਉਸ ਨੇ ਅਣਮੰਨੇ ਜਿਹੇ ਮਨ ਨਾਲ ਹਾਂ ਕਰ ਦਿੱਤੀ ਸੀ। ਹੋਰ ਉਹ ਕਰਦੀ ਵੀ ਕੀ? ਉਸ ਦੇ ਅੱਗੇ ਬਹੁਤ ਲੰਮੀ ਜ਼ਿੰਦਗੀ ਪਈ ਸੀ ਅਤੇ ਇਹ ਸਭ ਕੁਝ ਉਸ ਦੇ ਸੂਤ ਬੈਠ ਰਿਹਾ ਸੀ।

ਮੋਬਾਇਲ ਫ਼ੋਨ ਦੀ ਘੰਟੀ ਨੇ ਉਸ ਦੇ ਵਿਚਾਰਾਂ ਦੀ ਲੜੀ ਤੋੜ ਦਿੱਤੀ। ਉਸ ਸੋਫ਼ੇ ਤੋਂ ਉੱਠ ਕੇ ਫ਼ੋਨ ਚੁੱਕਿਆ। ਮਾਸਟਰ ਦਾ ਫ਼ੋਨ ਸੀ। ਉਸ ਨੇ ਸਵਿੱਚ ਦਬਾ ਕੇ ਫ਼ੋਨ ਕੰਨ ਨੂੰ ਲਗਾ ਲਿਆ।

...ਹੈਲੋ ?

ਉਸ ਨੇ ਲਮਕਦੀ ਜਿਹੀ ਉਦਾਸ ਆਵਾਜ਼ ਨਾਲ ਕਿਹਾ,

... ਮਾਸਟਰ ਜੀ ਬੋਲਦੈਂ ਜੀ, ਕਿੱਥੇ ਓ, ਘਰ ਈ ਓ ਤੁਸੀਂ?

...ਹਾਂ ਜੀ ਘਰ ਈ ਆਂ, ਕੀ ਗੱਲ?

...ਬਸ ਮਿਲਣਾ ਸੀ ਜੀ ਤੁਹਾਨੂੰ, ਅੱਜ ਕਈ ਵਾਰ ਫ਼ੋਨ ਮਿਲਾ ਚੁੱਕਿਐਂ।

ਮਾਸਟਰ ਦੀ ਆਵਾਜ਼ ਵੀ ਉਦਾਸ ਸੀ ਅਤੇ ਤ੍ਰਿਪਤਾ ਦੀ ਵੀ। ਦੋਵੇਂ ਉਦਾਸੀ ਨਾਂ ਦੀ ਇੱਕੋ ਜਿਹੀ ਬੇੜੀ ਵਿੱਚ ਸਵਾਰ ਸਨ। ਦੋਵੇਂ ਜਿਵੇਂ ਸੋਚ ਰਹੇ ਸਨ: ਜ਼ਿੰਦਗੀ ਕਿੰਨੀ ਬੇਕਾਰ ਹੈ।

ਤ੍ਰਿਪਤਾ ਸਮਝ ਗਈ ਸੀ। ਉਸ ਨੇ ਮਾਸਟਰ ਦੇ ਦਰਦ ਦੇ ਰੰਗ ਨੂੰ ਕੁਝ ਫ਼ਿੱਕਾ ਪਾਉਣ ਲਈ ਫ਼ੋਕਾ ਜਿਹਾ ਹੱਸਦਿਆਂ ਪੁੱਛਿਆ,

"ਕੀ ਗੱਲ ? ਫੇਰ ਲੜਾਈ ਹੋ ਗਈ ਸਹੇਲੀ ਨਾਲ ? ਆ ਜੋ, ਮੇਰੀ ਵੀ ਅੱਜ ਲੜਾਈ ਹੋ ਗਈ।"

"ਕੀਹਦੇ ਨਾਲ ਹੋ ਗਈ ਤੁਹਾਡੀ ਲੜਾਈ ? ਡਾਕਟਰ ਨਾਲ?"

"ਡਾਕਟਰ ਨਾਲ ਤਾਂ ਰੋਜ਼ ਏ ਹੁੰਦੀ ਆ, ਇਹ ਤਾਂ ਰੁਟੀਨ ਆ, ਅੱਜ ਤਾਂ ਪੁਨੀਤੀ ਨਾਲ ਲੜੀ ਆਂ ਮੈਂ।"

ਇਹ ਕਹਿੰਦਿਆਂ ਉਸ ਦਾ ਗੱਚ ਭਰ ਆਇਆ ਅਤੇ ਉਹ ਫ਼ੋਨ ਉਤੇ ਹੋਰ ਗੱਲਬਾਤ ਜਾਰੀ ਨਾ ਰੱਖ ਸਕੀ। ਰੋਂਦਿਆਂ ਤੇ ਹਿਚਕੀਆਂ ਲੈਂਦਿਆਂ ਉਸ ਨੇ ਫ਼ੋਨ ਬੰਦ ਕਰ ਦਿੱਤਾ।

ਕੁਝ ਹੀ ਚਿਰ ਬਾਅਦ ਮਾਸਟਰ ਉਸ ਦੇ ਘਰ ਆ ਗਿਆ। ਤ੍ਰਿਪਤਾ ਅਰੋੜਾ, ਸਿੱਖਿਆ ਵਿਭਾਗ ਵਿੱਚੋਂ ਇਕ ਪ੍ਰਾਇਮਰੀ ਸਕੂਲ ਅਧਿਆਪਕਾ ਵਜੋਂ ਸੇਵਾ ਮੁਕਤ ਹੋਈ ਸੀ ਅਤੇ ਮਾਸਟਰ ਜਗਦੀਪ ਸਿੰਘ ਨਾਲੋਂ ਪੰਦਰਾਂ-ਸੋਲਾਂ ਸਾਲ ਵੱਡੀ ਸੀ। ਕਦੇ ਉਹ ਇਕ ਸਕੂਲ 'ਚ ਇਕੱਠੇ ਵੀ ਪੜ੍ਹਾਉਂਦੇ ਰਹੇ ਸਨ ਅਤੇ ਮਾਸਟਰ ਜਗਦੀਪ ਸਿੰਘ ਕਦੇ ਉਸ ਦੀ ਬੇਟੀ ਪੁਨੀਤ ਨੂੰ ਟਿਊਸ਼ਨ ਵੀ ਪੜ੍ਹਾਉਂਦਾ ਰਿਹਾ ਸੀ। ਉਦੋਂ ਤੋਂ ਹੀ ਦੋਹਾਂ ਪਰਿਵਾਰਾਂ ਦੀ ਆਪਸੀ ਸਾਂਝ ਬਣੀ ਹੋਈ ਸੀ।

ਠੰਡੇ ਪਾਣੀ ਦਾ ਘੁੱਟ ਭਰਦਿਆਂ ਮਾਸਟਰ ਨੇ ਪੁੱਛਿਆ:

"ਕੀ ਹੋ ਗਿਆ ਮੈਡਮ ਜੀ ? ਕਿਉਂ ਮੂੰਹ ਫੁਲਾਇਐ ਅੱਜ ?"

"ਬਸ ਕੁਸ਼ ਨੀ, ਮਾੜੇ ਕਰਮਾਂ ਦੀ ਖੇਲ੍ਹ ਆ ਸਭ।"

ਇਹ ਕਹਿੰਦਿਆਂ ਹੀ ਤ੍ਰਿਪਤਾ ਦੀਆਂ ਮੋਟੀਆਂ ਮੋਟੀਆਂ ਅੱਖਾਂ ਵਿੱਚ ਦੁਬਾਰਾ ਹੰਝੂ ਆ ਗਏ। ਮਾਸਟਰ ਕੁਝ ਦੇਰ ਚੁੱਪ ਬੈਠਾ ਰਿਹਾ ਪਰ ਫੇਰ ਹੌਲੇ ਜਿਹੇ ਉਸ ਨੇ ਪੁੱਛਿਆ:

"ਕੀ ਗੱਲ ਹੋ ਗਈ? ਕਿਉਂ ਲੜ ਪਏ ਪੁਨੀਤ ਨਾਲ ? ਨਾਲੇ ਕਿੱਥੇ ਐ ਹੁਣ ਉਹ ?"

"ਬਸ ਕੁਸ਼ ਨੀ, ਲੜਨੇ ਨੂੰ ਕਿਹੜਾ ਇੱਥੇ ਜ਼ਮੀਨਾਂ ਜ਼ਾਇਦਾਦਾਂ ਵੰਡਣੀਆਂ, ਏਹੀ ਘਰਾਂ ਦੇ ਛੋਟੇ ਮੋਟੇ ਲੜਾਈ ਝਗੜੇ। ਹੁਣ ਤ੍ਰਿਪਤਾ ਕੁਝ ਸਹਿਜ ਹੋ ਗਈ ਸੀ, ਜਿਵੇਂ ਉਸ ਦਾ ਦੁਖ ਦਰਦ ਵੰਡਾਉਣ ਵਾਲਾ

ਉਸ ਨੂੰ ਇਕ ਸੱਚਾ ਸਾਥੀ ਮਿਲ ਗਿਆ ਹੋਵੇ।

ਮਾਸਟਰ ਜਗਦੀਪ ਉਸ ਦੇ ਮਨ ਦੀ ਹਾਲਤ ਅਤੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਤ੍ਰਿਪਤਾ ਇੱਕਲਤਾ ਦੀ ਮਾਰੀ ਹੋਈ ਅਧਖੜ ਉਮਰ ਦੀ ਔਰਤ ਸੀ। ਡਾਕਟਰ ਇਸ ਦਾ ਪਹਿਲਾ ਪਤੀ ਸੀ ਪਰ ਇਹ ਡਾਕਟਰ ਦੀ ਦੂਸਰੀ ਪਤਨੀ। ਜੱਟ ਪਰਿਵਾਰ ਨਾਲ ਸਬੰਧ ਰੱਖਦਾ ਡਾਕਟਰ ਰਾਜਵੰਸ਼ ਗਿੱਲ ਅਤੇ ਇਹ ਅਰੋੜਿਆਂ ਦੀ ਧੀ, ਤ੍ਰਿਪਤਾ ਅਰੋੜਾ। ਡਾਕਟਰ ਦੇ ਪਹਿਲੇ ਵਿਆਹ ਤੋਂ ਦੋ ਬੱਚੇ ਸਨ। ਇਕ ਮੁੰਡਾ ਰਾਜਦੀਪ ਅਤੇ ਇਕ ਕੁੜੀ ਮਨਪ੍ਰੀਤ। ਪੁਨੀਤ ਇਸ ਦੀ ਆਪਣੀ ਕੁੱਖੋਂ ਜਾਈ ਬੇਟੀ ਸੀ।

ਮਾਸਟਰ ਜਗਦੀਪ ਅੱਗੇ ਵੀ ਕਈ ਵਾਰ ਤ੍ਰਿਪਤਾ ਦੇ ਘਰ ਆ ਕੇ ਉਸ ਨਾਲ ਦੁਖ-ਦਰਦ ਸਾਂਝੇ ਕਰ ਲੈਂਦਾ। ਕਬੀਲਦਾਰੀ ਦੇ ਚੱਕਰ ਵਿਚ ਫਸੇ ਨੂੰ ਕਦੇ ਪੈਸਿਆਂ ਦੀ ਲੋੜ ਪੈਂਦੀ ਤਾਂ ਤ੍ਰਿਪਤਾ ਉਸ ਨੂੰ ਆਪਣੀ ਪੈਂਨਸ਼ਨ ਵਿਚੋਂ ਪੰਜ ਦਸ ਹਜ਼ਾਰ ਰੁਪਈਆ ਉਂਜ ਹੀ ਬਿਨਾਂ ਵਿਆਜੋਂ ਉਧਾਰ ਦੇ ਦਿੰਦੀ।

ਬੇਟੇ ਰਾਜਦੀਪ ਅਤੇ ਬੇਟੀ ਮਨਪ੍ਰੀਤ ਨੂੰ ਉਸ ਨੇ ਕਦੇ ਇਹ ਮਹਿਸੂਸ ਨਾ ਹੋਣ ਦਿੱਤਾ ਕਿ ਉਹ ਉਹਨਾਂ ਦੀ ਮਤਰੇਈ ਮਾਂ ਹੈ। ਉਸ ਨੇ ਹਰ ਸੰਭਵ ਕੋਸ਼ਿਸ਼ ਕੀਤੀ ਪਰ ਰਿਸ਼ਤਿਆਂ ਵਿਚ ਆ ਰਹੀ ਕੜਵਾਹਟ ਉਸ ਦੇ ਕਾਬੂ ਤੋਂ ਬਾਹਰ ਸੀ। ਉਹ ਅਕਸਰ ਆਪਣੀ ਕਿਸਮਤ ਨੂੰ ਕੋਸਦੀ ਹੋਈ ਰਿਸ਼ਤਿਆਂ ਦੇ ਸੱਚ ਨੂੰ ਤਲਾਸ਼ਦੀ ਰਹਿੰਦੀ।

ਬੇਟੀ ਮਨਪ੍ਰੀਤ ਦਾ ਵਿਆਹ ਇਕ ਚੰਗੇ ਰਾਜਸੀ ਅਸਰ ਰਸੂਖ ਵਾਲੇ ਤਕੜੇ ਪਰਿਵਾਰ ਵਿਚ ਹੋ ਗਿਆ ਪਰ ਮਨਪ੍ਰੀਤ ਨੇ ਵਿਆਹ ਤੋਂ ਬਾਅਦ ਘਰ ਮੁੜ ਪਰਤ ਕੇ ਵੀ ਨਾ ਦੇਖਿਆ। ਬੇਟੇ ਰਾਜਦੀਪ ਦੀ ਭਰ ਜਵਾਨੀ ਵਿਚ ਹੋਈ ਸੜਕ ਹਾਦਸੇ ਵਿਚ ਮੌਤ ਨੇ ਉਸ ਦਾ ਭਵਿੱਖ ਹੀ ਤਬਾਹ ਕਰ ਦਿੱਤਾ। ਪੁਨੀਤ ਦੇ ਵਿਆਹ ਤੋਂ ਬਾਅਦ ਤਾਂ ਤ੍ਰਿਪਤਾ ਬਿਲਕੁਲ ਹੀ ਇੱਕਲੀ ਰਹਿ ਗਈ ਸੀ। ਉਹ ਕਿਸ ਨਾਲ ਆਪਣਾ ਦੁਖ ਦਰਦ ਵੰਡਾਉਂਦੀ। ਡਾਕਟਰ ਆਪਣੀ ਕਲੀਨਿਕ ਉਤੇ ਰੁੱਝਿਆ ਰਹਿੰਦਾ ਅਤੇ ਘਰ ਆ ਕੇ ਸ਼ਰਾਬ ਨਾਲ ਰੱਜਿਆ ਰਹਿੰਦਾ।

"ਲੂਲੂਲੂਲੂਲੂਲੂਲੂਲੂ...ਹਾਂ ਜੀ, ਮੈਡਮ ਜੀ ਕੁਝ ਦੱਸੋ ਵੀ?"

"ਮਾਸਟਰ ਜਗਦੀਪ ਨੇ ਫਿਰ ਆਪਣਾ ਪ੍ਰਸ਼ਨ ਦੁਹਰਾਇਆ ਤਾਂ ਉਸ ਸਮੇਂ ਤ੍ਰਿਪਤਾ ਟੇਬਲ ਉਤੇ ਦੋ ਵੱਡੇ ਵੱਡੇ ਕੱਪ ਚਾਹ ਦੇ ਰੱਖ ਰਹੀ ਸੀ ਅਜੇ ਵੀ ਉਹ ਕਿਧਰੇ ਖੋਈ ਖੋਈ ਲਗਦੀ ਸੀ।

"ਲੂ... ਹਾਂ ਜੀ? ਕੀ ਹੋਇਆ ਮੈਡਮ?"

" ...ਹੋਣਾ ਕੀ ਆ ? ਆਹ ਪੁਨੀਤ ਦੇ ਬੱਚੇ ਤਾਂ ਕਈ ਦਿਨਾਂ ਦੇ ਇੱਥੇ ਈ ਆਏ ਹੋਏ ਸੀ, ਅੱਜ ਸਵੇਰੇ ਇਹਨਾਂ ਨੂੰ ਲੈਣ ਆਈ ਉਹ ਮੇਰੇ ਨਾਲ ਉਲਝ ਗਈ , ਅੱਗੇ ਨਾ ਕਦੇ ਪਿੱਛੇ ਅੱਜ ਪਹਿਲੀ ਵਾਰੀ।"

"ਕੀ ਕਹਿੰਦੀ?"

"ਕਹਿਣਾ ਕੀ ਆ, ਕਹਿੰਦੀ ਮੇਰੇ ਨਾਲ ਤੁਸੀਂ ਰਾਮ ਪ੍ਰਕਾਸ਼ ਜੋਤਸ਼ੀ ਦੇ ਚੱਲੋ ਜਿਹੜਾ ਖੂਹ ਵਾਲੇ ਮੰਦਰ ਵਿਚ ਪੁੱਛਿਆ ਦਿੰਦੈ ।ਮੈਂ ਨਹੀਂ ਗਈ। ਮੇਰਾ ਦਿਲ ਨਹੀਂ ਮੰਨਿਆ।"

"ਚਲੇ ਜਾਣਾ ਸੀ ਤੁਸੀਂ, ਹੁਣ ਲੜਾਈ ਵੀ ਤਾਂ ਹੋਈ ਨਾਲੇ ਅਜਿਹੀ ਕਿਹੜੀ ਪਰੌਬਲਮ ਆ ਗਈ ਪੁਨੀਤ ਨੂੰ? ਠੀਕ ਤਾਂ ਹੈ ਸਭ ਕੁਝ।"

"ਇਹਦੇ ਘਰ ਵਾਲਾ, ਸਾਡਾ ਜਵਾਈ ਵੀ, ਆਪਣੇ ਡਾਕਟਰ ਵਾਂਗ ਬਹੁਤ ਸ਼ਰਾਬ ਪੀਂਦਾ, ਇਹ ਬਹੁਤ ਤੰਗ ਆ ਉਹਦੇ ਕੋਲੋਂ, ਕਹਿੰਦੀ ਕੋਈ ਉਪਾਅ ਕਰਵਾ ਕੇ ਲਿਆਉਣਾ ਰਾਮ ਪ੍ਰਕਾਸ਼ ਤੋਂ, ਪੁੱਛਿਆ ਲੈਣੀ। ਦਿਮਾਗ ਖ਼ਰਾਬ ਹੋਇਐ ਇਹਦਾ, ਲਿਖੀ ਪੜ੍ਹੀ ਦਾ, ਮੈਂ ਕਿਹਾ ਵੀ ਮੈਂ ਨੀਂ ਕੱਟੀ ਸਾਰੀ ਉਮਰ, ਆਹ ਡਾਕਟਰ ਰੋਜ਼ ਦੀ ਪੂਰੀ ਬੋਤਲ ਚੜ੍ਹਾਉਂਦੈ, ਹੁਣ ਮੈਂ ਕਿਆ ਕਰਾਂ, ਕਿਹੜੇ ਖੂਹ-ਖਾਤੇ ਵਿਚ ਡੁੱਬ ਕੇ ਮਰ

ਜਾਵਾਂ?

"ਹਾਂ ਜੀ, ਹੈ ਤਾਂ ਉਸ ਦੀ ਇਹ ਗੱਲ ਗ਼ਲਤ, ਨਾਲੇ ਇਹ ਵੀ ਕੋਈ ਗੱਲ ਆ ਲੜਨ ਵਾਲੀ? ਤੁਸੀਂ ਵੀ ਬਸ... ਕਦੇ ਕਦੇ ... ਫੇਰ ਵੀ ਤੁਸੀਂ ਉਸ ਦੀ ਖਾਤਿਰ ਚਲੇ ਜਾਣਾ ਸੀ, ਨਿਆਣੀ ਆ ਅਜੇ, ਨਾਲੇ ਉਸ ਦੇ ਮਨ ਦਾ ਵਹਿਮ ਨਿਕਲ ਜਾਂਦਾ।"

"... ਮੈਂ ਨਹੀਂ ਜਾ ਸਕਦੀ।"

" ਚਲੇ ਜਾਣਾ ਸੀ ਜੀ, ਉਥੇ ਕੀ ਫ਼ਰਕ ਪੈਂਦਾ, ਉਂਜ ਨੀਂ ਤੁਸੀਂ ਹੋਰ ਜਗ੍ਹਾ ਉਸ ਨਾਲ ਜਾਂਦੇ? ਕਦੇ ਕਦੇ ਬੱਚਿਆਂ ਦੀ ਜਿੱਦ ਪੁਗਾਉਣ ਲਈ ਬੜਾ ਕੁਝ ਕਰਨਾ ਪੈਂਦਾ।"

" ਮੈਂ ਨਹੀਂ ਜਾ ਸਕਦੀ ਬਸ, ਮੈਂ ਨਹੀਂ ਜਾ ਸਕਦੀ, ਇਹਨਾਂ ਜੋਤਸ਼ੀਆਂ ਨੇ ਹੀ ਤਾਂ ਮੇਰੀ ਜ਼ਿੰਦਗੀ ਦਾ ਭੱਠਾ ਬਿਠਾਇਐ, ਝੂਠੇ ਨੇ ਇਹ ਸਭ, ਆਪਣੀਆਂ ਦੁਕਾਨਦਾਰੀਆਂ ਚਲਾਉਂਦੇ, ਕੁਝ ਨੀਂ ਇਹਨਾਂ ਕੋਲ, ਬਸ ਲੋਕਾਂ ਦੀਆਂ ਜ਼ਿੰਦਗੀਆਂ ਤਬਾਹ ਕਰਦੇ ਨੇ ਇਹ ...।"

ਉਹ ਉੱਚੀ ਉੱਚੀ ਰੋਣ ਲੱਗੀ। ਉਸ ਦੇ ਹੰਝੂ ਬੇਕਾਬੂ ਹੋ ਗਏ। ਉਸ ਦੀ ਹਾਲਤ ਤਰਸਯੋਗ ਹੋ ਰਹੀ ਸੀ। ਮਾਸਟਰ ਜਗਦੀਪ ਡਰਨ ਲੱਗਿਆ ਕਿ ਕਿਤੇ ਉਸ ਦੇ ਰੋਣ ਦੀ ਆਵਾਜ਼ ਘਰ ਤੋਂ ਬਾਹਰ ਨਾ ਨਿਕਲ ਜਾਵੇ। ਉਹ ਆਪਣੀ ਥਾਂ ਤੋਂ ਉੱਠ ਕੇ ਉਸ ਨੂੰ ਚੁੱਪ ਵੀ ਨਹੀ ਸੀ ਕਰਵਾ ਸਕਦਾ। ਉਹ ਤਾਂ ਉਸ ਨੂੰ ਛੂਹ ਵੀ ਨਹੀਂ ਸੀ ਸਕਦਾ ਕਿ ਮੇਜ਼ ਉਤੇ ਡਿੱਗਿਆ ਉਸ ਦਾ ਚਿਹਰਾ ਉਪਰ ਕਰ ਦੇਵੇ।

ਕੁਝ ਚਿਰ ਬਾਅਦ ਉਹ ਆਪਣੇ ਆਪ ਚੁੱਪ ਕਰ ਗਈ ਅਤੇ ਬਾਹਰ ਗਲੀ ਵਿਚ ਜਾਲੀ ਵਾਲੇ ਦਰਵਾਜ਼ੇ ਥਾਣੀ ਦੇਖਦਿਆਂ ਉਹ ਹੌਲੀ ਹੌਲੀ ਬੋਲਣ ਲੱਗੀ।

" ...ਤੁਹਾਨੂੰ ਸ਼ਾਇਦ ਪਤਾ ਨਹੀਂ ਜਗਦੀਪ, ਮੈਂ ਆਪਣੀ ਜ਼ਿੰਦਗੀ ਦਾ ਇਹ ਰਾਜ਼ ਕਦੇ ਵੀ ਤੁਹਾਡੇ ਨਾਲ ਸਾਂਝਾ ਨਹੀਂ ਕੀਤਾ, ਕਦੇ ਕਿਸੇ ਹੋਰ ਨੂੰ ਵੀ ਨਹੀਂ ਦੱਸਿਆ, ਸਾਡੇ ਜਲੰਧਰ ਵੱਲ ਇੱਕ ਬਹੁਤ ਮਸ਼ਹੂਰ ਜੋਤਸ਼ੀ ਸੀ, ਮੇਰੇ ਘਰਦੇ ਇਕ ਵਾਰ ਮੈਨੂੰ ਉਂਝ ਹੀ ਉਸ ਦੇ ਕੋਲ ਲੈ ਗਏ, ਸ਼ਾਇਦ ਮੇਰੇ ਵਿਆਹ ਵਗੈਰਾ ਬਾਰੇ ਪੁੱਛਣ, ਉਸ ਨੇ ਮੇਰੇ ਘਰਦਿਆਂ ਨੂੰ ਦੱਸਿਆ ਕਿ ਇਹ ਕੁੜੀ ਕਦੇ ਵੀ ਮਾਂ ਨਹੀਂ ਬਣ ਸਕੇਗੀ, ਤੁਸੀ ਇਸ ਦਾ ਵਿਆਹ ਨਾ ਕਰਨਾ, ਇਹ ਸੁਣ ਕੇ ਮੇਰੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ। ਮੇਰੇ ਸਿਰ ਉੱਤੇ ਜਿਵੇਂ ਮੁਸੀਬਤਾਂ ਦਾ ਪਹਾੜ ਹੀ ਟੁੱਟ ਕੇ ਡਿੱਗ ਪਿਆ, ਤੁਸੀਂ ਦੇਖੋ, ਉਹਨਾਂ ਦਿਨਾਂ ਵਿਚ ਮੈਂ ਕੋਰਸ ਪੂਰਾ ਕਰ ਕੇ ਨੌਕਰੀ ਵੀ ਲੱਗ ਚੁੱਕੀ ਸੀ। ਕਈ ਸਾਲ ਮੈਂ ਵਿਆਹ ਨਾ ਕਰਵਾਇਆ, ਨਾ ਮੇਰੇ ਘਰਦਿਆਂ ਨੇ ਕੋਈ ਧਿਆਨ ਦਿੱਤਾ, ਇਸ ਗੱਲ ਕਰ ਕੇ ਹੀ ਆਹ ਡਾਕਟਰ ਦਹਾਜੂ ਮੇਰੇ ਪੱਲੇ ਪੈ ਗਿਆ ਅਤੇ ਉਸ ਜੋਤਸ਼ੀ ਦੀ ਗੱਲ ਨੂੰ ਨਕਾਰਦਿਆਂ ਪੁਨੀਤ ਨੇ ਮੇਰੀ ਕੁੱਖੋਂ ਜਨਮ ਲੈ ਲਿਆ, ਇਸ ਦਾ ਮਤਲਬ ਮੈਂ ਠੀਕ ਸੀ, ਕੋਈ ਪਰੌਬਲਮ ਨਹੀਂ ਸੀ ਮੈਨੂੰ। ਹੋਰ ਮੈਂ ਕਿਆ ਕਿਆ ਦੱਸਾਂ ਤੁਹਾਨੂੰ, ਮੇਰੀ ਤਾਂ ਜ਼ਿੰਦਗੀ ਹੀ ਬਰਬਾਦ ਕਰ ਦਿੱਤੀ ਉਸ ਝੂਠੇ ਜੋਤਸ਼ੀ ਨੇ।" ਉਹ ਫੇਰ ਬਹੁਤ ਉੱਚੀ ਉੱਚੀ ਰੋਣ ਲੱਗੀ ਮਾਸਟਰ ਜਗਦੀਪ ਉਸ ਦੇ ਦਰਦ ਨੂੰ ਸਮਝ ਚੁੱਕਿਆ ਸੀ। ਉਹ ਉਸ ਦੇ ਦਰਦ ਦੇ ਰੰਗ ਨੂੰ ਪਛਾਣ ਚੁੱਕਿਆ ਸੀ। ਦੋਵੇਂ ਪਾਸੇ ਇਕ ਚੁੱਪ ਪਸਰ ਗਈ ਅਤੇ ਰਾਤ ਦਾ ਹਨੇਰਾ ਉਤਰ ਆਇਆ।

ਮਾਸਟਰ ਜਗਦੀਪ ਕਦੋਂ ਦਾ ਜਾ ਚੁੱਕਿਆ ਸੀ। ਅਚਾਨਕ ਹੀ ਤ੍ਰਿਪਤਾ ਨੂੰ ਯਾਦ ਆਇਆ ਕਿ ਉਸ ਨੇ ਤਾਂ ਮਾਸਟਰ ਨੂੰ ਉਸ ਦੀ ਸਮੱਸਿਆ ਪੁੱਛੀ ਹੀ ਨਹੀਂ, ਉਹ ਤਾਂ ਉਸ ਕੋਲ ਆਪਣੇ ਦੁੱਖ-ਦਰਦ ਹੀ ਫਰੋਲਦੀ ਰਹੀ। ਉਸ ਦਾ ਮਨ ਮਾਸਟਰ ਜਗਦੀਪ ਵਾਸਤੇ ਇਕ ਮੋਹ ਜਿਹੇ ਨਾਲ ਭਰ ਗਿਆ। ਉਸ ਨੇ ਬੈੱਡ ਦੀ ਢੋਅ ਉਪਰੋਂ ਆਪਣਾ ਮੋਬਾਇਲ ਫ਼ੋਨ ਚੁੱਕਿਆ ਅਤੇ ਮਾਸਟਰ ਜਗਦੀਪ ਦਾ ਨੰਬਰ ਮਿਲਾਉਣ ਲੱਗੀ।

(**ਸੰਪਰਕ.98881-39135**)

ਕਹਾਣੀ

# ਡੌਗ ਫਾਰਮ



ਬਲਵੰਤ ਫ਼ਰਵਾਲ਼ੀ

"ਕਤੀਹੜ ਖਾਨਾ...।" ਪਲਕ ਨੇ ਆਪਣੀਆਂ ਅੱਖਾਂ ਨੂੰ ਘੁਮਾਉਂਦਿਆਂ ਤੇ ਪਲਕਾਂ ਨੂੰ ਤਣਦਿਆਂ ਸੁਤੇ ਸਿੱਧ ਹੀ ਆਖ ਦਿੱਤਾ। ਜਦੋਂ ਇਹੀ ਲਫ਼ਜ਼ ਉਸਨੂੰ ਆਪਣੇ ਅੰਦਰੋਂ ਧੁਨੀ ਵਾਂਗ ਸੁਣਨ ਲੱਗੇ ਤਾਂ ਉਹ ਹੜਵੜਾਹਟ ਜਿਹੀ ਵਿੱਚ ਉੱਠੀ ਤੇ ਡਰਾਇੰਗ ਰੂਮ ਦਾ ਦਰਵਾਜ਼ਾ ਪਟੱਕ ਦੇਣੇ ਬੰਦ ਕਰ ਆਈ। ਹੁਣ ਉਸਨੂੰ ਗੁਆਂਢੀਆਂ ਦੇ ਡੱਬੂ ਦੀ ਅਵਾਜ਼ ਸੁਣਨੀ ਬੰਦ ਹੋ ਗਈ ਸੀ। ਉਸਨੂੰ ਸਕੂਨ ਜਿਹਾ ਮਹਿਸੂਸ ਹੋ ਰਿਹਾ ਸੀ। ਸਕੂਨ ਪਲ ਵਿੱਚ ਹੀ ਫ਼ਿਰ ਹੜਬੜਾਹਟ ਵਿੱਚ ਬਦਲ ਗਿਆ। ਉਸਦੇ ਦਿਲ ਦੀ ਧੜਕਣ ਅਛੋਪਲੇ ਜਿਹੇ ਵਧਣ ਲੱਗੀ। ਉਸਨੂੰ ਹੁਣ ਆਪਣੀ ਧੜਕਣ ਦੀ ਅਵਾਜ਼ ਤੇ ਡੱਬੂ ਦੇ ਭੌਂਕਣ ਦੀ ਅਵਾਜ਼ ਇੱਕ ਦੂਜੇ ਵਿੱਚੋਂ ਸੁਣਨ ਲੱਗੀਆਂ ਸਨ।

ਉਸਨੇ ਰਸੋਈ ਵਿੱਚ ਜਾ ਕੇ ਪਾਣੀ ਦਾ ਗਲਾਸ ਪੀਤਾ। ਲੰਮਾ ਸਾਹ ਛੱਡਿਆ ਤਾਂ ਦੋਵੇਂ ਅਵਾਜ਼ਾਂ ਥਾਂ ਸਿਰ ਹੋ ਗਈਆਂ, ਪਰ ਉਸਦੇ ਅੰਦਰ ਇੱਕ ਦੱਬੀ ਹੋਈ ਅਵਾਜ਼ ਉਸਨੂੰ ਦੱਬਦੀ ਮਹਿਸੂਸ ਹੋਈ। ਉਸਨੇ ਸ਼ੋਅ ਕੇਸ਼ ਦੇ ਸ਼ੀਸ਼ੇ ਨੂੰ ਖੱਬੇ ਹੱਥ ਨਾਲ਼ ਪਰ੍ਹਾਂ ਨੂੰ ਸਰਕਾਇਆ ਤੇ ਉਸ ਕੇਸ਼ ਵਿੱਚੋਂ ਗ਼ੁਲਾਬ ਦੀ ਤਸਵੀਰ ਚੁੱਕ ਕੇ ਛਾਤੀ ਨਾਲ਼ ਲਾ ਲਈ। ਉਸਦੇ ਅੰਦਰੋਂ ਇੱਕ ਹੌਕਾ ਜਿਹਾ ਨਿੱਕਲ਼ਿਆ ਤੇ ਉਹ ਕੋਲ਼ ਪਏ ਸੋਫ਼ੇ 'ਤੇ ਢੇਰੀ ਹੋ ਗਈ।

"ਗ਼ੁਲਾਬ...।" ਉਸਨੇ ਆਪਣੇ ਖ਼ੁਰਦਰੇ ਬੁੱਲ੍ਹਾਂ ਵਿੱਚ ਬੋਲਿਆ ਤਾਂ ਉਸਨੂੰ ਲੱਗਿਆ ਜਿਵੇਂ ਗ਼ੁਲਾਬ ਦੀ ਖ਼ੁਸ਼ਬੂ ਉਸਦੇ ਅੰਦਰ ਪਸਰ ਗਈ ਹੋਵੇ। ਖਲਾਅ ਗੁਲਾਬੀ ਹੋ ਗਿਆ ਹੋਵੇ। ਗ਼ੁਲਾਬ ਸੱਤਰੰਗੀ ਪੀਂਘ ਵਿੱਚ ਬੈਠਾ ਝੂਟੇ ਝੂਟ ਰਿਹਾ ਹੋਵੇ। ਅਵਾਜ਼ਾਂ ਸੰਗੀਤ ਮਈ ਹੋਣ ਲੱਗੀਆਂ ਪਰ ਪਲ ਵਿੱਚ ਹੀ ਉਸਨੂੰ ਕੰਡੇਦਾਰ ਝਾੜੀਆਂ ਗੁਲਾਬੀ ਖਲਾਅ ਨੂੰ ਤੇ ਗ਼ੁਲਾਬ ਨੂੰ ਆਪਣੇ ਕਲ਼ਾਵੇ ਵਿੱਚ ਭਰਦੀਆਂ ਮਹਿਸੂਸ ਹੋਣ ਲੱਗੀਆਂ। ਉਸਨੂੰ ਸੱਤਰੰਗੀ ਪੀਂਘ ਦੇ ਰੰਗ ਕਾਲ਼ੇ-ਕਾਲ਼ੇ ਦਿਸਣ ਲੱਗੇ। ਸੰਗੀਤਮਈ ਅਵਾਜ਼ਾਂ ਵੈਣਾਂ ਵਿੱਚ ਤਬਦੀਲ ਹੋਣ ਲੱਗੀਆਂ। ਉਸਨੂੰ ਡੱਬੂ ਦੀ ਅਵਾਜ਼ ਹੁਣ ਚਊਂ-ਚਊਂ ਦੀ ਥਾਂ ਊਅਅਅਅ ਵਿੱਚ ਬਦਲ ਗਈ ਮਹਿਸੂਸ ਹੋਈ, ਜਿਵੇਂ ਉਹ ਵੈਣ ਪਾ ਰਿਹਾ ਹੋਵੇ।

ਬਾਹਰੋਂ ਦਰਵਾਜ਼ਾ ਖੜਕਿਆ ਤਾਂ ਉਹ ਇੱਕ ਦਮ ਤ੍ਰਭਕ ਕੇ ਉੱਠੀ। ਚਾਰੇ ਪਾਸੇ ਨਿਗ੍ਹਾ ਮਾਰੀ ਤਾਂ ਸਭ ਕੁਛ ਸ਼ਾਂਤ ਸੀ। ਗ਼ੁਲਾਬ ਦੀ ਤਸਵੀਰ ਉਸਦੀ ਛਾਤੀ ਨਾਲ਼ ਚੁੰਬੜੀ ਹੋਈ ਸੀ। ਉਸਨੂੰ ਦੇਖ ਕੇ ਉਹ ਮੁਸਕ੍ਰਾਈ। ਹੁਣ ਉਸਦੇ ਖੁਰਦਰੇ ਬੁੱਲ੍ਹ ਗੁਲਾਬੀ ਜਿਹੀ ਭਾਅ ਮਾਰਨ ਲੱਗੇ ਸਨ।

ਉਸਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਬਾਹਰ ਦੋਧੀ ਦੁੱਧ ਪਵਾਉਣ ਲਈ ਅਵਾਜ਼ਾਂ ਮਾਰ ਰਿਹਾ ਸੀ। ਉਸਨੇ ਦੁੱਧ ਦੇਗੇ ਵਿੱਚ ਪਵਾਇਆ। ਦੇਗਾ ਰਸੋਈ ਵਿੱਚ ਰੱਖ ਕੇ ਆਪ ਉਹ ਫ਼ਿਰ ਡਰਾਇੰਗ ਰੂਮ ਵਿੱਚ ਆ ਬੈਠੀ। ਉਹ ਭਾਵੇਂ ਬੈਠੀ ਸੀ ਪਰ ਬੀਤੇ ਦੀਆਂ ਯਾਦਾਂ ਉਸਦੀ ਉਂਗਲ਼ੀ ਫੜ ਕੇ ਉਸਨੂੰ ਉਨ੍ਹਾਂ ਰਾਹਾਂ ਵੱਲ ਲਿਜਾ ਰਹੀਆਂ ਸਨ, ਜਿਨ੍ਹਾਂ ਰਾਹਾਂ 'ਤੇ ਗ਼ੁਲਾਬ ਦੀ ਤੜਾਗੀ ਦੇ ਘੁੰਗਰੂਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ।

ਹੁਣ ਉਨ੍ਹਾਂ ਅਵਾਜ਼ਾਂ ਨੇ ਪਲਕ ਨੂੰ ਤਰੋ ਤਾਜ਼ਾ ਕਰ ਦਿੱਤਾ ਸੀ। ਉਸਨੂੰ ਲੱਗ ਰਿਹਾ ਸੀ ਜਿਵੇਂ ਸਾਰਾ ਘਰ ਖੁਸ਼ੀਆਂ ਨਾਲ਼ ਭਰ ਗਿਆ ਹੋਵੇ। ਰੇਸ਼ਮੀ ਧਾਗਿਆਂ ਦੇ ਗੋਲ਼ੇ ਬੈੱਡਾਂ ਦੇ ਸਿਰਹਾਣੇ ਨਿੱਕੀਆਂ ਨਿੱਕੀਆਂ ਬੁਣਤੀਆਂ ਵਿੱਚ ਬੁਣੇ ਹੋਏ, ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗ ਗਏ। ਉਨ੍ਹਾਬੀ ਰੰਗ ਦੀਆਂ ਨਿੱਕੀਆਂ-ਨਿੱਕੀਆਂ ਮੌਜੀਆਂ ਉਸਦੇ ਖਿਆਲ਼ਾਂ ਨੂੰ ਹੁਣ ਗੁਲਾਨਾਰੀ ਕਰ ਗਈਆਂ ਸਨ।

ਪ੍ਰੀਤਮ ਦੀ ਬੈਂਕ ਤੋਂ ਘਰ ਆਏ ਦੀ ਪਾਈ ਗਲ਼ਵੱਕੜੀ ਉਸਨੂੰ ਪਿਆਰਦੀ ਹੋਈ ਮਹਿਸੂਸ ਹੋਈ। ਉਸਦੀਆਂ ਬਾਹਾਂ ਦੀ ਜਕੜਨ ਨਾਲ਼ ਉਸਦੀਆਂ ਛਾਤੀਆਂ ਵਿੱਚੋਂ ਉਸਨੂੰ ਦੁੱਧ ਸਿਮਦਾ ਮਹਿਸੂਸ ਹੋਇਆ। ਪ੍ਰੀਤਮ ਦੀ ਜਕੜ ਐਨੀ ਮੁਹੱਬਤ ਬਖਸ਼ ਰਹੀ ਸੀ, ਕਿ ਉਹ ਚਾਹ ਕੇ ਵੀ ਉਸ ਗਲ਼ਵੱਕੜੀ ਨੂੰ ਛੱਡ ਨਹੀਂ ਸੀ ਪਾ ਰਹੀ।

ਪਰ ਅਚਾਨਕ ਆਈ ਬਿੰਨੀ ਦੀ ਅਵਾਜ਼ ਨੇ ਉਸਨੂੰ ਚੌਂਕਾ ਕੇ ਰੱਖ ਦਿੱਤਾ। ਉਸਦਾ ਇੱਕ ਦਮ ਦਿਲ ਨਿੱਕਲ਼ ਗਿਆ। ਪ੍ਰੀਤਮ ਤੇ ਉਹ ਭੱਜ ਕੇ ਲਾਬੀ ਵਿੱਚ ਗਏ ਤਾਂ ਬਿੰਨੀ ਗੁਲਾਬ ਨੂੰ ਚੁੱਕੀ ਖੜ੍ਹੀ ਸੀ ਤੇ ਕੁੱਕੂ ਉਸਨੂੰ ਭੌਂਕਦਾ ਹੋਇਆ ਉਸਦੇ ਪੈਰਾਂ ਨੂੰ ਚੁੰਬੜ ਰਿਹਾ ਸੀ। ਇੰਝ ਲੱਗਦਾ ਸੀ ਜਿਵੇਂ ਉਹ ਬਿੰਨੀ ਨੂੰ ਕਹਿ ਰਿਹਾ ਹੋਵੇ "ਗ਼ੁਲਾਬ ਨੂੰ ਹੇਠਾਂ ਉਤਾਰ, ਇਹ ਮੇਰਾ ਆੜੀ ਆ... ਖੇਡਣਾ ਮੈਂ ਇਹਦੇ ਨਾਲ਼।"

ਜਦੋਂ ਪਲਕ ਨੇ ਰੋਂਦੇ ਗ਼ੁਲਾਬ ਨੂੰ ਆਪਣੇ ਕਲ਼ਾਵੇ ਵਿੱਚ ਲਿਆ ਤਾਂ ਉਸਨੂੰ ਸੁੱਖ ਦਾ ਸਾਹ ਆਇਆ। ਪ੍ਰੀਤਮ ਗ਼ੁਲਾਬ ਦੇ ਪਿੰਡੇ ਨੂੰ ਥਪਥਪਾ ਰਿਹਾ ਸੀ ਪਰ ਗ਼ੁਲਾਬ ਕੁੱਕੂ ਵੱਲ ਭੱਜ-ਭੱਜ ਕੇ ਜਾ ਰਿਹਾ ਸੀ।

ਬਿੰਨੀ ਨੇ ਪਲਕ ਨੂੰ ਦੱਸਿਆ ਕਿ ਕੁੱਕੂ ਗ਼ੁਲਾਬ ਦੇ ਦੰਦੀ ਵੱਢਣ ਜਾ ਰਿਹਾ ਸੀ। ਇਹ ਸੁਣਕੇ ਪਲਕ ਦੇ ਅੰਦਰੋਂ ਹਉਂਕਾ ਨਿੱਕਲ਼ ਗਿਆ, ਪਰ ਪ੍ਰੀਤਮ ਕੁੱਕੂ ਦੀ ਪਿੱਠ 'ਤੇ ਹੱਥ ਫੇਰਨ ਲੱਗ ਗਿਆ। ਪਲਕ ਨੂੰ ਇਹ ਦੇਖ ਕੇ ਪ੍ਰੀਤਮ 'ਤੇ ਬਹੁਤ ਗੁੱਸਾ ਆਇਆ, ਕਿਉਂਕਿ ਉਸਨੂੰ ਤਾਂ ਗ਼ੁਲਾਬ ਕਰਕੇ ਕੁੱਕੂ ਉੱਪਰ ਪਹਿਲਾਂ ਵੀ ਖਿਝ ਚੜ੍ਹਦੀ ਰਹਿੰਦੀ ਸੀ।

ਜਦੋਂ ਪਲਕ ਵਿਆਹ ਕੇ ਇਸ ਕੋਠੀ ਵਿੱਚ ਆਈ ਸੀ ਤਾਂ ਕੁੱਕੂ ਉਦੋਂ ਨਿੱਕਾ ਜਿਹਾ ਸੀ। ਉਹ ਭਾਵੇਂ ਹੁਣ ਵੀ ਨਿੱਕਾ ਜਿਹਾ ਸੀ, ਕਿਉਂਕਿ ਉਸਦੀ ਨਸਲ ਹੀ ਅਜਿਹੀ ਸੀ। ਪ੍ਰੀਤਮ ਨੇ ਪਲਕ ਨੂੰ ਦੱਸਿਆ ਵੀ ਸੀ ਕਿ 'ਇਹ ਭਾਵੇਂ ਉਮਰ 'ਚ ਕਿੰਨਾ ਵੱਡਾ ਹੋਜੇ... ਪਰ ਰਹਿਣਾ ਇਨ੍ਹੇ ਨਿੱਕਾ ਜਿਹਾ ਹੀ ਆ।'

ਕੁੱਕੂ ਘਰ ਵਿੱਚ ਰੌਣਕ ਲਾਈ ਰੱਖਦਾ। ਪਰ ਵਿਆਹ ਦੀ ਪਹਿਲੀ ਰਾਤ ਹੀ ਕੁੱਕੂ ਪ੍ਰੀਤਮ ਦੇ ਕਮਰੇ ਵਿੱਚੋਂ ਬਾਹਰ ਹੋ ਗਿਆ ਸੀ। ਉਹ ਭਾਵੇਂ ਚਾਹੁੰਦਾ ਨਹੀਂ ਸੀ ਕਿ ਉਹ ਉਸਦੇ ਕਮਰੇ ਵਿੱਚੋਂ ਬਾਹਰ ਜਾਵੇ, ਪਰ ਪਲਕ ਦੇ ਤਰਲੇ ਨੇ ਕੁੱਕੂ ਨੂੰ ਕਮਰੇ ਵਿੱਚੋਂ ਬਾਹਰ ਕਰ ਦਿੱਤਾ ਸੀ। ਉਹ ਅਣਮੰਨੇ ਜਿਹੇ ਮਨ ਨਾਲ਼ ਉਸਨੂੰ ਕੰਬਲ਼ ਵਿੱਚ ਲਪੇਟ ਕੇ ਬਾਹਰ ਲਾਬੀ ਵਿੱਚ ਸੋਫ਼ੇ 'ਤੇ ਬਿਠਾ ਗਿਆ ਸੀ। ਉਹ ਓਦਰਿਆ ਜਿਹਾ ਕੰਬਲ਼ ਵਿੱਚ ਵੜ ਕੇ ਇੱਧਰ ਉੱਧਰ ਝਾਕਦਾ ਰਿਹਾ, ਕਿਉਂਕਿ ਉਹ ਅੱਜ ਪਹਿਲੀ ਵਾਰ ਪ੍ਰੀਤਮ ਤੋਂ ਦੂਰ ਹੋ ਰਿਹਾ ਸੀ।

ਕੁੱਕੂ ਨੂੰ ਪ੍ਰੀਤਮ ਨੇ ਬੈਂਕ ਵਿੱਚ ਨੌਕਰੀ ਜੁਆਇਨ ਕਰਨ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਇਸ ਘਰ ਵਿੱਚ ਲੈ ਆਂਦਾ ਸੀ। ਪ੍ਰੀਤਮ ਆਪ ਅਨਾਥ ਆਸ਼ਰਮ ਵਿੱਚ ਪਲ਼ਿਆ ਤੇ ਵੱਡਾ ਹੋਇਆ ਸੀ। ਪੜ੍ਹ ਕੇ ਹੁਣ ਨੌਕਰੀ 'ਤੇ ਲੱਗ ਗਿਆ ਸੀ। ਆਸ਼ਰਮ ਤੋਂ ਉਚੇਰੀ ਪੜ੍ਹਾਈ ਲਈ ਨਿੱਕਲ਼ ਕੇ ਉਹ ਹਮੇਸ਼ਾ ਹੀ ਆਪਣੇ ਆਪ ਨੂੰ ਉਪਰਾਮ ਜਿਹਾ ਮਹਿਸੂਸ ਕਰਦਾ ਰਿਹਾ ਸੀ, ਕਿਉਂਕਿ ਆਸ਼ਰਮ ਤੋਂ ਦੂਰ ਹੋ ਕੇ ਉਸਨੇ ਇਕੱਲਤਾ ਹੀ ਹੰਢਾਈ ਸੀ। ਉਸਨੂੰ ਤਾਂ ਸਗੋਂ ਆਸ਼ਰਮ ਵਿੱਚ ਰਹਿ ਕੇ ਕਿੰਨੇ ਹੀ ਰਿਸ਼ਤਿਆਂ ਦਾ ਨਿੱਘ ਮਹਿਸੂਸ ਹੁੰਦਾ ਸੀ। ਉਹ ਆਸ਼ਰਮ ਦੀਆਂ ਯਾਦਾਂ ਵਿੱਚ ਗੁੰਦਿਆ ਸਵੈ ਨੂੰ ਹੀ ਸੰਬੋਧਿਤ ਹੁੰਦਾ ਆਖਦਾ, "ਘਰ ਪਤਾ ਨ੍ਹੀਂ

ਕਿੱਦਾਂ ਦੇ ਹੁੰਦੇ ਹੋਣਗੇ... ਖ਼ਾਸ ਹੀ ਹੋਣਾ ਕੁਛ ਘਰਾਂ ਵਿੱਚ... ਆਪਣਿਆਂ ਦਾ ਸਾਥ ...ਪਿਆਰ ਦਾ ਅਹਿਸਾਸ ਹੀ ਸ਼ਾਇਦ ਘਰ ਬਣਾਉਂਦਾ ਹੋਵੇਗਾ...।" ਉਹ 'ਪਲਕ' ਨੂੰ ਯਾਦ ਕਰਕੇ ਪਲਾਂ ਵਿੱਚ ਹੀ ਘਰ ਨੂੰ ਮਹਿਸੂਸ ਕਰਨ ਲੱਗਦਾ।




ਪਲਕ ਨਾਲ਼ ਉਸਦਾ ਬਚਪਨ ਸਾਂਝਾ ਸੀ। ਉਸਦੀ ਜਵਾਨੀ ਦੇ ਅਹਿਸਾਸ ਵੀ ਉਸ ਨਾਲ਼ ਆਸ਼ਰਮ ਤੋਂ ਹੀ ਸਾਂਝੇ ਸੀ। ਇਨ੍ਹਾਂ ਅਹਿਸਾਸਾਂ ਨੂੰ ਉਹ ਹਕੀਕਤ ਵਿੱਚ ਬਦਲਣਾ ਚਾਹੁੰਦੇ ਸਨ, ਪਰ ਉਦੋਂ ਤੱਕ ਆਸ਼ਰਮ ਤੋਂ ਦੂਰੀ ਅਤੇ ਸ਼ਹਿਰ ਦੀ ਇਕੱਲਤਾ ਉਸਨੂੰ ਵੱਢ-ਵੱਢ ਖਾ ਰਹੀ ਸੀ, ਤਾਂ ਉਸਨੇ ਆਪਣੀ ਇਕੱਲਤਾ ਨੂੰ ਝੁਠਲਾਉਣ ਲਈ ਨਿੱਕੇ ਜਿਹੇ ਬਲੂੰਗੜੇ ਵਰਗੇ ਪੱਪੀ ਨੂੰ ਘਰ ਲੈ ਆਂਦਾ ਸੀ।

ਉਸਦੀ ਛੋਟੀ ਜਿਹੀ ਦੁਨੀਆ ਵਿੱਚ ਕੁੱਕੂ ਨੇ ਪ੍ਰਵੇਸ਼ ਕਰ ਲਿਆ ਸੀ। ਬੈਂਕ ਤੋਂ ਬਾਅਦ ਦਾ ਸਮਾਂ ਉਹ ਉਸ ਨਾਲ਼ ਹੀ ਬਿਤਾਉਂਦਾ ਸੀ। ਉਹ ਉਸ ਨਾਲ਼ ਪਲਕ ਦੀਆਂ ਗੱਲਾਂ ਕਰਦਾ ਰਹਿੰਦਾ। ਉਹ ਵੀ ਆਪਣੀ ਬੋਲੀ ਵਿੱਚ ਉਸਦੀਆਂ ਗੱਲਾਂ ਦੇ ਹੁੰਗਾਰੇ ਭਰਦਾ। ਹੁਣ ਕੁੱਕੂ ਉਸ ਲਈ ਘਰ ਦੇ ਜੀਆ ਵਾਂਗ ਹੀ ਹੋ ਗਿਆ ਸੀ।

ਜਦੋਂ ਪਲਕ ਕੋਰਟ ਮੈਰਜ ਕਰਵਾ ਕੇ ਪ੍ਰੀਤਮ ਨਾਲ਼ ਘਰ ਅੰਦਰ ਪ੍ਰਵੇਸ਼ ਹੋਈ ਤਾਂ ਕੁੱਕੂ ਉਸਦੇ ਪੈਰਾਂ ਵਿੱਚ ਬੈਠ ਗਿਆ। ਉਹ ਕਿਸੇ ਨੂੰ ਦਰਵਾਜ਼ਾ ਨਹੀਂ ਸੀ ਖੋਲ੍ਹਣ ਦਿੰਦਾ ਹੁੰਦਾ। ਭੌਂਕ ਭੌਂਕ ਕੇ ਬੁਰਾ ਹਾਲ ਕਰ ਦਿੰਦਾ ਸੀ। ਪ੍ਰੀਤਮ ਦੇ ਘੂਰਨ 'ਤੇ ਹੀ ਚੁੱਪ ਕਰਦਾ ਸੀ, ਪਰ ਅੱਜ ਉਹ ਪਲਕ ਦੇ ਪੈਰਾਂ ਵਿੱਚ ਬੈਠਾ ਇੰਝ ਮਹਿਸੂਸ ਕਰ ਰਿਹਾ ਸੀ, ਜਿਵੇਂ ਉਹ ਆਪਣੀ ਮਾਂ ਦੇ ਚਰਨਾਂ ਵਿੱਚ ਬੈਠਾ ਹੋਵੇ। ਪਰ ਪਲਕ ਨੇ ਉਸ ਨਾਲ਼ ਸੂਕ ਜਿਹੀ ਮਹਿਸੂਸ ਕੀਤੀ ਤੇ ਉਸਨੇ ਉਸਨੂੰ ਪੈਰਾਂ ਨਾਲ਼ ਹੀ ਪਰਾਂ ਨੂੰ ਧੱਕ ਦਿੱਤਾ। ਪਲਕ ਬੈੱਡਰੂਮ ਵਿੱਚ ਚਲੀ ਗਈ ਤੇ ਉਹ ਚੁੱਪ ਚਾਪ ਡਰਾਇੰਗ ਰੂਮ ਦੀ ਕੰਧ ਨਾਲ਼ ਜਾ ਬੈਠਾ।

ਹੁਣ ਭਾਵੇਂ ਪ੍ਰੀਤਮ ਪਲਕ ਨਾਲ਼ ਬੈੱਡ 'ਤੇ ਸੀ, ਪਰ ਕੁੱਕੂ ਕੌਲ਼ੇ ਨਾਲ਼ ਲੱਗਿਆ ਓਦਰਿਆ ਜਿਹਾ ਅੰਦਰ ਨੂੰ ਝਾਕ ਰਿਹਾ ਸੀ। ਜਦੋਂ ਕਿੰਨੇ ਹੀ ਸਮੇਂ ਬਾਅਦ ਪ੍ਰੀਤਮ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਹ ਭੱਜ ਕੇ ਉਸਦੀਆਂ ਲੱਤਾਂ ਨੂੰ ਜਾ ਚੁੰਬੜਿਆ। ਪ੍ਰੀਤਮ ਨੇ ਉਸਨੂੰ ਬਾਹਾਂ ਵਿੱਚ ਘੁੱਟ ਲਿਆ। ਉਸਦੀਆਂ ਅੱਖਾਂ ਨਮੀ ਨਾਲ਼ ਭਰ ਗਈਆਂ। ਪ੍ਰੀਤਮ ਨੂੰ ਲੱਗਿਆ ਜਿਵੇਂ ਇੱਕ ਰਿਸ਼ਤਾ ਉਸਦੀ ਬੁੱਕਲ਼ 'ਚ ਸਮਾ ਰਿਹਾ ਹੋਵੇ ਤੇ ਦੂਜਾ ਬੁੱਕਲ਼ 'ਚੋਂ ਖਿਸਕ ਰਿਹਾ ਹੋਵੇ। ਉਹ ਪਲਕ ਤੋਂ ਅੱਖਾਂ ਚੁਰਾਉਂਦਾ ਉਸਨੂੰ ਚੁੱਕ ਕੇ ਬੈੱਡ ਰੂਮ ਵਿੱਚ ਲੈ ਗਿਆ। ਉਹ ਫ਼ਿਰ ਉਸੇ ਤਰ੍ਹਾਂ ਹੀ ਉਸਦੇ ਬੈੱਡ 'ਤੇ ਟਪੂਸੀਆਂ ਮਾਰਦਾ ਕੰਬਲਾਂ ਰਜਾਈਆਂ ਵਿੱਚ ਵੜ ਕੇ ਲੁਕਣ ਮੀਟੀ ਖੇਡਣ ਲੱਗਿਆ।

ਪ੍ਰੀਤਮ ਦੀ ਛੁੱਟੀ ਖਤਮ ਹੋ ਗਈ ਸੀ। ਉਸਦੀ ਜਗ੍ਹਾ ਹੁਣ ਕੁੱਕੂ ਨੇ ਘਰ ਵਿੱਚ ਪਲਕ ਦਾ ਦਿਲ ਲਵਾਉਣ ਦੀ ਜਿੰਮੇਵਾਰੀ ਸਾਂਭ ਲਈ ਸੀ। ਪਲਕ ਦਾ ਹੁਣ ਉਹ ਗੂੜ੍ਹਾ ਦੋਸਤ ਬਣ ਗਿਆ ਸੀ। ਉਹ

ਉਸਦੇ ਸੁੱਖ ਦੁੱਖ ਦਾ ਪੱਕਾ ਸਾਥੀ ਸੀ। ਉਸਦੀ ਹੋਂਦ ਵਿੱਚ ਉਹ ਪ੍ਰੀਤਮ ਦੀ ਗੈਰਹਾਜ਼ਰੀ ਵਿੱਚ ਵੀ ਉਦਾਸ ਨਾ ਹੁੰਦੀ।

ਗ਼ੁਲਾਬ ਤੇ ਕੁੱਕੂ ਪਲਕ ਨੂੰ ਪੁੱਤਾਂ ਵਰਗੇ ਲੱਗਦੇ ਸਨ। ਸਾਰਾ ਦਿਨ ਉਹ ਉਨ੍ਹਾਂ ਨਾਲ਼ ਖੇਡਦੀ ਰਹਿੰਦੀ। ਜਦੋਂ ਕੰਮ ਕਰਨ ਲੱਗਦੀ ਤਾਂ ਕੁੱਕੂ ਗ਼ੁਲਾਬ ਦੀ ਰਾਖੀ ਵਿੱਚ ਝੋਤ ਲਾ ਕੇ ਬੈਠਾ ਰਹਿੰਦਾ। ਕੁੱਕੂ ਗ਼ੁਲਾਬ ਦੀ ਦੂਰ ਰੁੜ ਗਈ ਖੇਡ ਨੂੰ ਪੌਂਚਿਆਂ 'ਚ ਫਸਾ ਕੇ ਗ਼ੁਲਾਬ ਦੇ ਨੇੜੇ ਲਿਆ ਧਰਦਾ। ਗ਼ੁਲਾਬ ਚੀਜ ਨੂੰ ਫੜ ਕੇ ਗ਼ੁਲਾਬ ਵਾਂਗ ਖਿੜ ਜਾਂਦਾ ਤੇ ਪਲਕ ਉਨ੍ਹਾਂ ਦੋਵਾਂ ਨੂੰ ਦੇਖ ਕੇ ਖਿੜ ਜਾਂਦੀ।

ਪਲਕ ਯਾਦਾਂ ਦੀ ਖ਼ੁਸ਼ਬੂ ਵਿੱਚ ਸਮੋ ਰਹੀ ਸੀ। ਗ਼ੁਲਾਬ ਦੀ ਫੋਟੋ ਨੂੰ ਉਸਨੇ ਦੁਬਾਰਾ ਆਪਣੀ ਛਾਤੀ ਨਾਲ਼ ਲਾ ਕੇ ਘੁੱਟਿਆ, ਪਰ ਇਕਦਮ ਉਸਦਾ ਤ੍ਰਾਹ ਜਿਹਾ ਨਿੱਕਲ਼ ਗਿਆ, ਕਿਉਂਕਿ ਉਸਦੇ ਖਿਆਲਾਂ ਵਿੱਚ ਕੁੱਕੂ ਦਾ ਵਿਛੜਨਾ ਯਾਦ ਆ ਗਿਆ ਸੀ।

ਅੱਜ ਉਹ ਕੁੱਕੂ ਤੇ ਗ਼ੁਲਾਬ ਨੂੰ ਬਹੁਤ ਦੂਰ ਮਹਿਸੂਸ ਕਰ ਰਹੀ ਸੀ। ਉਹ ਆਪਣੇ ਅੰਦਰੋਂ ਆਪ ਨਾਲ਼ ਹੀ ਸੰਵਾਦ ਰਚਾਉਂਦੀ ਰਹੀ "ਕੁੱਕੂ ਤਾਂ ਜ਼ਾਨਵਰ ਸੀ... ਫ਼ਿਰ ਵੀ ਇਨਸਾਨਾਂ ਨਾਲ਼ੋਂ ਵੀ ਗਹਿਰਾ ਸੀ... ਟੁੱਟਿਆ ਹੀ ਨ੍ਹੀਂ ਅੰਦਰੋਂ ਕਦੇ... ਅੰਦਰ ਹੀ ਵੜ ਕੇ ਬਹਿ ਗਿਆ ਹਮੇਸ਼ਾ ਲਈ, ਪਰ ਗ਼ਲਾਬ ਤਾਂ ਇਨਸਾਨ ਆ... ਪੁੱਤ ਆ... ਉਹ ਪਤਾ ਨੀਂ ਕਿਹੜੀ ਨਸਲ ਦਾ ਬਣ ਗਿਆ, ਸ਼ਾਇਦ ਬਾਹਰਲੇ ਦੇਸ਼ਾਂ ਦੀ ਤਾਸੀਰ ਹੀ ਇਹੋ ਜਿਹੀ ਆ, ਜਿਹੜੀ ਪੁੱਤਾਂ ਦੇ ਅੰਦਰੋਂ ਮਾਪਿਆਂ ਪ੍ਰਤੀ ਥੋਹ ਨੂੰ ਖਾ ਜਾਂਦੀ ਆ ... ਉਸਦੀ ਤਾਸੀਰ ਮਾੜੀ ਨ੍ਹੀਂ ਬੱਸ ਭੋਲ਼ਾ ਮੇਰਾ ਪੁੱਤ...।"

ਉਹ ਹੁਣ ਕੁੱਕੂ ਤੇ ਗ਼ੁਲਾਬ ਦੇ ਵੈਰਾਗ ਵਿੱਚ ਪਿਘਲ਼ਦੀ ਜਾ ਰਹੀ ਸੀ, ਪਰ ਕੁੱਕੂ ਪ੍ਰਤੀ ਹੇਰਵਾ ਉਸਨੂੰ ਖਿੱਚਦਾ ਹੋਇਆ ਆਪਣੇ ਵੱਲ ਲਿਜਾ ਰਿਹਾ ਸੀ।

ਉਹ ਸੋਚਣ ਲੱਗੀ ਕਿ 'ਕਿੰਨਾ ਅਜ਼ੀਬ ਜਿਹਾ ਵਰਤਾਅ ਕੀਤਾ ਸੀ ਮੈਂ ਕੁੱਕੂ ਨਾਲ਼ ...'। ਉਸਨੂੰ ਹੁਣ ਯਾਦ ਆ ਰਿਹਾ ਸੀ, ਬਿੰਨੀ ਨੂੰ ਉਸਨੇ ਗ਼ੁਲਾਬ ਦੀ ਕੇਅਰ ਕਰਨ ਲਈ ਰੱਖਿਆ ਸੀ। ਉਹ ਵੀ ਗ਼ੁਲਾਬ ਵਾਂਗ ਰੱਜ ਕੇ ਸੋਹਣੀ, ਪਰ ਗ਼ਰੀਬੀ ਦੀ ਝੰਬੀ ਹੋਈ ਚੌਦਾਂ ਪੰਦਰਾਂ ਵਰ੍ਹਿਆਂ ਦੀ ਅੱਲ੍ਹੜ ਜਿਹੀ ਕੁੜੀ ਸੀ। ਉਸਦਾ ਕੰਮ ਹੀ ਗ਼ੁਲਾਬ ਦੀ ਦੇਖਭਾਲ਼ ਕਰਨਾ ਸੀ। ਜਦੋਂ ਪਲਕ ਕੰਮਾਂ ਵਿੱਚ ਰੁੱਝ ਜਾਂਦੀ ਤਾਂ ਬਿੰਨੀ ਗ਼ੁਲਾਬ ਨੂੰ ਪਰਚਾਈ ਰੱਖਦੀ ਤੇ ਕੁੱਕੂ ਉਸ ਕੋਲ਼ ਬਾਡੀਗਾਰਡਾਂ ਵਾਂਗ ਬੈਠਾ ਆਪਣੀ ਡਿਊਟੀ ਨਿਭਾਈ ਜਾਂਦਾ।

ਇੱਕ ਦਿਨ ਬਿੰਨੀ ਗ਼ੁਲਾਬ ਨੂੰ ਖਿਡਾ ਰਹੀ ਸੀ। ਕੁੱਕੂ ਵੀ ਕੋਲ਼ ਹੀ ਖੇਡ ਰਿਹਾ ਸੀ। ਕਈ ਦਿਨਾਂ ਤੋਂ ਬਿੰਨੀ ਗ਼ੁਲਾਬ ਵੱਲ ਘੱਟ ਸਗੋਂ ਗੁਆਂਢੀਆਂ ਦੀ ਛੱਤ ਵੱਲ ਵੱਧ ਧਿਆਨ ਰੱਖਦੀ ਸੀ, ਕਿਉਂਕਿ ਗੁਆਂਢੀਆਂ ਦਾ ਮੁੰਡਾ ਕਿਤੇ ਉਸਦੇ ਅੰਦਰ ਝਾਕ ਗਿਆ ਸੀ। ਉਸਦੀ ਝਾਕਣੀ ਨੇ ਹੀ ਅੱਲ੍ਹੜ ਜਿਹੀ ਬਿੰਨੀ ਨੂੰ ਆਪਣੀ ਕੁੱਤੇ ਝਾਕ ਵਿੱਚ ਲਾ ਲਿਆ ਸੀ। ਉਹ ਗ਼ੁਲਾਬ ਨੂੰ ਸਾਂਭਦੀ-ਸਾਂਭਦੀ ਕਈ ਵਾਰ ਛੱਤ ਵੱਲ ਝਾਕਦੀ ਏਨਾ ਮਸਤ ਹੋ ਜਾਂਦੀ ਤਾਂ ਉਸਨੂੰ ਪਤਾ ਵੀ ਨਾ ਲੱਗਦਾ ਕਿ ਗ਼ੁਲਾਬ ਕਿੱਥੇ ਆ ਤੇ ਕੁੱਕੂ ਕਿੱਥੇ ਆ।

ਗ਼ੁਲਾਬ ਤੇ ਕੁੱਕੂ ਇੱਕ ਦੂਜੇ ਵਿੱਚ ਮਸਤ ਸੀ। ਉਹ ਖੇਡਦੇ-ਖੇਡਦੇ ਫਰਸ 'ਤੇ ਲਿਟ ਗਏ। ਕੁੱਕੂ ਪੰਜਿਆਂ ਨਾਲ਼ ਗ਼ੁਲਾਬ ਦੇ ਢਿੱਡ ਨੂੰ ਪਲ਼ੋਸਣ ਲੱਗ ਗਿਆ। ਜਿਉਂ ਹੀ ਪਲਕ ਸਾਹਮਣੇ ਆਈ ਤਾਂ ਉਸਦਾ ਤ੍ਰਾਹ ਨਿੱਕਲ਼ ਗਿਆ। ਪਲਕ ਨੂੰ ਲੱਗਿਆ ਜਿਵੇਂ ਕੁੱਕੂ ਗ਼ੁਲਾਬ ਨੂੰ ਪਾਂਚੇ ਮਾਰ ਕੇ ਤੰਗ ਕਰ ਰਿਹਾ ਹੋਵੇ। ਗ਼ੁਲਾਬ ਨੇ ਵੀ ਡੌਰ ਭੌਰ ਹੋਏ ਨੇ ਉੱਚੀ-ਉੱਚੀ ਚਾਂਗਾਂ ਛੱਡ ਦਿੱਤੀਆਂ।

ਉਸਨੇ ਭੱਜ ਕੇ ਗ਼ੁਲਾਬ ਨੂੰ ਚੁੱਕਿਆ ਤੇ ਕੁੱਕੂ ਨੂੰ ਵਗਾਹ ਕੇ ਕੰਧ ਨਾਲ਼ ਮਾਰਿਆ ਤੇ ਬਿੰਨੀ ਦੇ

ਤਾੜ੍ਹ ਕਰਦਾ ਥੱਪੜ ਜੜ ਦਿੱਤਾ। ਉਸਨੂੰ ਤਰ੍ਹਾਂ-ਤਰ੍ਹਾਂ ਦੀਆਂ ਗਾਲ੍ਹਾਂ ਦੀ ਝੜੀ ਲਾ ਦਿੱਤੀ। ਬਿੰਨੀ ਗਾਲ੍ਹਾਂ ਨੂੰ ਸੁਣ ਕੇ ਸੁੰਨ ਹੋਈ ਖੜ੍ਹੀ ਸੀ। ਉਸਦੇ ਅੰਦਰੋਂ ਵਿਰੋਧ ਨੇ ਉਬਾਲ੍ਹਾ ਖਾਧਾ ਪਰ ਗ਼ਰੀਬੀ ਦੇ ਛਿੱਟਿਆਂ ਨੇ ਉਸਦੇ ਉਬਾਲ੍ਹੇ ਨੂੰ ਮਨ ਦੀ ਵਲਗਣ ਵਿੱਚੋਂ ਬਾਹਰ ਹੀ ਨਹੀਂ ਸੀ ਆਉਣ ਦਿੱਤਾ। ਅਖੀਰ ਬਿੰਨੀ ਦਾ ਰੋਣਾ ਨਿੱਕਲ਼ ਗਿਆ ਸੀ।

ਕੁੱਕੂ ਵਿਚਾਰਾ ਸਹਿਮਿਆ ਜਿਹਾ ਕੰਧ ਨਾਲ਼ ਲੱਗ ਕੇ ਚਊਂ-ਚਊਂ ਕਰਦਾ ਰਿਹਾ, ਪਰ ਪਲਕ ਦੀ ਗ਼ੁਲਾਬ ਪ੍ਰਤੀ ਮਮਤਾ ਡੁੱਲ੍ਹ-ਡੁੱਲ੍ਹ ਪੈ ਰਹੀ ਸੀ। ਕੁੱਕੂ ਮਮਤਾ ਨੂੰ ਤਰਸਦਾ ਓਦਰਿਆ ਜਿਹਾ ਬੈਠਾ ਰਿਹਾ। ਬਿੰਨੀ ਕੁੱਕੂ ਵੱਲ ਕੁਨੱਖੀ ਜਿਹੀ ਝਾਕਦੀ ਹੋਈ ਬੋਲੀ, "ਸਿਆਪਿਆਂ ਦੀ ਜੜ ਤੂੰ ਆਂ ... ਤੇਰਾ ਕਰੂੰ ਕਦੇ ਹੱਲ।"

ਦਿਨੋ-ਦਿਨ ਬਿੰਨੀ ਦੇ ਦਿਲ ਵਿੱਚ ਕੁੱਕੂ ਪ੍ਰਤੀ ਨਫ਼ਰਤ ਭਰਦੀ ਜਾ ਰਹੀ ਸੀ। ਉਹ ਗ਼ੁਲਾਬ ਨੂੰ ਸੰਭਾਲਦੀ ਤਾਂ ਸਭ ਤੋਂ ਵੱਧ ਧਿਆਨ ਉਸਨੂੰ ਕੁੱਕੂ ਕੋਲੋਂ ਹੀ ਰੱਖਣਾ ਪੈਂਦਾ ਸੀ।

ਇੱਕ ਦਿਨ ਪਲਕ ਬਜ਼ਾਰ ਗਈ ਹੋਈ ਸੀ। ਗ਼ੁਲਾਬ ਨੂੰ ਬਿੰਨੀ ਕੋਲ਼ ਹੀ ਛੱਡ ਗਈ ਸੀ। ਬਿੰਨੀ ਲਈ ਅੱਜ ਖੁੱਲ੍ਹ ਹੋ ਗਈ ਸੀ। ਉਸਨੇ ਬਾਹਰ ਦਾ ਦਰਵਾਜ਼ਾ ਬੰਦ ਕੀਤਾ ਤੇ ਮੁਹੱਬਤ ਦਾ ਦਰਵਾਜ਼ਾ ਖੋਲ੍ਹ ਲਿਆ। ਉਹ ਤੇ ਗਵਾਂਢੀਆਂ ਦਾ ਮੁੰਡਾ ਇੱਕ ਦੂਜੇ ਦੀਆਂ ਗੱਲਾਂ ਵਿੱਚ ਮਸਤ ਹੋ ਗਏ। ਕੋਠੇ 'ਤੇ ਫ਼ਰਸ ਦੀ ਦੂਰੀ ਸਿਮਟ ਕੇ ਮਨਫ਼ੀ ਹੋ ਗਈ ਸੀ। ਉਹ ਫ਼ਾਸਲੇ ਤੇ ਖੜ੍ਹੇ ਬੇਫਾਸਲਾ ਮਹਿਸੂਸ ਕਰ ਰਹੇ ਸਨ। ਉਹ ਇਸ ਫ਼ਾਸਲੇ ਨੂੰ ਮਨਫ਼ੀ ਕਰਦੇ ਹੋਏ ਇੱਕ ਦੂਜੇ ਵਿੱਚ ਸਮਾ ਗਏ। ਦੋ ਸਰੀਰਾਂ ਦੀ ਤਪਸ਼ ਨੇ ਇੱਕ ਦੂਜੇ ਨੂੰ ਪਿਘਲਾ ਸੁੱਟਿਆ ਸੀ। ਇੱਕ ਦੂਜੇ ਵਿੱਚ ਸਿਮਟੇ ਉਹ ਆਲ਼ੇ ਦੁਆਲ਼ੇ ਨੂੰ ਮਨੋ ਵਿਸਾਰ ਹੀ ਚੁੱਕੇ ਸਨ। ਬਿੰਨੀ ਦੀਆਂ ਬੰਦ ਅੱਖਾਂ ਉਸਦੇ ਅੰਦਰਲੀ ਹੋਂਦ ਨੂੰ ਖੁੱਲ੍ਹਦਾ ਮਹਿਸੂਸ ਕਰ ਰਹੀਆਂ ਸਨ।

ਇੰਝ ਪਿਆਰ ਦੇ ਸਮੁੰਦਰ ਦੇ ਤਲ 'ਤੇ ਪਹੁੰਚੀ ਬਿੰਨੀ ਧਰਤੀ ਨਾਲ਼ੋਂ ਟੁੱਟ ਚੁੱਕੀ ਸੀ। ਉਸਨੂੰ ਪਤਾ ਹੀ ਨਾ ਲੱਗਿਆ ਕਦੋਂ ਗ਼ੁਲਾਬ ਸਟੋਰ ਵਿੱਚ ਜਾ ਵੜਿਆ। ਸਟੋਰ ਵਿੱਚ ਕੱਪੜੇ ਸੁੱਕਣ ਪਾਉਣ ਲਈ ਕੱਪੜੇ ਟੰਗਣ ਵਾਲ਼ੀਆਂ ਚਕੁੰਡੀਆਂ ਹੇਠਾਂ ਫ਼ਰਸ ਤੇ ਹੀ ਖਿੰਡੀਆਂ ਪਈਆਂ ਸਨ। ਉਹ ਚਕੁੰਡੀਆਂ ਚੁੱਕ ਕੇ ਬਾਹਰ ਲੈ ਆਇਆ। ਕੁੱਕੂ ਵੀ ਉਸਦੇ ਆਲ਼ੇ ਦੁਆਲ਼ੇ ਖੇਡ ਰਿਹਾ ਸੀ। ਪਤਾ ਹੀ ਨੀ ਲੱਗਿਆ ਕਦੋਂ ਉਸਨੇ ਚਕੁੰਡੀ ਨੂੰ ਆਪਣੀ ਫੁੱਲੋ ਤੇ ਲਾ ਲਿਆ। ਉਸਨੇ ਇਕ ਦਮ ਚੀਕਾਂ ਛੱਡ ਦਿੱਤੀਆਂ। ਉਸਦੀਆਂ ਚੀਕਾਂ ਨੇ ਬਿੰਨੀ ਨੂੰ ਸਮੁੰਦਰ ਤੋਂ ਧਰਤੀ 'ਤੇ ਪਟਕਾ ਮਾਰਿਆ ਤੇ ਗਵਾਂਢੀਆਂ ਦਾ ਮੁੰਡਾ ਸਾਹੋ ਸਾਹੀ ਹੋਇਆ ਇਕ ਦਮ ਪੌੜੀਆਂ ਜਾ ਚੜ੍ਹਿਆ।

ਬਿੰਨੀ ਨੇ ਗ਼ੁਲਾਬ ਨੂੰ ਭੱਜ ਕੇ ਬੁੱਕਲ਼ ਵਿੱਚ ਲੈ ਲਿਆ। ਜਦੋਂ ਉਸਦੀ ਨਿਗ੍ਹਾ ਚਕੁੰਡੀ ਤੇ ਗਈ ਤਾਂ ਉਹ ਤ੍ਰਭਕ ਗਈ। ਬਿੰਦ 'ਚ ਹੀ ਪਲਕ ਦਾ ਚਿਹਰਾ ਉਸਦੀਆਂ ਆਂਦਰਾਂ ਵਿੱਚੋਂ ਦੀ ਗੁਜ਼ਰ ਗਿਆ। ਉਸਨੂੰ ਆਪਣੇ ਅੰਦਰ ਕੰਬਣੀ ਛਿੜੀ ਹੋਈ ਮਹਿਸੂਸ ਹੋਈ। ਉਹ ਡੌਰ-ਭੌਰ ਹੋਈ ਕਦੇ ਕੁੱਕੂ ਵੱਲ ਦੇਖ ਰਹੀ ਸੀ ਤੇ ਗੁਲਾਬ ਵੱਲ। ਗੁਲਾਬ ਦੀਆਂ ਚੀਕਾਂ ਘਰ ਦੀਆਂ ਕੰਧਾਂ ਟੱਪ ਕੇ ਦੂਰ ਤੱਕ ਚਲੀਆਂ ਗਈਆਂ ਸਨ। ਬਿੰਨੀ ਦੀ ਘਬਰਾਹਟ ਵਧਦੀ ਜਾ ਰਹੀ ਸੀ। ਉਸਨੇ ਦੇਖਿਆ ਤਾਂ ਉਸਦੀ ਫੁੱਲੋ 'ਤੇ ਜ਼ਖ਼ਮ ਜਿਹਾ ਹੋ ਗਿਆ ਸੀ। ਖ਼ੂਨ ਜਿਹਾ ਵੀ ਸਿਮਣ ਲੱਗ ਗਿਆ ਸੀ। ਕੁੱਕੂ ਵੀ ਗ਼ੁਲਾਬ ਦੇ ਨਾਲ਼ ਚਊਂ-ਚਊਂ ਕਰਨ ਲੱਗ ਗਿਆ ਸੀ। ਉਹ ਕੁੱਕੂ ਨੂੰ ਬਿੰਨੀ ਦੀ ਬੁੱਕਲ਼ ਵਿੱਚ ਜਾ ਕੇ ਚੱਟਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਿੰਨੀ ਡਰ ਦੇ ਨਾਲ਼ ਕੰਬੀ ਜਾ ਰਹੀ ਸੀ। ਉਸਨੂੰ ਡਰ ਸਤਾ ਰਿਹਾ ਸੀ ਕਿ ਪਲਕ ਆ ਕੇ ਜ਼ਰੂਰ ਉਸਨੂੰ ਸਜ਼ਾ ਦੇਵੇਗੀ। ਉਸਨੂੰ ਤ੍ਰੇਲ਼ੀਆਂ ਆ ਗਈਆਂ।

ਗ਼ੁਲਾਬ ਵੀ ਰੋਣੋ ਨਹੀਂ ਸੀ ਹਟ ਰਿਹਾ। ਪਲਕ ਨੇ ਅੰਦਰ ਵੜਦੀ ਨੇ ਹੀ ਗ਼ੁਲਾਬ ਦਾ ਹਾਲ

ਦੇਖਿਆ ਤਾਂ ਉਹ ਹੱਕੀ ਬੱਕੀ ਰਹਿ ਗਈ। ਬਿੰਨੀ ਦੀਆਂ ਉਸਨੂੰ ਦੇਖਦਿਆਂ ਹੀ ਹਵਾਈਆਂ ਉੱਡ ਗਈਆ। ਬਿੰਨੀ ਦਾ ਦਿਲ ਤੇਜੀ ਨਾਲ਼ ਧੜਕਣ ਲੱਗਾ। ਪਲਕ ਗ਼ੁਲਾਬ ਨੂੰ ਗੋਦੀ ਚੁੱਕਦਿਆਂ ਹੀ ਬਿੰਨੀ ਨੂੰ ਚਾਰੇ ਪੈਰ ਚੁੱਕ ਕੇ ਪਈ। ਉਸਨੂੰ ਪੁੱਛਿਆ ਤਾਂ ਉਹ ਬੋਲ ਨਾ ਸਕੀ। ਕੁੱਕੂ ਪਲਕ ਦੇ ਪੈਰਾਂ ਨੂੰ ਸਹਿਲਾਉਂਦਾ ਗ਼ੁਲਾਬ ਵੱਲ ਦੇਖ ਕੇ ਚੂੰਕ ਰਿਹਾ ਸੀ। ਜਦੋਂ ਪਲਕ ਨੇ ਘੂਰਦਿਆਂ ਪੁੱਛਿਆ ਤਾਂ ਉਹ ਥਥਲ਼ਾਉਂਦੀ ਹੋਈ ਬੋਲੀ, "ਕੁੱਕੂ ਨੇ ਇਹਦੇ ਏਥੇ ਦੰਦੀ ਵੱਢ ਲਈ।"

ਪਲਕ ਨੇ ਜਦੋਂ ਦੇਖਿਆ ਤਾਂ ਉਸਦਾ ਦਿਲ ਨਿੱਕਲ਼ ਗਿਆ "ਹਾਏ ਮੈਂ ਮਰਜ਼ਾਂ... ਜੇ ਕਿਤੇ ਫੁੱਲੋ ਨੂੰ ਜਮ੍ਹਾਂ ਹੀ ਵੱਢ ਜਾਂਦਾ...।" ਉਹ ਉੱਥੇ ਹੀ ਬੈਠ ਗਈ। ਉਸਨੂੰ ਸੋਚਦੀ ਨੂੰ ਤ੍ਰੇਲ਼ੀਆਂ ਆ ਗਈਆਂ ਤੇ ਉਸਨੇ ਕੁੱਕੂ ਨੂੰ ਬਾਹਰ ਕੱਢ ਕੇ ਲਾਬੀ ਨੂੰ ਕੁੰਡਾ ਮਾਰ ਲਿਆ ਤੇ ਬਿੰਨੀ ਨੂੰ ਗਾਲ਼ਾਂ ਵਰ੍ਹਾਉਂਦੀ ਹੋਈ ਨੇ ਉਸਨੂੰ ਗੇਟੋਂ ਬਾਹਰ ਕੱਢ ਦਿੱਤਾ ਤੇ ਉਸਨੂੰ ਮੁੜ ਕੇ ਘਰ ਨਾ ਆਉਣ ਦਾ ਫੁਰਮਾਨ ਸੁਣਾ ਦਿੱਤਾ। ਉਹ ਭੱਜ ਕੇ ਮੁਹੱਲੇ ਵਿਚਲੇ ਡਾਕਟਰ ਕੋਲ਼ ਗਈ ਤੇ ਉਸਨੇ ਮਰ੍ਹਮ ਲਗਾ ਕੇ ਬੈਂਡੇਜ ਲਗਾ ਦਿੱਤੀ ਤੇ ਨਾਲ਼ ਹੀ ਉਹ ਬੋਲਿਆ ਕਿ "ਕੁੱਤਾ ਪਾਲਤੂ ਆ, ਇਸ ਲਈ ਘਬਰਾਉਣ ਦੀ ਲੋੜ ਨਹੀਂ।"

ਸਾਰਾ ਦਿਨ ਪਲਕ ਨਾਲ਼ੇ ਰੋਂਦੀ ਰਹੀ ਨਾਲ਼ੇ ਗ਼ੁਲਾਬ ਨੂੰ ਸਾਂਭਦੀ ਰਹੀ। ਕੁੱਕੂ ਜਾਲ਼ੀ ਦੀਆਂ ਝੀਥਾਂ ਵਿੱਚ ਦੀ ਭੁੱਖਣ ਭਾਣਾ ਸਾਰੀ ਦਿਹਾੜੀ ਉਨ੍ਹਾਂ ਵੱਲ ਦੇਖਦਾ ਰਿਹਾ। ਉਸਨੂੰ ਬੇਜ਼ੁਬਾਨੇ ਨੂੰ ਆਪਣੀ ਸਜ਼ਾ ਦੀ ਸਮਝ ਨਹੀਂ ਸੀ ਆ ਰਹੀ, ਪਰ ਪਲਕ ਦੇ ਮਨ ਵਿੱਚ ਭੋਰਾ ਵੀ ਦਯਾ ਨਾ ਆਈ। ਪੁੱਤਰ ਮੋਹ ਨੇ ਉਸਨੂੰ ਬੇਦਰਦ ਜਿਹਾ ਬਣਾ ਦਿੱਤਾ ਸੀ।

ਕੁੱਕੂ ਕਿੰਨਾ ਹੀ ਸਮਾਂ ਚਊਂ-ਚਊਂ ਕਰਦਾ ਰਿਹਾ ਫ਼ਿਰ ਥੱਕ ਕੇ ਉਹ ਜਾਲ਼ੀ ਦੇ ਨਾਲ਼ ਹੀ ਖੂੰਜੇ ਲੱਗ ਕੇ ਬੈਠ ਗਿਆ। ਜਦੋਂ ਹੀ ਗ਼ੁਲਾਬ ਉੱਚੀ ਰੋਣਾ ਸ਼ੁਰੂ ਕਰਦਾ ਤਾਂ ਉਹ ਜਾਲ਼ੀ 'ਚ ਖੜਕੇ ਪੂੰਛ ਹਿਲਾਉਂਦਾ ਚਊਂ-ਚਊਂ ਕਰਨ ਲੱਗ ਜਾਂਦਾ। ਉਸਦਾ ਵੱਸ ਨਾ ਚੱਲਦਾ ਦੇਖ ਕੇ ਉਹ ਜਾਲ਼ੀ ਦੇ ਖੂੰਜੇ ਜਿਹੇ ਨਾਲ਼ ਲੱਗ ਕੇ ਉਦਾਸ ਜਿਹਾ ਹੋ ਕੇ ਬੈਠ ਜਾਂਦਾ।

ਪ੍ਰੀਤਮ ਘਰ ਆਇਆ ਤਾਂ ਕੁੱਕੂ ਨੂੰ ਬਾਹਰ ਦੇਖ ਕੇ ਬਹੁਤ ਹੈਰਾਨ ਹੋਇਆ। ਉਹ ਪਲਕ ਨਾਲ਼ ਵੀ ਗੁੱਸੇ ਹੋਇਆ ਪਰ ਜਦੋਂ ਪਲਕ ਨੇ ਉਸਨੂੰ ਸਾਰੀ ਗੱਲ ਦੱਸੀ ਤਾਂ ਪ੍ਰੀਤਮ ਵੀ ਡੂੰਘੀ ਸੋਚ ਵਿੱਚ ਡੁੱਬ ਗਿਆ। ਉਸਨੇ ਜਦੋਂ ਕੁੱਕੂ ਵੱਲ ਨਰਾਜਗੀ ਭਰੀ ਤੱਕਣੀ ਨਾਲ਼ ਦੇਖਿਆ ਤਾਂ ਕੁੱਕੂ ਦੀਆਂ ਅੱਖਾਂ ਨਮੀ ਨਾਲ਼ ਭਰ ਗਈਆਂ। ਉਹ ਬੱਸ ਨੀਵੀਂ ਪਾ ਕੇ ਪੂਛ ਹਿਲਾਉਂਦਾ ਰਿਹਾ।

ਪਲਕ ਜਦੋਂ ਸੌਣ ਵੇਲ਼ੇ ਕਮਰੇ ਅੰਦਰ ਗਈ ਤਾਂ ਪ੍ਰੀਤਮ ਨੇ ਕੁੱਕੂ ਨੂੰ ਖਾਣ ਲਈ ਉਸਦਾ ਖਾਣਾ ਦਿੱਤਾ ਤੇ ਨਾਲ਼ੇ ਬੁੱਕਲ਼ ਵਿੱਚ ਲੈ ਕੇ ਪਿਆਰ ਦਿੱਤਾ। ਉਸਨੇ ਖਾਣੇ ਵੱਲ ਮੂੰਹ ਨਾ ਕੀਤਾ ਸਗੋਂ ਪ੍ਰੀਤਮ ਦੀਆਂ ਅੱਖਾਂ ਵਿੱਚ ਦੇਖਦਾ ਹੋਇਆ ਪੂੰਛ ਹਿਲਾਉਂਦਾ ਰਿਹਾ, ਜਿਵੇਂ ਪੁੱਛ ਰਿਹਾ ਹੋਵੇ "ਥੋਨੂੰ ਮੇਰੇ 'ਤੇ ਵਿਸ਼ਵਾਸ ਨ੍ਹੀਂ ਕੀ ਮੈਂ ਗ਼ੁਲਾਬ ਨੂੰ ਦੰਦੀ ਵੱਢ ਸਕਦਾਂ ?... ਕੋਈ ਆਪਣੇ ਭਰਾ ਨਾਲ਼ ਵੀ ਇੰਞ ਕਰ ਸਕਦਾ?" ਪਰ ਉਹ ਬੇਜ਼ੁਬਾਨ ਆਪਣੇ ਅੰਦਰਲੇ ਸਵਾਲਾਂ ਤੇ ਖਿਆਲਾਂ ਨੂੰ ਪ੍ਰੀਤਮ ਦੇ ਮਨ ਵਿੱਚ ਨਾ ਧਰ ਸਕਿਆ, ਸਗੋਂ ਪ੍ਰੀਤਮ ਨੂੰ ਦੇਖ ਕੇ ਉਸਨੂੰ ਉਸ ਨਾਲ਼ ਹੋਣ ਵਾਲ਼ੀ ਅਣਹੋਣੀ ਦਾ ਡੂੰਘਾ ਅਹਿਸਾਸ ਹੋ ਰਿਹਾ ਸੀ।

ਅਣਹੋਣੀ ਦੀ ਸ਼ੁਰੂਆਤ ਪ੍ਰੀਤਮ ਦੇ ਬੈੱਡ ਉੱਪਰ ਬੈਠਦੇ ਹੀ ਸ਼ੁਰੂ ਹੋ ਗਈ, ਜਦੋਂ ਪਲਕ ਨੇ ਰੋਂਦੀ ਨੇ ਪ੍ਰੀਤਮ ਦੇ ਮੋਢੇ ਤੇ ਸਿਰ ਰੱਖਦੇ ਹੋਏ ਹੰਝੂ ਵਹਾਏ। ਉਸਦੀ ਮਨਸ਼ਾ ਸੀ ਕਿ ਕੁੱਕੂ ਨੂੰ ਹੁਣ ਘਰੇ ਨਾ ਰੱਖਿਆ ਜਾਵੇ ਕਿਉਂਕਿ ਉਸਨੂੰ ਲੱਗਦਾ ਸੀ ਉਹ ਗ਼ੁਲਾਬ ਲਈ ਖਤਰਾ ਬਣ ਗਿਆ ਹੈ। ਪ੍ਰੀਤਮ ਨੂੰ ਵੀ ਪੁੱਤਰ ਮੋਹ ਨੇ ਅੰਦਰੋਂ ਜ਼ਖ਼ਮੀ ਕਰ ਦਿੱਤਾ ਸੀ। ਉਸਨੂੰ ਵੀ ਕੁੱਕੂ 'ਤੇ ਰਹਿ-ਰਹਿ ਕੇ ਗੁੱਸਾ ਆ ਰਿਹਾ ਸੀ, ਪਰ ਪ੍ਰੀਤਮ ਦੇ ਅੰਦਰ ਦੀ ਉਥਲ-ਪੁਥਲ ਉਸਨੂੰ ਝੰਜੋੜ ਰਹੀ ਸੀ "ਕੀ ਹੋ ਗਿਆ ਜੇ ਉਹਨੇ ਭੁਲੇਖੇ ਨਾਲ਼ ਕਰ ਵੀ

ਦਿੱਤਾ ... ਵੈਸੇ ਮੇਰਾ ਮਨ ਨ੍ਹੀਂ ਮੰਨਦਾ... ਪਰ ਗ਼ਲਤੀ ਕਰਕੇ ਪੁੱਤਾਂ ਨੂੰ ਕੋਈ ਘਰੋਂ ਥੋੜ੍ਹੀ ਕੱਢਿਆ ਜਾਂਦਾ... ਇਹ ਵੀ ਤਾਂ ਮੈਂ ਪੁੱਤਾਂ ਵਾਂਗੂੰ ਪਾਲ਼ਿਆ ... ਰਿਸ਼ਤਾ ਤੋੜਨਾ ਸੌਖਾ ਥੋੜ੍ਹੀ ਹੁੰਦਾ ...। "

ਉਹ ਸੋਚਾਂ ਦੀਆਂ ਤੰਦਾਂ ਵਿੱਚ ਉਲਝਦਾ ਜਾ ਰਿਹਾ ਸੀ। ਨੀਂਦ ਤੋਂ ਬੇਅਰਾਮ ਉਹ ਉੱਛਲ਼ਵੱਟੇ ਲੈਂਦਾ ਸੋਚ ਰਿਹਾ ਸੀ ਕਿ "ਆਪਣਿਆਂ ਦਾ ਪਿਆਰ ਕਿੰਨਾ ਮਾਇਨੇ ਰੱਖਦਾ ਜ਼ਿੰਦਗੀ ਵਿੱਚ, ਅਸੀਂ ਸਾਰਾ ਪਿਆਰ ਪਲਾਂ ਵਿੱਚ ਹੀ ਕਿਉਂ ਭੁਲਾ ਦਿੰਦੇ ਹਾਂ... ਸ਼ਾਇਦ ਰਿਸ਼ਤਿਆਂ ਨੂੰ ਨਿਭਾਉਣ ਕਰਕੇ ... ਕੀ ਬੇਜ਼ੁਬਾਨਾਂ ਨਾਲ਼ ਕੋਈ ਰਿਸ਼ਤਾ ਨੀਂ ਬਣਾ ਸਕਦੇ... ਅਸੀਂ ਕੁਝ ਰਿਸ਼ਤਿਆਂ ਲਈ ਕਈ ਵਾਰੀ ਦੂਜੇ ਰਿਸ਼ਤਿਆਂ ਨੂੰ ਤੋੜਨ ਲੱਗੇ ਇੱਕ ਪਲ ਲਈ ਵੀ ਨ੍ਹੀਂ ਸੋਚਦੇ, ਕਿਉਂਕਿ ਅਸੀਂ ਕਮਜ਼ੋਰ ਹੋ ਜਾਂਦੇ ਹਾਂ ... ਮੈਂ ਵੀ ਤਾਂ ਹੋ ਰਿਹਾ ਹਾਂ ਕਮਜ਼ੋਰ... ਪਲਕ ਤਾਂ ਕੁੱਕੂ ਨੂੰ ਪੁੱਤਾਂ ਵਾਂਗ ਰੱਖਦੀ ਸੀ... ਉਹ ਵੀ ਤਾਂ ਆਪਣੇ ਪੁੱਤ ਕਾਰਨ ਕਮਜ਼ੋਰ ਹੋ ਗਈ ਲਗਦੀ ਆ।"

ਪ੍ਰੀਤਮ ਨੂੰ ਉਹ ਦਿਨ ਰਹਿ ਰਹਿ ਕੇ ਯਾਦ ਆ ਰਹੇ ਸਨ ਜਦੋਂ ਉਸਨੇ ਇਕੱਲੇ ਨੇ ਹੀ ਕੁੱਕੂ ਨੂੰ ਪਾਲ਼ਿਆ ਸੀ। ਉਸਨੇ ਉਸਦੀ ਬੀਆਬਾਨ ਜਿਹੀ ਜ਼ਿੰਦਗੀ ਵਿੱਚ ਰੌਣਕ ਭਰ ਦਿਤੀ ਸੀ। ਕੁੱਕੂ ਸਾਰੇ ਰਿਸ਼ਤਿਆਂ ਦੀ ਸਾਂਝੀ ਕਾਇਨਾਤ ਹੋ ਗਿਆ ਸੀ। ਪਲਕ ਤੋਂ ਦੂਰ ਹੋ ਕੇ ਉਸਨੇ ਕੁੱਕੂ ਨਾਲ਼ ਹੀ ਤਾਂ ਗੱਲਾਂ ਕੀਤੀਆਂ ਸੀ।

ਮਾਂ ਬਾਪ ਬਾਰੇ ਵੀ ਜੇ ਕਿਸੇ ਨੂੰ ਉਹ ਸਵਾਲ ਕਰਦਾ ਸੀ ਤਾਂ ਉਹ ਕੁੱਕੂ ਹੀ ਤਾਂ ਸੀ। ਕੁੱਕੂ ਨੇ ਵੀ ਕਦੇ ਉਸਤੋਂ ਮੂੰਹ ਨਹੀਂ ਸੀ ਮੋੜਿਆ। ਕਦੇ ਤੰਗ ਨਹੀਂ ਸੀ ਕੀਤਾ ਉਸਨੂੰ। ਪ੍ਰੀਤਮ ਨੇ ਵੀ ਸਰਦੀਆਂ ਦੀਆਂ ਠਰੀਆਂ ਰਾਤਾਂ ਵਿੱਚ ਉਸਨੂੰ ਬੱਚਿਆਂ ਵਾਂਗ ਸਾਂਭਿਆਂ ਸੀ। ਕਦੇ ਪੌਂਚਾ ਵੀ ਨੰਗਾ ਨਹੀਂ ਸੀ ਰਹਿਣ ਦਿੱਤਾ ਉਸਦਾ। ਉਸਨੇ ਜਦੋਂ ਸੁਸੂ ਕਰਨਾ ਹੁੰਦਾ ਸੀ ਤਾਂ ਉਹ ਚਊਂ-ਚਊਂ ਕਰਨ ਲੱਗ ਜਾਂਦਾ ਸੀ, ਪ੍ਰੀਤਮ ਕੋਲ਼ੇ ਰੱਖੇ ਟੱਬ ਵਿੱਚ ਕਰਵਾ ਦਿੰਦਾ ਸੀ, ਕਮਰੇ ਤੋਂ ਬਾਹਰ ਨਹੀਂ ਸੀ ਲੈ ਕੇ ਜਾਂਦਾ ਮਤੇ ਉਸਨੂੰ ਠੰਢ ਹੀ ਨਾ ਲੱਗ ਜਾਵੇ।

ਪਰ ਅੱਜ ਉਹ ਵੀ ਕੁੱਕੂ ਦੀ ਇਸ ਹਰਕਤ ਤੋਂ ਉਸ ਨਾਲ਼ ਨਰਾਜ਼ ਸੀ। ਪਲਕ ਦੀਆਂ ਗੱਲਾਂ ਨੇ ਪ੍ਰੀਤਮ ਦੇ ਦਿਲ ਨੂੰ ਵੀ ਆਪਣੇ ਫ਼ਿਕਰ ਨਾਲ਼ ਜੋੜ ਲਿਆ ਸੀ।

ਉਨ੍ਹਾਂ ਦੋਵਾਂ ਨੂੰ ਹੀ ਕੁੱਕੂ ਪ੍ਰਤੀ ਬੇਵਸਾਹੀ ਜਿਹੀ ਪ੍ਰਤੀਤ ਹੋਣ ਲੱਗ ਗਈ ਸੀ। ਉਹ ਦੋਵੇਂ ਸਵੇਰੇ ਉੱਠਦੇ ਹੀ ਇੱਕ ਦੂਜੇ ਤੋਂ ਅੱਖਾਂ ਚੁਰਾਉਂਦੇ ਰਹੇ। ਪਲਕ ਦੀਆਂ ਧੜਕਣਾਂ ਤੇਜ ਹੋ ਰਹੀਆਂ ਸਨ। ਉਹ ਸੋਚ ਰਹੀ ਸੀ ਕਿ ਕਿਸ ਤਰ੍ਹਾਂ ਕੁੱਕੂ ਨੂੰ ਘਰੋਂ ਬਾਹਰ ਕੀਤਾ ਜਾਵੇ।

ਪ੍ਰੀਤਮ ਇਸ ਕਰਕੇ ਗੁੰਮ ਸੁੰਮ ਜਿਹਾ ਸੀ ਕਿ ਉਹ ਕਿਸ ਤਰ੍ਹਾਂ ਪਲਕ ਨੂੰ ਸਮਝਾਵੇ। ਉਹ ਸੋਚ ਰਿਹਾ ਸੀ "ਉਹ ਵੀ ਕੀ ਕਰੇ... ਮਾਂ ਆ ਫ਼ੇਰ ਵੀ... ਬੰਦੇ ਤਾਂ ਪੱਥਰ ਜਿਹੇ ਹੋ ਜਾਂਦੇ ਨੇ ਪਰ ਇਹ ਤਾਂ ਮੋਮ ਦੀਆਂ ਗੰਢਾਂ ਹੁੰਦੀਆਂ ... ਸਖਤ ਹੋ ਜਾਣ ਤਾਂ ਪੱਥਰ ਹੋ ਜਾਂਦੀਆਂ ਨੇ, ਫੇਰ ਨੀ ਬੂੰਦ ਪੈਣ ਦਿੰਦੀਆਂ...।"

ਪ੍ਰੀਤਮ ਨੇ ਤਿਆਰ ਹੋ ਕੇ ਨਾਸ਼ਤਾ ਕੀਤਾ। ਉਹ ਜਦੋਂ ਸਕੂਟਰ ਸਟਾਰਟ ਕਰਨ ਲੱਗਿਆ ਤਾਂ ਉਸਨੇ ਦੇਖਿਆ ਇੱਕ ਲਿਫ਼ਾਫ਼ੇ ਵਿੱਚ ਕਿੰਨਾ ਹੀ ਨਿੱਕ ਸੁੱਕ ਖਾਣ ਵਾਲ਼ਾ ਸਮਾਨ ਸੀ ਜੋ ਸਕੂਟਰ ਦੀ ਖ਼ੂੰਟੀ ਨਾਲ਼ ਟੰਗਿਆ ਪਿਆ ਸੀ ਤੇ ਨਿੱਕੀ ਜਿਹੀ ਪਲਾਸਟਿਕ ਦੀ ਟੋਕਰੀ ਵਿੱਚ ਕੁੱਕੂ ਸਕੂਟਰ ਦੇ ਮੂਹਰੇ ਬੈਠਾ ਸੀ।

ਕੁੱਕੂ ਉਸ ਵੱਲ ਓਦਰੀਆਂ ਜਿਹੀਆਂ ਅੱਖਾਂ ਨਾਲ਼ ਝਾਕਿਆ। ਉਸਨੂੰ ਲੱਗਿਆ ਜਿਵੇਂ ਉਹ ਆਖ ਰਿਹਾ ਹੋਵੇ "ਮੈਂ ਬੇਗੁਨਾਹ ਹਾਂ... ਫੇਰ ਵੀ ਮੈਨੂੰ ਏਨੀ ਵੱਡੀ ਸਜ਼ਾ ਕਿਉਂ ਦਿੱਤੀ ਜਾ ਰਹੀ ਆ...।"

ਉਸਨੇ ਅੱਖਾਂ ਨੂੰ ਨੀਵਾਂ ਕਰਕੇ ਘਰ ਦੇ ਅੰਦਰ ਝਾਤੀ ਮਾਰੀ। ਇੰਝ ਲੱਗਦਾ ਸੀ ਜਿਵੇਂ ਉਹ ਆਪਣੇ ਸਾਥੀ ਗ਼ੁਲਾਬ ਨੂੰ 'ਵਾਜ਼ਾਂ ਮਾਰ ਰਿਹਾ ਹੋਵੇ। ਪਲਕ ਨੇ ਦੇਖ ਕੇ ਮੂੰਹ ਵਿੱਚ ਚੁੰਨੀ ਲੈ ਲਈ। ਸ਼ਾਇਦ ਉਸਦੀ

ਵੀ ਭੁੱਬ ਨਿੱਕਲ਼ ਚੱਲੀ ਸੀ। ਉਹ ਬਿੰਦ ਵੀ ਉੱਥੇ ਨਾ ਰੁਕ ਸਕੀ, ਬਸ ਪਿਛਾਂਹ ਹੀ ਪਰਤ ਗਈ, ਪਰ ਪ੍ਰੀਤਮ ਪਿਛਾਂਹ ਨਾ ਪਰਤ ਸਕਿਆ। ਉਸਨੇ ਸਕੂਟਰ ਸਟਾਰਟ ਕੀਤਾ ਤੇ ਉਹ ਸਫ਼ਰ ਲਈ ਨਿੱਕਲ਼ ਗਿਆ।

ਕੁੱਕੂ ਲਈ ਇਹ ਪਹਿਲਾ ਸਫ਼ਰ ਸੀ। ਉਸ ਲਈ ਤਾਂ ਸਾਰੀ ਦੁਨੀਆ ਓਪਰੀ ਜਿਹੀ ਸੀ। ਉਸਦੀਆਂ ਤਾਂ ਜਦੋਂ ਦੀਆਂ ਅੱਖਾਂ ਖੁੱਲ੍ਹੀਆਂ ਸੀ, ਉਦੋਂ ਦਾ ਉਹ ਇਸ ਘਰ ਵਿੱਚ ਹੀ ਰਿਹਾ ਸੀ। ਉਸ ਲਈ ਤਾਂ ਘਰ ਹੀ ਉਸਦੀ ਦੁਨੀਆ ਸੀ।

ਸਕੂਟਰ ਮੂਹਰੇ ਉਹ ਅਹਿੱਲ ਬੈਠਾ ਸੀ ਜਿਵੇਂ ਬਾਪੂ ਦਾ ਕੋਈ ਸਾਊ ਜਿਹਾ ਪੁੱਤ ਹੋਵੇ। ਜਦੋਂ ਪ੍ਰੀਤਮ ਨੇ ਉਸ ਵੱਲ ਦੇਖਿਆ ਤਾਂ ਉਸਦੀਆਂ ਤਰਸਾਈਆਂ ਨਜ਼ਰਾਂ ਉਸਨੂੰ ਲਾਹਨਤਾਂ ਪਾਉਂਦੀਆਂ ਨਜ਼ਰ ਆਈਆਂ।

ਪ੍ਰੀਤਮ ਦਾ ਬੈਂਕ ਜਾਣ ਨੂੰ ਵੀ ਦਿਲ ਨਾ ਕੀਤਾ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕੀਤਾ ਜਾਵੇ। ਉਸਨੇ  ਬੈਂਕ ਜਾਣ ਦੀ ਬਜਾਇ ਸਕੂਟਰ ਨਹਿਰ ਦੇ ਪੁਲ਼ 'ਤੇ ਲਿਜਾ ਖਿੜਾਇਆ। ਇੱਕ ਪਾਸੇ ਜਿਹੇ ਸੁੰਨੀ ਜਿਹੀ ਜਗ੍ਹਾ ਕੋਲ਼ ਉਸਨੇ ਕੁੱਕੂ ਨੂੰ ਟੋਕਰੀ ਵਿੱਚੋਂ ਬਾਹਰ ਕੱਢ ਕੇ ਆਪਣੀ ਝੋਲ਼ੀ ਵਿੱਚ ਬਿਠਾ ਲਿਆ ਤੇ ਲਿਫ਼ਾਫ਼ੇ ਵਿੱਚੋਂ ਬਿਸਕੁਟ ਕੱਢ ਕੇ ਉਸਨੂੰ ਖਵਾਉਣ ਲੱਗਿਆ, ਪਰ ਕੁੱਕੂ ਨੇ ਬਿਸਕੁਟ ਨੂੰ ਮੂੰਹ ਨਾ ਲਾਇਆ।

ਬੋਤਲ ਵਿੱਚੋਂ ਦੁੱਧ ਕੱਢ ਕੇ ਉਸਨੇ ਕੌਲੀ ਵਿੱਚ ਪਾ ਕੇ ਉਸਦੇ ਅੱਗੇ ਰੱਖਿਆ, ਪਰ ਉਹ ਬੇਪਰਵਾਹ ਜਿਹਾ ਹੋ ਕੇ ਨਹਿਰ ਦੀਆਂ ਧਾਰਾਂ ਵੱਲ ਦੇਖਣ ਲੱਗਿਆ। ਪ੍ਰੀਤਮ ਨੂੰ ਇੰਝ ਲੱਗਿਆ ਜਿਵੇਂ ਉਹ ਨਹਿਰ ਵਿੱਚ ਛਾਲ਼ ਮਾਰ ਕੇ ਜੀਵਨ ਲੀਲਾ ਖਤਮ ਕਰਨ ਦੀ ਸੋਚ ਰਿਹਾ ਹੋਵੇ, ਉਸਨੇ ਵੱਡਾ ਸਾਰ ਹਉਂਕਾ ਲਿਆ ਤੇ ਆਪਣੇ ਅੰਦਰੋਂ ਸਵੈ ਨੂੰ ਹੀ ਬੋਲਿਆ, "ਲੱਗਦਾ ਇੰਝ ਹੀ ਉਕਤਾਏ ਹੋਏ ਲੋਕਾਂ ਨੂੰ ਇਹ ਧਾਰਾਂ... ਆਪਣੇ ਵੱਲ ਖਿਚ ਲੈਂਦੀਆਂ ਹੋਣਗੀਆਂ...।"

ਉਸਨੇ ਕੁੱਕੂ ਨੂੰ ਟੋਕਰੀ ਵਿੱਚ ਬਿਠਾਇਆ ਤੇ ਸ਼ਹਿਰ ਵਿਚਲੇ ਡੌਗ ਫਾਰਮ ਵਿੱਚ ਲੈ ਗਿਆ। ਡੌਗ ਫਾਰਮ ਦਾ ਮਾਲਕ ਕੁੱਕੂ ਨੂੰ ਦੇਖ ਕੇ ਬਹੁਤ ਖੁਸ਼ ਹੋਇਆ ਕਿਉਂਕਿ ਉਸਨੂੰ ਮਾਲਟੀਜ਼ ਨਸਲ ਦਾ ਕੁੱਤਾ ਮਿਲ਼ ਰਿਹਾ ਸੀ। ਜਦੋਂ ਉਸਨੇ ਪ੍ਰੀਤਮ ਨੂੰ ਉਸਦਾ ਰੇਟ ਪੁੱਛਿਆ ਤਾਂ ਪ੍ਰੀਤਮ ਨੇ ਅਣਮੰਨੇ ਜਿਹੇ ਮਨ ਨਾਲ਼ ਆਖਿਆ, "ਮੇਰਾ ਪੁੱਤ ਆ ਇਹ... ਕੁਛ ਦਿਨਾਂ ਲਈ ਇੱਥੇ ਛੱਡਣਾ... ਮੈਂ ਵੇਚਣਾ ਨਹੀਂ ... ਤੁਸੀ ਵੀ ਨਹੀਂ ਵੇਚਣਾ... ਬਾਅਦ 'ਚ ਮੈਂ ਆ ਕੇ ਲੈ ਜਾਵਾਂਗਾ...।"

ਡੌਗ ਟੇਕਰ ਨੇ ਕੁੱਕੂ ਨੂੰ ਇਸ ਤਰ੍ਹਾਂ ਰੱਖਣ ਤੋਂ ਇਨਕਾਰ ਕਰ ਦਿੱਤਾ, ਪ੍ਰੀਤਮ ਦੁਵੱਲੀਆਂ ਜਿਹੀਆਂ ਸੋਚਾਂ ਵਿੱਚ ਕਿੰਨਾ ਹੀ ਸਮਾਂ ਘਿਰਿਆ ਰਿਹਾ। ਉਸਨੂੰ ਲੱਗਦਾ ਸੀ ਜਿਵੇਂ ਕੁੱਕੂ ਉਸ ਕੋਲ਼ੋਂ ਖੁੱਸ ਰਿਹਾ ਹੋਵੇ। ਇਸ ਦੁਵੱਲੀ ਸੋਚ ਵਿੱਚ ਉਸਦੇ ਅੰਦਰੋਂ ਹਾਂ ਨਾ ਉਪਜ ਪਾਈ। ਉਹ ਡੌਰ ਭੌਰ ਜਿਹਾ ਖੜ੍ਹਾ ਕੁੱਕੂ ਵੱਲ ਦੇਖਦਾ ਰਿਹਾ ਤੇ ਕੁੱਕੂ ਉਂਝ ਹੀ ਮਸੋਸਿਆ ਜਿਹਾ ਬੈਠਾ ਰਿਹਾ।

ਅਜੇ ਵੀ ਉਸਦੇ ਅੰਦਰੋਂ ਹਾਂ ਨਹੀਂ ਨਿੱਕਲ਼ ਰਹੀ ਸੀ। ਫ਼ਿਰ ਉਸਨੇ ਪਤਾ ਨ੍ਹੀਂ ਨੀਵੀਂ ਪਾਈ ਕਿ ਹਾਂ ਵਿੱਚ ਸਿਰ ਮਾਰਿਆ, ਪਰ ਪ੍ਰੀਤਮ ਉਸ ਨਾਲ਼ ਨਾ ਵੇਚਣ ਦਾ ਵਾਅਦਾ ਕਰਕੇ, ਕੁੱਕੂ ਬਦਲੇ ਵੀਹ ਹਜ਼ਾਰ ਲੈ ਕੇ, ਉਹ ਇਹ ਕਹਿ ਕੇ ਵਾਪਸ ਆ ਗਿਆ ਕਿ ਜਲਦੀ ਹੀ ਉਸ ਕੋਲ਼ੋਂ ਲੈ ਜਾਵੇਗਾ।

ਡੌਗ ਟੇਕਰ ਨੇ ਬੇਸ਼ੱਕ ਨਾ ਵੇਚਣ ਦਾ ਵਾਅਦਾ ਕਰ ਲਿਆ ਸੀ ਪਰ ਪੰਜਾਹ ਹਜ਼ਾਰ ਵਾਲ਼ਾ ਕੁੱਤਾ ਲੈ ਕੇ ਉਹ ਬਹੁਤ ਖੁਸ਼ ਸੀ ਕਿਉਂਕਿ ਉਸਨੂੰ ਵੇਚਣ 'ਤੇ ਬਹੁਤ ਲਾਭ ਹੋਣ ਵਾਲ਼ਾ ਸੀ, ਪਰ ਪ੍ਰੀਤਮ ਪੁੱਤ ਨੂੰ ਗਹਿਣੇ ਧਰ ਕੇ ਉਦਾਸੀ ਦਾ ਡੰਬਿਆ ਘਰ ਨੂੰ ਜਾ ਰਿਹਾ ਸੀ।

ਜਦੋਂ ਪ੍ਰੀਤਮ ਤੇ ਪਲਕ ਨੇ ਗ਼ੁਲਾਬ ਨੂੰ ਸ਼ਹਿਰ ਵਿਚਲੇ ਵੱਡੇ ਡਾਕਟਰ ਕੋਲ਼ ਲਿਜਾ ਕੇ ਉਸਦਾ ਜ਼ਖ਼ਮ ਦਿਖਾਇਆ ਤਾਂ ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ “ਇਹ ਕੁੱਤੇ ਦੇ ਵੱਢਣ ਦਾ ਜ਼ਖ਼ਮ ਨਹੀਂ ਹੈ ਸਗੋਂ ਕਿਸੇ ਤਿੱਖੀ ਚੀਜ ਦੇ ਚੁਭਣ ਦਾ ਨਿਸ਼ਾਨ ਹੈ।” ਤਾਂ ਪਲਕ ਦਾ ਦਿਲ ਇਕ ਦਮ ਬੈਠ ਗਿਆ। ਉਸਦੀਆਂ ਅੱਖਾਂ ਮੂਹਰੇ ਕੁੱਕੂ ਘੁੰਮਣ ਲੱਗਿਆ। ਉਸਦੀਆਂ ਉਦਾਸੀਆਂ ਅੱਖਾਂ ਉਨ੍ਹਾਂ ਦੇ ਦਿਲ ਨੂੰ ਹੌਲ ਪਾਉਣ ਲੱਗੀਆਂ।



ਉਹ ਦੋਵੇਂ ਡਾਕਟਰ ਕੋਲ਼ੋਂ ਹੋ ਕੇ ਸਿੱਧਾ ਡੌਗ ਫਾਰਮ ’ਤੇ ਗਏ, ਪਰ ਬਦਕਿਸਮਤੀ ਨੂੰ ਡੌਗ ਟੇਕਰ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਪ੍ਰੀਤਮ ਨਾਲ਼ ਵਾਅਦਾ ਖ਼ਿਲਾਫ਼ੀ ਕਰਕੇ, ਪੰਤਾਲ਼ੀ ਹਜ਼ਾਰ ਬਦਲੇ ਉਸਨੇ ਕਿਸੇ ਨੂੰ ਵੇਚ ਦਿੱਤਾ ਸੀ। ਉਨ੍ਹਾਂ ਦੋਹਾਂ ਨੇ ਬਥੇਰੀਆਂ ਮਿੰਨਤਾਂ ਕੀਤੀਆਂ ਪਰ ਉਸਨੇ ਉਨ੍ਹਾਂ ਨੂੰ ਕੋਈ ਰਾਹ ਸਿਰਾ ਨਾ ਫੜਾਇਆ। ਉਹ ਦੋਵੇਂ ਮਾਤਮੀ ਅਹਿਸਾਸ ਨਾਲ਼ ਘਰ ਪਰਤ ਆਏ।

ਪਲਕ ਦੀਆਂ ਹੁਣ ਡਰਾਇੰਗ ਰੂਮ ਵਿੱਚ ਬੈਠੀ ਦੀਆਂ ਧਾਹਾਂ ਨਿੱਕਲ਼ ਰਹੀਆਂ ਸਨ। ਉਸਨੇ ਭੱਜ ਕੇ ਸ਼ੋਅ ਕੇਸ਼ ਵਿੱਚੋਂ ਕੁੱਕੂ ਦੀ ਫੋਟੋ ਚੁੱਕ ਕੇ ਆਪਣੇ ਕਾਲ਼ਜ਼ੇ ਨਾਲ਼ ਲਾ ਲਈ। ਕੁੱਕੂ ਦੇ ਵੈਰਾਗ ਵਿੱਚ ਹੁਣ ਉਸਦੇ ਅੰਦਰੋਂ ਸੈਲਾਬ ਫੁੱਟ ਪਿਆ ਸੀ। ਉਹ ਆਪਣੇ ਆਪ ਨੂੰ ਸੰਭਾਲ਼ਦੀ ਹੋਈ ਦੋਹਾਂ ਫੋਟੋਆਂ ਨੂੰ ਚੁੱਕ ਕੇ ਟੈਰਸ ਉੱਪਰ ਧੁੱਪੇ ਜਾ ਬੈਠੀ। ਉਹ ਧੁੱਪ ਦੇ ਨਿੱਘ ਵਿੱਚ ਬੈਠੀ ਉਨ੍ਹਾਂ ਦੋਵਾਂ ਦੀਆਂ ਤਸਵੀਰਾਂ ਵਿੱਚੋਂ ਵੀ ਨਿੱਘ ਮਹਿਸੂਸ ਕਰ ਰਹੀ ਸੀ।

ਤਸਵੀਰਾਂ ਵਿੱਚੋਂ ਵੀ ਉਸਨੂੰ ਦੋਵੇਂ ਇਕੱਠੇ ਖੇਡਦੇ ਦਿਖ ਰਹੇ ਸਨ। ਕੁੱਕੂ ਦਾ ਵਿਛੋੜਾ ਉਨ੍ਹਾਂ ਨੂੰ ਸਾਰੀ ਉਮਰ ਨਾ ਭੁੱਲਿਆ। ਗ਼ੁਲਾਬ ਨੇ ਤਾਂ ਭਾਵੇਂ ਕੁੱਕੂ ਦੀਆਂ ਗੱਲਾਂ ਹੀ ਸੁਣੀਆਂ ਸਨ, ਪਰ ਪ੍ਰੀਤਮ ਤੇ ਪਲਕ ਨੂੰ ਕੁੱਕੂ ਦਾ ਵਿਛੋੜਾ ਹਮੇਸ਼ਾ ਹੀ ਤੜਫਾਉਂਦਾ ਰਿਹਾ ਸੀ।

ਕੁੱਕੂ ਦਾ ਵਿੱਛੜਨ ਦਾ ਹੇਰਵਾ ਉਨ੍ਹਾਂ ਦੇ ਅੰਦਰ ਇੱਕ ਫੋੜੇ ਵਾਂਗ ਹੋ ਗਿਆ ਸੀ। ਇਹ ਫੋੜਾ ਉਨ੍ਹਾਂ ਦੇ ਅੰਦਰ ਚਸਕਦਾ ਰਹਿੰਦਾ। ਇਹ ਚਸਕਣਾ ਅਜੇ ਘਟਿਆ ਨਹੀ ਸੀ ਕਿ ਗ਼ੁਲਾਬ ਦਾ ਵਿਛੋੜਾ ਉਨ੍ਹਾਂ ਦੇ ਅੰਦਰ ਨਾਸੂਰ ਵਾਂਗ ਚੁਭਣ ਲੱਗ ਗਿਆ ਸੀ, ਕਿਉਂਕਿ ਉਨ੍ਹਾਂ ਦਾ ਜਵਾਨ ਹੋਇਆ ਪੁੱਤ ਗ਼ੁਲਾਬ ਹੁਣ ਦੁਨੀਆਦਾਰੀ ਵਿੱਚ ਪੈਰ ਧਰਦਾ ਆਪਣੀ ਜੰਮਣ ਭੋਇੰ ਨੂੰ ਅਲਵਿਦਾ ਆਖ ਕੇ ਕੈਨੇਡਾ ਦੀ ਧਰਤੀ ’ਤੇ ਜਾ ਵਸਿਆ ਸੀ। ਹੁਣ ਉਨ੍ਹਾਂ ਦੇ ਅੰਦਰ ਵਿਛੋੜੇ ਦਾ ਅਲਸਰ ਜਿਹਾ ਬਣ ਗਿਆ ਸੀ।

ਪਲਕ ਨੂੰ ਯਾਦ ਆ ਰਿਹਾ ਸੀ, ਜਦੋਂ ਗੁਲਾਬ ਘਰੋਂ ਰਵਾਨਾ ਹੋਇਆ ਸੀ ਤਾਂ ਕਿੰਝ ਉਹ ਅੰਦਰ ਵੜ-ਵੜ ਕੇ ਕੱਲੀ ਬੈਠੀ ਰੋਂਦੀ ਰਹਿੰਦੀ ਸੀ। ਪ੍ਰੀਤਮ ਨੂੰ ਬੈਂਕ ਵਿੱਚ ਬੈਠੇ ਨੂੰ ਵੀ ਇਸ ਗੱਲ ਦਾ ਫ਼ਿਕਰ ਰਹਿੰਦਾ ਸੀ ਕਿ ‘ਪਲਕ ਨੇ ’ਕੱਲੀ ਨੇ ਪਤਾ ਨੀਂ ਕੁਛ ਖਾਧਾ ਕਿ ਨਹੀਂ’ ਪਰ ਨੌਕਰੀ ਦੇ ਰੁਝੇਵਿਆਂ ਕਾਰਨ ਉਹ ਆਪਣੇ ਕੰਮ ਵਿੱਚ ਮਸ਼ਰੂਫ਼ ਹੋ ਜਾਂਦਾ, ਪਰ ਪਲਕ ਦਿਨੋ ਦਿਨ ਇਕੱਲਤਾ ਨੂੰ ਹੰਢਾਉਂਦੀ ਚਿੰਤਾ ਦੀ ਮਰੀਜ਼ ਬਣਦੀ ਜਾਂਦੀ ਸੀ।

ਪ੍ਰੀਤਮ ਨੇ ਉਸਨੂੰ ਕਈ ਵਾਰ ਕੁੱਤਾ ਰੱਖਣ ਬਾਰੇ ਵੀ ਕਿਹਾ ਸੀ। ਪਰ ਕੁੱਕੂ ਦੇ ਵਿਰਾਗ ਨੇ ਉਸਦੇ ਅੰਦਰੋਂ ਕੁੱਤਿਆਂ ਪ੍ਰਤੀ ਮੋਹ ਨੂੰ ਵਿਸਾਰ ਹੀ ਦਿੱਤਾ ਸੀ। ਪਲਕ ਨੇ ਵੀ ਕਈ ਵਾਰ ਤਾਂ ਸੋਚਿਆ ਸੀ, ਪਰ ਕੁੱਤਿਆਂ ਨੂੰ ਦੇਖ ਕੇ ਹੁਣ ਉਸਨੂੰ ਚੀਹ ਜਿਹੀ ਚੜ੍ਹ ਜਾਂਦੀ ਸੀ। ਲੱਖ ਕੋਸ਼ਿਸ਼ ਕਰਨ ਤੇ ਵੀ ਉਸਨੂੰ ਕੁੱਤਿਆਂ ਵਿੱਚੋਂ ਕਦੇ ਕੁੱਕੂ ਨਹੀਂ ਸੀ ਲੱਭਿਆ।

ਇੱਕ ਦਿਨ ਪ੍ਰੀਤਮ ਦੇ ਦੋਸਤ ਦੇ ਘਰ ਉਸਨੇ ਮਾਲਟੀਜ਼ ਨਸਲ ਦਾ ਬਿਲਕੁਲ ਕੁੱਕੂ ਵਾਰਗਾ ਕੁੱਤਾ ਵੇਖਿਆ ਤਾਂ ਉਨ੍ਹਾਂ ਦੋਵਾਂ ਨੇ ਹੀ ਉਸਨੂੰ ਕੁੱਕੂ ਦੇ ਰੂਪ ਵਿੱਚ ਦੇਖਿਆ। ਉਹ ਭਾਵੇਂ ਚਾਹ ਦੀਆਂ ਚੁਸਕੀਆਂ ਭਰਦੇ ਰਹੇ ਪਰ ਉਨ੍ਹਾਂ ਦਾ ਦਿਲ ਕੁੱਤੇ ਵਿੱਚ ਹੀ ਅਟਕਿਆ ਰਿਹਾ। ਉਨ੍ਹਾਂ ਦਾ ਦਿਲ ਵੀ ਕੀਤਾ ਕਿ ਉਹ ਹੁਣ ਹੀ ਚੁੱਕ ਕੇ ਉਸਨੂੰ ਆਪਣੇ ਘਰ ਨੂੰ ਲੈ ਜਾਣ, ਪਰ ਉਹ ਫਿਰ ਪ੍ਰੀਤਮ ਨੂੰ ਸਮਝਾਉਂਦੀ ਹੋਈ ਬੋਲੀ "ਕੀ ਕਰਨਾ ਆਪਾਂ ਕੁੱਤਾ... ਆਪਾਂ ਤਾਂ ਹੁਣ ਗ਼ੁਲਾਬ ਕੋਲ਼ ਹੀ ਚਲੇ ਜਾਣਾ।" ਭਾਵੇਂ ਉਸਦਾ ਦਿਲ ਕਰਦਾ ਸੀ ਕਿ ਗ਼ੁਲਾਬ ਇੱਥੇ ਹੀ ਉਸਦੇ ਕੋਲ਼ ਰਹੇ ਪਰ ਪੁੱਤ ਦੀ ਖਿੱਚ ਨੇ ਉਸ ਲਈ ਸਮੁੰਦਰਾਂ ਦੀਆ ਦੂਰੀਆਂ ਨੂੰ ਸਮੇਟ ਕੇ ਇੱਕ ਬਿੰਦੂ ਸਮਾਨ ਕਰ ਦਿੱਤਾ ਸੀ।

ਉਹ ਗ਼ੁਲਾਬ ਨੂੰ ਫੋਨ ਕਰਦੀ ਤਾਂ ਬੱਸ ਇਹੀ ਰੱਟ ਲਾਈ ਰੱਖਦੀ "ਪੁੱਤ! ਵਾਪਸ ਮੁੜ ਆ, ਮੈਂ ਤੇਰੇ ਬਿਨਾ ਨਹੀਂ ਰਹਿ ਸਕਦੀ।" ਪਰ ਅੱਗੋਂ ਗੁਲਾਬ ਆਖਦਾ , "ਮੌਮ ਤੁਸੀਂ ਜਲਦੀ ਮੇਰੇ ਕੋਲ਼ ਅਜੋ, ਇੱਥੇ ਆਪਾਂ ਇਕੱਠੇ ਰਹਾਂਗੇ ...।" ਗੁਲਾਬ ਦੇ ਵਾਰ-ਵਾਰ ਕਹਿਣ 'ਤੇ ਹੁਣ ਪਲਕ ਪੱਕਾ ਹੀ ਕੈਨੇਡਾ ਰਹਿਣ ਲਈ ਮਨੋ ਤਿਆਰ ਹੋ ਚੁੱਕੀ ਸੀ, ਪਰ ਜਾਣ ਲਈ ਪ੍ਰੀਤਮ ਹਾਮੀ ਨਹੀਂ ਸੀ ਭਰਦਾ। ਦਿਨੋ ਦਿਨ ਵਧਦੇ ਕੰਮ ਨੇ ਉਸਨੂੰ ਵੀ ਤਣਾਅ ਪੂਰਨ ਕਰ ਰੱਖਿਆ ਸੀ।


ਪਲਕ ਵਾਰ ਵਾਰ ਆਖਦੀ ਤਾਂ ਉਹ ਵਿਜਿਟਰ ਵੀਜ਼ੇ 'ਤੇ ਜਾਣ ਲਈ ਤਿਆਰ ਹੋਇਆ ਸੀ, ਪਰ ਪਲਕ ਨੌਕਰੀ ਛੱਡ ਕੇ ਉਸਨੂੰ ਪੱਕਾ ਹੀ ਕੈਨੇਡਾ ਰਹਿਣ ਬਾਰੇ ਆਖ ਰਹੀ ਸੀ। ਪ੍ਰੀਤਮ ਉਸਦੀ ਇਸ ਗੱਲ ਤੋਂ ਖਿਝ ਜਾਂਦਾ, ਕਿਉਂਕਿ ਆਪਣੇ ਕੁਲੀਗਜ਼ ਕੋਲ਼ੋਂ ਉਹ ਕੈਨੇਡਾ ਦੇ ਕਿੱਸੇ ਸੁਣਦਾ ਹੀ ਰਹਿੰਦਾ ਸੀ, ਜੋ ਅਕਸਰ ਹੀ ਕੈਨੇਡਾ ਦੀ ਫੇਰੀ ਤੋਂ ਬਾਅਦ ਆਖਦੇ ਰਹੇ ਸਨ, "ਕੈਨੇਡਾ! ਕਾਹਦਾ ਕੈਨੇਡਾ ਯਾਰ, ਬੱਸ ਕੁੱਤਖਾਨਾ ਈ ਆ... ਬੰਦਾ ਕੁੱਤੇ ਭਕਾਈ 'ਚ ਫਿਰਦਾ ਰਹਿੰਦਾ... ਆਪਣੇ ਵਰਗਿਆਂ ਲਈ ਨ੍ਹੀਂ ਚੰਗਾ... ਜਿਹੜੇ ਵਿਹਲੇ ਨੇ ਉਹ ਤਾਂ ਸਵਰਗ ਆਂਹਦੇ ਭਾਵੇਂ ਕੈਨੇਡਾ ਨੂੰ ... ਜਵਾਕਾਂ ਨੂੰ ਬਲ਼ਦਾਂ ਵਾਂਗ ਜੋਤ ਰੱਖਿਆ ਸਾਲ਼ੇ ਅੰਗਰੇਜ਼ਾਂ ਨੇ ... ਖਾਣ ਪਹਿਨਣ ਦੇ ਦਿਨ ... ਤਣਾਅ 'ਚ ਕੱਢਦੇ ਨੇ ... ਬੱਸ ... ਚਿੰਤਾ ਹੀ ਚਿੰਤਾ ਦਿਲਾਂ ਦੀਆਂ ਟੋਕਰੀਆ ਵਿੱਚ ਲੱਦ ਕੇ ਤੁਰੇ ਫਿਰਦੇ ਨੇ ...।"

ਪਰ ਪ੍ਰੀਤਮ ਇਸ ਤਰ੍ਹਾਂ ਦੀ ਕੋਈ ਵੀ ਗੱਲ ਪਲਕ ਨਾਲ਼ ਨਾ ਕਰਦਾ, ਸਗੋਂ ਉਸਨੂੰ ਧਰਵਾਸ ਦਿੰਦਾ ਆਖਦਾ ਰਹਿੰਦਾ "ਅਖੇ... ਇੱਥੇ ਕੀ ਸੀ ? ਉੱਥੇ ਜ਼ਿੰਦਗੀ ਤਾਂ ਹੈ... ਇੱਥੇ ਤਾਂ ਚਿੰਤਾ ਹੀ ਖਾ ਜਾਂਦੀ ਆ ਬੰਦੇ ਨੂੰ ... ਉੱਥੇ ਖਾਂਦਾ ਪੀਂਦਾ ਢੋਲੇ ਦੀਆਂ ਲਾਉਂਦਾ ਬੰਦਾ।" ਪਲਕ ਉਸਦੀਆਂ ਗੱਲਾਂ ਸੁਣਦੀ ਦਿਲ 'ਤੇ ਹੱਥ ਰੱਖ ਕੇ ਆਖਦੀ, "ਸ਼ੁਕਰ ਆ ਮਾਲਕਾ!"

ਪ੍ਰੀਤਮ ਦੋਹਰੇ ਕਿਰਦਾਰ ਨਿਭਾਉਂਦਾ ਕਈ ਵਾਰ ਦੁਬਿਧਾ ਵਿੱਚ ਫਸ ਜਾਂਦਾ ਤੇ ਦਵੰਦ ਉਸਨੂੰ ਵੀ ਚਿੰਤਾਵਾਂ ਦੇ ਮਾਰੂਥਲ ਵੱਲ ਧੱਕ ਦਿੰਦਾ। ਇਸ ਦੁਬਿਧਾ ਕਾਰਨ ਉਸਨੇ ਪਲਕ ਨੂੰ ਵਿਜ਼ਿਟਰ ਵੀਜੇ ਉੱਪਰ ਇਕੱਲ਼ੀ ਨੂੰ ਹੀ ਭੇਜ ਦਿੱਤਾ ਸੀ।

ਹੁਣ ਟੈਰਸ ਦੀ ਧੁੱਪ ਦੇ ਮੱਠੇ ਜਿਹੇ ਸੇਕ ਨੇ ਪਲਕ ਦੇ ਸਰੀਰ ਵਿੱਚੋਂ ਚੰਗਿਆੜੇ ਜਿਹੇ ਕੱਢਣ ਲਾ ਦਿੱਤੇ ਸੀ। ਉਸਨੇ ਸ਼ਾਲ ਤੇ ਸਵਾਟਰ ਉਤਾਰ ਕੇ ਰੱਖ ਦਿੱਤਾ ਤੇ ਪੁੱਠੇ ਜਿਹੇ ਹੱਥ ਨਾਲ਼ ਆਪਣੀ ਪਿੱਠ 'ਤੇ ਖਾਜ ਕਰਦੀ ਹੋਈ 'ਕੱਠੀ ਜਿਹੀ ਹੋ ਗਈ।

ਸਵਾਟਰ ਤੇ ਸ਼ਾਲ ਲਾਹੁਣ ਤੋਂ ਬਾਅਦ ਸੂਰਜ ਨੇ ਤੇ ਮੱਠੀ ਜਿਹੀ ਠੰਢ ਨੇ ਮਿਲ਼ ਕੇ ਉਸਨੂੰ ਕੰਬਣੀ ਜਿਹੀ ਛੇੜ ਦਿੱਤੀ ਸੀ। ਉਸਨੇ ਧੁੜਧੁੜੀ ਲਈ ਤੇ ਕੈਨੇਡਾ ਦੀ ਫੇਰੀ ਦੌਰਾਨ ਬਰਫ਼ੀਲੀ ਠੰਢ ਨੂੰ ਮਹਿਸੂਸ ਕਰਦੀ ਨੇ ਹੁਣ ਆਪਣੇ ਆਪ ਨੂੰ ਸਲ੍ਹਾਬੀ ਜਿਹੀ ਮਹਿਸੂਸ ਕੀਤਾ।



ਉਸਦੇ ਕੋਇਆਂ ਵਿੱਚੋਂ ਇੱਕ ਹੰਝੂ ਫੋਟੋ ਵਿਚਲੇ ਗ਼ੁਲਾਬ ਦੇ ਮੱਥੇ ਉੱਤੇ ਆ ਡਿੱਗਿਆ। ਉਸਨੂੰ ਯਾਦ ਆਇਆ ਜਦੋਂ ਉਹ ਕੈਨੇਡਾ ਵੀ ਉਦਾਸ ਹੀ ਬੈਠੀ ਸੀ, ਤਾਂ ਗ਼ੁਲਾਬ ਉਸਦੇ ਕੋਲ਼ ਬੈਠ ਕੇ ਕੁਰਲਾਇਆ ਸੀ, "ਮੌਮ ਤੁਸੀ ਉਦਾਸ ਹੋ? ਤੁਹਾਡਾ ਦਿਲ ਨ੍ਹੀਂ ਲੱਗਿਆ ਮੇਰੇ ਕੋਲ਼ ਆ ਕੇ? ਕਿੰਨਾ ਸੋਹਣਾ ਦੇਸ਼ ਆ, ਕਿੰਨੇ ਸੋਹਣੇ ਲੋਕ ਨੇ ... ਸੌਰੀ! ... ਮੈਂ ਵੀ ਤੁਹਾਨੂੰ ਟਾਇਮ ਨ੍ਹੀ ਦੇ ਪਾਉਂਦਾ ... ਪਰ ਕੀ ਕਰਾਂ, ਕੰਮ ਬਿਨਾ ਇੱਥੇ ਜ਼ਿੰਦਗੀ ਨ੍ਹੀਂ ਹੈਗੀ... ਬੱਸ ਸਟਰੌਂਗ ਹੋਣਾ ਪੈਂਦਾ ਏਥੇ ਆ ਕੇ।"

"ਮੈਨੂੰ ਲੱਗਦਾ ਬੰਦਾ ਅੰਦਰੋਂ ਟੁੱਟ ਜਾਂਦਾ... ਤੂੰ ਕਹਿਨਾ ਸਟਰੌਂਗ ਹੋਣ ਪੈਂਦਾ... ਮੈਨੂੰ ਤਾਂ ਪੁੱਤ ... ਤੂੰ ਵੀ ਟੁੱਟਿਆ ਜਿਹਾ ਲੱਗਦਾਂ... ਕਦੇ-ਕਦੇ ਤੈਨੂੰ ਇਹ ਇਕੱਲਤਾ ਖਾਂਦੀ ਨ੍ਹੀਂ ?" ਪਲਕ ਨੇ ਗ਼ੁਲਾਬ ਨੂੰ ਬੁੱਕਲ਼ 'ਚ ਲੈਂਦੀ ਨੇ ਆਖਿਆ।

"ਨਹੀਂ ਮੌਮ ... ਆਈ ਐਮ ਓ ਕੇ ... ਬਾਕੀ ਇੱਥੇ ਇਹ ਇਕੱਲਤਾ ਨ੍ਹੀਂ ... ਮੈਨਰਜ਼ ਨੇ ਇੱਥੋਂ ਦੇ ... ਗਵਾਂਢ ਵਾਲ਼ੇ ਆਂਟੀ ਅੰਕਲ ਇੱਕੱਲੇ ਹੀ ਰਹਿੰਦੇ ਨੇ ... ਇਨ੍ਹਾਂ ਦੇ ਜਵਾਕ ਇਨ੍ਹਾਂ ਤੋਂ ਦੂਰ ਸ਼ਹਿਰ 'ਚ ਰਹਿੰਦੇ ਨੇ ... ਪਰ ਕਦੇ ਉਦਾਸ ਨ੍ਹੀਂ ਦੇਖਿਆ ਇਨ੍ਹਾਂ ਨੂੰ ... ਬੱਸ ਇਹੀ ਫ਼ਰਕ ਆ ਆਪਣੇ ਮੁਲਕਾਂ ਨਾਲ਼ੋਂ ...ਆਪਣੀਆਂ ਅੱਖਾਂ ਉਦਾਸੀ ਨਾਲ਼ ਭਰੀਆਂ ਰਹਿੰਦੀਆਂ ਨੇ ਤੇ ਇਨ੍ਹਾਂ ਦੀਆਂ ਅੱਖਾਂ ਜ਼ਿੰਦਗੀ ਨਾਲ਼...।" ਗ਼ੁਲਾਬ ਨੇ ਪਲਕ ਨੂੰ ਕੈਨੇਡਾ ਦੇ ਕਲਚਰ ਬਾਰੇ ਦੱਸਦਿਆਂ ਆਖਿਆ।

ਪਲਕ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਸੱਭਿਆਚਾਰ, ਇਹ ਸੰਸਕਾਰ ਚੰਗੇ ਨੇ ਜਾਂ ਮਾੜੇ, ਪਰ ਗ਼ੁਲਾਬ ਦੀਆਂ ਗੱਲਾਂ ਦੱਸਦੇ ਹੋਏ ਦੀਆਂ ਅੱਖਾਂ ਉਦਾਸ ਹੋਣ ਦੀ ਬਜਾਇ ਚੰਗਿਆੜਿਆਂ ਵਾਂਗ ਦਗਣ ਲੱਗੀਆਂ ਸਨ। ਪਲਕ ਨੂੰ ਇਹ ਵੀ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਸਮਝਾਉਣ ਦਾ ਯਤਨ ਕਰ ਰਿਹਾ ਹੈ। ਉਸਨੂੰ ਉਸਦੇ ਨਿਆਣਪੁਣੇ 'ਤੇ ਹਰਖ਼ ਜਿਹਾ ਵੀ ਆਇਆ ਪਰ ਉਹ ਮੁਸਕ੍ਰਾਉਂਦੀ ਹੋਈ ਬੋਲੀ, "ਫ਼ਿਰ ਇਨ੍ਹਾਂ ਬਜ਼ੁਰਗਾਂ ਦਾ ਟਾਇਮ ਪਾਸ ਕਿਵੇਂ ਹੁੰਦਾ?"

"ਟਾਇਮ ਪਾਸ ਨੂੰ ਕੀ ਆ... ਬਹੁਤੇ ਬਜ਼ੁਰਗ ਗੋਰਿਆਂ ਨੇ ਕੁੱਤੇ ਬਿੱਲੀਆਂ ਪਾਲ਼ ਰੱਖੇ ਆ, ਉਨ੍ਹਾਂ ਨਾਲ਼ ਹੀ ਦਿਲ ਪ੍ਰਚਾ ਲੈਂਦੇ ਨੇ... ਦੇਖਦੇ ਹੁੰਦੇ ਆਂ ਨਾ ਆਪਾਂ, ਰੋਜ਼ ਹੀ ਉਨ੍ਹਾਂ ਨੂੰ... ਕਿੰਨੇ ਖੁਸ਼ ਹੁੰਦੇ ਨੇ ... ਪਰ ਆਪਣੇ ਆਲ਼ੇ ਜਵਾਕਾਂ ਦੀਆਂ ਲੱਤਾਂ ਨਾਲ਼ ਨ੍ਹੀਂ ਚੁੰਬੜੇ ਰਹਿੰਦੇ ਨੇ ਸਾਰੀ ਉਮਰ...।" ਗ਼ੁਲਾਬ ਦੀਆਂ ਕੈਨੇਡਾ ਦੇ ਲੋਕਾਂ ਦੀਆਂ ਤਾਰੀਫ਼ਾਂ ਕਰਦੇ ਦੀਆਂ ਅੱਖਾਂ ਵਿੱਚੋਂ ਸੂਰਜ ਚਮਕਣ ਲੱਗਿਆ ਸੀ।

ਪਰ ਉਸਦੀਆਂ ਗੱਲਾਂ ਸੁਣ ਕੇ ਪਲਕ ਦੇ ਅੰਦਰ ਹਨ੍ਹੇਰਾ ਪਸਰਦਾ ਜਾ ਰਿਹਾ ਸੀ। ਉਸਨੂੰ ਉਸਦੇ ਨਿਆਣਪੁਣੇ ਦਾ ਬੇਸ਼ੱਕ ਪਤਾ ਸੀ, ਪਰ ਉਸਦੀ 'ਲੱਤਾਂ ਨੂੰ ਚੁੰਬੜਨ' ਵਾਲ਼ੀ ਗੱਲ ਨੇ ਉਸਦੀਆਂ ਉਮੀਦਾਂ ਦਾ ਸੂਰਜ ਹੀ ਅੰਨ੍ਹਾਂ ਕਰ ਦਿੱਤਾ ਸੀ। ਹੁਣ ਉਸਦਾ ਧਿਆਨ ਸੁਤੇ ਸਿੱਧ ਹੀ ਗਵਾਂਢ ਵਾਲ਼ੇ ਬਜ਼ੁਰਗ ਜੋੜੇ ਵੱਲ ਹੋ ਗਿਆ। ਪਲਕ ਨੂੰ ਹੁਣ ਉਨ੍ਹਾਂ ਵਿੱਚੋਂ ਆਪਣਾ ਆਪਾ ਨਜ਼ਰ ਆਉਣ ਲੱਗ ਗਿਆ ਸੀ।

ਇੱਕ ਦਿਨ ਉਸਨੇ ਪਾਰਕ ਵਿੱਚ ਉਸ ਜੋੜੇ ਨੂੰ ਬੈਠੇ ਦੇਖਿਆ। ਉਸਨੇ ਝਿਜਕਦੀ ਨੇ ਉਨ੍ਹਾਂ ਨੂੰ 'ਹੈਲੋ!' ਆਖੀ ਤਾਂ ਉਨ੍ਹਾਂ ਦੀਆਂ ਅੱਖਾਂ ਖ਼ੁਸ਼ੀ ਵਿੱਚ ਵੱਡੀਆਂ ਹੋ ਗਈਆਂ। ਉਹ ਉਨ੍ਹਾਂ ਦੇ ਕੋਲ਼ ਬੈਠ ਗਈ। ਉਹ ਉਨ੍ਹਾਂ ਦੀਆਂ ਅੰਗਰੇਜ਼ੀ ਵਿੱਚ ਕੀਤੀਆਂ ਨਿੱਕੀਆਂ-ਨਿੱਕੀਆਂ ਗੱਲਾਂ ਸੁਣ ਕੇ ਸ਼ਾਂਤੀ ਨਾਲ਼ ਭਰ ਗਈ। ਭਾਵੇਂ ਉਸਨੇ ਵੀ ਉਨ੍ਹਾਂ ਨਾਲ਼ ਗੱਲਾਂ ਕਰਨ ਦਾ ਯਤਨ ਕੀਤਾ। ਭਾਵੇਂ ਉਸਦੀ ਅੰਗਰੇਜ਼ੀ ਉਸਦੀਆਂ ਭਾਵਨਾਵਾਂ ਦੇ ਹਾਣ ਦੀ ਨਹੀਂ ਸੀ ਹੋ ਰਹੀ ਪਰ ਉਨ੍ਹਾਂ ਦੇ ਚਿਹਰਿਆਂ ਦਾ ਸਕੂਨ ਦੱਸਦਾ ਸੀ ਕਿ ਉਨ੍ਹਾਂ ਦੇ ਅੰਦਰ ਦਾ ਸੂਰਜ ਅਜੇ ਵੀ ਇੱਕ ਦੂਜੇ ਦੀ ਮੁਹੱਬਤੀ ਤਪਸ਼ ਨਾਲ਼ ਲਬਰੇਜ਼ ਸੀ। ਉਸਨੂੰ ਪ੍ਰੀਤਮ ਯਾਦ ਆ ਗਿਆ। ਹੁਣ ਉਸਦਾ ਦਿਲ ਕਰਦਾ ਸੀ ਕਿ ਉਹ ਭੱਜ ਕੇ ਸਮੁੰਦਰਾਂ ਨੂੰ ਪਾਰ ਕਰਦੀ ਪ੍ਰੀਤਮ ਦੀ ਬੁੱਕਲ਼ ਵਿੱਚ ਪਹੁੰਚ ਜਾਵੇ। ਜੋੜੇ ਦੇ ਪੈਰਾਂ ਨਾਲ਼ ਲੱਗ ਕੇ ਬੈਠਾ ਉਨ੍ਹਾਂ ਦਾ ਕੁੱਤਾ ਪੁੱਤਾਂ ਵਾਂਗ ਮੋਹ ਲੈਂਦਾ ਮਹਿਸੂਸ ਹੋ ਰਿਹਾ ਸੀ।

ਸੂਰਜ ਮੂਹਰੇ ਬੱਦਲ਼ਾਂ ਦੇ ਆਉਣ ਕਾਰਨ ਪਲਕ ਨੂੰ ਇੱਕ ਦਮ ਠੰਢਕ ਜਿਹੀ ਮਹਿਸੂਸ ਹੋਈ। ਅਤੀਤ ਤੋਂ ਵਰਤਮਾਨ ਵਿੱਚ ਪਰਤ ਕੇ ਹੁਣ ਉਸਨੂੰ ਆਪਣੇ ਅੰਦਰੋਂ ਅਹਿਸਾਸ ਵੀ ਠੰਢੇ ਹੋਏ ਲੱਗਦੇ ਸਨ। ਇਕੱਲਤਾ ਨੇ ਉਸਨੂੰ ਝੰਬ ਹੀ ਸੁੱਟਿਆ ਸੀ। ਅੱਜ ਤਾਂ ਜਿਵੇਂ ਉਹ ਅਤੀਤ ਦੇ ਵਿਹੜੇ ਦੀ ਤਪਸ਼ ਮਹਿਸੂਸ ਕਰਦੀ ਵੀ ਠੰਢੀ ਹੋਈ ਪਈ ਸੀ। ਉਸਨੇ ਕੁੱਕੂ ਤੇ ਗ਼ੁਲਾਬ ਦੀਆਂ ਫੋਟੋਆਂ ਚੁੱਕ ਕੇ ਛਾਤੀ ਨਾਲ਼ ਘੁੱਟ ਲਈਆਂ।

ਗੇਟ 'ਤੇ ਹਾਰਨ ਵੱਜਿਆ। ਉਸਨੇ ਕੋਠੇ 'ਤੇ ਖੜ੍ਹੀ ਨੇ ਹੀ ਦੇਖਿਆ ਤਾਂ ਪ੍ਰੀਤਮ ਗੇਟ ਖੋਲ੍ਹਣ ਲਈ ਹਾਰਨ ਵਜਾ ਰਿਹਾ ਸੀ। ਉਹ ਪੌੜੀਆਂ ਰਾਹੀਂ ਹੇਠਾਂ ਉੱਤਰ ਆਈ। ਗੇਟ ਖੋਲ੍ਹਦਿਆਂ ਉਸਨੇ ਪ੍ਰੀਤਮ ਨੂੰ ਗੱਡੀ ਬਾਹਰ ਖੜ੍ਹਾਉਣ ਦਾ ਇਸ਼ਾਰਾ ਕੀਤਾ। ਪ੍ਰੀਤਮ ਗੱਡੀ ਖੜ੍ਹਾ ਕੇ ਡਰਾਇੰਗ ਰੂਮ ਵਿੱਚ ਆ ਬੈਠਾ। ਪ੍ਰੀਤਮ ਨੇ ਪਾਣੀ ਦਾ ਘੁੱਟ ਭਰਦਿਆਂ ਪਲਕ ਨੂੰ ਪੁੱਛਿਆ , "ਕਿੱਥੇ ਜਾਣਾ... ਗੱਡੀ ਬਾਹਰ ਹੀ ਰੁਕਵਾ ਦਿੱਤੀ।"

ਪਲਕ ਉਸਦੇ ਨਾਲ਼ ਹੀ ਸੋਫ਼ੇ 'ਤੇ ਬੈਠ ਗਈ ਤੇ ਉਸਦੀਆਂ ਅੱਖਾਂ ਵਿੱਚ ਝਾਕਦੀ ਹੋਈ ਬੋਲੀ, "ਵੱਢ ਖਾਣ ਨੂੰ ਪੈਂਦੀ ਆ ਹੁਣ ਤਾਂ ਇਕੱਲਤਾ ਮੈਨੂੰ।" ਉਹ ਆਖ ਕੇ ਉਦਾਸ ਜਿਹੀ ਹੋ ਗਈ। ਉਸਨੇ ਨੀਵੀਂ ਪਾ ਲਈ। ਉਸਦੇ ਅੰਦਰ ਸੁਤੇ ਸਿੱਧ ਹੀ ਗ਼ੁਲਾਬ ਦੀਆਂ ਗੱਲਾਂ ਘੁੰਮਣ ਲੱਗੀਆਂ। ਉਸਦੀਆਂ ਨੀਵੀਆਂ ਹੋਈਆਂ ਅੱਖਾਂ ਵਿੱਚੋਂ ਹੰਝੂ ਤ੍ਰਿਪ-ਤ੍ਰਿਪ ਕਿਰਨ ਲੱਗੇ।

ਪ੍ਰੀਤਮ ਉਸਦੇ ਕੋਸੇ-ਕੋਸੇ ਹੰਝੂਆਂ ਨੂੰ ਆਪਣੀਆਂ ਤਲ਼ੀਆਂ 'ਤੇ ਟਿਕਾਉਂਦਾ ਰਿਹਾ। ਉਸਨੂੰ ਕੁੱਕੂ ਤੇ ਗ਼ੁਲਾਬ ਆਪਣੇ ਅੰਦਰੋਂ ਧੜਕਦੇ ਹੋਏ ਮਹਿਸੂਸ ਹੋਣ ਲੱਗੇ। ਉਸਨੇ ਪਲਕ ਨੂੰ ਗਲ਼ਵੱਕੜੀ ਵਿੱਚ ਲੈ ਲਿਆ। ਫ਼ਿਰ ਗਲ਼ਵੱਕੜੀ ਨੂੰ ਢਿੱਲਾ ਕਰਕੇ ਉਸਨੇ ਉਸਦਾ ਚਿਹਰਾ ਦੋਹਾਂ ਹੱਥਾਂ ਵਿੱਚ ਫੜ ਕੇ ਉਤਾਂਹ ਚੁੱਕਿਆ ਤੇ ਉਸਦੀਆਂ ਅੱਖਾਂ ਵਿੱਚ ਝਾਕਦੇ ਨੇ ਪੁੱਛਿਆ, "ਦੱਸ ਕਿੱਥੇ ਜਾਣਾ ਫ਼ਿਰ ਹੁਣ ?"

ਪਲਕ ਦੇ ਚੋਂਦੇ ਹੋਏ ਲਬਾਂ ਵਿੱਚੋਂ ਨਿੱਕਲ਼ਿਆ, "ਡੌਗ ਫਾਰਮ।"

ਪ੍ਰੀਤਮ ਉਸਦੀਆਂ ਅੱਖਾਂ ਵਿੱਚ ਦੇਖ ਕੇ ਮੁਸਕ੍ਰਾਇਆ ਤੇ ਇਕ ਦਮ ਖੜ੍ਹਾ ਹੋ ਕੇ ਉਸਨੇ ਪਲਕ ਵੱਲ ਹੱਥ ਵਧਾ ਦਿੱਤਾ। ਉਹ ਉਸਦਾ ਹੱਥ ਫੜਦੀ ਹੋਈ ਸਲ੍ਹਾਬੇ ਜਿਹੇ ਦਿਲ ਨਾਲ਼ ਮੁਸਕ੍ਰਾਈ। ਉਦਾਸੀਆਂ ਜਿਹੀਆਂ ਖੁਸ਼ੀਆਂ ਉਸਦੀਆਂ ਅੱਖਾਂ ਰਾਹੀਂ ਧਾਰਾਂ ਬਣ ਕੇ ਵਹਿ ਤੁਰੀਆਂ। ਹੁਣ ਚਾਰੇ ਪਾਸੇ ਉਸਨੂੰ ਕੁੱਕੂ ਤੇ ਗ਼ੁਲਾਬ ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗੀਆਂ ਤੇ ਕੁਝ ਕੁ ਸਮੇਂ ਬਾਅਦ ਹੀ ਉਨ੍ਹਾਂ ਦੀ ਗੱਡੀ ਸ਼ਹਿਰ ਦੇ ਮਸ਼ਹੂਰ ਡੌਗ ਫਾਰਮ ਅਗੇ ਜਾ ਖੜ੍ਹੀ।

**ਸੰਪਰਕ-98881-17389**

ਕਹਾਣੀ

# ਸਲੋਚਨਾ

**ਅਮਰ ਗਰਗ ਕਲਮਦਾਨ**



ਸਮਾਜ ਸ਼ਾਸ਼ਤਰ ਦੀ ਵਿਦਿਆਰਥਣ ਸੰਜੋਗਤਾ ਬੋਲੀ, "ਸਲੋਚਨਾ ਭਾਵੇਂ ਤੂੰ ਇੰਜੀਨੀਅਰਿੰਗ ਦੀ ਵਿਦਿਆਰਥਣ ਹੈ, ਪਰ ਕੱਲ੍ਹ ਮੈਂ ਤੈਨੂੰ ਸਾਹਿਤ ਸਭਾ ਦੀ ਮੀਟਿੰਗ ਵਿੱਚ ਲੈ ਕੇ ਜਾਵਾਂਗੀ, ਮੇਰਾ ਦਾਅਵਾ ਹੈ, ਸਾਹਿਤ, ਵਿਗਿਆਨਿਕ ਸੋਚ ਨੂੰ ਉਤਸ਼ਾਹਿਤ ਕਰਦਾ ਹੈ, ਮਨੁੱਖ ਵਿੱਚ ਸਿਰਜਣ ਕਲਾ ਨੂੰ ਜਗਾਉਂਦਾ ਹੈ।" ਇਹ ਸੁਣ ਕੇ ਸਲੋਚਨਾ ਜਾਣ ਲਈ ਹਾਂ ਕਰ ਦਿੰਦੀ ਹੈ।

ਮੈਂ, ਆਪ ਜੀ ਨੂੰ ਇੱਕ ਕਵਿਤਾ ਸੁਣਾਉਣਾ ਚਾਹੁੰਦੀ ਹਾਂ। ਜਿਸਦਾ ਸੀਰਸ਼ਕ ਹੈ : 'ਪਿਆਰ ਕੁਦਰਤ ਦੀ ਦੇਣ':-ਪਿਆਰ ਹੈ ਗੇਂਦਾ, ਚਮੇਲੀ ਇਹ ਖਿਲਾਰੇ ਸੁਗੰਧੀਆਂ,

ਖਿੱਚੇ ਆਉਣ ਭੰਵਰੇ, ਤਿੱਤਲੀਆਂ ਉੱਡਣ ਕਰਨ ਅਠਖੇਲ੍ਹੀਆਂ,<br>
ਪਿਆਰ ਹੈ ਘੋੜਾ, ਚਿੜੀ ਜਨੌਰ, ਪੈਲਾਂ ਪਾਉਂਦੇ ਮੋਰ,<br>
ਪੇਸ਼ ਹੋਏ ਨਜ਼ਾਰਾ ਨਜਰੀ ਪਵੇ ਜਦ ਹਿਰਨਾ ਦੀ ਤੋਰ,<br>
ਪਿਆਰ ਨਾ ਕੋਈ ਰਹੱਸ, ਨਾ ਅਲੌਕਿਕ, ਇਹ ਕੁਦਰਤ ਦੀ ਦੇਣ,<br>
ਜੀਅ ਜੰਤ ਸਭ ਉਪਜੇ ਇੱਥੋਂ, ਇਹ ਨਿਰੰਤਰਤਾ ਦੀ ਸੇਜ,<br>
ਪਿਆਰ ਕਸਵੱਟੀ ਪਦਾਰਥ ਦੀ, ਇਹ ਅੰਦਰ ਤੇ ਬਾਹਰ,<br>
ਗੂੰਦ ਇਹ ਸਮਾਜਿਕ ਵਰਤਾਰੇ ਦੀ, ਸਭਨਾ ਦੀ ਏਸੇ 'ਚ ਠਾਹਰ

ਸਾਹਿਤ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਦਰਸ਼ਕ ਕਹਿਣ ਲੱਗੇ, "ਮੇਰੇ ਪਿਆਰੇ ਦੋਸਤੋ, ਜਿਸ ਬੱਚੀ ਨੇ ਇਹ ਕਵਿਤਾ ਸੁਣਾਈ ਹੈ। ਇਹ ਵੈਪਨ ਇੰਜੀਨੀਅਰਿੰਗ ਦੀ ਪਹਿਲੇ ਸਾਲ ਦੀ ਵਿਦਿਆਰਥਣ ਸਲੋਚਨਾ ਹੈ। ਚਾਹੇ ਇਸ ਦੀ ਪੜ੍ਹਾਈ ਨਿਰੋਲ ਅੰਗ੍ਰੇਜ਼ੀ ਮਾਧਿਅਮ ਵਿੱਚ ਹੈ। ਪਰ ਇਹ ਆਪਣੀ ਮਾਂ ਬੋਲੀ ਪੰਜਾਬੀ ਨਾਲ਼ ਬੇਹੱਦ ਪਿਆਰ ਕਰਦੀ ਹੈ।"

"ਅਸ਼ੋਕ ਅੱਜ ਮੈਂ ਸਾਹਿਤ ਸਭਾ ਦੇ ਮੰਚ ਉੱਪਰ 'ਪਿਆਰ' ਬਾਰੇ, ਇੱਕ ਕਵਿਤਾ ਸੁਣਾਈ, ਮੈਂ ਚਾਹੁੰਦੀ ਹਾਂ ਅਗਲੀ ਵਾਰ ਤੂੰ ਵੀ ਮੇਰੇ ਨਾਲ਼ ਹੋਵੇਂ।" ਸਲੋਚਨਾ ਆਪਣੇ ਸਹਿਪਾਠੀ ਨੂੰ ਕਹਿਣ ਲੱਗੀ।

ਅਸ਼ੋਕ ਉਸ ਦੀ ਕਵਿਤਾ ਸੁਣ ਕੇ ਕਹਿਣ ਲੱਗਾ, "ਇਸ ਕਵਿਤਾ ਨੂੰ ਆਪਣੇ ਜੀਵਨ ਵਿੱਚ ਕਦੋਂ ਉਤਾਰੇਂਗੀ?" ਮੈਂ ਤਾਂ ਆਪਣਾ ਪਿਆਰ ਉਸੇ ਦਿਨ ਪ੍ਰਗਟ ਕਰ ਦਿੱਤਾ ਸੀ, ਜਿਸ ਦਿਨ ਆਪਾਂ ਪਹਿਲੇ ਦਿਨ ਕਾਲਜ ਦੀ ਲਾਇਬ੍ਰੇਰੀ ਵਿੱਚ ਮਿਲੇ ਸੀ। ਬੱਸ ਤੈਨੂੰ ਹੀ ਨਹੀਂ ਪਤਾ ਚੱਲਿਆ।" ਸਲੋਚਨਾ ਨੇ ਕਿਹਾ। ਅਸ਼ੋਕ ਨੇ ਸਲੋਚਨਾ ਦੀਆਂ ਅੱਖਾਂ 'ਚ ਦੇਖਿਆ ਫੇਰ ਘੁੱਟ ਕੇ ਜੱਫੀ ਪਾ ਲਈ।

"ਅੱਜ ਮੈਂ ਬਹੁਤ ਵੱਡੀ ਸੁਗਾਤ ਪਾ ਲਈ ਹੈ। ਦਿਲ ਅਤੇ ਦਿਮਾਗ ਇੱਕ ਹੋ ਗਏ ਹਨ। ਲੱਗਦਾ ਹੁਣ ਮੈਂ ਆਪਣੇ ਪ੍ਰੋਜੈਕਟ ਵਿੱਚ ਵੀ ਕਾਮਯਾਬ ਹੋਵਾਂਗੀ।"

"ਤੇਰਾ ਪ੍ਰੋਜੈਕਟ ਕੀ ਹੈ?" ਅਸ਼ੋਕ ਪੁੱਛਣ ਲੱਗਾ।

"ਮੈਂ ਏ.ਕੇ. 47 ਨਾਲ਼ ਬੈਲਟ ਜੋੜਕੇ ਇਸਨੂੰ 247 ਬਣਾਉਣ ਬਾਰੇ ਸੋਚ ਰਹੀ ਹਾਂ।"

"ਇਸ ਮਕਸਦ ਲਈ ਮੈਂ ਵੀ ਤੇਰੀ ਮਦਦ ਕਰਾਂਗਾ।" ਅਸ਼ੋਕ ਕਹਿਣ ਲੱਗਾ, "ਚੱਲ ਹੁਣ ਲੰਚ ਲਈ ਕੰਟੀਨ ਵੱਲ ਚੱਲਦੇ ਹਾਂ।"

ਪ੍ਰੈਕਟੀਕਲ ਕਰਦੇ ਹੋਏ ਅਸ਼ੋਕ ਕਹਿਣ ਲੱਗਾ, "ਸਾਨੂੰ ਬੈਲਟ ਅਤੇ ਸ਼ਾਟ ਲਈ ਸਾਂਝੀ ਗਰਾਰੀ ਬਣਾਉਣੀ ਹੋਵੇਗੀ, ਪਰ ਇਸਦੀ ਕਾਮਯਾਬੀ ਲਈ ਲੰਬਾ ਸਮਾਂ ਲੱਗੇਗਾ। ਇਸ ਲਈ ਇਹ ਕੰਮ ਹੌਂਸਲੇ ਅਤੇ ਪੂਰੀ ਸਹਿਣਸ਼ੀਲਤਾ ਨਾਲ਼ ਨੇਪਰੇ ਚਾੜ੍ਹਨਾ ਹੋਵੇਗਾ।"

"ਮੈਂ ਵੀ ਇਹੋ ਸਮਝਦੀ ਹਾਂ।" ਸਲੋਚਨਾ ਨੇ ਕਿਹਾ।

ਬਿਕਰਮ ਬੋਲਿਆ, "ਸਲੋਚਨਾ, ਕਮਾਲ ਕਰ ਦਿੱਤੀ, ਹਥਿਆਰ ਬਣਾਉਣ ਦੀ ਇੰਜੀਨੀਅਰਿੰਗ ਵਿੱਚ ਇੱਕ ਕੁੜੀ ਨੇ ਬਾਜੀ ਮਾਰ ਲਈ ਹੈ, ਜਾ ਕੇ ਦੇਖ ਆਪਣਾ ਨਤੀਜਾ ਬਾਹਰ ਬੋਰਡ 'ਤੇ ਲੱਗਾ ਹੈ।"

ਸਲੋਚਨਾ ਤੇਜੀ ਨਾਲ਼ ਬੋਰਡ ਵੱਲ ਭੱਜੀ, ਪਹਿਲਾਂ ਆਪਣਾ ਨਤੀਜਾ ਦੇਖਿਆ ਫੇਰ ਅਸ਼ੋਕ ਦਾ । ਆਪ ਪਹਿਲੇ ਅਤੇ ਅਸ਼ੋਕ ਚੌਥੇ ਸਥਾਨ ਉੱਪਰ ਹੁੰਦਾ ਹੈ। ਸਾਰੇ ਵਿਦਿਆਰਥੀਆਂ ਨੇ ਸਲੋਚਨਾ ਨੂੰ ਘੇਰ ਲਿਆ ਅਤੇ ਉਸਤੋਂ ਪਾਰਟੀ ਦੀ ਮੰਗ ਕਰਨ ਲੱਗੇ। ਸਲੋਚਨਾ ਨੇ ਸਾਰਿਆਂ ਲਈ ਲੰਚ ਦਾ ਆਰਡਰ ਦੇ ਦਿੱਤਾ। ਸਲੋਚਨਾ ਕਹਿਣ ਲੱਗੀ, "ਮੇਰੇ ਲਈ ਪੋਜੀਸ਼ਨ ਜਿਆਦਾ ਮਹਿਨੇ ਨਹੀਂ ਰੱਖਦੀ, ਅਸਲ ਪ੍ਰਾਪਤੀ ਤਾਂ ਇਹ ਹੈ ਕਿ ਅਸੀਂ ਨਵੀਂ ਸਿਰਜਣਾ ਕੀ ਕਰਦੇ ਹਾਂ? ਸਿਰਜਣਾ ਦੀ ਏਸੇ ਘਾਟ ਕਾਰਨ ਸਾਡਾ ਦੇਸ਼ ਆਪਣੇ ਤੋਂ ਛੋਟੇ ਦੇਸ਼ਾਂ ਤੋਂ ਹਥਿਆਰ ਮੰਗਵਾਉਂਦਾ ਹੈ, ਪਰ ਹੁਣ ਕੁਝ ਆਸ ਦੀ ਕਿਰਨ ਬੱਝੀ ਹੈ।"

ਬਿਕਰਮ ਬੋਲਿਆ, "ਐਨੇ ਉੱਚੇ ਵਿਚਾਰ, ਸਲੋਚਨਾ ਤਾਂ ਇੱਕ ਦਿਨ ਡਾ. ਅਬਦੁੱਲ ਕਲਾਮ ਬਣੇਗੀ"

ਵਿੱਚੋਂ ਹੀ ਜਤਿੰਦਰ ਬੋਲਿਆ, "ਗਲਤ, ਅਬਦੁੱਲ ਕਲਾਮ ਤਾਂ ਛੜਾ ਸੀ, ਸਲੋਚਨਾ ਦੀ ਤਾਂ ਅਸ਼ੋਕ ਨਾਲ਼ ਬਹੁਤ ਹੀ ਹੁਸੀਨ ਜੋੜੀ ਬਣ ਰਹੀ ਹੈ।"

"ਹਾਂ ਇਸ ਗੱਲ ਨਾਲ਼ ਤਾਂ ਮੈਂ ਵੀ ਸਹਿਮਤ ਹਾਂ।" ਬਿਕਰਮ ਬੋਲਿਆ।

ਸਲੋਚਨਾ ਬੋਲੀ, "ਗੱਲਾਂ ਫੇਰ ਕਰਿਓ ਪਹਿਲਾਂ ਚੀਅਰ ਕਰੋ।"

ਬਿਕਰਮ ਬੀਅਰ ਦਾ ਗਲਾਸ ਡਕਾਰਦਾ ਹੋਇਆ ਬੋਲਿਆ, "ਇੱਕ ਪੰਡਿਤ ਵਰਦਾਨ ਦੇ ਰਿਹਾ ਹੈ, ਸਲੋਚਨਾ ਬੱਚਾ, ਤੂੰ ਇੱਕ ਦਿਨ ਅਬਦੁੱਲ ਕਲਾਮ ਜ਼ਰੂਰ ਬਣੇਂਗੀ। ਦੇਸ਼ ਤੇਰੇ ਤੇ ਮਾਣ ਕਰੇਗਾ।"

ਇਹ ਸੁਣ ਕੇ ਅਸ਼ੋਕ ਹੱਸਦਾ ਹੈ ਅਤੇ ਸਲੋਚਨਾ ਨੂੰ ਕਹਿੰਦਾ ਹੈ, "ਪੰਡਿਤ ਜੀ ਦਕਸ਼ਣਾ ਦੇ ਹੱਕਦਾਰ ਤਾਂ ਬਣ ਹੀ ਗਏ ਹਨ।"

ਸਲੋਚਨਾ ਬੋਲੀ, "ਹੁਣ ਮੇਰੇ ਗੱਲ ਖ਼ਤਮ ਕਰੋ, ਜਨਰਲ ਵਿਸ਼ੇ ਤੇ ਗੱਲ ਕਰੋ।"

"ਅੱਜ ਅੰਡਰ ਵਾਟਰ ਸਾਹਿਬ ਨੇ ਬਹੁਤ ਹੀ ਵਧੀਆ ਗੱਲ ਸੁਣਾਈ।" ਬਿਕਰਮ ਬੋਲਿਆ।

"ਕੋਣ ਅੰਡਰ ਵਾਟਰ?" ਸਲੋਚਨਾ ਪੁੱਛਣ ਲੱਗੀ।

"ਉਹ ਆਪਣੇ ਡਾਇਰੈਕਟਰ ਸਾਹਿਬ ਜਿਨ੍ਹਾਂ ਦਾ ਕੰਮ ਹੀ ਟਾਰਪੀਡੋ ਤੇ ਹੈ।" ਸਲੋਚਨਾ ਗੰਭੀਰਤਾ ਨਾਲ਼ ਬੋਲੀ।

"ਉਹ ਤਾਂ ਸਾਡੇ ਦੇਸ਼ ਲਈ ਇੱਕ ਐਂਟੀਕ ਹਨ।"

"ਜੇ ਉਹ ਦੇਸ਼ ਦੇ ਲਈ ਇੱਕ ਐਂਟੀਕ ਹਨ ਤਾਂ ਹੀ ਤਾਂ ਉਨ੍ਹਾਂ ਵੱਲੋਂ ਕਹੀ ਗੱਲ ਸੁਣਾ ਰਿਹਾ ਹਾਂ।"

"ਚੱਲ ਅੱਛਾ ਸੁਣਾ ... ਅੰਡਰ ਵਾਟਰ ਨੇ ਬਿਲਕੁਲ ਸੱਚ ਕਿਹਾ ਹੈ...ਆਉਣ ਵਾਲੇ ਸਮੇਂ ਵਿੱਚ ਪੋਲਰ ਯੁੱਧ ਹੋਣਗੇ, ਨਾਮ ਹੋਇਆ ਕਰੇਗਾ, ਐਟਾਂਰਟਿਕਾ ਦਾ ਯੁੱਧ, ਆਰਕਟਿਕ ਸਾਗਰ ਦਾ ਯੁੱਧ।"

ਸ਼ਗਨ ਪ੍ਰੀਤ ਬੋਲਿਆ, "ਇਹ ਗੱਲ ਤਾਂ ਬਿਲਕੁਲ ਸਹੀ ਹੈ। ਆਰਕਟਿਕ ਸਾਗਰ ਦਾ ਯੁੱਧ ਤਾਂ ਬਿਲਕੁਲ ਨੇੜੇ ਹੀ ਦਿਖ ਰਿਹਾ ਹੈ। ਕਿਉਂਕਿ ਨਾਰਡਿਕ ਦੇਸ਼ਾਂ ਦਾ ਨਾਟੋ ਵਿੱਚ ਸ਼ਾਮਲ ਹੋਣਾ ਇਹ ਸੰਕੇਤ

ਕਰਦਾ ਹੈ।"

ਸੰਗਮਿੱਤਰਾ ਬੋਲੀ, "ਮੈਂ ਤਾਂ ਇਸ ਵਿਸ਼ੇ ਤੋਂ ਹਟ ਕੇ ਗੱਲ ਕਰਾਂਗੀ, ਕਿਉਂ ਨਾ ਸਾਰੇ ਦੋਸਤਾਂ ਵੱਲੋਂ ਸਲੋਚਨਾ ਅਤੇ ਅਸ਼ੋਕ ਦੀ ਕੱਚੀ ਸ਼ਾਦੀ ਰਚਾ ਲਈ ਜਾਵੇ, ਨੱਚਣ ਦਾ ਮੌਕਾ ਮਿਲ ਜਾਵੇਗਾ।"

ਬਿਕਰਮ ਬੋਲਿਆ, "ਤੈਨੂੰ ਨਹੀਂ ਪਤਾ ਕੱਚੀ ਸ਼ਾਦੀ ਤਾਂ ਕਦੋਂ ਦੀ ਹੋ ਗਈ, ਇਹ ਅੰਦਰ ਦੀ ਗੱਲ ਹੈ, ਦਿਮਾਗੀ ਮਾਈਕਰੋਸਕੋਪ ਨਾਲ਼ ਦੇਖਣਾ ਪੈਂਦਾ ਹੈ।" ਸਾਰੇ ਹੱਸ ਪਏ।

ਅਸ਼ੋਕ ਬੋਲਿਆ, "ਲਓ ਹੁਣ ਗੱਲਾਂ ਬੰਦ ਕਰੋ, ਖਾਣਾ ਲੱਗ ਚੁੱਕਾ ਹੈ।"

ਸਲੋਚਨਾ ਲਗਾਤਾਰ ਗੋਲਡ ਮੈਡਲਿਸਟ ਬਣਦੀ ਰਹੀ ਅਤੇ ਅਸ਼ੋਕ ਨਾਲ਼ ਦੋਸਤੀ ਵੀ ਉਨੀ ਹੀ ਗੂੜ੍ਹੀ ਹੁੰਦੀ ਗਈ। ਵੈਪਨ ਇੰਜੀਨੀਅਰਿੰਗ ਵਿੱਚ ਬੀ. ਟੈੱਕ ਕਰਨ ਉਪਰਾਂਤ ਦੋਵਾਂ ਨੇ ਪਬਲਿਕ ਸੈਕਟਰ ਦੀ ਜੰਬੂਦੀਪ ਆਰਡੀਨੈਂਸ ਇੰਸਟੀਚਿਊਸ਼ਨ ਵਿੱਚ ਨੌਕਰੀ ਲੈ ਲਈ। ਇਸ ਆਰਡੀਨੈਂਸ ਇੰਸਟੀਚਿਊਸ਼ਨ ਦੀ ਖਾਸੀਅਤ ਇਹ ਸੀ ਕਿ ਉਹ ਬੀ.ਟੈੱਕ ਪਾਸ ਵਿਦਿਆਰਥੀਆਂ ਨੂੰ ਨੌਕਰੀ ਦੇ ਨਾਲ਼ ਨਾਲ਼ ਐੱਮ.ਟੈੱਕ ਵੀ ਕਰਵਾਉਂਦੇ ਸਨ, ਤਾਂ ਕਿ ਵਿਦਿਆਰਥੀਆਂ ਨੂੰ ਵੈਪਨ ਇੰਜੀਨੀਅਰਿੰਗ ਵਿੱਚ ਮੁਹਾਰਤ ਹਾਸਿਲ ਹੋ ਸਕੇ।

ਲਾਇਬ੍ਰੇਰੀ ਵਿੱਚ ਅਸ਼ੋਕ ਸਲੋਚਨਾ ਨੂੰ 'ਦਾ ਹਿੰਦੂ' ਦੀ ਖ਼ਬਰ ਦਿਖਾਉਂਦਾ ਹੋਇਆ ਦੱਸਦਾ ਹੈ, "ਤੇਰਾ ਏ.ਕੇ 247 ਮਾਡਲ ਪ੍ਰਵਾਨਿਤ ਹੋ ਚੁੱਕਾ ਹੈ, ਡਿਫੈਂਸ ਮਨੀਸਟਰੀ ਨੇ ਵੀ ਸਵਿਕਾਰ ਕਰ ਲਿਆ ਹੈ। ਹੁਣ ਸਾਡਾ ਫੌਜੀ ਇਸ ਨਾਲ਼ ਲਗਾਤਾਰ 200 ਬੁਲੇਟ ਫਾਇਰ ਕਰ ਸਕੇਗਾ। ਸਰਕਾਰ ਨੇ ਇਸ ਨੂੰ ਯੁੱਧ ਖੇਤਰ ਦੀ ਮੁੱਖ ਰਾਈਫਲ ਦਾ ਦਰਜਾ ਦੇ ਦਿੱਤਾ ਹੈ।"

ਇਹ ਸੁਣ ਕੇ ਸਲੋਚਨਾ ਅਸ਼ੋਕ ਨੂੰ ਘੁੱਟ ਕੇ ਜੱਫੀ ਪਾ ਲੈਂਦੀ ਹੈ, ਸਵੀਕਾਰ ਕਰਦੀ ਹੋਈ ਕਹਿੰਦੀ ਹੈ, "ਆਪ ਦੀ ਗਾਇਡੈਂਸ ਅਤੇ ਪਿਆਰ ਕਾਰਨ ਅੱਜ ਇਹ ਸਫ਼ਲਤਾ ਮੇਰੇ ਨਾਂ ਲੱਗੀ ਹੈ।"

ਇੰਸਟੀਚਿਊਸ਼ਨ ਦੇ ਡਾਇਰੈਕਟਰ ਨੇ ਸਲੋਚਨਾ ਨੂੰ ਆਪਣੇ ਦਫ਼ਤਰ ਬੁਲਾ ਕੇ ਕਿਹਾ, "ਆਪ ਦੀ ਏ.ਕੇ.247 ਰਾਈਫਲ ਸਾਡੀ ਫੌਜ ਲਈ ਬਹੁਤ ਹੀ ਕਾਰਗਰ ਹਥਿਆਰ ਬਣ ਚੁੱਕਾ ਹੈ, ਕਿਆ ਖ਼ੂਬਸੂਰਤ ਮਾਡਲ ਹੈ। ਮੁੱਖ ਬਾਡੀ ਨੂੰ ਬਕਸੇ ਚ ਪਾ ਦਿੱਤਾ ਅਤੇ ਉੱਪਰ ਟੈਲੀਸਕੋਪ ਲਗਾ ਦਿੱਤੀ, ਇਸ ਲਈ ਆਪ ਵਧਾਈ ਦੀ ਹੱਕਦਾਰ ਹੋ। ਅੱਜ ਹੀ ਹੋਮ ਮਨਿਸਟਰੀ ਕੋਲੋਂ ਸਾਡੇ ਕੋਲ ਵਿਸ਼ੇਸ਼ ਹਦਾਇਤਾਂ ਆਈਆਂ ਹਨ, ਉਨ੍ਹਾਂ ਨੇ ਪੁੱਛਿਆ ਹੈ, ਸਲੋਚਨਾ ਦੀ ਸੁਰੱਖਿਆ ਬਾਰੇ ਸਾਨੂੰ ਸੂਚਿਤ ਕੀਤਾ ਜਾਵੇ।" ਡਾਇਰੈਕਟਰ ਨੇ ਅੱਗੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਆਪ ਇੱਕ ਬਾਡੀਗਾਰਡ ਲੈ ਲਵੋ।"

ਕੁਝ ਪਲ ਸੋਚ ਕੇ ਸਲੋਚਨਾ ਨੇ ਜਵਾਬ ਦਿੱਤਾ, "ਸਰ ਜੀ, ਮੈਂ ਬਾਡੀਗਾਰਡ ਤਾਂ ਬਿਲਕੁਲ ਨਹੀਂ ਲੈ ਸਕਦੀ, ਮੇਰੀ ਨਿੱਜੀ ਅਜ਼ਾਦੀ ਬਿਲਕੁਲ ਖ਼ਤਮ ਹੋ ਜਾਵੇਗੀ, ਜੇ ਅਜ਼ਾਦੀ ਖਤਮ ਹੋ ਗਈ ਤਾਂ ਮੇਰੀ ਸਿਰਜਣਾ ਮਰ ਜਾਵੇਗੀ।"

ਇਹ ਸੁਣਕੇ ਡਾਇਰੈਕਟਰ ਕਹਿਣ ਲੱਗਾ, "ਇੱਕ ਹੋਰ ਤਰੀਕਾ ਹੈ, ਹੋਮ ਮਨਿਸਟਰੀ ਦੀ ਗਾਇਡਲਾਈਨਜ ਦੇ ਮੁਤਾਬਿਕ ਅਸੀਂ ਤੈਨੂੰ ਇੱਕ ਪਿਸਟਲ ਦੇ ਸਕਦੇ ਹਾਂ। ਜਿਸ ਨੂੰ ਤੂੰ ਹਰ ਵਕਤ ਆਪਣੇ ਨਾਲ਼ ਰੱਖਣਾ ਹੈ ਅਤੇ ਇਸ ਨੂੰ ਆਪਣੀ ਸੁਰੱਖਿਆ ਲਈ ਵਰਤਣ ਤੋਂ ਗੁਰੇਜ ਨਹੀਂ ਕਰਨਾ।" ਸਲੋਚਨਾ ਨੇ ਡਾਇਰੈਕਟਰ ਅੱਗੇ ਪਿਸਟਲ ਲੈਣ ਦੀ ਸਹਿਮਤੀ ਦੇ ਦਿੱਤੀ।

ਆਰਡੀਨੈਂਸ ਇੰਸਟੀਚਿਊਸ਼ਨ ਦੇ ਸਟਾਫ਼ ਅਤੇ ਵਿਦਿਆਰਥੀਆਂ ਦਾ ਇੱਕ ਵਿੱਦਿਅਕ ਟੂਰ ਮਹਾਂਰਾਸ਼ਟਰ ਵਿਖੇ ਅਜੰਤਾ-ਇਲੋਰਾ ਗੁਫ਼ਾਵਾਂ, ਮੱਧ ਪ੍ਰਦੇਸ਼ ਵਿਖੇ 20000 ਸਾਲ ਪ੍ਰਾਚੀਨ ਭੀਮ ਬੇਟਕਾ ਗੁਫਾ ਚਿੱਤਰਕਾਰੀ ਅਤੇ ਕਾਮ ਸੂਤਰ ਗ੍ਰੰਥ ਉੱਪਰ ਅਧਾਰਿਤ ਖੁਜਾਰਾਹੋ ਮੰਦਰ ਵਿਖੇ ਮੀਨਾਕਾਰੀ ਦੇਖਣ ਲਈ ਗਿਆ। ਟੂਰ ਦੇ ਦੌਰਾਨ ਵੀ ਸਲੋਚਨਾ ਆਪਣਾ ਪਿਸਟਲ ਆਪਣੇ ਹੱਥ ਬੈਗ ਵਿੱਚ ਹੀ ਰੱਖਦੀ ਸੀ।

ਟੂਰ ਦੌਰਾਨ ਸਲੋਚਨਾ ਅਤੇ ਅਸ਼ੋਕ ਨੇ ਫੈਸਲਾ ਕੀਤਾ ਕਿ ਹੁਣ ਆਪਣੇ ਸ਼ਹਿਰ ਵਾਪਿਸ ਪਹੁੰਚਣ ਸਾਰ ਵਿਆਹ ਦੀ ਤਰੀਕ ਪੱਕੀ ਕੀਤੀ ਜਾਵੇ।

ਸਲੋਚਨਾ ਨੇ ਅਸ਼ੋਕ ਨਾਲ਼ ਆਪਣੇ ਵਿਆਹ ਦੀ ਗੱਲ, ਘਰਦਿਆਂ ਕੋਲ ਚਲਾਉਣ ਵੇਲੇ ਉਸ ਦੀ ਵਿੱਦਿਆ, ਮੌਜੂਦਾ ਥਾਂ ਅਤੇ ਉਸਦੇ ਖਾਨਦਾਨ ਬਾਰੇ ਸਾਰੀ ਜਾਣਕਾਰੀ ਦੇ ਦਿੱਤੀ। ਸਲੋਚਨਾ ਦੇ ਪਿਤਾ ਮੇਘ ਰਾਜ ਨੇ ਕਿਹਾ, "ਬੇਟੀ ਰਿਸ਼ਤਾ ਤਾਂ ਬਿਲਕੁਲ ਠੀਕ ਹੈ, ਸਾਡੇ ਵਾਂਗ ਖਾਨਦਾਨੀ ਗੁਪਤਾ ਪਰਿਵਾਰ ਹੈ, ਪਰ ਇੱਕ ਵਾਰ ਪੰਡਿਤ ਜੀ ਤੋਂ ਸਵੀਕ੍ਰਿਤੀ ਮਿਲ ਜਾਵੇ, ਆਸ ਹੈ ਸਭ ਕੁਝ ਸ਼ੁਭ ਮੰਗਲ ਹੋ ਜਾਵੇਗਾ। ਇਹ ਸੁਣ ਕੇ ਸਲੋਚਨਾ ਨੇ ਤਸੱਲੀ ਪ੍ਰਗਟ ਕੀਤੀ। ਉੱਧਰ ਅਸ਼ੋਕ ਨੂੰ ਵੀ ਉਸਦੇ ਘਰਦਿਆਂ ਕੋਲੋਂ ਇਹੋ ਜਿਹਾ ਹੀ ਜਵਾਬ ਮਿਲਿਆ।

ਅਗਲੇ ਦਿਨ ਸਲੋਚਨਾ ਦਾ ਪਿਤਾ ਮੇਘ ਰਾਜ ਪਰਿਵਾਰਿਕ ਪੰਡਿਤ ਹਰਗੋਪਾਲ ਨੂੰ ਮੁੰਡਾ-ਕੁੜੀ ਦੀਆਂ ਪੱਤਰੀਆਂ ਦਿਖਾਉਂਦਾ ਹੋਇਆ ਕਹਿਣ ਲੱਗਾ, "ਪੰਡਿਤ ਜੀ ਇਸ ਵਿਆਹ ਲਈ ਜਿੰਨੀ ਤੁਹਾਡੀ ਰਜਾਮੰਦੀ ਦੀ ਜ਼ਰੂਰਤ ਹੈ, ਓਨੀ ਹੀ ਤੁਹਾਡੀ ਹਾਜ਼ਰੀ ਦੀ।"

ਪੰਡਿਤ ਬੋਲਿਆ, "ਹਾਜ਼ਰ ਤੋਂ ਮੈਂ ਫਿਰ ਹੂੰਗਾ, ਪਹਿਲੇ ਸ਼ਾਦੀ ਕੇ ਲੀਏ ਗੁਣ ਤੋਂ ਮਿਲ ਜਾਏਂ, ਮੇਰੀ ਸ਼ਾਸ਼ਤਰ ਵਿੱਦਿਆ ਕਹਿਤੀ ਹੈ, ਲੜਕਾ ਔਰ ਲੜਕੀ ਕਾ ਏਕ ਭੀ ਗੁਣ ਨਹੀਂ ਮਿਲਤਾ, ਯੇ ਸ਼ਾਦੀ ਹੋ ਹੀ ਨਹੀਂ ਸਕਤੀ। ਲੜਕੀ ਗੈਰ ਮਾਂਗਲੀਕ ਔਰ ਲੜਕਾ ਮਾਂਗਲੀਕ ਹੈ।"

ਉੱਧਰ ਲੜਕੇ ਦੇ ਮਾਤਾ-ਪਿਤਾ ਆਪਣੇ ਪਰਿਵਾਰਿਕ ਪੰਡਿਤ ਸੁਖਲਾਲ ਕੋਲ ਗਏ । ਉਸਨੇ ਵੀ ਇਹੋ ਜਵਾਬ ਦਿੱਤਾ। ਇਸਤੋਂ ਬਾਅਦ ਦੋਵੇਂ ਧਿਰਾਂ ਦੇ ਮਾਤਾ-ਪਿਤਾ ਸਾਂਝੇ ਤੌਰ ਤੇ ਮੰਨੇ-ਪ੍ਰਮੰਨੇ ਤੀਜੇ ਪੰਡਿਤ ਨੂੰ ਮਿਲੇ। ਤੀਜੇ ਪੰਡਿਤ ਨੇ ਜਵਾਬ ਦਿੱਤਾ, "ਦੋਨੋਂ ਪੱਤਰੀਆਂ ਏਕ ਦੂਸਰੇ ਕੇ ਬਿਲਕੁਲ ਵਿਪਰੀਤ ਦਿਸ਼ਾ ਮੇਂ ਹੈਂ, ਏਕ ਭੀ ਗੁਣ ਨਹੀਂ ਮਿਲ ਰਹਾ, ਯਹ ਸ਼ਾਦੀ ਕਿਸੀ ਭਿਆਨਕ ਜਾਨੀ ਨੁਕਸਾਨ ਕੋ ਜਨਮ ਦੇਗੀ।"

ਤਿੰਨ ਪੰਡਿਤਾਂ ਦੀ ਰਾਇ ਸੁਨਣ ਤੋਂ ਬਾਅਦ ਤਾਂ ਵਿਆਹ ਲਈ ਕਿਸੇ ਵੀ ਧਿਰ ਵਿੱਚ ਹਾਂ ਕਰਨ ਦਾ ਹੌਂਸਲਾ ਨਹੀਂ ਪੈ ਰਿਹਾ ਸੀ। ਹੁਣ ਦੋਵੇਂ ਧਿਰਾਂ ਪੰਡਿਤ ਹਰਗੋਪਾਲ ਨੂੰ ਨਾਲ਼ ਲੈ ਕੇ ਪੰਡਿਤ ਸੁਖਲਾਲ ਨੂੰ ਮਿਲੀਆਂ। ਕੁੱਝ ਠੰਡਾ ਹੋਇਆ ਹਰਗੋਪਾਲ, ਸੁਖਲਾਲ ਨੂੰ ਇੱਕ ਵੱਖਰੇ ਕਮਰੇ ਵਿੱਚ ਲਿਜਾ ਕੇ ਕਹਿਣ ਲੱਗਾ, "ਆਪ ਲੜਕੇ ਕੀ ਪੱਤਰੀ ਮੇਂ ਜਨਮ ਕੇ ਸਮੇਂ ਮੇਂ ਥੋੜੀ ਸੀ ਤਬਦੀਲੀ ਕਰਦੋ ਸਭ ਮੰਗਲ ਹੋ ਜਾਏਗਾ।"

ਸੁਖਲਾਲ ਬੋਲਿਆ, "ਮੈਂ ਕਿਉਂ ਕਰ ਦੂੰ, ਆਪ ਕਰਦੋ। ਅਰੇ ਮੈਂ ਆਪ ਕੋ ਇਸ ਲੀਏ ਕਹਿ ਰਹਾ ਹੂੰ, ਲੜਕੇ ਕਾ ਮਾਂਗਲੀਕ ਦੋਸ਼ ਖ਼ਤਮ ਹੋ ਜਾਏਗਾ, ਲੜਕੀ ਮੇਂ ਤੋਂ ਮਾਂਗਲੀਕ ਦੋਸ਼ ਛਿਨ ਭਰ ਭੀ ਨਹੀਂ ਹੈ।" ਸੁਖਲਾਲ ਕਹਿਣ ਲੱਗਾ, "ਮੈਂ ਤੋਂ ਕੋਈ ਤਬਦੀਲੀ ਕਰ ਨਹੀਂ ਸਕਤਾ, ਮੈਂ ਪਾਪ ਕਾ ਭਾਗੀਦਾਰ ਕਿਉਂ ਬਣੂੰ, ਯਦੀ ਆਪ ਕਰ ਸਕਤੇ ਹੋ ਤੋ ਕਰ ਦੋ।"

ਇਹ ਸੁਣ ਕੇ ਹਰਗੋਪਾਲ ਚੁੱਪ ਕਰ ਗਿਆ। ਦੋਵਾਂ ਨੇ ਮੁੰਡੇ -ਕੁੜੀ ਦੇ ਮਾਤਾ-ਪਿਤਾ ਨੂੰ ਸਾਂਝੇ ਤੌਰ ਤੇ ਕਹਿ ਦਿੱਤਾ, "ਹਮ ਤੋਂ ਇਸ ਸ਼ਾਦੀ ਕੀ ਇਜਾਜਤ ਨਹੀਂ ਦੇ ਸਕਤੇ, ਕੋਈ ਔਰ ਪੰਡਿਤ ਦੇਤਾ ਹੈ ਤੋਂ ਆਪ ਉਸਸੇ ਲੈ ਸਕਤੇ ਹੋ।"

ਮੇਘ ਰਾਜ ਆਪਣੀ ਪੁੱਤਰੀ ਸਲੋਚਨਾ ਨੂੰ ਕਹਿਣ ਲੱਗਾ, "ਅਸੀਂ ਤਾਂ ਇਸ ਸ਼ਾਦੀ ਤੋਂ ਬਹੁਤ ਖੁਸ਼ ਸੀ, ਪਰ ਭਗਵਾਨ ਦੇ ਬਣਾਏ ਹੋਏ ਨਿਯਮ ਇਸ ਸ਼ਾਦੀ ਦੀ ਆਗਿਆ ਨਹੀਂ ਦੇ ਰਹੇ ਹਨ।"

ਸਲੋਚਨਾ ਬੋਲੀ, "ਪਿਤਾ ਜੀ ਭਗਵਾਨ ਨੂੰ ਵਿੱਚ ਕਿਉਂ ਲੈ ਕੇ ਆਉਂਦੇ ਹੋ, ਸਿੱਧੀ ਗੱਲ ਕਹੋ,

ਪੰਡਿਤ ਦੇ ਬਣਾਏ ਨਿਯਮ ਸ਼ਾਦੀ ਦੀ ਆਗਿਆ ਨਹੀਂ ਦੇ ਰਹੇ। ਇਹ ਪੱਤਰੀਆਂ ਵਿਗਿਆਨਿਕ ਤੌਰ ਤੇ ਪ੍ਰਮਾਣਿਤ ਨਹੀਂ ਹਨ।

ਤੁਰੰਤ ਦੋਵੇਂ ਧਿਰਾਂ ਦੇ ਮਾਤਾ-ਪਿਤਾ ਅਸ਼ੋਕ ਅਤੇ ਸਲੋਚਨਾ ਨੂੰ ਨਾਲ਼ ਲੈ ਕੇ ਡਾ. ਰਘੂਨਾਥ ਨੂੰ ਮਿਲਦੇ ਹਨ। ਡਾ. ਰਘੂਨਾਥ ਆਯੂਰਵੈਦਿਕ ਕਾਲਜ ਵਿੱਚ ਪ੍ਰੋਫ਼ੈਸਰ ਹਨ।

ਮੇਘ ਰਾਜ ਕਹਿਣ ਲੱਗਾ, "ਡਾ. ਸਾਹਿਬ ਅਸੀਂ ਤੁਹਾਡੇ ਤੋਂ ਇੱਕ ਜ਼ਰੂਰੀ ਮਸ਼ਵਰਾ ਲੈਣਾ ਚਾਹੁੰਦੇ ਹਾਂ।"

ਡਾਕਟਰ ਬੋਲਿਆ, "ਪਹਿਲਾਂ ਚਾਹ ਪੀਂਦੇ ਹਾਂ, ਫੇਰ ਗੱਲ ਕਰਾਂਗੇ, ਹਾਂ ਸਾਇੰਟਿਸਟ ਬੇਟੀ, ਆਪ ਦੁਆਰਾ ਵੈਪਨ ਇੰਜੀਨੀਅਰਿੰਗ 'ਚ ਹਾਸਿਲ ਕੀਤੀ ਉਪਲੱਬਧੀ ਬਾਰੇ ਪੜ੍ਹਕੇ ਬਹੁਤ ਖੁਸ਼ੀ ਹੋਈ, ਇਸਦੇ ਲਈ ਆਪ ਵਧਾਈ ਦੀ ਹੱਕਦਾਰ ਹੋ।"

ਸਲਚੋਨਾ ਬੋਲੀ, "ਧੰਨਵਾਦ ਡਾ. ਸਾਹਿਬ।"

"ਹਾਂ ਮੇਘ ਰਾਜ ਜੀ ਹੁਣ ਦੱਸੋ, ਮੇਰੇ ਨਾਲ਼ ਕਿਹੜਾ ਮਸ਼ਵਰਾ ਸਾਂਝਾ ਕਰਨਾ ਹੈ।" ਡਾ. ਪੁੱਛਣ ਲੱਗਾ।

"ਡਾ. ਸਾਹਿਬ ਸਲੋਚਨਾ ਅਤੇ ਅਸ਼ੋਕ ਦੀ ਸ਼ਾਦੀ ਤਹਿ ਕਰਨੀ ਹੈ, ਦੋਨੋਂ ਇੱਕ ਹੀ ਥਾਂ ਤੇ ਕੰਮ ਕਰਦੇ ਹਨ। ਸਲੋਚਨਾ ਪੂਰੀ ਤਰਾਂ ਗੈਰ ਮਾਂਗਲੀਕ ਅਤੇ ਅਸ਼ੋਕ ਪੂਰੀ ਤਰਾਂ ਮਾਂਗਲੀਕ ਹੈ। ਪੰਡਿਤ ਮੁਤਾਬਿਕ ਦੋਵਾਂ ਦਾ ਇੱਕ ਵੀ ਗੁਣ ਨਹੀਂ ਮਿਲਦਾ, ਮੈਂ ਆਪ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ, ਕੀ ਵਿਗਿਆਨਿਕ ਤੌਰ ਤੇ ਕੋਈ ਮਾਂਗਲੀਕ ਅਤੇ ਗੈਰ ਮਾਂਗਲੀਕ ਹੁੰਦਾ ਹੈ?"

ਡਾ. ਰਘੂਨਾਥ ਬੋਲੇ, "ਕਿਸੇ ਪੱਤਰੀ ਜਾਂ ਕੁੰਡਲੀ ਲਈ ਵਿਗਿਆਨ ਵਿੱਚ ਕੋਈ ਥਾਂ ਨਹੀਂ ਹੈ। ਮੈਂ ਵੇਦ ਵੀ ਪੜ੍ਹੇ ਹਨ, ਜਨਮ ਕੁੰਡਲੀ ਦੀ ਪ੍ਰਮਾਣਿਕਤਾ ਬਾਰੇ ਵੇਦ ਵਿੱਚ ਕਿਤੇ ਕੋਈ ਜ਼ਿਕਰ ਨਹੀਂ ਹੈ। ਆਯੁਰਵੇਦ ਵਿੱਚ ਯੋਗ ਦਾ ਮਹੱਤਵ ਹੈ ਅਤੇ ਜੜੀਆਂ ਬੂਟੀਆਂ ਤੋਂ ਤਿਆਰ ਕੀਤੀ ਔਸ਼ਧੀ ਦਾ ਮਹੱਤਵ ਹੈ। ਆਯੁਰਵੇਦ ਵਿੱਚ ਬੱਚੇ ਉੱਪਰ ਕਿਸੇ ਗ੍ਰਹਿ ਦੇ ਪ੍ਰਭਾਵ ਦਾ ਕੋਈ ਵਰਨਣ ਨਹੀਂ ਮਿਲਦਾ ਹੈ। ਪੰਡਿਤ ਬੱਚੇ ਦੇ ਜਨਮ ਦੇ ਸਮੇਂ ਨੂੰ ਅਧਾਰ ਬਣਾ ਕੇ ਕੁੰਡਲੀ ਬਣਾਉਂਦਾ ਹੈ, ਪਰ ਬੱਚਾ ਤਾਂ ਉਸਤੋਂ ਪਹਿਲਾਂ ਵੀ ਜੀਵਤ ਹੁੰਦਾ ਹੈ, ਆਪ੍ਰੇਸ਼ਨ ਰਾਹੀਂ ਬੱਚੇ ਦਾ ਜਨਮ ਕੁਝ ਦਿਨ ਪਹਿਲਾਂ ਵੀ ਕਰਵਾ ਸਕਦੇ ਹਾਂ, ਬੱਚਾ ਮਾਂ ਦੇ ਪੇਟ ਵਿੱਚ ਜੀਵਤ ਰਹਿਣ ਦੀਆਂ ਸਾਰੀਆਂ ਗਤੀਵਿਧੀਆਂ ਕਰਦਾ ਹੈ। ਆਪ ਨਿਸ਼ਚਿੰਤ ਹੋ ਕੇ ਸ਼ਾਦੀ ਤੈਅ ਕਰੋ, ਵੈਦਿਕ ਸੰਸਕ੍ਰਿਤੀ ਮੁਤਾਬਿਕ ਸਾਰੀ ਪ੍ਰਕ੍ਰਿਤੀ ਹੀ ਇਸ ਜੋੜੀ ਨੂੰ ਅਸ਼ੀਰਵਾਦ ਦੇਵੇਗੀ।"

ਡਾ. ਰਘੂਨਾਥ ਦਾ ਵਿਗਿਆਨਕ ਮਸ਼ਵਰਾ ਲੈ ਕੇ ਦੋਵੇਂ ਧਿਰਾਂ ਦੇ ਮਾਤਾ-ਪਿਤਾ ਇੱਕ ਵਾਰ ਫਿਰ ਪੰਡਿਤ ਹਰਗੋਪਾਲ ਕੋਲ ਚਲੇ ਗਏ। ਪੰਡਿਤ ਬੋਲਿਆ, "ਡਾਕਟਰ ਨੇ ਜੋਤਿਸ਼ ਵਿੱਦਿਆ ਨਹੀਂ ਪੜ੍ਹੀ ਹੈ, ਜੋਤਿਸ਼ ਵਿੱਦਿਆ ਭੀ ਏਕ ਵਿਗਿਆਨ ਹੈ, ਆਯੁਰਵੇਦ ਏਕ ਅਲੱਗ ਉਪਵੇਦ ਹੈ, ਇਸੀ ਤਰ੍ਹਾਂ ਜੋਤਿਸ਼ ਵਿੱਦਿਆ ਕਾ ਭੀ ਆਪਣਾ ਏਕ ਸ਼ਾਸਤਰ ਹੈ। ਮੈਂ ਤੋ ਏਕ ਮਾਧਿਅਮ ਹੂੰ, ਆਪ ਕੇ ਬੱਚੋਂ ਕੇ ਭਵਿਸ਼ਿਯ ਕੇ ਬਾਰੇ ਮੇਂ ਅਸਲੀ ਨਿਰਣਿਯ ਤੋਂ ਜੋਤਿਸ਼ ਵਿੱਦਿਆ ਕਾ ਹੈ। ਯਦੀ ਸ਼ਾਦੀ ਹੋਤੀ ਹਮੇਂ ਤੋਂ ਬਹੁਤ ਜਿਆਦਾ ਆਰਥਿਕ ਲਾਭ ਹੋਣਾ ਥਾਂ, ਜੋ ਸ਼ਾਸ਼ਤਰ ਬੋਲਤਾ ਹੈ, ਹਮੇ ਤੋ ਉਸੀ ਰੇਖਾ ਪਰ ਚੱਲਣਾ ਪੜਤਾ ਹੈ। ਜੋ ਭੀ ਹੋ ਰਹਾ ਹੈ, ਆਪ ਕੇ ਬੱਚੋਂ ਕੇ ਅੱਛੇ ਭਵਿਸ਼ਯ ਕੇ ਲੀਏ ਹੀ ਹੋ ਰਹਾ ਹੈ।"

ਦੋਵਾਂ ਧਿਰਾਂ ਦੇ ਮਾਤਾ ਪਿਤਾ ਆਪੋ ਆਪਣੇ ਘਰ ਚਲੇ ਗਏ। ਸਲੋਚਨਾ ਨੇ ਸਮਝ ਲਿਆ। ਸਾਡੇ ਦੋਵਾਂ ਦੇ ਮਾਤਾ ਪਿਤਾ ਪੰਡਤਾਂ ਦੇ ਬਣਾਏ ਝੂਠੇ ਮੱਕੜਜਾਲ ਤੋਂ ਬਾਹਰ ਨਹੀਂ ਆ ਸਕਦੇ। ਉਸਨੇ ਅਸ਼ੋਕ ਨੂੰ ਇੱਕ ਜ਼ਰੂਰੀ ਸੁਨੇਹਾ ਦਿੱਤਾ, "ਅੱਜ ਰਾਤ ਨੂੰ ਸਹੀ 8 ਵਜੇ ਹੋਟਲ ਮੈਰੀਲੈਂਡ ਵਿਖੇ ਮਿਲਣਾ ਹੈ।"

ਰਾਤ ਨੂੰ ਸਹੀ 8 ਵਜੇ ਦੋਵੇਂ ਜਣੇ ਹੋਟਲ ਮੈਰੀਲੈਂਡ ਵਿਖੇ ਪਹੁੰਚ ਗਏ। ਸਲੋਚਨਾ ਨੇ ਪਹਿਲਾਂ ਹੀ 7

ਨੰਬਰ ਕਮਰਾ ਬੁੱਕ ਕੀਤਾ ਹੋਇਆ ਸੀ। ਕਮਰੇ ਵਿੱਚ ਪਹੁੰਚਣ ਸਾਰ ਸਲੋਚਨਾ ਨੇ ਅੰਦਰੋਂ ਕੁੰਡੀ ਲਗਾ ਦਿੱਤੀ। ਇੱਕ ਮੋਮਬੱਤੀ ਜਗਾ ਕੇ ਮੇਜ ਤੇ ਗੱਡ ਦਿੱਤੀ। ਮੋਬਾਇਲ ਵਿੱਚ ਫੇਰਿਆਂ ਦੇ ਮੰਤਰ ਚੱਲ ਪਏ, ਉਸਨੇ ਅਸ਼ੋਕ ਦਾ ਹੱਥ ਫੜ ਕੇ ਮੋਮਬੱਤੀ ਦੀ ਅਗਨੀ ਦੁਆਲੇ ਸੱਤ ਚੱਕਰ ਕੱਟ ਦਿੱਤੇ। ਅਸ਼ੋਕ ਨੇ ਸਲੋਚਨਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਲੋਚਨਾ ਨੇ ਅਸ਼ੋਕ ਦਾ। ਮੋਬਾਇਲ ਉੱਪਰ ਵੀਡਿਓ ਬਣ ਰਹੀ ਸੀ। ਹੁਣ ਸਲੋਚਨਾ ਤੇ ਅਸ਼ੋਕ ਵਿਆਹੁਤਾ ਜੀਵਨ ਦੀ ਪਹਿਲੀ ਰਾਤ ਦਾ ਜਸ਼ਨ ਮਨਾਉਣ ਲੱਗੇ, ਦੋਵੇਂ ਜਣੇ ਪਿਆਰ ਦੇ ਸਾਗਰ ਤਲ ਤੱਕ ਪਹੁੰਚ ਚੁੱਕੇ ਸਨ। ਕੈਮਰਾ ਸਭ ਕੁਝ ਕੈਦ ਕਰ ਰਿਹਾ ਸੀ। ਬਣੀ ਹੋਈ ਵੀਡੀਓ ਨੂੰ ਅਸ਼ੋਕ ਨੇ ਵੀ ਸਾਂਝਾ ਕਰ ਲਿਆ।

ਰਾਤ ਨੂੰ 10 ਵਜੇ ਘਰ ਪਹੁੰਚਣ ਸਾਰ ਸਲੋਚਨਾ ਕਮਰਾ ਨੰਬਰ 7 ਵਿੱਚ ਬਣੀ ਵੀਡੀਓ ਆਪਣੀ ਮਾਂ ਨੂੰ ਦਿਖਾਉਂਦਿਆਂ ਬੋਲੀ, "ਬੋਲ ਮਾਤਾ ਜੀ, ਮੈਂ ਇਸ ਵੀਡਿਓ ਨੂੰ ਸਰਵਜਨਿਕ ਕਰ ਦੇਵਾਂ।"

"ਨਹੀਂ ਬੇਟਾ ਨਹੀਂ, ਮੈਂ ਤੇਰੇ ਪਿਤਾ ਜੀ ਨਾਲ਼ ਮਿਲ ਕੇ ਹੁਣੇ ਸ਼ਾਦੀ ਤੈਅ ਕਰਵਾਉਂਦੀ ਹਾਂ, ਸੁਣਦੇ ਹੋ ਜੀ, ਆਹ ਲਓ ਦੇਖ ਲੋ ਬੱਚਿਆਂ ਨੇ ਸ਼ਾਦੀ ਤਾਂ ਕਰ ਲਈ ਹੈ, ਆ ਲਓ ਸੁਹਾਗਰਾਤ ਦੀ ਵੀਡਿਓ ਵੀ ਦੇਖ ਲਓ।"

"ਬੇਟਾ ਅੱਜ ਇੱਕ ਦਸੰਬਰ ਹੈ, ਦਸੰਬਰ ਵਿੱਚ ਹੀ ਤੇਰੀ ਸ਼ਾਦੀ ਦੀ ਤਾਰੀਖ ਅਸ਼ੋਕ ਦੇ ਪਿਤਾ ਨਾਲ਼ ਮਿਲ ਕੇ ਹੁਣੇ ਹੀ ਤੈਅ ਕਰਦਾ ਹਾਂ, ਹੁਣ ਅਸੀਂ ਕਿਸੇ ਪੰਡਿਤ ਤੋਂ ਕੋਈ ਰਾਇ ਨਹੀਂ ਲੈਣੀ, ਮੈਂ ਇਸ ਧਰਤੀ ਮਾਤਾ ਨੂੰ ਸਾਕਸ਼ੀ ਮੰਨ ਕੇ ਬਚਨ ਦਿੰਦਾ ਹਾਂ ਤੇਰੀ ਸ਼ਾਦੀ ਬਹੁਤ ਹੀ ਧੂਮ ਧਾਮ ਨਾਲ਼ ਹੋਵੇਗੀ, ਬੱਸ ਮੇਰੀ ਇੰਨੀ ਕੁ ਬੇਨਤੀ ਸਵੀਕਾਰ ਕਰ ਲੈ, ਇਹ ਵੀਡਿਓ ਡੀਲੀਟ ਕਰਦੇ।" ਮੇਘਰਾਜ ਨੇ ਤੁਰੰਤ ਅਸ਼ੋਕ ਦੇ ਪਿਤਾ ਨਾਲ਼ ਫੋਨ ਮਿਲਾਇਆ, ਸ਼ਾਦੀ ਦਾ ਦਿਨ 21 ਦਸੰਬਰ ਅਤੇ ਵਿਕਰਮਾ ਪੈਲੇਸ ਤੈਅ ਕਰ ਦਿੱਤਾ।

ਬਹੁਤ ਹੀ ਧੂਮ-ਧਾਮ ਨਾਲ਼ ਸ਼ਾਦੀ ਦੀ ਤਿਆਰੀ ਹੋਣ ਲੱਗ ਪਈ। ਉੱਧਰ ਅਸ਼ੋਕ ਦੇ ਪਿਤਾ ਨੇ ਆਪਣੇ ਪੁਸ਼ਤੈਨੀ ਪੰਡਿਤ ਸੁਖਲਾਲ ਨੂੰ ਫੇਰੇ ਕਰਵਾਉਣ ਲਈ ਰਜਾਮੰਦ ਕਰ ਲਿਆ। ਸਲੋਚਨਾ ਦੇ ਪਿਤਾ ਮੇਘਰਾਜ ਨੇ ਪੁਸ਼ਤੈਨੀ ਪੰਡਿਤ ਹਰਗੋਪਾਲ ਨੂੰ ਵੀ ਵਿਆਹ ਦਾ ਸੱਦਾ ਪੱਤਰ ਭੇਜ ਦਿੱਤਾ ਤਾਂ ਕਿ ਉਨ੍ਹਾਂ ਦੇ ਚਰਨ ਪੈਣ ਨਾਲ਼ ਜੋ ਕੁੰਡਲੀਆਂ ਦੇ ਮਿਲਾਨ ਵਿੱਚ ਕਮੀ ਸੀ, ਉਸਨੂੰ ਭਰਿਆ ਜਾ ਸਕੇ।

ਮਹਿਮਾਨ ਆ ਰਹੇ ਸਨ, ਸਲੋਚਨਾ ਅਤੇ ਅਸ਼ੋਕ ਇਕੱਠਿਆਂ ਹੀ ਵਿਆਹ ਮੰਡਪ ਵਿੱਚ ਸ਼ਾਮਲ ਹੋਏ ਵਿਆਹ ਸਮਾਗਮ ਵਿੱਚ ਆਰਡੀਨੈਂਸ ਇੰਸਟੀਚਿਊਸ਼ਨ ਦੇ ਸਟਾਫ਼ ਮੈਂਬਰ ਅਤੇ ਉਨ੍ਹਾਂ ਦੇ ਮਿੱਤਰ ਦੋਸਤ ਪਹੁੰਚ ਚੁੱਕੇ ਸਨ। ਸੰਜੋਗਤਾ ਬੋਲੀ, "ਹੁਣ ਹੋ ਰਹੀ ਹੈ ਪੱਕੀ ਸ਼ਾਦੀ, ਕੱਚੀ ਤਾਂ ਪਹਿਲਾਂ ਕਈ ਵਾਰ ਹੋ ਚੁੱਕੀ।"

ਬਿਕਰਮ ਬੋਲਿਆ, "ਲੱਗਦੈ ਸਲੋਚਨਾ ਅਤੇ ਅਸ਼ੋਕ ਦਾ ਮਿਲਣ ਤਾਂ ਦੇਵਤਿਆਂ ਨੇ ਕਰਵਾਇਆ ਹੈ, ਤਾਂ ਫਿਰ ਇਹ ਸ਼ਾਦੀ ਤਾਂ ਸਦਾ ਹੀ ਪੱਕੀ ਹੈ।"

ਕਵੀ ਦਰਸ਼ਨ ਸਿੰਘ ਦਰਸ਼ਕ ਕਹਿ ਰਹੇ ਸਨ, "ਲੱਗਦੇ ਇੰਦਰ ਦੇਵਤਾ ਦੇ ਰਾਜ ਭਵਨ ਵਿੱਚ ਕੋਈ ਸ਼ਾਦੀ ਹੋ ਰਹੀ ਹੈ।"

ਮੰਚ ਉੱਪਰ ਪੁਰਾਣੇ ਹਿੰਦੀ ਗੀਤਾਂ ਉੱਪਰ ਨਾਚ ਚੱਲ ਰਿਹਾ ਸੀ। ਮੰਚ ਵਾਲਿਆਂ ਨੂੰ ਖਾਸ ਹਦਾਇਤ ਦਿੱਤੀ ਨਜ਼ਰ ਆਉਂਦੀ ਸੀ, ਕਿ 1960 ਦੇ ਦਹਾਕੇ ਦੇ ਗੀਤ ਪੇਸ਼ ਕਰਨੇ ਹਨ। ਇਸ ਲਈ ਮੰਚ ਉੱਪਰ ਰਾਜੇਸ਼ ਖੰਨਾ, ਮੁਮਤਾਜ, ਮਨੋਜ ਕੁਮਾਰ, ਦੇਵਾਨੰਦ, ਮਾਲਾ ਸਿਨ੍ਹਾ, ਵਿਸ਼ਵਾਜੀਤ ਅਤੇ ਧਰਮਿੰਦਰ ਹੋਰਾਂ ਤੇ ਫਿਲਮਾਏ ਗੀਤ ਹੀ ਛਾਏ ਹੋਏ ਸਨ। ਵਿੱਚ-ਵਿੱਚ ਦੀ ਸੁਰਿੰਦਰ ਕੌਰ ਦਾ ਗੀਤ ਵੀ ਆ ਜਾਂਦਾ।

ਮਹਿਮਾਨਾਂ ਦਾ ਸਵਾਗਤ ਕਰਨ ਉਪਰੰਤ ਮੁੰਡਾ-ਕੁੜੀ ਨੂੰ ਵੇਦ ਮੰਡਪ ਵਿੱਚ ਲਜਾਇਆ ਗਿਆ।

ਪੰਡਿਤ ਸੁਖਲਾਲ ਮੰਤਰ ਪੜ੍ਹਨ ਲੱਗੇ। ਸਲੋਚਨਾ ਅਤੇ ਅਸ਼ੋਕ ਲੱਕੜ ਦੀ ਬਣੀ ਹੋਈ ਕੜਛੀ ਨਾਲ਼ ਅਗਨੀ ਉੱਪਰ ਹਵਨ ਸਮਗਰੀ ਪਾ ਰਹੇ ਸਨ। ਸਗੇ ਸੰਬੰਧੀ ਅਤੇ ਮਹਿਮਾਨ ਹਵਨ ਯੱਗ ਦੇ ਇਰਦ-ਗਿਰਦ ਬੈਠੇ ਸਨ।

ਵਿਆਹ ਮੰਡਪ ਵਿੱਚ ਘੁੰਮਦਾ ਹੋਇਆ ਪੰਡਿਤ ਹਰਗੋਪਾਲ ਵੀ ਵੇਦ ਮੰਡਪ ਕੋਲ ਪਹੁੰਚ ਗਿਆ। ਜਦੋਂ ਉਸਨੇ ਦੇਖਿਆ ਸੁਖਲਾਲ ਫੇਰਿਆਂ ਦੀ ਰਸਮ ਅਦਾ ਕਰ ਰਿਹਾ ਹੈ, ਤਾਂ ਉਸਦੇ ਤਨ ਬਦਨ ਨੂੰ ਅੱਗ ਲੱਗ ਗਈ। ਕਿਉਂਕਿ ਇਹ ਸੁਖਲਾਲ ਹੀ ਸੀ, ਜਿਸਨੇ ਹਰਗੋਪਾਲ ਨੂੰ ਦੋਵੇਂ ਕੁੰਡਲੀਆਂ ਦੀਆਂ ਬਰੀਕੀਆਂ ਬਾਰੇ ਜਾਣਕਾਰੀ ਦੇ ਕੇ ਉਸਨੂੰ ਦੋਵਾਂ ਦੇ ਗੁਣ ਨਾ ਮਿਲਣ ਤੇ ਸਥਿਰ ਕਰ ਦਿੱਤਾ ਸੀ।

ਹਰਗੋਪਾਲ ਬੋਲਿਆ, "ਓ ਸੁਖਲਾਲ ਤੂੰ ਯੇ ਸ਼ਾਦੀ ਕੌਣ ਸੇ ਸਾਸ਼ਤਰ ਕੇ ਅਨੁਸਾਰ ਕਰਵਾ ਰਹਾ ਹੈ? ਜਬ ਯੇ ਕੁੰਡਲੀਆਂ ਪਹਿਲੇ ਨਹੀਂ ਮਿਲਤੀ ਥੀ, ਅਬ ਕੈਸੇ ਮਿਲ ਗਈਂ। ਓ ਲਾਲਚੀ ਬ੍ਰਾਹਮਣ ! ਸ਼ਾਸ਼ਤਰੋਂ ਕੇ ਸਾਥ ਧੋਖਾ ਨਾ ਕਰ, ਜਬ ਮੈਂ ਕਹ ਰਹਾ ਥਾ ਕੁੰਡਲੀ ਮੇਂ ਦਰਜ ਸਮਯ ਮੇਂ ਥੋੜੀ ਸੀ ਤਬਦੀਲੀ ਕਰਦੇ, ਤੋਂ ਤੂੰ ਮਾਨਾ ਨਹੀਂ, ਅਬ ਤੇਰੇ ਕੋ ਕੌਣ ਸੀ ਖਾਣ ਮਿਲ ਗਈ ਜੋ ਤੂੰ ਮਾਨ ਗਿਆ।"

ਸਲੋਚਨਾ ਦਾ ਪਿਤਾ ਉਸਦੇ ਪੈਰੀਂ ਪੈ ਗਿਆ। ਕਹਿਣ ਲੱਗਾ, "ਮਹਾਰਾਜ ਕਾਰਜ ਵਿੱਚ ਵਿਘਨ ਨਾ ਪਾਓ।" ਪੰਡਿਤ ਹਰਗੋਪਾਲ ਬੋਲਿਆ, "ਅਬ ਮੇਰਾ ਮਾਮਲਾ ਸੁਖਲਾਲ ਸੇ ਹੈ, ਆਪ ਸੇ ਨਹੀਂ, ਸੁਖਲਾਲ ਤੂੰ ਸ਼ਾਦੀ ਕਰਵਾਣੇ ਸੇ ਮੁਝੇ ਰੋਕਾ ਥਾ, ਅਬ ਮੈਂ ਤੁਝੇ ਰੋਕਤਾ ਹੂੰ।"

ਸਲੋਚਨਾ ਬਹੁਤ ਮੁਸ਼ਕਿਲ ਨਾਲ਼ ਆਪਣੇ ਗੁੱਸੇ ਨੂੰ ਸ਼ਾਂਤ ਕਰ ਰਹੀ ਸੀ, ਮਹਿਮਾਨ ਸਭ ਕੁਝ ਹੈਰਾਨੀ ਨਾਲ਼ ਦੇਖ ਰਹੇ ਸਨ। ਹੁਣ ਤਾਂ ਹਰਗੋਪਾਲ ਨੇ ਹੱਦ ਹੀ ਕਰ ਦਿੱਤੀ, ਸੁਖਲਾਲ ਨੂੰ ਕਾਲਰਾਂ ਤੋਂ ਫੜ੍ਹ ਕੇ ਉੱਪਰ ਚੁੱਕ ਕੇ ਪਿੱਛੇ ਵੱਲ ਸੁੱਟ ਦਿੱਤਾ। ਸਲੋਚਨਾ ਦਾ ਗੁੱਸਾ ਆਪੇ ਤੋਂ ਬਾਹਰ ਹੋ ਗਿਆ, ਆਪਣੇ ਪਰਸ ਵਿੱਚੋਂ ਪਿਸਟਲ ਕੱਢਿਆ ਸਿੱਧਾ ਹਰਗੋਪਾਲ ਦੀ ਪੁੜਪੜੀ 'ਚ ਸ਼ਾਟ ਮਾਰਿਆ। ਹਰਗੋਪਾਲ ਉੱਥੇ ਹੀ ਢੇਰ ਹੋ ਗਿਆ । ਵਿਆਹ ਸਮਾਗਮ ਵਿੱਚ ਹਫੜਾ ਦਫੜੀ ਫੈਲ ਗਈ।

ਮਹਿਮਾਨਾਂ ਵਿੱਚ ਮਾਂਗਲੀਕ-ਗੈਰ ਮਾਂਗਲੀਕ ਬਾਰੇ ਘੁਸਰ-ਮੁਸਰ ਚੱਲ ਪਈ। ਇੱਕ ਕਹਿ ਰਿਹਾ ਸੀ, "ਮਾਂਗਲੀਕ, ਗੈਰ ਮਾਂਗਲੀਕ ਕਾਰਨ ਹੀ ਇਹ ਵਿਆਹ ਵਿਚਕਾਰ ਹੀ ਰਹਿ ਗਿਆ।" ਦੂਜਾ ਬੋਲਿਆ, "ਜਦੋਂ ਗੁਣ ਨਹੀਂ ਮਿਲਦੇ ਸਨ ਤਾਂ ਵਿਆਹ ਰਚਵਾਉਣਾ ਹੀ ਗ਼ਲਤ ਸੀ।"

ਪੈਲਸ ਵਿੱਚ ਪੁਲਿਸ ਆ ਚੁੱਕੀ ਸੀ, ਅਸ਼ੋਕ ਕਹਿਣ ਲੱਗਾ, "ਇਹ ਗੋਲੀ ਮੈਂ ਚਲਾਈ ਹੈ, ਮੈਨੂੰ ਲੈ ਚੱਲੋ।" ਪੁਲਿਸ ਇੰਸਪੈਕਟਰ ਫੋਰਨ ਬੋਲਿਆ, "ਮੁੱਢਲੀ ਜਾਂਚ ਵਿੱਚ ਇਹ ਗੋਲੀ ਲੜਕੀ ਵੱਲੋਂ ਚਲਾਏ ਜਾਣ ਦਾ ਪਤਾ ਲੱਗਦਾ ਹੈ। ਪਿਸਟਲ ਵੀ ਲੜਕੀ ਦੇ ਨਾਮ ਹੈ। ਲਓ ਹੁਣੇ ਹੀ ਵੀਡੀਓ ਤੋਂ ਸਾਹਮਣੇ ਆ ਜਾਵੇਗਾ।" ਪੁਲਿਸ ਸਲੋਚਨਾ ਨੂੰ ਗ੍ਰਿਫਤਾਰ ਕਰਕੇ ਲੈ ਗਈ।

ਸਲੋਚਨਾ ਦੇ ਪਿਤਾ ਮੇਘਰਾਜ ਨੇ ਥਾਣੇ ਵਿੱਚ ਜਾ ਕੇ, ਸਲੋਚਨਾ ਦੀਆਂ ਉੱਪਲੱਭਧੀਆਂ , ਸਲੋਚਨਾ ਅਤੇ ਅਸ਼ੋਕ ਦੇ ਪਿਆਰ ਦੀ ਸਾਰੀ ਕਹਾਣੀ ਅਤੇ ਫੇਰ ਦੋਵਾਂ ਦੀਆਂ ਕੁੰਡਲੀਆਂ ਦੀ ਕਹਾਣੀ ਥਾਣੇਦਾਰ ਨੂੰ ਦੱਸ ਦਿੱਤੀ। ਸਰਕਾਰ ਵੱਲੋਂ ਸਲੋਚਨਾ ਨੂੰ ਪਿਸਟਲ ਦਿੱਤੇ ਜਾਣ ਦੀ ਗੱਲ ਵੀ ਦੱਸੀ।

ਥਾਣੇਦਾਰ ਨੇ ਕੇਸ ਬੰਨ੍ਹ ਕੇ ਜੱਜ ਦੀ ਕਚਿਹਰੀ 'ਚ ਪੇਸ਼ ਕਰ ਦਿੱਤਾ। ਇੱਕ ਸਾਲ ਕੇਸ ਚੱਲਦਾ ਰਿਹਾ। ਬਹਿਸਾਂ ਹੁੰਦੀਆਂ ਰਹੀਆਂ। ਗਵਾਹ ਭੁਗਤਦੇ ਰਹੇ। ਆਖਿਰ ਨੂੰ ਫੈਸਲੇ ਦੀ ਘੜੀ ਆ ਗਈ। ਜੱਜ ਨੇ ਕਈ ਵਾਰ ਫੈਸਲਾ ਲਿਖ ਕੇ ਫਾੜ ਦਿੱਤਾ। ਫੈਸਲਾ ਸੁਣਾਉਣ ਵਾਲੇ ਦਿਨ ਜੱਜ ਅਗਲੀ ਤਾਰੀਖ ਦੇ ਦਿੰਦਾ।

ਇੱਕ ਦਿਨ ਫੈਸਲਾ ਸੁਣਾਉਣ ਤੋਂ ਪਹਿਲਾਂ ਜੱਜ, ਸਲੋਚਨਾ ਅਤੇ ਪੰਡਿਤ ਹਰਗੋਪਾਲ ਦੀ ਵਿਧਵਾ ਪ੍ਰਸਿੰਨੀ ਦੇਵੀ ਨੂੰ ਆਪਣੇ ਅਰਾਮ ਕਰਨ ਵਾਲੇ ਕਮਰੇ ਵਿੱਚ ਲੈ ਗਿਆ। ਦੋਵਾਂ ਨੂੰ ਵੱਖ ਵੱਖ ਕੁਰਸੀਆਂ ਤੇ

ਬੈਠਣ ਲਈ ਕਿਹਾ। ਜੱਜ ਸਾਹਿਬ ਸਲੋਚਨਾ ਨੂੰ ਸੰਬੋਧਿਤ ਹੋ ਕੇ ਬੋਲੇ, "ਦੇਖ ਬੇਟਾ, ਮੈਂ ਸਾਰੇ ਕੇਸ ਦੀ ਬਹੁਤ ਹੀ ਬਰੀਕੀ ਨਾਲ਼ ਛਾਣਬੀਣ ਕੀਤੀ ਹੈ। ਮੈਂ ਇੱਕ ਅਜਿਹੀ ਦੁਬਿਧਾ ਵਿੱਚ ਫਸ ਗਿਆ ਹਾਂ, ਜਿਸ ਕਾਰਨ ਸੰਤੋਸ਼ਜਨਕ ਫੈਸਲਾ ਨਹੀਂ ਕਰ ਪਾ ਰਿਹਾ ਹਾਂ। ਆਪ ਹੀ ਮੇਰੀ ਇਸ ਦੁਬਿਧਾ ਨੂੰ ਦੂਰ ਕਰ ਸਕਦੀ ਹੋ। ਇਹ ਲਓ ਪੈੱਨ ਅਤੇ ਪੇਪਰ, ਇੱਕ ਘੰਟੇ ਲਈ ਮੈਂ ਆਪ ਨੂੰ ਜੱਜ ਦੀ ਕੁਰਸੀ ਸੌਂਪਦਾ ਹਾਂ, ਹੁਣ ਆਪ ਦੇ ਸਾਹਮਣੇ ਇਹੋ ਕੇਸ ਆਇਆ ਹੈ, ਤੁਸੀਂ ਕੀ ਫੈਸਲਾ ਦੇਵੋਂਗੇ, ਜੋ ਆਪ ਇਸ ਪੇਪਰ ਉੱਪਰ ਲਿਖ ਦੇਵੋਂਗੀ, ਮੈਂ ਉਸਨੂੰ ਹੀ ਫੈਸਲਾ ਮੰਨ ਲਵਾਂਗਾ, ਪਰ ਯਾਦ ਰੱਖਣਾ ਫੈਸਲੇ ਵਿੱਚ ਇਨਸਾਫ ਦੀ ਖੁਸ਼ਬੂ ਆਉਂਦੀ ਹੋਵੇ।"

ਸਲੋਚਨਾ ਆਪਣੇ ਕੇਸ ਦਾ ਫੈਸਲਾ ਖੁਦ ਲਿਖਦੀ ਹੈ, ਪੂਰਾ ਫੈਸਲਾ ਲਿਖ ਕੇ ਆਪਣੇ ਦਸਤਖ਼ਤ ਕਰ ਦਿੱਤੇ। ਹੁਣ ਜੱਜ ਸਾਹਿਬ ਫੈਸਲਾ ਪੜ੍ਹਦੇ ਹਨ, "ਪੰਡਿਤ ਹਰਗੋਪਾਲ ਨਾਲ਼ ਵਾਪਰੀ ਘਟਨਾ ਬਹੁਤ ਹੀ ਅਫਸੋਸ ਜਨਕ ਸੀ। ਭਾਵੇਂ ਘਟਨਾ ਨੂੰ ਪੈਦਾ ਕਰਨ ਵਿੱਚ ਪੰਡਿਤ ਹਰਗੋਪਾਲ ਦੀ ਮੁੱਖ ਭੂਮਿਕਾ ਸੀ ਅਤੇ ਉਹ ਗੈਰ ਵਿਗਿਆਨਿਕ ਇੱਥੋਂ ਤੱਕ ਕਿ ਗੈਰ ਵੈਦਿਕ ਢੰਗ ਵਰਤ ਕੇ ਦੋ ਜੀਆਂ ਦੀ ਸ਼ਾਦੀ ਰੁਕਵਾਉਣ ਵਿੱਚ ਅੰਤ ਤੱਕ ਆਪਣੀ ਭੂਮਿਕਾ ਨਿਭਾਉਂਦਾ ਰਿਹਾ। ਫੇਰ ਵੀ ਸਲੋਚਨਾ ਵੱਲੋਂ ਹੋਇਆ ਅਪਰਾਧ ਬਹੁਤ ਵੱਡਾ ਹੈ, ਇਸ ਅਪਰਾਧ ਕਾਰਨ ਅਸਲੀ ਨੁਕਸਾਨ ਬੇਕਸੂਰ ਵਿਧਵਾ ਪ੍ਰਸਿੰਨੀ ਦੇਵੀ ਦਾ ਹੋਇਆ ਹੈ। ਲਿਹਾਜਾ ਕੋਰਟ ਇਹ ਹੁਕਮ ਦਿੰਦੀ ਹੈ, ਪੰਡਿਤ ਹਰਗੋਪਾਲ ਸਜ਼ਾ ਦਾ ਹੱਕਦਾਰ ਹੈ, ਪਰ ਇੱਕ ਮ੍ਰਿਤ ਵਿਅਕਤੀ ਨੂੰ ਅਮਲੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੋ ਆਰਥਿਕ ਨੁਕਸਾਨ ਵਿਧਵਾ ਪ੍ਰਸਿੰਨੀ ਦੇਵੀ ਨੂੰ ਹੋਇਆ ਹੈ, ਉਸ ਨੂੰ ਭਰਨ ਦੀ ਮੁੱਖ ਜਿੰਮੇਵਾਰੀ ਸਲੋਚਨਾ ਦੇ ਸਿਰ 'ਤੇ ਆਉਂਦੀ ਹੈ। ਇਹ ਕੋਰਟ ਸਲੋਚਨਾ ਨੂੰ ਇਹ ਹੁਕਮ ਦਿੰਦੀ ਹੈ ਕਿ ਉਹ ਪੰ. ਹਰਗੋਪਾਲ ਦੀ ਵਿਧਵਾ ਪ੍ਰਸਿੰਨੀ ਦੇਵੀ ਦੇ ਨਾਮ ਪੰਜ ਲੱਖ ਰੁਪਏ ਉਸਦੇ ਬੈਂਕ ਖਾਤੇ ਵਿੱਚ ਜਮਾਂ ਕਰਵਾਏਗੀ। ਤਾਂ ਕਿ ਇਸ ਰਾਸ਼ੀ ਨੂੰ ਉਹ ਮੈਡੀਕਲ ਐਮਰਜੈਂਸੀ ਜਾਂ ਜੀਵਨ ਦੀ ਹੋਰ ਐਮਰਜੈਂਸੀ ਵੇਲੇ ਵਰਤ ਸਕੇ। ਪ੍ਰਸਿੰਨੀ ਦੇਵੀ ਦੇ ਰੋਜ਼ਾਨਾ ਖਰਚੇ ਲਈ ਸਲੋਚਨਾ ਪ੍ਰਤੀ ਮਹੀਨੇ 10 ਤਾਰੀਖ ਤੱਕ ਤੀਹ ਹਜਾਰ ਰੁਪਏ ਪ੍ਰਸਿੰਨੀ ਦੇਵੀ ਦੇ ਬੈਂਕ ਖਾਤੇ ਵਿੱਚ ਉਸਦੇ ਆਖਰੀ ਸਮੇਂ ਤੱਕ ਜਮਾਂ ਕਰਵਾਉਣ ਲਈ ਪਾਬੰਦ ਹੋਵੇਗੀ। ਜੇਕਰ ਸਲੋਚਨਾ ਪ੍ਰਸਿੰਨੀ ਦੇਵੀ ਦੇ ਖਾਤੇ ਵਿੱਚ ਫੈਸਲੇ ਮੁਤਾਬਿਕ ਰੁਪਏ ਜ਼ਮਾਂ ਨਹੀਂ ਕਰਵਾਉਂਦੀ ਤਾਂ ਉਸ ਖ਼ਿਲਾਫ਼ ਕੋਰਟ ਬਣਦੀ ਕਾਰਵਾਈ ਕਰ ਸਕਦੀ ਹੈ। ਸਲੋਚਨਾ ਕੋਰਟ ਨੂੰ ਆਪਣੇ ਇੱਕ ਜਿੰਮੇਵਾਰ ਦਾ ਨਾਮ ਦੇਵੇਗੀ, ਜੇਕਰ ਭਵਿੱਖ ਵਿੱਚ ਸਲੋਚਨਾ ਨੂੰ ਕੁਝ ਹੋ ਜਾਂਦਾ ਹੈ, ਤਾਂ ਜਿੰਮੇਵਾਰ ਵਿਅਕਤੀ ਇਸ ਆਰਥਿਕ ਸ਼ਰਤ ਨੂੰ ਪੂਰਾ ਕਰੇਗਾ। ਸਲੋਚਨਾ ਨੂੰ ਹੋਰ ਕਿਸੇ ਸਜ਼ਾ ਤੋਂ ਬਾ-ਇੱਜ਼ਤ ਬਰੀ ਕੀਤਾ ਜਾਂਦਾ ਹੈ।"

ਪ੍ਰਸਿੰਨੀ ਦੇਵੀ ਬੋਲੀ, "ਜੱਜ ਸਾਹਿਬ ਮੈਂ ਇਸ ਫੈਸਲੇ ਤੋਂ ਬੇ-ਹੱਦ ਖੁਸ਼ ਹਾਂ, ਮੈਂ ਸਾਡੇ ਮੱਥੇ ਲੱਗਿਆ ਕਲੰਕ ਉਤਾਰਨਾ ਚਾਹੁੰਦੀ ਹਾਂ। ਮੈਂ ਸਲੋਚਨਾ ਅਤੇ ਅਸ਼ੋਕ ਦੀ ਸ਼ਾਦੀ ਉਸੇ ਪੈਲਸ ਵਿੱਚ ਆਪਣੇ ਹੱਥਾਂ ਨਾਲ਼ ਸੰਪੰਨ ਕਰਵਾਵਾਂਗੀ ਅਤੇ ਉਸੇ ਪੰਡਿਤ ਤੋਂ ਫੇਰਿਆਂ ਦੀ ਰਸਮ ਪੂਰਨ ਕਰਵਾਵਾਂਗੀ।" ਜੱਜ ਪ੍ਰਸਿੰਨੀ ਦੇਵੀ ਦੇ ਇਸ ਬਿਆਨ ਨੂੰ ਫੈਸਲੇ ਵਿੱਚ ਦਰਜ਼ ਕਰ ਦਿੰਦਾ ਹੈ।

ਉਹੀ ਸਮਾਂ ਉਹੀ ਪੈਲੇਸ ਉਹੀ 21 ਦਸੰਬਰ ਦਾ ਦਿਨ ਸਲੋਚਨਾ ਅਤੇ ਅਸ਼ੋਕ ਇੱਕ ਦੂਜੇ ਦਾ ਹੱਥ ਫੜੀ ਵਿਆਹ ਮੰਡਪ ਵਿੱਚ ਹਾਜਰ ਹੁੰਦੇ ਹਨ, ਪ੍ਰਸਿੰਨੀ ਦੇਵੀ ਦੋਹਾਂ ਦੇ ਹਾਰ ਪਾ ਕੇ ਸਵਾਗਤ ਕਰਦੀ ਹੈ।

ਸੰਜੋਗਤਾ ਬੋਲੀ, ਇਹ ਹੈ ਪੱਕੀ ਸ਼ਾਦੀ ਮੈਨੂੰ ਤਾਂ ਬਹੁਤ ਹੀ ਖੂਬਸੂਰਤ ਪਲਾਟ ਮਿਲ ਗਿਆ ਹੈ, ਮੇਰਾ ਅਗਲਾ ਨਾਵਲ ਹੋਵੇਗਾ 'ਸਲੋਚਨਾ' ਬੂੰਦਾ ਬਾਂਦੀ ਨੂੰ ਦੇਖ ਕੇ ਬਿਕਰਮ ਬੋਲਿਆ, "ਦੇਵਤੇ ਇੱਤਰ ਛਿੜਕ ਰਹੇ ਹਨ।" ਸਲੋਚਨਾ ਤੇ ਅਸ਼ੋਕ ਮਹਿਮਾਨਾਂ ਵੱਲ ਹੱਥ ਹਿਲਾਉਂਦੇ ਹੋਏ ਮੁਸਕਰਾ ਰਹੇ ਸਨ।

(**ਸੰਪਰਕ - 98143-41746**)

ਸ਼ਬਦ-ਚਿੱਤਰ



# ਨਵੇਂ ਮਨੁੱਖ ਦੀ ਸਿਰਜਣਾ ਦਾ ਸੁਪਨਾ: ਡਾਕਟਰ ਜਸਬੀਰ ਦੁਸਾਂਝ

**ਬਲਬੀਰ ਪਰਵਾਨਾ**



ਡਾਕਟਰ ਜਸਬੀਰ ਦੁਸਾਂਝ

ਡਾਕਟਰ ਜਸਬੀਰ ਦੁਸਾਂਝ ਨੂੰ ਪਹਿਲੀ ਵਾਰ 1989 'ਚ ਮੱਖਣ ਮਾਨ ਰਾਹੀਂ ਮਿਲਿਆ। ਮੈਂ ਨਵਾਂ-ਨਵਾਂ ਜਲੰਧਰ ਆਇਆ ਸੀ ਤੇ ਬਹੁਤਾ ਮੇਲ-ਜੋਲ ਮੱਖਣ ਮਾਨ ਤੇ ਜਿੰਦਰ ਨਾਲ ਹੀ ਸੀ। ਇਕ ਸ਼ਾਮ ਮੈਂ ਮਾਨ ਕੋਲ ਗਿਆ ਤਾਂ ਉਸਨੇ ਕਿਹਾ, "ਚਲ ਡਾਕਟਰ ਜਸਬੀਰ ਦੁਸਾਂਝ ਕੋਲ ਚਲਦੇ ਹਾਂ।" ਉਦੋਂ ਉਹ 'ਹਰਕਾਰਾ' ਰਸਾਲਾ ਕੱਢਦਾ ਸੀ, ਜਿਸਦੀ ਸੁਰ ਸਾਹਿਤ ਨਾਲੋਂ ਵੱਧ ਚਿੰਤਨ ਦੀ ਸੀ। ਪਰਚੇ ਦਾ ਲਗਪਗ ਅੱਧਾ ਹਿੱਸਾ ਚਿੰਤਨੀ-ਸੁਰ ਵਾਲੇ ਲੇਖ ਹੁੰਦੇ; ਇਹਨਾਂ 'ਚੋਂ ਵੀ ਬਹੁਤੀਆਂ ਉਸਦੀਆਂ ਆਪਣੀਆਂ ਲਿਖਤਾਂ; ਲੰਮੇ ਸੰਪਾਦਕੀ ਜਿਹੜੇ ਦੋ-ਦੋ, ਤਿੰਨ-ਤਿੰਨ ਮਸਲਿਆਂ 'ਤੇ ਕੇਂਦਰਿਤ ਹੁੰਦੇ; 'ਮੇਰੀ ਧਰਤੀ ਮੇਰੇ ਲੋਕ' ਕਾਲਮ ਵੀ, ਸਮਕਾਲ ਦੀ ਕਿਸੇ ਘਟਨਾ/ਵਰਤਾਰੇ ਬਾਰੇ ਲਿਖਿਆ। ਨਾਲ ਕੁਝ ਹੋਰ ਲੇਖ, ਦੋ ਤਿੰਨ ਕਹਾਣੀਆਂ ਵੀ ਹੁੰਦੀਆਂ, ਕੁਝ ਕਵਿਤਾਵਾਂ, ਪੁਸਤਕਾਂ ਦੇ ਰੀਵੀਊ ਵੀ। ਮੁੱਖ ਸੰਪਾਦਕ ਵਜੋਂ ਉਸ ਦਾ ਨਾਂ ਹੁੰਦਾ ਤੇ ਸਹਾਇਕ ਸੰਪਾਦਕ ਵਜੋਂ ਭੁਪਿੰਦਰ ਰੰਧਾਵਾ ਦਾ। ਪਰਚੇ ਦਾ ਕੰਮ, ਲਿਖਣ-ਪੜ੍ਹਨ ਦੇ ਰੁਝੇਵਿਆਂ ਨਾਲ ਉਹ ਕੋਈ ਨਾ ਕੋਈ ਸਮਾਜਕ ਸਰਗਰਮੀ ਵੀ ਵਿੱਢੀ ਰੱਖਦਾ; ਆਪਣਾ ਡਾਕਟਰੀ ਕਿੱਤਾ ਤਾਂ ਹੈ ਹੀ ਸੀ।

ਅਸੀਂ ਗਏ ਤਾਂ ਉਸ ਕੋਲ ਦੋ ਕੁ ਮਰੀਜ਼ ਬੈਠੇ ਹੋਏ ਸਨ। ਕੈਬਨ ਦੇ ਬਾਹਰ ਰਿਸ਼ੈਪਸ਼ਨ 'ਤੇ ਭੁਪਿੰਦਰ ਰੰਧਾਵਾ ਬੈਠੀ ਸੀ ਜਿਹੜੀ ਮਰੀਜ਼ਾਂ ਦੀਆਂ ਪਰਚੀਆਂ ਬਣਾਉਂਦੀ, ਉਹਨਾਂ ਨੂੰ ਲਿਖੀਆਂ ਦੁਆਈਆਂ ਲੈਣ ਦੀ ਵਿਧੀ ਵੀ ਸਮਝਾਉਂਦੀ। ਕੈਬਨ ਵਿਚੋਂ ਬਾਹਰ ਦੇਖਣ ਲਈ ਇਕ ਝਰੋਖਾ ਬਣਿਆ ਹੋਇਆ ਸੀ, ਜਿਸ ਵਿਚੀਂ ਉਸ ਨੇ ਸਾਨੂੰ ਦੇਖ ਲਿਆ। ਮੱਖਣ ਮਾਨ ਦਾ ਉਹ ਪਹਿਲਾਂ ਤੋਂ ਜਾਣੂ ਸੀ, ਜਿਸਨੂੰ ਦੇਖ ਉਸ ਨੇ ਮੁਸਕਰਾ ਕੇ 'ਵਿਸ਼' ਕੀਤੀ ਤੇ ਮਰੀਜ਼ਾਂ ਨੂੰ ਭੁਗਤਾ ਕੇ ਸਾਨੂੰ ਅੰਦਰ ਸੱਦ ਲਿਆ। ਮਾਨ ਨੇ ਮੇਰੀ ਜਾਣ-ਪਛਾਣ ਕਰਵਾਈ ਤਾਂ ਉਹ ਬੜੇ ਤੇਹ ਨਾਲ ਮਿਲਿਆ। ਫਿਰ ਗੱਲਾਂ 'ਚ ਐਸੇ ਰੁੱਝੇ ਕਿ ਪੰਦਰਾਂ-ਵੀਹ ਮਿੰਟ ਬੀਤਦਿਆਂ ਦਾ ਪਤਾ ਹੀ ਨਾ ਲੱਗਾ। ਉਦੋਂ ਅਹਿਸਾਸ ਹੋਇਆ ਜਦੋਂ ਭੁਪਿੰਦਰ ਨੇ ਬਾਹਰ ਆਏ ਨਵੇਂ ਮਰੀਜ਼ਾਂ ਬਾਰੇ ਦੱਸਿਆ। ਉਸ ਨੇ ਸਾਨੂੰ ਕਿਹਾ, "ਤੁਸੀਂ ਕੁਝ ਬਾਹਰ ਬੈਠੋ... ਮੈਂ ਆਏ ਮਰੀਜ਼ ਦੇਖ ਲਵਾਂ।" ਨਾਲ ਹੀ ਭੁਪਿੰਦਰ ਨੂੰ ਚਾਹ ਰੱਖ ਦੇਣ ਲਈ ਕਿਹਾ। ਕਲੀਨਿਕ ਦੇ ਪਿਛਲੇ ਪਾਸੇ ਹੀ ਗੈਸ-ਸਿਲੰਡਰ ਤੇ ਚਾਹ ਦਾ ਸਾਮਾਨ ਰੱਖਿਆ ਹੋਇਆ ਸੀ।

ਇਸਤੋਂ ਬਾਅਦ ਮੈਂ ਅਕਸਰ ਉਸ ਨੂੰ ਮਿਲਣ ਜਾਣ ਲੱਗਾ। ਮਾਡਲ ਟਾਊਨ ਦੀ ਮੁੱਖ ਮਾਰਕੀਟ 'ਚ ਉਸ ਦਾ ਇਹ ਕਲੀਨਿਕ ਸੀ ਪੰਜ ਨੰਬਰ ਸ਼ਾਪ, ਜਿੱਥੇ ਉਹ ਸਵੇਰੇ ਸਾਢੇ ਦਸ ਤੋਂ ਡੇਢ ਵਜੇ ਤੱਕ ਬੈਠਦਾ ਤੇ ਸ਼ਾਮ ਨੂੰ ਸਾਢੇ ਪੰਜ ਤੋਂ ਨੌਂ ਵਜੇ ਤੱਕ। ਮੈਂ ਅਕਸਰ ਸ਼ਾਮ ਨੂੰ ਜਾਂਦਾ ਆਪਣੀ ਡਿਊਟੀ ਤੋਂ ਵਿਹਲਾ ਹੋ ਕੇ।

ਬਹੁਤੀਆਂ ਗੱਲਾਂ ਪੰਜਾਬ ਦੇ ਹਾਲਾਤ, ਬੁੱਧੀਜੀਵੀਆਂ ਦੀ ਭੂਮਿਕਾ ਜਾਂ ਓਸ਼ੋ ਰਜਨੀਸ਼ ਦੇ ਚਿੰਤਨ ਬਾਰੇ ਹੁੰਦੀਆਂ। ਉਨ੍ਹਾਂ ਦਿਨਾਂ 'ਚ ਉਹ ਓਸ਼ੋ ਸਾਹਿਤ ਨਵਾਂ-ਨਵਾਂ ਪੜ੍ਹਨ ਲੱਗਾ ਸੀ, ਜਿਸਦੀ ਲਾਗ ਉਸ ਨੂੰ 'ਨਵੇਂ ਭਾਰਤ ਦੀ ਖੋਜ' ਕਿਤਾਬ ਤੋਂ ਲੱਗੀ। ਪੰਜਾਬ ਦੇ ਹਾਲਾਤ ਬੁਰੀ ਤਰ੍ਹਾਂ ਖਰਾਬ ਹੋ ਚੁੱਕੇ ਸਨ। ਇਕ ਪਾਸੇ ਖਾਲਿਸਤਾਨੀਆਂ ਦੀਆਂ ਧਰਮ ਦਾ ਆਸਰਾ ਲੈ ਕੇ ਸਮਾਜ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਤੇ ਦੂਸਰੇ ਪਾਸੇ ਸਰਕਾਰੀ ਜ਼ਬਰ ਦਾ ਕੁਹਾੜਾ। ਇਹਨਾਂ ਵਿਚਾਲੇ ਪਿਸਦੇ ਆਮ ਲੋਕ। ਨਾ ਵਿਕਾਸ ਢਾਂਚਾ ਅਗਾਂਹ ਵਧ ਰਿਹਾ ਸੀ, ਨਾ ਨਵੀਆਂ ਨੌਕਰੀਆਂ ਦੇ ਸਬੱਬ। ਇਸ 'ਚੋਂ ਰਾਹ ਲੱਭਣ ਲਈ ਉਹ ਹਰ ਪਲ ਚਿੰਤਨਸ਼ੀਲ ਰਹਿੰਦਾ; 'ਹਰਕਾਰਾ' ਦੀਆਂ ਲਿਖਤਾਂ ਵੀ ਇਸ ਤਲਾਸ਼ ਵਲ ਸਫ਼ਰ ਕਰਦੀਆਂ। ਮੈਨੂੰ ਕਦੀ 'ਹਰਕਾਰੇ' ਲਈ ਕੋਈ ਲਿਖਤ ਅਨੁਵਾਦ ਕਰਨ ਲਈ ਕਹਿ ਦਿੰਦਾ। ਮੇਰੀਆਂ ਕਵਿਤਾਵਾਂ ਵੀ ਇਸ ਵਿੱਚ ਛਪਣ ਲੱਗੀਆਂ ਤੇ ਇਹ ਇਕ ਅਜਿਹਾ ਮਾਧਿਅਮ ਹੋ ਨਿਬੜਿਆ, ਜਿਸਨੇ ਸਾਡੀ ਨੇੜਤਾ ਨੂੰ 'ਸੰਘਣਿਆਂ' ਕਰਨ 'ਚ ਮੁੱਖ ਭੂਮਿਕਾ ਨਿਭਾਈ।

ਮਰੀਜ਼ ਆਉਂਦੇ ਤਾਂ ਮੈਂ ਉੱਠ ਕੇ ਬਾਹਰ ਰਿਸ਼ੈਪਰਸ਼ਨ 'ਤੇ ਆ ਜਾਂਦਾ। ਮਰੀਜ਼ਾਂ ਤੋਂ ਵਿਹਲੇ ਹੁੰਦੇ ਤਾਂ ਆਪਣੇ ਚਿੰਤਨ ਦੀਆਂ ਗੱਲਾਂ ਕਰਨ ਲੱਗ ਪੈਂਦੇ। ਵਿੱਚ ਚਾਹ ਵੀ ਚਲਦੀ ਰਹਿੰਦੀ। ਉਹ ਬੜੀ ਤੇਜ਼ੀ ਨਾਲ ਓਸ਼ੋ-ਚਿੰਤਨ 'ਚ ਡੂੰਘਾ ਉਤਰ ਰਿਹਾ ਸੀ। ਮਾਰਕਸਵਾਦ ਨਾਲੋਂ ਓਸ਼ੋ ਚਿੰਤਨ ਬਾਰੇ ਗੱਲਾਂ ਵਧਣ ਲੱਗੀਆਂ; ਉਸਦੀ ਜ਼ਿੰਦਗੀ ਬਾਰੇ, ਉਸਦੇ ਫ਼ਲਸਫ਼ੇ ਵਲੋਂ ਸਮਾਜਕ-ਜਕੜ ਨੂੰ ਤੋੜਨ 'ਚ ਨਿਭਾਈ ਜਾ ਰਹੀ ਭੂਮਿਕਾ ਬਾਰੇ ਵੀ। ਮੈਂ ਨਿੱਜੀ ਰੂਪ 'ਚ ਵੀ ਉਸ ਦੇ ਨੇੜੇ ਹੋ ਰਿਹਾ ਸੀ। ਇਸਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਕਿ ਸਤੰਬਰ 1992 'ਚ, ਆਪਣੇ ਵਿਆਹ ਮੌਕੇ ਮੈਂ ਜਲੰਧਰ 'ਚੋਂ ਜਿਨ੍ਹਾਂ ਦੋ ਦੋਸਤਾਂ ਨੂੰ ਸ਼ਾਮਲ ਹੋਣ ਲਈ ਸੱਦਿਆ, ਉਹਨਾਂ 'ਚੋਂ ਇਕ ਉਹ ਸੀ ਤੇ ਦੂਸਰਾ ਸੀ ਜਿੰਦਰ।

ਛੇਤੀ ਹੀ ਉਸਦੇ ਚਿੰਤਨ ਦਾ ਪੂਰਾ ਮੁਹਾਣ, ਆਪਣੀ ਪੂਰੀ ਸਮਰੱਥਾ ਨਾਲ ਓਸ਼ੋ ਵਲ ਮੁੜ ਗਿਆ। ਉਹ ਕਾਮਰੇਡਾਂ ਨਾਲੋਂ ਵੀ ਵਿੱਥ ਬਣਾ ਕੇ ਤੁਰਨ ਲੱਗਾ ਤੇ ਦੂਸਰੇ ਰਾਜਨੀਤਕ ਆਗੂਆਂ ਤੋਂ ਵੀ; ਰਾਜਸੀ ਸਰਗਰਮੀਆਂ ਤੋਂ ਵੀ। ਉਸਦੀ ਸੰਗਤ ਕਾਰਨ ਮੈਂ ਵੀ ਓਸ਼ੋ ਨੂੰ ਪੜ੍ਹਨ ਲੱਗਾ। ਜਿਉਂ-ਜਿਉਂ ਪੜ੍ਹਨ 'ਚ ਡੂੰਘਾ ਉਤਰਦਾ ਗਿਆ, ਇਸ ਚਿੰਤਨ ਨੇ ਪ੍ਰਭਾਵ ਵੀ ਪਾਉਣਾ ਸ਼ੁਰੂ ਕਰ ਦਿੱਤਾ। ਮੇਰੇ ਅੰਦਰਲੀ 'ਕਾਮਰੇਡੀ' ਕੱਟੜਤਾ ਪਿਘਲਣ ਲੱਗੀ। ਇਸ ਚਿੰਤਨ ਨੇ ਸਭ ਤੋਂ ਵੱਡੀ ਗੱਲ ਇਹ ਸਿਖਾਈ; ਆਪਣੇ ਆਪ 'ਤੇ ਵਿਸਵਾਸ਼ ਕਰਨਾ। ਕੋਈ ਗੱਲ, ਕੋਈ ਧਾਰਨਾ ਅੰਨ੍ਹੇਵਾਹ ਅਪਣਾਉਣ ਦੀ ਬਜਾਏ ਉਸਨੂੰ ਗਹੁ ਨਾਲ ਵਾਚਣਾ; ਆਪਣੇ ਨਿੱਜ ਦੇ ਤਰਕ ਦੀ ਸਾਣ 'ਤੇ ਪਰਖਣਾ; ਤੇ ਜੋ ਮਨ ਕਹੇ, ਉਸ ਅਨੁਸਾਰ ਕਰਨਾ। ਮੇਰਾ ਕਮਿਊਨਿਸਟ ਫ਼ਲਸਫ਼ੇ 'ਤੇ ਤਾਂ ਵਿਸਵਾਸ਼ ਹੋਰ ਦ੍ਰਿੜ ਹੋ ਗਿਆ, ਪਰ ਇਸ ਫ਼ਲਸਫ਼ੇ ਦੇ ਆਧਾਰ 'ਤੇ ਉਸਰੀਆਂ ਰਾਜਸੀ ਪਾਰਟੀਆਂ/ਜਥੇਬੰਦੀਆਂ ਦੇ ਕਿਰਦਾਰ 'ਚ ਵੱਡੇ ਪਾੜੇ ਦਿਸਣ ਲੱਗੇ ਜਾਂ ਸ਼ਾਇਦ ਕੁਝ ਕੁਝ ਅਹਿਸਾਸ ਪਹਿਲਾਂ ਵੀ ਸੀ, ਪਰ ਉਹਨਾਂ ਨੂੰ ਅੱਖੋਂ ਪਰੋਖੇ ਕਰ ਦਿੰਦਾ ਸੀ।

ਇਸੇ ਦੌਰ 'ਚ ਉਹ ਓਸ਼ੋ-ਆਸ਼ਰਮ ਪੂਨੇ ਵੀ ਜਾ ਕੇ ਆਇਆ। ਉਸ ਨਾਲ ਪ੍ਰਿੰਸੀਪਲ ਰਣਜੀਤ ਸਿੰਘ ਬੱਲ ਤੇ ਜਸਬੀਰ ਕਾਲਰਵੀ ਵੀ ਸਨ। ਮੁੜਨ 'ਤੇ ਮੈਂ ਲੰਮੀ-ਚੌੜੀ ਗੱਲਬਾਤ ਕੀਤੀ। ਇਹ ਗੱਲਬਾਤ ਇਸ ਚਿੰਤਨ ਨੂੰ ਡੂੰਘਾਈ ਨਾਲ ਸਮਝਣ ਲਈ ਸੀ। 20 ਜੂਨ 1994 ਦੇ 'ਨਵਾਂ ਜ਼ਮਾਨਾ' 'ਚ ਛਪੀ ਇਸ ਮੁਲਾਕਾਤ 'ਚੋਂ ਕੁਝ ਅੰਸ਼:

*? ਤੁਹਾਡਾ ਪੂਨੇ ਜਾਣ ਦਾ ਮੰਤਵ ਕੀ ਸੀ?*

*– ਮੈਂ ਪਿਛਲੇ ਚਾਰ ਕੁ ਸਾਲਾਂ ਤੋਂ ਰਜਨੀਸ਼ ਦੀਆਂ ਕਿਤਾਬਾਂ ਪੜ੍ਹ ਰਿਹਾ ਸੀ। ਜਿਉਂ ਇਕ ਵਾਰ ਪਹਿਲੀ ਕਿਤਾਬ ਪੜ੍ਹੀ, ਉਸਤੋਂ ਪਿਛੋਂ ਹੋਰ ਤੋਂ ਹੋਰ ਵਧੇਰੇ ਜਾਨਣ ਦੀ ਲਾਲਸਾ ਵਧਦੀ ਹੀ ਗਈ। ਕਮਾਲ*



**(ਖੱਬੇ ਤੋਂ ਸੱਜੇ) ਡਾਕਟਰ ਜਸਬੀਰ ਦੁਸਾਂਝ, ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ, ਜਥੇਦਾਰ ਕੁਲਦੀਪ ਸਿੰਘ ਵਡਾਲਾ ਤੇ ਹੋਰਨਾ ਨਾਲ ਸਿੱਖ ਕੇਂਦਰ ਵੱਲੋਂ 1989 'ਚ ਕਰਵਾਈ ਇਕ ਕਾਨਫਰੰਸ ਦੌਰਾਨ**

*ਦੀ ਦਲੀਲ ਹੈ ਤੇ ਮਸਲਿਆਂ ਨੂੰ ਬਿਲਕੁਲ ਹੀ ਨਵੇਂ ਨਜ਼ਰੀਏ ਤੋਂ ਵੇਖਣ ਦਾ ਦ੍ਰਿਸ਼ਟੀਕੋਣ। ਕਿਤਾਬਾਂ ਪੜ੍ਹਦਿਆਂ ਮਨ 'ਚ ਵਾਰ-ਵਾਰ ਆਉਂਦਾ ਸੀ ਕਿ ਓਸ ਥਾਂ, ਉਹ ਵਾਤਾਵਰਣ ਕਿਹੋ ਜਿਹਾ ਹੋਵੇਗਾ, ਜਿੱਥੇ ਰਜਨੀਸ਼ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਬਤੀਤ ਕੀਤਾ; ਜਿੱਥੇ ਉਸਨੇ ਆਤਮ-ਮੰਥਨ ਕਰਕੇ ਜ਼ਿੰਦਗੀ ਦੇ ਸੱਚ ਨੂੰ ਲੱਭਣ ਦੀ ਕੋਸ਼ਿਸ਼ ਕੀਤੀ; ਤੇ ਉਸ ਅਨੁਭਵ ਕੀਤੇ ਹੋਏ ਸੱਚ ਲਈ ਆਪਣੀ ਸਾਰੀ ਜ਼ਿੰਦਗੀ ਲਾ ਦਿੱਤੀ, ਭਾਵੇਂ ਇਸ ਲਈ ਉਸਨੂੰ ਸਾਰੀ ਦੁਨੀਆਂ ਦੀਆਂ ਸਰਕਾਰਾਂ ਦਾ ਵਿਰੋਧ ਸਹਿਣਾ ਪਿਆ। ਪਰ ਨਾਲ ਹੀ ਸਾਰੀ ਦੁਨੀਆਂ ਦੇ ਲੋਕ ਉਸ ਵੱਲ ਜਾਦੂਮਈ ਅੰਦਾਜ਼ ਨਾਲ ਖਿੱਚੇ ਵੀ ਗਏ। ਅੱਜ ਰਜਨੀਸ਼ ਦੀ ਫਿਲਾਸਫ਼ੀ ਦੇ ਪੈਰੋਕਾਰਾਂ 'ਚ ਸਾਰੀ ਦੁਨੀਆਂ ਦੇ ਲੋਕ ਸ਼ਾਮਲ ਹਨ।*

*ਦੂਸਰਾ ਮੈਂ ਸ਼ੁਰੂ ਤੋਂ ਹੀ ਪਦਾਰਥਵਾਦੀ ਨਜ਼ਰੀਏ ਦਾ ਰਿਹਾ ਹਾਂ। ਪਹਿਲਾਂ-ਪਹਿਲਾਂ ਰਜਨੀਸ਼ ਦੀਆਂ ਜਿਹੜੀਆਂ ਕਿਤਾਬਾਂ ਪੜ੍ਹੀਆਂ, ਉਹਨਾਂ 'ਚ ਬਾਹਰਮੁਖਤਾ ਭਾਰੂ ਸੀ। ਮੌਜੂਦਾ ਮਾਹੌਲ, ਮੌਜੂਦਾ ਰਾਜਨੀਤੀ ਤੇ ਸਮਾਜਕ ਸਥਿਤੀ ਦੀ ਰਜਨੀਸ਼ ਨੇ ਬਹੁਤ ਹੀ ਸ਼ਾਨਦਾਰ ਤੇ ਤਰਕਮਈ ਵਿਆਖਿਆ ਕਰਕੇ, ਉਹਨਾਂ ਦੇ ਹਲ ਲਈ ਵਧੇਰੇ ਸੁਭਾਵਿਕ ਪਹੁੰਚ ਅਪਣਾਈ ਹੈ। ਮੈਂ ਅੰਤਰਮੁਖਤਾ/ ਅਧਿਆਤਮਵਾਦ ਦਾ ਵਿਰੋਧੀ ਸੀ। ਮੈਨੂੰ ਉਸਦੀ ਫਿਲਾਸਫ਼ੀ, ਉਸਦਾ ਤਰਕ ਚੰਗਾ ਤਾਂ ਲੱਗਦਾ ਪਰ ਪੂਨੇ ਸ਼ਰਧਾਲੂ ਵਜੋਂ ਜਾਣ ਦੀ ਤੁੱਕ ਨਹੀਂ ਸੀ ਲਗਦੀ। ਜਦੋਂ ਲਾਓਤਸੇ, ਬੁੱਧ, ਜੇਨ ਫਕੀਰਾਂ 'ਤੇ ਕੰਮ ਪੜ੍ਹਿਆ ਤਾਂ ਸਮਝ ਆਉਣ ਲੱਗੀ ਕਿ ਅੰਤਰਮੁਖਤਾ, ਅਧਿਆਤਮਵਾਦ, ਚੈਤੰਨਿਆਂ, ਚੇਤੰਨਤਾ, ਸਵੈ-ਸੁੰਨਿਆਂ, ਨਿਰਮਾਣ, ਮੋਕਸ਼ ਆਦਿ ਨਾਂ, ਆਪਣੇ ਆਪ 'ਚ ਵਰਤਾਰੇ ਹਨ ਤੇ ਇਹਨਾਂ ਦੀ ਆਪਣੀ ਸਾਰਥਿਕਤਾ ਹੈ, ਜਿਸ ਸਾਰਥਿਕਤਾ ਨੂੰ ਮੈਂ ਬੁਰੀ ਤਰ੍ਹਾਂ ਅੱਖੋਂ ਪਰੋਖੇ ਕਰ ਰੱਖਿਆ ਸੀ। ਲਾਓਤਸੇ ਤੇ ਬੁੱਧ ਬਾਰੇ ਕੰਮ ਪੜ੍ਹਨ ਪਿਛੋਂ ਅੰਤਰਮੁਖਤਾ ਵਲ ਮੋੜਾ ਕੱਟਿਆ ਤੇ ਨਾਲ ਹੀ ਧਿਆਨ ਪ੍ਰਕਿਰਿਆ ਸ਼ੁਰੂ ਹੋ ਗਈ। ਜਿਵੇਂ-ਜਿਵੇਂ ਇਸ ਵਿੱਚ ਡੂੰਘਾ ਉਤਰਦਾ ਗਿਆ, ਧਿਆਨ ਬਾਰੇ ਹੋਰ ਸਮਝ ਆਉਣ ਲੱਗੀ, ਉਵੇਂ-ਉਵੇਂ ਵਾਤਾਵਰਣ ਦਾ ਇਹੋ ਜਿਹਾ ਖਿਆਲ ਆਉਣ ਲੱਗਾ, ਜਿਸ ਬਾਰੇ ਰਜਨੀਸ਼ ਨੇ ਆਪਣੇ ਬਹੁਤੇ ਪ੍ਰਵਚਨਾਂ 'ਚ ਕਿਹਾ ਹੈ। ਜਿਸ ਥਾਂ ਇਹੋ ਜਿਹੇ ਲੋਕ ਹੋਣਗੇ, ਵਾਤਾਵਰਣ ਵੀ ਉਹੋ ਜਿਹਾ ਬਣਿਆ ਹੋਵੇਗਾ। ਜਿਹੜਾ ਉਸ ਥਾਂ ਰਹੇਗਾ, ਉਹ ਵੀ ਇਹਨਾਂ ਪ੍ਰਭਾਵਾਂ ਤੋਂ ਅਛੂਤਾ ਨਹੀਂ ਰਹਿ ਸਕੇਗਾ। ਇਹ ਦੋਵੇਂ ਅੰਤਰ ਸੰਬੰਧਿਤ ਹੁੰਦੇ ਹਨ।*

***? ਤੁਸੀਂ ਰਜਨੀਸ਼ ਆਸ਼ਰਮ ਦੇਖ ਕੇ ਕਿਵੇਂ ਮਹਿਸੂਸ ਕੀਤਾ।***

*– ਉੱਥੇ ਜਾ ਕੇ ਕਾਫ਼ੀ ਸਮਾਂ ਬੁੱਧਾ ਹਾਲ ਵਿਚ ਲਾਇਆ, ਸਮਾਧੀ ਬਾਰੇ ਹੋਰ ਗਹਿਰਾਈ ਆਈ। ਸਮਾਂ ਘੱਟ ਸੀ, ਸਿਰਫ਼ ਚਾਰ ਦਿਨ (28 ਤੋਂ 31 ਦਸੰਬਰ 1993)। ਉੱਥੇ ਬਹੁਤ ਕੁਝ ਦੇਖਣ ਵਾਲਾ ਹੈ। ਬੁੱਧਾ ਹਾਲ ਤੋਂ ਬਾਹਰ ਕਮਿਊਨ, ਓਸ਼ੋ ਦੀ ਸਮਾਧੀ, ਬੁੱਕ ਸਟਾਲ, ਪਿਰਾਮਿਡਜ਼ ਤੇ ਪਾਰਕ। ਵਾਤਾਵਰਣ ਹੀ ਇੰਨਾ ਦਿਲਕਸ਼ ਤੇ ਪਿਆਰ ਭਰਪੂਰ ਸੀ ਕਿ ਧਿਆਨ ਤਾਂ ਸਿਰਫ਼ ਸਵੇਰੇ ਸ਼ਾਮ ਹੀ ਕਰ ਹੋਇਆ। ਸਮੁੱਚੇ ਮਾਹੌਲ 'ਚੋਂ ਹਰ ਪਾਸੇ ਪਿਆਰ ਦਾ ਅਨੁਭਵ ਹੁੰਦਾ ਤੇ ਦੂਸਰਾ ਅਨੁਭਵ ਕਿ ਉਥੇ ਕਿਸੇ ਕਿਸਮ ਦਾ ਭਿੰਨ–ਭੇਦ ਨਹੀਂ। ਮਰਦ–ਔਰਤ, ਜਾਤਪਾਤ, ਊਚ–ਨੀਚ, ਰਾਸ਼ਟਰਵਾਦ, ਨਸਲਵਾਦ, ਮਜ਼ਬੀ ਪਹਿਚਾਣ... ਇਸ ਕਿਸੇ ਵੀ ਗੱਲ ਦਾ ਆਸ਼ਰਮ 'ਚ ਕੋਈ ਮਹੱਤਵ ਨਹੀਂ, ਕੋਈ ਹੋਂਦ ਨਹੀਂ। ਕਦੀ ਸੋਚਿਆ ਵੀ ਨਹੀਂ ਸੀ ਕਿ ਜਾਪਾਨੀ, ਮੰਗੋਲ, ਜਰਮਨ, ਚੀਨੀ, ਡੱਚ, ਅਮਰੀਕੀ... ਦੁਨੀਆਂ ਦੇ ਲਗਪਗ ਸਾਰੇ ਵਿਕਸਤ ਦੇਸ਼ਾਂ ਦੇ ਲੋਕ ਉੱਥੇ ਮਿਲਣਗੇ।*

*ਜਿਵੇਂ ਹੰਕਾਰੀ, ਹਓਮੈ, ਪਦ, ਪ੍ਰਤਿਸ਼ਠਾ, ਸਨਮਾਨ, ਅਹੁਦੇ ਆਦਿ ਦੀ ਦੌੜ 'ਚ ਲੱਗੇ ਲੋਕਾਂ ਦੇ ਇਕੱਠ ਦਾ ਇਕ ਵਾਤਾਵਰਣ ਹੁੰਦਾ ਹੈ, ਹੰਕਾਰੀ–ਹਓਮੈਂ ਨਾਲ ਭਰਿਆ ਹੋਇਆ; ਤੇ ਜਿੱਥੇ ਕਿਤੇ ਧਿਆਨ, ਮੋਕਸ਼ 'ਚ ਲੱਗੇ ਲੋਕਾਂ ਦਾ ਇਕੱਠ ਹੋਵੇ, ਉਥੇ ਵਾਤਾਵਰਣ ਦੀਆਂ ਤਰੰਗਾਂ ਵੀ ਉਸ ਅਨੁਕੂਲ ਹੁੰਦੀਆਂ ਹਨ। ਇਵੇਂ ਅਸੀਂ ਪੂਨਾ ਆਸ਼ਰਮ 'ਚ ਮਹਿਸੂਸ ਕੀਤਾ।*

***? ਕਮਿਊਨ 'ਚ ਕਿੰਨੀ ਕੁ ਗਿਣਤੀ 'ਚ ਲੋਕ ਰਹਿੰਦੇ ਹਨ।***

*– ਕਮਿਊਨ 'ਚ ਪੱਕੇ ਤੌਰ 'ਤੇ ਤਾਂ ਕੋਈ ਨਹੀਂ ਰਹਿੰਦਾ, ਉਂਜ ਦਿਨ ਵੇਲੇ ਬੁੱਧਾ ਹਾਲ ਭਰਿਆ ਹੁੰਦਾ ਹੈ। ਉਸ ਦੀ ਸਮਰੱਥਾ ਤਿੰਨ ਕੁ ਹਜ਼ਾਰ ਦੀ ਹੈ। ਸਾਰਾ ਦਿਨ ਚਹਿਲ–ਪਹਿਲ ਰਹਿੰਦੀ ਹੈ। ਆਪਸੀ ਪਿਆਰ, ਕੋਈ ਭਿੰਨ–ਭੇਦ ਨਹੀਂ। ਉਥੇ ਕਿਸੇ ਨੂੰ ਵੀ ਕੁਝ ਪੁੱਛੋ, ਪਿਆਰ ਨਾਲ ਸਮਝਾਉਂਦਾ ਹੈ। ਸਿੱਖਣ ਗਏ ਸੀ ਸਮਾਧੀ, ਇਸ 'ਚ ਹੋਰ ਡੂੰਘੇ ਜਾਣਾ ਚਾਹੁੰਦੇ ਸੀ; ਉਥੇ ਇਸਦਾ ਵੱਖਰੀ ਪ੍ਰਕਾਰ ਦਾ ਅਨੁਭਵ ਹੋਇਆ ਕਿ ਵਾਤਾਵਰਣ ਬਹੁਤ ਡੂੰਘਾ ਪ੍ਰਭਾਵ ਪਾਉਂਦਾ ਹੈ। ਇਸ ਗੱਲ ਦਾ ਅਹਿਸਾਸ ਵੀ ਹੋਇਆ ਕਿ ਪਿਆਰ ਕੋਈ ਬੋਲੀ ਨਹੀਂ ਜਾਣਦਾ; ਇਸ ਲਈ ਤਾਂ ਬਸ ਅਹਿਸਾਸ ਚਾਹੀਦਾ ਹੈ, ਭਾਵਨਾ ਚਾਹੀਦੀ ਹੈ।*

***? ਕਿੰਨੇ ਕੁ ਘੇਰੇ 'ਚ ਫੈਲਿਆ ਹੋਇਆ ਹੈ ਆਸ਼ਰਮ।***

*– ਪਾਰਕ ਸਮੇਤ ਕਾਫ਼ੀ ਘੇਰੇ 'ਚ ਫੈਲਿਆ ਹੋਇਆ ਹੈ। ਕਮਿਊਨ ਦੇ ਸਾਹਮਣੇ ਵੀ ਕਮਿਊਨ ਦਾ ਹਿੱਸਾ ਹੈ, ਜਿੱਥੇ ਸੁਆਮੀਆਂ ਦੇ ਰਹਿਣ ਵਾਸਤੇ ਫਲੈਟਸ ਹਨ, ਕਮਰੇ ਹਨ। ਹੋਰ ਵੀ ਕਈ ਲੋਕ ਰਹਿੰਦੇ ਹਨ। ਪੂਨੇ ਦੇ ਕਈ ਲੋਕ ਵੀ ਸਵੇਰੇ–ਸ਼ਾਮ ਆਉਂਦੇ ਹਨ। ਓਸ਼ੋ ਦੀ ਮੌਤ ਪਿੱਛੋਂ ਉਸਨੂੰ ਪੂਨੇ ਦਾ ਸਰਵਸਰੇਸ਼ਠ ਵਿਅਕਤੀ ਐਲਾਨਿਆ ਗਿਆ ਹੈ।*

***? ਓਸ਼ੋ ਆਸ਼ਰਮ ਨਾਲ ਫਰੀ-ਸੈਕਸ ਦਾ ਸੰਬੰਧ ਕਾਫ਼ੀ ਜੋੜਿਆ ਜਾਂਦਾ? ਤੁਸੀਂ ਇਸ ਬਾਰੇ ਕਿਵੇਂ ਮਹਿਸੂਸ ਕੀਤਾ।***

*– ਨਹੀਂ, ਉਥੇ ਅਜਿਹੀ ਕੋਈ ਗੱਲ ਨਹੀਂ; ਸਗੋਂ ਇਸਦੇ ਉਲਟ ਬਾਹਰ ਸਮਾਜ 'ਚ ਇਹ ਵਰਤਾਰਾ ਹੈ। ਬਾਜ਼ਾਰ 'ਚ, ਮੁਹੱਲੇ 'ਚ ਕੋਈ ਕੁੜੀ, ਜਵਾਨ ਔਰਤ ਤੁਰੀ ਜਾਂਦੀ ਹੋਵੇ; ਸਾਰੇ ਉਸ ਵੱਲ ਭੁੱਖੀਆਂ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖਦੇ ਹਨ। ਹਵਸ਼ ਦਾ ਨੰਗਾ ਨਾਚ ਹੈ, ਹਰ ਪਾਸੇ। ਓਸ਼ੋ ਕਮਿਊਨ 'ਚ ਅਜਿਹਾ ਕੁਝ ਵੀ ਨਹੀਂ। ਮਰਦ ਔਰਤ ਦਾ ਕੋਈ ਫਰਕ ਨਹੀਂ; ਕੋਈ ਕਾਮੁਕ ਤੱਕਣੀ ਨਹੀਂ। ਜੇ ਕੋਈ ਪ੍ਰੇਮੀ ਕਿਤੇ ਬੈਠੇ ਹਨ ਤਾਂ ਕੋਈ ਗਉਲਦਾ ਨਹੀਂ ਕਿਉਂਕਿ ਸੋਚਾਂ 'ਚ ਹਵਸ਼ ਕਿਤੇ ਨਹੀਂ ਉਫ਼ਨਦੀ। ਜਿਹੜਾ ਕੋਈ ਪਹਿਲੀ ਵਾਰ ਜਾਂਦਾ ਹੈ, ਉਹ ਭਾਵੇਂ ਇਕ ਅੱਧ ਦਿਨ ਕੁਝ ਨੋਟਿਸ ਲੈਂਦਾ ਹੈ। ਅਸਲ 'ਚ ਅਸੀਂ ਜਿੰਨਾ ਸੈਕਸ*

*ਨੂੰ ਪਰਦੇ ਦੇ ਪਿਛੇ ਧੱਕਣ ਦੀ ਕੋਸ਼ਿਸ਼ ਕੀਤੀ ਹੈ, ਓਨਾ ਹੀ ਇਹ ਸਾਡੀਆਂ ਰਗਾਂ 'ਚ ਜ਼ਹਿਰ ਬਣਕੇ ਫੈਲ ਗਿਆ ਹੈ। ਹਰ ਪਾਸੇ ਸੈਕਸ, ਸੈਕਸ, ਸੈਕਸ... ਪਰ ਓਸ਼ੋ ਕਮਿਊਨ 'ਚ ਇਹ ਰਗਾਂ 'ਚ ਰਚਿਆ ਹੋਇਆ ਨਹੀਂ ਹੈ।*

***? ਕਮਿਊਨ 'ਚ ਤੁਸੀਂ ਕਿਸ ਗੱਲ ਤੋਂ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਹੋਏ।***

*– ਪੂਨੇ ਸ਼ਹਿਰ 'ਚੋਂ ਜਿਹੜਾ ਸੀਵਰੇਜ਼ ਦੇ ਪਾਣੀ ਦਾ ਗੰਦਾ ਨਾਲਾ ਨਿਕਲਦਾ ਹੈ, ਉਸਦੇ ਦੋਹੀਂ ਪਾਸੀਂ ਰੁੱਖ, ਬੂਟੇ, ਫੁੱਲ ਲਾ ਕੇ ਉਸਨੂੰ ਸ਼ਾਨਦਾਰ ਪਾਰਕ 'ਚ ਬਦਲ ਦਿੱਤਾ ਗਿਆ ਹੈ। ਮਸ਼ੀਨਾਂ ਲਾ ਕੇ ਪਾਣੀ ਵੀ ਸਾਫ਼ ਕਰ ਦਿੱਤਾ ਜਾਂਦਾ। ਉਹ ਗੰਦਾ ਨਾਲਾ ਜਿਹੜਾ ਪਹਿਲਾਂ ਸੜਾਂਦ ਮਾਰਦਾ ਹੁੰਦਾ ਸੀ, ਹੁਣ ਉਸਦੇ ਦੋਹੀਂ ਪਾਸੀਂ ਸ਼ਾਨਦਾਰ ਪਾਰਕ ਹੈ ਕਿ ਉਥੇ ਜਾ ਕੇ ਬੰਦਾ ਸੁਹਜ 'ਚ ਗੁਆਚ ਜਾਂਦਾ; ਜਿਵੇਂ ਰੁੱਖ, ਬੂਟੇ, ਫੁੱਲ, ਝਰਨੇ... ਇਸ ਤੋਂ ਇਹ ਵੀ ਸਬਕ ਮਿਲਦਾ ਹੈ ਕਿ ਇਸ ਦੁਨੀਆਂ 'ਚ ਬਹੁਤ ਸਾਰਾ ਕੋਹੜ, ਬਹੁਤ ਸਾਰੀ ਗੰਦਗੀ; ਮਨੁੱਖ ਦੀ ਉਸ ਪ੍ਰਤੀ ਲਾਪਰਵਾਹੀ, ਉਸ ਪ੍ਰਤੀ ਉਦਾਸੀਨਤਾ ਕਰਕੇ ਹੈ। ਜੇ ਮਨੁੱਖ ਦੀ ਵਿਹਲ, ਉਸਦੀ ਸਮਰੱਥਾ ਨੂੰ ਚੁਗਿਰਦੇ ਪ੍ਰਤੀ ਚੌਕਸ ਕੀਤਾ ਜਾ ਸਕੇ ਤਾਂ ਇਸ ਦੁਨੀਆਂ ਦਾ ਨਕਸ਼ਾ ਹੀ ਬਦਲ ਜਾਵੇ! ਪਰ ਇਸ ਲਈ ਰਚਨਾਤਮਕ ਰੁਚੀਆਂ ਤੇ ਸੁਹਿਰਦਤਾ ਦੀ ਲੋੜ ਹੈ। ਇਥੋਂ ਦੀਆਂ ਸਰਕਾਰਾਂ ਜਾਂ ਮੌਜੂਦਾ ਸੰਸਥਾਵਾਂ ਅਜਿਹਾ ਕਰ ਨਹੀਂ ਸਕਦੀਆਂ। ਉਹਨਾਂ ਦੀ ਇਹ ਪਹਿਲ ਨਹੀਂ ਹੈ।*




**ਡਾਕਟਰ ਜਸਬੀਰ ਦੁਸਾਂਝ**

ਫਿਰ ਸਭ ਪਾਸਿਆਂ ਤੋਂ ਆਪਣੀਆਂ ਸਰਗਰਮੀਆਂ ਨੂੰ ਸਮੇਟਦਾ, ਸਿਮਟਦਾ ਉਹ ਓਸ਼ੋ ਚਿੰਤਨ 'ਤੇ ਕੇਂਦਰਿਤ ਹੁੰਦਾ ਗਿਆ, ਇਸ 'ਚ ਆਪਣੀ ਜੀਵਨ ਜਾਂਚ ਨੂੰ ਢਾਲਣ 'ਚ। ਕਹਿਣੀ-ਕਰਨੀ ਦੇ ਸੁਮੇਲ ਨੂੰ ਸਿਰਜਣ ਵੱਲ ਵੀ ਉਸ ਦੀ ਊਰਜਾ ਪਰਵਾਹਿਤ ਹੋਣ ਲੱਗੀ। ਪਹਿਲਾਂ ਵੀ, ਨਾ ਉਹ ਕਿਸੇ ਨਾਲ ਕਿਸੇ ਗਲਤ ਲਗਦੀ ਗੱਲ 'ਤੇ ਸਹਿਮਤ ਹੋ ਸਕਦਾ ਸੀ, ਨਾ ਆਪਣੀ ਗੱਲ ਕਹਿਣ ਲੱਗਿਆਂ ਉਸ ਨੂੰ ਕੋਈ ਝਿਜਕ ਹੁੰਦੀ, ਹੁਣ ਇਸ ਲਈ 'ਪ੍ਰਵਚਨ' ਵੀ ਕਰਨ ਲੱਗਾ। ਆਪਣੇ ਅਕੀਦਿਆਂ 'ਤੇ ਡਟਣ ਵਾਲੇ ਅਜਿਹੇ ਬੰਦੇ ਨਾ ਤਾਂ ਸਮਾਜ ਦੇ ਫਿੱਟ-ਪੁਰਜ਼ੇ ਬਣ ਸਕਦੇ ਹਨ, ਨਾ ਹੀ ਪਰਿਵਾਰਾਂ ਦੇ ਬਹੁਤੇ ਮੇਚ ਆਉਂਦੇ। ਘਰ-ਪਰਿਵਾਰ, ਸਮਾਜ ਬਹੁਤ ਸਾਰੇ ਸਮਝੌਤੇ ਮੰਗਦਾ, ਬਹੁਤ ਸਾਰੇ ਝੂਠਾਂ ਆਸਰੇ ਚਲਦਾ। ਮਨ 'ਚ ਕੁਝ ਹੋਰ, ਕਹਿਣਾ ਕੁਝ ਹੋਰ ਤੇ ਕਰਨਾ ਕੁਝ ਹੋਰ; ਇਹ ਹਰ ਸਮਾਜਕ ਤੇ ਪਰਿਵਾਰਕ ਸਫ਼ਲ ਵਿਅਕਤੀ ਦੀ ਮੁੱਖ ਖਾਸੀਅਤ ਹੁੰਦੀ ਹੈ। ਇਸੇ ਕਰਕੇ ਪਿਆਰ ਵਿਆਹ ਦੇ ਬਾਵਜੂਦ ਉਸਦੀ ਬੀਵੀ ਨਾਲ ਬਹੁਤੀ ਇਕਸੁਰਤਾ ਨਾ ਬਣ ਸਕੀ। ਅੱਡ-ਅੱਡ ਜੀਊਣ ਸਲੀਕਿਆਂ ਵਾਲੇ ਦੋ ਅਜਨਬੀ ਜਿਵੇਂ ਨਦੀ ਦੇ ਦੋ ਕਿਨਾਰਿਆਂ 'ਤੇ ਹੋਣ; ਵਿਚਾਲੇ ਬੱਚਿਆਂ ਦਾ ਪੁੱਲ ਉਹਨਾਂ ਨੂੰ ਜੋੜਦਾ ਹੋਇਆ। ਉਸ ਦੇ ਆਪਣੇ ਲਫ਼ਜ਼ਾਂ ਵਿਚ, "1991 ਵਿੱਚ, ਜਦੋਂ ਘਰ ਵਿੱਚ ਕਲੇਸ਼ ਨਵਾਂ ਰੂਪ ਅਖਤਿਆਰ ਕਰਨਾ ਸ਼ੁਰੂ ਹੋਇਆ ਤਾਂ ਅਕਤੂਬਰ ਮਹੀਨੇ ਧਿਆਨ ਸ਼ੁਰੂ ਹੋ ਚੁੱਕਾ ਸੀ। ਪੂਨੇ ਤੋਂ ਵਾਪਸ ਆ ਕੇ, ਘਰ ਵਿੱਚ ਤਾਂ ਹੁੱਕਾ ਪਾਣੀ ਬੰਦ ਸੀ। ਬੇਸ਼ਕ ਵਿਸਕੀ ਵੀ ਜ਼ੋਰਾਂ 'ਤੇ ਸੀ ਪਰ ਰਾਤ ਢਾਈ ਕੁ ਵਜੇ ਜਾਗ ਆ ਜਾਣੀ ਤਾਂ ਮੂੰਹ ਹੱਥ ਸਾਫ਼ ਕਰਕੇ ਓਸ਼ੋ ਸਾਹਿਤ

ਪੜ੍ਹਨ ਲੱਗ ਪੈਣਾ। ਉਪਨਿਸ਼ਦ, ਰਜਨੀਸ਼ ਬਾਈਬਲ ਅਤੇ ਵਿਗਿਆਨ ਭੈਰਵੀ ਤੰਤਰ ਉਦੋਂ ਹੀ ਪੜ੍ਹਿਆ। 5 ਤੋਂ 6 ਵਜੇ ਤੱਕ ਫਿਰ ਸੌਂ ਜਾਣਾ। ਉੱਠ ਕੇ ਨਹਾ-ਧੋ ਡੈਨਾਮਿਕ ਧਿਆਨ ਕਰਨਾ। ਸ਼ਾਮ ਨੂੰ ਕਲੀਨਿਕ 'ਤੇ ਹੀ ਖੋਲ੍ਹਣ ਤੋਂ ਪਹਿਲਾਂ ਕੁੰਡਲਿਨੀ ਧਿਆਨ ਕਰਨਾ। ਸਾਰਾ ਦਿਨ ਸਾਹਿਤ ਦੀ ਪੜ੍ਹਾਈ। ਦਿਨ ਦੇ ਵਕਤ ਇਸ ਸਮੇਂ ਦੌਰਾਨ ਹੀ ਭਗਤੀ ਲਹਿਰ ਦੇ ਸੂਫੀ ਸੰਤ ਗੋਰਖ, ਫਰੀਦ, ਕਬੀਰ, ਨਾਨਕ, ਦਾਦੂ, ਪਲਟੂ, ਰਵੀਦਾਸ, ਮਲੂਕਦਾਸ, ਭਗਵਾਨ ਦਾਸ, ਬਾਹੁਲ ਫ਼ਕੀਰ, ਮੀਰਾ, ਚੈਤੰਨਯ ਪ੍ਰਭੂ, ਰਾਮਾਕ੍ਰਿਸ਼ਨ ਪਰਮਹੰਸ, ਵਿਵੇਕਾਨੰਦ, ਝੇਨ ਫ਼ਕੀਰ, ਨੀਤਸ਼ੇ, ਜੀਸਸ, ਜ਼ਰਾਥੂਸਟਰ ਆਦਿ ਬੁੱਧ ਪੁਰਸ਼ਾਂ ਨੂੰ ਪੜ੍ਹਿਆ। ਇਕ ਅਜੀਬ ਜਿਹਾ ਜੀਵਨ ਦਾ ਸੰਤੁਲਨ ਸੀ। ਦੁੱਖ ਅਤੇ ਵਿਸ਼ਾਦ ਇਕ ਪਾਸੇ, ਵਿਸਕੀ ਅਤੇ ਸੱਦਗੁਰੂ ਦਾ ਪ੍ਰਸਾਦ ਦੂਸਰੇ ਪਾਸੇ। ਵਿਚਕਾਰ ਪਿਆ ਸੀ ਗ੍ਰਹਿਸਥ ਅਤੇ ਪ੍ਰੋਫੈਸ਼ਨਲ ਜੀਵਨ। ਸਭ ਆਪੋ ਆਪਣੀ ਜਗ੍ਹਾ ਰੋਲ ਨਿਭਾਅ ਰਹੇ ਸਨ। ਲਾਈਫ ਅਵੇਅਰਨੈਸ ਮੂਵਮੈਂਟ ਸ਼ੁਰੂ ਹੋ ਚੁੱਕੀ ਸੀ, ਨਵਾਂ ਆਤਮ ਵਿਸਵਾਸ਼ ਪੈਦਾ ਹੋ ਰਿਹਾ ਸੀ।" ਹਾਂ ਬੱਚਿਆਂ ਪ੍ਰਤੀ ਪ੍ਰਤੀਬੱਧ ਰਿਹਾ, ਉਹਨਾਂ ਦਾ ਭਵਿੱਖ ਸੰਵਾਰਨ ਲਈ। ਇਕ ਧੀ ਤੇ ਦੋ ਪੁੱਤਾਂ ਦਾ ਬਾਪ, ਉਹ ਆਪਣੀ ਪੂਰੀ ਸੁਹਿਰਦਤਾ ਨਾਲ ਬੱਚਿਆਂ ਨੂੰ ਸਮਰਪਿਤ ਰਿਹਾ ਹੈ। ਵੱਡਾ ਬੇਟਾ ਇਕ ਮਲਟੀਨੈਸ਼ਨਲ ਕੰਪਨੀ 'ਚ ਉੱਚ ਅਧਿਕਾਰੀ ਹੈ ਤੇ ਬੇਟੀ ਅਮਰੀਕਾ 'ਚ ਸੈਟਲ। ਛੋਟਾ ਬੇਟਾ ਘਰਦੀਆਂ ਤ੍ਰੇੜਾਂ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ। ਉਸਦੀਆਂ ਸੰਵੇਦਨਾਵਾਂ ਨੇ ਉਸਨੂੰ ਆਪਣੀ ਹੋਂਦ ਤੋਂ ਉਖਾੜ ਦਿੱਤਾ ਤੇ ਨਸ਼ਿਆਂ ਦਾ ਆਦੀ ਹੋ ਗਿਆ। ਇਹ ਉਸਦੀ ਜ਼ਿੰਦਗੀ 'ਚ ਆਈ ਨਵੀਂ 'ਅਣਹੋਣੀ' ਸੀ।

ਉਂਜ ਉਸਦੀ ਸਾਰੀ ਜ਼ਿੰਦਗੀ 'ਅਣਹੋਣੀਆਂ' ਨਾਲ ਭਰੀ ਹੋਈ ਹੈ। ਅਜੇ ਮਾਂ ਦੇ ਗਰਭ 'ਚ ਹੀ ਸੀ ਜਦੋਂ, ਉਸਦਾ ਬਾਪ ਨਾ ਰਿਹਾ। ਸੰਤਾਲੀ ਦੀ ਵੰਡ ਵੇਲੇ ਉਹਨਾਂ ਦਾ ਕਾਫਲਾ ਆਪਣੇ ਪਿੰਡੋਂ (ਚੱਕ ਨੰਬਰ 111/12, ਤਹਿਸੀਲ ਚੀਚਾ ਵਤਨੀ, ਜ਼ਿਲ੍ਹਾ ਮਿੰਟਗੁਮਰੀ) ਤੋਂ ਤੁਰਿਆ। ਉਹ ਅਜੇ ਕੁਝ ਦੂਰ ਹੀ ਆਏ ਸਨ ਤਾਂ ਜਿਵੇਂ ਉਹਨਾਂ ਨੂੰ ਕੋਈ ਯਾਦ ਆ ਗਈ ਹੋਵੇ। ਉਸਦਾ ਬਾਪ, ਦਾਦਾ ਤੇ ਉਸਦੇ ਦਾਦੇ ਦੇ ਭਰਾ ਦਾ ਬੇਟਾ, ਘੋੜੀਆਂ 'ਤੇ ਪਿੰਡ ਨੂੰ ਮੁੜ ਪਏ ਇਹ ਕਹਿ, "ਅਸੀਂ ਆਏ।" ਪਰ ਉਹ ਮੁੜ ਕੇ ਨਾ ਆ ਸਕੇ। ਕਾਫ਼ਲਾ ਮੁਸੀਬਤਾਂ ਝਾਗਦਾ ਭਾਰਤ ਪਹੁੰਚ ਗਿਆ। ਇਹ ਬਹੁਤ ਬਾਅਦ 'ਚ ਪਤਾ ਲੱਗਾ, ਉਹ ਉਥੇ ਕਤਲ ਹੋ ਗਏ ਸਨ। ਉਸਦਾ ਜਨਮ ਆਪਣੇ ਬਾਪ ਦੀ ਮੌਤ ਤੋਂ ਸੱਤ ਮਹੀਨੇ ਬਾਅਦ 'ਚ 12 ਮਾਰਚ 1948 ਨੂੰ ਹੋਇਆ। ਜ਼ਮੀਨ ਆਪਣੇ ਜੱਦੀ ਪਿੰਡ ਦੁਸਾਂਝ ਕਲਾਂ ਨੇੜੇ ਨਾਦੀਆਂ 'ਚ ਅਲਾਟ ਹੋਈ ਤੇ ਉਸਦੇ ਨਾਨਕਿਆਂ ਨੂੰ ਖੁਰਲਾ ਕਿੰਗਰਾ 'ਚ। ਜਦੋਂ ਉਸਦੇ ਨਾਨੇ ਪ੍ਰੀਤਮ ਸਿੰਘ ਨੂੰ ਪਤਾ ਲੱਗਾ, ਉਸਦੇ ਜੁਆਈ ਤੇ ਕੁੜਮ ਦਾ ਕਤਲ ਹੋ ਚੁੱਕਾ ਹੈ ਤਾਂ ਆਪਣੀ ਧੀ ਤੇ ਦੋਹਤਿਆਂ ਨੂੰ ਆਪਣੇ ਕੋਲ ਲੈ ਆਇਆ। ਨਾਨਕਿਆਂ ਦੇ ਘਰ ਖੁਰਲਾ ਕਿੰਗਰਾ ਰਹਿ ਕੇ ਹੀ ਉਹ ਦੋਵੇਂ ਭਰਾ ਪੜ੍ਹੇ। ਪੜ੍ਹਨ ਨੂੰ ਚੰਗੇ ਸਨ। ਸਕੂਲ ਦੀ ਪੜ੍ਹਾਈ ਦੌਰਾਨ ਹੀ ਦੋਹਾਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲੱਗ ਗਈ। 'ਪ੍ਰੀਤਲੜੀ' ਤੇ 'ਬਾਲ ਸੰਦੇਸ਼' ਉਸਦੇ ਨਾਨੇ ਕੋਲ ਡਾਕ ਰਾਹੀਂ ਆਉਂਦੇ ਸਨ। ਇਹਨਾਂ ਤੋਂ ਤੁਰਦਾ ਉਹ ਕਿਰਾਏ 'ਤੇ ਨਾਵਲ ਲਿਆ ਕੇ ਪੜ੍ਹਨ ਲੱਗਾ, ਜਿਹੜੇ ਜੋਤੀ ਸਿਨੇਮਾ ਦੇ ਸਾਹਮਣੇ 'ਆਪਣੀ ਲਾਇਬ੍ਰੇਰੀ' ਤੋਂ ਦੋ ਆਨਿਆਂ 'ਚ ਮਿਲ ਜਾਂਦੇ। ਛੁੱਟੀਆਂ 'ਚ ਜਾਂ ਇਮਤਿਹਾਨਾਂ ਤੋਂ ਪਿੱਛੋਂ, ਇਹ ਸਿਲਸਿਲਾ ਚਲਦਾ। ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ, ਵਿਰਕ, ਕੰਵਲ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਅੰਮ੍ਰਿਤਾ, ਸੇਖੋਂ ਆਦਿ ਨੂੰ ਉਸ ਨੇ ਸਕੂਲੀ ਦਿਨਾਂ 'ਚ ਹੀ ਪੜ੍ਹ ਲਿਆ ਸੀ। ਮੈਰਿਟ ਦੇ ਅਧਾਰ ਤੇ ਉਸਨੂੰ ਅੰਮ੍ਰਿਤਸਰ ਮੈਡੀਕਲ ਕਾਲਜ 'ਚ ਦਾਖਲਾ ਮਿਲ ਗਿਆ, ਉਥੋਂ ਹੀ ਸਕਿਨ ਦੀ ਐਮ.ਡੀ. ਕੀਤੀ। ਕੁਝ ਚਿਰ ਸਰਕਾਰੀ ਨੌਕਰੀ ਵੀ ਕੀਤੀ, ਫਿਰ ਮਾਡਲ ਟਾਊਨ 'ਚ ਆਪਣਾ ਕਲੀਨਿਕ ਖੋਹਲ ਲਿਆ। ਬਚਪਨ ਦੀਆਂ ਪੈੜਾਂ ਪਤਾ ਨਹੀਂ ਜ਼ਿਹਨ 'ਚ ਕਿਹੜੇ-ਕਿਹੜੇ ਨਕਸ਼ ਖੁਣਦੀਆਂ ਗਈਆਂ ਕਿ ਉਹ ਬੁਰੀ ਤਰ੍ਹਾਂ ਸਪੱਸ਼ਟਵਾਦੀ ਹੈ। ਮਨ ਦੀ ਕੋਈ ਸਾਂਝ ਜੁੜਦੀ ਹੈ ਤਾਂ ਮੁਸਕਰਾ ਕੇ ਮਿਲੇਗਾ,

ਨਹੀਂ ਜੁੜਦੀ ਤਾਂ ਅਜਨਬੀਆਂ ਵਾਂਗ ਚੁਪਚਾਪ ਲੰਘ ਜਾਣਾ। ਦੁਬਿੱਧਾ ਛੁਪਾ ਕੇ ਗਲਵਕੜੀ ਪਾਉਣੀ ਉਸਨੂੰ ਕਦੀ ਨਹੀਂ ਆਈ।

2001 ਦੀ ਗੱਲ ਹੈ। ਉਸ ਨੂੰ ਬਹਿਰੀਨ ਦੇ ਸ਼ਾਹੀ ਪਰਿਵਾਰ ਵਲੋਂ ਇਲਾਜ ਲਈ ਸੱਦਾ ਆਇਆ। ਜਾਣ ਆਉਣ ਲਈ ਟਿਕਟ, ਉਥੇ ਰਹਿਣ ਲਈ ਫਾਈਵ-ਸਟਾਰ ਹੋਟਲ। ਉਹ ਡੇਢ ਸਾਲ ਹਰ ਛੇ ਹਫ਼ਤਿਆਂ ਬਾਅਦ, ਹਫ਼ਤੇ ਲਈ ਉਥੇ ਜਾਂਦਾ ਰਿਹਾ। ਸ਼ਹਿਜ਼ਾਦੀ, ਜਿਸਦੇ ਇਲਾਜ ਲਈ ਉਸ ਨੂੰ ਸੱਦਿਆ ਗਿਆ ਸੀ, ਤੋਂ ਬਿਨਾਂ ਹੋਰ ਮਰੀਜ਼ਾਂ ਵੀ ਦੇਖੇ। ਸ਼ੇਖ ਨੇ ਬੜਾ ਜ਼ੋਰ ਲਾਇਆ, ਉਹ ਉਥੇ ਹੀ ਵਸ ਜਾਵੇ। ਬਹੁਤ ਸਾਰੀਆਂ ਸਹੂਲਤਾਂ ਤੇ ਘਰ ਦੇਣ ਦੀ ਪੇਸ਼ਕਸ਼ ਵੀ ਕੀਤੀ ਪਰ ਉਸਦਾ ਮਨ ਨਾ ਮੰਨਿਆ। "ਇਸ ਇਲਾਜ ਦੇ ਇਵਜ਼ 'ਚ ਉਹਨਾਂ ਨੇ ਮੇਰੀ ਆਸ ਤੋਂ ਕਿਤੇ ਵੱਧ ਇਵਜ਼ਾਨਾ ਮੋੜਿਆ।" ਇਹਨਾਂ ਪੈਸਿਆਂ ਨਾਲ ਜਲੰਧਰ ਦੇ ਬਾਹਰਵਾਰ ਪਹਿਲਾਂ ਦੇ ਖਰੀਦੇ ਪਲਾਟ 'ਤੇ ਸ਼ਾਨਦਾਰ ਬਿਲਡਿੰਗ ਉਸਾਰੀ। ਸਾਹਮਣੇ ਖ਼ੂਬਸੂਬਤ ਲਾਅਨ, ਇਕ ਪਾਸੇ ਓਸ਼ੋ ਦਾ ਖ਼ੂਬਸੂਰਤ ਸਟੈਚੂ ਸਥਾਪਤ ਕੀਤਾ। ਬੜੀ ਰੀਝ ਨਾਲ ਇਸਦੀ ਉਸਾਰੀ ਕਰਵਾਈ, ਪਰ ਬੀਵੀ ਨੇ ਪਹਿਲਾ ਘਰ ਛੱਡ ਕੇ ਉਥੇ ਜਾਣ ਦੀ ਹਾਮੀ ਨਾ ਭਰੀ ਤਾਂ ਉਥੇ ਅਧਿਆਤਮ ਕੇਂਦਰ ਬਣਾ ਕੇ ਓਸ਼ੋ ਚਿੰਤਨ ਬਾਰੇ ਸੈਮੀਨਾਰ ਤੇ ਯੋਗ-ਸਾਧਨਾ ਦੇ ਸ਼ਿਵਰ ਲਾਉਣੇ ਸ਼ੁਰੂ ਕਰ ਦਿੱਤੇ। ਇਹਨਾਂ 'ਚ ਨਾ ਕੇਵਲ ਜਲੰਧਰ ਜਾਂ ਇਸਦੇ ਆਸਪਾਸ ਤੋਂ, ਸਗੋਂ ਪੰਜਾਬ ਤੇ ਬਾਹਰੋਂ ਵੀ ਓਸ਼ੋ ਪ੍ਰੇਮੀ ਹਿੱਸਾ ਲੈਣ ਲੱਗੇ। ਇਥੇ ਬਦਲਵੀਂ ਜੀਵਨ-ਜਾਂਚ ਬਾਰੇ ਗੱਲਾਂ ਹੁੰਦੀਆਂ। ਮਹੀਨੇ 'ਚ ਇਕ ਵਾਰ ਵੱਡਾ ਸ਼ਿਵਰ ਲਗਦਾ। ਮੈਂ ਵੀ ਅਕਸਰ ਇਹਨਾਂ ਦਾ ਹਿੱਸਾ ਬਣਨ ਲੱਗਾ। ਸੋਚਣ ਦੇ ਪੱਧਰ 'ਤੇ ਓਸ਼ੋ ਚਿੰਤਨ ਮੇਰੇ ਅੰਦਰਲੀ ਕੱਟੜਤਾ ਨੂੰ ਢੈਲੀ ਕਰ ਸੋਚਣ/ਸਮਝਣ ਦੇ ਲੜ ਲਾਉਣ ਲੱਗਾ ਸੀ ਤੇ ਸਿਹਤ ਦੇ ਪੱਧਰ 'ਤੇ ਅਰੋਗ ਰਹਿਣ ਦੇ ਗੁਰ; ਹਰ ਸਵੇਰੇ ਯੋਗ ਦੇ ਕੁਝ ਆਸਣ ਕਰਨੇ, ਖਾਣ-ਪੀਣ 'ਤੇ ਕਾਬੂ ਰੱਖਣਾ; ਕਿ ਜੀਊਂਦੇ ਰਹਿਣ ਲਈ ਖਾਣ ਦੀ ਜ਼ਰੂਰਤ ਹੁੰਦੀ ਹੈ ਨਾ ਕਿ ਖਾਣ-ਪੀਣ ਲਈ ਜੀਊਣਾ। ਇਸ ਚਿੰਤਨ ਦਾ ਪ੍ਰਗਟਾਵਾ ਮੇਰੀਆਂ ਕਹਾਣੀਆਂ 'ਚ ਵੀ ਹੋਣ ਲੱਗਾ। ਇਸ ਪ੍ਰਭਾਵ ਅਧੀਨ ਕਵਿਤਾਵਾਂ ਵੀ ਲਿਖੀਆਂ ਤੇ ਨਾਵਲਾਂ 'ਚ ਵੀ ਵੇਰਵੇ ਆਉਣ ਲੱਗੇ; ਜਦੋਂ ਕੋਈ ਪਾਤਰ ਰਵਾਇਤੀ ਜੀਵਨ-ਸ਼ੈਲੀ ਤੋਂ ਬਗਾਵਤ ਕਰਕੇ ਮਨ ਦੇ ਰਾਹ ਤੁਰਦਾ।

2006 'ਚ ਉਸ ਨੇ ਕੂਕਾਨੇਟ-ਦੇਹਰੀਆਂ ਨੇੜੇ ਜ਼ਮੀਨ ਖਰੀਦ ਕੇ ਉਥੇ ਕੁਦਰਤੀ ਢੰਗ ਨਾਲ ਖੇਤੀ ਸ਼ੁਰੂ ਕਰਵਾਈ ਤੇ ਧਿਆਨ ਸ਼ਿਵਰ ਉਥੇ ਸ਼ੁਰੂ ਕਰ ਦਿੱਤੇ। ਹਰ ਐਤਵਾਰ ਉਥੇ ਜਾਂਦਾ; ਜਿੰਨੇ ਕੁ ਵੀ ਲੋਕ ਪਹੁੰਚਦੇ; ਧਿਆਨ ਸ਼ਿਵਰ ਵੀ ਲਾਉਂਦਾ, ਮੈਡੀਕਲ ਕੈਂਪ ਵੀ; ਤੇ ਜ਼ਿੰਦਗੀ ਨੂੰ ਬੇਹਤਰ ਢੰਗ ਨਾਲ ਜੀਊਣ ਦੀ ਚਰਚਾ ਵੀ ਹੁੰਦੀ। ਮਹੀਨੇ 'ਚ ਇਕ ਵਾਰ ਇਲਾਕੇ ਤੋਂ ਬਾਹਰਲੇ ਓਸ਼ੋ ਜਗਿਆਸੂਆਂ ਲਈ ਸੱਦਾ ਹੁੰਦਾ। ਇਸਦਾ ਬਕਾਇਦਾ 'ਹਰਕਾਰਾ' 'ਚ ਇਸ਼ਤਿਹਾਰ ਛਾਪਿਆ ਜਾਂਦਾ। ਨੀਮ ਪਹਾੜੀ ਖੇਤਰ, ਨਾਲੋਂ ਵਹਿੰਦੀ ਸਦਾ ਬਹਾਰ ਖੱਡ, ਬਾਸਾਂ ਸਮੇਤ ਝਾੜੀਆਂ ਰੁੱਖਾਂ ਦੀ ਭਰਮਾਰ। ਮੇਰੇ ਨਾਵਲ 'ਬਹੁਤ ਸਾਰੇ ਚੁਰੱਸਤੇ' ਦੇ ਅਖੀਰ 'ਚ ਜਗਵਿੰਦਰ ਜਿਸ ਨੀਮ ਪਹਾੜੀ ਥਾਂ 'ਚ ਜਾ ਕੇ ਆਪਣਾ ਟਿਕਾਣਾ ਬਣਾਉਂਦਾ, ਉਹ ਇਸ ਚੁਗਿਰਦੇ ਦਾ ਹੀ ਦ੍ਰਿਸ਼ ਹੈ। ਓਸ਼ੋ ਅਧਿਆਤਮ ਕੇਂਦਰ ਲਈ ਬੜਾ ਸ਼ਾਨਦਾਰ ਤੇ ਢੁਕਵਾਂ ਮਾਹੌਲ। ਇਹ ਸਭ ਕੁਝ ਉਸਨੂੰ ਆਪਣੇ ਅੰਦਰਲੇ ਨਾਲ ਬੜੀ ਸ਼ਿੱਦਤ ਨਾਲ ਜੋੜਦਾ ਗਿਆ ਜਾਂ ਜੁੜਿਆ ਤਾਂ ਪਹਿਲਾਂ ਹੀ ਸੀ, ਹੁਣ ਜ਼ਿੰਦਗੀ ਤੇਜ਼ੀ ਨਾਲ ਅਧਿਆਤਮ ਦੇ ਰੰਗ 'ਚ ਰੰਗੀ ਜਾਣ ਲੱਗੀ। ਉਸ ਅੰਦਰੋਂ ਇਕ ਨਵਾਂ ਮਨੁੱਖ ਪੁੰਗਰ ਰਿਹਾ ਸੀ, ਵਿਗਾਸ ਦੇ ਨਵੇਂ ਰਾਹ 'ਤੇ; ਜਿਹੜਾ ਚਿੰਤਨ ਤੇ ਚੇਤਨਾ 'ਚ ਇਕਮਿਕ ਸੀ; ਸਮਾਜ ਦੀ ਬਾਹਰਮੁਖੀ ਢਾਲਣਾ ਤੋਂ ਦੂਰ। ਮਿੱਥ, ਆਡੰਬਰੀ ਆਭਾਮੰਡਲ ਤੋਂ ਪਾਰ। ਇਹਨਾਂ ਸ਼ਿਵਰਾਂ ਵਿੱਚ ਯੋਗ ਸਾਧਨਾ ਦੇ ਨਾਲ ਇਹ ਚਰਚਾ ਵੀ ਹੁੰਦੀ, ਕਿਵੇਂ ਸਮਾਜੀ ਢਾਲਣਾ ਤੋਂ ਪਾਰ ਜਾਇਆ ਜਾ ਸਕਦਾ,

ਆਤਮਾ ਨਾਲ ਆਪੇ ਨੂੰ ਇਕਮਿਕ ਕਰਨ ਵੱਲ।

ਇਸ ਬਦਲ ਤੇ ਵਿਗਾਸ ਨੂੰ ਉਸਦੀ ਜ਼ਿੰਦਗੀ ਦੇ ਸਫ਼ਰ ’ਤੇ ਝਾਤ ਮਾਰਿਆਂ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ। ਅੰਮ੍ਰਿਤਸਰ ਮੈਡੀਕਲ ਕਰਦਿਆਂ ਆਪਣੇ ਰੂਮਮੇਟ ਕੁਲਬੀਰ ਤੇ ਜਲੰਧਰ ਯੁਵਕ ਕੇਂਦਰ ਵਾਲੇ ਕੁਲਵੰਤ ਲਾਡੋਵਾਲੀ ਰਾਹੀਂ ਉਹ ਨਕਸਲੀ ਲਹਿਰ ਵਲ ਖਿਚਿਆ ਗਿਆ ਸੀ। ਭਾਵੇਂ ਜਥੇਬੰਦਕ ਤੌਰ ’ਤੇ ਪਾਰਟੀ ਦੇ ਤਾਣੇ-ਬਾਣੇ ਨਾਲ ਸਰਗਰਮ ਤਾਂ ਨਾ ਹੋਇਆ ਪਰ ਬਰਾਬਰੀ ਤੇ ਨਿਆਈਂ ਸਮਾਜ ਦਾ ਸੁਪਨਾ ਉਸਦੇ ਮਨ ਅੰਬਰ ’ਤੇ ਛਾ ਗਿਆ। ਇਸ ਸਾਹਿਤ ਤੇ ਫ਼ਲਸਫ਼ੇ ਨੇ ਉਸਨੂੰ ਸਮਾਜ ਦਾ ਤਾਣਾ-ਬਾਣਾ ਸਮਝਣ ’ਚ ਮਦਦ ਕੀਤੀ। ਲੰਮਾ ਸਮਾਂ ਉਹ ਇਸ ਪ੍ਰਭਾਵ ਅਧੀਨ ਵਿਚਰਦਾ ਰਿਹਾ। ਪੜ੍ਹ ਕੇ ਨੌਕਰੀ ’ਤੇ ਲੱਗਾ ਤਾਂ ਜਿੱਥੇ ਆਪਣੀ ਨੌਕਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦਾ, ਮਰੀਜ਼ਾਂ ਨੂੰ ਉਹਨਾਂ ਦੀਆਂ ਬਿਮਾਰੀਆਂ ਬਾਰੇ ਚੇਤੰਨ ਕਰਦਾ, ਉਥੇ ਹੋਰ ਡਾਕਟਰਾਂ ਨਾਲ ਰਲ ਕੇ ਮੈਡੀਕਲ ਕੈਂਪ ਵੀ ਲਾਏ ਜਾਂਦੇ। ਐਲੋਪੈਥੀ ਦੇ ਮਹਿੰਗੇ ਇਲਾਜ ਦੇ ਬਦਲ ’ਚ, ਡਾਕਟਰ ਕੋਟਨਿਸ ਮੈਮੋਰੀਅਲ ਸੁਸਾਇਟੀ ’ਚ ਵੀ ਸਰਗਰਮ ਹੋ ਗਿਆ, ਜਿਹੜੀ ਅੰਕੂਪੰਚਰ ਇਲਾਜ ਪ੍ਰਣਾਲੀ ਨੂੰ ਪ੍ਰਚਲਤ ਕਰਨ ਲਈ ਕੈਂਪ ਲਾਉਂਦੀ। ਇਸ ਲਈ ਸੋਸਾਇਟੀ ਵਲੋਂ ਜਲੰਧਰ ਤੇ ਲੁਧਿਆਣਾ ਕੇਂਦਰ ਬੜੀ ਸਰਗਰਮੀ ਨਾਲ ਚਲਾਏ ਜਾਂਦੇ। ਮਹਿੰਦਰਪਾਲ ਭੱਠਲ, ਜਗਮੋਹਨ ਉੱਪਲ, ਡਾਕਟਰ ਦਰਸ਼ਨ ਪਾਲ, ਪ੍ਰੋ. ਸਕਸੈਨਾ, ਕਰਨਲ ਹਰਬੰਸ ਸਿੰਘ ਵੜੈਚ, ਅਤਰਜੀਤ (ਕਹਾਣੀਕਾਰ) ਆਦਿ ਇਸਦੀ ਕੇਂਦਰੀ ਟੀਮ ’ਚ ਸਰਗਰਮ ਸਨ, ਜਿਨ੍ਹਾਂ ਨਾਲ ਉਸਨੇ ਵੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ। ਪਿਛਿਓਂ ਨਕਸਲੀਆਂ ਵਲੋਂ ਚਲਾਈ ਜਾ ਰਹੀ ਇਸ ਸੰਸਥਾ ਵੱਲੋਂ, ਜਲੰਧਰ ’ਚ ਇਕ ਵਿਸ਼ਾਲ ਕਾਨਫਰੰਸ ਕੀਤੀ ਗਈ ਦੇਸ਼ ਭਗਤ ਯਾਦਗਾਰ ਹਾਲ ਵਿਚ, ਜਿਸਦਾ ਸਾਰਾ ਪ੍ਰਬੰਧ ਉਸ ਨੇ ਕੀਤਾ। ਪਰ ਇਸ ਕਾਨਫਰੰਸ ਦੌਰਾਨ ਆਗੂਆਂ ਦੀ ਤੰਗ ਨਜ਼ਰੀ ਵੀ ਸਾਹਮਣੇ ਆਈ, ਇਸਦੇ ਅੰਦਰਲੇ ਜਥੇਬੰਦਕ ਤਾਣੇ-ਬਾਣੇ ’ਚ ਖਾਮੀਆਂ ਵੀ ਦਿਸਣ ਲੱਗੀਆਂ ਤਾਂ ਇਸ ਤੋਂ ਦੂਰ ਹੋਣ ਲੱਗਾ ਜਾਂ ਆਗੂਆਂ ਨੇ ਵੀ ਉਸਤੋਂ ਵਿੱਥ ਬਣਾਉਣੀ ਸ਼ੁਰੂ ਕਰ ਦਿੱਤੀ ਕਿ ਉਹਨਾਂ ਨੂੰ ਸਵਾਲ ਕਰਨ ਵਾਲੇ ਨਹੀਂ, ਹੁਕਮ ’ਤੇ ਅਮਲ ਕਰਨ ਵਾਲਾ ਕਾਡਰ ਚਾਹੀਦਾ ਹੁੰਦਾ। ਇਧਰੋਂ ਮੁੜ ਕੇ ਵੀ ਉਸ ਨੇ ਸਮਾਜ ਸੇਵਾ ਦੇ ਕੰਮਾਂ ਤੋਂ ਕਿਨਾਰਾ ਨਾ ਕੀਤਾ। ਆਪਣੇ ਕਲੀਨਿਕ ਦੇ ਸਮੇਂ ਤੋਂ ਪਹਿਲਾਂ ਉਹ ਸਵੇਰੇ ਗੁਰਦੁਆਰਾ ਸੈਂਟਰਲ ਟਾਊਨ ਵਲੋਂ ਚਲਾਈ ਜਾਂਦੀ ਫਰੀ ਡਿਸਪੈਂਸਰੀ ’ਚ ਜਾਣ ਲੱਗਾ। ਉਥੇ ਦੋ ਘੰਟੇ ਮਰੀਜ਼ ਦੇਖਦਾ ਤੇ ਇਥੇ ਜਾਂਦਿਆਂ-ਆਉਂਦਿਆਂ ਸਿੱਖ ਚਿੰਤਨ ਦਾ ਪ੍ਰਭਾਵ ਕਬੂਲਣ ਲੱਗਾ। ਡਾਕਟਰ ਸਾਹਿਬ ਸਿੰਘ ਵੱਲੋਂ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਦੋ ਸਾਲ ਲਾ ਨਿੱਠ ਕੇ ਪੜ੍ਹਿਆ। ਇਹਨਾਂ ਹੀ ਦਿਨਾਂ ’ਚ ‘ਅਪਰੇਸ਼ਨ ਬਲਿਊ ਸਟਾਰ’ ਵਾਪਰ ਗਿਆ। ਸਿੱਖ ਇਕ ਕੌਮ ਵਜੋਂ ਬੁਰੀ ਤਰ੍ਹਾਂ ਨਪੀੜ ਦਿੱਤੇ ਗਏ। ਕਿਸੇ ਤਰ੍ਹਾਂ ਦੀ ਖੁੱਲ੍ਹੀ ਰਾਜਨੀਤਕ ਸਰਗਰਮੀ ਨਹੀਂ ਸੀ ਹੋ ਰਹੀ। ਉਹ ਭਾਵੇਂ ਅੱਤਵਾਦੀਆਂ ਦੀਆਂ ਕਾਰਵਾਈਆਂ ਦੇ ਖਿਲਾਫ਼ ਸੀ ਪਰ ਸਮੁੱਚੇ ਸਿੱਖਾਂ ਨਾਲ ਜਿਸ ਤਰ੍ਹਾਂ ਦਾ ਵਿਹਾਰ ਹੋ ਰਿਹਾ ਸੀ, ਉਹ ਉਸ ਦੇ ਸੰਘੋਂ ਨਾ ਲੰਘਦਾ। ਉਸ ਨੇ ਪ੍ਰਿੰਸੀਪਲ ਰਣਜੀਤ ਸਿੰਘ ਬੱਲ ਤੇ ਕੁਝ ਹੋਰ ਸਿੱਖ ਬੁੱਧੀਜੀਵੀਆਂ/ਆਗੂਆਂ ਨਾਲ ਰਲਕੇ ਸਿੱਖ ਕੇਂਦਰ ਬਣਾ ਲਿਆ। ਕੇਸ ਦਾਹੜੀ ਰੱਖ ਲਏ ਤੇ ਅੰਮ੍ਰਿਤ ਛੱਕ ਲਿਆ, ਨਾਲ ਹੀ ਪ੍ਰਚਾਰ ਦੇ ਮੰਚ ਵਜੋਂ ‘ਹਰਕਾਰਾ’ ਕੱਢਣਾ ਸ਼ੁਰੂ ਕੀਤਾ। ਪਹਿਲਾਂ ਕੁਝ ਚਿਰ ‘ਫਤਹਿਨਾਮਾ’ ਕੱਢਿਆ ਸੀ ਪਰ ਰਜਿਸਟਰੇਸ਼ਨ ‘ਹਰਕਾਰਾ’ ਦੇ ਨਾਂ ਦੀ ਮਿਲੀ। ਸਿੱਖ ਕੇਂਦਰ ਵਲੋਂ ਕੀਰਤਨ ਦਰਬਾਰ ਆਯੋਜਿਤ ਕੀਤੇ ਜਾਂਦੇ, ਨਾਟਕ ਮੇਲੇ ਵੀ। ਭਾਜੀ ਗੁਰਸ਼ਰਨ ਸਿੰਘ, ਹੰਸਾ ਸਿੰਘ ਦੇ ਕਈ ਨਾਟਕਾਂ ਦੇ ਸ਼ੋਅ ਕਰਵਾਏ। ਪੰਜਾਬ ਨਾਲ ਪਾਣੀਆਂ ਦੀ ਅਨਿਆਈਂ ਵੰਡ, ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖਣੇ, ਸਾਧਾਰਨ ਸਿੱਖਾਂ ’ਤੇ ਹੁੰਦੇ ਜਬਰ ਜਿਹੇ ਮੁੱਦਿਆਂ ’ਤੇ ਸੈਮੀਨਾਰ/ਕਾਨਫਰੰਸਾਂ ਆਯੋਜਿਤ ਕਰਕੇ ਵੀ ਆਪਣੀ ਗੱਲ ਰੱਖਦੇ।

ਅਕਤੂਬਰ 1985 'ਚ ਉਸ ਨੇ 'ਹਰਕਾਰਾ' 'ਚ ਇਕ ਲੇਖ ਲਿਖਿਆ 'ਸਿੱਖ ਹੁਣ ਕੀ ਕਰਨ?' ਇਹ ਲੇਖ ਜਥੇਦਾਰ ਉਜਾਗਰ ਸਿੰਘ ਸੇਖਵਾਂ ਨੇ ਪੜ੍ਹਿਆ, ਜਿਹੜੇ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ। ਉਸ ਨੇ ਇਹ ਲੇਖ ਅੰਮ੍ਰਿਤਸਰ ਆ ਕੇ ਸਿੱਖ ਬੁੱਧੀਜੀਵੀਆਂ/ਆਗੂਆਂ ਦੀ ਹਾਜ਼ਰੀ 'ਚ ਪੜ੍ਹਨ ਦਾ ਸੱਦਾ ਦਿੱਤਾ। ਜਿੱਥੇ ਇਹ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸਿੱਖ ਨੇਤਾਵਾਂ ਤੇ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦੀ ਹਾਜ਼ਰੀ 'ਚ ਪੜ੍ਹਿਆ ਗਿਆ ਤਾਂ ਇਸ ਦੀ ਪਹੁੰਚ ਦੀ ਭਰਪੂਰ ਚਰਚਾ ਹੋਈ। ਇਸ ਚਰਚਾ 'ਚੋਂ ਨਿਕਲਿਆ 'ਭਾਰਤੀ ਘੱਟ ਗਿਣਤੀ ਤੇ ਦਲਿਤ ਫਰੰਟ' ਜਿਸਦੇ ਪ੍ਰਧਾਨ ਜਥੇਦਾਰ ਸੇਖਵਾਂ ਬਣੇ। ਉਹ ਇਸਦੇ ਉੱਘੇ ਨੀਤੀ ਘਾੜਿਆਂ 'ਚ ਸ਼ਾਮਲ ਸੀ, ਇਸਦਾ ਬੁਲਾਰਾ। ਕੁਝ ਚਿਰ ਇਸ ਫਰੰਟ ਦੇ ਖ਼ੂਬ ਸਰਗਰਮੀਆਂ ਕੀਤੀਆਂ। 'ਹਰਕਾਰਾ' 'ਚ ਪ੍ਰੋਫੈਸਰ ਕਿਸ਼ਨ ਸਿੰਘ, ਹਿਸਟੋਰੀਅਨ ਜਗਜੀਤ ਸਿੰਘ ਲਗਾਤਾਰ ਸਿੱਖ ਮਸਲਿਆਂ 'ਤੇ ਲਿਖਦੇ। 1985 ਦੇ ਅਖੀਰ ਜਿਹੇ 'ਚ ਉਹਨਾਂ ਨੇ ਜਲੰਧਰ ਲਾਇਲਪੁਰ ਖਾਲਸਾ ਸਕੂਲ ਦੀ ਗਰਾਊਂਡ 'ਚ ਇੱਕ ਵੱਡੀ ਕਾਨਫਰੰਸ ਕਰਵਾਈ। ਬਲਿਊ ਸਟਾਰ ਤੋਂ ਬਾਅਦ ਇਹ ਪਹਿਲੀ ਵਿਸ਼ਾਲ ਕਾਨਫਰੰਸ ਸੀ ਜਿਸ ਵਿੱਚ ਜਥੇਦਾਰ ਉਜਾਗਰ ਸਿੰਘ ਸੇਖਵਾਂ, ਬੀਬੀ ਰਾਜਿੰਦਰ ਕੌਰ, ਜਥੇਦਾਰ ਕੁਲਦੀਪ ਸਿੰਘ ਵਡਾਲਾ, ਤੇਜਾ ਸਿੰਘ ਟਿਵਾਣਾ, ਦਿੱਲੀ ਤੋਂ ਐਸ.ਆਰ. ਬੋਮਈ ਤੇ ਭਾਰਤ ਭਰ 'ਚੋਂ ਸੈਕੂਲਰ ਦਿੱਖ ਵਾਲੇ ਆਗੂ ਆਏ। ਇਸਦਾ ਆਯੋਜਨ ਉਸ ਨੇ ਮੂਹਰੇ ਹੋ ਕੇ ਕੀਤਾ ਸੀ। ਇਸ ਵਿਚ ਉਸ ਨੂੰ ਫੰਡਾਂ ਦੀ ਹੇਰਾਫੇਰੀ ਹੋਣ ਦਾ ਅਨੁਭਵ ਹੋਇਆ, ਉਹ ਵੀ ਉਹਨਾਂ ਵੱਲੋਂ, ਜਿਨ੍ਹਾਂ ਨੂੰ ਉਹ ਰਹਿਨੁਮਾ ਸਮਝਦਾ ਸੀ। ਬਾਰਾਂ ਹਜ਼ਾਰ ਦੇ ਰਹਿੰਦੇ ਬਿੱਲ ਉਸ ਨੇ ਆਪਣੀ ਜੇਬ 'ਚੋਂ ਭਰੇ। ਇਸ ਘਾਟੇ ਦੇ ਨਾਲ-ਨਾਲ, ਜਿਹੜੀ ਰਕਮ ਕਿ ਉਸ ਵੇਲੇ ਬਹੁਤ ਵੱਡੀ ਸੀ, ਉਸ ਨੂੰ ਪੰਥਕ ਆਗੂਆਂ 'ਚ ਸੁਹਿਰਦਤਾ ਦੀ ਘਾਟ ਵੀ ਦਿਸੀ। ਇਹ ਵੀ ਮਹਿਸੂਸ ਕੀਤਾ, ਉਹਨਾਂ ਨੂੰ ਸਿੱਖਾਂ ਦੀ ਹੋਣੀ ਤੋਂ ਬਹੁਤਾ ਆਪਣੀਆਂ ਲੀਡਰੀਆ ਪੱਕੀਆਂ ਕਰਨ ਦਾ ਫਿਕਰ ਸੀ। ਉਹ ਤਾਂ ਮਾਰਕਸੀ ਤੇ ਸਿੱਖ ਚਿੰਤਨ ਦੇ ਸੁਮੇਲ 'ਚੋਂ ਨਿਆਈਂ ਸਮਾਜ ਵਲ ਵਧਣਾ ਚਾਹੁੰਦਾ ਸੀ ਜਦੋਂ ਕਿ ਆਗੂਆਂ ਸਾਹਮਣੇ ਇਹ ਰਾਜਸੱਤਾ ਦੀ ਕੁਰਸੀ ਤੱਕ ਪਹੁੰਚਣ ਦਾ ਰਾਹ ਸੀ।

ਇਧਰੋਂ ਮੋੜਾ ਕੱਟ ਪੀਪਲਜ਼ ਪਾਰਟੀ ਪੰਜਾਬ ਬਣਾਈ। ਪੰਜਾਬ ਦੀ ਰਾਜਨੀਤੀ 'ਚ ਆ ਰਹੇ ਨਿਘਾਰ ਤੇ ਪੰਜਾਬ ਦੇ ਲੋਕਾਂ ਦੀ ਹੋਣੀ ਨੂੰ ਸਿਹਤਮੰਦ ਬਦਲ ਦੇਣ ਲਈ ਇਸ ਵੱਲੋਂ ਵੀ ਕਈ ਸੈਮੀਨਾਰ ਆਯੋਜਿਤ ਕੀਤੇ। ਕਾਨਫਰੰਸਾਂ ਕਰਵਾਈਆਂ। ਇਹਨਾਂ ਦਾ ਰਾਜਨੀਤਕ ਹਲਕਿਆਂ ਨੇ ਨੋਟਿਸ ਲਿਆ। ਘੱਟ ਗਿਣਤੀ ਤੇ ਦਲਿਤ ਫਰੰਟ ਨਾਲ ਰਲਕੇ ਦੇਸ਼ ਦੇ ਫੈਡਰਲ ਢਾਂਚੇ ਤੇ ਰਾਜਾਂ ਨੂੰ ਅੰਦਰੂਨੀ ਖੁਦਮੁਖਤਿਆਰੀ ਜਿਹੇ ਮੁੱਦਿਆਂ 'ਤੇ ਕੀਤੀਆਂ ਸਰਗਰਮੀਆਂ ਨੇ ਜਨਤਾ ਦਲ ਦੀ ਕੇਂਦਰੀ ਲੀਡਰਸ਼ਿਪ ਦਾ ਧਿਆਨ ਖਿੱਚਿਆ। ਉਹਨਾਂ ਨੇ ਉਸ ਨੂੰ ਜਨਤਾ ਦਲ 'ਚ ਸ਼ਮੂਲੀਅਤ ਲਈ ਆਫਰ ਕੀਤੀ। ਪੀਪਲਜ਼ ਪਾਰਟੀ ਦੀ ਕਮੇਟੀ ਨਾਲ ਸਲਾਹ ਕਰਕੇ ਉਹ ਜਨਤਾ ਦਲ ਦੀ ਕੇਂਦਰੀ ਲੀਡਰਸ਼ਿਪ ਨੂੰ ਮਿਲਣ ਲਈ ਦਿੱਲੀ ਗਏ, ਜਿੱਥੇ ਉਹਨਾਂ ਨੇ ਪੀਪਲਜ਼ ਪਾਰਟੀ ਨੂੰ ਜਨਤਾ ਦਲ 'ਚ ਸ਼ਾਮਲ ਕਰ ਦਿੱਤਾ। ਉਹ ਇਸਦੇ ਪੰਜਾਬ ਦੇ ਉਪ ਪ੍ਰਧਾਨ ਬਣੇ ਤੇ ਪ੍ਰਿੰਸੀਪਲ ਰਣਜੀਤ ਸਿੰਘ ਬਲ ਜਨਰਲ ਸਕੱਤਰ। ਲੋਕਾਂ ਵੱਲੋਂ ਹੋਰ ਵੀ ਸ਼ਾਨਦਾਰ ਹੁੰਗਾਰਾ ਮਿਲਣ ਲੱਗਾ। ਕੇਂਦਰੀ ਲੀਡਰਸ਼ਿਪ ਚਾਹੁੰਦੀ ਸੀ ਉਹ ਆਪਣਾ ਕਿੱਤਾ ਛੱਡ ਕੇ ਪਾਰਟੀ ਦੀ ਪੰਜਾਬ ਦੀ ਕਮਾਨ ਸੰਭਾਲੇ, ਪਰ ਉਸ ਦੇ ਮਨ ਨੇ ਇਹ ਗੱਲ ਨਾ ਮੰਨੀ। ਰਾਜਸੀ ਸਰਗਰਮੀ ਕਾਰਨ ਪਰੈਕਟਿਸ ਦਾ ਵੀ ਨੁਕਸਾਨ ਹੋ ਰਿਹਾ ਸੀ। ਸੋ ਉਸ ਨੇ ਸਰਗਰਮ ਰਾਜਨੀਤੀ ਤੋਂ ਕਿਨਾਰਾ ਕਰ, ਆਪਣਾ ਸਾਰਾ ਧਿਆਨ 'ਹਰਕਾਰਾ', ਓਸ਼ੋ ਅਧਿਆਤਮ ਕੇਂਦਰ ਤੇ ਲਾਈਫ਼ ਅਵੇਅਰਨੈੱਸ ਮੂਵਮੈਂਟ 'ਤੇ ਲਾਉਣਾ ਸ਼ੁਰੂ ਕਰ ਦਿੱਤਾ, ਜਿਹੜਾ ਕਿ ਅੱਜ ਤੱਕ ਜਾਰੀ ਹੈ।

ਉਸ ਦੀ ਸ਼ਖ਼ਸੀਅਤ ਨੂੰ ਸਮਝਣ ਦਾ ਇਕ ਹੋਰ ਝਰੋਖਾ ਉਸ ਦੀਆਂ ਸਾਹਿਤਕ ਰਚਨਾਵਾਂ ਹਨ।

ਸੰਤਾਲੀ ਦੀ ਤ੍ਰਾਸਦੀ ਬਾਰੇ ਉਸ ਦੀ ਕਹਾਣੀਆਂ ਦੀ ਕਿਤਾਬ 'ਏਤੀ ਮਾਰ ਪਈ' ਇਕ ਤਰ੍ਹਾਂ ਉਸ ਦੇ ਪਰਿਵਾਰ ਦੁਆਲੇ ਘਟੇ ਦੁਖਾਂਤਾਂ ਦੀ ਗਾਥਾ ਹੈ, ਜਿਹੜਾ ਦੁੱਖ, ਉਜਾੜਾ, ਸੰਤਾਪ ਉਹਨਾਂ ਨੇ ਜਰਿਆ। 160 ਏਕੜਾਂ ਦਾ ਭਰਪੂਰ ਉਪਜਾਊ ਫਾਰਮ ਛੱਡ ਕੇ ਆਉਣਾ ਪਿਆ, ਪਰਿਵਾਰ ਦੇ ਤਿੰਨ ਵੱਡੇ ਜ਼ੁੰਮੇਵਾਰ ਬੰਦੇ ਗੁਆ ਕੇ। ਏਧਰ ਆ ਜ਼ਮੀਨ ਅਲਾਟ ਕਰਵਾਉਣ ਦੀ ਖੱਜਲ-ਖੁਆਰੀ ਤੇ ਘਰ 'ਚ ਕੋਈ ਮੋਹਤਬਰ ਨਾ ਹੋਣਾ! ਇਹ ਸਾਰੇ ਕੰਮ ਉਸਦੇ ਨਾਨੇ ਨੇ ਕੀਤੇ। ਸੈਕਸ ਵਰਤਾਰੇ 'ਤੇ ਕੇਂਦਰਿਤ ਕਰ ਲਿਖੀਆਂ ਉਸਦੀਆਂ ਕਹਾਣੀਆਂ ਦਾ ਸੰਗ੍ਰਹਿ 'ਸੈਕਸਃ ਵਾਤਸਾਇਨ, ਫਰਾਇਡ ਤੋਂ ਓਸ਼ੋ ਤੱਕ' ਵਿਚ ਉਸ ਨੇ ਆਪਣੇ ਕੋਲ ਆਉਂਦੇ ਮਰੀਜ਼ਾਂ ਦੀ ਜ਼ਿੰਦਗੀ ਦੀਆਂ ਘਟਨਾਵਾਂ ਦਾ ਅਜਨਬੀਕਰਨ ਕਰਕੇ ਸਾਹਿਤ 'ਚ ਲਿਆਂਦਾ। ਇਹਨਾਂ ਨੂੰ ਸਮਕਾਲ ਦੀ ਹਾਵੀ ਜੀਵਨਸ਼ੈਲੀ, ਸਮਾਜ ਦੇ ਵਰਤਾਰੇ ਤੇ ਵਰਜਣਾਵਾਂ ਨਾਲ ਜੋੜ ਕੇ ਪੇਸ਼ ਕੀਤਾ। ਪਰ ਇਕ ਥਾਂ ਖੜੋਤਾ ਨਹੀਂ ਕਿ ਜਿਸ ਵਿਸ਼ੇ ਜਾਂ ਵਿਧਾ ਨੂੰ ਪਾਠਕਾਂ ਨੇ ਵਧੇਰੇ ਪਸੰਦ ਕੀਤਾ, ਉਸ 'ਤੇ ਹੀ ਆਪਣੇ ਆਪ ਨੂੰ ਕੇਂਦਰਿਤ ਕਰ ਲਿਆ ਜਾਵੇ। ਉਸ ਦੀ ਹਰ ਰਚਨਾ ਪਹਿਲੀ ਤੋਂ ਵੱਖਰੀ ਖੜ੍ਹੀ ਹੈ।

1985 ਤੋਂ ਸਤੰਬਰ 2017 ਤੱਕ 'ਹਰਕਾਰਾ' ਚਲਾਇਆ, ਬੱਤੀ ਸਾਲ। ਇਸਦੇ ਹਰ ਅੰਕ ਵਿੱਚ ਲਗਪਗ ਤੀਜਾ ਹਿੱਸਾ ਰਚਨਾਵਾਂ ਉਸ ਦੇ ਪੈੱਨ 'ਚੋਂ ਨਿਕਲੀਆਂ ਹੁੰਦੀਆਂ। ਹਜ਼ਾਰਾਂ ਸਫ਼ਿਆਂ 'ਤੇ ਫੈਲਿਆਂ ਉਸ ਦਾ ਇਹ ਰਚਨਾਤਮਕ ਸੰਸਾਰ ਉਸ ਦੇ ਚਿੰਤਨ ਦੇ ਵਿਗਾਸ ਦੀ ਕਥਾ ਵੀ ਹੈ! ਪਰ ਕਿਸੇ ਗੱਲ 'ਤੇ ਮਾਣ ਨਹੀਂ ਕਰਦਾ, "ਉਹ ਪ੍ਰਭੂ ਜੋ ਕੁਝ ਕਰਵਾਉਂਦਾ ਰਿਹਾ, ਕਰਦਾ ਰਿਹਾ ਹਾਂ ਤੇ ਕਰਦਾ ਜਾ ਰਿਹਾਂ।" ਆਪਣੇ ਕਲੀਨਿਕ 'ਤੇ ਟੰਗੀ ਓਸ਼ੋ ਦੀ ਤਸਵੀਰ ਵੱਲ ਸਿਰ ਨਿਵਾ ਕੇ ਕਹਿੰਦਾ ਹੈ ਤਾਂ ਇਹ ਗੱਲ ਉਸ ਦੇ ਧੁਰ ਅੰਦਰੋਂ ਨਿਕਲੀ ਹੁੰਦੀ ਹੈ।

1989 ਤੋਂ ਜਿਉਂ ਉਸ ਨਾਲ ਮੇਲ ਹੋਇਆ, ਮਹੀਨੇ 'ਚ ਘੱਟੋ ਘੱਟ ਦੋ ਕੁ ਵਾਰ ਤਾਂ ਮਿਲਣ ਦਾ ਸਬੱਬ ਬਣਿਆ ਹੀ ਰਿਹਾ। ਗੱਲਾਂ ਓਹੀ ਸਮਾਜ 'ਚ ਵਧ ਰਹੇ ਸਵਾਰਥ, ਡਿੱਗ ਰਹੇ ਇਖਲਾਕ ਦੇ ਮਿਆਰ, ਰਾਜਨੀਤੀ ਦੇ ਨਿਘਾਰ ਤੇ ਇਹਨਾਂ ਸੰਦਰਭਾਂ 'ਚ ਓਸ਼ੋ ਚਿੰਤਨ ਦੀਆਂ। ਜਦੋਂ 2020 'ਚ ਦਿੱਲੀ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਸਾਡੇ ਇਸ 'ਸੰਵਾਦ' 'ਚ ਅਟਕਾ ਆ ਗਿਆ। ਉਸ 'ਚ ਇਕ ਨਵਾਂ ਮੋੜ ਆ ਗਿਆ ਸੀ, ਅੰਦੋਲਨ ਦੇ ਵਿਰੋਧ ਤੇ ਮੋਦੀ ਦੀਆਂ ਨੀਤੀਆਂ ਦੇ ਹੱਕ 'ਚ। ਉਹ ਨਵੇਂ ਸਮਾਜ ਦੀ ਸਿਰਜਣਾ ਲਈ ਹਿੰਦੂਤਵ ਨੂੰ ਵੀ ਸਹੀ ਮੰਨਣ ਲੱਗ ਪਿਆ ਸੀ, ਭਾਵੇਂ ਉਸਦਾ 'ਹਿੰਦੂਤਵ' ਪੁਰਾਤਨ ਵੇਦ, ਗਰੰਥਾਂ ਦੇ ਫ਼ਲਸਫ਼ੇ ਤੋਂ ਪ੍ਰੇਰਨਾ ਲੈਂਦਾ, ਭਾਰਤੀ ਅਧਿਆਤਮਕ ਦੀ ਉਸ ਪਰੰਪਰਾ ਤੋਂ ਜਿਹੜੀ ਬੰਦੇ ਨੂੰ ਆਪਣੇ ਅੰਦਰਲੇ ਨਾਲ ਇਕਮਿਕ ਕਰਨਾ ਸਿਖਾਉਂਦੀ ਹੈ। ਇਸ ਬਾਰੇ ਫੇਸ ਬੁੱਕ, ਸੋਸ਼ਲ ਮੀਡੀਆ ਤੇ ਹੋਰ ਮੰਚਾਂ 'ਤੇ ਖੁੱਲਮ-ਖੁੱਲ੍ਹੀਆਂ ਉਸ ਦੀਆਂ ਪੋਸਟਾਂ ਆਉਣ ਲੱਗੀਆਂ ਤਾਂ ਮੈਂ ਮਿਲਣ ਤੋਂ ਟਾਲਾ ਵੱਟਣ ਲੱਗਾ। ਜੇ ਕਦੀ ਗਿਆ ਵੀ, ਉਸ ਦੀ ਇਸ ਨਵੀਂ ਪੁਜ਼ੀਸ਼ਨ ਨਾਲ ਮੈਥੋਂ ਸਹਿਮਤ ਨਾ ਹੋਇਆ ਜਾਂਦਾ। ਉਹ ਦਲੀਲਾਂ ਤੇ ਦਲੀਲਾਂ ਦੇਈ ਜਾਂਦਾ। ਇਹ ਦਲੀਲਾਂ ਪਹਿਲਾਂ ਵਾਂਗ ਹੀ ਉਸ ਦੇ ਅੰਦਰੋਂ ਨਿਕਲੀਆਂ ਹੁੰਦੀਆਂ, ਕਿਸੇ ਰਾਜਨੀਤਕ ਗਿਣਤੀ-ਮਿਣਤੀ 'ਚੋਂ ਨਹੀਂ, ਨਾ ਹੀ ਕਿਸੇ ਸਵਾਰਥ 'ਚੋਂ। ਜਿੰਨਾ ਉਸ ਨੂੰ ਜਾਣਦਾ ਹਾਂ, ਉਸ ਨੇ ਕਦੀ ਚੋਣ ਨਹੀਂ ਲੜਨੀ। ਇਸ ਤੋਂ ਵੀ ਅਗਾਂਹ ਦੀ ਗੱਲ, ਆਪਣੀ ਕਿਸੇ ਪੁਜੀਸ਼ਨ ਦਾ ਉਸ ਨੇ ਕਦੀ ਕੋਈ ਲਾਹਾ ਵੀ ਨਹੀਂ ਲਿਆ। "ਰੱਬ ਮਿਹਨਤ ਨਾਲ ਰੋਟੀ ਦੇਈ ਜਾਂਦਾ ਹੈ, ਸਗੋਂ ਚੰਗੀ ਰੋਟੀ... ਸਮਾਜ 'ਚ ਬਹੁਤਿਆਂ ਤੋਂ ਚੰਗੀ ਹਾਲਤ ਹੈ। ਹੋਰ ਕੀ ਚਾਹੀਦਾ ਹੁੰਦਾ! ਸਹੂਲਤਾਂ ਦੀ ਦੌੜ ਨੇ ਤਾਂ ਸਾਰਾ ਬੇੜਾ ਗਰਕ ਕੀਤਾ ਹੋਇਆ।" ਉਹ ਕਹਿੰਦਾ ਹੀ ਨਹੀਂ, ਉਸ ਦੀ ਜ਼ਿੰਦਗੀ ਦਾ ਅਮਲ ਵੀ ਹੈ ਤੇ ਉਸ ਦੇ ਚਿੰਤਨ ਦਾ ਸੱਚ ਵੀ! ਤੇ ਅਜਿਹੇ ਮਨੁੱਖ ਦੀ ਸਿਰਜਣਾ ਲਈ ਯਤਨਸ਼ੀਲ ਹੈ, ਜਿਹੜਾ ਅੰਦਰੋਂ ਬਾਹਰੋਂ ਇਕ ਹੋਵੇ!

**(ਸੰਪਰਕ-95309-44345)**

# ਜੋਬਨ-ਰੁੱਤ ਦਾ ਗੀਤ: ਮਾਰਲਿਨ ਮੁਨਰੋ



## ਪਰਮਜੀਤ ਢੀਂਗਰਾ

ਮਾਰਲਿਨ ਮੁਨਰੋ ਨੇ ਇਕ ਵਾਰ ਕਿਹਾ ਸੀ ਕਿ–ਕੌਣ ਕਹਿੰਦਾ ਹੈ ਰਾਤਾਂ ਸਿਰਫ਼ ਸੌਣ ਲਈ ਹੁੰਦੀਆਂ ਨੇ। ਤੇ ਇਕ ਅਜਿਹੀ ਹੀ ਰਾਤ ਨੂੰ ਉਹ ਸਦਾ ਲਈ ਚੁੱਪ ਚਾਪ ਅਨੰਤ ਨੀਂਦ ਵਿਚ ਚਲੀ ਗਈ ਜਿਥੇ ਸ਼ਾਇਦ ਕਦੇ ਸਵੇਰ ਨਹੀਂ ਹੁੰਦੀ। 4 ਅਗਸਤ ਦੀ ਉਸ ਰਾਤ ਨੂੰ ਜਦੋਂ ਉਹ ਮੌਤ ਦੀਆਂ ਬਾਹਵਾਂ ਵਿਚ ਜਾ ਕੇ ਖ਼ਮੋਸ਼ ਹੋ ਗਈ, ਉਸ ਪਲ ਬਾਰੇ ਕਈ ਕਿਆਸਰਾਈਆਂ ਲਾਈਆਂ ਜਾਂਦੀਆਂ ਹਨ। ਉਦੋਂ ਉਹ ਸਿਰਫ 36 ਵਰ੍ਹਿਆਂ ਦੀ ਸੀ ਤੇ ਦੁਨੀਆ ਦੀ ਸਭ ਤੋਂ ਵੱਡੀ ਸੁਪਰਸਟਾਰ।

ਉਹਦਾ ਬਚਪਨ ਬਹੁਤਾ ਖ਼ੁਸ਼ਗਵਾਰ ਨਹੀਂ ਸੀ। ਛੋਟੀ ਉਮਰੇ ਉਹਨੇ ਇਕ ਸੁਪਨਾ ਪਾਲ ਲਿਆ ਸੀ ਕਿ ਉਹ ਇਕ ਦਿਨ ਗਲੈਮਰ ਦੀ ਦੁਨੀਆ ਦਾ ਚਮਕਦਾ ਸਿਤਾਰਾ ਬਣੇਗੀ। ਛੋਟੀ ਉਮਰੇ ਉਹ ਰੇਪ ਦੀ ਸ਼ਿਕਾਰ ਹੋ ਗਈ। ਇਸ ਘਟਨਾ ਤੋਂ ਉਹਨੂੰ ਬੜਾ ਡੂੰਘਾ ਸਦਮਾ ਲੱਗਿਆ ਪਰ ਉਹਨੇ ਇਸ ਨੂੰ ਅਖੀਰ ਇਕ ਹਾਦਸਾ ਸਮਝ ਕੇ ਜ਼ਿੰਦਗੀ ਵਿਚ ਆਪਣਾ ਮੁਕਾਮ ਬਣਾਉਣ ਦੀ ਠਾਣ ਲਈ। ਪਰ ਇਹਦੇ ਲਈ ਉਸ ਨੂੰ ਵੱਡੀ ਕੀਮਤ ਤਾਰਨੀ ਪਈ।

ਕਿਹਾ ਜਾਂਦਾ ਹੈ ਕਿ ਜਦੋਂ ਫਿਲਮੀ ਸਕਰੀਨ ’ਤੇ ਮਾਰਲਿਨ ਮੁਨਰੋ ਪ੍ਰਗਟ ਹੋਈ ਤਾਂ ਦੁਨੀਆ ਓਦੋਂ ਆਪਣੇ ਸਭ ਤੋਂ ਹੁਸੀਨ ਸੁਪਨਿਆਂ ਵਿਚ ਗੁਆਚੀ ਹੋਈ ਸੀ। ਇਹ ਦੂਸਰੇ ਸੰਸਾਰ ਯੁੱਧ ਤੋਂ ਬਾਅਦ ਦਾ ਸਮਾਂ ਸੀ । ਦੁਨੀਆ ਵਿਚ ਮਾਨਵਤਾਵਾਦ ਦੀ ਦੁਹਾਈ ਦਿੱਤੀ ਜਾ ਰਹੀ ਸੀ। ਲਗਦਾ ਸੀ ਜਿਵੇਂ ਦੁਨੀਆ ਕਿਸੇ ਵੱਡੀ ਪਰੀਖਿਆ ਵਿਚੋਂ ਪਾਸ ਹੋ ਕੇ ਸੁਖ ਦਾ ਸਾਹ ਲੈ ਰਹੀ ਹੋਵੇ।

ਮਾਰਲਿਨ ਮੁਨਰੋ ਇਕ ਚਮਕਦੇ ਸਿਤਾਰੇ ਵਾਂਗ ਪ੍ਰਗਟ ਹੋਈ। ਲੋਕ ਉਹਦੀ ਇਕ ਝਲਕ ਦੇਖਣ ਲਈ ਆਹਾਂ ਭਰਦੇ ਸਨ ਤੇ ਇਕ ਨਜ਼ਰ ਦੇਖਣ ਤੋਂ ਬਾਅਦ ਸਾਰੀ ਉਮਰ ਆਹਾਂ ਭਰਨ ਜੋਗੇ ਰਹਿ ਜਾਂਦੇ ਸਨ। ਹਜ਼ਾਰਾਂ ਲੱਖਾਂ ਲੋਕਾਂ ਨੇ ਉਹਦੀਆਂ ਫੋਟੋਆਂ ਘਰਾਂ ਵਿਚ ਲਾਈਆਂ ਹੋਈਆਂ ਸਨ। ਉਹ ਲੋਕਾਂ ਦੇ ਦਿਲਾਂ ’ਤੇ ਰਾਜ ਕਰਨ ਵਾਲੀ ਦੇਵੀ ਸੀ। ਉਹ ਲੋਕਾਂ ਦੇ ਸੁਪਨਿਆਂ ਦੀ ਰਾਣੀ ਸੀ। ਉਹਨੂੰ ਵੀਂਹਵੀ ਸਦੀ ਦੀ ਵੀਨਸ ਦੀ ਉਪਾਧੀ ਦਿੱਤੀ ਗਈ। ਸ਼ੋਖ ਗਲੈਮਰ ਦੀ ਦੁਨੀਆ ਵਿਚ ਵੀ ਉਹਦਾ ਮਸੂਮ ਚੇਹਰਾ ਸਭ ਨੂੰ ਕੀਲ ਲੈਂਦਾ। ਬਲੌਰੀ ਅੱਖਾਂ, ਮਸਤ ਅਦਾਵਾਂ, ਕਾਟਵਾਂ ਜਿਸਮ, ਲੰਮਾ ਕੱਦ, ਸੰਗਮਰਮਰੀ ਬਦਨ ਤੇ ਅੰਦਰ ਪਿਆਰ ਲਈ ਤੜਫਦਾ ਬੇਬਾਕ ਦਿਲ।



ਜਵਾਨੀ ਦੀ ਦਹਿਲੀਜ਼ ’ਤੇ ਪੈਰ ਰਖਦਿਆਂ ਉਹਨੂੰ ਕਈ ਪਾਪੜ ਵੇਲਣੇ ਪਏ, ਜਦੋਂ ਤੱਕ ਕਿ ਉਹ ਮਾਡਲਿੰਗ ਦੀ ਦੁਨੀਆ ਵਿਚ ਨਹੀਂ ਪਹੁੰਚੀ। ਹੌਲੀ ਹੌਲੀ

ਉਹ ਫਿਲਮੀ ਦੁਨੀਆ ਵਿਚ ਆਪਣੀ ਕਲਾ ਦੇ ਜੌਹਰ ਦਿਖਣ ਲੱਗੀ ਤੇ ਉਹਨੂੰ ਲੱਗਿਆ ਜਿਵੇਂ ਉਹ ਆਪਣੀ ਮੰਜ਼ਲ ਦੇ ਨੇੜੇ ਹੋਵੇ। ਪਰ ਜ਼ਿੰਦਗੀ ਉਹਦੇ ਲਈ ਕੰਡਿਆਂ ਦੀ ਸੇਜ ਵਿਛਾ ਰਹੀ ਸੀ ਜਿਸ ਤੋਂ ਉਹ ਬੇਖਬਰ ਸੀ।

ਫਿਲਮ 'ਲੈਟਸ ਮੇਕ ਲਵ' ਦੌਰਾਨ ਉਹਦੀ ਤਬੀਅਤ ਖਰਾਬ ਹੋ ਗਈ। ਇਕ ਨਵਾਂ ਡਾਕਟਰ ਇਸ ਮੌਕੇ ਉਹਦੀ ਜ਼ਿੰਦਗੀ ਵਿਚ ਦਾਖਲ ਹੋਇਆ-ਰਾਲਫ ਗਰੀਨਸਨ। ਉਹ ਕੈਲੇਫੋਰਨੀਆ ਦਾ ਵੱਡਾ ਮਨੋਚਕਿਤਸਕ ਸੀ। ਆਪਣੀ ਫਿਲਮ ਦੇ ਸੈਟ 'ਤੇ ਕੰਮ ਮੁਕਾ ਕੇ ਉਹ ਡਾਕਟਰ ਗਰੀਨਸਨ ਕੋਲ ਪਹੁੰਚੀ ਤਾਂ ਬਹੁਤ ਜ਼ਿਆਦਾ ਥੱਕੀ ਹੋਈ ਲੱਗ ਰਹੀ ਸੀ। ਅਸਤ ਵਿਅਸਤ ਤੇ ਲੜਖੜਾਂਦੀ ਜ਼ਬਾਨ। ਸਧਾਰਨ ਗੱਲਾਂ ਸਮਝਣ ਵਿਚ ਵੀ ਉਹਨੂੰ ਮੁਸ਼ਕਲ ਆ ਰਹੀ ਸੀ। ਉਹਦੀ ਹਾਲਤ ਦੇਖ ਕੇ ਡਾਕਟਰ ਨੂੰ ਉਹ ਖਤਰੇ ਵਿਚ ਮਹਿਸੂਸ ਹੋ ਰਹੀ ਸੀ। ਉਹਨੇ ਡੂੰਘਾ ਮਨੋਵਿਸ਼ਲੇਸ਼ਣ ਕਰਨ ਦੀ ਬਜਾਏ ਮੌਜੂਦਾ ਸਥਿਤੀ ਵਿਚ ਸੁਧਾਰ ਲਈ ਉਹਦਾ ਇਲਾਜ ਕਰਨ ਨੂੰ ਤਰਜੀਹ ਦਿੱਤੀ। ਉਹਨੇ ਮਾਰਲਿਨ ਦੀਆਂ ਰੋਜ਼ ਦੀਆਂ ਗੱਲਾਂ ਦਾ ਪਤਾ ਲਾਉਣਾ ਸ਼ੁਰੂ ਕੀਤਾ ਤਾਂ ਉਹਦੇ ਕੋਲ ਸ਼ਿਕਾਇਤਾਂ ਦਾ ਅੰਬਾਰ ਸੀ। ਪਹਿਲਾਂ ਉਹਨੇ ਕਿਹਾ ਕਿ 'ਲੈਟਸ ਮੇਕ ਲਵ' ਵਿਚ ਉਹਨੂੰ ਜਿਹੜਾ ਰੋਲ ਦਿੱਤਾ ਗਿਆ ਹੈ ਉਹ ਉਹਨੂੰ ਪਸੰਦ ਨਹੀਂ। ਜਦ ਕਿ ਜਦੋਂ ਉਹਨੇ ਫਿਲਮ ਸਾਈਨ ਕੀਤੀ ਤਾਂ ਉਹਨੂੰ ਇਹ ਰੋਲ ਪਸੰਦ ਸੀ।

ਉਹਨੇ ਡਾਕਟਰ ਨੂੰ ਇਹ ਵੀ ਦੱਸਿਆ ਕਿ ਉਹਦਾ ਅਨੀਂਦਰਾ ਰੋਗ ਲਾਇਲਾਜ ਹੋ ਗਿਆ ਹੈ। ਨੀਂਦ ਲਈ ਉਹ ਦਵਾਵਾਂ 'ਤੇ ਨਿਰਭਰ ਹੈ। ਉਹਨੇ ਇਨ੍ਹਾਂ ਦਵਾਈਆਂ ਨੂੰ ਸਹੀ ਠਹਿਰਾਣ ਦੀ ਕੋਸ਼ਿਸ਼ ਵੀ ਕੀਤੀ। ਆਪਣੇ ਪਹਿਲੇ ਡਾਕਟਰਾਂ ਤੋਂ ਉਹ ਅਸੰਤੁਸ਼ਟ ਸੀ। ਇਸੇ ਪੁਣ ਛਾਣ ਤੋਂ ਡਾਕਟਰ ਨੂੰ ਇਲਮ ਹੋਇਆ ਕਿ ਬੈਨ ਕੀਤੀਆਂ ਦਵਾਈਆਂ ਲਿਖਵਾਉਣ ਲਈ ਉਹ ਡਾਕਟਰਾਂ ਦੇ ਗੇੜੇ ਲਾਉਂਦੀ ਸੀ। ਇਕ ਡਾਕਟਰ ਕੋਲ ਜਾ ਕੇ ਉਹ ਦੂਸਰੇ ਡਾਕਟਰ ਨੂੰ ਮੰਦਾ ਚੰਗਾ ਕਹਿ ਦੇਂਦੀ ਸੀ। ਪੜਤਾਲ ਤੋਂ ਹੀ ਡਾਕਟਰ ਗਰੀਨਸਨ ਨੂੰ ਪਤਾ ਲੱਗਿਆ ਕਿ ਉਹ ਮਾਰਫੀਨ ਵਾਂਗ ਨਸ਼ੀਲੀ ਦਵਾਈ ਡੇਮੋਰੋਲ ਲੈਣ ਦੀ ਆਦੀ ਸੀ। ਨਾਲ ਹੀ ਉਹ ਨਰਵਸ ਸਿਸਟਮ ਨੂੰ ਪ੍ਰਭਾਵਿਤ ਕਰਨ ਵਾਲੀ ਦਵਾ ਸੋਡੀਅਮ ਪੈਂਟਾਥਾਲ ਵੀ ਲੈਂਦੀ ਸੀ। ਸਗੋਂ ਕਹਿਣਾ ਚਾਹੀਦਾ ਹੈ ਕਿ ਇਨ੍ਹਾਂ ਦਵਾਵਾਂ ਦੀ ਉਹਨੂੰ ਲੱਤ ਲੱਗ ਚੁੱਕੀ ਸੀ। ਦਵਾਈਆਂ ਤੋਂ ਦੂਰ ਰਖਣ ਲਈ ਡਾਕਟਰ ਗਰੀਨਸਨ ਨੇ ਨੀਂਦ ਆਉਣ ਦੇ ਉਹਨੂੰ ਕਈ ਤਰੀਕੇ ਦੱਸੇ ਤਾਂ ਜੋ ਉਹ ਇਨ੍ਹਾਂ ਮਾਰੂ ਦਵਾਈਆਂ ਤੋਂ ਬਚ ਸਕੇ।

ਅਸਲ ਵਿਚ ਜ਼ਿੰਦਗੀ ਦੀ ਉਦਾਸੀ ਨੇ ਉਹਨੂੰ ਬਦਹਵਾਸ ਕਰ ਦਿੱਤਾ ਸੀ। ਵਿਆਹ ਸੰਬੰਧ ਖਤਮ ਹੋ ਚੁੱਕਾ ਸੀ। ਗਲੈਮਰ ਦੀ ਦੁਨੀਆ ਦੀ ਉਹ ਬਾਦਸ਼ਾਹ ਸੀ ਪਰ ਅਸਲ ਜ਼ਿੰਦਗੀ ਵਿਚ ਇਸ ਗਲੈਮਰ ਦਾ ਕੋਈ ਮੁੱਲ ਨਹੀਂ ਸੀ। ਕ੍ਰਿਸਮਿਸ ਨੇੜੇ ਆ ਰਹੀ ਸੀ ਪਰ ਉਹਦੀ ਉਦਾਸੀ ਵਧਦੀ ਜਾ ਰਹੀ ਸੀ। ਉਹ ਮਾਨਸਿਕ ਤਨਾਓ ਵਿਚ ਆਪਣੇ ਆਪ ਨੂੰ ਘਿਰਿਆ ਮਹਿਸੂਸ ਕਰਦੀ। ਡੀਮੈਜੀਓ ਨੂੰ ਜਦੋਂ ਪਤਾ ਲੱਗਿਆ ਕਿ ਮਾਰਲਿਨ ਨੇ ਮਿੱਲਰ ਨੂੰ ਤਲਾਕ ਦੇ ਦਿੱਤਾ ਹੈ ਤਾਂ ਉਹ ਆਪਣੀ ਪਹਿਲੀ ਪਤਨੀ ਭਾਵ ਮੁਨਰੋ ਨੂੰ ਮਿਲਣ ਲਈ ਬੇਚੈਨ ਹੋ ਗਿਆ। ਕ੍ਰਿਸਮਿਸ ਦੀ ਸਵੇਰ ਉਹ ਉਹਨੂੰ ਮਿਲਣ ਗਿਆ ਤੇ ਉਸ ਤੋਂ ਬਾਅਦ ਰੋਜ਼ ਉਹਨੂੰ ਮਿਲਣ ਜਾਣ ਲੱਗਾ। ਨਵੇਂ ਵਰ੍ਹੇ ਭਾਵ 1961 ਤੋਂ ਪਹਿਲਾਂ ਹੀ ਉਹਨੇ ਆਪਣੇ ਵਕੀਲ ਨੂੰ ਨਵੀਂ ਵਸੀਅਤ ਲਿਖਣ ਲਈ ਬੁਲਾ ਭੇਜਿਆ। ਨਿਰਾਸ਼ਾ ਦੇ ਦੌਰਿਆਂ ਵਿਚ ਉਹ ਦਵਾਈਆਂ ਦੀ ਵਧੇਰੇ ਮਾਤਰਾ ਲੈਣ ਲੱਗ ਪਈ।

ਅਖੀਰ ਉਹਨੂੰ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ ਜਿੱਥੇ ਉਹਦੇ ਉੱਤੇ ਸਖਤੀ ਕੀਤੀ ਗਈ। ਉਹ ਬਾਹਰ ਆਉਣ ਲਈ ਤੜਫ ਰਹੀ ਸੀ, ਜਿਹਾ ਕਿ ਸਟਰੈਸਬਰਗ ਨੂੰ ਲਿਖੇ ਉਹਦੇ ਇਕ ਖ਼ਤ ਤੋਂ



ਪਤਾ ਲੱਗਦਾ ਹੈ–

ਪਿਆਰੀ ਲੀ ਵ ਪਾਓਲਾ, ਡਾਕਟਰ ਕ੍ਰਿਸ ਨੇ ਮੈਨੂੰ ਨਿਊ ਯਾਰਕ ਹਸਪਤਾਲ ਦੇ ਮਨੋਚਕਿਤਸਕ ਵਿਭਾਗ ਵਿਚ ਦਾਖਲ ਕਰਵਾ ਦਿੱਤਾ ਹੈ। ਏਥੇ ਦੋ ਈਡੀਅਟ ਮੇਰਾ ਇਲਾਜ ਕਰ ਰਹੇ ਨੇ। ਇਨ੍ਹਾਂ ਨੂੰ ਤਾਂ ਡਾਕਟਰ ਪਤਾ ਨਹੀਂ ਕਿਸ ਬੇਵਕੂਫ ਨੇ ਬਣਾ ਦਿੱਤਾ ਹੈ। ਮੈਨੂੰ ਕਈ ਪਾਗਲਾਂ ਨਾਲ ਬੰਦ ਕੀਤਾ ਹੋਇਆ। ਜੇ ਮੈਂ ਜ਼ਿਆਦਾ ਦੇਰ ਏਥੇ ਰਹੀ ਤਾਂ ਮਰ ਜਾਵਾਂਗੀ। ਮੇਰੀ ਮਦਦ ਕਰੋ ਤੇ ਡਾਕਟਰ ਕ੍ਰਿਸ ਨੂੰ ਦਸੋ ਕਿ ਮੈਂ ਠੀਕ ਹਾਂ। ਮੇਰੀ ਯਾਦਾਸ਼ਤ ਸਹੀ ਕੰਮ ਕਰ ਰਹੀ ਹੈ ਪਲੀਜ਼ ਮੇਰੀ ਮਦਦ ਕਰੋ। ਮੈਂ ਏਥੇ ਨਹੀਂ ਰਹਿਣਾ ਚਾਹੁੰਦੀ। ਤੁਸਾਂ ਦੋਵਾਂ ਨੂੰ ਮੇਰਾ ਪਿਆਰ– ਮਾਰਲਿਨ

1961 ਵਿਚ ਉਹਨੇ ਨਿਊਯਾਰਕ ਛੱਡ ਦਿੱਤਾ। ਮਨ ਤੇ ਦਿਮਾਗ ਤਾਂ ਪਹਿਲਾਂ ਹੀ ਉਹਦਾ ਸਾਥ ਛੱਡ ਚੁੱਕੇ ਸਨ। ਫਿਰ ਵਾਪਸ ਹਾਲੀਵੁੱਡ ਪਹੁੰਚ ਗਈ, ਜਿਸ ਦੇ ਚੱਪੇ ਚੱਪੇ ਨਾਲ ਕੁਝ ਵਰ੍ਹੇ ਪਹਿਲਾਂ ਉਹਨੂੰ ਨਫ਼ਰਤ ਹੋ ਚੁੱਕੀ ਸੀ। ਇਕ ਕੰਮ ਸੀ ਜੋ ਉਹਨੇ ਨਹੀਂ ਸੀ ਕੀਤਾ ਕਿ ਨਿਊਯਾਰਕ ਵਾਲਾ 57-ਸਟਰੀਟ ਵਾਲਾ ਅਪਾਰਟਮੈਂਟ ਨਹੀਂ ਸੀ ਵੇਚਿਆ ਕਿ ਸ਼ਾਇਦ ਫੇਰ ਏਥੇ ਆ ਕੇ ਰਹਿਣਾ ਪੈ ਜਾਏ। ਹਾਲੀਵੁੱਡ ਵਿਚ ਉਹਨੇ ਇਕ ਸ਼ਾਨਦਾਰ ਫਲੈਟ ਕਿਰਾਏ ਤੇ ਲੈ ਲਿਆ।1962 ਵਿਚ ਫਾਕਸ ਉਹਦੇ ਨਾਲ ਨਵੀਂ ਫਿਲਮ 'ਸਮਥਿੰਗਜ਼ ਗਾਟ ਟੂ ਗਿਵ' ਦੀ ਸ਼ੂਟਿੰਗ ਸ਼ੁਰੂ ਕਰਨ ਵਾਲਾ ਸੀ। ਸ਼ੂਟਿੰਗ ਅਪ੍ਰੈਲ ਵਿਚ ਹੋਣੀ ਸੀ। ਇਸ ਦੀ ਸਕ੍ਰਿਪਟ ਵਿਚ ਮੁਨਰੋ ਨੇ ਪਹਿਲਾਂ ਕਾਫੀ ਦਿਲਚਸਪੀ ਦਿਖਾਈ। ਫਿਲਮ ਵਿਚ ਜਿਸ ਔਰਤ ਨੂੰ ਬੋਟ ਦੁਰਘਟਨਾ ਵਿਚ ਪਹਿਲਾਂ ਮਰਿਆ ਮੰਨ ਲਿਆ ਗਿਆ ਸੀ ਬਾਅਦ ਵਿਚ ਉਹ ਜਿਊਂਦੀ ਆ ਹਾਜ਼ਰ ਹੁੰਦੀ ਹੈ। ਇਸ ਨਾਲ ਕਈ ਮੁਸ਼ਕਲਾਂ ਖੜੀਆਂ ਹੋ ਜਾਂਦੀਆਂ ਹਨ। ਇਸ ਦੌਰਾਨ ਉਹ ਪੰਜ ਵਰ੍ਹੇ ਇਕ ਟਾਪੂ 'ਤੇ ਕਿਸੇ ਹੋਰ ਵਿਅਕਤੀ ਨਾਲ ਜ਼ਿੰਦਗੀ ਬਿਤਾਉਂਦੀ ਹੈ ਤੇ ਓਧਰ ਉਹਦਾ ਪਤੀ ਦੁਬਾਰਾ ਵਿਆਹ ਕਰਵਾ ਲੈਂਦਾ ਹੈ। ਬਾਅਦ ਵਿਚ ਪਤਾ ਨਹੀਂ ਮੁਨਰੋ ਨੂੰ ਇਹ ਕਹਾਣੀ ਕਿਉਂ ਨੀਰਸ ਲੱਗਣ ਲੱਗ ਪਈ ਤੇ ਉਹਨੇ ਸਕ੍ਰਿਪਟ ਵਿਚ ਬਾਰ ਬਾਰ ਤਬਦੀਲੀ ਕਰਵਾਈ। ਸਾਰੇ ਕਹਿਣ ਲੱਗੇ ਕਿ ਇਹ ਉਹਦੇ ਸੁਪਰਸਟਾਰ ਵਾਲੇ ਨਖ਼ਰੇ ਹਨ ਪਰ ਕੋਈ ਨਹੀਂ ਸੀ ਜਾਣਦਾ ਕਿ ਉਹਦੇ ਅੰਦਰ ਰਿਸ਼ਤਿਆਂ ਨੂੰ ਲੈ ਕੇ ਕਿੰਨੀ ਟੁੱਟ ਭੱਜ ਹੋਈ ਹੈ।

ਪਹਿਲੀ ਜੂਨ,1962 ਨੂੰ ਉਹਨੇ ਆਪਣਾ 36ਵਾਂ ਜਨਮ ਦਿਨ ਮਨਾਇਆ। ਦਿਨੇ ਸ਼ੂਟਿੰਗ ਵਿਚ ਸਭ ਕੁਝ ਠੀਕ ਠਾਕ ਸੀ। ਸ਼ਾਮ ਨੂੰ ਕਈ ਦਰਜਨ ਮੋਮਬੱਤੀਆਂ ਨਾਲ ਚਮਚਮਾਂਦਾ ਇਕ ਵੱਡਾ ਕੇਕ ਕੱਟਿਆ ਗਿਆ। ਉਹ ਆਪਣੇ ਸਾਰੇ ਸਹਿਯੋਗੀ ਸਾਥੀਆਂ ਨਾਲ ਘਿਰੀ ਹੋਈ ਸੀ। ਇਨ੍ਹਾਂ ਵਿਚ ਕਈ ਉਹਦੇ ਨਿੱਜੀ ਸਟਾਫ਼ ਮੈਂਬਰ ਵੀ ਸਨ। ਖੁਸ਼ੀ ਦੇ ਇਸ ਮੌਕੇ ਉਹ ਰੋਣ ਲੱਗ ਪਈ ਜਿਵੇਂ ਉਹ ਇਸ ਮੌਕੇ ਨੂੰ ਹੀ ਉਡੀਕ ਰਹੀ ਹੋਵੇ।

ਅਗਲੇ ਦਿਨ ਉਹਦੀ ਤਬੀਅਤ ਵਿਗੜ ਗਈ। ਡਾਕਟਰ ਪਰੇਸ਼ਾਨ ਹੋ ਗਏ। ਜਦੋਂ ਕਈ ਦਿਨ ਉਹ

ਸ਼ੂਟਿੰਗ 'ਤੇ ਨਾ ਗਈ ਤਾਂ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਫਿਲਮਾਂ ਛੱਡ ਰਹੀ ਹੈ। ਜੂਨ ਦੇ ਦੂਸਰੇ ਸ਼ੁੱਕਰਵਾਰ ਜੋ ਵਾਪਰਿਆ ਉਹ ਵੀ ਕਿਸੇ ਨੇ ਕਦੇ ਨਹੀਂ ਸੀ ਸੋਚਿਆ ਕਿ ਮੁਨਰੋ ਨਾਲ ਅਜਿਹਾ ਹੋ ਸਕਦਾ ਹੈ ਜਿਸ ਦੇ ਇਸ਼ਾਰਿਆਂ 'ਤੇ ਹਾਲੀਵੁੱਡ ਨੱਚਦਾ ਸੀ। ਫਾਕਸ ਨੇ ਉਹਨੂੰ ਇਸ ਫਿਲਮ ਵਿੱਚੋਂ ਕੱਢ ਦਿੱਤਾ। ਮੁਨਰੋ ਖੁਦ ਹੈਰਾਨ ਰਹਿ ਗਈ। ਇਕ ਵਾਰ ਤਾਂ ਉਹਨੂੰ ਸਮਝ ਨਹੀਂ ਆਈ ਕਿ ਹੋਇਆ ਕੀ ਹੈ। ਉਹਨੇ ਆਪਣੇ ਆਪ ਨੂੰ ਕਮਰੇ ਵਿਚ ਕੈਦ ਕਰ ਲਿਆ। ਅਗਲੀ ਸ਼ਾਮ ਉਹ ਕਮਰੇ ਵਿੱਚੋਂ ਬਾਹਰ ਨਿਕਲੀ।ਪੈਟ ਨਿਊਕਾਂਬ ਨੇ ਉਹਨੂੰ ਫੋਨ 'ਤੇ ਕਈ ਵਾਰ ਝਗੜਦਿਆਂ ਸੁਣਿਆ। ਫਿਰ ਨਿਊਜ਼ ਸਰਵਿਸ ਵਾਲਿਆਂ ਉਹਦਾ ਪੱਖ ਜਾਣਨਾ ਚਾਹਿਆ ਤਾਂ ਉਹਨੇ ਚੀਕਦਿਆਂ ਕਿਹਾ-ਮੈਂ ਕੁਝ ਨਹੀਂ ਕਹਿਣਾ। 'ਫਿਰ ਕੁਝ ਪਲਾਂ ਬਾਅਦ ਉਹ ਕਹਿਣ ਲੱਗੀ-'ਠਹਿਰੋ, ਸਮਾਂ ਆ ਗਿਆ ਹੈ ਕਿ ਜਦੋਂ ਸਟੂਡੀਓ ਵਿਚ ਬੈਠੇ ਬੌਸ ਇਹ ਮਹਿਸੂਸ ਕਰਨ ਕਿ ਉਹ ਕੀ ਕਰ ਰਹੇ ਹਨ, ਜੇ ਹਾਲੀਵੁੱਡ ਵਿਚ ਕੁਝ ਗਲਤ ਹੋ ਰਿਹਾ ਹੈ ਤਾਂ ਇਹਦੀ ਸ਼ੁਰੂਆਤ ਉਪਰੋਂ ਹੋਈ ਹੈ।'

ਹਲਾਤ ਜਿਸ ਪਾਸੇ ਵੱਲ ਜਾ ਰਹੇ ਸਨ, ਉਸ ਤੋਂ ਸਾਰਿਆਂ ਨੇ ਅੰਦਾਜ਼ਾ ਲਾ ਲਿਆ ਸੀ ਕਿ ਮਾਰਲਿਨ ਦਾ ਕੈਰੀਅਰ ਢਲਾਨ ਵੱਲ ਜਾ ਰਿਹਾ ਹੈ। ਪਰ ਉਹ ਗ਼ਲਤ ਸਾਬਤ ਹੋਏ। ਜੂਨ ਦੇ ਅਖੀਰ ਵਿਚ ਮਾਰਲਿਨ ਦੇ ਵਕੀਲ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਦਸਿਆ ਕਿ ਫਾਕਸ ਨਾਲ ਸੁਲ੍ਹਾ ਸਫ਼ਾਈ ਹੋ ਗਈ ਹੈ ਤੇ ਮਸਲਾ ਸੁਲਝਾ ਲਿਆ ਗਿਆ ਹੈ। 'ਸਮਥਿੰਗਜ਼ ਗਾਟ ਟੂ ਗਿਵ' ਵਿਚ ਮਾਰਲਿਨ ਨੂੰ ਦੁਬਾਰਾ ਲਿਆ ਜਾ ਰਿਹਾ ਹੈ। ਇੰਜ ਸਾਰੀਆਂ ਅਫਵਾਹਾਂ ਦਾ ਭੋਗ ਪੈ ਗਿਆ।

ਲੋਕਾਂ ਵਿਚ ਆਪਣੇ ਇਮੇਜ ਨੂੰ ਲੈਕੇ ਉਹ ਬੜੀ ਸੁਚੇਤ ਰਹਿੰਦੀ ਸੀ। ਉਹ ਉਹਨੂੰ ਹੋਰ ਸੁਧਾਰਣਾ ਚਾਹੁੰਦੀ ਸੀ। ਅੰਤਲੇ ਦਿਨ ਉਹਦੀ ਪਬਲੀਸਿਟੀ ਦਾ ਕੰਮ ਦੇਖਣ ਵਾਲੀ ਪੈਟਰੀਸ਼ੀਆ ਨਿਊਕਾਂਬ ਤੇ ਉਹਦਾ ਫੋਟੋਗ੍ਰਾਫ਼ਰ ਲਾਰੈਂਸ ਸ਼ਿਲਰ ਉਹਨੂੰ ਮਿਲਣ ਆਏ। ਉਹਦਾ ਡਾਕਟਰ ਗਰੀਨਸਨ ਵੀ ਉਹਨੂੰ ਮਿਲਣ ਆਇਆ ਤੇ ਉਹਨੇ ਉਹਦੀ ਹਾਊਸਕੀਪਰ ਯੂਨਿਸ ਮਰੇ ਨੂੰ ਸਮਝਾਂਦਿਆਂ ਕਿਹਾ ਕਿ ਜੇ ਮਾਰਲਿਨ ਦੀ ਤਬੀਅਤ ਥੋੜ੍ਹੀ ਜਿਹੀ ਵੀ ਵਿਗੜੇ ਤਾਂ ਉਹ ਰਾਤ ਉਹਦੇ ਕੋਲ ਹੀ ਰਹੇ।

ਸ਼ਾਮ ਨੂੰ ਮਾਰਲਿਨ ਨੇ ਕਈ ਟੈਲੀਫੋਨ ਕੀਤੇ ਤੇ ਰਾਤ ਅੱਠ ਵਜੇ ਦੇ ਕਰੀਬ ਉਹ ਆਪਣੇ ਬੈੱਡਰੂਮ ਵਿਚ ਚਲੀ ਗਈ। ਰਾਤ ਤਿੰਨ ਵਜੇ ਦੇ ਕਰੀਬ ਜਦੋਂ ਯੂਨਿਸ ਮਰੇ ਦੀ ਅੱਖ ਖੁੱਲ੍ਹੀ ਤਾਂ ਉਹਨੂੰ ਕੁਝ ਅਜੀਬ ਜਿਹੀ ਭਣਕ ਪਈ ਜਿਵੇਂ ਕੋਈ ਗੜਬੜ ਹੋ ਗਈ ਹੋਵੇ। ਉਹਨੇ ਦੇਖਿਆ ਕਿ ਮਾਰਲਿਨ ਦੇ ਕਮਰੇ ਦੀ ਬੱਤੀ ਜੱਗ ਰਹੀ ਹੈ ਤੇ ਕਮਰਾ ਅੰਦਰੋਂ ਬੰਦ ਹੈ। ਉਹਨੇ ਇਕ ਦੋ ਅਵਾਜ਼ਾਂ ਮਾਰੀਆਂ ਪਰ ਕੋਈ ਜੁਆਬ ਨਹੀਂ ਆਇਆ। ਉਹਨੇ ਘਬਰਾ ਕੇ ਤੁਰੰਤ ਡਾਕਟਰ ਗਰੀਨਸਨ ਨੂੰ ਫ਼ੋਨ ਕੀਤਾ ਜੋ ਕੁਝ ਮਿੰਟਾਂ ਵਿਚ ਹੀ ਪਹੁੰਚ ਗਿਆ। ਬੈੱਡਰੂਮ ਦੀ ਖਿੜਕੀ ਦਾ ਸ਼ੀਸ਼ਾ ਤੋੜ ਕੇ ਜਦੋਂ ਗਰੀਨਸਨ ਅੰਦਰ ਗਿਆ ਤਾਂ ਉਹਨੇ ਦੇਖਿਆ ਕਿ ਬਿਸਤਰੇ 'ਤੇ ਨਿਰਵਸਤਰ ਪਈ ਮਾਰਲਿਨ ਦਾ ਸਰੀਰ ਲੁੜਕਿਆ ਪਿਆ ਸੀ। ਉਹਦੇ ਝੂਲ ਰਹੇ ਹੱਥ ਵਿਚ ਟੈਲੀਫੋਨ ਦਾ ਚੋਗਾ ਸੀ। ਮੇਜ 'ਤੇ ਉਹਦੀ ਐਂਟੀ ਡਿਪਰੈੱਸ਼ਨ ਦੀਆਂ ਗੋਲੀਆਂ ਵਾਲੀ ਸ਼ੀਸ਼ੀ ਖਾਲ੍ਹੀ ਪਈ ਸੀ। ਉਹ ਇਸ ਦੁਨੀਆ ਤੋਂ ਜਾ ਚੁੱਕੀ ਸੀ। ਪੁਲਿਸ ਰਿਕਾਰਡ ਵਿਚ ਉਹਦੀ ਮੌਤ ਦਾ ਕਾਰਨ ਆਤਮਹੱਤਿਆ ਦਰਜ ਹੈ। ਪਰ ਉਹਦੀ ਮੌਤ ਤੋਂ ਸੱਠ ਵਰ੍ਹੇ ਬਾਅਦ ਵੀ ਬਹੁਤ ਸਾਰੇ ਲੋਕ ਇਹ ਮੰਣਨ ਲਈ ਤਿਆਰ ਨਹੀਂ ਕਿ ਉਹਨੇ ਆਤਮਹੱਤਿਆ ਕੀਤੀ ਸੀ। ਸਭ ਨੂੰ ਸ਼ੱਕ ਹੈ ਕਿ ਉਹਦੀ ਹੱਤਿਆ ਕੀਤੀ ਗਈ ਸੀ। ਪਰ ਉਹਦਾ ਹਤਿਆਰਾ ਕੌਣ ਹੈ, ਇਹ ਕਿਸੇ ਨੂੰ ਨਹੀਂ ਪਤਾ।

ਦੁਨੀਆ ਦੇ ਇਤਿਹਾਸ ਵਿਚ ਜਿੰਨੀਆਂ ਉਹਦੀਆਂ ਫੋਟੋਆਂ ਅੱਜ ਤੱਕ ਛਪੀਆਂ ਹਨ ਹੋਰ ਕਿਸੇ ਦੀਆਂ ਨਹੀਂ। ਬਾਕਸ ਆਫਿਸ 'ਤੇ ਉਹਦੀ ਹਰ ਫਿਲਮ ਨੇ ਪਹਿਲੀ ਨਾਲੋਂ ਵੱਧ ਚੜ੍ਹ ਕੇ ਕਮਾਈ ਕੀਤੀ ਤੇ

ਹਿੱਟ ਹੋਈ। ਵੀਹਵੀਂ ਸਦੀ ਦੇ ਸਿਨੇਮੇ ਵਿਚ ਚਾਰਲੀ ਚੈਪਲਿਨ ਤੋਂ ਬਾਅਦ ਉਹ ਸਭ ਤੋਂ ਵੱਡੀ ਸੁਪਰ ਸਟਾਰ ਵਜੋਂ ਜਾਣੀ ਜਾਂਦੀ ਹੈ। ਇਹ ਉਹਦੀ ਪ੍ਰਤਿਭਾ ਦਾ ਕਮਾਲ ਹੀ ਸੀ ਕਿ 1953 ਤੋਂ ਲੈ ਕੇ 1959 ਤੱਕ ਦਾ ਸਮਾਂ ਉਹਦਾ ਸਭ ਤੋਂ ਚਮਕੀਲਾ ਦੌਰ ਸੀ ਜਦੋਂ ਉਹਨੇ ਵਿਸ਼ਵ ਸਿਨੇਮੇ ’ਤੇ ਆਪਣੀ ਅਦਾਕਾਰੀ ਦੀ ਛਾਪ ਛੱਡੀ।

ਮਾਰਲਿਨ ਦੀ ਮੌਤ ਤੋਂ ਬਾਅਦ ਭਾਵਨਾਤਮਕ ਤੌਰ ’ਤੇ ਤਬਾਹ ਹੋ ਚੁੱਕੇ ਡੀਮੈਜੀਓ ਨੇ ਉਹਦੀਆਂ ਅੰਤਿਮ ਰਸਮਾਂ ਦੀ ਜਿੰਮੇਵਾਰੀ ਨਿਭਾਈ। ਅੰਤਿਮ ਸੰਸਕਾਰ ਨੂੰ ਬਹੁਤ ਹੀ ਨਿੱਜੀ ਰੂਪ ਵਿਚ ਪੂਰਿਆਂ ਕੀਤਾ ਗਿਆ ਤੇ ਮਾਰਲਿਨ ਦੇ ਤੀਹ ਦੇ ਕਰੀਬ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਹੀ ਬੁਲਾਇਆ ਗਿਆ। ਫਿਲਮ ਵਾਲਿਆਂ ਨੂੰ ਜਾਣ ਬੁਝ ਕੇ ਨਹੀਂ ਬੁਲਾਇਆ ਗਿਆ ਕਿਉਂਕਿ ਡੀਮੈਜੀਓ ਨੂੰ ਯਕੀਨ ਸੀ ਕਿ ਮਾਰਲਿਨ ਦੀ ਬੇਵਕਤੀ ਮੌਤ ਲਈ ਹਾਲੀਵੁੱਡ ਦੇ ਉਹਦੇ ਦੋਸਤ ਜ਼ਿੰਮੇਵਾਰ ਹਨ।

ਕਾਮਯਾਬੀ ਤੇ ਗਲੈਮਰ ਦੀ ਦੁਨੀਆ ਦੇ ਇਤਿਹਾਸ ਵਿਚ ਉਹਦੇ ਤੋਂ ਵੱਡਾ ਕੋਈ ਸਟਾਰ ਅੱਜ ਤੱਕ ਪੈਦਾ ਨਹੀਂ ਹੋਇਆ। ਇਕ ਗਰੀਬ ਪਰਿਵਾਰ ਵਿਚ ਪੈਦਾ ਹੋ ਕੇ ਵੀ ਉਹਨੇ ਸਾਬਤ ਕਰ ਦਿੱਤਾ ਕਿ ਪ੍ਰਤਿਭਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਤੇ ਇਹ ਉਸ ਨੂੰ ਅਮਰ ਕਰ ਦੇਂਦੀ ਹੈ। ਜੋਬਨ ਰੁੱਤ ਦਾ ਇਹ ਗੀਤ ਅੱਜ ਵੀ ਹਾਲੀਵੁੱਡ ਵਿਚ ਗੂੰਜਦਾ ਹੈ ਤੇ ਅੱਜ ਵੀ ਲੋਕ ਉਹਦੀਆਂ ਫਿਲਮਾਂ, ਅਦਾਕਾਰੀ, ਹੁਸਨ ਤੇ ਲਿਆਕਤ ਦੇ ਦੀਦਾਵਰ ਹਨ। ਉਹਦੀ ਮੌਤ ਤੋਂ ਬਾਅਦ ਪ੍ਰਸਿੱਧ ਕਵੀ ਆਰਨੈਸਟੋ ਕਾਰਦੇਨਲ ਨੇ ਉਹਦੇ ਬਾਰੇ ਇਕ ਕਵਿਤਾ ਲਿਖੀ ਸੀ ਜੋ ਵਿਸ਼ਵ ਸਾਹਿਤ ਵਿਚ ਕਲਾਸਿਕ ਦਾ ਦਰਜਾ ਰਖਦੀ ਹੈ। ਪੇਸ਼ ਹੈ ਉਸ ਕਵਿਤਾ ਦਾ ਅਨੁਵਾਦ:

### ਮਾਰਲਿਨ ਮੁਨਰੋ ਲਈ ਪ੍ਰਾਥਨਾ / ਆਰਨੈਸਟੋ ਕਾਰਦੇਨਲ

ਹੇ ਪ੍ਰਭੂ ! ਸਵੀਕਾਰ ਕਰੋ
ਇਸ ਕੁੜੀ ਨੂੰ
ਜਿਸ ਨੂੰ ਸਾਰੀ ਦੁਨੀਆ
ਮਾਰਲਿਨ ਮੁਨਰੋ ਦੇ ਨਾਂ ਨਾਲ
ਜਾਣਦੀ ਹੈ
ਹਾਲਾਂਕਿ ਕਿ ਉਹਦਾ ਨਾਂ
ਇਹ ਨਹੀਂ ਸੀ
ਪਰ ਪ੍ਰਭੂ ਤੁਸੀਂ ਤਾਂ ਜਾਣਦੇ ਹੋ
ਉਹਦਾ ਅਸਲੀ ਨਾਂ
ਉਹ ਯਤੀਮ ਕੁੜੀ ਜੋ
ਨੌਂ ਵਰ੍ਹਿਆਂ ਦੀ ਬਾਲੜੀ ਉਮਰੇ
ਰੇਪ ਦਾ ਸ਼ਿਕਾਰ ਹੋਈ
ਦੁਕਾਨ ’ਤੇ ਨੌਕਰੀ ਕਰਨ ਵਾਲੀ ਇਹ ਕੁੜੀ
ਜਿਸ ਨੇ ਸੋਲਾਂ ਵਰ੍ਹਿਆਂ ਦੀ ਉਮਰੇ
ਕੀਤੀ ਸੀ ਕੋਸ਼ਿਸ਼ ਖ਼ੁਦਕੁਸ਼ੀ ਦੀ

ਤੇ ਜਿਹੜੀ ਹੁਣ ਆ ਰਹੀ ਹੈ
ਤੁਹਾਡੇ ਹਜ਼ੂਰ
ਬਿਨਾ ਕਿਸੇ ਮੇਕਅੱਪ ਦੇ
ਬਿਨਾ ਆਪਣੇ ਪ੍ਰੈੱਸ ਏਜੰਟ ਦੇ
ਬਿਨਾ ਆਪਣੀਆਂ ਫੋਟੋਆਂ ਦੇ
ਬਿਨਾ ਕੋਈ ਆਟੋਗ੍ਰਾਫ ਦਿੱਤਿਆਂ
ਜਿਵੇਂ ਕੋਈ ਇਕੱਲਾ ਪੁਲਾੜ ਯਾਤਰੀ
ਵੱਧ ਰਿਹਾ ਹੋਵੇ ਅਨੰਤ ਅੰਧਕਾਰ ਵੱਲ
ਜਦੋਂ ਅਜੇ ਉਹ ਬਾਲੜੀ ਸੀ
ਉਹਨੇ ਸੁਪਨੇ ਵਿਚ ਦੇਖਿਆ
ਕਿ ਉਹ ਇਕ ਚਰਚ ਵਿਚ
ਖੜੀ ਹੈ ਬਿਲਕੁਲ ਨੰਗੀ
ਜ਼ਮੀਨ ’ਤੇ ਲੋਟਣੀਆਂ ਲੈਂਦੀ
ਬੇਅੰਤ ਭੀੜ ਸਾਹਮਣੇ
ਲੋਕਾਂ ਦੇ ਸਿਰ ਬਚਾਉਣ ਲਈ
ਚਲਣਾ ਪੈ ਰਿਹੈ ਸੀ ਉਹਨੂੰ ਪੰਜਿਆਂ ਭਾਰ
ਪ੍ਰਭੂ ਤੁਸੀਂ ਸਾਡੇ ਸੁਪਨਿਆਂ ਦੇ
ਕਿਸੇ ਮਨੋਵਿਸ਼ਲੇਸ਼ਕ ਨਾਲੋਂ
ਵਧੇਰੇ ਜਾਣੀ ਜਾਣ ਹੋ
ਚਰਚ ਹੋਵੇ ਘਰ ਜਾਂ ਗ਼ੁਫ਼ਾ
ਸਾਰੇ ਪ੍ਰਤੀਕ ਹਨ ਕੁੱਖ ਦੀ ਰਖਿਆ ਦੇ
ਸਗੋਂ ਇਸ ਤੋਂ ਵੀ ਕੁਝ ਵਧ
ਇਹ ਤਾਂ ਸਪਸ਼ਟ ਹੈ ਕਿ
ਸਿਰ ਹਨ ਇਹ ਉਹ ਸਾਰੇ
(ਪਰਦੇ ’ਤੇ ਡਿੱਗਦੀ ਰੌਸ਼ਨੀ ਦੇ ਸ਼ਤੀਰ ਹੇਠਾਂ ਹਨੇਰੇ ਵਿਚ ਪਏ ਸਿਰਾਂ ਦੇ ਸਿਰ)
ਪਰ ਇਹ ਮੰਦਰ
20ਵੀਂ ਸੈਂਚੁਰੀ ਫਾਕਸ ਦਾ
ਸਟੂਡੀਓ ਨਹੀਂ
ਸੋਨੇ ਤੇ ਸਗਮਰਮਰ ਦਾ ਇਹ ਮੰਦਰ
ਉਹਦੀ ਦੇਹ ਦਾ ਮੰਦਰ ਹੀ ਤਾਂ ਹੈ
ਜਿਥੇ ਆਦਮ ਦਾ ਬੇਟਾ ਖੜਾ ਹੈ
ਹੱਥ ਵਿਚ ਕੋੜਾ ਫੜੀ
20ਵੀਂ ਸੈਂਚੁਰੀ ਵਾਲੇ ਫਾਕਸ ਦੇ
ਬਾਣੀਆਂ ਨੂੰ ਖਦੇੜਦਾ ਹੋਇਆ

ਜਿਨ੍ਹਾਂ ਨੇ ਪ੍ਰਭੂ
ਤੁਹਾਡੇ ਪ੍ਰਾਰਥਨਾ ਘਰ
ਬਣਾ ਦਿੱਤੇ ਹਨ ਚੋਰਾਂ ਦੇ ਅੱਡੇ
ਹੇ ਪ੍ਰਭੂ !
ਇਸ ਦੁਨੀਆ ਵਿਚ ਜੋ ਕੁਝ ਵੀ ਹੈ
ਉਹ ਰੇਡੀਓਐਕਟਿਵਿਟੀ ਅਤੇ ਪਾਪ ਤੋਂ
ਆਪਵਿੱਤਰ ਹੈ, ਇਸ ਲਈ
ਨਿਸਚੇ ਹੀ ਤੁਸੀਂ
ਦੁਕਾਨ 'ਤੇ ਕੰਮ ਕਰਨ ਵਾਲੀ
ਉਸ ਕੁੜੀ ਨੂੰ ਦੋਸ਼ ਨਹੀਂ ਦਿਓਗੇ
ਜਿਸ ਨੇ ਕਿਸੇ ਅਜਿਹੀ ਕੁੜੀ ਵਾਂਗ
ਲਿਆ ਸੀ ਸੁਪਨਾ ਸਟਾਰ ਬਣਨ ਦਾ
ਤੇ ਪੂਰਾ ਹੋ ਗਿਆ ਉਹ ਸੁਪਨਾ ਇੰਨ ਬਿੰਨ
(ਟੈਕਨੀਕਲਰ ਹਕੀਕਤ ਵਾਂਗ)
ਉਹਨੇ ਉਹੀ ਕੀਤਾ
ਅਸਾਂ ਆਪਣੀਆਂ ਜ਼ਿੰਦਗੀਆਂ ਦੀ
ਜੋ ਪੱਟ-ਕਥਾ ਉਹਨੂੰ ਦਿੱਤੀ
ਉਹਨੇ ਉਹਨੂੰ ਤੋੜ ਚੜ੍ਹਾਇਆ
ਪਰ ਉਹਦੇ ਵਿਚ ਨਹੀਂ ਸੀ
ਅਰਥ ਕੋਈ
ਪ੍ਰਭੂ ਉਹਨੂੰ ਤੇ ਸਾਨੂੰ ਸਾਰਿਆਂ ਨੂੰ
ਕਰ ਦਿਓ ਮੁਆਫ਼
ਆਪਣੀ ਇਸ 20ਵੀਂ ਸੈਂਚੁਰੀ ਲਈ
ਤੇ ਉਸ ਵਿਸ਼ਾਲ
ਸੁਪਰ ਪ੍ਰੋਡਕਸ਼ਨ ਲਈ
ਜਿਸ ਵਿਚ ਸ਼ਾਮਲ ਸਾਂ ਅਸੀਂ ਸਾਰੇ
ਉਹ ਪਿਆਰ ਦੀ ਤਲਬਗਾਰ ਸੀ
ਤੇ ਅਸਾਂ ਦਿੱਤੀਆਂ ਉਹਨੂੰ
ਸਲੀਪਿੰਗ ਪਿਲਜ਼
ਉਹਨੂੰ ਸਾਡੇ ਸਾਧ ਨਾ ਹੋਣ ਦਾ ਗਮ ਸੀ
ਤੇ ਅਸਾਂ ਸੁਝਾਏ ਉਹਨੂੰ
ਮਨੋਵਿਸ਼ਲੇਸ਼ਕ ਦੇ ਨੁਸਖੇ
ਪ੍ਰਭੂ ਜ਼ਰਾ ਯਾਦ ਕਰੋ
ਕਿਵੇਂ ਉਹ ਡਰਨ ਲੱਗ ਪਈ ਸੀ ਕੈਮਰੇ ਤੋਂ



ਕਿਵੇਂ ਹੋ ਗਈ ਸੀ ਨਫਰਤ ਉਹਨੂੰ ਮੇਕਅੱਪ ਤੋਂ
(ਪਰ ਓਦੋਂ ਵੀ ਹਰ ਸ਼ਾਟ ਲਈ
ਤਾਜ਼ਾ ਮੇਕਅੱਪ ਕਰਾਉਣ ਦੀ
ਬਰਕਰਾਰ ਸੀ ਉਹਦੀ ਜ਼ਿੱਦ)
ਕਿਵੇਂ ਵਧਦੀ ਗਈ ਉਹਦੀ ਪੀੜਾ
ਤੇ ਕਿਵੇਂ ਸਟੂਡੀਓ ਪਹੁੰਚਣ ਲਈ
ਹੁੰਦੀ ਗਈ ਉਹ ਲਾ-ਪਰਵਾਹ
ਦੁਕਾਨ ਤੇ ਨੌਕਰੀ ਕਰਦੀ
ਕਿਸੇ ਵੀ ਕੁੜੀ ਵਾਂਗ
ਲਿਆ ਸੀ ਸੁਪਨਾ ਉਹਨੇ
ਸਟਾਰ ਬਣਨ ਦਾ
ਤੇ ਉਹਦੀ ਜ਼ਿੰਦਗੀ ਓਨੀ ਹੀ ਸੀ
ਗ਼ੈਰ-ਹਕੀਕੀ
ਜਿੰਨਾ ਹੁੰਦਾ ਹੈ ਇਕ ਸੁਪਨਾ
ਜਿਸ ਦੀ ਪਰਖ ਕਰਦਾ ਮਨੋਵਿਸ਼ਲੇਸ਼ਕ
ਤਿਆਰ ਕਰਦਾ ਹੈ ਰਿਪੋਰਟ
ਉਹਦੇ ਪਿਆਰ ਸ਼ਾਟ ਸਨ ਮਸਨੂਈ
ਅੱਖਾਂ ਮੁੰਦ ਕੇ ਦਿੱਤੇ ਗਏ ਚੁੰਮਣ
ਜੋ ਅੱਖਾਂ ਖੁਲ੍ਹਦਿਆਂ ਦਿਸਦੇ ਸਨ
ਸਪਾਟ ਲਾਈਟਾਂ ਹੇਠ ਘਿਰੇ ਹੋਏ
ਸਪਾਟ ਲਾਈਟਾਂ ਹੁਣ ਬੁਝਾ ਦਿੱਤੀਆਂ ਗਈਆਂ ਹਨ
ਤੇ ਸ਼ਾਟ ਠੀਕ ਠਾਕ ਕਰਨ ਤੋਂ ਬਾਅਦ
ਹੱਥ ਵਿਚ ਨੋਟ-ਬੁੱਕ ਫੜੀ
ਜਾ ਰਿਹਾ ਹੈ ਨਿਰਦੇਸ਼ਕ
ਜਾਂ ਫਿਰ ਸਨ ਉਹ
ਕਿਸੇ ਬੇੜੀ-ਸਮੂਹ ਵਾਂਗ
ਇਕ ਚੁੰਮਣ ਸਿੰਘਾਪੁਰ ਵਿਚ
ਇਕ ਡਾਂਸ ਰਿਓ ਵਿਚ
ਇਕ ਜਸ਼ਨ ਵਿੰਡਸਰ ਵਿਚ
ਇਕ ਡਿਊਕ ਤੇ ਡਚੇਜ਼ ਦੇ ਮਹੱਲਾਂ ਵਿਚ
ਕਿਸੇ ਸਸਤੇ ਫਲੈਟ ਦੇ
ਮਨਹੂਸ ਭੜਕੀਲੇ ਵਾਤਾਵਰਨ ਵਿਚ
ਫਿਲਮਾਏ ਗਏ ਸ਼ਾਟਸ ਵਾਂਗ
ਫਿਲਮ ਖਤਮ ਹੋ ਗਈ
ਅਖੀਰਲੇ ਚੁੰਮਣ ਤੋਂ ਬਿਨਾ ਹੀ
ਉਨ੍ਹਾਂ ਨੂੰ ਮਿਲੀ ਉਹ ਆਪਣੇ
ਬਿਸਤਰੇ ਦੇ ਵੱਟਾਂ ਵਿਚ ਉਲਝੀ
ਜ਼ਿੰਦਗੀ ਤੋਂ ਹਾਰੀ ਹੋਈ
ਹੱਥ ਵਿਚ ਲਟਕਦਾ ਟੈਲੀਫੋਨ ਲਈ
ਜਾਂਚ-ਕਰਤੇ ਕਦੇ ਨਹੀਂ ਲੱਭ ਸਕੇ
ਤੇ ਨਾ ਸੁਲਝਾ ਸਕੇ ਗੁੱਥੀ ਕਿ
ਕਿਸ ਨਾਲ ਚਾਹੁੰਦੀ ਸੀ ਉਹ
ਆਖਰੀ ਗੱਲ ਕਰਨੀ
ਜਾਪਦੈ ਜਿਵੇਂ ਕਿਸੇ ਨੇ
ਸਿਰਫ ਇਕ ਇਕੱਲੀਕਾਰੀ
ਦੋਸਤਾਨਾ ਅਵਾਜ਼ ਨੂੰ
ਮਿਲਾਇਆ ਹੋਵੇ ਆਖਰੀ ਫੋਨ
ਤੇ ਓਧਰੋਂ ਸੁਣਾਈ ਦਿੱਤੀ ਹੋਵੇ
ਪਹਿਲਾਂ ਤੋਂ ਟੇਪ ਕੀਤੀ ਅਵਾਜ਼-
ਰਾਂਗ ਨੰਬਰ
ਜਾਂ ਫਿਰ ਜਿਵੇਂ ਡਾਕੂਆਂ ਦੇ ਹਮਲੇ ਵਿਚ
ਜ਼ਖ਼ਮੀ ਹੋਇਆ ਕੋਈ ਵਿਅਕਤੀ
ਕੱਟੇ ਹੋਏ ਫ਼ੋਨ ਵਾਂਗ ਲਟਕਿਆ ਹੋਵੇ
ਪ੍ਰਭੂ ਉਹ ਕੋਈ ਵੀ ਹੋਵੇ
ਜਿਸ ਨੂੰ ਉਹਨੇ ਫ਼ੋਨ ’ਤੇ
ਬੁਲਾਉਣ ਦੀ ਕੀਤੀ ਸੀ ਕੋਸ਼ਿਸ਼
ਪਰ ਬੁਲਾ ਨਹੀਂ ਸਕੀ
(ਤੇ ਸ਼ਾਇਦ ਉਹ
ਕੋਈ ਵੀ ਨਹੀਂ ਸੀ
ਜਾਂ ਕੋਈ ਉਹ ਸੀ
ਜਿਸ ਦਾ ਨਾਂ ਲਾਸ ਏਂਜਲਿਸ ਦੀ
ਫੋਨ ਡਾਇਰੈਕਟਰੀ ਵਿਚ ਨਹੀਂ ਸੀ)
ਹੇ ਪ੍ਰਭੂ ! ਪ੍ਰਮੇਸ਼ਵਰ
ਤੁਸੀਂ ਉਹਦਾ ਫੋਨ ਚੁੱਕ ਲਓ
ਹੇ ਪ੍ਰਭੂ ! ਪ੍ਰਮੇਸ਼ਵਰ
ਤੁਸੀਂ ਉਹਦਾ ਫੋਨ ਚੁੱਕੋ
ਤੇ ਜੁਆਬ ਦਿਓ...
94173 58120

ਚਿੰਤਨ

# ਡਲਿਵਰੀ ਮੈਨ :
# ਪੂੰਜੀ- ਬਾਜ਼ਾਰ ਅਤੇ ਜੀਵਨ-ਦਖ਼ਲ

**ਡਾ.ਚੰਦਰ ਪ੍ਰਕਾਸ਼**






ਭਗਵੰਤ ਰਸੂਲਪੁਰੀ ਰਚਿਤ ਕਹਾਣੀ 'ਡਲਿਵਰੀ ਮੈਨ'; ਪੂੰਜੀ ਦੁਆਰਾ ਘੜੇ ਜਾ ਰਹੇ ਬੰਦੇ/ਬਣਾਉਟੀ ਜੀਵਨ ਦੀ ਝਲਕ ਪੇਸ਼ ਕਰਦੀ ਹੈ।

**ੳ) ਪੂੰਜੀ -ਬਾਜ਼ਾਰ: ਜੀਵਨ -ਦਖ਼ਲ**

ਪੂੰਜੀ ਨੇ 'ਜੀਵਨ-ਸ਼ੈਲੀ' ਵਿੱਚ ਆਸਾਧਰਣ ਕਿਸਮ ਦਾ ਸੁਖ਼ਵਾਦ ਪੈਦਾ ਕਰ ਦਿੱਤਾ ਹੈ। ਉਪਭੋਗ ਦੇ 'ਨਸ਼ਈ ਸਮੇਂ' ਵਿੱਚ 'ਵਸਤਾਂ ਦੀ ਖੇਡ' ਨੇ ਜੀਵਨ ਦਾ ਹਰ ਕੋਨਾ ਮੱਲਿਆ ਹੋਇਆ ਹੈ। ਬਾਜ਼ਾਰ ਦੇ ਨਵੇਂ ਬਸਤੀਵਾਦ ਨੂੰ ਜਨਮ ਦੇਣ ਨਾਲ ਪੂੰਜੀ ਦਾ ਨਵਾਂ ਆਧਾਰ ਤਿਆਰ ਹੋਇਆ ਹੈ। ਪੂੰਜੀਵਾਦ ਦੀ ਇਸ ਵਿਕਸਿਤ ਅਵਸਥਾ ਵਿੱਚ ਅੰਤਰਰਾਸ਼ਟਰੀ ਸਬੰਧਾਂ ਦੀ ਨਿਰਮਾਣਕਾਰੀ/ ਯੋਜਨਾਬੰਦੀ ਨਵੇਂ ਸਿਰਿਓਂ ਹੋਈ ਹੈ; ਜਿਸ ਵਿੱਚ ਵਿਗਿਆਪਨਕਾਰੀ ਦਾ ਚੋਖਾ ਹਿੱਸਾ ਹੈ । ਇਸ ਸੁਪਨ ਸੰਸਾਰ ਵਿੱਚ ਬਣਾਵਟੀ ਬਾਜ਼ਾਰ; 'ਸਜਾਵਟੀ' ਨਜ਼ਰ ਆਉਂਦਾ ਹੈ। ਫਰੈਡਰਿਕ ਜੇਮਸਨ 'ਬਾਜ਼ਾਰ -ਪਛਾਣ' ਬਾਰੇ ਲਿਖਦਾ ਹੈ:- *ਵਿਸ਼ਵ- ਪੂੰਜੀ ਨਵੇਂ ਬਾਜ਼ਾਰ ਬਣਾਉਣ; ਸਮੁਦਾਇਕ ਸਭਿਆਚਾਰਕ ਪਰੰਪਰਾਵਾਂ ਵਿੱਚ ਨਿਹਿਤ ਭਿੰਨਤਾਵਾਂ, ਜੀਵਨ ਸ਼ੈਲੀਆਂ ਅਤੇ ਮੁੱਲ ਦ੍ਰਿਸ਼ਟੀਆਂ ਦੇ ਅਨੁਕੂਲਨ ਅਤੇ ਲੋੜਾਂ ਦਾ ਮਾਨਵੀ ਕਰਨ ਕਰਨ ਦੀ ਦਿਸ਼ਾ ਵੱਲ ਵਧ ਰਹੀ ਹੈ । ਇਹ ਮਨੁੱਖੀ ਮਨ ਵਿੱਚ ਵਸਤੂਆਂ ਪ੍ਰਤਿ ਨਵੀਆਂ ਇੱਛਾਵਾਂ ਪੈਦਾ ਕਰਨ ਲਈ ਸਮੁੱਚੇ ਤੌਰ 'ਤੇ ਇੱਕ ਉਪਭੋਗੀ ਸੱਭਿਆਚਾਰ ਨੂੰ ਉਤਸਾਹਿਤ ਕਰ ਰਹੀ ਹੈ।*[1] ਇੰਜ ਪਦਾਰਥ ਦਾ ਆਨੰਦ ਸਾਡੀ ਸਵੈ-ਪਛਾਣ / ਹੈਸੀਅਤ / ਘੁੰਮਡ ਨਾਲ ਵੀ ਰਲਗੱਡ ਹੋ ਗਿਆ ਹੈ। ਪੂਰਨਤਾ-ਅਪੂਰਨਤਾ ਦਾ ਭੇਦ ਮਿਟ ਰਿਹਾ ਹੈ। ਕਹਾਣੀ ਵਿੱਚ ਡਾ.ਗੀਤਾ ਡਿਪਾਰਟਮੈਂਟ ਹੈੱਡ ਨਾਲ ਤਕਰਾਰ ਕਰਦੀ ਹੋਈ ਕਹਿੰਦੀ ਹੈ: *"ਡਾਕਟਰ ਸਾਹਿਬ !!!...ਮੈਂ ਤੁਹਾਡੀ ਰਿਸਪੈਕਟ ਕਰਦੀ ਆਂ ...ਚੁੱਪ ਹੋ ਜਾਓ!! ਇਹ ਮੇਰੀ ਨੀਡ ਨਹੀਂ ਏ ਕਿ ਮੈਂ ਕਿਸੇ ਨਾਲ ਰਹਾਂ ਜਾਂ ਨਾ... ਨਾਲੇ ਤੁਸੀਂ ਕੌਣ ਹੁੰਦੇ ਓ... ਮੇਰੀ ਪਰਸਨਲ ਲਾਈਫ 'ਚ ਦਖਲ ਅੰਦਾਜ਼ੀ ਕਰਨ ਵਾਲੇ... ਮੈਂ ਜਿਵੇਂ ਦੀ ਹਾਂ ਜਿਵੇਂ ਹਾਂ ..ਮੈਂ ਖੁਸ਼ ਆਂ.. ਨਾਲੇ ਮੈਂ ਕੱਲੀ ਹੀ ਥੋੜ੍ਹਾ ਆਂ -ਮੇਰੇ ਨਾਲ ਅਲੈਕਸਾ ਏ...ਉਹ ਮੇਰੇ ਹੁਕਮ ਨਾਲ ਬੋਲਦੀ ਏ... ਮੇਰੇ ਹੁਕਮ ਨਾਲ ਚੁੱਪ ਹੋ ਜਾਂਦੀ ਏ... ਮੈਨੂੰ ਢੇਰ ਸਾਰੇ ਗਾਣੇ ਸੁਣਾ ਦਿੰਦੀ ਏ... ਮੇਰੇ ਅੱਗੇ ਇਤਿਹਾਸ ਦੇ ਪੰਨੇ ਪੜ੍ਹ*

*ਦਿੰਦੀ ਏ... ਮੇਰੇ ਅੱਗੇ ਰਾਜਨੀਤੀ ਰੱਖ ਦਿੰਦੀ ਏ... ਮੈਨੂੰ ਤਾਂ ਉਹ ਬੋਰ ਹੋਣ ਈ ਨਹੀਂ ਦਿੰਦੀ... ਹਰ ਸਮੇਂ ਹਾਜ਼ਰ ਰਹਿੰਦੀ ਏ... ਮੇਰਾ ਹੁਕਮ ਮੰਨਦੀ ਏ।"*[2] ਵਕਤ-ਵਸਤ ਦੇ ਪ੍ਰਸੰਗ ਵਿੱਚ ਕਹਿਣਾ ਬਣਦਾ ਹੈ ਕਿ ਪੜ੍ਹਨ ਤੋਂ ਕਾਮ-ਕ੍ਰੀੜਾ ਤੱਕ ਦੇ ਕਾਰ-ਵਿਹਾਰ ਨੂੰ ਪਦਾਰਥਕ ਵਸਤਾਂ ਨਾਲ ਮੁਕੰਮਲ ਕੀਤਾ ਜਾ ਸਕਦਾ ਹੈ।

**ਅ) ਪੂੰਜੀ- ਬਾਜ਼ਾਰ : ਬਣਾਉਟੀ/ਮਸ਼ੀਨੀ- ਸਿਆਣਪ**

ਮਨੁੱਖ -ਮਸ਼ੀਨ ਦੀ ਸਬੰਧਕਾਰੀ 'ਚ ਨਵਾਂ ਕੁਦਰਤੀ ਵਾਤਾਵਰਨ ਸਿਰਜਿਆ ਜਾ ਰਿਹਾ ਹੈ। ਇਸ ਸਿਰਜਣਕਾਰੀ ਵਿੱਚ ਮਸ਼ੀਨੀ ਸਿਆਣਪ (ਆਰਟੀਫਿਸ਼ਅਲ ਇੰਟੈਲੀਜੈਂਸ) ਮਾਨਵੀ ਬੁੱਧੀ/ ਚੇਤਨਤਾ ਨੂੰ ਡੰਗ ਮਾਰਦੀ ਹੈ। ਇਹ ਡੰਗ ਹੀ ਮਾਨਵ ਚੋਂ 'ਮਾਨਵਤਾ'ਗਾਇਬ ਕਰਦਾ ਹੈ । ਇਸ ਲਈ ਹੀ ਇਹ ਉੱਤਰ-ਮਾਨਵਵਾਦ ਯੁੱਗ ਕਹਾਉਣ ਲੱਗਾ ਹੈ। *ਮਸ਼ੀਨੀ ਸਿਆਣਪ ਦੇ ਪਿਤਾਮਾ ਕੰਪਿਊਟਰ ਵਿਗਿਆਨੀ ਜਿਓਫ਼ਰੀ ਹਿੰਟਨ ਇਸ ਦੇ ਸੰਭਾਵੀ ਖਤਰਿਆਂ ਬਾਰੇ ਚੇਤਾਵਨੀ ਦਿੰਦਾ ਹੈ ਕਿ ਏ . ਆਈ. ਸੰਭਾਵਿਤ ਤੌਰ 'ਤੇ ਮਨੁੱਖਾਂ ਨੂੰ ਪਛਾੜ ਸਕਦੀ ਹੈ। ਉਹ ਕਹਿੰਦਾ ਹੈ ਕਿ ਸਾਡੇ ਦਿਮਾਗਾਂ ਵਿੱਚ 100 ਖ਼ਰਬ / ਟ੍ਰਿਲੀਅਨ ਕਨੈਕਸ਼ਨ ਹਨ । ਵੱਡੇ ਤੋਂ ਵੱਡੇ ਭਾਸ਼ਾ ਮਾਡਲਾਂ ਵਿੱਚ ਅੱਧਾ ਟ੍ਰਿਲੀਅਨ ਜਾਂ ਵੱਧ ਤੋਂ ਵੱਧ ਇੱਕ ਟ੍ਰਿਲੀਅਨ ਕਨੈਕਸ਼ਨ ਹੁੰਦੇ ਹਨ । ਫਿਰ ਵੀ GPT-ਚਾਰ ਕਿਸੇ ਵੀ ਵਿਅਕਤੀ ਨਾਲੋਂ ਸੈਂਕੜੇ ਗੁਣਾ ਜਿਆਦਾ ਜਾਣਦਾ ਹੈ। ਅਸਲ ਵਿੱਚ ਇਸ ਕੋਲ ਸਾਡੇ ਨਾਲੋਂ ਬਹੁਤ ਜਿਆਦਾ ਵਧੀਆ ਸਿੱਖਣ ਦਾ ਐਲਗੋਰਿਦਮਜ਼ ਹੈ।* ਇਸ 'ਸੁਖ਼ਵਾਦ ਦੀ ਰਾਜਨੀਤੀ' ਨੂੰ ਨਵੇਂ ਔਜ਼ਾਰਾਂ ਨਾਲ ਸਮਝਣਾ ਪਵੇਗਾ। ਸਾਹਿਤ / ਕਲਾ /ਸਭਿਆਚਾਰ ਗਿਆਨ-ਵਿਗਿਆਨ ਸਿਰਜਣ-ਪ੍ਰਕਿਰਿਆ ਵਿੱਚ ਨਕਾਰਤਮਕ / ਸਕਾਰਾਤਮਕ ਪੱਖ ਜਾਰੀ ਰਹਿਣਗੇ। ਅਮਰਜੀਤ ਗਰੇਵਾਲ ਹੁਰਾਂ ਨੇ ਵੀ 'ਸੋ ਦਰੁ' ਨਾਟ-ਕਿਰਤ ਰਾਹੀਂ ਉੱਤਰ-ਮਾਨਵਵਾਦ ਦੇ ਵਿਸਮਾਦੀ ਸੰਸਾਰ ਨੂੰ ਸਮਝਣ ਦਾ ਯਤਨ ਕੀਤਾ ਹੈ। ਦਰਸ਼ਨ ਜੋਗਾ ਦੀ ਕਹਾਣੀ 'ਫਨੀਅਰ' ਚੋਂ ਵੀ ਸੰਕੇਤਕ ਹਵਾਲੇ ਹਾਜ਼ਰ ਹਨ। ਹੋਰ ਰਚਨਾਵਾਂ ਦੀ ਭਾਲ ਵੀ ਕੀਤੀ ਜਾ ਸਕਦੀ ਹੈ 'ਆਰਟੀਫਿਸ਼ਲ ਇੰਟੈਲੀਜੈਂਸ' ਵੇਲਿਆਂ ਵਿੱਚ ਬਣ ਰਹੀ ਨਵੀਂ ਜ਼ਿੰਦਗੀ ਬਾਰੇ ਗੰਭੀਰ ਸੰਵਾਦ ਪੈਦਾ ਕਰਨ ਲਈ ਅਜਿਹੀਆਂ ਰਚਨਾਵਾਂ ਦਾ ਸਾਹਮਣੇ ਆਉਣਾ ਜ਼ਰੂਰੀ ਹੈ। ਸੰਵਾਦ ਮੈਗਜ਼ੀਨ (ਜੁਲਾਈ-ਦਸੰਬਰ, 2023) ਵਿੱਚ ਇਸ 'ਡੀਬੇਟ' ਨੂੰ ਵਿਸ਼ੇਸ਼ 'ਸਪੇਸ' ਦਿੱਤੀ ਗਈ ਹੈ। 'ਡਲਿਵਰੀ ਮੈਨ' ਕਹਾਣੀ ਵੀ ਇਸ ਰਾਹ ਤੁਰਦੀ ਹੈ।

**ੲ) ਡਲਿਵਰੀ ਮੈਨ: ਪੂੰਜੀ- ਬਾਜ਼ਾਰ**

'ਬਾਜ਼ਾਰ-ਫ਼ਲਸਫ਼ਾ' ਸਮਝਣਾ ਚੁਣੌਤੀ-ਭਰਪੂਰ ਕਾਰਜ ਹੈ। *ਮੁਨਾਫੇ ਦੇ ਨਾਂ ਉੱਤੇ ਜਦੋਂ ਹਰ ਚੀਜ਼ ਨੂੰ ਜਾਇਜ਼ ਮੰਨਿਆ ਜਾ ਰਿਹਾ ਹੋਵੇ ਅਤੇ ਮੀਡੀਆ ਬਾਜ਼ਾਰ-ਦਰਸ਼ਨ ਨੂੰ ਵਿਚਾਰਧਰਾਵਾਂ ਤੋਂ ਪਰੇ ਇੱਕ ਸੁਤੰਤਰ ਪ੍ਰਮਾਣਿਤ ਸੱਚਾਈ ਦੇ ਰੂਪ ਵਿੱਚ ਪੇਸ਼ ਕਰ ਰਿਹਾ ਹੋਵੇ ਤਾਂ ਉਸ ਵੇਲੇ ਜ਼ਰੂਰਤ ਹੈ ਕਿ ਇਸ ਨੂੰ ਲਗਾਤਾਰ ਬਹਿਸ ਦਾ ਵਿਸ਼ਾ ਬਣਾਇਆ ਜਾਵੇ।* [4] ਅਜਿਹੇ ਵੇਲੇ ਜਦੋਂ ਸਮੁੱਚਤਾ ਬਾਰੇ ਲੋਕਾਂ ਨੇ ਸੋਚਣਾ ਹੀ ਛੱਡ ਦਿੱਤਾ ਹੋਵੇ ਇਹ ਇੱਕ ਮੁਸ਼ਕਿਲ ਲੜਾਈ ਹੈ। ਸਮੁੱਚਤਾ-ਬੋਧ ਪੈਦਾ ਕਰਨ ਲਈ ਵੱਡੀ ਦਿਮਾਗੀ ਮੁਹਿੰਮ ਦੀ ਲੋੜ ਹੈ। 'ਬਾਜ਼ਾਰ-ਬਿੰਬ' ਬੰਬ ਵਾਂਗ ਹਮਲਾ ਕਰਦੇ ਹੋਏ 'ਬੇਹੋਸ਼' ਕਰਦੇ ਹਨ। ਬੰਦੇ ਦੀ ਸੁਤੰਤਰ-ਸੱਤਾ ਪੂੰਜੀ ਨੂੰ 'ਸਮਰਪਿਤ' ਹੋ ਚੁੱਕੀ ਹੈ। ਉਤਪਾਦਨ -ਪ੍ਰਕਿਰਿਆ ਵਿੱਚ 'ਕਿਰਤ' ਦੇ ਮਾਇਨੇ ਬਦਲ ਗਏ ਹਨ। ਕਿਰਤ ਵਿੱਚ 'ਜ਼ੋਰ' ਦੀ ਥਾਂ 'ਦਿਮਾਗ' ਮਹੱਤਵਪੂਰਨ ਹੋ ਗਿਆ ਹੈ; ਤੇ ਮਸ਼ੀਨ ਨੇ

'ਸਹਾਇਕ ਸੰਦ' ਦੀ ਥਾਂ ਲੈ ਲਈ ਹੈ। ਇਸ ਬਦਲਵੇਂ ਢੰਗ ਤੋਂ ਬੀਟੈਕ ਪਾਸ 'ਡਲਵਿਰੀ ਮੈਨ' ਕੇਵਲ ਕ੍ਰਿਸ਼ਨ ਭਲੀ ਭਾਂਤ ਜਾਣੂੰ ਹੈ।ਮੰਡੀ ਦੀ ਰਮਜ਼ –ਸਮਝ ਉਸਦੇ ਜੀਣ ਲਈ ਸਹਾਰਾ ਤਾਂ ਬਣਦੀ ਹੈ; ਪਰ ਪਰਦੇ ਪਿਛਲੇ ਦਰਦ ਅਵੱਲੇ ਹਨਃ–

*"ਆਪਣਾ ਬੈਗ ਇੱਕ ਪਾਸੇ ਰੱਖ ਕੇਵਲ ਬੋਲਦਾ ਏ , 'ਸੌਰੀ ਮੈਡਮ ਜੀ ! ਦਰਅਸਲ ਐਤਵਾਰ ਬਹੁਤ ਬਿਜ਼ੀ ਹੁੰਦਾ ਏ...ਪਹਿਲਾਂ ਤਾਂ ਸੂਬੇਦਾਰ ਦੀ ਫੁੱਲ ਮਸਾਜ ਕੀਤੀ ...ਉਹਦੀ ਪਤਨੀ ਕਹਿੰਦੀ ਕੇਵਲ ਮੇਰੇ ਪੈਰ ਬਹੁਤ ਸੁੱਜੇ ਹੋਏ ਨੇ ਇਹਨਾਂ ਦੀ ਮਸਾਜ ਵੀ ਕਰਜਾ.. ਵਿੱਚ ਹੀ ਇੱਕ ਬਰਥਡੇਅ ਪਾਰਟੀ ਦੀ ਕੈਟਰਿੰਗ ਬੁੱਕ ਸੀ। ਉਥੇ ਹਲਵਾਈ ਵੇਟਰ ਤੇ ਇੱਕ ਸੁਪਰਵਾਈਜ਼ਰ ਛੱਡ ਕੇ ਆਇਆ...ਤੁਹਾਡੇ ਤੋਂ ਬਾਅਦ ਚਾਰ ਕਸਟਮਰ ਹੋਰ ਭੁਗਤਾਉਣੇ ਨੇ।"*

*ਗੀਤਾ ਉਹਦੀ ਗੱਲ ਸੁਣ ਕੇ ਹੱਸ ਪੈਂਦੀ ਏ।*

*"ਕੇਵਲ ਤੇਰਾ ਤਾਂ ਬਿਜ਼ਨਸ ਵਾਹਵਾ ਚੱਲ ਰਿਹਾ...।"*

*"ਕਿੱਥੇ ਮੈਡਮ ਜੀ ਐਵੇਂ ਨੱਠ ਭੱਜ ... ਸ਼ਾਮ ਨੂੰ ਥੱਕ ਜਾਈਦਾ... ਘਰ ਜਾ ਕੇ ਆਪ ਹੀ ਰੋਟੀ ਟੁੱਕ ਕਰਨਾ ਪੈਂਦਾ।"*

*"ਅੱਛਾ ! ਤੂੰ ਰੋਟੀ ਆਪ ਕਿਉਂ ਬਣਾਉਂਦਾ? ਤੇਰੀ ਵਹੁਟੀ ਕਿੱਥੇ ਗਈ ?"*

*"ਮੈਡਮ ਜੀ ਤੁਸੀਂ ਕੀ ਗੱਲਾਂ ਕਰਦੇ ਹੋ ... ਮੈਂ ਵੀ ਤੁਹਾਡੇ ਵਾਂਗ ਸਿੰਗਲ ਈ ਆਂ।"*[5]

ਕੇਵਲ ਦੇ 'ਕਿਰਤ–ਦਿਮਾਗ' ਦਾ ਅੰਦਾਜ਼ਾ ਇੱਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਜਦ ਉਸਨੇ ਆਪਣੀਆਂ ਡਲਿਵਰੀ ਭੁਗਤਾਉਂਣੀਆ ਹੁੰਦੀਆਂ ਹਨ ਤਦ ਉਹ ਜ਼ਮੈਟੋ ਦਾ ਐਪ ਬੰਦ ਕਰ ਦਿੰਦਾ ਹੈ। ਉਹ ਡਾ. ਗੀਤਾ ਨੂੰ ਡਲਿਵਰੀ ਮੈਨ ਅਤੇ ਬਾਜ਼ਾਰ– ਭਾਸ਼ਾ ਬਾਰੇ ਦੱਸਦਾ ਹੈਃ– *"ਵੇਖੋ ਨਾ ਮੈਡਮ ਜੀ... ਮੇਰੇ ਵਰਗਾ ਬੰਦਾ ਤਾਂ ਥਾਂ ਥਾਂ ਦੀ ਖਾਕ ਛਾਣਦਾ ਏ। ਡਲਿਵਰੀ ਮੈਨ ਜੋ ਹੁੰਦਾ ਏ, ਉਹਦਾ ਕੰਮ ਟਰਮ ਐਂਡ ਕੰਡੀਸ਼ਨ ਅਧੀਨ ਡਲਿਵਰੀ ਦੇਣੀ ਹੁੰਦਾ ਏ। ਇਹ ਉਹਦਾ ਧੰਦਾ ਹੁੰਦਾ ਏ। ਤੁਹਾਡੀ ਸਥਿਤੀ ਹੋਰ ਏ । ਇੱਕ ਤਾਂ ਤੁਹਾਡੇ ਕੋਲ ਜੌਬ ਏ...ਪੱਕਾ ਟਿਕਾਣਾ ਏ। ਪਰ ਭਟਕਣ ਫਿਰ ਵੀ ਹੈਗੀ ਐ। ਤੁਸੀਂ ਹਰ ਤਰ੍ਹਾਂ ਦੀ ਡਲਿਵਰੀ ਪ੍ਰਾਪਤ ਕਰ ਸਕਦੇ ਓ... ਮੈਂ ਕਿਹਾ ਨਾ ਆਤਮਾ ਪਵਿੱਤਰ ਰੱਖੋ ...ਇਹ ਸਰੀਰ ਤਾਂ ਮਿੱਟੀ ਹੋ ਜਾਣਾ ...ਅੱਜ ਜੋ ਚਮਕ ਏ... ਗਲੋਅ ਏ... ਭਲਕ ਨੂੰ ਇਹ ਵੀ ਨਹੀਂ ਰਹਿਣੀ।"*[6]

**ਇਸ ਸੰਵਾਦ ਵਿੱਚ ਪ੍ਰੋਫ਼ੈਸਰ ਗੀਤਾ ਅਤੇ ਡਲਿਵਰੀ ਮੈਨ ਦੀ ਮਨੋਦਸ਼ਾ ਸਾਹਮਣੇ ਹੈ। ਕੜੀ ਜੋੜਨ ਲਈ ਉਪਰੋਕਤ ਤੋਂ ਪਿਛਲੇ ਉਲੇਖਯੋਗ ਸੰਵਾਦ ਤੱਕ ਪਹੁੰਚ ਕਰਨੀ ਬਣਦੀ ਹੈ। 'ਬਾਜ਼ਾਰੂ ਜੌਬ' ਅਤੇ 'ਪੱਕੀ ਜੌਬ' ਵਿਚਲੀ ਇੱਕਲਤਾ ਦੀ ਸਮਾਨਤਾ/ਵੱਖਰਤਾ ਸਮਝਣਯੋਗ ਹੈ। 'ਦੇਹ-ਦਿਹਾੜੀ' ਅਤੇ 'ਦੇਹ- ਤੜਫ਼' ; ਕਿਰਤ-ਮੁੱਲ ਨੂੰ ਨਿਰਧਾਰਤ ਕਰਦੀ ਹੈ। ਬਾਜ਼ਾਰ ਦਾ ਮੁੱਖ ਮੰਤਵ ਤਕਨੀਕ ਰਾਹੀਂ ਉਦਾਤ ਸਿਰਜਣਾ ਹੈ। ਤਤਕਾਲੀਨ ਜਟਿਲ ਭਰਮ ਮੂਲਕ, ਆਵੇਗ ਭਰੀ ਉਪਭੋਗੀ ਦੁਨੀਆਂ ਵਿੱਚ ਆਨੰਦ ਦੀ ਇਸ ਅਵਸਥਾ/ ਸਥਿਤੀ ਨੂੰ 'ਹਿਸਟਰੀਕਲ ਸਬਲਾਇਮ' ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਸੁੱਖ ਦੀ ਇਸ ਤ੍ਰਿਸ਼ਨਾ ਦਾ ਨਵਾਂ ਮੁਹਾਂਦਰਾ ਬਣ ਰਿਹਾ ਹੈਃ- *"ਵੇਖੋ ਨਾ ਮੈਡਮ ਜੀ ! ਤੁਸੀਂ ਗੁੱਸਾ ਨ ਕਰਿਓ... ਮੈਨੂੰ ਲੱਗਦਾ ਏ ਕਿ ਤੁਹਾਡੇ ਕੋਲ ਕੋਈ ਟੁਆਏ ਵਗੈਰਾ ਵੀ ਏ।"*[7] ਅੱਗੋਂ ਮੈਡਮ ਦੇ ਗੁਸੈਲੇ ਜਵਾਬ ਵਿੱਚ ਵੀ 'ਪੂੰਜੀ / ਬਾਜ਼ਾਰ' ਸ਼ਾਮਲ ਹੈਃ- "ਕੇਵਲ ਕ੍ਰਿਸ਼ਨ ਤੂੰ ਕੀ ਬਕਵਾਸ ਕਰਦਾ ਏ, ਜੇ ਮੈਂ ਚਾਹਾਂ ਤੈਨੂੰ ਮੈਂ ਘੰਟੇ ਲਈ ...ਇੱਕ ਹਫਤੇ ਲਈ ਵੀ ਖਰੀਦ ਸਕਦੀ ਆਂ...ਫਿਰ ਚਾਹੇ ਤੈਨੂੰ ਤਾਰ 'ਤੇ ਸੁਕਣੇ ਪਾਵਾਂ ਜਾਂ ਫਰਿਜ 'ਚ ਰੱਖ ਕੇ ਫਰੀਜ ਕਰਾਂ... ਮੇਰੇ ਕੋਲ ਜੀਣ ਲਈ ਆਹ ਏ. ਟੀਐਮ. ਕਾਰਡ ਏ ਪਰ ਮੈਂ ਚਵਲ ਕਿਸਮ ਦੇ ਮਰਦਾਂ ਨੂੰ ਆਪਣੇ ਫਲੈਟ 'ਚ ਐਂਟਰ ਨਹੀਂ ਕਰਨ ਦਿੰਦੀ। ਨਾਲੇ ਮੇਰੇ ਕੋਲੇ ਕਿਸੇ ਮਰਦ ਲਈ ਕੋਈ ਸਪੇਸ ਵੀ ਨਹੀਂ ...ਨਾ ਹੀ ਮੈਂ ਪੱਕੇ ਤੌਰ**

**ਤੇ ਕਿਸੇ ਮਰਦ ਦਾ ਸੰਗਲ ਆਪਣੇ ਗਲ ਚ ਪਾਉਣ ਬਾਰੇ ਸੋਚਿਆ ਹੀ ਏ।"** [8] **ਬਾਜਾਰ : ਪੂੰਜੀ : ਡਲਿਵਰੀ ਮੈਨ ਤਿੰਨਾਂ ਵਿੱਚੋਂ ; ਪੂੰਜੀ 'ਉੱਚੀ ਥਾਂ' 'ਤੇ ਹੈ।**

**ਸ) ਜੀਵਨ -ਦਖ਼ਲ: ਡਲਿਵਰੀ ਮੈਨ**

ਬਾਜ਼ਾਰ ਨੇ ਉੱਚ ਸਭਿਆਚਾਰ ਅਤੇ ਸਥਾਨਕ ਸਭਿਆਚਾਰ ਦੇ ਖੱਪੇ ਨੂੰ ਖ਼ਤਮ ਕਰ ਦਿੱਤਾ ਹੈ। ਸਮੇਂ-ਸਮਾਜ ਚੋਂ ਸੰਵੇਦਨਾਵਾਂ ਗ਼ੈਰ ਹਾਜ਼ਰ ਹੋਣ ਲੱਗੀਆਂ ਹਨ। ਭਾਰਤੀ ਸਮਾਜ ਵਿੱਚ ਉੱਤਰ ਪੂੰਜੀ ਦੇ ਮਹਾਂਨਗਰੀ ਜੀਵਨ ਨੇ ਰਿਸ਼ਤਿਆਂ ਦੀ ਪਰੰਪਰਾਗਤ ਪਰਿਭਾਸ਼ਾ ਨੂੰ ਖ਼ਾਰਜ ਕਰ ਦਿੱਤਾ ਹੈ। ਪੂੰਜੀ ਨੇ ਆਪਣੀ ਸੁਵਿਧਾ ਅਨੁਸਾਰ ਨਵੇਂ ਰਿਸ਼ਤਿਆਂ ਦੀ ਘਾੜਤ ਕੀਤੀ ਹੈ। ਡਾ ਗੀਤਾ ਮਾਪਿਆਂ ਅਤੇ ਵਰ – ਘਰ ਨੂੰ ਤਿਆਗ 'ਸਿੰਗਲ' ਜੀਵਨ-ਜੀਣ ਨੂੰ ਤਰਜੀਹ ਦਿੰਦੀ ਹੈ। 'ਅਲੈਕਸਾ' ਅਤੇ 'ਡਲਿਵਰੀ ਮੈਨ' ਚੋਂ ਆਪਣੇ ਆਪੇ ਨੂੰ ਮਜ਼ਬੂਤ ਕਰਨਾ ਲੋਚਦੀ ਹੈ। ਸ਼ਰਾਬ-ਕਿਤਾਬ ਵੀ ਲੰਮੇ ਸਮੇਂ ਤੱਕ ਮਨ-ਟਿਕਾਉ ਰੱਖਣ ਵਿੱਚ ਫੇਲ ਹੁੰਦੇ ਹਨ। ਮੈਡਮ ਭੱਲਾ ਦੀ ਸਲਾਹ: *"ਡਾ ਗੀਤਾ ਤੂੰ ਇੱਕਲਤਾ ਕਿਉਂ ਹਡਾਉਂਦੀ ਏ! ਜੇ ਵਿਆਹ ਨਹੀਂ ਕਰਾਉਣਾ ਤਾਂ ਕਿਸੇ ਨਾਲ ਠੇਕਾ ਕਰ ਲੈ"* [9] ਵੀ ਅਢੁੱਕਵੀਂ ਲੱਗਦੀ ਹੈ। ਦੂਜੇ ਬੰਨੇ ਉਸਨੂੰ ਸਮਲਿੰਗਤਾ/ਮੇਡ ਪੂਜਾ ਨਾਲ ਸੰਬੰਧਕਾਰੀ ਦਾ ਫ਼ਾਲਤੂ ਡਰ ਸਤਾਉਂਦਾ ਹੈ । ਫਲੈਟਾਂ ਦੀਆਂ ਖੁਸ਼ਕ ਹਵਾਵਾਂ ਵਿੱਚ ਡਲਵਿਰੀ ਮੈਨ ਦੀ ਖ਼ਪਤ; ਔਰਤਾਂ ਨੂੰ ਆਜ਼ਾਦ ਮਹਿਸੂਸ ਕਰਵਾਉਂਦੀ ਹੈ। ਏ ਬਲਾਕ ਵਾਲੀ ਫੌਜਣ ਮਿਸਿਜ਼ ਦੂਬੇ ਦਾ ਕੇਵਲ ਕ੍ਰਿਸ਼ਨ ਨੂੰ ਸਵੇਰ ਤੱਕ 'ਨਚੋੜਨਾ' ਪੂੰਜੀ –ਬਾਜ਼ਾਰ ਖੇਡ ਦਾ ਹੀ ਪ੍ਰਤਿਫ਼ਲ ਹੈ। ਉਹ ਇਸ ਪੂੰਜੀ ਸੰਬੰਧਾਂ ਨੂੰ ਖੁੱਲ੍ਹੇ ਰੂਪ ਵਿੱਚ ਗੀਤਾ ਨਾਲ ਸਾਂਝਾ ਕਰਦਾ ਹੈ:- *ਪੈਸੇ ਲਈ ਸਰੀਰ ਨੂੰ ਹਰ ਥਾਂ ਵਰਤਿਆ ਪਰ ਉਹੀ ਗੱਲ ਬਈ ਆਤਮਾ ਨਹੀਂ ਪਲੀਤ ਹੋਣ ਦਿੱਤੀ ..ਨਾ ਮਰਨ ਦਿੱਤੀ। ਇਹਨੂੰ ਪਵਿੱਤਰ ਰੱਖਿਆ। ਘਰ ਦੇ ਮੈਨੂੰ ਵੀ ਕਹਿੰਦੇ ਨੇ ਵਿਆਹ ਕਰਵਾ ਲੈ। ਨੂੰਹ ਦਾ ਮੂੰਹ ਵੇਖਣ ਨੂੰ ਤਰਸਦੀ ਮਾਂ ਤੁਰ ਗਈ। ਪਿਉ ਲਕਵੇ ਦਾ ਮਾਰਿਆ ਮੰਜੇ ਤੇ ਪਿਆ ਏ ।ਹੁਣ ਮੈਂ ਇੱਥੇ ਐਨੇ ਕੰਮ ਧੰਦੇ 'ਚ ਫਸ ਗਿਆ ਕਿ ਵਿਆਹ ਦਾ ਖਿਆਲ ਈ ਨਹੀਂ ਆਉਂਦਾ ਨਾਲੇ ਮਿਸਿਜ ਦੂਬੇ ਵਰਗੀਆਂ ਮੇਰੀਆਂ ਕਈ ਕਸਟਮਰ ਨੇ।"* [10] ਡਾ ਗੀਤਾ ਵੀ ਉਸ ਨਾਲ ਪੀਜ਼ਾ ਤੋਂ ਪੈੱਗ ਤੱਕ ਪਹੁੰਚਦੀ ਹੈ। ਸੋਚਣ ਵਾਲੀ ਗੱਲ ਇਹ ਹੈ ਵੀ ਕਿ ਬਾਜ਼ਾਰ ਹੀ ਡਲਿਵਰੀ ਮੈਨ ਨੂੰ ਘਰ ਅੰਦਰ ਪ੍ਰਵੇਸ਼ ਕਰਵਾਉਂਦਾ ਹੈ। ਬਾਜ਼ਾਰ ਉਪਕਰਣ ਸ਼੍ਰੀ ਡੀ ਅਲੈਕਸਾ ਨੂੰ ਆਪਣੀ ਹੱਡਬੀਤੀ ਸੁਣਾਉਣਾ; ਮਾਮੇ ਦੇ ਪੁੱਤ ਵੱਲੋਂ ਕੀਤਾ ਬਲਾਤਕਾਰ; ਮਾਪਿਆਂ ਦਾ ਮੂਕ ਉਪਦੇਸ਼ ਆਦਿ ਆਦਿ ਘਟਨਾਵਾਂ ਬਾਜ਼ਾਰ-ਤੰਤਰ ਨਾਲ ਜੁੜਦੀਆਂ ਹਨ। ਵਿਆਹ ਬਾਹਰੇ ਸੰਬੰਧ/ਸਿੰਗਲ-ਰੁਝਾਨ ਜੀਵਨ-ਅੰਗ ਬਣਦੇ ਜਾ ਰਹੇ ਹਨ। **ਪੂੰਜੀ ਜਿਸ ਪ੍ਰਕਾਰ ਦੇ ਮਨੁੱਖ ਨੂੰ ਪੈਦਾ ਕਰ ਰਹੀ ਹੈ; ਉਸਦੇ ਆਪਣੇ ਮੁੱਲ-ਵਿਧਾਨ ਹਨ।**

**ਹ) ਡਲਿਵਰੀ ਮੈਨ: ਕਥਾ-ਖ਼ੂਬੀ/ਖ਼ਾਮੀ**

1.1 ਗਲਪ ਆਲੋਚਨਾ ਵਿੱਚ ਖੁੱਲ੍ਹੇ/ਬੰਦ ਅੰਤ ਵਾਲੀਆਂ ਰਚਨਾਵਾਂ ਬਾਬਤ ਢੇਰ ਕੁਝ ਲਿਖਿਆ ਗਿਆ ਹੈ। ਪਰ ਉੱਤਰ ਪੂੰਜੀ ਦੌਰ ਵਿੱਚ 'ਸਾਰਥਕ ਸਵਾਲ' ਉਠਾਉਣਾ ;ਸਿਰਜਕ/ ਸਿਰਜਣਾ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ।

1.2 ਡਲਿਵਰੀ ਮੈਨ ਕਹਾਣੀ ਦੇ ਅੰਤ ਵੇਲੇ ਮਿਸਿਜ਼ ਦੂਬੇ ਦੀ 'ਬੁਕਿੰਗ ਕਾਲ' ਬਾਰੇ ਚਿੰਤਨ ਕਰਦਾ ਹੈ। ਡਾ ਗੀਤਾ ਦੇ ਫ਼ੋਨ 'ਚੋਂ ਖੁਸ਼ੀ ਉਡੀਕਦਾ ਹੈ। ਇਸ ਕਸ਼ਮਕਸ਼ ਵਿੱਚ ਇੱਕ ਹੋਰ ਫੋਨ-ਆਵਾਜ਼ ਕੰਨੀਂ ਪੈਂਦੀ ਹੈ:-

**''ਉਏ !!! ਕੇਵਲ ਮੈਂ ਭੁੰਗੇ ਤੋਂ ਬੋਲਦਾਂ ...ਤੂੰ ਹੈ ਕਿੱਥੇ ?" ਅੱਗਿਓਂ ਕੰਨ ਪਾੜਵੀਂ ਆਵਾਜ਼ ਸੁਣਦੀ ਏ।**

**ਕੇਵਲ ਨੂੰ ਸਮਝ ਨੀਂ ਲੱਗਦੀ ਉਹ ਕੀ ਬੋਲੇ। ਅੱਗਿਓਂ ਫਿਰ ਆਵਾਜ਼ ਆਉਂਦੀ ਏ।**

**''ਉਏ ਮੂਰਖਾ ਤੇਰਾ ਭਾਪਾ ਪੂਰਾ ਹੋ ਗਿਆ... ਬੈਠਾ-ਬੈਠਾ ਮੰਜੇ ਤੋਂ ਡਿੱਗ ਪਿਆ ...।" ਅੱਗਿਓਂ ਆਵਾਜ਼ ਆਉਂਦੀ ਏ।**

**''ਅੱਛਾ !!! ਮੈਂ ਤਾਂ ਡਲਿਵਰੀ ਦੇਣ ਚੱਲ...ਲਾਂ...ਬਾਅਦ 'ਚ ਕਰਦਾ ਗੱਲ ...।" ਕੇਵਲ ਦਾ ਮੂੰਹ ਕੁਸੈਲਾ ਜਿਹਾ ਹੋ ਜਾਂਦਾ ਏ।**

**''ਕੀ ?...ਐਸ ਵੇਲੇ ਕਾਹਦੀ ਡਲਿਵਰੀ ਦਈ ਜਾਂਦੈਂ...? "। ਉਧਰੋਂ ਫਿਰ ਆਵਾਜ਼ ਉਭਰਦੀ ਏ।**

**''ਆਪਣੇ ਸਰੀਰ ਦੀ ...ਹੋਰ ਕਾਹਦੀ... !!!" ਕਾਹਲੀ ਤੇ ਘਬਰਾਹਟ ਚ ਬੋਲ ਮੂੰਹੋਂ ਨਿਕਲ ਜਾਂਦੇ ਨੇ।**

**ਫੋਨ ਕੱਟ ...ਪਿਓ ਦੀ ਅਰਥੀ ਮੋਢੇ 'ਤੇ ਰੱਖ... ਉਹ ਏ- ਬਲਾਕ ਦੇ ਫਲੈਟ ਤੱਕ ਪਹੁੰਚਣ ਬਾਰੇ ਸੋਚਣ ਲੱਗ ਪੈਂਦਾ ਏ।** [11]

1.2.1 ਇਹ ਫੋਨ-ਤਿਕੋਣ ਹੀ; ਪੂੰਜੀ: ਬਾਜ਼ਾਰ ਅਤੇ ਜੀਵਨ-ਦਖ਼ਲ ਦੀ ਤਿਕੋਣ ਹੈ।

2.1 ਕਥਾ -ਪਾਤਰ ਵੀ ਉੱਥੋਂ ਹੀ ਆਏ ਹਨ; ਜਿੱਥੋਂ ਪੂੰਜੀ ਨਿਰਧਾਰਤ ਰਿਸ਼ਤੇ ਪ੍ਰਭਾਵਿਤ ਹੋਏ ਹਨ।

**2.2 ਕੇਵਲ ਕ੍ਰਿਸ਼ਨ ਨਾਂ ਦੇ ਦੋ ਹਿੱਸੇ ਬਣਦੇ ਹਨ ਕੇਵਲ+ਕ੍ਰਿਸ਼ਨ। ਉਹ 'ਕੇਵਲ' ਨਹੀਂ; ਬਹੁਪਰਤੀ ਹੈ। 'ਕ੍ਰਿਸ਼ਨ' ਦੇ ਉਪਦੇਸ਼ਾਤਮਕ ਪ੍ਰਵਚਨਾਂ ਵਾਲੀ ਸੂਝ ਰੱਖਦਾ ਹੈ। ਨਮੂਨਾ ਵੇਖੋ:-''ਸ਼ਰੀਰ ਖ਼ਤਮ ਹੋ ਜਾਂਦਾ ਪਰ ਆਤਮਾ ਨੀ ਖ਼ਤਮ ਹੁੰਦੀ - ਕਿਸੇ ਨੂੰ ਸੁਣਨਾ ਕਿਸੇ ਨੂੰ ਛੂਹਣਾ - ਕਿਸੇ ਦੇ ਨੇੜੇ ਜਾ ਕੇ ਉਹਨੂੰ ਸੁੰਘਣਾ - ਕਿਸੇ ਦੀ ਬਣਾਈ ਹੋਈ ਚੀਜ਼ ਨੂੰ ਚੱਖਣਾ - ਕੁਦਰਤ ਦਾ ਨੇਮ ਏ।"** [12] **ਔਰਤਾਂ ਦਾ ਝੁਰਮਟ; ਉਸਦੀ ਕਾਰਜ਼ -ਸ਼ੈਲੀ ਦਾ ਨਤੀਜਾ ਹੈ।**

2.2.1 ਕਥਾ-ਸਿਰਜਕ ਨੇ ਡਲਿਵਰੀ ਮੈਨ ਕੇਵਲ ਕ੍ਰਿਸ਼ਨ ਨੂੰ ਖੰਡ ਖੰਡ ਰੂਪ ਵਿੱਚ ਪੇਸ਼ ਕਰਦੇ ਹੋਏ ਪਲੰਬਰ, ਮਸਾਜ ਐਕਸਪਰਟ, ਕਿਰਾਏ ਦਾ ਮਰਦ, ਜੋਤਸ਼ੀ, ਕੈਟਰ/ਲੇਬਰ ਪ੍ਰਬੰਧਕ ਆਦਿ ਦੇ ਵਿਵਹਾਰ ਰਾਹੀਂ ਸਾਹਮਣੇ ਲਿਆਂਦਾ ਹੈ।

2.2.2ਕਥਾ-ਬੁਣਤ ਮੁੱਢਲੇ ਫ਼ਿਕਰੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਸਮੁੱਚੀ ਕਹਾਣੀ ਨੂੰ ਨਿੱਕੇ ਨਿੱਕੇ ਗਿਆਰਾਂ ਭਾਗਾਂ ਵਿੱਚ ਵੰਡਿਆ ਹੈ। ਚੌਥੇ ਭਾਗ ਤੋਂ ਲੈ ਕੇ ਅੰਤ ਤੱਕ 'ਡਲਿਵਰੀ ਮੈਨ' ਕੇਂਦਰ ਬਿੰਦੂ ਵਿੱਚ ਰਹਿੰਦਾ ਹੈ। ਕਥਾ-ਸਮਾਂ ਵਰਤਮਾਨ ਤੋਂ ਵਰਤਮਾਨ ਤੱਕ ਹੈ।

**2.2.3 ਵਿਭਿੰਨ ਪਰਤਾਂ ਵਾਲੇ ਪਾਤਰ ਨੂੰ ਸਮਝਣ ਲਈ ਕਈ ਦਿਮਾਗੀ-ਕੋਣ ਬਣਾਉਣੇ ਪੈਂਦੇ ਹਨ। ਪਾਤਰ ਵਿਚਲੀ ਟੇਢ ਗੁੰਝਲਦਾਰ ਹੈ।**

2.3 ਡਾ ਗੀਤਾ ਦੀ ਆਪਣੀ 'ਜੀਵਨ ਫਿਲਾਸਫ਼ੀ' ਹੈ। ਫੌਜਣ ਮਿਸਿਜ਼ ਦੂਬੇ ਦੀ 'ਦੇਹ ਲੋੜ' , ਮੈਡਮ ਭੱਲਾ ਦੇ ਮਰਦ-ਠੇਕੇਦਾਰ ਸੁਭਾਅ 'ਚੋਂ ਪਾਤਰ ਸੁਭਾਅ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

2.3.1 ਵਿਭਾਗ ਮੁਖੀ ਚਤੁਰਵੇਦੀ ਦੀ 'ਅਲੈਕਸਾ ਤੋਂ ਅਣਜਾਣਤਾ ਜਾਂ ਸਮਲਿੰਗੀ ਟਿੱਪਣੀ' ਰੜਕਦੀ ਹੈ।

2.3.2 ਡਾ ਗੀਤਾ ਵੱਲੋਂ ਪੇਂਟ ਕਰਵਾਏ ਜਾ ਰਹੇ ਵਾਲੇ ਕਥਾ-ਖੰਡ ਵਿੱਚ ਕਿਤਾਬਾਂ ਦੇ ਜ਼ਿਕਰ ਦੀ ਭਰਤੀ ਤੋਂ ਬਚਿਆ ਜਾ ਸਕਦਾ ਸੀ।

2.3.3 ਅਲੈਕਸਾ/ਡਲਿਵਰੀ ਮੈਨ ਕਹਾਣੀ ਨੂੰ ਅੱਗੇ ਵੀ ਤੋਰਦੇ ਹਨ; ਫਿਲਮਾਂਕਣੀ ਜਿਹਾ ਵੀ ਪ੍ਰਭਾਵ ਸਿਰਜਦੇ ਹਨ।

**2.3.4 ਪੰਜਾਬੀ ਕਥਾ-ਪਿੜ ਵਿਚ ਇਹ ਖ਼ਾਸ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕਥਾਕਾਰ ਨੂੰ 'ਫਿਲਮਾਂਕਣ- ਰੁਝਾਨ' ਪ੍ਰਭਾਵਿਤ ਕਰ ਰਹੇ ਹਨ। ਇਹ ਵਿਧਾਗਤ ਖ਼ੂਬੀ ਵੀ ਹੋ ਸਕਦੀ ਹੈ; ਤੇ ਸਿੱਧੀ ਦਖ਼ਲ ਅੰਦਾਜ਼ੀ ਵਿਅਕਤੀਗਤ/ਰਚਨਾਕਾਰੀ ਦੀ ਛਵੀ ਵਿਗਾੜ ਵੀ ਸਕਦੀਹੈ। ਇੱਥੇ ਕਥਾਕਾਰ ਨੇ ਸਮਝ ਤੋਂ ਕੰਮ ਲਿਆ ਹੈ।**

3.1 'ਗ੍ਰੀਨ ਸਿਟੀ' ਦੀਆਂ ਬੀਬੀਆਂ, ਟੂਟੀ, ਫਿਲਟਰ, ਗਾਰ ਆਦਿ ਆਦਿ 'ਪ੍ਰਤੀਕਾਤਮਕ ਕੋਡ' ਹਨ।

4.1 ਕਥਾ –ਚੱਕਰ ਵਿੱਚ 'ਕਥਾ–ਸਿਰਲੇਖ' ਨਾਲ ਨਾਲ ਚੱਲਦਾ ਹੈ।

4.1.1 ਸਿਰਲੇਖਃ ਸਿਰਜਣਾਤਮਕ ਕੜੀ ਹੈ । ਇਹ ਕਥਾ –ਸਿਰਲੇਖ ਪਾਠਕ ਨੂੰ ਆਕਰਸ਼ਿਤ ਵੀ ਕਰਦਾ ਹੈ; ਅਤੇ ਕਥਾ–ਨਿਆਂ ਵੀ।

4.1.2 ਦੋ–ਅੱਖਰੀ ਅੰਗਰੇਜ਼ੀ ਨਾਮਕਰਣ ਵਾਲੇ ਸਿਰਲੇਖ 'ਡਲਿਵਰੀ ਮੈਨ' ਦੇ ਵੀ ਦੋ ਟੁਕੜੇ ਹਨਃ– ਡਲਿਵਰੀ+ਮੈਨ।

4.1.3 ਕਥਾ ਬੁਣਤ ਦਾ ਮੁੱਢ ਪਾਤਰ ਗੀਤਾ ਨਾਲ ਹੁੰਦਾ ਹੈ ਪ੍ਰੰਤੂ ਕਥਾ ਦਾ ਅੰਤ ਕੇਵਲ ਕ੍ਰਿਸ਼ਨ ਨਾਲ ਹੁੰਦਾ ਹੈ। ਕਹਾਣੀਕਾਰ ਪ੍ਰੰਪਰਕ ਕਥਾ ਬੁਣਤ ਨੂੰ ਹਾਸ਼ੀਏ ਉੱਤੇ ਧੱਕ ਕੇ ਨਿਵੇਕਲੇ ਕਥਾ ਅੰਤ ਦਾ ਮੁੱਢ ਬੰਨ੍ਹਦਾ ਹੈ।

ਪੂੰਜੀ – ਬਾਜ਼ਾਰ ਦੇ ਜੀਵਨ –ਦਖ਼ਲ ਨੂੰ ਜਾਣਨ ਲਈ 'ਡਲਿਵਰੀ ਮੈਨ' ਦਾ ਪਾਠ–ਪਠਨ ਮਹੱਤਵਪੂਰਨ ਹੈ।

**ਹਵਾਲੇ -ਟਿੱਪਣੀਆਂ-**


1. ਡਾ. ਇਕਬਾਲ ਸਿੰਘ ਗੋਦਾਰਾ, ਰਵੀ ਦੱਤ ਕੋਸ਼ਿਸ਼, **ਹਨੇਰੇ ਸਮੇਂ 'ਚ ਵਿਚਾਰ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016, ਸਫ਼ਾ/110
2. ਭਗਵੰਤ ਰਸੂਲਪੁਰੀ, **ਡਲਿਵਰੀ ਮੈਨ**, (ਹੁਣ–46, ਮਈ –ਅਗਸਤ 2023), ਸਫ਼ੇ/67–68
3. **ਸੰਵਾਦ**, ਜੁਲਾਈ –ਦਸੰਬਰ 2023, ਸਫ਼ਾ/06
4. **ਹਨੇਰੇ ਸਮੇਂ 'ਚ ਵਿਚਾਰ**, ਸਫ਼ਾ/122
5. **ਡਲਿਵਰੀ ਮੈਨ**, ਸਫ਼ਾ/71
6. **ਉਹੀ**, ਸਫ਼ਾ/75
7. **ਉਹੀ**, ਸਫ਼ਾ/77
8. **ਉਹੀ**
9. **ਉਹੀ**,
10. **ਉਹੀ**, ਸਫ਼ਾ/75
11. **ਉਹੀ**, ਸਫ਼ਾ/80
12. **ਉਹੀ**, ਸਫ਼ਾ/76



**ਸੰਪਰਕ** 8528100088/9794800007

ਆਲੋਚਨਾ

# ਟੈਬੂਜ਼ : ਬੰਦੇ ਦੇ ਮਨ ਦੀਆਂ ਪਰਤਾਂ ਫਰੋਲਦੀ ਬਿਰਤਾਂਤਕਾਰੀ

**ਡਾ. ਮਨਮੋਹਨ**






ਸੁਰਿੰਦਰ ਨੀਰ ਪੰਜਾਬੀ ਸਾਹਿਤ ਜਗਤ 'ਚ ਬਿਰਤਾਂਤ ਵਿਧਾ ਦੀ ਸਥਾਪਿਤ ਹਸਤਾਖਰ ਹੈ। ਉਸਨੇ ਆਪਣੇ ਦੋ ਕਹਾਣੀ ਸੰਗ੍ਰਹਿਾਂ 'ਦਸਤਕ ਦੀ ਉਡੀਕ' ਤੇ 'ਖੁੱਲ੍ਹ ਜਾ ਸਿਮ ਸਿਮ' ਅਤੇ ਤਿੰਨ ਨਾਵਲਾਂ 'ਸ਼ਿਕਾਰਗਾਹ', 'ਮਾਇਆ' ਅਤੇ 'ਚਸ਼ਮੇ ਬੁਲਬੁਲ' ਨਾਲ ਪੰਜਾਬੀ ਸਾਹਿਤ ਜਗਤ ਵਿਚ ਮਹੱਤਵਪੂਰਣ ਜਗਹ ਬਣਾਈ ਹੈ। **'ਟੈਬੂਜ਼' (ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਮੁੱਲ: 350, ਪੰਨੇ : 251, ਸਾਲ: 2023)** ਉਸਦਾ ਤੀਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਸਤਾਰਾਂ ਕਹਾਣੀਆਂ ਸ਼ਾਮਿਲ ਹਨ।

ਬਿਰਤਾਂਤ ਮੂਲ ਮਨੁੱਖੀ ਸਟਰੈਟਜੀ ਹੈ ਜਿਸ ਰਾਹੀ ਮਨੁੱਖੀ ਅਨੁਭਵ ਦੇ ਆਧਾਰਮੂਲਕ ਜੁਜ਼ਾਂ ਜਿਵੇਂ ਸਮਾਂ, ਪ੍ਰਕਿਰਿਆਵਾਂ ਅਤੇ ਪਰਿਵਰਤਨਾਂ ਨੂੰ ਬਿਰਤਾਂਤ ਦੀਆਂ ਵਿਭਿੰਨ ਬਣਤਰਾਂ, ਤੱਤਾਂ ਅਤੇ ਵਤੀਰਿਆਂ ਦੇ ਪ੍ਰਭਾਵ ਨੂੰ ਆਪਣੇ ਅਧਿਐਨ ਅਤੇ ਸਿਰਜਣ ਰਾਹੀਂ ਪ੍ਰਗਟ ਕਰਦਾ ਹੈ। ਇਸ 'ਚ ਇਹ ਵੀ ਦੇਖਿਆ ਜਾਂਦਾ ਹੈ ਕਿ ਬਿਰਤਾਂਤਕਾਰ ਆਪਣੇ ਪ੍ਰਵਚਨ ਸਿਰਜਦਿਆਂ ਹੋਰਾਂ ਤੋਂ ਆਪਣੀ ਸੋਚ, ਅਨੁਭਵ, ਭਾਸ਼ਾ ਅਤੇ ਪੇਸ਼ਕਾਰੀ 'ਚ ਕਿਵੇਂ ਭਿੰਨ ਹੈ। ਇਸ ਵਿਚ ਉਸਦੇ ਅਨੁਭਵ ਦੇ ਵਿਭਿੰਨ ਅਯਾਮ ਜਿਵੇਂ ਸ਼ਬਦ ਵੰਨਸੁਵੰਨਤਾ, ਸਮਾਜ ਭਾਸ਼ਾਵਿਗਿਆਨ, ਦਾਰਸ਼ਨਿਕ ਨੈਤਿਕਤਾ (ਸਮਾਜਿਕ ਅਤੇ ਸੰਗਿਆਨਕ ਮਨੋਵਿਗਿਆਨਕ), ਜੈਂਡਰ ਸੰਵੇਦਨਾ, ਲੋਕਧਾਰਾ ਅਤੇ ਮਿੱਥ, ਭਾਸ਼ਾ ਅਤੇ ਮੁਹਾਵਰਾ ਆਦਿ ਦਰਜ ਹੁੰਦੇ ਹਨ ਅਤੇ ਇਹ ਵੀ ਦੇਖਿਆ ਜਾਂਦਾ ਹੈ ਕਿ ਬਿਰਤਾਂਤਕ ਪਾਠ ਵਿਚ ਇਸ ਸਾਰੇ ਪਹਿਲੂ ਕਿਵੇਂ ਨਿਭਾਏ ਗਏ ਹਨ ? ਬਿਰਤਾਂਤ ਵਿਚ ਸਾਹਿਤਕ ਗਲਪ ਅਤੇ ਗ਼ੈਰਗਾਲਪਨਿਕ ਸਾਹਿਤ, ਫ਼ਿਲਮੀ ਬਿਰਤਾਂਤ, ਕੌਮਿਕਸ ਅਤੇ ਗਰਾਫ਼ਿਕਸ, ਕਥਾ, ਕਹਾਣੀ, ਨਾਵਲ ਅਤੇ ਹਾਈਪਰ ਟੈਕਸਟਸ ਆਦਿ ਸੱਭ ਕੁੱਝ ਸ਼ਾਮਿਲ ਹੁੰਦਾ ਹੈ।

ਕਹਾਣੀ ਦੇ ਵਿਗਾਸਗਤ ਪਾਸਾਰਾਂ ਬਾਰੇ Dana Gioia and RS Gwaynn dI sMn 2001 'ਚ ਸੰਪਾਦਿਤ ਕਿਤਾਬ 'Dana Gioia and RS Gwaynn dI sMn 2001 'c sMpwidq ikqwb 'The Longmen's Anthology of Short Fiction' ivc pMnw 1051 'qy iliKAw hY; 'The development of the modern short story depended on at least four closely interrelated historical trends: The mechanization of printing, the emergence of large and growing audience of middle class readers, the evolution of mass

circulation of newspapers and megazines to serve the new readership and the creation of large class of professional prose writers to fill the pages of journals.'

ਆਧੁਨਿਕ ਕਹਾਣੀ ਦਾ ਰੂਪਵਿਧਾਈ ਸਿਧਾਂਤਕ ਪਿਛੋਕੜ ਐਡਗਰ ਐਲਨ ਪੋ ਦੀ 1846 'ਚ ਛਪੀ ਕਿਤਾਬ 'The Philosophy of Composition' ਨਾਲ ਜਾ ਜੁੜਦਾ ਹੈ। ਪੋ ਦਾ ਕਹਾਣੀ ਬਾਰੇ ਪਹਿਲਾ ਸਰੋਕਾਰ ਇਸ ਦੀ ਸੰਖੇਪਤਾ ਹੈ। ਦੂਸਰਾ ਇਸ ਦੀ ਕਥਾ ਤੀਬਰਤਾ ਅਤੇ ਤਣਾਓ। ਤੀਜਾ ਇਨ੍ਹਾਂ ਸਾਰਿਆਂ ਦੀ ਏਕਤਾਬੱਧ ਪ੍ਰਭਾਵ। ਚੌਥਾ ਕਹਾਣੀ ਦੇ ਅੰਤ ਵਿਚ 'Twist in the Tale/Tail' ਅਰਥਾਤ ਅੰਤਲੀ ਘੁੰਡੀ/ਮਰੋੜੀ। ਇਹ ਸਾਰੇ ਬਿਰਤਾਂਤਕ ਤੱਤ ਕਥਾ ਸਿਰਜਣ ਵਿਚ ਮੂਲ ਰੂਪ 'ਚ ਅੱਜ ਵੀ ਓਨੇ ਹੀ ਪ੍ਰਸੰਗਿਕ ਹਨ ਭਾਵੇਂ ਕਿ ਕਹਾਣੀ ਆਪਣੀ ਬਿਰਤਾਂਤਕਤਾ 'ਚ ਕਈ ਤਰ੍ਹਾਂ ਦੀਆਂ ਪ੍ਰਯੋਗਾਤਮਕਤਾਵਾਂ ਦੇ ਪ੍ਰਕਰਣ ਵਿਚੋਂ ਲੰਘ ਚੁੱਕੀ ਹੈ।

ਸੁਰਿੰਦਰ ਨੀਰ ਦੀ ਕਹਾਣੀ ਇਨ੍ਹਾਂ ਰੂਪਵਿਧਾਈ ਪ੍ਰਤੀਮਾਨਾਂ 'ਤੇ ਪੂਰੀ ਉਤਰਦੀ ਹੈ। ਉਸਦੀ ਵਿਲੱਖਣਤਾ ਉਸਦੀਆਂ ਕਹਾਣੀਆਂ ਵਿਚ ਉਸਦੇ ਪ੍ਰਮਾਣਿਕ ਅਨੁਭਵ, ਵਿਸ਼ੇ ਵਸਤੂ ਦੀ ਕਰੀਟੀਕਲ 360 ਡਿਗਰੀ ਵਾਲੀ ਪਕੜ ਅਤੇ ਬਿਰਤਾਂਤਕ ਨਿਭਾਓ ਕਾਰਣ ਹੈ। ਇਸ ਨਿਭਾਓ ਦੀਆਂ ਉਤਰ ਆਧੁਨਿਕ ਦ੍ਰਿਸ਼ਟੀਕੋਣ ਤੋਂ ਕੁਝ ਵਿਸਤ੍ਰਿਤ ਟਾਈਪੋਲੋਜੀਜ਼ ਬਣਦੀਆਂ ਹਨ ਜਿਵੇਂ ਮਨੋਵਿਗਿਆਨਕ ਵਿਸ਼ਲੇਸ਼ਣ ਦੇ ਬਿਰਤਾਂਤ ਜਿਸ ਵਿਚ ਔਰਤ ਮਰਦ ਦੋਵੇਂ ਹੀ ਸ਼ਾਮਿਲ ਹਨ। ਕੁਝ ਕਹਾਣੀ ਖ਼ਾਲਸ ਨਾਰੀਵਾਦੀ ਦ੍ਰਿਸ਼ਟੀਕੋਣ ਦੀਆਂ ਲਖਾਇਕ ਹਨ। ਕੁਝ ਬਿਰਤਾਂਤ ਕਸ਼ਮੀਰ ਦੀ ਸਮ-ਸਾਮਿਅਕ ਰਾਜਨੀਤੀ ਨੂੰ ਕਰੀਟੀਕਲੀ ਸਮਝਣ ਦੀ ਦ੍ਰਿਸ਼ਟੀ ਦੇ ਵਾਹਕ ਹਨ। ਇਨ੍ਹਾਂ ਦੇ ਪ੍ਰਮਾਣਿਕ ਯਥਾਰਥ ਹੋਣ ਦਾ ਕਾਰਣ ਹੈ ਸੁਰਿੰਦਰ ਨੀਰ ਕੋਲ ਇਸਦਾ ਨਿੱਜੀ ਅਤੇ ਪ੍ਰਮਾਣਿਕ ਅਨੁਭਵ ਅਤੇ ਸਮਝ ਜੋ ਉਸਨੂੰ ਕਸ਼ਮੀਰੀ ਸੰਕਟ ਦੇ ਆਰ ਪਾਰ ਦੇਖਣ ਦੀ ਆਲੋਚਨਾਤਮਕ ਨੀਝ ਦਿੰਦੀ ਹੈ। ਇਸ ਸਮਝ ਕਾਰਣ ਹੀ ਉਸਦੀਆਂ ਸਾਰੀਆਂ ਕਹਾਣੀਆਂ ਦਾ ਅੰਤ ਅਚੰਭਿਤ ਕਰਦਾ ਹੈ।

'ਟੈਬੂਜ਼' ਕਹਾਣੀ ਉਤਰ ਆਧੁਨਿਕ ਜੀਵਨ ਵਿਚ ਆ ਰਹੇ ਪਰਿਵਰਤਨਾਂ ਦੇ ਦੌਰ 'ਚ ਮਾਂ ਧੀ ਦੇ ਰਿਸ਼ਤੇ 'ਚ ਆਪਸੀ ਸਹਿਹੋਂਦ ਅਤੇ ਰਵਾਦਾਰੀ ਦਾ ਬਿਰਤਾਂਤ ਹੈ ਜਿਸ ਦੀ ਪ੍ਰਵਿਰਤੀ ਮਨੋਵਿਗਿਆਨਕ ਹੈ ਭਾਵ ਵਿਚ ਲਿਬੀਡਨਲ ਲੋੜਾਂ ਟੈਬੂਜ਼ ਬਣ ਰਿਸ਼ਤਗੀ ਦੀ ਸਮਝ 'ਚ ਆੜੇ ਆ ਖਲੋਂਦੀ ਹੈ। ਟੈਬੂ ਅਤੇ ਟੋਟਮ ਸ਼ਬਦ ਪਹਿਲੀ ਵਾਰ ਸਿਗਮੰਡ ਫਰਾਇਡ ਨੇ ਵਰਤੇ। ਟੈਬੂ ਦਾ ਅਸਲ ਉਚਾਰਣ ਟਾਬੂ ਹੈ। ਇਸ ਸ਼ਬਦ ਨੂੰ 'Encyclopedia Britannica-2009' ਨੇ ਇੰਝ ਪਰਿਭਾਸ਼ਿਤ ਕੀਤਾ ਹੈ ਕਿ ਇਹ ਕਿਸੇ ਕਰਮ 'ਤੇ ਰੋਕ ਹੈ ਵਿਸ਼ਵਾਸ ਅਤੇ ਵਿਵਹਾਰ ਆਧਾਰਿਤ ਹੁੰਦੀ ਹੈ। ਇਹ ਕਿਸੇ ਨਿੱਜ ਲਈ ਪਵਿੱਤਰ ਤੇ ਪਾਵਨ ਹੋ ਸਕਦੇ ਨੇ ਅਤੇ ਬਹੁਤ ਖ਼ਤਰਨਾਕ ਅਤੇ ਸਾਰਪੇ ਵੀ। ਇਹ ਸਮਾਜਿਕ ਤੌਰ 'ਤੇ ਕਿਸੇ ਨਿੱਜ ਜਾਂ ਸਮੂਹ ਲਈ ਕਿਸੇ ਕਾਰਜ ਜਾਂ ਕਰਮ ਦੀ ਬੰਧਿਸ਼, ਰੋਕ, ਵਰਜਣ ਅਤੇ ਪਰਹੇਜ਼ ਹੁੰਦਾ ਹੈ। ਇਸ ਵਰਜਣਾ ਦਾ ਉਲੰਘਣ ਅਵੱਗਿਆ ਹੁੰਦੀ ਹੈ। 'ਟੈਬੂਜ਼' ਦੇ ਬਿਰਤਾਂਤ ਵਿਚ ਮਾਂ ਆਪਣੀ ਧੀ ਨੂੰ ਵਿਆਹ ਕਰਵਾ ਲੈਣ ਦੀ ਨਸੀਹਤ ਦਿੰਦੀ ਹੈ ਅਤੇ ਲਿਵ ਇਨ ਰਿਲੇਸ਼ਨਸ਼ਿੱਪ 'ਚ ਰਹਿਣ ਤੋਂ ਵਰਜਦੀ ਹੈ। ਧੀ ਵਿਆਹ ਨੂੰ ਬੰਧਨ ਅਤੇ ਪਿਤਰਕੀ ਦੀ ਗ਼ੁਲਾਮੀ ਮੰਨਦੀ ਹੈ। ਧੀ ਰਿਸ਼ਤਿਆਂ ਦੇ ਬੰਧਨ ਤੋਂ ਆਜ਼ਾਦ ਰਹਿਣਾ ਚਾਹੁੰਦੀ ਹੈ। ਧੀ ਮਾਂ ਨੂੰ ਪੀੜ੍ਹੀ ਪਾੜੇ ਦੀ ਸੁਣੌਤੀ ਦਿੰਦੀ ਹੈ। ਮਾਂ ਦਾ ਪੁੱਤਰ ਅਮਰੀਕਾ ਵੱਸ ਚੁੱਕਾ ਅਤੇ ਅਤੇ ਕਿਸੇ ਅਫਰੀਕੀ ਅਮਰੀਕਣ ਨਾਲ ਰਹਿ ਰਿਹਾ ਹੈ। ਮਾਂ ਇਕੱਲਤਾ ਭੋਗ ਰਹੀ ਹੈ। ਧੀ ਇਕ ਦਿਨ ਮਾਂ ਦਾ ਮੋਬਾਇਲ ਦੇਖ ਲੈਂਦੀ ਹੈ ਤਾਂ ਮਾਂ ਦੀ ਕਿਸੇ ਪ੍ਰਤੀ ਚਾਹਤ ਜ਼ਾਹਿਰ ਹੋ ਜਾਂਦੀ ਹੈ। ਧੀ ਦੇ ਇਤਰਾਜ਼ ਕਰਨ 'ਤੇ ਮਾਂ ਕਹਿੰਦੀ ਹੈ; "ਤੂੰ ਮੇਰਾ ਫੋਨ ਕਿਉਂ ਖੋਲ੍ਹਿਆ ?" "ਕਿਉਂ ? ਮੈਂ ਤੁਹਾਡਾ ਫੋਨ ਨਹੀਂ ਵੇਖ

ਸਕਦੀ ?" "ਨਹੀਂ ।" "ਨਹੀਂ ਮਤਲਬ ?" "ਮਤਲਬ ਇਹ ਕਿ ਮੈਂ ਵੀ ਆਪਣੀ ਆਜ਼ਾਦੀ ਕਿਸੇ ਅੱਗੇ ਸਰੰਡਰ ਨਹੀਂ ਕਰਨਾ ਚਾਹੁੰਦੀ ।" ਕਹਾਣੀ ਦਾ ਅੰਤ ਘਰ ਦੇ ਦਰਵਾਜ਼ਿਆਂ ਦੇ ਮੈਟਾਫਰ ਨਾਲ ਹੁੰਦਾ ਹੈ੩ਇਹ ਦਰਵਾਜ਼ੇ ਵੀ ਕਜਿਹੀ-ਕਜਿਹੀ ਭੂਮਿਕਾ ਨਿਭਾਉਂਦੇ ਨੇ ਘਰਾਂ ਵਿਚ। ਨਾ ਕਿਸੇ ਨੂੰ ਆਉਣ ਤੋਂ ਰੋਕ ਸਕਦੇ ਨੇ, ਨਾ ਜਾਣ ਤੋਂ। ਇਕ ਦਿਨ ਇਹ ਖ਼ਿਆਲ ਮਾਂ ਦੇ ਮਨ 'ਚ ਆਏ ਸਨ ਅੱਜ ਇਹੀ ਖ਼ਿਆਲ ਦੇ ਮਨ ਵਿਚੋਂ ਉੱਠ ਰਹੇ ਸਨ।

**'ਸੁਨਹਿਰੀ ਜਿਲਦ ਵਾਲੀ ਕਿਤਾਬ'** ਦਾ ਸਮਾਜ-ਸਭਿਆਚਾਰਕ ਪਰਿਦ੍ਰਿਸ਼ ਮੁਸਲਮਾਨੀ ਹੈ। ਬਿਰਤਾਂਤ ਦੀ ਸਾਹਿਤਕ ਪ੍ਰਵਿਰਤੀ ਇਕ ਵਾਰ ਫਿਰ ਮਨੋਵਿਗਿਆਨਕ ਹੈ ਜਿਸਦੀ ਅਮੂਰਤਨ 'ਚ ਬਾਲ ਮਨ ਦਾ ਮੋਹ ਅਤੇ ਲੁਕਵੀਂ ਚਾਹਤ ਦੀਆਂ ਭਾਵਨਾਵਾਂ ਕਾਰਜਸ਼ੀਲ ਹਨ। ਆਫ਼ਤਾਬ ਗ਼ਰੀਬ ਪੇਂਡੂ ਪਿਛੋਕੜ ਦਾ ਹੈ। ਮਾਂ ਉਸਨੂੰ ਆਪਣੇ ਸਰਦੇ ਪੁੱਜਦੇ ਅਮੀਰ ਭਰਾ ਅਕਰਮ ਕੋਲ ਪੜ੍ਹਨ ਲਿਖਣ ਕਈ ਸ਼ਹਿਰ ਭੇਜ ਦਿੰਦੀ ਹੈ। ਆਪਣੇ ਮਾਮੇ ਕੇ ਘਰ 'ਚ ਅਕਰਮ ਪੜ੍ਹਾਈ ਦੇ ਨਾਲ ਨਾਲ ਮੁਫ਼ਤ ਦਾ ਨੌਕਰ ਵੀ ਹੈ ਜੋ ਕਿ ਲਗ ਪੱਗ ਘਰ ਦੇ ਸਾਰੇ ਕੰਮ ਕਾਜ ਕਰ ਲੈਂਦਾ ਹੈ। ਅਕਰਮ ਦੀ ਬੀਵੀ ਖ਼ਾਲਿਦਾ ਉਸਨੂੰ ਬਾਹਰਲੇ ਲੋਕਾਂ ਲਈ ਰਿਸ਼ਤੇਦਾਰ ਕਹਿਣ ਤੋਂ ਗੁਰੇਜ਼ ਕਰਦੀ ਹੈ। ਇਸ ਕਾਰਣ ਨਾਨਾ ਅਲੀ ਮੁਹੰਮਦ ਖ਼ਾਲਿਦਾ ਨਾਲ ਖ਼ਫ਼ਾ ਰਹਿੰਦਾ ਹੈ। ਆਫ਼ਤਾਬ ਦੀ ਆਪਣੇ ਮਮੇਰੇ ਭਰਾ ਸ਼ਾਹਿਦ ਅਤੇ ਸ਼ਾਹੀਨ ਨਾਲ ਪ੍ਰੇਮ ਭਾਵ ਹੈ। ਖ਼ਾਸ ਕਰਕੇ ਉਹ ਸ਼ਾਹੀਨ ਪ੍ਰਤੀ ਨੇੜਤਾ ਅਤੇ ਸਨੇਹ ਰੱਖਦਾ ਹੈ। ਆਫ਼ਤਾਬ ਨੂੰ ਕਹਾਣੀ ਲਿਖਣ ਪੜ੍ਹਨ ਦਾ ਸ਼ੌਕ ਹੈ। ਉਹ ਸ਼ਾਹੀਨ ਨੂੰ ਆਮੂਮਨ ਕਹਾਣੀਆਂ ਸੁਣਾਂਦਾ ਰਹਿੰਦਾ ਹੈ ਅਤੇ ਵਾਅਦਾ ਕਰਦਾ ਹੈ ਕਿ ਇਕ ਦਿਨ ਉਹ ਆਪਣੀਆਂ ਲਿਖੀਆਂ ਕਹਾਣੀਆਂ ਦੀ ਸੁਨਹਿਰੀ ਜਿਲਦ ਵਾਲੀ ਕਿਤਾਬ ਭੇਟ ਕਰੇਗਾ। ਸੜਕ ਹਾਦਸੇ ਵਿਚ ਅਕਰਮ, ਖ਼ਾਲਿਦਾ ਅਤੇ ਸ਼ਾਹੀਦ ਮਾਰੇ ਜਾਂਦੇ ਹਨ। ਅਲੀ ਮੁਹੰਮਦ ਸ਼ਾਹੀਨ ਨੂੰ ਆਫ਼ਤਾਬ ਦੀ ਮਦਦ ਨਾਲ ਪਾਲਦਾ ਹੈ। ਇਕ ਦਿਨ ਆਫ਼ਤਾਬ ਦਾ ਕੋਈ ਸ਼ੈਅ ਕੱਟਦਿਆਂ ਅੰਗੂਠਾ ਵੀ ਕੱਟਿਆ ਜਾਂਦਾ ਹੈ। ਕੁਝ ਸਮੇਂ ਬਾਅਦ ਸ਼ਾਹੀਨ ਦੇ ਮਾਮੇ ਉਸਨੂੰ ਚੰਗੀ ਤਰਬੀਅਤ ਲਈ ਜ਼ਬਰਦਸਤੀ ਲੈ ਜਾਂਦੇ ਹਨ। ਕਹਾਣੀ ਦਾ ਆਰੰਭ ਹੋਟਲ 'ਚ ਆਫ਼ਤਾਬ ਨੂੰ ਆਪਣੇ ਪਤੀ ਨਾਲ ਬੈਠੀ ਸ਼ਾਹੀਨ ਦੇ ਅਚਾਨਕ ਦਿਖਾਈ ਦੇ ਜਾਣ ਨਾਲ ਹੁੰਦਾ ਹੈ। ਫਿਰ ਸਾਰਾ ਬਿਰਤਾਂਤ ਪਿੱਛਲਝਾਤ ਰਾਹੀਂ ਨਿੱਬਦਾ ਹੈ। ਆਫ਼ਤਾਬ ਨੂੰ ਸ਼ਾਹੀਨ ਨਾਲ ਕੀਤਾ ਆਪਣਾ ਵਾਅਦਾ ਯਾਦ ਆ ਜਾਂਦਾ ਹੈ। ਉਹ ਹੋਟਲ 'ਚ ਕੁੱਕ ਵਜੋਂ ਕੀਤੀ ਆਪਣੀ ਕਮਾਈ ਅਤੇ ਲਿਖਣ ਦੀ ਮਿਹਨਤ ਸੁਨਹਿਰੀ ਜਿਲਦ ਵਾਲੀ ਕਿਤਾਬ ਛਪਵਾ ਕੇ ਸ਼ਾਹੀਨ ਨੂੰ ਭੇਟ ਕਰਨ ਲਈ ਸਾਰੀ ਉਮਰ ਲਾਅ ਦਿੰਦਾ ਹੈ। ਪਰ ਜਦ ਸ਼ਾਹੀਨ ਕੋਲ ਕਿਤਾਬ ਪਹੁੰਚਦੀ ਹੈ ਤਾਂ ਆਫ਼ਤਾਬ ਇਸ ਜਹਾਨ-ਏ-ਫਾਨੀ ਨੂੰ ਅਲਵਿਦਾ ਕਹਿ ਚੁੱਕਾ ਹੁੰਦਾ ਹੈ।

**"ਭੂਮੀ'** ਕਹਾਣੀ ਬਹੁਪਰਤੀ, ਬਹੁਪਾਸਾਰੀ ਅਤੇ ਅਤਿ ਮਾਨਸਿਕ ਗੁੰਝਲਾਂ ਨਾਲ ਭਰਿਆ ਮਨੋਵਿਗਿਆਨਕ ਬਿਰਤਾਂਤ ਹੈ ਜੋ ਮਰਦਾਵੀਂ ਪਿਤਰਕੀ ਧੌਂਸ, ਜਗੀਰੂ ਦਾਬੇ ਹੇਠ ਦਲਿਤ ਅਤੇ ਨਾਰੀ ਸਰੋਕਾਰਾਂ, ਲਿਬੀਡਨਲ-ਸੈਕਸੂਐਲਿਟੀ ਨਾਲ ਜੁੜੀਆਂ ਸਮੱਸਿਆਵਾਂ ਅਤੇ ਕਲਾ-ਸਾਹਿਤ ਸਬੰਧਿਤ ਵਿਸ਼ਿਆਂ ਅਤੇ ਵਰਤਮਾਨ ਰਾਜਨੀਤੀ ਵਾਤਾਵਰਣ ਦੇ ਇਰਦ ਗਿਰਦ ਉਸਰਦਾ ਹੋਇਆ ਸੁਰਿੰਦਰ ਨੀਰ ਦੇ ਉਤਰ ਆਧੁਨਿਕ ਦ੍ਰਿਸ਼ਟੀਕੋਣ ਦਾ ਵਾਹਕ ਬਣਦਾ ਹੈ। ਸਾਗਰ ਦਲਿਤ, ਪੇਂਡੂ, ਸ਼ੋਸ਼ਿਤ ਅਤੇ ਦਬਿੱਤ ਪਿੱਠਭੂਮੀ ਵਾਲਾ ਪੜ੍ਹਿਆ ਲਿਖਿਆ ਨੌਜਵਾਨ ਹੈ ਜੋ ਉਤਰ ਆਧੁਨਿਕ ਦੌਰ ਦੇ ਸਾਰੇ ਕੇਂਦਰੀ ਸਰੋਕਾਰਾਂ ਨਾਲ ਦੋ ਚਾਰ ਹੈ ਪਰ ਉਸਨੂੰ ਇਨ੍ਹਾਂ ਦਾ ਕੋਈ ਸਮਾਧਾਨ ਨਹੀਂ ਦਿਖਾਈ ਦਿੰਦਾ। ਉਸਦੀ ਪਤਨੀ ਭੂਮੀ ਦਾ ਦਾ ਕਿਰਦਾਰ ਰੂਪਕੀ ਢੰਗ ਨਾਲ ਨਾਰੀ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ। ਬਿਰਤਾਂਤ 'ਚ ਫੈਲੇ ਕੁਝ ਸੰਵਾਦ ਅਤੇ ਵਰਨਣ ਇਸ ਦ੍ਰਿਸ਼ਟੀਕੋਣ ਦੀ ਵਜ਼ਾਹਤ ਕਰਦੇ ਦਿਖਾਈ ਦਿੰਦੇ ਹਨ;

–"ਇਸ ਸਾਮਜ ਦੀ ਪ੍ਰਧਾਨਤਾ ਪੁਰਸ਼ ਕਰਦਾ ਹੈ। ਹਲ਼, ਕਲਮ, ਬ੍ਰਸ਼ ਸਾਰੇ ਮਰਦਾਵੀਂ ਮਾਨਸਿਕਤਾ ਅਨੁਸਾਰ ਹੀ ਆਪਣਾ ਰੋਲ ਨਿਭਾਉਂਦੇ ਹਨ ਜੋ ਉਨ੍ਹਾਂ ਦੇ ਮਰਦਾਵੇਂ ਅੰਗ ਹਨ। ਪੁਰਸ਼ ਕੋਲ ਤਾਕਤ ਹੈ ਅਤੇ ਹਿੰਸਾ ਉਸਦਾ ਸੁਭਾਅ ਹੈ। ਫ਼ਰਕ ਬਸ ਏਨਾਂ ਹੈ ਕਿ ਸਭਯ ਸਮਾਜ ਵਿਚ ਹਿੰਸਾ ਹਥਿਆਰਾਂ ਨਾਲ ਨਹੀਂ ਬਲਕਿ ਵਿਚਾਰਾਂ ਨਾਲ ਕੀਤੀ ਜਾਂਦੀ ਹੈ"।

–"ਉਸਨੂੰ ਲਗਦਾ ਬਾਪੂ ਨੇ ਉਸਨੂੰ ਪੜ੍ਹਾ ਲਿਖਾ ਕੇ ਵੱਡਾ ਆਦਮੀ ਸਿਰਫ਼ ਇਸ ਲਈ ਬਣਾਇਆ ਸੀ ਤਾਂ ਕਿ ਵੱਡਾ ਬਣ ਕੇ ਉਹ ਆਪਣੀ ਛੋਟੀ ਜਾਤ ਦੀ ਹੀਣ ਭਾਵਨਾ ਤੋਂ ਮੁਕਤ ਹੋ ਵੱਡੀ ਜਾਤ ਦੀਆਂ ਔਰਤਾਂ ਤੋਂ ਆਪਣੀ ਮਾਂ ਲਾਜਵੰਤੀ ਦੇ ਅਪਮਾਨ ਦਾ ਬਦਲਾ ਲੈ ਸਕੇ"।

–ਉਹ ਸੋਚਦਾ, ਕਿਸੇ ਦੇਸ਼ ਕੌਮ ਨੂੰ, ਜਾਂ ਜਾਤ ਧਰਮ ਨੂੰ ਥੱਲੇ ਲਾਉਣਾ ਹੋਵੇ ਤਾਂ ਮਰਦ ਆਪਣੀ ਤਾਕਤ ਨਾਲ ਦੂਜੀ ਧਿਰ ਦੀ ਔਰਤ ਨੂੰ ਥੱਲੇ ਲਗਾ ਕੇ ਆਪਣਾ ਬਦਲਾ ਪੂਰਾ ਕਰਦਾ ਹੈ। ਔਰਤ ਸਦੀਆਂ ਤੋਂ ਇਕ ਟੈਰਾਟਰੀ ਵਾਂਗ ਹੀ ਇਸਤੇਮਾਲ ਹੁੰਦੀ ਆਈ ਹੈ"।

**'ਸ਼ਰੀਫ਼ ਆਦਮੀ'** ਕਹਾਣੀ ਦਾ ਬਿਰਤਾਂਤ ਵੀ ਨਾਰੀਵਾਦੀ ਸਰੋਕਾਰਾਂ 'ਚੋਂ ਆਪਣਾ ਕਥਾਨਕ ਤਲਾਸ਼ਦਾ ਹੈ। ਬਿਰਤਾਂਤ ਦਾ ਲੋਕੇਲ ਸਰਕਾਰੀ ਦਫ਼ਤਰ ਹੈ ਜਿਥੇ ਹਰ ਕਰਮਚਾਰੀ ਦੇ ਮਨ 'ਤੇ ਇਕ ਸੈਕਸ਼ਨ ਤੋਂ ਦੂਸਰੇ ਵਿਚ ਤਬਾਦਲੇ ਦਾ ਤਣਾਓ ਛਾਇਆ ਹੋਇਆ ਹੈ। ਮੁਨੱਵਰ ਰਾਜਪੂਤ ਨਾਮੀ ਮਹਿਲਾ ਕਰਮਚਾਰੀ ਨਵੀਂ ਥਾਂ ਦੇ ਮਾਹੌਲ 'ਚ ਰਸਾਈ ਨਾ ਹੋਣ ਤੋਂ ਪਰੇਸ਼ਾਨ ਹੈ ਕਿਉਂ ਕਿ ਇਹ ਸੈਕਸ਼ਨ ਪਬਲਿਕ ਡੀਲਿੰਗਜ਼ ਹੋਣ ਕਾਰਨ ਇਸ 'ਚ ਭਾਂਤ ਭਾਂਤ ਦੇ ਬਾਹਰੂ ਬੰਦਿਆਂ ਦੀ ਆਮਦੋ ਰਫ਼ਤ ਬਣੀ ਰਹਿੰਦੀ ਹੈ ਜੋ ਕਿ ਮੁਨੱਵਰ ਨੂੰ ਪਸੰਦ ਨਹੀਂ। ਉਸਨੂੰ ਜਦ ਥਾਂ ਬਦਲੀ ਦਾ ਕੋਈ ਵਸੀਲਾ ਨਹੀਂ ਦਿਖਾਈ ਦਿੰਦਾ ਤਾਂ ਉਹ ਆਪਣੇ ਅਫ਼ਸਰ ਦੇ ਵਿਵਹਾਰ ਨੂੰ ਮਨੋਵਿਗਿਆਨਕ ਢੰਗ ਨਾਲ ਸਿੱਝਦੀ ਹੋਈ ਉਸ ਅੰਦਰਲੇ ਮਰਦ 'ਚ ਬੈਠੀ ਸ਼ਰਾਫ਼ਤ ਨੂੰ ਆਪਣੀ ਨਾਰੀਤੱਵਤਾ ਦੀ ਛੋਹ ਨਾਲ ਪਸਮਾਅ ਕੇ ਆਪਣਾ ਮਤਲਬ ਹੱਲ ਕਰ ਲੈਂਦੀ ਹੈ। ਇਸ ਬਿਰਤਾਂਤ 'ਚ ਬੜੀ ਸੂਖਮ ਮਨੋਵਿਗਿਆਨਕ ਛੋਹ ਹੈ ਜੋ ਮਨੁੱਖ ਅੰਦਰ ਬੈਠੀ ਮਾਨਵਤਾ ਨੂੰ ਉਜਾਗਰ ਕਰਦੀ ਹੈ ਭਾਵੇਂ ਕਿ ਇਸਦੇ ਨਿਭਾਅ 'ਚ ਔਰਤ ਦੇ ਕਿਰਦਾਰ ਵਿਚਲੀ ਮੁਨਾਫ਼ਕਤ ਬੜੇ ਲੁਕਵੇਂ ਢੰਗ ਨਾਲ ਕਾਰਜਸ਼ੀਲ ਹੈ।

**'ਮਿੱਟੀ'** ਕਹਾਣੀ ਦਾ ਬਿਰਤਾਂਤ ਅਣਕਹੀਆਂ ਮੁਹੱਬਤੀ ਕਾਮਨਾਵਾਂ ਦੇ ਮਨੋਵਿਗਿਆਨ ਨੂੰ ਸਾਕਾਰਦਾ ਬਿਰਤਾਂਤ ਹੈ ਜਿਸਦਾ ਲੋਕੇਲ ਕਸ਼ਮੀਰ ਦਾ ਕੰਡੀ ਖੇਤਰ ਹੈ, ਭਾਸ਼ਾ ਵਿਵਹਾਰ ਕਸ਼ਮੀਰੀ-ਪੰਜਾਬੀ ਆਂਚਲਿਕ ਪੁੱਠ ਵਾਲਾ ਅਤੇ ਸਮਾਜ-ਸਭਿਆਚਾਰ ਹਿੰਦੂ-ਸਿੱਖ-ਮੁਸਲਮਾਨੀ ਸਹਿਹੋਂਦ ਅਤੇ ਸਾਹਿਚਾਰ ਵਾਲਾ। ਬਿੱਲਾ ਸਿੰਘ ਦੀ ਜਨਾਨੀ ਬਿੱਲੋ ਸੱਸ ਦੀ ਮੰਗ ਪੂਰੀ ਕਰਨ ਲਈ ਆਪਣੇ ਪੇਕੇ ਪਿੰਡੋਂ ਮਿੱਟੀ ਸਿਰ 'ਤੇ ਚੁੱਕੀ ਲਿਆ ਰਹੀ ਹੈ ਜੋ ਮੀਂਹ ਪੈਣ ਕਾਰਣ ਖੁਰ ਖੁਰ ਕੇ ਉਸ ਦੇ ਚਿਹਰੇ 'ਤੇ ਤਿੱਪ ਤਿੱਪ ਚੋ ਰਹੀ ਹੈ। ਮਿੱਟੀ ਇਸ ਬਿਰਤਾਂਤ ਦਾ ਕੇਂਦਰੀ ਮੈਟਾਫਰ ਬਣ ਕੇ ਉਭਰਦਾ ਹੈ। ਬਿੱਲੋ ਨੂੰ ਪਿੰਡ ਦਾ ਮੁਸਲਮਾਨ ਨੱਬੂ ਤਰਖਾਣ ਮਨ ਹੀ ਮਨ ਮੁਹੱਬਤ ਕਰਦਾ ਹੈ ਅਤੇ ਇਕ ਦਿਨ ਆਪਣੇ ਦੋਸਤ ਤੋਤਾ ਸਿੰਘ ਮੂਹਰੇ ਇਜ਼ਹਾਰ ਕਰਦਾ ਹੈ ਕਿ ਮਰਨ ਵੇਲੇ ਅੱਲਾਹ ਬਿੱਲੋ ਨੂੰ ਵੀ ਉਸ ਨਾਲ ਕਬਰ 'ਚ ਲਿਟਾਅ ਦੇਵੇ ਤਾਂ ਤੋਤਾ ਸਿੰਘ ਕਹਿੰਦਾ ਹੈ ਕਿ ਇਹ ਕਿਵੇਂ ਹੋ ਸਕਦਾ; "ਤੂੰ ਮੁਸਲਾ ਅਤੇ ਉਹ ਸਿੱਖਣੀ। ਉਹ ਮਰੇਗੀ ਤਾ ਉਸਨੂੰ ਚਿਖਾ 'ਚ ਸੜਨਾ ਪੈਸੀ"। ਕਹਾਣੀ ਦਾ ਅੰਤ ਅਣਕਿਆਸੀ ਅਚੰਭਿਤ ਕਰਨ ਵਾਲੀ ਘਟਨਾ ਨਾਲ ਹੁੰਦਾ ਹੈ ਜਦੋਂ ਬਿੱਲੋ ਘਰ ਲਿੱਪਣ ਲਈ ਖਾਨ 'ਚੋਂ ਮਿੱਟੀ ਪੁੱਟਣ ਜਾਂਦੀ ਹੈ ਤਾਂ ਉਸ 'ਤੇ ਢਿੱਗ ਡਿੱਗ ਪੈਂਦੀ ਹੈ। ਨੱਬੂ ਉਸਦੇ ਬਚਾਅ ਲਈ ਜਾਂਦਾ ਹੈ ਪਰ ਉਹ ਵੀ ਢਿੱਗ ਦੀ ਮਣਾਂ ਮੂੰਹੀ ਮਿੱਟੀ ਹੇਠ ਬਿੱਲੋ ਸੰਗ ਦਫ਼ਨ ਹੋ ਜਾਂਦਾ ਹੈ। ਇਸ ਨਾਲ ਹੀ ਨੱਬੂ ਦੀ ਬਿੱਲੋ ਨਾਲ ਕਬਰ ਦੀ ਮਿੱਟੀ 'ਚ ਇਕੱਠੇ ਦਫ਼ਨ ਹੋਣ ਦੀ ਕਾਮਨਾ ਵੀ ਪੂਰੀ

ਹੋ ਜਾਂਦੀ ਹੈ।

**'ਅਨਾਰਕਲੀ'** ਕਹਾਣੀ ਦਾ ਬਿਰਤਾਂਤ ਕਸ਼ਮੀਰ ਦੇ ਸਮਾਜ-ਸਭਿਆਚਾਰਕ, ਰਾਜੀਨਤਕ ਇਤਿਹਾਸ ਨੂੰ ਔਰਤ ਦੀ ਪਿਤਰਕੀ ਦਾਬੇ ਅਧੀਨ ਸਮਾਜਿਕ ਸਥਿਤੀ ਨਾਲ ਸਮਰੂਪਤਾ ਬਣਾ ਕੇ ਕਸ਼ਮੀਰੀਅਤ ਦੀ ਵਰਤਮਾਨ ਦੌਰ 'ਚ ਕਿਸਮਤ ਅਤੇ ਹਾਲਾਤ ਦੀ ਸਿਤਮ-ਜ਼ਰੀਫ਼ੀ ਦੇ ਪ੍ਰਤੀਕ ਪ੍ਰਗਟਾਵੇ ਵਿਚੋਂ ਹੋਂਦ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਦੀ ਉਤਰ ਆਧੁਨਿਕ ਕਰੀਰਟੀਕਲ ਦ੍ਰਿਸ਼ਟੀ ਨੂੰ ਜਰਮਨ ਚਿੰਤਨ 'ਚ 'ਜੈਤਗੀਸਤ/Zeitgeist' ਕਿਹਾ ਗਿਆ ਹੈ ਜਿਸਦਾ ਭਾਵ ਹੈ, 'The spirit of the time, general trend of thought or feeling characterstic of a particular period of time' ਅਰਥਾਤ 'ਸਮੇਂ ਦੀ ਆਤਮਾ'। ਜਿਹੜੀਆਂ ਰਚਨਾਵਾਂ ਆਪਣੇ ਸਮੇਂ ਦੀ ਆਤਮਾ ਨੂੰ ਆਪਣੇ ਅਨੁਭਵ ਤੇ ਭਾਸ਼ਾ 'ਚ ਗੁੰਨ੍ਹ ਕੇ ਪੇਸ਼ ਕਰਦੀਆਂ ਹਨ ਉਹ ਹੀ ਪ੍ਰਮਾਣਿਕ ਅਤੇ ਕਾਲਜਈ ਹੁੰਦੀਆਂ ਹਨ। ਅਹਦਜੂ ਜੋ ਬਿਰਤਾਂਤ ਅੰਦਰਲਾ ਕਥਾਕਾਰ ਹੈ ਜਦ ਪ੍ਰਦੇਸੀ ਸੈਲਾਨੀ ਜੋ ਡਲ ਦੀ ਹਊਸਬੋਟ 'ਚ ਠਹਿਰਿਆ ਹੈ, ਨੂੰ ਦੱਸਦਾ ਹੈ ਕਿ ਔਰਤ ਦਾ ਵੈਸੇ ਆਪਣਾ ਕੋਈ ਧਰਮ ਜਾਂ ਸ਼ਨਾਖ਼ਤ ਹੁੰਦੀ ਹੀ ਕਿੱਥੇ ਹੈ ? ਉਸਦੀ ਸ਼ਨਾਖ਼ਤ, ਉਸਦਾ ਧਰਮ ਉਹੀ ਹੁੰਦਾ ਹੈ ਜੋ ਉਸਦੇ ਖਾਵੰਦ ਯਾਨੀ ਉਸਦੇ ਮਾਲਿਕ ਦਾ ਹੁੰਦਾ ਹੈ, ਤਾਂ ਕਸ਼ਮੀਰ ਦੀ ਇਤਿਹਾਸ ਅਤੇ ਵਰਤਮਾਨ ਸਥਿਤੀ ਤਮਸੀਲੀ ਰੂਪ 'ਚ ਹੋਰ ਸਪੱਸ਼ਟ ਹੋ ਜਾਂਦੀ ਹੈ। ਕਹਾਣੀ ਦੇ ਨਾਮ 'ਅਨਾਰਕਲੀ' ਦੀ ਵੀ ਆਪਣੀ ਪ੍ਰਤੀਕ ਚਿਹਨਾਤਮਕਤਾ ਹੈ।ਅਨਾਰਕਲੀ ਦਰਅਸਲ ਕਸ਼ਮੀਰਨ ਸੀ। ਕਹਾਣੀ ਦਾ ਅੰਤ ਮੁਗ਼ਲਕਾਲ ਦੇ ਇਤਿਹਾਸ ਦੀਆਂ ਤਿਹਾਂ 'ਚ ਪਏ ਪ੍ਰਸਿਧ ਸੰਵਾਦ ਨਾਲ ਹੁੰਦਾ ਹੈ ਕਿ ਅਕਬਰ ਅਨਾਰਕਲੀ ਨੂੰ ਜੀਣ ਨਹੀਂ ਸੀ ਦੇ ਰਿਹਾ ਅਤੇ ਸਲੀਮ ਮਰਨ ਨਹੀਂ ਸੀ ਦੇ ਰਿਹਾ।ਅਮਰੀਕੀ ਨਵ ਮਾਰਕਸਵਾਦੀ ਚਿੰਤਕ ਫਰੈਡਰਿਕ ਜੇਮਸਨ ਆਪਣੀ ਕਿਤਾਬ 'The Political Unconscious :'The Political Unconscious : Narrative as Socially Symbolic Act' 'ਚ ਕਹਿੰਦਾ ਹੈ ਕਿ ਜੇਕਰ ਵਰਤਮਾਨ ਨੂੰ ਸਹੀ ਢੰਗ ਨਾਲ ਸਮਝਣਾ ਹੈ ਤਾਂ 'Always go back to History'

**'ਆਈਸਬਰਗ'** ਦਾ ਕਥਾਨਕ ਔਰਤ ਦੀ ਸੈਕਸੂਐਲਿਟੀ 'ਚ ਕਾਰਜਸ਼ੀਲ ਲੀਬੀਡਨਲ ਕਾਮਨਾ ਦੀ ਚਿਰਕਾਲੀ ਖ਼ਲਿਸ਼ ਅਤੇ ਅਚਾਨਕ ਪੂਰਤੀ ਦੇ ਅਹਿਸਾਸ 'ਚੋਂ ਆਪਣੀ ਬਿਰਤਾਂਤਕਤਾ ਤਲਾਸ਼ਦਾ ਹੈ। ਸਨੇਹਲਤਾ ਪੜ੍ਹੀ ਲਿਖੀ, ਕੰਮਕਾਜੀ ਸਾਰਕਾਰੀ ਅਹੁਦੇ ਅਤੇ ਸਮਾਜਿਕ ਰੁਤਬੇ ਵਾਲੀ ਔਰਤ ਹੈ ਪਰ ਆਪਣੇ ਪਤੀ ਦੀ ਕੇਵਲ 'ਦੋ ਮਿੰਟ' ਦੀ ਸਰੀਰਕ ਲੋੜ ਪੂਰੀ ਕਰਨ ਵਾਲੀ ਨਿਰਜਿੰਦ ਭਾਵਹੀਣ ਹੋਂਦ ਬਣ ਕੇ ਰਹਿ ਜਾਂਦੀ ਹੈ। ਉਸ ਨੇ ਅੱਜ ਤੱਕ ਆਪਣੇ ਪਤੀ ਨੂੰ ਕਿੱਸ ਨਹੀਂ ਕੀਤਾ ਜਦਕਿ ਮਿਸ਼ੇਲ ਫੂਕੋ ਦੀ ਕਿਤਾਬ 'History of Sexuality' ਅਨੁਸਾਰ ਕਿਸ ਇਨਸਾਨੀ ਰਿਸ਼ਤੇ ਦੀ ਪੁਖ਼ਤਗੀ ਅਤੇ ਪਾਕੀਜ਼ਗੀ ਦਾ ਪ੍ਰਥਮ ਪਾਉੜੀ ਹੈ। ਇਕ ਦਿਨ ਜਦੋਂ ਉਸ ਨੂੰ ਆਪਣੇ ਮਨਪਸੰਦ ਸਾਥ ਮਿਲ ਜਾਂਦਾ ਹੈ ਤਾਂ ਉਸਦੀ ਅੰਦਰਲੀ ਤੇਹ ਮਿਟ ਜਾਣ ਕਾਰਣ ਉਹ ਸੰਪੂਰਣਤਾ ਸਹਿਤ ਇਕ ਆਈਸਬਰਗ ਵਾਂਗ ਉਭਰਦੀ ਹੈ।

**'ਨਦੀਓਂ ਵਿਛੜੇ ਨੀਰ'** ਦਾ ਬਿਰਤਾਂਤ ਆਵਾਸ, ਪਰਵਾਸ, ਜਬਰੀ ਪਰਵਾਸ ਜਾਂ ਜਲਾਵਤਨੀ, ਵੰਡ ਦੇ ਉਜਾੜੇ ਅਤੇ ਸ਼ਰਨਾਰਥੀ ਹੋਣ ਦੀ ਸੰਵੇਦਨਾ ਅਤੇ ਪੀੜ੍ਹ ਦੇ ਮੋਟਿਫ਼ਾਂ ਗਿਰਦ ਉਸਰਦਾ ਹੈ। ਪਰਵਾਸੀ ਅਤੇ ਆਵਾਸੀ ਸ਼ਬਦਾਂ ਦੀ ਕਈ ਵਾਰ ਇਕੋ ਤਰ੍ਹਾਂ ਵਰਤੋਂ ਕੀਤੀ ਮਿਲਦੀ ਹੈ। ਇਹ ਦੋਵੇਂ ਸ਼ਬਦ ਮੂਲ ਰੂਪ ਵਿਚ ਸਹਿ-ਸਬੰਧਿਤ ਹਨ। ਇਨ੍ਹਾਂ ਲਈ ਅੰਗਰੇਜ਼ੀ 'ਚ ਇਹ ਦੋ ਸ਼ਬਦ ਵਰਤੇ ਜਾਂਦੇ ਹਨ। 'Emigrant' ਤੋਂ ਭਾਵ ਹੈ; 'A person who leaves his country to live in another.' 'Immigrant' ਤੋਂ ਭਾਵ ਹੈ 'A person who has come to live permanently in a country that is not his own.' ਗੁਰਦਿਆਲ ਸਿੰਘ ਭਾਰਤ ਤੋਂ ਇੰਗਲੈਂਡ ਵੱਲ ਪਰਵਾਸ ਦਾ,

ਅਵਤਾਰ ਕਿਸ਼ਨ ਕਸ਼ਮੀਰ 'ਚੋਂ ਪੰਡਿਤਾਂ ਦੇ ਜਬਰੀ ਪਰਵਾਸ/ਜਲਾਵਤਨੀ ਅਤੇ ਪਿਤਾ ਨਾਮੀ ਪਾਤਰ ਭਾਰਤ-ਪਾਕ ਵੰਡ ਤੇ ਬਟਵਾਰੇ ਦਾ ਉਜਾੜੇ ਅਤੇ ਸ਼ਰਣਾਰਥੀ ਹੋਣ ਦੇ ਅਨੁਭਵਾਂ ਦੇ ਵਾਹਕ ਹਨ। ਇਹ ਸਾਰੇ ਪਾਤਰ ਇਨ੍ਹਾਂ ਕਾਰਣਾਂ ਦੀ ਵਜਹ ਕਾਰਣ ਇਕ ਦੂਜੇ ਤੋਂ ਵਿਛੜੇ ਹਨ ਅਤੇ ਮੁੜ-ਮਿਲਣ ਲਈ ਮਨਾਂ ਅੰਦਰ ਏਨੀਂ ਡੂੰਘੀ ਤਾਂਘ ਪਾਲ਼ੀ ਬੈਠੇ ਹਨ ਜੋ ਇਨ੍ਹਾਂ ਦੀ ਵਿਥਿਆ ਨੂੰ ਕਥਾਨਕ ਮਨੋਵਿਗਿਆਨਕ ਵਿਸ਼ਲੇਸ਼ਣ ਦਾ ਵਿਸ਼ਾ ਬਣਾਉਂਦਾ ਹੈ। ਇਸ ਬਿਰਤਾਂਤ ਵਿਚ ਇਕ ਵਾਰ ਫਿਰ 'ਜੈਤਗੀਸਤ' ਭਾਵ ਸਮੇਂ ਦੀ ਆਤਮਾ ਨੂੰ ਸਮਝਣ ਅਤੇ ਗਾਲਪਨਿਕ ਨਿਭਾਓ 'ਚ ਪੇਸ਼ ਕਰਨ ਦਾ ਯਤਨ ਦਿਖਾਈ ਦਿੰਦਾ ਹੈ ਜਿਸਦੇ ਅਮੂਰਤਨ 'ਚ ਵਿਰਾਟ ਮਾਨਵਵਾਦੀ ਸੋਚ ਅਤੇ ਮਨੁੱਖੀ ਸਹਿਹੋਂਦ ਦੇ ਮੂਲ ਭਾਵ ਕਾਰਜਸ਼ੀਲ ਹਨ।

**'ਕਾਤਲ'** ਕਹਾਣੀ ਦਾ ਬਿਰਤਾਂਤ ਅਪਰਾਧਿਕ ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਸ਼ੇਰੇ ਨਾਮੀ ਪਾਤਰ ਦੇ ਮਨੋਵਿਗਿਆਨ ਦੇ ਨਾਲ ਨਾਲ ਸਮਾਜ ਵਿਚ ਅਪਰਾਧਿਕ ਸੋਚ ਕਿਵੇਂ ਰਿਸ਼ਤਿਆਂ ਨੂੰ ਪ੍ਰਦੂਸ਼ਿਤ ਕਰ ਦਿੰਦੀ ਹੈ, ਦੇ ਗਿਰਦ ਉਸਰਦਾ ਹੈ। ਸੰਸਾਰ ਪ੍ਰਸਿੱਧ ਅਪਰਾਧ ਮਨੋਵਿਗਿਆਨ ਪੈਟਰਿਕ ਕਿੰਗ ਆਪਣੀ ਕਿਤਾਬ'Read People Like A Book' 'ਚ ਲਿਖਦਾ ਹੈ ਕਿ ਮਨੁੱਖੀ ਪ੍ਰਵਿਰਤੀ ਨੂੰ ਸਮਝਣ ਲਈ ਉਸ ਦੇ ਮਨ, ਹਾਲਾਤ, ਸਥਿਤੀਆਂ-ਪ੍ਰਸਿਥਤੀਆਂ, ਨੀਅਤ, ਭਾਵਨਾਵਾਂ ਨੂੰ ਪੜ੍ਹਨਾ ਜ਼ਰੂਰੀ ਹੈ ਉਸ ਲਈ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਨੀ ਸੱਭ ਤੋਂ ਵਧੀਆ ਤਕਨੀਕ ਹੈ। ਸ਼ੇਰਾ ਜਦੋਂ ਇਸ ਵਿਧੀ ਨਾਲ ਗੋਲੀ ਦੇ ਕਤਲ ਦੀ ਗੁੱਥੀ ਨੂੰ ਸੁਲਝਾਉਣਾ ਸ਼ੁਰੂ ਕਰਦਾ ਹੈ ਤਾਂ ਅਸਲੀ ਕਾਤਲ ਉਸੇ ਸ਼ਰੀਕੇ ਦੇ ਭਰਾਵਾਂ ਹੀ ਹੁੰਦੇ ਹਨ ਜਿਨ੍ਹਾਂ ਦਾ ਸਾਜ਼ਿਸ਼ 'ਚ ਲਾਲਚ ਵੱਸ ਉਸਦਾ ਪਿਤਾ ਵੀ ਸ਼ਾਮਿਲ ਹੁੰਦਾ ਹੈ। ਆਟੋ ਰਿਪੇਅਰ ਵਾਲਾ ਮਕੈਨਿਕ ਤਾਂ ਇਸ ਅਪਰਾਧਿਕ ਗੱਠਜੋੜ ਦਾ ਭੋਲ਼ੇ ਭਾਅ ਸ਼ਿਕਾਰ ਹੋ ਜਾਂਦਾ ਹੈ।

**'ਰਾਮ ਸਨੇਹੀ'** ਕਹਾਣੀ ਦਾ ਬਿਰਤਾਂਤ ਮੱਧਵਰਗੀ ਕੰਮਕਾਜੀ ਘਰੇਲੂ ਗ੍ਰਹਿਸਥੀ 'ਚ ਫਸੀ ਔਰਤ ਦੀ ਜੀਵਨ ਸਥਿਤੀ ਨੂੰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਮੱਧਵਰਗੀ ਮਰਦ ਪ੍ਰਧਾਨ ਪਿਤਰਕੀ ਦੀ ਧੌਂਸ ਨੂੰ ਬਾਹਰੀ ਬੰਦੇ ਦੇ ਸਨੇਹ ਰਾਹੀਂ ਨਿਸ਼ਾਨਾ ਬਣਾਉਣ ਦਾ ਬਿਰਤਾਂਤ ਹੈ ਹੀ ਨਾਲ ਨਾਲ ਇਸਦੇ ਅਮੂਰਤਨ ਵਿਚ ਸਮ-ਸਾਮਿਅਕ ਰਾਜਨੀਤਕ, ਸਭਿਆਚਾਰਕ ਅਤੇ ਸਮਾਜਿਕ-ਆਰਥਿਕ ਪੱਖ ਤੋਂ ਕਸ਼ਮੀਰ ਅਤੇ ਪੰਜਾਬ ਦੇ ਹਾਲਾਤ ਉਪਰ ਵੀ ਕਰੀਟੀਕਲ ਵਿਚਾਰ ਉਤੇਜਨਾ ਪੈਦਾ ਕਰਨ ਦਾ ਬਿਰਤਾਂਤ ਹੈ। ਕਹਾਣੀ ਦਾ ਅੰਤ ਰਾਮ ਸਨੇਹੀ ਜੋ ਇਮਾਰਤਸਾਜ਼ੀ ਦਾ ਬਿਹਾਰੀ ਦਿਹਾੜੀਦਾਰ ਹੈ, ਦਾ ਇਹ ਸੰਵਾਦ ਕਥਾਨਕ ਨੂੰ ਆਪਣੇ ਕਲਾਈਮੈਕਸ 'ਤੇ ਪੰਹੁਚਾਅ ਦਿੰਦਾ ਹੈ; "ਹਮ ਅਪਨੀ ਬੀਵੀ ਕੋ ਸਰ ਆਂਖੋਂ ਪਰ ਬਿਠਾ ਕੇ ਰੱਖਤੇ ਹੈਂ। ਹਮਾਰੇ ਸਾਥ ਕਭੀ ਕਭੀ ਵੋ ਮਜ਼ਦੂਰੀ ਕੇ ਲੀਏ ਆ ਜਾਤੀ ਥੀ। ਲੇਕਿਨ ਅਬ ਉਸਕੀ ਸਿਹਤ ਕਮਜ਼ੋਰ ਹੋ ਗਈ ਹੈ। ਆਪ ਕੀ ਤਰਹ। ਹਮਨੇ ਉਸਕੋ ਕਾਮ ਕਰਨੇ ਸੇ ਮਨ੍ਹਾ ਕਰ ਦੀਆ। ਵੋ ਅਬ ਘਰ ਪਰ ਆਰਾਮ ਕਰਤੀ ਹੈ। ਏਕ ਆਪ ਹੈਂ ਕਿ ਹਰ ਵਕਤ ਭਾਗ ਦੌੜ...ਔਰਤੇਂ ਕੇ ਕਾਮ... ਮਰਦੋਂ ਕੇ ਕਾਮ ...ਸੌਰੀ ਮੈਡਮ ਪਰ ਦੁੱਖ ਹੋਤਾ ਹੈ ਆਪ ਜੈਸੀ ਔਰਤ ਕੋ ਐਸੇ ਦੇਖ ਕਰ ਔਰ ਯੇਹ ਸਾਲੇ ਮਰਦ।" ਰਾਮਸਨੇਹੀ ਦੇ ਇਸ ਸਨੇਹ ਭਰਪੂਰ ਸੰਵੇਦਨ 'ਚ ਹੀ ਇਸ ਬਿਰਤਾਂਤ ਦਾ ਮਰਮ ਪਿਆ ਹੈ।

**'ਸ਼ਾਂਤੀ'** ਕਹਾਣੀ ਦਾ ਬਿਰਤਾਂਤ ਵਿਆਹ ਬਾਹਰੇ ਨਜਾਇਜ਼ ਰਿਸ਼ਤਿਆਂ ਕਾਰਣ ਕੀਤੀਆਂ ਸਾਜ਼ਿਸ਼ਾਂ ਅਤੇ ਕਤਲ ਅਤੇ ਆਪਣੇ ਆਪ ਨੂੰ ਬੇਦੋਸ਼ੇ ਸਾਬਿਤ ਕਰਨ ਲਈ ਚੁੱਕੀਆਂ ਝੂਠੀਆਂ ਧਾਰਮਿਕ ਸੌਂਹਾਂ ਨਾਲ ਮਨਾਂ 'ਚ ਪੈਦਾ ਹੋਣ ਵਾਲੇ ਅਪਰਾਧ ਬੋਧ (Guilt Cosciousness), ਜ਼ਮੀਰ ਦੀਆਂ ਲਾਹਨਤਾਂ 'Conscience' ਅਤੇ ਮਨੋਗੁੰਝਲਾਂ ਕਾਰਣ ਮਨ 'ਤੇ ਪੈਣ ਵਾਲੇ ਭਾਰ ਤੋਂ ਮੁਕਤ ਹੋਣ ਲਈ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਸ਼ਰਣ ਲੈਣਾ ਆਦਿ ਮਨੋਵਿਗਿਆਨਕ ਪਹਿਲੂਆਂ ਦੇ ਗਿਰਦ ਆਪਣਾ ਆਪ ਉਸਾਰਦਾ

ਹੈ। 'Guilt Cosciousness' ਅਤੇ 'Damning of Conscience' ਵਿਚਾਲੇ ਬੜਾ ਮਹੀਨ ਅੰਤਰ ਹੁੰਦਾ ਹੈ ਪਰ ਹੈ ਇਹ ਦੋਨੋਂ ਜੁੜੇ ਹੋਏ। ਗੁਰਚਰਨਾ ਅਤੇ ਜੋਗੀ ਆਪਣੇ ਕੀਤੇ ਅਪਰਾਧ ਬੋਧ ਤੋਂ ਮੁਕਤ ਹੋਣ ਲਈ ਸ਼ਰਾਬ ਦੇ ਨਸ਼ੇ ਵਿਚ ਹਲਫ਼ੀਆ ਗੁਫ਼ਤਗੂ ਕਰ ਆਪਣੇ ਮਨ ਦੇ ਭਾਰ ਤੋਂ ਮੁਕਤ ਹੁੰਦੇ ਹਨ। ਅਲਬੇਅਰ ਕਾਮੂ ਆਪਣੇ ਨਾਵਲ 'The Stranger' 'ਚ ਕਹਿੰਦਾ ਹੈ 'A guilty conscience needs to confess. A work of art is a confession' 'ਸ਼ਾਂਤੀ' ਇਸ ਬਿਰਤਾਂਤ 'ਚ ਪਾਤਰ ਵੀ ਹੈ ਤੇ ਮਨੋਸਥਿਤੀ ਵੀ ਜੋ ਰੂਪਕੀ ਭਾਸ਼ਾ 'ਚ ਨਵੇਂ ਅਰਥਾਂ ਦਾ ਉਤਪਾਦਨ ਕਰਦੀ ਦਿਖਾਈ ਦਿੰਦੀ ਹੈ।

**'ਕ੍ਰਾਂਤੀਕਾਰੀ'** ਕਹਾਣੀ ਦਾ ਬਿਰਤਾਂਤ ਕਲਾ, ਸਾਹਿਤ ਅਤੇ ਅਭਿਨੈ ਦੇ ਜਗਤ ਵਿਚ ਕਲਾਕਾਰਾਂ ਅਤੇ ਲੇਖਕਾਂ ਆਦਿ 'ਚ ਫੈਲੇ ਦਵੈਸ਼, ਈਰਖਾ ਭਾਵਨਾਵਾਂ ਅਤੇ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ, ਗਲ਼ ਕਾਟਵੀਂ ਸਪੱਰਧਾ ਦੇ ਨਾਲ ਨਾਲ ਕਰੈਕਟਰ ਅਸੈਸੀਨੇਸ਼ਨਜ਼ ਅਤੇ ਚਰਿੱਤਰੀ ਦੂਸ਼ਣਬਾਜ਼ੀਆਂ, ਰਿਸ਼ਤਿਆਂ ਵਿਚਲੀ ਮੁਨਾਫ਼ਕਤ ਅਤੇ ਸੁਹਿਰਦ ਭਾਵਨਾਵਾਂ ਦਾ ਅਪਾਰਧਿਕ ਸੋਸ਼ਣ ਆਦਿ ਮਨੁੱਖੀ ਵਿਵਹਾਰ ਦੇ ਵਿਭਿੰਨ ਪਾਸਾਰਾਂ ਨੂੰ ਆਪਣਾ ਵਿਸ਼ਾ-ਵੱਥ-ਵਸਤੂ ਬਣਾਉਂਦਾ ਹੈ। ਕਹਾਣੀ ਦੇ ਅੰਤ 'ਚ ਜੂਹੀ ਵਿਸ਼ਨੂੰ ਸ਼ਰਮਾ ਜਿਹੇ ਦੋਗਲੇ, ਬਦਇਖ਼ਲਾਕ ਅਤੇ ਦਗ਼ਾਬਾਜ਼ ਕਿਰਦਾਰ ਵਿਰੁਧ ਜਨਤਕ ਮੰਚ 'ਤੇ ਐਲਾਨੀਆ ਵਿਦਰੋਹ ਕਰ ਆਪਣੇ ਆਪ ਨੂੰ ਕ੍ਰਾਂਤੀਕਾਰੀ ਸਾਬਿਤ ਕਰਦੀ ਹੈ।

**'ਆਇਰਨ ਗਲਵਜ਼'** ਕਹਾਣੀ 'ਚ ਸਮਾਜ 'ਚ ਸੱਤਾ, ਸੈਕਸ, ਪੈਸਾ, ਸਰਕਾਰ, ਸ਼ਾਸਨ ਅਤੇ ਸ਼ੋਸ਼ਣ ਦੇ ਨਾਪਾਕ ਅਤੇ ਬਦਨਾਮ ਗੱਠਜੋੜ ਕਾਰਨ ਬਦਇਖ਼ਲਾਕੀਅਤ ਅਤੇ ਅਪਰਾਧਕ ਗਤੀਵਿਧੀਆਂ ਨੂੰ ਯਥਾਰਥ ਅਤੇ ਗਲਪ ਦੇ ਫ਼ਿਊਜ਼ਨ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਯੂਨੀਵਰਸਿਟੀਆਂ ਜੋ ਵਿਦਿਆ ਦੇ ਮੰਦਰ ਹਨ ਅਤੇ ਇਹੋ ਜਿਹੇ ਪਵਿੱਤਰ ਅਦਾਰਿਆਂ ਸੱਤਾ ਦੀਆਂ ਪਉੜੀਆਂ ਚੜ੍ਹਨ ਦੇ ਚਾਹਵਾਨ ਹਰ ਤਰ੍ਹਾਂ ਦੇ ਸਮਝੌਤੇ ਅਤੇ ਅਪਰਾਧ ਦੀ ਆਖ਼ਰੀ ਸੀਮਾਂ ਤੱਕ ਜਾਣ ਦਾ ਜ਼ੋਖ਼ਿਮ ਉਠਾਉਂਦੇ ਹਨ। 'ਆਇਰਨ ਗਲਵਜ਼' ਬਿਰਤਾਂਤ ਦਾ ਮਕਸਦ ਇਹ ਦੱਸਣਾ ਹੈ ਕਿ ਆਇਰਨ ਗਲਵਜ਼ ਪਹਿਨਣ ਵਾਲੇ ਖ਼ੂੰਖਾਰ, ਪੇਸ਼ੇਵਾਰ ਜ਼ਾਹਿਰ ਅਪਰਾਧੀਆਂ ਅਤੇ ਸਮਾਜ 'ਚ ਬੀਬੇ ਰਾਣੇ, ਸੋਹਣੇ ਚਿਹਰਿਆਂ ਅਤੇ ਰੁਤਬੇ ਵਾਲੇ ਰਸੂਖ਼ਦਾਰਾਂ 'ਚ ਛੁਪੇ ਅਪਰਾਧੀਆਂ ਦੀਆਂ ਮੂਲ ਪ੍ਰਵਿਰਤੀਆਂ 'ਚ ਕੋਈ ਦਰਅਸਲ ਕੋਈ ਬਹੁਤਾ ਫ਼ਰਕ ਨਹੀਂ ਹੁੰਦਾ ਹੈ।

**'ਦਾਇਰੇ'** ਕਹਾਣੀ ਦਾ ਬਿਰਤਾਂਤ ਪ੍ਰੋਫ਼ੈਸਰ ਲੇਖਕ ਮੱਖਣ ਦੇ ਮਨੋਵਿਗਿਆਨ 'ਚ ਬਚਪਨ ਤੋਂ ਲੈ ਕੇ ਹੁਣ ਤੱਕ ਗਿਰਦ ਬੱਝੇ ਦਾਇਰਿਆਂ ਜਿਵੇਂ ਰੱਬ, ਬਾਪ, ਮਾਂ, ਭੈਣਾਂ ਭਰਾਵਾਂ ਦੇ ਰਿਸ਼ਤੇ, ਮੁਹੱਬਤ ਆਦਿ ਤੋਂ ਮੁਕਤ ਹੋਣ ਅਤੇ ਆਪਣੇ ਮਾਲਿਕ ਦੀਆਂ ਚੋਰੀਆਂ ਕੀਤੀਆਂ ਲਿਖਤਾਂ ਨਾਲ ਬਣੇ ਲੇਖਕ ਦੇ ਗੁਨਾਹ ਦੇ ਅਹਿਸਾਸ ਦੇ ਮਨੋਵਿਸ਼ਲੇਸ਼ਣ 'ਚੋਂ ਆਪਣਾ ਆਪ ਘੜਦਾ ਹੈ। ਕਹਾਣੀ ਦੇ ਅੰਤ 'ਚ ਬੁੱਧ ਦੇ ਬੁੱਤ ਦੀ ਮਾਅਨੇਖ਼ੇਜ਼ ਮੁਸਕਾਨ ਮੂਹਰੇ ਮੱਖਣ ਆਪਣੇ ਗੁਨਾਹ, ਖੋਖਲੇਪਨ ਅਤੇ ਦੋਗ਼ਲੇ ਕਿਰਦਾਰ ਅੱਗੇ ਆਪ ਹੀ ਝੇਂਪ ਮਹਿਸੂਸ ਕਰਦਾ ਹੈ।

**'ਤੂਫ਼ਾਨ ਦੇ ਥੰਮ੍ਹ ਜਾਣ ਬਾਅਦ'** ਕਹਾਣੀ ਦਾ ਬਿਰਤਾਂਤ ਕਸ਼ਮੀਰੀ ਪੰਡਿਤਾਂ ਦੇ ਕਸ਼ਮੀਰ ਵਾਦੀ 'ਚੋਂ ਜਬਰੀ ਪਰਵਾਸ ਕਾਰਣ ਜਲਾਵਤਨੀ ਅਤੇ ਸ਼ਰਣਾਰਥੀਪਨ ਹੰਡਾਅ ਰਹੇ ਕਿਸੇ ਵਿਆਹ ਦੇ ਮੌਕੇ ਇਕੱਠੇ ਹੋਏ ਪਿਛਲੀਆਂ ਤਿੰਨ ਚਾਰ ਪੀੜ੍ਹੀਆਂ ਦੇ ਪੰਡਿਤਾਂ ਅਤੇ ਪੰਡਾਤਣੀਆਂ ਵੱਲੋਂ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਣ ਦੇ ਭੋਗੇ ਜਾ ਰਹੇ ਹੇਰਵੇ, ਹਿਰਖ-ਸੋਗ, ਦੁੱਖ ਅਤੇ ਸੰਤਾਪ ਦਾ ਬੜੀ ਯਥਾਰਥਕ ਕਥਾਕਾਰੀ ਹੈ। ਇਸ ਦੇ ਯਥਾਰਥਕ ਹੋਣ ਦਾ ਕਾਰਣ ਸੁਰਿੰਦਰ ਨੀਰ ਦੇ ਕਸ਼ਮੀਰ ਸੰਕਟ ਅਤੇ ਕਸ਼ਮੀਰੀਅਤ ਦਾ ਪ੍ਰਮਾਣਿਕ ਅਨੁਭਵ ਅਤੇ ਸਮੀਖਿਆਭਾਵੀ ਦ੍ਰਿਸ਼ਟੀਕੋਣ ਹੈ। ਕਸ਼ਮੀਰੀ ਪੰਡਿਤ ਬਰਾਦਰੀ ਹਰ ਪੀੜ੍ਹੀ ਦਾ ਅਨੁਭਵ

ਅਤੇ ਨੀਝ ਭਿੰਨ ਹੋਣ ਕਾਰਣ ਹੇਰਵਾ ਅਤੇ ਦੁੱਖ ਦਾ ਪ੍ਰਗਟਾਵਾ ਵੀ ਭਿੰਨ ਹੈ। ਇਸ ਬਿਰਤਾਂਤ 'ਚ ਇਕ ਸੰਵਾਦ ਇਸ ਬਰਾਦਰੀ ਵੱਲੋਂ ਭੋਗੇ ਸੰਕਟਾਂ ਕਾਰਣ ਪੈਦਾ ਸਵੈ-ਭਾਵਨਾ (Self-realisation) ਵਿਚੋਂ ਉਪਜੀ ਸਮਕਾਲੀ ਸਮੂਹਿਕ ਮਨੋਸਥਿਤੀ ਨੂੰ ਬੜੇ ਅਰਥਪੂਰਣ ਢੰਗ ਨਾਲ ਪੇਸ਼ ਕਰਦਾ ਹੈ; "ਅਸੀਂ ਹੁਣ ਗਲੋਬਲ ਪਿੰਡ ਦੇ ਨਿਵਾਸੀ ਹੋ ਚੁੱਕੇ ਹਾਂ। ਸਾਨੂੰ ਇਨ੍ਹਾਂ ਜਾਤ, ਧਰਮ, ਸੰਸਕ੍ਰਿਤੀ, ਸਭਿਆਚਾਰ ਜਿਹੇ ਸੀਮਤ ਬੰਧਨਾਂ ਤੋਂ ਆਪਣੀ ਸੋਚ ਨੂੰ ਆਜ਼ਾਦ ਕਰ ਲੈਣਾ ਚਾਹੀਦਾ ਹੈ"। ਕਹਾਣੀ ਦਾ ਆਖ਼ਰੀ ਮੋਟਿਫ਼ 'ਲੱਕ ਟੁਣੂ ਟੁਣੂ' ਦਾ ਚਿਹਨਕੀ ਪ੍ਰਸੰਗ ਇਸ ਬਿਰਤਾਂਤ ਨੂੰ ਹੋਰ ਵਾਜ਼ੇਹ ਕਰਦਾ ਹੈ ਕਿ ਇਸ ਸ਼ਬਦਾਂਸ਼ ਦਾ ਮਤਲਬ ਨਾ ਸਮਝੋ ਬੱਸ ਇਸਦੀ ਲੈਅ 'ਚ ਨੱਚ ਤੇ ਸੱਭ ਕੁਝ ਭੁੱਲ ਜਾ। ਇਹ ਇਕ ਤਰ੍ਹਾਂ ਦਾ ਯੂਟੋਪੀਆ ਹੈ ਵਿਸ਼ਾ ਹੈ ਜੋ ਮਨੁੱਖ ਨੂੰ ਕਾਇਮ ਰੱਖਦੀ ਹੈ। ਫਰੈਡਰਿਕ ਜੇਮਸਨ ਨੇ ਆਪਣੀ ਕਿਤਾਬ 'Archeologies of the Future' 'ਚ ਕਹਿੰਦਾ ਹੈ ਕਿ ਵਿਸ਼ਵੀਕਰਨ ਦੇ ਦੌਰ 'ਚ ਬੰਦੇ ਦੀ ਟੇਕ ਯੂਟੋਪੀਆ ਦੀ ਤਲਾਸ਼ ਹੈ ਜੋ ਉਸਨੂੰ ਉਲਟ ਹਾਲਾਤ ਵਿਚ ਵੀ ਜਿਊਂਦਿਆਂ ਰੱਖਦੀ ਹੈ।

**'ਮਿਸ ਸਿੱਟੀ'** ਕਹਾਣੀ ਦੋ ਸਕੀਆਂ ਭੈਣਾਂ ਦੇ ਸਮਾਜ-ਮਨੋਵਿਗਿਆਨਕ ਵਿਗਾਸ ਦਾ ਬਿਰਤਾਂਤ ਹੈ। ਮੱਧਵਰਗੀ ਸਮਾਜ ਦੇ ਪਰਿਦ੍ਰਿਸ਼ 'ਚ ਦੋਹਾਂ ਭੈਣਾਂ ਦੀ ਪਰਵਰਿਸ਼ ਇਕੋ ਜਿਹੇ ਵਾਤਾਵਰਣ ਅਤੇ ਮਾਹੌਲ 'ਚ ਹੁੰਦੀ ਹੈ ਪਰ ਦੋਹਾਂ ਦੀਆਂ ਜੀਵਨ ਪ੍ਰਤੀ ਸੋਚ, ਦ੍ਰਿਸ਼ਟੀ ਅਤੇ ਪ੍ਰੇਰਨਾਵਾਂ ਭਿੰਨ ਹਨ। ਇਸ ਭਿੰਨਤਾ ਕਾਰਣ ਦੋਹਾਂ ਦੀ ਸ਼ਖ਼ਸੀਅਤ ਅਤੇ ਆਸ਼ੇ ਭਿੰਨ ਹਨ। ਇਕ ਬਾਹਰੀ ਸੁੰਦਰਤਾ ਅਤੇ ਆਕਰਸ਼ਣ ਤੋਂ ਪ੍ਰਭਾਵਿਤ ਹੋ ਮਿਸ ਸਿੱਟੀ ਬਣਦੀ ਹੈ ਅਤੇ ਦੂਜੀ ਅੰਦਰੂਨੀ ਸੱਚਾਈ ਅਤੇ ਸਦਾਚਾਰ ਤੋਂ ਪ੍ਰੇਰਨਾ ਲੈ ਸਖ਼ਤ, ਸਫ਼ਲ ਅਤੇ ਆਦਰਸ਼ਕ ਅਤੇ ਗ਼ੈਰ ਸਮਝੌਤਾਵਾਦੀ ਪੁਲੀਸ ਅਫ਼ਸਰ ਬਣ ਸ਼ਹਿਰ 'ਚ ਆਪਣਾ ਰੁੱਤਬਾ ਅਤੇ ਸਹੀ ਮੁਕਾਮ ਹਾਸਿਲ ਕਰਦੀ ਹੈ।

**'ਟੌਫੀਆਂ ਦਾ ਹਾਰ'** ਮੱਧਵਰਗੀ ਪਰਿਵਾਰ ਦੀਆਂ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਉਲਝਣਾਂ, ਦੁਬਿਧਾਵਾਂ ਅਤੇ ਦੁਵੱਲੀਆਂ ਅਕਾਂਖਿਆਵਾਂ ਦਾ ਬਿਰਤਾਂਤ ਹੈ ਜਿਸ ਦੇ ਅਮੂਰਤਨ ਵਿਚ ਲੋੜਾਂ, ਥੁੜ੍ਹਾਂ, ਚਾਹਤਾਂ, ਇੱਛਾਵਾਂ ਅਤੇ ਕਾਮਨਾਵਾਂ ਦੇ ਬੜਾ ਅਲੋਕਾਰ ਅਤੇ ਵਿਚਿੱਤਰ ਸੰਸਾਰ ਕਾਰਜਸ਼ੀਲ ਹੈ। ਮੱਧਵਰਗੀ ਮਨ ਕਿਤੇ ਸਮਾਜਿਕ ਗ਼ੈਰਬਰਾਬਰੀ ਦਾ ਸ਼ਿਕਾਰ ਹੈ ਅਤੇ ਕਿਤੇ ਰਿਸ਼ਤਿਆਂ ਵਿਚਾਲੇ ਸਹਿਵਨ ਹੀ ਆ ਗਏ ਅਸਾਵੇਂਪਨ ਕਾਰਣ ਆਪਣੇ ਆਪ ਨੂੰ ਬਰਾਬਰ ਰੂਪ 'ਚ ਵੰਡ ਨਾ ਸਕਣ ਦੀ ਵਜਹ ਨਾਲ ਸੁਭਾਵਿਕ ਹੀ ਅਸੰਤੁਲਨ ਦਾ ਸ਼ਿਕਾਰ ਹੋ ਜਾਂਦਾ ਹੈ ਪਰ ਸਮੇਂ ਸਿਰ ਸੋਝੀ ਹੋ ਜਾਣ ਨਾਲ ਇਸ ਸੰਕਟ ਤੋਂ ਆਪਣੇ ਆਪ ਨੂੰ ਬਾਹਰ ਵੀ ਕੱਢ ਲਿਆਉਂਦਾ ਹੈ।

ਆਈਰਸ਼ ਲੇਖਕ ਰਾਬਰਟ ਗਰੀਵ ਦੀ ਕਵਿਤਾ 'ਸ਼ੈਤਾਨ ਨੂੰ ਸਲਾਹ' ਨਾਮੀ ਕਵਿਤਾ 'ਚ ਕਹਾਣੀ ਕਹਿਣ ਵਾਲਿਆਂ ਨੂੰ ਸ਼ੈਤਾਨ ਦੀਆਂ ਕੁਝ ਦਿਲਚਸਪ ਸਲਾਹਾਂ ਹਨ। ਇਕ ਤਾਂ ਇਹ ਹੈ ਕਿ ਐਸੀ ਤਸਵੀਰ ਘੜੋ ਜੋ ਜਾਅਲੀ ਹੋਵੇ, ਨਕਲੀ ਹੋਵੇ ਪਰ ਸੱਚੀ ਲੱਗੇ । ਪੂਰੇ ਜਾਗੇ ਵਿਵੇਕ ਨਾਲ ਉਹ ਕਰੋ ਜੋ ਇਕ ਝੂਠਾ ਕਰਦਾ ਹੈ। ਸ਼ੈਤਾਨ ਦਾ ਮੰਨਣਾ ਹੈ ਕਿ ਤੱਥ ਤੇ ਤੱਥ ਵਿਚਲਾ ਅੰਤਰ ਵਿਰੋਧ ਹੀ ਸਹੀ ਅਤੇ ਮੁੰਮਕਿਨ ਮਨੁੱਖ ਦੀ ਸ਼ਕਲ ਘੜ੍ਹ ਸਕਦਾ ਹੈ।

ਸੁਰਿੰਦਰ ਨੀਰ ਦੇ ਕਹਾਣੀ ਸੰਗ੍ਰਹਿ 'ਟੈਬੂਜ਼' 'ਚ ਸ਼ਾਮਿਲ ਕਰੀਬਨ ਸਾਰੇ ਬਿਰਤਾਂਤ ਹੀ ਰਾਬਰਟ ਗਰੀਵ ਦੀਆਂ ਉਪਰੋਕਤ ਸਲਾਹਾਂ 'ਤੇ ਖਰੇ ਉਤਰਦੇ ਹਨ।

(**ਸੰਪਰਕ**-82839-48811)

# ਨਿਮਨ ਕਿਸਾਨੀ ਤੇ ਸਮਕਾਲੀ ਮਸਲਿਆਂ ਦਾ ਸੰਵਾਦ : ਜੜ੍ਹ-ਮੂਲ



**ਡਾ. ਕੁਲਵਿੰਦਰ ਸਿੰਘ**

ਸਮਕਾਲੀਨ ਪੰਜਾਬੀ ਕਹਾਣੀ ਨਵੀਨ ਤੋਂ ਨਵੀਨ ਵਿਸ਼ਿਆਂ ਨਾਲ ਯਥਾਰਥਕ ਸੰਵਾਦ ਰਚਾਉਂਦੀ ਹੋਈ ਮਨੁੱਖ ਨੂੰ ਦਰਪੇਸ਼ ਮਸਲਿਆਂ ਪ੍ਰਤੀ ਚੇਤੰਨਤਾ ਪ੍ਰਦਾਨ ਕਰਨ ਲਈ ਮਾਰਗ ਦਰਸ਼ਕ ਦਾ ਕਾਰਜ ਵੀ ਨਿਭਾਉਂਦੀ ਹੈ। ਭੋਲਾ ਸਿੰਘ ਸੰਘੇੜਾ ਪੰਜਾਬੀ ਗਲਪ ਜਗਤ ਦਾ ਪ੍ਰਸਿੱਧ ਹਸਤਾਖ਼ਰ ਹੈ। ਉਸਦੇ ਇਸ ਤੋਂ ਪਹਿਲਾਂ ਦੇ ਕਥਾ ਸੰਗ੍ਰਿਹ 'ਜ਼ਹਿਰ ਦਾ ਘੁੱਟ' (1987), 'ਰੇਤ ਦੀਆਂ ਕੰਧਾਂ' (2002), 'ਹਾਏ ਉਏ ਦੁੱਲਿਆ' (2008), 'ਇਹ ਜੰਗ ਕੌਣ ਲੜੇਗਾ' (2015) ਅਤੇ ਇੱਕ ਨਾਵਲ 'ਬਲਦੀ ਰੁੱਤ' (2019) ਪ੍ਰਕਾਸ਼ਿਤ ਹੋ ਚੁੱਕੇ ਹਨ। ਉਸਦਾ ਇਹ ਪੰਜਵਾਂ ਕਥਾ ਸੰਗ੍ਰਹਿ **'ਜੜ੍ਹ-ਮੂਲ'** (**ਪ੍ਰਕਾਸ਼ਕ: ਕੈਲੀਬਰ ਪਬਲੀਕੇਸ਼ਨ, ਪਟਿਆਲਾ, ਸਾਲ: 2023, ਮੁੱਲ: 190, ਪੰਨੇ :112**) ਛਪਿਆ ਹੈ। ਇਸ ਰਾਹੀਂ ਉਹ ਨਿਮਨ ਕਿਸਾਨੀ ਨੂੰ ਦਰਪੇਸ਼ ਸਮੱਸਿਆਵਾਂ, ਪਰਵਾਸ ਵਿਚ ਵੱਧਦਾ ਰੁਝਾਨ, ਕੁਦਰਤ ਨਾਲ ਖਿਲਵਾੜ ਅਤੇ ਕਰੋਨਾ ਮਹਾਂਮਾਰੀ ਸਮੇਂ ਦਹਿਸ਼ਤ ਵਾਲੇ ਮਾਹੌਲਆਦਿ ਵਰਤਾਰਿਆਂ ਨੂੰ ਮੂਰਤੀਮਾਨ ਕਰਦਾ ਹੈ।

ਕਹਾਣੀ '**ਸਰਹੱਦ**' ਨਿਮਨ ਕਿਸਾਨੀ ਪਰਿਵਾਰਾਂ ਵਿਚ ਪੂੰਜੀ ਦੀ ਆਮਦ ਨਾਲ ਬਦਲਦੇ ਪਰਿਵਾਰਕ ਰਿਸ਼ਤਿਆਂ ਨੂੰ ਬਾਖ਼ੂਬੀ ਉਭਾਰਦੀ ਹੈ। ਮੈਂ ਮੂਲਕ ਪਾਤਰ ਜਰਨੈਲ ਸਿੰਘ ਅਤੇ ਉਸਦੀ ਪਤਨੀ ਗੁਰਮੀਤ ਕੌਰ ਦੋਵੇਂ ਸਰਕਾਰੀ ਮੁਲਾਜ਼ਮ ਹੋਣ ਕਾਰਨ ਆਪਣੇ ਸੰਯੁਕਤ ਪਰਿਵਾਰ ਨਾਲੋਂ ਵਿੱਥ ਸਥਾਪਿਤ ਕਰਕੇ ਸ਼ਹਿਰ ਵਿਚ ਵਸੇਬਾ ਕਰਦੇ ਹਨ। ਵਕਤਾਨਵੀਂ ਵਸੀਅਤ ਰਾਹੀਂ ਆਪਣੇ ਭਰਾ ਪਾਸੋਂ ਹੋਰ ਜ਼ਮੀਨ ਹਾਸਿਲ ਕਰਨ ਵਿਚ ਸਫ਼ਲ ਹੁੰਦਾ ਹੈ। ਉਸਦੀ ਅਗਲੇਰੀ ਪੀੜ੍ਹੀ ਪੁੱਤਰ ਤੇ ਨੂੰਹ ਦਾ ਕੈਨੇਡਾ ਜਾਣ ਨੂੰ ਪ੍ਰਮੁੱਖਤਾ ਦੇਣਾ ਲਹੂ ਦੇ ਰਿਸ਼ਤਿਆਂ ਨਾਲੋਂ ਪੂੰਜੀ ਪ੍ਰਤੀ ਮੋਹ ਨੂੰ ਦਰਸਾਉਂਦਾ ਹੈ। ਦੂਸਰਾ ਜਦੋਂ ਜਰਨੈਲ ਸਿੰਘ ਨੂੰ ਆਪਣੀ ਧੀ ਹਰਪ੍ਰੀਤ ਦੁਆਰਾ ਇਹ ਪਤਾ ਲੱਗਣਾ ਕਿ ਉਸਦੇ ਪੁੱਤ ਤੇ ਨੂੰਹ ਵਿਚਕਾਰ ਇਹ ਗੁਪਤ ਸਮਝੌਤਾ ਹੋਇਆ ਹੈ ਕਿ ਉਹ ਦੋਵੇਂ ਆਪੋ-ਆਪਣੇ ਮਾਪਿਆਂ ਨੂੰ ਆਪਣੇ ਕੋਲ ਕੈਨੇਡਾ ਨਹੀਂ ਰੱਖਣਗੇ, ਇਹ ਸੁਣਦਿਆਂ ਹੀ ਉਹ ਵਾਪਿਸ ਪੰਜਾਬ ਪਰਤ ਆਉਂਦਾ ਹੈ। ਜਿਸ ਕਾਰਨ ਵਕਤਾ ਜਿੱਥੇ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਦਾ ਹੈ ਉੱਥੇ ਉਹ ਆਪਣੀ ਖ਼ੁਰ ਰਹੀ ਹੋਂਦ ਨੂੰ ਬਚਾਉਣ ਲਈ ਵੀ ਤਤਪਰ ਹੈ। ਜਿਸਦੇ ਫਲਸਰੂਪ ਉਹ ਆਪਣੇ ਲਹੂ ਦੇ ਰਿਸ਼ਤਿਆਂ ਨਾਲ ਮੁੜ ਸਾਂਝ ਸਥਾਪਿਤ ਕਰਨ ਲਈ ਆਪਣਿਆਂ ਵਿਚਕਾਰ ਬਣੀ 'ਸਰਹੱਦ' ਨੂੰ ਉਲੰਘਦਿਆਂਆਪਣੇ ਭਰਾਨੂੰ ਗਲੇ ਲਗਾਉਂਦਾ ਹੈ।




ਕਹਾਣੀ "**ਜੜ੍ਹ-ਮੂਲ**" ਨਿਮਨ ਕਿਸਾਨੀ ਦੀ ਨਵੀਂ ਪੀੜ੍ਹੀ ਦੁਆਰਾ ਪਰਵਾਸ ਧਾਰਨ ਦੇ ਵੱਧਦੇ ਰੁਝਾਨ ਨੂੰ ਆਲੋਚਨਾਤਮਿਕ ਰੂਪ ਵਿਚ ਪ੍ਰਗਟਾਉਂਦੀ ਹੈ। ਕਿਸਾਨੀ ਦੀ

ਨਵੀਂ ਤੇ ਪੁਰਾਣੀ ਪੀੜ੍ਹੀ ਵਿਚ ਪਰਸਪਰ ਵਿਰੋਧਤਾ, ਪੁਰਾਤਨ ਪੀੜ੍ਹੀ ਦਾ ਜ਼ਮੀਨ ਨੂੰ ਮਾਂ ਅਤੇ ਆਧੁਨਿਕ ਦੁਆਰਾ ਕੇਵਲ ਜਾਇਦਾਦ ਸਮਝਣਾ, ਵਿਦੇਸ਼ ਅਤੇ ਪੰਜਾਬ ਵਸੇਬੇ ਨੂੰ ਲੈ ਆਪਸੀ ਖਿੱਚੋਤਾਣ, ਵੱਧਦੇ ਪਰਵਾਸ ਵਸੇਬੇ ਕਾਰਨ ਨਿਮਨ ਕਿਸਾਨੀ ਦੀ ਹੋਂਦ ਦਾ ਖ਼ੁਰਨਾ ਆਦਿ ਮਸਲਿਆਂ ਨੂੰ ਕਥਾਕਾਰ ਬਾਖ਼ੂਬੀ ਉਭਾਰਦਾ ਹੈ। ਪਾਤਰ ਗੁਰਮੁਖ ਸਿੰਘ ਦੁਆਰਾ ਆਪਣੀ ਮਾਤ-ਭੂਮੀ ਨੂੰ ਨਾ ਵੇਚਣ ਦਾ ਦ੍ਰਿੜ ਫੈਸਲਾ ਕਰਨਾ ਜ਼ਮੀਨ ਵੇਚਣ ਦੇ ਵਰਤਾਰੇ ਨੂੰ ਠੱਲ੍ਹ ਪਾਉਣਾ ਹੈ ਤਾਂ ਜੋ ਪੰਜਾਬ ਵਿਚ ਕਿਸਾਨੀ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾ ਸਕੇ।

ਕਹਾਣੀ **"ਨਹੀਂ ਪਾਪਾ ਨਹੀਂ "** ਨਿਮਨ ਕਿਸਾਨੀ ਦੁਆਰਾ ਵਿਦੇਸ਼ ਜਾਣ ਪਿੱਛੇ ਕਾਰਜਸ਼ੀਲ ਲੁਪਤ ਤੇ ਗੁਪਤ ਸਮਝੌਤਿਆਂ ਨੂੰ ਉਜਾਗਰ ਕਰਦੀ ਹੈ। ਵਿਦਿਆਰਥੀਆਂ ਦੇ ਪਰਵਾਸ ਨਾਲ ਜਿਸ ਤਰ੍ਹਾਂ ਦਾ ਪਰਿਵਾਰਾਂ ਨੂੰ ਸੰਕਟ ਪੈਦਾ ਹੁੰਦਾ ਹੈ ਅਤੇ ਕਿਵੇਂ ਪਰਿਵਾਰ ਸੰਤਾਪ ਭੋਗਦੇ ਹਨ ਕਹਾਣੀ ਬੜੀ ਕੁਸ਼ਲਤਾ ਨਾਲ ਫੜਦੀ ਹੈ। ਕਹਾਣੀਕਾਰ ਨੇ ਸਮਕਾਲੀ ਮਾਲਵੇ ਦੇ ਯਥਾਰਥ ਨੂੰ ਫੜਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਕਹਾਣੀ ਦੇ ਕੇਂਦਰ ਵਿਚ ਇਕ ਉਹ ਕੁੜੀ ਹੈ ਜਿਹਦੀਆਂ ਸੱਧਰਾ ਨੂੰ ਦਬਾ ਕੇ ਮਾਪੇ ਕਿਸੇ ਤੋਂ ਪੈਸੇ ਲੈ ਕੇ ਵਿਦੇਸ਼ ਪੜ੍ਹਨ ਲਈ ਤੋਰਦੇ ਹਨ। ਉੱਥੇ ਜਾ ਕੇ ਕੁੜੀ ਆਪਣੀ ਮਾਨਵੀ ਸੰਵੇਦਨਾ ਕਰਕੇ ਇਨਕਾਰ ਕਰ ਦਿੰਦੀ ਹੈ। ਇਹ ਸਮਾਜ ਦਾ ਨਵਾਂ ਵਰਤਾਰਾ ਹੈ। ਕੇਂਦਰੀ ਪਾਤਰ ਸ਼ਰਨਜੀਤ ਨੂੰ ਵਿਦੇਸ਼ ਭੇਜਣ ਹਿੱਤ ਮਾਪੇ ਉਸਦੇ ਮਾਮੇ ਦੇ ਕੁੜਮਾਂ ਪਾਸੋਂ ਪੰਦਰਾਂ ਲੱਖ ਰੁਪਏ ਬਦਲੇ ਉਨ੍ਹਾਂ ਦੇ ਲੜਕੇ ਨਾਲ ਵਿਆਹ ਕਰਵਾ ਕੇ ਕੈਨੇਡਾ ਭੇਜਣ ਦਾ ਸੌਦਾ ਕਰਦੇ ਹਨ। ਸ਼ਰਨਜੀਤ ਦਾ ਇਸ ਸੌਦੇ ਪ੍ਰਤੀ ਅਸਹਿਮਤ ਹੋਣਾ ਪੰਜਾਬੀ ਔਰਤ ਦੀ ਚੇਤੰਨਤਾ, ਆਪਣਾ ਜੀਵਨ ਸਾਥੀ ਆਪ ਚੁਣਨ ਦਾ ਫੈਸਲਾ ਲੈਣ ਦੇ ਸਮਰੱਥ ਹੋਣਾ, ਆਪਣੇ ਪੈਰਾਂ ਤੇ ਖੜ੍ਹੇ ਹੋਣਾ ਆਦਿ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਸ ਲਈ ਉਹ ਦੋਵੇਂ ਪਰਿਵਾਰਾਂ ਵਿਚ ਹੋਏ ਇਸ ਸਮਝੌਤੇ ਬਾਰੇ ਆਖਦੀ ਹੈ ਕਿ, "ਮੈਨੂੰ ਤਾਂ ਕੁੱਛ ਸਮਝਿਆ ਹੀ ਨ੍ਹੀਂ...ਐਂ ਦੱਸੋ ਪਾਪਾ ਜੀ ਕੀ ਮੈਂ ਇਸ ਘਰ ਦੀ ਧੀ ਨ੍ਹੀਂ?...ਮਾੜੀ ਗੱਲ ਤਾਂ ਇਹ ਹੈ ਬਈ ਮੁੰਡਾ ਮੈਨੂੰ ਖਰੀਦ ਰਿਹਾ ਸੀ...ਮੈਨੂੰ ਇਹ ਗੁਲਾਮੀ ਮਨਜ਼ੂਰ ਨ੍ਹੀਂ ਨਾ ਪਾਪਾ ਨਾ...ਇੱਕ ਵਾਰੀ ਕਹਾ ਲੋ ਚਾਹੇ ਸੌ ਵਾਰੀ।"(ਪੰਨੇ-53-54)

ਕਹਾਣੀ **'ਵਾਅਦਾ'** ਵੀ ਨਿਮਨ ਕਿਸਾਨੀ ਦੀ ਅਜੋਕੀ ਪੀੜ੍ਹੀ ਨੂੰ ਸਿੱਖਿਆ ਦੇ ਨਾਲ-ਨਾਲ ਆਪਣੇ ਘਰ ਤੇ ਜ਼ਮੀਨ ਨਾਲ ਜੁੜੇ ਰਹਿਣ ਲਈ ਸੇਧਿਤ ਕਰਦੀ ਹੈ। ਕੇਂਦਰੀ ਪਾਤਰ ਕਮਲਜੀਤ ਉੱਚ ਸਿੱਖਿਆ ਪ੍ਰਾਪਤ ਕਰਕੇ ਅਧਿਆਪਕ ਬਣਨਾ ਚਾਹੁੰਦੀ ਹੈ। ਜਿਸ ਲਈ ਉਹ ਦਿਨ ਰਾਤ ਮਿਹਨਤ ਕਰਕੇ ਆਪਣੀ ਪੜ੍ਹਾਈ ਦਾ ਖ਼ਰਚ ਖ਼ੁਦ ਕੱਢਦੀ ਹੈ ਅਤੇ ਮਾਪਿਆਂ ਉੱਪਰ ਕਿਸੇ ਕਿਸਮ ਦਾ ਬੋਝ ਨਹੀਂ ਬਣਦੀ। ਕੁਦਰਤੀ ਆਫ਼ਤਾਂ ਕਾਰਨ ਤਬਾਹ ਹੋਈ ਫ਼ਸਲ ਸਦਕਾ ਆਪਣੇ ਪਿਤਾ ਦੀ ਬਿਗੜੀ ਮਾਨਸਿਕ ਦਸ਼ਾ ਦਾ ਇਲਾਜ ਕਰਵਾਉਣਾ ਅਤਿ ਜ਼ਰੂਰੀ ਹੈ। ਦੂਸਰੇ ਪਾਸੇ ਉਸਦਾ ਦੋਸਤ ਜਸ਼ਨਦੀਪ ਫਿਲਮ ਨਾ ਦੇਖਣ ਕਾਰਨ ਉਸ ਨੂੰ ਵਾਅਦੇ ਤੋਂ ਮੁਕਰਨ ਵਾਲੀ ਸਮਝਦਾ ਹੈ ਜਦੋਂ ਕਿ ਕਮਲ ਤਾਂ ਆਪਣਾ ਅਸਲ ਵਾਅਦਾ ਘਰ ਪਹੁੰਚ ਬਿਮਾਰ ਪਿਤਾ ਤੇ ਖੇਤ ਨੂੰ ਸੰਭਾਲਣਾ ਸਮਝਦੀ ਹੈ।

**'ਪਰਤ ਆਵਾਂਗਾ ਮੈਂ'** ਕਹਾਣੀ ਰਾਹੀਂ ਕਥਾਕਾਰ ਕਰੋਨਾ ਮਹਾਂਮਰੀ ਸਮੇਂ ਪਰਵਾਸੀ ਮਜ਼ਦੂਰਾਂ ਦੀਆਂ ਅਤਿ ਦਰਦਨਾਕ ਪ੍ਰਸਥਿਤੀਆਂ ਨੂੰ ਮੂਰਤੀਮਾਨ ਕਰਦਾ ਹੈ। ਪਰਵਾਸੀ ਮਜ਼ਦੂਰ ਸੁੰਦਰ ਲਾਲ ਦੇ ਕਰੋਨਾ ਸਮੇਂ ਆਰਥਿਕ ਹਾਲਾਤ ਵਧੇਰੇ ਬਦਤਰ ਹੋਣ ਕਾਰਨ ਉਹ ਸਾਈਕਲ ਚੋਰੀ ਕਰਨ ਲਈ ਮਜ਼ਬੂਰ ਹੁੰਦਾ ਹੈ। ਜਿਸ ਸਦਕਾ ਉਹ ਸਮੁੱਚੇ ਪਰਿਵਾਰ ਸਮੇਤ ਆਪਣੀ ਜਨਮ ਭੂਮੀ ਪਹੁੰਚਣ ਲਈ ਤਤਪਰ ਹੈ, ਇਸ ਲਈ ਉਹ ਮੈਂ ਪਾਤਰ ਦਾ ਦਿਲ ਜਿੱਤ ਕੇ ਉਸ ਨੂੰ ਭਰੋਸੇ ਵਿਚ ਲੈਂਦਾ ਹੈ। ਕਥਾਕਾਰ ਚਿੱਠੀ ਸ਼ੈਲੀ ਰਾਹੀਂ ਪਾਤਰ ਸੁੰਦਰ ਲਾਲ ਪਾਸੋਂ ਮੁਆਫ਼ੀ ਮੰਗਵਾ ਕੇ ਸਮੁੱਚੇ ਪਰਵਾਸੀ ਮਜ਼ਦੂਰਾਂ ਨੂੰ ਚੋਰੀ ਵਰਗੇ ਘੋਰ ਅਪਰਾਧ ਤੋਂ ਮੁਕਤ

ਕਰਦਾ ਹੈ ਅਤੇ ਪੰਜਾਬੀਆਂ ਨੂੰ ਲਾਚਾਰ ਅਤੇ ਮਜ਼ਬੂਰ ਵਿਅਕਤੀ ਦੇ ਭੈੜੇ ਤੋਂ ਭੈੜੇ ਗੁਨਾਹ ਨੂੰ ਵੀ ਮੁਆਫ਼ ਕਰਨ ਵਾਲੇ ਸਿਰਜਦਾ ਹੈ।

ਕਹਾਣੀ "**ਧੁੰਦ**" ਰਾਹੀਂ ਵੀ ਕਥਾਕਾਰ ਕਰੋਨਾ ਮਹਾਂਮਾਰੀ ਸਮੇਂ ਬਣੇ ਦਹਿਸ਼ਤ ਦੇ ਮਾਹੌਲ ਨੂੰ ਮੈਂ ਮੂਲਕਤਾ ਪਾਤਰ ਰਾਹੀਂ ਉਭਾਰਦਾ ਹੈ। ਵਕਤਾ ਨੂੰ ਮਹਾਂਮਾਰੀ ਤੋਂ ਪਹਿਲਾਂ ਵੀ ਐਲਰਜ਼ੀ ਸੀ ਜਿਸ ਕਾਰਨ ਉਸ ਨੂੰ ਖੰਘ, ਜੁਕਾਮ ਰਹਿੰਦਾ ਸੀ ਪਰੰਤੂ ਮਹਾਂਮਾਰੀ ਸਮੇਂ ਉਸਦੀ ਪਤਨੀ ਸਮੇਤ ਸਾਰਾ ਪਰਿਵਾਰ ਸ਼ੱਕੀ ਨਜ਼ਰਾਂ ਨਾਲ ਵੇਖਦੇ ਹੋਏ ਘਰ ਵਿਚ ਹੀ ਉਸ ਨੂੰ ਇਕਾਂਤਵਾਸ ਰਹਿਣ ਲਈ ਮਜ਼ਬੂਰ ਕਰਦੇ ਹਨ। ਜਿਸ ਉਪਰੰਤ ਪਰਿਵਾਰਕ ਮੈਂਬਰ ਮੈਂ ਪਾਤਰ ਨੂੰ ਬਿਲਕੁਲ ਤੰਦਰੁਸਤ ਸਮਝਦੇ ਹਨ ਅਤੇ ਉਹ ਖ਼ੁਦ ਨੂੰ ਪਹਿਲਾਂ ਨਾਲੋਂ ਵਧੇਰੇ ਊਰਜਾਵਾਨ ਮਹਿਸੂਸ ਕਰਦਾ ਹੈ।

ਕਹਾਣੀ '**ਸ਼ਿਵਰਾਜ**' ਦੇ ਬਿਰਤਾਂਤ ਨੂੰ ਲੇਖਕ ਪਿੱਛਲਝਾਤ ਵਿਧੀ ਦੁਆਰਾ ਪ੍ਰਗਟਾਉਂਦਾ ਹੈ। ਕਹਾਣੀ ਪਿਛਲੇ ਸੱਠ-ਸੱਤਰ ਸਾਲਾਂ ਦੀਆਂ ਬਦਲਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਕ ਬਣਤਰਾਂ ਨੂੰ ਮੂਰਤੀਮਾਨ ਕਰਦੀ ਹੈ। ਆਰਥਿਕ ਤਬਦੀਲੀ ਕਾਰਨ ਲੋਕਾਂ ਦੇ ਰਹਿਣ-ਸਹਿਣ, ਕਦਰਾਂ-ਕੀਮਤਾਂ ਦੇ ਰੂਪਾਂਤਰਿਤ ਹੋਣ ਨੂੰ ਲੇਖਕ ਬਾਖ਼ੂਬੀ ਪਕੜਦਾ ਹੈ। ਗਲ਼ੀ (ਰਸਤੇ) ਦਾ ਨਾਂ ਬਦਲਣ ਦੇ ਨਾਲ-ਨਾਲ ਰਾਮ ਨਾਥ, ਕਰਮ ਸਿੰਘ ਅਤੇ ਪਾਖਰ ਦੇ ਪਰਿਵਾਰਾਂ ਦੇ ਆਰਥਿਕ, ਸਮਾਜਿਕ ਤੇ ਰਾਜਨੀਤਕ ਹਾਲਤ ਵੀ ਤਬਦੀਲ ਹੁੰਦੇ ਹਨ। ਕਥਾਕਾਰ ਗਲ਼ੀ ਦੇ ਪ੍ਰਤੀਕ ਰਾਹੀਂ ਮਨੁੱਖ ਨੂੰ ਆਪਣਾ ਪਿਛੋਕੜ ਯਾਦ ਰੱਖਦਿਆਂ ਹਮੇਸ਼ਾ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਪ੍ਰੇਰਦਾ ਹੈ।


'ਬੰਦੇ ਦਾ ਪੁੱਤ' ਕਹਾਣੀ ਵੀ ਅਸਿੱਧੇ ਰੂਪ ਵਿਚ ਕਿਸਾਨੀ ਦੁਆਰਾ ਕੁਦਰਤ ਨਾਲ ਖਿਲਵਾੜ ਨੂੰ ਆਲੋਚਨਾਤਮਿਕ ਰੂਪ ਵਿਚ ਪੇਸ਼ ਕਰਦੀ ਹੈ। ਕਥਾਕਾਰ ਇਸ ਕਹਾਣੀ ਦੁਆਰਾ ਮਨੁੱਖ ਦੇ ਮਿੱਤਰ ਪੰਛੀਆਂ, ਜੀਵ-ਜੰਤੂਆਂ ਆਦਿ ਬਾਰੇ ਚਿੰਤਤ ਹੋਇਆ ਨਿਵੇਕਲੀ ਕਿਸਮ ਦਾ ਸੰਵਾਦ ਰਚਾਉਂਦਾ ਹੈ। ਕਥਾਕਾਰ ਚੂਹਾ, ਖ਼ਰਗੋਸ਼, ਟਟਹਿਰੀ, ਕੁੱਤੇ, ਉੱਲੂ, ਮੋਰ, ਕਬੂਤਰ ਆਦਿ ਦੇ ਪਰਸਪਰ ਸੰਵਾਦ ਰਾਹੀਂ ਕਹਾਣੀ ਨੂੰ ਅੱਗੇ ਤੋਰਦਾ ਹੈ। ਇਹ ਸੰਵਾਦ ਮਨੁੱਖ ਦੀ ਬਦਲਦੀ ਜੀਵਨ ਸ਼ੈਲੀ ਕਾਰਨ ਉਸਦਾ ਕੁਦਰਤੀ ਜੀਵ-ਜੰਤੂਆਂ ਤੋਂ ਬੇਮੁੱਖ ਹੋਣ 'ਤੇ ਵਿਅੰਗ ਕਰਦਾ ਹੈ। ਉਸਨੇ ਆਪਣੀ ਲਾਲਸਾ ਹਿੱਤ ਹਵਾ, ਪਾਣੀ ਅਤੇ ਧਰਤੀ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਕੁਦਰਤ ਆਪਣੇ ਨਾਲ ਹੋਏ ਖਿਲਵਾੜ ਦਾ ਬਦਲਾ ਆਪਣੇ ਹੀ ਢੰਗ ਨਾਲ ਲੈਂਦੀ ਹੈ ਕਿਉਂਕਿ ਉਹ ਕਰੋਨਾ ਮਹਾਂਮਾਰੀ ਵਾਂਗ ਮਨੁੱਖ ਨੂੰ ਦੁਬਾਰਾ ਵੀ ਸਬਕ ਸਿਖਾ ਸਕਦੀ ਹੈ।

ਭੋਲਾ ਸਿੰਘ ਸੰਘੇੜਾ ਇਸ ਕਥਾ ਸੰਗ੍ਰਿਹ ਦੁਆਰਾ ਨਿਮਨ ਕਿਸਾਨੀ ਦੀਆਂ ਆਰਥਿਕ ਸਮੱਸਿਆਵਾਂ, ਨਵੀਂ ਪੀੜ੍ਹੀ ਅੰਦਰ ਪਰਵਾਸ ਧਾਰਨ ਦਾ ਵੱਧਦਾ ਰੁਝਾਨ, ਮਨੁੱਖ ਦਾ ਕੁਦਰਤ ਨਾਲ ਖਿਲਵਾੜ, ਕੁਦਰਤ ਦਾ ਸਮੁੱਚੀ ਮਨੁੱਖਤਾ ਨੂੰ ਕਰੋਨਾ ਮਹਾਂਮਾਰੀ ਦੁਆਰਾ ਸੁਚੇਤ ਹੋਣ ਲਈ ਪ੍ਰੇਰਨਾ, ਪਰਵਾਸੀ ਮਜ਼ਦੂਰਾਂ ਦੀਆਂ ਦਰਦਨਾਕ ਪ੍ਰਸਥਿਤੀਆਂ, ਸਮਕਾਲੀ ਮਨੁੱਖ ਦਾ ਆਪਣੇ ਮਿੱਤਰ ਪੰਛੀ, ਜੀਵ-ਜੰਤੂਆਂ ਤੋਂ ਬੇਮੁੱਖ ਹੋਣਾ, ਪਰਿਵਾਰਕ, ਭਾਈਚਾਰਕ ਤੇ ਲਹੂ ਦੇ ਰਿਸ਼ਤਿਆਂ ਵਿਚ ਵਧਦੀ ਦੂਰੀ, ਰਿਸ਼ਤਿਆਂ ਨਾਲੋਂ ਪੂੰਜੀ ਨੂੰ ਪ੍ਰਮੁੱਖਤਾ ਦੇਣਾ ਆਦਿ ਸਮੱਸਿਆਵਾਂ ਨਾਲ ਸੰਵਾਦ ਰਚਾਉਂਦਾ ਹੈ। ਉਹ ਭਾਸ਼ਾ ਉੱਪਰ ਆਪਣੀ ਮਜ਼ਬੂਤ ਪਕੜ, ਮੁਹਾਵਰੇ ਤੇ ਅਖਾਣਾਂ ਦੀ ਭਰਪੂਰ ਵਰਤੋਂ, ਪਿੱਛਲਝਾਤ, ਵਿਅੰਗ, ਚਿੱਠੀ ਸ਼ੈਲੀ ਆਦਿ ਵਿਧੀਆਂ ਦੀ ਸੁਚੱਜੀ ਵਰਤੋਂ ਦੁਆਰਾ ਆਪਣੇ ਕਥਾ ਬਿਰਤਾਂਤ ਨੂੰ ਮਲਵਈ ਆਂਚਲਿਕਤਾ ਪ੍ਰਦਾਨ ਕਰਦਾ ਹੈ। ਸੋ, ਕਥਾਕਾਰ ਵਧੇਰੇ ਵਧਾਈ ਦਾ ਹੱਕਦਾਰ ਹੈ ਜਿਸਨੇ ਆਪਣੇ ਇਸ ਕਥਾ ਸੰਗ੍ਰਿਹ ਦੁਆਰਾ ਪੰਜਾਬੀ ਕਥਾ ਜਗਤ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ।

(**ਸੰਪਰਕ : 95012-45290**)

# ਸਮਕਾਲੀਨ ਮਸਲਿਆਂ ਦੇ ਬਿਰਤਾਂਤ ਦੀ ਪੇਸ਼ਕਾਰੀ : ਮੈਲਾਨਿਨ

**ਡਾ. ਕੁਲਵਿੰਦਰ ਸਿੰਘ**




ਸਮਕਾਲੀ ਪੰਜਾਬੀ ਕਹਾਣੀ ਗੁੰਝਲਦਾਰ ਵਰਤਾਰਿਆਂ ਤੇ ਬਦਲਦੀਆਂ ਮਨੁੱਖੀ ਪ੍ਰਸਥਿਤੀਆਂ ਨੂੰ ਬੜੀ ਖ਼ੂਬਸੂਰਤੀ ਨਾਲ ਪਕੜ ਰਹੀ ਹੈ। ਜਸਵਿੰਦਰ ਧਰਮਕੋਟ ਪੰਜਾਬੀ ਸਾਹਿਤ ਜਗਤ ਦਾ ਵਿਲੱਖਣ ਕਥਾਕਾਰ ਹੈ ਜੋ ਅਜੋਕੇ ਮਨੁੱਖ ਨੂੰ ਦਰਪੇਸ਼ ਮਸਲਿਆਂ ਨੂੰ ਆਪਣੀ ਕਥਾ ਸੰਵੇਦਨਾ ਰਾਹੀਂ ਬੜੀ ਸਹਿਜਤਾ ਨਾਲ ਚਿਤਰਦਾ ਹੈ। ਉਸਦਾ ਪਲੇਠਾ ਕਹਾਣੀ ਸੰਗ੍ਰਹਿ **"ਮੈਲਾਨਿਨ"** (**ਪ੍ਰਕਾਸ਼ਨ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਸਾਲ:2023, ਮੁੱਲ: 225, ਪੰਨੇ :112**) ਵਿਚ ਛਪਿਆ ਹੈ। ਆਪਣੇ ਇਸ ਕਥਾ ਸੰਗ੍ਰਹਿ ਰਾਹੀਂ ਕਥਾਕਾਰ ਜਾਤ, ਰੰਗ, ਨਸਲ, ਧਰਮ, ਮਾਤ-ਭਾਸ਼ਾ, ਵਿੱਦਿਅਕ ਪ੍ਰਬੰਧ ਆਦਿ ਵਖਰੇਵਿਆਂ, ਨਸ਼ਿਆਂ ਦੀ ਦਲਦਲ 'ਚ ਗ੍ਰਸਤ ਨੌਜਵਾਨੀ, ਬਾਲ ਮਨੋਵਿਗਿਆਨ, ਸਰੀਰਕ ਤੇ ਮਾਨਸਿਕ ਸੰਤਾਪ ਹੰਢਾਉਂਦੇ ਪਾਤਰਾਂ ਨੂੰ ਵਾਸਤਵਿਕ ਰੂਪ ਵਿਚ ਬਾਖ਼ੂਬੀ ਸਿਰਜਦਾ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਸ਼ਾਲ' ਰਾਹੀਂ ਕਥਾਕਾਰ ਆਪਣੇ ਬਚਪਨ ਦੀ ਯਾਦ ਦੁਆਰਾ ਇਕ ਸ਼ਾਲ ਵੇਚਣ ਵਾਲਾ ਰਸ਼ੀਦ ਜੋ ਉਨ੍ਹਾਂ ਦੀ ਗਲੀ ਵਿਚ ਕਾਫ਼ੀ ਸਮੇਂ ਤੋਂ ਸ਼ਾਲਾਂ ਵੇਚਣ ਆਉਂਦਾ ਹੈ। ਉਹ ਆਪਣੇ ਕੰਮ ਦੇ ਨਾਲ-ਨਾਲ ਰਿਸ਼ਤਿਆਂ ਵਿਚਲੇ ਮੋਹ ਦੀਆਂ ਤੰਦਾਂ ਨੂੰ ਵੀ ਮਜ਼ਬੂਤ ਕਰਦਾ ਹੈ ਜਿਸ ਸਦਕਾ ਉਹ ਵਕਤਾ ਦਾ ਮਾਮਾ ਬਣਦਾ ਹੈ ਅਤੇ ਉਸਦੀ ਮਾਂ ਨੂੰ ਆਪਣੀ ਮੂੰਹ ਬੋਲੀ ਭੈਣ ਬਣਾਉਂਦਾ ਹੈ। ਉਸਨੂੰ ਆਪਣੇ ਇਕ ਸ਼ਾਲ ਗੁੰਮ ਹੋਣ ਦੀ ਘਟਨਾ ਵਧੇਰੇ ਝੰਜੋੜਦੀ ਹੈ ਜਦੋਂ ਕਿ ਗਲੀ ਦੀਆਂ ਔਰਤਾਂ ਉਸਦੇ ਗੁਆਚੇ ਸ਼ਾਲ ਦੀ ਭਰਪਾਈ ਵੀ ਕਰਦੀਆਂ ਹਨ ਪਰੰਤੂ ਉਹ ਰਕਮ ਆਪਣੇ ਭਾਣਜੇ ਨੂੰ ਤੋਹਫ਼ੇ ਵਜੋਂ ਦੇ ਦਿੰਦਾ ਹੈ। ਇਸ ਉਪਰੰਤ ਉਹ ਮੁੜ ਸ਼ਾਲ ਵੇਚਣ ਨਹੀਂ ਆਉਂਦਾ। ਦੂਸਰੇ ਪਾਸੇ ਬਿਰਤਾਂਤਕਾਰ ਆਪਣੀ ਧੀ ਸਮਰਿਤੀ ਅਤੇ ਜੰਮੂ ਵਾਲੀ ਇੰਸ਼ਾ ਦੀ ਦੋਸਤੀ ਨੂੰ ਫਿਰਕਾਪ੍ਰਸਤੀ ਅਤੇ ਧਾਰਮਿਕ ਵਲਗਣਾਂ ਤੋਂ ਮੁਕਤ ਸਮਝਦਾਹੈ ਕਿਉਂਕਿ 'ਦੋਸਤੀ ਤਾਂ ਦੋਸਤੀ ਹੈ ਇਹ ਹੱਦ ਬੰਨੇ ਨਹੀਂ ਵੇਖਦੀ।' ਉਹ ਸਮਕਾਲੀ ਮੀਡੀਏ ਦੇ ਦੋਗਲੇ ਚਿਹਰੇ ਨੂੰ ਵੀ ਬੇਨਕਾਬ ਕਰਦਾ ਹੈ ਜਿਹੜਾ ਜੰਮੂ ਕਸ਼ਮੀਰ ਵਿਚ ਪਰਸਪਰ ਪਿਆਰ ਤੇ ਭਾਈਚਾਰਕ ਸਾਂਝ ਨਾਲ ਰਹਿੰਦੇ ਹਿੰਦੂ ਅਤੇ ਮੁਸਲਿਮ ਪਰਿਵਾਰਾਂ ਦੇ ਅਕਸ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। "ਅੰਕਲ ਐਸੀ ਕੋਈ ਬਾਤ ਨਹੀਂ। ਹਮ ਹਿੰਦੂ-ਮੁਸਲਿਮ ਵਹਾਂ ਪੇ ਮਿਲਕੇ ਰਹਿਤੇ ਹੈਂ।"

ਜਦੋਂ ਜੰਮੂ ਵਾਲੀ ਇੰਸ਼ਾਂ ਵਕਤਾ ਦੇ ਘਰ ਆਉਂਦੀ ਹੈ ਤਾਂ ਉਹ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਅਨੁਸਾਰ ਉਸਨੂੰ ਤੋਹਫ਼ੇ ਵਜੋਂ ਸੂਟ ਦਿੰਦੇ ਹਨ ਅਤੇ ਵਕਤਾ ਉਸ ਨੂੰ ਫੁਲਕਾਰੀ ਭੇਂਟ ਕਰਦਾ ਹੋਇਆ ਮਨ ਹੀ ਮਨ ਆਖਦਾ ਹੈ ਕਿ 'ਮਾਮਾ ਤੇਰਾ ਪੰਜਾਬ ਵਿਚ ਗੁਆਚਿਆ ਸ਼ਾਲ ਲੱਭ ਗਿਆ ਹੈ, ਹੁਣ ਤਾਂ ਕਦੇ ਪੰਜਾਬ ਗੇੜਾ ਮਾਰ', ਉਸਦੇ ਇਹ ਬੋਲ ਟੁੱਟੇ ਰਿਸ਼ਤਿਆਂ ਨੂੰ ਮੁੜ ਜੋੜਨ ਦੀ ਚਾਹਤ ਨੂੰ ਉਜਾਗਰ ਕਰਦੇ ਹਨ।

ਕਹਾਣੀ 'ਮੈਲਾਨਿਨ' ਰਾਹੀਂ ਕਥਾਕਾਰ ਰੰਗ, ਜਾਤ, ਨਸਲ, ਕੱਦ-ਕਾਠ, ਆਦਿ ਵਖਰੇਵਿਆਂ ਨੂੰ

ਆਲੋਚਨਾਤਮਕ ਰੂਪ ਵਿਚ ਸਿਰਜਦਾ ਹੈ। ਕਹਾਣੀ ਦੀ ਕੇਂਦਰੀ ਪਾਤਰ ਪੂਨਮ ਕਾਲੇ ਰੰਗ ਕਾਰਨ ਰਿਸ਼ਤੇਦਾਰਾਂ, ਆਂਢ-ਗੁਆਂਢ, ਸਹਿਪਾਠੀਆਂ ਅਤੇ ਲੋਕਾਂ ਦੇ ਤਾਅਨੇ ਮਿਹਣਿਆਂ ਦਾ ਸਾਹਮਣਾ/ ਸ਼ਿਕਾਰ ਹੁੰਦੀ ਹੈ ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਹੈ। ਕਥਾਕਾਰ ਇਸ ਕਹਾਣੀ ਰਾਹੀਂ ਅਧਿਆਪਕ ਵਰਗ ਦੇ ਸਕਾਰਾਤਮਕ ਤੇ ਨਕਾਰਾਤਮਕ ਵਿਵਹਾਰ ਨੂੰ ਵੀ ਸਨਮੁਖ ਕਰਦਾ ਹੈ। ਅਧਿਆਪਕ ਹਰਬੰਸ ਅਤੇ ਅਧਿਆਪਕਾ ਪ੍ਰਿਅੰਕਾ ਦੇ ਘਟੀਆ ਵਿਵਹਾਰ ਕਾਰਨ ਉਹ ਖ਼ੁਦ ਨੂੰ ਧਰਤੀ ਉੱਪਰ ਬੋਝ ਸਮਝਦੀ ਹੈ ਜਦੋਂ ਕਿ ਵਿਸ਼ਾਲ ਵਰਗੇ ਮਿਹਨਤੀ ਤੇ ਅਗਾਂਹਵਧੂ ਅਧਿਆਪਕ ਦੇ ਉਤਸ਼ਾਹ ਤੇ ਹੱਲਾਸ਼ੇਰੀ ਕਾਰਨ ਪੂਨਮ ਪੜ੍ਹਨ ਲਈ ਪ੍ਰੇਰਿਤ ਹੁੰਦੀ ਹੈ।

ਬਿਰਤਾਂਤਕਾਰ ਅਧਿਆਪਕ ਹੋਣ ਦੇ ਨਾਤੇ ਇਸ ਅਨੁਭਵ ਨੂੰ ਆਪਣੀਆਂ ਕਹਾਣੀਆਂ ਵਿਚ ਇਕ ਜੁਗਤ ਵਜੋਂ ਵੀ ਵਰਤਦਾ ਹੈ। ਉਹ ਮੈਲਾਨਿਨ ਪਦਾਰਥ ਬਾਰੇ ਸਮਝਾਉਣ ਹਿੱਤ ਅਧਿਆਪਕ ਹਰਬੰਸ ਪਾਸੋਂ ਅਖਵਾਉਂਦਾ ਹੈ ਕਿ, "ਬੱਚਿਓ! ਸਾਡੇ ਵਾਲਾਂ, ਅੱਖਾਂ ਤੇ ਚਮੜੀ ਦਾ ਰੰਗ, ਸਾਡੇ ਅੰਦਰਲੇ ਤਰਲ ਪਦਾਰਥ ਮੈਲਾਨਿਨ ਦੀ ਮਾਤਰਾ 'ਤੇ ਨਿਰਭਰ ਕਰਦੈ। ਜਿੰਨਾ ਇਹ ਵੱਧ ਹੁੰਦਾ, ਓਨਾ ਹੀ ਕੋਈ ਵੱਧ ਕਾਲਾ ਹੁੰਦੈ।" ਕਥਾਕਾਰ ਸਮਾਜ ਵਿਚ ਫੈਲੇ ਜਾਤ, ਰੰਗ, ਨਸਲ, ਧਰਮ ਆਦਿ ਵਖਰੇਵਿਆਂ ਨੂੰ ਦੂਰ ਕਰਨ ਲਈ ਉੱਚ ਸਿੱਖਿਆ ਨੂੰ ਵਧੇਰੇ ਕਾਰਗਰ ਹਥਿਆਰ ਸਮਝਦਾ ਹੈ।

ਕਹਾਣੀ '**ਪਲੇਟੀ**' ਅਨੇਕਾਂ ਸੁਆਲਾਂ ਨੂੰ ਪਾਠਕਾਂ ਦੇ ਸਨਮੁਖ ਕਰਦੀ ਹੈ। ਕਥਾਕਾਰ ਮਾਨਸਿਕ ਦੁਖਾਂਤ ਹੰਢਾਉਂਦੇ ਪਾਤਰ ਰਵੀਸ਼ਦੁਆਰਾ ਸਮਕਾਲੀ ਮਨੁੱਖ ਨੂੰ ਦਰਪੇਸ਼ ਮਸਲਿਆਂ ਨੂੰ ਉਜਾਗਰ ਕਰਦਾ ਹੈ। ਸੋਸ਼ਲ ਮੀਡੀਏ ਦੇ ਪ੍ਰਭਾਵ ਕਾਰਨ ਛੋਟੇ-ਛੋਟੇ ਖਾਨਿਆਂ ਵਰਗੇ ਘਰਾਂ 'ਚ ਰਹਿਣਾ, ਆਧੁਨਿਕ ਸਿੱਖਿਆ ਦੇ ਨਾਂ 'ਤੇ ਬੱਚਿਆਂ ਉੱਪਰ ਵੱਧਦਾ ਬਸਤਿਆਂ ਦਾ ਭਾਰ, ਅੰਗਰੇਜ਼ੀ ਮਾਧਿਆਮ ਨੂੰ ਮਾਤ-ਭਾਸ਼ਾ ਨਾਲੋਂ ਉੱਤਮ ਦੱਸਣਾ, ਸਰਕਾਰੀ ਯੋਜਨਾਵਾਂ ਦੁਆਰਾ ਲੋਕਾਂ ਨੂੰ ਅਪਾਹਿਜ਼ ਬਣਾਉਣਾ, ਬੱਚਿਆਂ ਦਾ ਮੁਕਾਬਲੇ ਦੀਆਂ ਪ੍ਰੀਖਿਆਵਾਂ ਕਾਰਨ ਆਤਮ ਹੱਤਿਆ ਕਰਨਾ ਆਦਿ ਮਸਲਿਆਂ ਨੂੰ ਉਹ ਆਲੋਚਨਾਤਮਿਕ ਰੂਪ ਵਿਚ ਪ੍ਰਗਟਾਉਂਦਾ ਹੈ।

ਕਹਾਣੀ '**ਲਿਸੀਅਮ ਨਿਕੇਤਨ**' ਵਿਚ ਜਸਵਿੰਦਰ ਆਪਣੀ ਕਲਾਤਮਿਕ ਸਿਰਜਣਾ ਦੁਆਰਾ ਇਕ ਆਦਰਸ਼ਮਈ ਸਕੂਲ ਦੀ ਕਲਪਨਾ ਕਰਦਾ ਹੈ, ਜਿੱਥੇ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀ ਪੜ੍ਹਦੇ ਹਨ ਅਤੇ ਵਿਸ਼ਵ ਦੇ ਵੱਖੋ-ਵੱਖਰੇ ਦੇਸ਼ਾਂ ਦੇ ਅਧਿਆਪਕ ਉਨ੍ਹਾਂ ਨੂੰ ਨਵੀਨਤਮ ਢੰਗਾਂ ਦੁਆਰਾ ਪੜ੍ਹਾਉਂਦੇ ਹਨ। ਕਹਾਣੀਕਾਰ ਉਨ੍ਹਾਂ ਅਧਿਆਪਕਾਂ ਦੀ ਵਧੇਰੇ ਪ੍ਰਸੰਸਾ ਕਰਦਾ ਹੈ ਜਿਹੜੇ ਕਿੰਨੀਆਂ ਹੀ ਭਾਸ਼ਾਵਾਂ ਸਾਂਭੀ ਬੈਠੇ ਹਨ ਜਦੋਂ ਕਿ ਅਸੀਂ ਆਪਣੀ ਮਾਂ-ਬੋਲੀ, ਪਹਿਰਾਵਾ ਤੇ ਸਭਿਆਚਾਰਕ ਕਦਰਾਂ-ਕੀਮਤਾਂ ਤੋਂ ਬੇਮੁੱਖ ਹੋ ਰਹੇ ਹਾਂ। ਧਾਰਮਿਕ ਫਿਰਕਾਪ੍ਰਸਤੀ ਕਾਰਨ ਸਿੱਖਿਆ ਸੰਸਥਾਵਾਂ ਨੂੰ ਬੰਦ ਕਰਨ ਦੇ ਐਲਾਨ ਨੂੰ ਉਹ ਵਿਅੰਗਾਤਮਿਕ ਰੂਪ ਵਿਚ ਪੇਸ਼ ਕਰਦਾ ਹੈ।

'**ਊਈ**' ਕਹਾਣੀ ਨੌਜਵਾਨ ਵਰਗ ਦੇ ਨਸ਼ਿਆਂ ਦੀ ਦਲਦਲ ਵਿਚ ਗ੍ਰਸਤ ਹੋਣ ਨੂੰ ਚਿਤਰਦੀ ਹੈ। ਕਹਾਣੀ ਦੀ ਵਕਤਾ ਮਹਿਕ ਭੈੜੀ ਸੰਗਤ ਕਾਰਨ ਜਿੱਥੇ ਆਪਣੇ ਮੰਤਵ ਤੋਂ ਭਟਕਦੀ ਹੈ ਉੱਥੇ ਉਹ ਆਪਣੇ ਮਾਪਿਆਂ ਪਾਸੋਂ ਝੂਠ, ਧੋਖੇ, ਦਬਾਅ ਅਤੇ ਨਾਟਕ ਕਰਕੇ ਧਨ ਹੜੱਪ ਕੇ ਨਸ਼ੇ ਤੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਕਰਦੀ ਹੈ। ਕਥਾਕਾਰ ਇਸ ਕਹਾਣੀ ਰਾਹੀਂ ਇਹ ਸੰਦੇਸ਼ ਦਿੰਦਾ ਹੈ ਕਿ ਜੇਕਰ ਰਸਤੇ ਤੋਂ ਭਟਕੇ ਬੱਚਿਆਂ ਨੂੰ ਮਾਪੇ ਪਿਆਰ ਤੇ ਹੌਂਸਲਾ ਦੇਣ ਤਾਂ ਉਹ ਸਕਾਰਾਤਮਕ ਦ੍ਰਿਸ਼ਟੀਕੋਣ ਅਪਣਾ ਕੇ ਆਪਣੀ ਜ਼ਿੰਦਗੀ ਨੂੰ ਸਵਰਗ ਬਣਾ ਸਕਦੇ ਹਨ। ਕਹਾਣੀ ਵਿਚ ਮਹਿਕ ਦੇ ਪਿਤਾ ਦੇ ਇਹ ਬੋਲ ਉਸ ਨੂੰ ਹਿੰਮਤ ਤੇ ਉਤਸ਼ਾਹ ਦਿੰਦੇ ਹਨ। "ਫ਼ਿਕਰ ਨਾ ਕਰ, ਉਂਗਲ ਛੁੱਟ ਗਈ ਹੈ, ਤਾਂ ਕੀ ਹੋਇਆ। ਇਸ ਵਾਰ ਖਿਡੌਣੇ ਲੈ ਕੇ ਮੁੜਾਂਗੇ।"

'**ਬੱਕਲ ਮਾਈ ਸ਼ੂਅ**' ਅਤੇ '**ਆਖ਼ਰੀ ਛੁੱਟੀ**' ਕਹਾਣੀਆਂ ਬਾਲ ਮਨੋਵਿਗਿਆਨ ਨੂੰ ਯਥਾਰਥਕ ਰੂਪ

ਵਿਚ ਉਭਾਰਦੀਆਂ ਹਨ। **'ਬੱਕਲ ਮਾਈ ਸ਼ੂਅ'** ਕਹਾਣੀ ਦਾ ਬਾਲ ਪਾਤਰ ਮਨਕੀਰਤ ਆਪਣੀ ਮਾਂ ਕਿਰਨ ਦੇ ਹੁੰਦਿਆਂ ਸਕਾਰਾਤਮਕ ਤੇ ਰਚਨਾਤਮਕ ਕਾਰਜਾਂ ਵਿਚ ਵਧੇਰੇ ਰੁਚੀ ਲੈਂਦਾ ਹੈ ਪਰੰਤੂ ਉਸਦੀ ਮੌਤ ਉਪਰੰਤ ਉਹ ਬਹੁਤ ਉਦਾਸ ਰਹਿਣ ਲੱਗਦਾ ਹੈ। ਕਥਾਕਰ ਚਿੱਠੀ ਸ਼ੈਲੀ ਦੀ ਜੁਗਤ ਦੁਆਰਾ ਅਧਿਆਪਕਾ ਮਨਜਿੰਦਰ ਪਾਸੋਂ ਮਾਂ ਦੇ ਰੂਪ ਵਿਚ ਮਨਕੀਰਤ ਨੂੰ ਚਿੱਠੀਆਂ ਭੇਜ ਕੇ ਉਸਦੀ ਬਾਲ ਮਾਨਸਿਕਤਾ ਨੂੰ ਪਿਆਰ, ਹੱਲਾਸ਼ੇਰੀ ਤੇ ਉਤਸ਼ਾਹ ਦਿੰਦਾ ਹੈ ਜਿਸ ਸਦਕਾ ਉਹ ਪਹਿਲਾਂ ਵਰਗਾ ਜੀਵਨ ਜਿਉਣ ਲੱਗਦਾ ਹੈ। ਕਹਾਣੀ ਉਸ ਸਮੇਂ ਮੋੜ ਕੱਟਦੀ ਹੈ ਜਦੋਂ ਉਸਦਾ ਪਿਤਾ ਨਛੱਤਰ ਤੇ ਮਤਰੇਈ ਮਾਂ ਰਾਮਵਤੀ ਉਸਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕਰਕੇ ਖਿੱਝੂ ਤੇ ਢੀਠ ਬਣਨ ਦੇ ਰਾਹ ਉੱਪਰ ਧਕੇਲਦੇ ਹੋਏ, ਬਾਲ ਮਜ਼ਦੂਰੀ ਕਰਨ ਲਈ ਮਜ਼ਬੂਰ ਕਰਦੇ ਹਨ।

ਕਹਾਣੀ **'ਆਖ਼ਰੀ ਛੁੱਟੀ'** ਪਾਤਰਾਂ ਦੀ ਮਾਨਸਿਕ ਦਸ਼ਾ ਦੀਆਂ ਅਨੇਕਾਂ ਪਰਤਾਂ ਫਰੋਲਦੀ ਹੈ। ਬਾਲ ਪਾਤਰ ਜੋਤੀ ਨੂੰ ਉਸਦਾ ਪਿਤਾ ਬਿੰਦਰ, ਤਾਰੂ ਮੰਗਤੇ ਕੋਲ ਪ੍ਰਤੀ ਦਿਨ ਨਸ਼ੇ ਤੇ ਅੱਧੀ ਆਮਦਨ ਦੇ ਬਦਲੇ ਵੇਚਦਾ ਹੈ ਜਿਸ ਕਾਰਨ ਬੱਚੀ ਮਾਨਸਿਕ ਸੰਤਾਪ ਭੋਗਦੀ ਹੈ। ਕਹਾਣੀ ਦੇ ਅੰਤ ਵਿਚ ਵੀ ਉਹ ਅਜਿਹੀ ਮਾਨਸਿਕ ਪੀੜਾ ਸਹਿਣ ਕਰਦੀ ਹੈ ਜਦੋਂ ਉਸਦੀ ਮਾਂ ਮੰਗੋ ਦੂਸਰਾ ਵਿਆਹ ਕਰਵਾ ਕੇ ਉਸ ਤੋਂ ਵੱਖ ਹੁੰਦਿਆਂ ਆਖਦੀ ਹੈ ਕਿ "ਹੁਣ ਤੂੰ ਸਿਆਣੀ ਹੋ ਗਈ ਹੈਂ। ਤੂੰ ਹੁਣ ਇੱਥੇ ਰਹਿ ਕੇ ਬੁੱਢੇ ਨਾਨਾ-ਨਾਨੀ ਦਾ ਸਹਾਰਾ ਬਣੀਂ। ਤੂੰ ਆਪਣੀ ਟੀਚਰ-ਮੈਮ ਕੋਲੋਂ ਮਨ ਲਾ ਕੇ ਪੜ੍ਹਿਆ ਕਰੀਂ। ਕਦੇ ਛੁੱਟੀ ਨਾ ਕਰੀਂ। ਬੱਚਿਆਂ ਦੇ ਅਸਲ ਮਾਂ-ਬਾਪ ਅਧਿਆਪਕ ਹੀ ਹੁੰਦੇ ਨੇ।" ਕਥਾਕਾਰ ਅਧਿਆਪਕ ਵਰਗ ਨੂੰ ਮਾਨਸਿਕ ਪੱਧਰ 'ਤੇ ਮਜ਼ਬੂਤ ਹੋ ਕੇ ਬੱਚਿਆਂ ਦੀ ਮਾਨਸਿਕ ਦਸ਼ਾ ਸਮਝਦਿਆਂ ਉਨ੍ਹਾਂ ਅੰਦਰ ਪੜ੍ਹਨ ਤੇ ਸਿਰਜਣਾਤਮਕ ਰੁਚੀਆਂ ਦੀ ਚੇਟਕ ਪੈਦਾ ਕਰਨ ਲਈ ਪ੍ਰੇਰਦਾ ਹੈ।

ਕਹਾਣੀ **'ਯਾਤਰਾ ਅਜੇ ਮੁੱਕੀ ਨਹੀਂ'** ਮਨੁੱਖੀ ਇੱਛਾ ਸ਼ਕਤੀ ਦੀ ਤਾਕਤ ਨੂੰ ਦਰਸਾਉਂਦੀ ਹੈ। ਕਥਾਕਾਰ ਕਹਾਣੀ ਦੇ ਸਿਰਲੇਖ ਰਾਹੀਂ ਆਪਣਾ ਦ੍ਰਿਸ਼ਟੀਕੋਣ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਰਿਹਾ ਹੈ। ਉਹ ਆਪਣੇ ਪਾਤਰਾਂ ਨੂੰ ਭਿਆਨਕ ਬਿਮਾਰੀਆਂ ਵਿਚ ਵੀ ਡੋਲਣ ਨਹੀਂ ਦਿੰਦਾ ਸਗੋਂ ਉਨ੍ਹਾਂ ਨੂੰ ਊਰਜਾ ਪ੍ਰਦਾਨ ਕਰਕੇ ਅਜਿਹੀਆਂ ਸਮੱਸਿਆਵਾਂ ਨਾਲ ਜੂਝਣ ਲਈ ਹਿੰਮਤ ਤੇ ਹੌਂਸਲਾ ਦਿੰਦਾ ਹੈ ਜਿਸਦੀ ਬਦੌਲਤ ਵਿਚਾਰਧੀਨ ਕਹਾਣੀ ਵਿਚਲੇ ਪਤੀ-ਪਤਨੀ ਏਕਰੂਪ ਤੇ ਸੰਕਲਪ ਆਪਣੀਆਂ ਮੁਸ਼ਕਿਲਾਂ ਉੱਪਰ ਜਿੱਤ ਪ੍ਰਾਪਤ ਕਰਦੇ ਹਨ।

ਸੋ, ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਜਸਵਿੰਦਰ ਧਰਮਕੋਟ ਆਪਣੇ ਇਸ ਕਥਾ ਸੰਗ੍ਰਹਿ ਦੁਆਰਾ ਆਪਣੇ ਪਾਤਰਾਂ ਦੀ ਮਨੋਦਸ਼ਾ ਨੂੰ ਬਿਆਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਅੰਤਰੀਵੀ ਮਨ ਦੀਆਂ ਅਨੇਕਾਂ ਪਰਤਾਂ ਨੂੰ ਵੀ ਬੜੀ ਬਾਰੀਕੀ ਨਾਲ ਚਿਤਰਦਾ ਹੈ। ਆਪਣੇ ਕਥਾ ਰਸ ਨੂੰ ਯਥਾਰਥਕ ਬਣਾਉਣ ਲਈ ਉਹ ਵਿਭਿੰਨ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੋਇਆ ਪਾਠਕਾਂ ਨੂੰ ਕਿਤੇ ਵੀ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ। ਆਪਣੀਆਂ ਕਹਾਣੀਆਂ ਵਿਚ ਲੋਕ ਗੀਤਾਂ, ਅਖਾਣਾਂ, ਮੁਹਾਵਰੇ ਤੇ ਲੋਕ ਬੋਲੀਆਂ ਦੀ ਵਰਤੋਂ ਕਰਨਾ, ਪੰਜਾਬੀ ਭਾਸ਼ਾ ਉੱਪਰ ਮਜ਼ਬੂਤ ਪਕੜ ਹੋਣਾ, ਪਾਤਰਾਂ ਦੇ ਨਾਂ ਪ੍ਰਤੀਕਾਤਮਿਕ ਰੱਖਣਾ, ਢੁੱਕਵੀਂ ਵਾਰਤਾਲਾਪ ਸਿਰਜਣਾ, ਪਾਤਰਾਂ ਨੂੰ ਸੰਘਰਸ਼ ਕਰਦੇ ਚਿਤਰਨਾ ਅਤੇ ਦੁੱਖਾਂ, ਤਕਲੀਫ਼ਾਂ ਵਿਚ ਡੋਲਣ ਨਾ ਦੇਣਾ, ਚਿੱਠੀ ਅਤੇ ਵਿਆਖਿਆ ਸ਼ੈਲੀਆਂ ਦੀ ਸੁਚੱਜੀ ਵਰਤੋਂ ਆਦਿ ਕਥਾ ਵਿਸ਼ੇਸ਼ਤਾਵਾਂ ਜਸਵਿੰਦਰ ਨੂੰ ਇੱਕ ਸਫ਼ਲ ਕਥਾਕਾਰ ਬਣਾਉਂਦੀਆਂ ਹਨ। ਸੋ, ਕਥਾਕਾਰ ਜਸਵਿੰਦਰ ਵਧਾਈ ਦਾ ਹੱਕਦਾਰ ਹੈ ਜਿਸਨੇ ਆਪਣੇ ਕਥਾ ਸੰਗ੍ਰਹਿ ਦੁਆਰਾ ਪੰਜਾਬੀ ਕਥਾ ਜਗਤ ਵਿਚ ਅਹਿਮ ਯੋਗਦਾਨ ਪਾਇਆ ਹੈ।

(**ਸੰਪਰਕ : 95012-45290**)

ਹੁੰਗਾਰਾ-

# ਕਹਾਣੀ ਦੀ ਨਵੀਂ ਸੁਰ :ਕਹਾਣੀ ਧਾਰਾ-71

**ਡਾ. ਬਲਵੀਰ ਕੌਰ ਰੀਹਲ**




ਕਹਾਣੀ ਧਾਰਾ-71 (ਅਕਤੂਬਰ-ਦਸੰਬਰ,2023) ਦੇ ਨਵੇਂ ਅੰਕ ਵਿਚ ਕਹਾਣੀ ਦੀ ਨਵੀਂ ਸੁਰ ਵੇਖਣ ਨੂੰ ਮਿਲਦੀ ਹੈ।'ਕਹਾਣੀ ਧਾਰਾ' ਦਾ ਪੰਜਾਬੀ ਕਹਾਣੀ ਪਾਠਕਾਂ ਤੱਕ ਪਹੁੰਚਾਣ ਦਾ ਮਹੱਤਵਪੂਰਨ ਯੋਗਦਾਨ ਹੈ। ਅੰਕ-71 ਵਿਚ ਤਿੰਨ ਅਨੁਵਾਦਿਤ ਕਹਾਣੀਆਂ ਸ਼ਾਮਿਲ ਹਨ। ਜਰਮਨ ਕਹਾਣੀ 'ਗੋਲਕਦਾਰਾ' ਦਾ ਮੂਲ ਲੇਖਕ ਬਰਤੋਲਤ ਬਰੈਖ਼ਤ ਹੈ ਤੇ ਉਲਥਾਕਾਰ ਮਕਸੂਦ ਸਾਕਿਬ ਤੇ ਇਸ ਨੂੰ ਪੰਜਾਬੀ ਵਿਚ ਲਿਪੀਆਂਤਰ ਕੀਤਾ ਹੈ ਜੋਗਿੰਦਰ ਪਾਲ ਮਾਨ ਨੇ।'ਗੋਲਕਦਾਰਾ' ਕਹਾਣੀ ਦੀ ਸਾਰਥਕਤਾ ਇਹ ਕਹੀ ਜਾ ਸਕਦੀ ਹੈ ਕਿ ਜਿਵੇਂ ਇਜ਼ਰਾਇਲ ਤੇ ਫਲਸਤੀਨ ਦੇ ਯੁੱਧ ਦੀ ਕਹਾਣੀ ਨੂੰ ਬਰਤੋਲਤ ਬਰੈਖ਼ਤ ਲਿਖ ਰਿਹਾ ਹੋਵੇ।

ਦੂਸਰੀ ਅਨੁਵਾਦਿਤ ਕਹਾਣੀ ਪਾਕਿਸਤਾਨੀ ਪੰਜਾਬੀ ਕਹਾਣੀ 'ਜੰਗਲ ਰਾਖੇ ਜੱਗ ਦੇ' ਹੈ ਜਿਸ ਦਾ ਮੂਲ ਲੇਖਕ ਸ਼ਹਿਜ਼ਾਦ ਅਸਲਮ ਹੈ ਤੇ ਇਸ ਨੂੰ ਲਿਪੀਆਂਤਰ ਕੀਤਾ ਹੈ ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਕਹਾਣੀ ਵਿਚ ਲੇਖਕ ਨੇ ਦੱਸਿਆ ਹੈ ਕਿ ਮਨੁੱਖ ਆਪਣੇ ਸਵਾਰਥ ਲਈ ਜੰਗਲਾਂ ਨੂੰ ਖਤਮ ਕਰ ਰਿਹਾ ਹੈ, ਜਦਕਿ ਮਨੁੱਖ ਇਸ ਗੱਲ ਨੂੰ ਭੁੱਲ ਗਿਆ ਹੈ ਕਿ ਇਹ ਜੰਗਲ ਹੀ ਸੰਸਾਰ ਦੀ ਰਾਖੀ ਕਰਦੇ ਹਨ।

ਸ਼ੇਰ ਤੇ ਜਾਨੀ ਇਸ਼ਤਿਹਾਰੀ ਮੁਜ਼ਰਮ ਹਨ, ਉਹ ਗੁਨਾਹ ਕਰਕੇ ਜੰਗਲ ਦੀ ਪਨਾਹ ਲੈਂਦੇ ਹਨ, ਅਖੀਰ ਉਨ੍ਹਾਂ ਨਾਲ ਹੋਰ ਚੋਰ ਵੀ ਆ ਰਲ਼ਦੇ ਹਨ।ਮਨੁੱਖ ਜਦੋਂ ਕੁਦਰਤ ਨਾਲ ਖਿਲਵਾੜ ਕਰਦਾ ਹੈ ਤਾਂ ਕੁਦਰਤ ਮਨੁੱਖ ਕੋਲੋਂ ਬਦਲਾ ਜ਼ਰੂਰ ਲੈਂਦੀ ਹੈ। ਕਹਾਣੀਕਾਰ ਨੇ ਪਸ਼ੂ ਚੋਰੀ ਕਰਨ ਵਾਲਿਆਂ ਦੀਆਂ ਪੁਸਤੈਨੀ ਆਦਤਾਂ ਤੋਂ ਵੀ ਵਾਕਫ਼ ਕਰਵਾਇਆ ਹੈ ਤੇ ਨਾਲ ਹੀ ਮਨੁੱਖ ਦੀ ਲਾਲਚੀ ਅਵਸਥਾ ਦਾ ਵੀ ਕਹਾਣੀ ਵਿਚ ਜਿਕਰ ਕੀਤਾ ਹੈ।

'ਇਨਸਾਨੀ ਗੋਸ਼ਤ ਦਾ ਰੈਸਟੋਰੈਂਟ' ਬੰਗਲਾ ਕਹਾਣੀ ਦਾ ਲੇਖਕ ਮੁੱਜ਼ਫਰ ਹੁਸੈਨ ਹੈ। ਇਸ ਦਾ ਅਨੁਵਾਦ ਨੀਲਮ ਸ਼ਰਮਾ ਅੰਸ਼ੂ ਨੇ ਕੀਤਾ ਹੈ। ਇਹ ਕਹਾਣੀ ਇਨਸਾਨੀ ਮਾਸ ਦੇ ਖਾਧੇ ਜਾਣ ਦੇ ਮੈਟਾਫ਼ਰ ਨਾਲ ਸੰਬੰਧਤ ਹੈ। ਇਸ ਕਹਾਣੀ ਦੇ ਮੈਟਾਫ਼ਰ ਨੂੰ ਸਮਝ ਕੇ ਹੀ ਸਮਝਿਆ ਜਾ ਸਕਦਾ ਹੈ।ਇਹ ਕਹਾਣੀ ਪਾਠਕ ਨੂੰ ਅਚੰਭਿਤ ਕਰਦੀ ਹੈ।




ਜਿੰਦਰ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ।'ਚੀਕਾ' ਕਹਾਣੀ ਜਿੰਦਰ ਦੁਆਰਾ ਲਿਖੀ ਗਈ ਹੈ। ਸਰਘੀ ਤੇ ਸੁਲੇਖਾ ਦੋਵੇਂ ਭਰਜਾਈ ਤੇ ਨਣਾਨ ਹਨ, ਪਰ ਦੋਵਾਂ ਦਾ ਪਿਆਰ ਸਹੇਲੀਆਂ ਵਾਲਾ ਹੈ ਉਹ ਇਕ ਦੂਜੇ ਦੇ ਲੁਕਵੇਂ ਭੇਤ ਜਾਣਦੀਆਂ ਹਨ।ਸਰਘੀ ਦਾ ਪਤੀ ਫੌਜੀ ਹੈ ਤੇ ਉਹ ਦੋ ਵਰ੍ਹਿਆਂ ਮਗਰੋਂ ਛੁੱਟੀ ਆਉਂਦਾ ਹੈ। ਫੌਜੀ ਪਤੀ ਆਪਣੀ ਕਾਮਤ੍ਰਿਪਤੀ ਲਈ ਪੂਨੇ ਵਿਚ ਔਰਤ ਕੋਲ ਜਾਂਦਾ ਹੈ ਤੇ ਉਸ ਫੌਜੀ ਦੀ ਨਜ਼ਰ ਔਰਤ ਦੀ ਅੱਠਵੀਂ ਕਲਾਸ ਵਿਚ ਪੜ੍ਹਦੀ ਬੱਚੀ ਵੱਲ ਜਾਂਦੀ

ਹੈ। ਔਰਤ ਆਪਣੀ ਗਰੀਬੀ ਕਰਕੇ ਆਪਣੀ ਬੱਚੀ ਫੌਜੀ ਦੀ ਕਾਮ ਪੂਰਤੀ ਲਈ ਉਸ ਦੇ ਹਵਾਲੇ ਕਰ ਦਿੰਦੀ ਹੈ, ਪਤਨੀ ਸਰਘੀ ਦੇ ਮਨ ਵਿਚ ਇਹ ਗੱਲ ਘਰ ਕਰ ਜਾਂਦੀ ਹੈ। ਸਰਘੀ ਵੀ ਆਪਣੇ ਪਤੀ ਬਗੈਰ ਸਮਾਂ ਕੱਟ ਰਹੀ ਹੈ, ਸਰਘੀ ਦੀ ਗੁਆਂਢਣ ਆਪਣੇ ਮੁੰਡੇ ਰਾਕੇਸ਼ ਨੂੰ ਸਰਘੀ ਕੋਲ ਮਜਬੂਰੀ ਵੱਲ ਕੁੱਝ ਦਿਨਾਂ ਲਈ ਛੱਡ ਕੇ ਜਾਂਦੀ ਹੈ। ਸਰਘੀ ਆਪਣੀ ਕਾਮ ਤ੍ਰਿਪਤੀ 9 ਵੀਂ ਵਿਚ ਪੜ੍ਹਦੇ ਮੁੰਡੇ ਤੋਂ ਪੂਰੀ ਕਰਦੀ ਹੈ। ਨਣਾਨ ਭਰਜਾਈ ਦੀ ਸਰੀਰਕ ਅਤ੍ਰਿਪਤੀ ਘਰਦਿਆਂ ਦੁਆਰਾ ਜ਼ਬਰੀ ਵਿਆਹ, ਪਰਵਾਸ ਤੁਰ ਗਏ ਪਤੀ ਤੋਂ ਬਗੈਰ ਔਰਤ ਦੀ ਸਥਿਤੀ ਆਦਿ ਨੂੰ ਕਹਾਣੀ ਵਿਚ ਬਿਆਨ ਕੀਤਾ ਗਿਆ ਹੈ। ਨਣਾਨ ਭਰਜਾਈ ਪ੍ਰੇਮ ਵਿਆਹ ਕਰਵਾਉਣ ਤੋਂ ਅਸਫ਼ਲ ਰਹੀਆਂ ਇਸੇ ਕਰਕੇ ਉਹ ਇਕ ਦੂਜੇ ਦੇ ਭੇਤ ਜਾਣਦੀਆਂ ਹਨ। ਫੌਜੀ ਪਤੀ ਬਾਲੜੀ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ ਤੇ ਪਤਨੀ 9 ਵੀਂ ਵਿਚ ਪੜ੍ਹਦੇ ਰਾਕੇਸ਼ ਨਾਲ ਸਰੀਰਕ ਸੰਬੰਧ ਬਣਾ ਕੇ ਉਸ ਦੀਆਂ ਚੀਕਾਂ ਕਢਵਾ ਦਿੰਦੀ ਹੈ। ਕਹਾਣੀ ਦਾ ਵਿਸ਼ੇ ਤੇ ਨਿਭਾਅ ਪੱਖੋਂ ਮਨੋਵਿਗਿਆਨਿਕ ਹੈ, ਕਹਾਣੀ ਰਸ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ।

'ਮੁੱਛਾ ਬੋਲਦੀਆਂ' ਕਹਾਣੀ ਅਮਰਜੀਤ ਚਾਹਲ ਨੇ ਲਿਖੀ ਹੈ ਡੌਲੀ ਅਤੇ ਪ੍ਰਭਜੋਤ ਕੈਨੇਡੀਅਨ ਮਾਹੌਲ ਵਿਚ ਜੰਮੇ ਪਲੇ ਤੇ ਵਿਆਹੇ ਗਏ ਸਰੀ ਦੇ ਜੰਗਲੀ ਇਲਾਕੇ ਵਿਚ ਰਹਿੰਦੇ ਹਨ। ਮਨੁੱਖ ਦੀ ਜਦੋਂ ਤਾਦਾਦ ਵੱਧਣ ਲੱਗਦੀ ਹੈ ਉਹ ਜੰਗਲ ਦਾ ਨਾਸ਼ ਕਰ ਦਿੰਦਾ ਹੈ। ਹਰੇਕ ਸਭਿਆਚਾਰ ਦੇ ਆਪਣੇ ਤੌਰ ਤਰੀਕੇ ਹਨ। ਪ੍ਰਭਜੋਤ ਤੇ ਡੌਲੀ ਅੰਗਰੇਜ਼ੀ ਸਟਾਇਲ ਨਾਲ ਆਪਣਾ ਜੀਵਨ ਨਿਰਵਾਹ ਕਰ ਰਹੇ ਹੁੰਦੇ ਹਨ ਜਦੋਂ ਸਰੀ ਦੀ ਆਬਾਦੀ ਵਧਣ ਲੱਗਦੀ ਹੈ, ਘਰ ਜੰਗਲ ਕੱਟ ਕੇ ਬਣਾਏ ਜਾਣ ਲੱਗਦੇ ਹਨ। ਦੋਹਾਂ ਪਤੀ-ਪਤਨੀ ਦੀ ਗੁਆਂਢ ਵਿਚ ਆਏ ਪੰਜਾਬੀ ਸ਼ਾਂਤੀ ਭੰਗ ਕਰ ਦਿੰਦੇ ਹਨ। ਗੁਆਂਢੀਆਂ ਦਾ ਬਜ਼ੁਰਗ ਹਰ ਸਮੇਂ ਆਪਣੀਆਂ ਮੁੱਛਾਂ ਨੂੰ ਤਾਅ ਦੇਈ ਜਾਂਦਾ ਹੈ ਤੇ ਡੌਲੀ ਨੂੰ ਆਪਣੇ ਕਲਚਰ ਵਿਚ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਡੌਲੀ ਪੰਜਾਬੀ ਗੁਆਂਢੀਆਂ ਤੋਂ ਬਹੁਤ ਪ੍ਰੇਸ਼ਾਨ ਹੁੰਦੀ ਹੈ। ਅਖੀਰ ਪ੍ਰਭਜੋਤ ਗੁਆਂਢੀਆਂ ਨੂੰ ਉਹਨਾਂ ਦੇ ਤੌਰ-ਤਰੀਕਿਆਂ ਨਾਲ ਹੀ ਤੰਗ ਕਰਨ ਲੱਗਦਾ ਹੈ ਤੇ ਪੰਜਾਬੀ ਗੁਆਂਢੀ ਆਪਣੇ ਘਰ ਵਾਲੇ ਪਾਸੇ ਪਰਦਾ ਕਰ ਲੈਂਦੇ ਹਨ।

'ਮੁੱਛਾਂ ਬੋਲਦੀਆਂ' ਕਹਾਣੀ ਦੋ ਸਭਿਆਚਾਰਾਂ ਦੇ ਟਕਰਾਅ ਨੂੰ ਪੇਸ਼ ਕਰ ਰਹੀ ਹੈ। ਪੰਜਾਬੀ ਜਾਂ ਪ੍ਰਵਾਸੀਆਂ ਨੇ ਕੈਨੇਡਾ ਵਰਗੇ ਸ਼ਹਿਰਾਂ ਵਿਚ ਜਾ ਕੇ ਉੱਥੇ ਦੇ ਵਾਸੀਆਂ ਦੀਆਂ ਸਮੱਸਿਆਵਾਂ ਵਿਚ ਵਾਧਾ ਕੀਤਾ ਹੈ, ਇਹੀ ਵਾਧਾ ਕੁਦਰਤ ਲਈ ਘਾਤਕ ਹੋ ਰਿਹਾ ਹੈ। ਜੰਗਲਾਂ ਦੀ ਜਗ੍ਹਾਂ ਘਰ ਮੱਲ ਰਹੇ ਹਨ। ਅਮਰਜੀਤ ਚਾਹਲ ਨੇ ਡੌਲੀ ਅਤੇ ਪ੍ਰਭਜੋਤ ਦੀ ਮਾਨਸਿਕ ਸਥਿਤੀ ਨੂੰ ਪ੍ਰਗਟਾ ਕੇ ਕੈਨੇਡਾ ਵਿਚ ਵਧ ਰਹੇ ਪ੍ਰਵਾਸੀਆਂ ਨਾਲ ਪੈਦਾ ਹੋ ਰਹੇ ਤਣਾਅ ਨੂੰ ਬਾਖੂਬੀ ਚਿੱਤਰਿਆ ਹੈ।

'ਸੁਪਨੇ ਕੱਚ-ਕਿਰਚਾਂ' ਕਹਾਣੀ ਸੁਰਜੀਤ ਕਲਸੀ ਦੁਆਰਾ ਲਿਖੀ ਕਨੇਡਾ ਦੇ ਯਥਾਰਤ ਜੀਵਨ ਨੂੰ ਪੇਸ਼ ਕਰ ਰਹੀ ਹੈ। ਪਰਮੀਤ ਵਿਆਹ ਕਰਵਾ ਕੇ ਕੈਨੇਡਾ ਜਾਂਦੀ ਹੈ। ਕੈਲਾ ਪਹਿਲਾਂ ਹੀ ਗੋਰੀ ਨਾਲ ਵਿਆਹ ਕਰਵਾ ਕੇ ਪੱਕਾ ਹੁੰਦਾ ਹੈ ਤੇ ਉਸ ਦੀਆਂ ਦੋ ਕੁੜੀਆਂ ਵੀ ਹਨ। ਪਰਮੀਤ ਦਾ ਕੈਨੇਡਾ ਪਹੁੰਚਣ ਦਾ ਚਾਅ ਕਿਰਚਾਂ-ਕਿਰਚਾਂ ਹੋ ਜਾਂਦਾ ਹੈ ਤੇ ਉਸ ਦੀ ਸੱਸ ਜੋ ਪੋਤਾ ਖਿਡਾਉਣ ਦਾ ਸੁਪਨਾ ਦੇਖ ਰਹੀ ਸੀ ਉਹ ਵੀ ਟੁੱਟ ਜਾਂਦਾ ਹੈ। ਲੇਖਿਕਾ ਕਹਾਣੀ ਰਾਹੀਂ ਕੁੜੀਆਂ ਦਾ ਦਰਦ ਪੇਸ਼ ਕਰ ਰਹੀ ਹੈ ਕਿਵੇਂ ਕੈਨੇਡਾ ਦੇ ਨਾਂ ਤੇ ਉਹਨਾਂ ਦੇ ਸੁਪਨੇ ਟੁੱਟ ਜਾਂਦੇ ਹਨ।

'ਸੂਹਾ ਸਾਲੂ' ਕਹਾਣੀ ਦਾ ਲੇਖਕ ਬਲਦੇਵ ਸਿੰਘ ਗਰੇਵਾਲ ਹੈ, ਇਹ ਕਹਾਣੀ ਅਧੂਰੀ ਮੁਹੱਬਤ ਦੀ ਕਹਾਣੀ ਹੈ, ਜਵਾਨੀ ਦਾ ਪਿਆਰ ਬੁਢਾਪੇ ਤੱਕ ਯਾਦ ਰਹਿੰਦਾ ਹੈ। ਵਿਪਨ ਗਿੱਲ ਦੀ ਕਹਾਣੀ 'ਰੰਗ ਤਲਿੱਸਮ' ਵਿਚ ਕਾਰਪੋਰੇਟ ਜਗਤ ਕਿਵੇਂ ਪਹਾੜਾਂ ਨੂੰ ਆਪਣੇ ਪੈਸੇ ਨਾਲ ਹਥਿਆ ਰਿਹਾ ਹੈ। ਦਾ ਖੂਬਸੂਰਤ

ਚਿੱਤਰਣ ਕੀਤਾ ਗਿਆ ਹੈ। ਕਹਾਣੀ ਦਾ ਅੱਧ ਕਾਰਪੋਰੇਟ ਜਗਤ ਦੀਆਂ ਚਾਲ੍ਹਾਂ ਸਾਹਮਣੇ ਲਿਆ ਰਿਹਾ ਹੈ ਤੇ ਅਗਲੇ ਹਿੱਸੇ ਵਿਚ ਸੀਮਾ ਕਹਾਣੀ ਦੀ ਪਾਤਰ ਦਾ ਅਮੀਰ ਵਿਅਕਤੀ ਨਾਲ ਵਿਆਹ ਹੁੰਦਾ ਹੈ ਤੇ ਉਹ ਵੀ ਉਸ ਨੂੰ ਇਕ ਵਸਤੂ ਦੀ ਤਰ੍ਹਾਂ ਵਰਤਦਾ ਹੈ। ਅਖੀਰ ਸੀਮਾ ਦੇ ਪਤੀ ਦੀ ਮੌਤ ਹੋ ਜਾਂਦੀ ਹੈ ਸੀਮਾ ਇਕੱਲੀ ਰਹਿ ਜਾਂਦੀ ਹੈ ਚਾਹੇ ਔਰਤ ਹੋਵੇ ਚਾਹੇ ਮਰਦ ਦੋਹਾਂ ਨੂੰ ਦੈਹਿਕ ਲੋੜਾਂ ਦੀ ਜ਼ਰੂਰਤ ਹੁੰਦੀ ਹੈ। ਅਸੀਮ ਇੱਕ ਚਿੱਤਰਕਾਰ ਹੈ, ਉਸ ਦੇ ਜੀਵਨ ਵਿਚ ਵੀ ਕਈ ਔਰਤਾਂ ਆ ਚੁੱਕੀਆਂ ਹਨ। ਅਖੀਰ ਸੀਮਾ ਤੇ ਅਸੀਮ ਦੂਜੇ ਦੀਆਂ ਲੋੜਾਂ ਪੂਰੀਆਂ ਕਰਦੇ ਹਨ, ਇਕ ਦੂਸਰੇ ਨੂੰ ਆਜ਼ਾਦ ਰੱਖਦੇ ਹਨ। ਲੇਖਿਕਾ ਨੇ ਦੱਸਿਆ ਹੈ ਕਿ ਔਰਤ ਨੂੰ ਮਰਦ ਦਾ ਸਾਥ ਚਾਹੀਦਾ ਹੈ ਜੋ ਉਸ ਨੂੰ ਪੂਰੀ ਮੁਹੱਬਤ ਕਰ ਸਕੇ।

'ਅਤੀਤ' ਕਹਾਣੀ ਐਸ. ਕੇ. ਬਿਰਹਾ ਦੀ ਪਹਿਲੀ ਕਹਾਣੀ ਹੈ ਤੇ ਸ਼ੁਰੂਆਤ ਵਿਚ ਸੰਨ 2120 ਗਲਤ ਲਿਖਿਆ ਗਿਆ ਲੱਗਦਾ ਹੈ। ਪਰ ਜਦੋਂ ਕਹਾਣੀ ਪੜ੍ਹਨੀ ਸ਼ੁਰੂ ਕੀਤੀ ਤਾਂ ਸਮਝ ਆ ਗਈ। ਲੇਖਕ 2120 ਵਿਚ ਪੰਜਾਬ ਦੇ ਜੋ ਹਾਲਾਤ ਹੋਣਗੇ ਉਨ੍ਹਾਂ ਨੂੰ ਪੇਸ਼ ਕਰਦਾ ਹੈ। ਲੇਖਕ ਪੰਜਾਬੀ ਦੇ ਜਿਹਨ 'ਤੇ ਬਹੁਤ ਵੱਡੀ ਸੱਟ ਮਾਰ ਰਿਹਾ ਹੈ, ਕਿਵੇਂ 2120 'ਚ ਕਿਸੇ ਪੰਜਾਬੀ ਦੀ ਥਾਂ ਤੇ ਯੂ. ਪੀ. ਬਿਹਾਰ ਦਾ ਵਾਸੀ ਪੰਜਾਬ ਦਾ ਮੁੱਖ ਮੰਤਰੀ ਹੋਵੇਗਾ ਤੇ ਪੰਜਾਬ ਦੀ ਦੂਜੀ ਭਾਸ਼ਾ ਭੋਜਪੁਰੀ ਹੋਵੇਗੀ। ਪੰਜਾਬ ਦੇ ਗਲੀ ਮੁਹੱਲਿਆਂ ਦੀ ਹਾਲਤ ਬਹੁਤ ਬਦਲ ਜਾਵੇਗੀ। ਲੇਖਕ ਦੀ ਕਹਾਣੀ ਬਹੁਤ ਸਾਰੇ ਪਾਠਕਾਂ ਸਾਹਮਣੇ ਸੁਆਲ ਖੜੇ ਕਰਦੀ ਹੈ, ਪੰਜਾਬੀਆਂ ਨੂੰ ਸੰਭਲਣ ਦਾ ਸੁਨੇਹਾ ਦਿੰਦੀ ਹੈ। ਲੇਖਕ ਦੇ ਵਿਸ਼ੇ ਦੀ ਪਕੜ, ਭਾਸ਼ਾ, ਕਲਾ ਪੱਖ ਤੋਂ ਕਹਾਣੀ ਇਕ ਸਫ਼ਲ ਕਹਾਣੀ। ਅਕਤੂਬਰ-ਦਸੰਬਰ, 2023 ਦੇ 71 ਵੇਂ 'ਕਹਾਣੀ ਧਾਰਾ' ਦੇ ਅੰਕ ਵਿਚ ਸ਼ਾਮਿਲ ਕਹਾਣੀਆਂ ਪਾਠਖਾਂ ਦਾ ਧਿਆਨ ਖਿੱਚਦੀਆਂ ਹਨ। ਇਹਨਾਂ ਕਹਾਣੀਆਂ ਦਾ ਧਰਾਤਲ ਇਕੱਲਾ ਪੰਜਾਬ ਨਾ ਹੋ ਕੇ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਪਾਕਿਸਤਾਨ ਆਦਿ ਹੈ। 'ਚੀਕਾਂ' ਕਹਾਣੀ ਵਿਚ ਵੀ ਪ੍ਰਵਾਸ ਨਾਲ ਸੰਬੰਧਿਤ ਔਰਤਾਂ ਦੀਆਂ ਸਰੀਰਕ ਮਾਨਸਿਕ ਉਲਝਣਾ ਲੇਖਕ ਨੇ ਕੁੱਝ ਹੱਦ ਤੱਕ ਫੜੀਆਂ ਹਨ। ਵਿਪਨ ਗਿੱਲ ਵਿਸ਼ਵੀਕਰਨ ਦੇ ਪ੍ਰਭਾਵ ਨਾਲ ਵਸਤੂ ਨੂੰ ਮੰਡੀ ਦੇ ਮੈਟਾਫ਼ਰ ਰਾਹੀਂ ਚਿੱਤਰ ਰਹੀ ਹੈ। ਅਮਰਜੀਤ ਚਾਹਲ ਤੇ ਸੁਰਜੀਤ ਕਲਸੀ ਨੇ ਕਹਾਣੀਆਂ ਦਾ ਧਰਾਤਲ ਕਨੇਡਾ ਹੀ ਲਿਆ ਹੈ। ਕਹਾਣੀਆਂ ਦੇ ਵਿਸ਼ਿਆਂ ਵਿਚ ਨਵੀਨਤਾ ਹੈ। ਅਨੁਵਾਦਿਤ ਕਹਾਣੀਆਂ ਵੀ ਪੜ੍ਹਨਯੋਗ ਹਨ, ਅੰਕ ਸਾਂਭਣਯੋਗ ਹੈ।

**(ਸੰਪਰਕ 94643-30803)**

**ਗੋਸ਼ਟੀ ਨੇ ਕਮਾਲ ਦਾ ਰੰਗ ਬੰਨ੍ਹ ਦਿੱਤਾ**

ਕਹਾਣੀ ਧਾਰਾ-71 ਕੈਨੇਡਾ ਤੋਂ ਆ ਕੇ ਪੜ੍ਹਿਆ। ਦੋ ਕਹਾਣੀਆਂ (ਅਮਰਜੀਤ ਚਾਹਲ (ਮੁੱਛਾਂ ਬੋਲਦੀਆਂ) ਅਤੇ ਸੁਰਜੀਤ ਕਲਸੀ (ਸੁਪਨੇ ਕੱਚ ਕਿਰਚਾਂ) ਸਰੀ, ਵੈਨਕੂਵਰ ਦੇ ਪੰਜਾਬੀਆਂ ਦੀ ਜ਼ਿੰਦਗੀ ਦੇ ਆਰ ਪਾਰ ਫੈਲੀਆਂ ਭਗਵੰਤ ਨੇ ਛਾਪੀਆ। ਭਗਵੰਤ ਬ੍ਰਿਟਿਸ਼ ਕੋਲੰਬੀਆ ਵਿੱਚ ਸਾਲ ਦਰ ਸਾਲ ਗੇੜੇ ਲਾਉਂਦਾ ਹੀ ਰਹਿੰਦਾ ਐ... ਮੈਂ ਵੀ ਇਸ ਸਾਲ ਪਰਮੀਤ ਵਾਂਗ ਵੈਨਕੂਵਰ ਹਵਾਈ ਅੱਡੇ 'ਤੇ ਉਤਰਿਆ... ਜਦੋਂ ਮੈਂ ਉਤਰਿਆ ਤਾਂ ਮੈਨੂੰ ਬੇਹੱਦ ਓਪਰਾ ਲੱਗਿਆ... ਪਰ ਕਹਾਣੀ ਵਿੱਚ ਬਿਲਕੁਲ ਵੀ ਓਪਰਾ ਨਹੀਂ ਲੱਗਿਆ। ਕਹਾਣੀ ਦੀ ਸ਼ੁਰੂਆਤ ਨੇ ਮੈਨੂੰ ਫੜ ਲਿਆ... ਮੈਂ ਕਹਾਣੀ ਨੂੰ ਪੜ੍ਹਦਾ ਚਲਾ ਗਿਆ... ਮੈਨੂੰ ਡਰ ਵੀ ਲੱਗਣਾ ਸ਼ੁਰੂ ਹੋਇਆ... ਕਿ ਇਸ ਬੁਝਾਰਤ ਦਾ ਅੰਤ ਕਿਵੇਂ ਕੀਤਾ ਜਾਏਗਾ... ਪਾਤਰ ਅੜੇ ਖੜ੍ਹੇ ਨੇ...ਜਦੋਂ ਕੋਈ ਪਾਤਰ ਬੋਲਦਾ ਹੈ ਤਾਂ ਕਹਾਣੀ ਡਰਾਉਂਦੀ ਪੁਲਾਂਘਾਂ ਪੁੱਟਦੀ ਹੈ... ਡਾਇਲਾਗ ਕਹਾਣੀ ਨੂੰ ਅੱਗੇ ਤੋਰਦੇ ਹਨ... ਕੋਈ ਭਿਣਕ ਨਹੀਂ ਪੈਂਦੀ ਕਿ ਕਹਾਣੀ 'ਚ ਊਠ ਕਿਸ ਕਰਵਟ ਬੈਠੇਗਾ, ਅੰਗਰੇਜ਼ੀ ... ਅੰਗਰੇਜ਼ਾਂ ਨੂੰ ਸਮਝ ਆਉਂਦੀ ਐ... ਅੰਗਰੇਜ਼ੀ ਦੇ ਬੋਲ... ਨੂੰਹ ਤੇ ਸੱਸ ਨੂੰ ਪੰਜਾਬੀ 'ਚ ਦਰਦ ਵੰਡ ਜਾਂਦੇ ਨੇ... ਇਕ ਧਿਰ ਨੂੰ ਬਿਲਕੁਲ ਨਹੀਂ ਸੁਣਦਾ... ਪਰ ਦੂਜੀ ਧਿਰ ਨੂੰ ਬਹੁਤਾ ਸੁਣਦਾ-

ਦਿੱਸਦਾ ਹੈ। ਕੀ ਅੰਤ ਹੋ ਸਕਦਾ ਸੀ ਇਸ ਕਹਾਣੀ ਦਾ? ਕੁੱਝ ਵੀ... ਪਰ ਸੁਖਾਵਾਂ ਕਦੇ ਵੀ ਨਹੀਂ ਸੀ ਹੋ ਸਕਦਾ...ਬਾਕੀ ਗੋਸ਼ਟੀ ਨੇ ਕਮਾਲ ਦਾ ਰੰਗ ਬੰਨ੍ਹ ਦਿੱਤਾ। ਕੈਨੇਡਾ ਦੇ ਸਮਾਜ ਤੇ ਸਾਹਿਤ ਬਾਰੇ ਐਨੀਆਂ ਗੱਲਾਂ ... ਧੰਨ ਓ ਸੁਖਵੰਤ ਹੁੰਦਲ, ਅਜਮੇਰ ਰੋਡੇ, ਸੁਰਜੀਤ ਕਲਸੀ, ਅਮਰਜੀਤ ਚਾਹਲ ਤੇ ਜਰਨੈਲ... ਬਾਕੀ ਭਗਵੰਤ ਦੇ ਨੁਕਤੇ ਤਾਂ ਹੋਰ ਵੀ ਕਮਾਲ ਦੇ ਸਨ। ਮਜ਼ਾ ਆ ਗਿਆ ਗੋਸ਼ਟੀ ਪੜ੍ਹ ਕੇ ਜਿਵੇਂ ਮੈਂ ਵੀ ਵਿਚ ਬੈਠਾ ਹੋਵਾਂ। ਪਰਚਾ ਦਿਨੋਂ ਦਿਨ ਰੰਗ ਬੰਨ੍ਹੀ ਜਾਂਦੈ। ਮੁਬਾਰਕਾਂ **- ਬਲੀਜੀਤ, ਮੁਹਾਲੀ**

**ਏਨੀਆਂ ਕਮਾਲ ਦੀਆਂ ਕਹਾਣੀਆਂ ਕਿੱਥੋਂ ਕੱਢ ਲਿਆਏ**


ਕਹਾਣੀ ਧਾਰਾ-71 ਅੰਕ ਪੜ੍ਹਿਆ। ਪੜ੍ਹ ਕੇ ਰੂਹ ਖੁਸ਼ ਹੋ ਗਈ। ਪਤਾ ਨਹੀਂ ਏਨੀਆਂ ਕਮਾਲ ਦੀਆਂ ਕਹਾਣੀਆਂ ਕਿੱਥੋਂ ਕੱਢ ਲਿਆਏ। ਜਰਮਨ ਕਹਾਣੀ ਜਿੱਥੇ ਕਮਾਲ ਦੀ ਕਹਾਣੀ ਹੈ ਉਥੇ ਅਨੁਵਾਦ ਵੀ ਬੜਾ ਖ਼ੂਬਸੂਰਤ ਕੀਤਾ ਹੈ। 'ਇਨਸਾਨੀ ਗੋਸ਼ਤ ਦਾ ਰੈਸਟੋਰੈਂਟ' (ਬੰਗਾਲੀ ਕਹਾਣੀ) ਰੌਂਗਟੇ ਖੜੇ ਕਰਨ ਵਾਲੀ ਕਹਾਣੀ ਹੈ। ਵੱਡੇ ਦੇਸ ਦਾ ਆਪਣੇ ਤੋਂ ਮਾੜੇ ਦੇਸ ਦਾ ਤੇ ਤਕੜੇ ਦਾ ਆਪੇ ਤੋਂ ਮਾੜੇ ਬੰਦੇ ਦਾ ਮਾਸ ਖਾਣ ਦਾ ਬੜਾ ਮਾਰਮਿਕ ਚਿਤਰਣ ਪੇਸ਼ ਕੀਤਾ ਹੈ। ਕਿਵੇਂ ਪੂਰਾ ਸੰਸਾਰ ਹੀ ਇਸ ਯੁੱਗ ਵਿੱਚ ਇਨਸਾਨੀ ਮਾਸ ਦਾ 'ਰੈਸਟੋਰੈਂਟ' ਬਣਿਆ ਪਿਆ ਹੈ। ਸੁਰਿੰਦਰ ਕੁਮਾਰ ਬਿਰਹਾ ਦੀ ਕਹਾਣੀ 'ਅਤੀਤ' ਵਿੱਚ ਪਰਵਾਸ ਕਾਰਨ ਭਵਿੱਖ 'ਚ ਆਉਣ ਵਾਲੀਆਂ ਨਵੀਆਂ ਚਣੌਤੀਆਂ ਨੂੰ ਖ਼ੂਬਸੂਰਤੀ ਨਾਲ ਚਿਤਰਿਆ ਹੈ। ਪੰਜਾਬੀ ਦੀਆਂ ਬਾਕੀ ਕਹਾਣੀਆਂ ਅਜੇ ਪੜ੍ਹਨੀਆਂ ਨੇ। ਵਧੀਆ ਅੰਕ ਲਈ ਵਧਾਈ ਦੇਣ ਨੂੰ ਪਹਿਲਾਂ ਹੀ ਮਨ ਕਰ ਆਇਆ। **-ਪਰਗਟ ਸਿੰਘ ਸਤੌਜ, ਸਤੌਜ, ਸੰਗਰੂਰ**

**ਤਿੱਖੇ ਫ਼ਿਕਰਿਆ ਨਾਲ ਸੰਪਾਦਕ ਨੇ ਆਪਣੀ ਗੱਲ ਕਹੀ**

'ਕਹਾਣੀ ਧਾਰਾ-71' ਪੜ੍ਹਿਆ। ਜੋ ਤੁਸੀਂ 'ਗੋਸ਼ਟੀ' ਦੀ ਪ੍ਰੰਪਰਾ ਸ਼ੁਰੂ ਕੀਤੀ ਹੈ। ਇਹ ਸੰਵਾਦ ਨੂੰ ਅੱਗੇ ਤੋਰਨ ਵਾਲੀ ਗੱਲ ਹੈ। 'ਕੈਨੇਡਾ ਦਾ ਪੰਜਾਬੀ ਸਮਾਜ ਅਤੇ ਸਾਹਿਤ' ਵਿਸ਼ੇ ਉੱਤੇ ਤੁਸੀਂ ਗੋਸ਼ਟੀ ਵਿਚ ਬੜੀਆਂ ਰੌਚਿਕ ਗੱਲਾਂ ਕੀਤੀਆਂ ਹਨ। ਇਹ ਖੋਜ ਪੇਪਰਾਂ ਵਾਂਗ ਨੀਰਸ ਨਹੀਂ ਹੈ। ਇਹ ਪਾਠਕਾਂ ਲਈ ਵੀ ਲਾਹੇਵੰਦ ਹੈ। ਤੁਹਾਡੀ ਪਹਿਲੀ ਗੋਸ਼ਟੀ ਚੰਡੀਗੜ੍ਹ ਸੀ ਦੂਜੀ ਸਿੱਧੀ ਕੈਨੇਡਾ ਕਰ ਦਿੱਤੀ। ਹੁਣ ਤੀਜੀ ਕਿਥੇ ਕੀਤੀ ਏ? ਅਜਿਹੀਆਂ ਗੋਸ਼ਟੀਆਂ ਦਾ ਪ੍ਰਬੰਧ ਕਰਨਾ, ਫਿਰ ਰਿਕਾਡਿੰਗ ਕਰਕੇ ਉਨ੍ਹਾਂ ਦੀ ਸਕਰਿਪਟ ਬਣਾਉਣੀ, ਸੋਧ ਸੁਧਾਈ ਕਰਨੀ ਕਾਫ਼ੀ ਮਿਹਨਤ ਵਾਲਾ ਕੰਮ ਹੈ। ਵੱਡੇ ਵੱਡੇ ਸੈਮੀਨਾਰ ਤੇ ਗੋਸ਼ਟੀਆਂ ਹੁੰਦੀਆਂ ਰਹਿੰਦੀਆਂ ਹਨ ਵਿਦਵਾਨ ਗੱਲਾਂ ਕਰਕੇ ਚਲੇ ਜਾਂਦੇ ਹਨ। ਦਰਸ਼ਕ ਸੁਣ ਕੇ ਭੁੱਲ ਜਾਂਦੇ ਹਨ ਪਰ ਇਸ ਤਰ੍ਹਾਂ ਦੀਆਂ ਗੋਸ਼ਟੀਆਂ ਜਦੋਂ ਲਿਖਤੀ ਰੂਪ ਵਿਚ ਆਉਂਦੀਆਂ ਹਨ ਤਾਂ ਸਾਂਭੀਆਂ ਜਾਂਦੀਆਂ ਹਨ। ਜੋਗਿੰਦਰ ਪਾਲ ਮਾਨ ਵਿਸ਼ਵ ਦੀ ਕਹਾਣੀ ਲਹਿੰਦੇ ਰੰਗ ਵਿਚ ਸਾਨੂੰ ਪੜ੍ਹਨ ਨੂੰ ਦੇ ਰਹੇ ਹਨ। ਚੰਗੀ ਪਿਰਤ ਹੈ। ਜਿੰਦਰ ਦੀ ਮੁਲਾਕਾਤ ਨੇ ਸਾਡੇ ਅੱਗੇ ਕਈ ਸਵਾਲ ਖੜੇ ਕੀਤੇ ਹਨ। ਇਸ ਮੁਲਾਕਾਤ ਵਿਚ ਜਿੰਦਰ ਦਾ ਇਕ ਵੱਖਰੀ ਤਰ੍ਹਾਂ ਦਾ ਚਿਹਰਾ ਮੋਹਰਾ ਨਿੱਖਰ ਕੇ ਸਾਡੇ ਸਾਹਮਣੇ ਆਇਆ ਹੈ। ਬੰਗਲਾ ਕਹਾਣੀ 'ਇਨਸਾਨੀ ਗੋਸ਼ਤ ਦਾ ਰੇਸਟੋਰੈਂਟ' ਨੇ ਤਾਂ ਸੱਚ ਮੁੱਚ ਰੌਂਗਟੇ ਖੜੇ ਕਰ ਦਿੱਤੇ। ਬਾਕੀ ਕਹਾਣੀਆਂ ਵਾਲਾ ਭਾਗ ਤਾਂ ਹੈ ਹੀ ਮੁੱਲਵਾਨ। ਸੁਰਿੰਦਰ ਕੁਮਾਰ ਬਿਰਹਾ ਨੇ 'ਅਤੀਤ' ਲਿਖ ਕੇ ਸਾਨੂੰ ਸਭ ਨੂੰ ਸੋਚਣ ਲਾ ਦਿੱਤਾ। ਉਸ ਨੇ ਜਿਸ ਤਰ੍ਹਾਂ ਭਵਿੱਖ ਦੇ ਪੰਜਾਬ ਦਾ ਚਿਹਰਾ ਪੇਸ਼ ਕੀਤਾ ਹੈ, ਉਹ ਵੀ ਕੰਬਣੀ ਛੇੜਨ ਵਾਲਾ ਹੈ। ਬਾਕੀ ਜਿੰਦਰ ਦੀ ਕਹਾਣੀ 'ਚੀਕਾਂ' ਔਰਤ ਦੀਆਂ ਦੱਬੀਆਂ ਭਾਵਨਾਵਾਂ ਨੂੰ ਬੜੀ ਕੁਸ਼ਲਤਾ ਨਾਲ ਪੇਸ਼ ਕਰ ਜਾਂਦੀਆਂ ਹਨ। ਅਮਰਜੀਤ ਚਾਹਲ ਤੇ ਸੁਰਜੀਤ ਕਲਸੀ ਨੇ ਪਰਵਾਸੀ ਜੀਵਨ ਦਾ ਗੂੜਾ ਚਿਤਰਨ ਕੀਤਾ ਹੈ।

**-ਸੁਰਜੀਤ ਸੁਮਨ, ਮੁੰਡੀ ਖਰੜ, ਖਰੜ**


## ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ




### ਪੇਰੀਆਰ ਰਚਨਾਵਲੀ-ਨਵੇਂ ਯੁੱਗ ਦਾ ਸੁਕਰਾਤ

ਡਾ. ਜਸਵੰਤ ਰਾਏ ਬੜਾ ਸਿਰੜੀ ਤੇ ਪ੍ਰਤੀਬੱਧ ਲਿਖਾਰੀ ਏ। Collected Works of Periyar E.V.R. ਦਾ ਪੰਜਾਬੀ ਅਨੁਵਾਦ 'ਪੇਰੀਆਰ ਰਚਨਾਵਲੀ' ਦੀ ਚੋਣ ਉਸ ਦੇ ਇਸੇ ਸਿਰੜ 'ਚੋਂ ਨਿਕਲੀ ਏ। ਪੇਰੀਆਰ ਦੀਆਂ ਲਿਖਤਾਂ ਨੂੰ ਪੜ੍ਹਨਾ ਪੰਜਾਬੀਆਂ ਲਈ ਧੰਨਭਾਗ ਏ। 506 ਪੰਨਿਆ ਤੇ ਫੈਲੀ ਇਸ ਲਿਖਤ ਨੂੰ ਹਜ਼ਮ ਕਰਨਾ ਤੇ ਸਹਿਜ ਰਹਿਣਾ ਬੜਾ ਔਖਾ ਏ। ਪੇਰੀਆਰ ਸਾਨੂੰ ਬੇਚੈਨ ਕਰਦਾ ਏ। ਅੰਬੇਡਕਰ, ਆਇਨਕਲੀ ਤੇ ਪੇਰੀਆਰ ਨੇ ਸਮਾਜ ਵਿਚ ਹਾਸ਼ੀਏ 'ਤੇ ਧੱਕੇ ਆਛੂਤਾਂ ਲਈ ਮੁੱਲਵਾਨ ਕਾਰਜ ਕੀਤਾ ਏ। ਪੇਰੀਆਰ ਨੇ ਸਮਾਜ ਨੂੰ ਸੁਧਾਰਨ ਲਈ ਸੈਕੜੇ ਅੰਦੋਲਨਾਂ 'ਚ ਭਾਗ ਲੈ ਕੇ ਜੇਲ੍ਹਾਂ ਵੀ ਕੱਟੀਆਂ ਤੇ ਅਨੇਕਾਂ ਥਾਂਵਾਂ ਤੇ ਜਾ ਕੇ ਭਾਸ਼ਣ ਦਿੱਤੇ। ਇਸ ਪੁਸਤਕ ਵਿਚ ਉਨ੍ਹਾਂ ਨੇ ਸਮਾਜ ਵਿਚ ਫੈਲੇ ਅਨੇਕਾਂ ਤਰ੍ਹਾਂ ਦੇ ਕੋਹੜ ਤੇ ਕੁਰੀਤੀਆਂ ਦੇ ਖ਼ਿਲਾਫ਼ ਖੁੱਲ੍ਹ ਕੇ ਦਲੀਲਾ ਨਾਲ ਬੇਬਾਕ ਹੋ ਕੇ ਭਾਸ਼ਣ ਦਿੱਤੇ ਅਤੇ ਲਿਖਤਾਂ ਲਿਖੀਆਂ। ਪੇਰੀਆਰ ਦਾ ਜਨਮ ਤਾਮਿਲਨਾਡੂ ਦੇ ਬਹੁਤ ਪੱਛੜੇ ਇਲਾਕੇ ਵਿਚ ਹੋਇਆ ਜਿੱਥੇ ਅਗਿਆਨਤਾ, ਅੰਧ ਵਿਸ਼ਵਾਸ, ਅਰਥਹੀਣ ਰੀਤੀ ਰਿਵਾਜ ਦਾ ਰੁਝਾਨ ਸੀ। ਕਿਤਾਬ ਦੇ ਸ਼ੁਰੂ 'ਚ ਪੇਰੀਆਰ ਦੇ ਕਾਰਜ ਨੂੰ ਤਰੀਕਾਂ ਨਾਲ ਸਮਝਾਉਣ ਦਾ ਯਤਨ ਕੀਤਾ ਗਿਆ ਏ। ਸਲੇਮ ਕਾਲਜ ਵਿਚ ਪੇਰੀਆਰ ਦਾ ਰੱਬ, ਧਰਮ, ਆਤਮਾ ਤੇ ਜੀਵਨ ਬਾਰੇ ਦਿੱਤਾ ਭਾਸ਼ਣ ਬੜਾ ਅਹਿਮ ਏ। ਜਿਸ 'ਚ ਉਸ ਨੇ ਮਨੁੱਖ ਨੂੰ ਤਰਕਸ਼ੀਲ ਸੋਚ ਦਾ ਬਣਨ ਦਾ ਹੋਕਾ ਦਿੱਤਾ ਏ। ਮਨੂੰ ਦੇ ਸ਼ਾਸਤਰ ਨੂੰ ਉਹ ਬੇਇਨਸਾਫ਼ੀ ਦਾ ਕੋੜ ਕਹਿੰਦਾ ਏ। 'ਵਾਇਕੋਮ ਅੰਦੋਲਨ ਦਾ ਇਤਿਹਾਸ' ਬਾਰੇ ਦਿੱਤਾ ਗਿਆ ਭਾਸ਼ਣ, ਨਾਬਰੀ ਦਾ ਪ੍ਰਵਚਨ ਸਿਰਜਦਾ ਏ। ਸਾਡੇ ਪਿੰਡ ਲੋਕਤੰਤਰ ਦਾ ਧੁਰਾ ਏ ਤੇ ਪੇਰੀਆਰ ਨੇ ਪੇਂਡੂ ਵਿਕਾਸ ਦਾ ਮੁੱਦਾ ਵੀ ਆਪਣੇ ਭਾਸ਼ਣਾ 'ਚ ਚੁੱਕਿਆ ਏ। ਆਪਣੀ ਇਕ ਲਿਖਤ 'ਚ ਉਹ ਜੋਤਿਸ਼ ਵਿਗਿਆਨ ਨੂੰ ਤਰਕ ਨਾਲ ਰੱਦ ਕਰਦਾ ਹੋਇਆ ਇਹ ਧਾਰਨਾ ਦਿੰਦਾ ਏ ਕਿ ਇਹ ਵਿਦਿਆ ਪੱਛੜੇ ਵਰਗਾਂ ਨੂੰ ਹਾਸ਼ੀਏ ਤੇ ਧੱਕਣ ਦਾ ਕਾਰਜ ਕਰਦੀ ਏ। ਪੁਸਤਕ ਦਾ ਉਹ ਭਾਗ ਵੀ ਮੁੱਲਵਾਨ ਏ ਜਿਹਦੇ ਵਿਚ ਪੇਰੀਆਰ ਦੇ ਮੁੱਲਵਾਨ ਵਿਚਾਰ ਦਿੱਤੇ ਗਏ ਨੇ। ਇਹ ਸਲੋਗਨ ਵਿਦਿਆਰਥੀ ਵਰਗ 'ਚ ਪ੍ਰਚਾਰਨ ਦੀ ਲੋੜ ਏ। ਪੇਰੀਆਰ ਦਾ ਇਕ ਵਿਚਾਰ ਏ, 'ਸ਼ੋਹਰਤ, ਪੈਸਾ, ਅਹੁਦਿਆਂ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਤਪਦਿਕ ਦੀ ਜਾਨਲੇਵਾ ਬਿਮਾਰੀ ਹੈ। ਉਹ ਸਮਾਜ ਦੇ ਹਿੱਤਾਂ ਦੇ ਵਿਰੁੱਧ ਹਨ।' 'ਪੇਰੀਆਰ ਦੀਆਂ ਇਨਕਲਾਬੀ ਗੱਲਾਂ' ਤਮਿਲ ਲੋਕਾਂ ਦੀ ਮੰਗ ਸੀ। ਇਹ ਗੱਲਾਂ ਸਾਡੇ ਪੰਜਾਬੀਆਂ ਲਈ ਵੀ ਮੁੱਲਵਾਨ ਨੇ। ਤਰਕਸ਼ੀਲਤਾ, ਆਤਮ ਸਨਮਾਨ, ਵਿਗਿਆਨ, ਅਰਥ ਸ਼ਾਸ਼ਤਰ, ਚਰਿੱਤਰ, ਰਾਜਨੀਤੀ, ਪਬਲਿਕ ਸਰਵਿਸ, ਜਾਤ ਦਾ ਖਾਤਮਾ ਆਦਿ ਮੁੱਦਿਆ ਤੇ ਉਹਨੇ ਆਪਣੇ ਵਿਚਾਰ ਸੰਖੇਪ 'ਚ ਦਿੱਤੇ ਨੇ। 'ਰਮਾਇਣ–ਇੱਕ ਸੱਚੀ ਪੜ੍ਹਤ' ਵਿਚਾਰ ਉਤੇਜਿਤ ਵਿਸ਼ਲੇਸ਼ਣ ਏ। ਪੁਸਤਕ ਦੇ ਅਨੁਵਾਦਕ ਡਾ. ਜਸਵੰਤ ਰਾਏ ਨੇ ਹਰ ਲਿਖਤ ਤੋਂ ਪਹਿਲਾਂ ਸਾਡੇ ਪੰਜਾਬੀ ਦੇ ਵਿਲੱਖਣ ਸੁਰ ਦੇ ਸ਼ਾਇਰ ਅਜੈ ਤਨਵੀਰ ਦੇ ਸ਼ੇਅਰ ਦਿੱਤੇ ਨੇ ਜਿਹੜੇ ਪੇਰੀਆਰ ਦੀ ਵਿਦਵਤਾ ਤੇ ਵਿਚਾਰਧਾਰਾ ਨੂੰ ਚਾਰ ਚੰਨ ਲਾਉਂਦੇ ਨੇ। ਪੰਜਾਬੀ 'ਚ ਪਹਿਲੀ ਵਾਰ ਛਪੀ ਵੱਡ ਅਕਾਰੀ ਇਸ ਪੁਸਤਕ ਨੂੰ **'ਆੱਟਮ ਆਰਟ'** ਨੇ ਬੜੀ ਖ਼ੂਬਸੂਰਤੀ ਨਾਲ ਛਾਪਿਆ ਏ।


### ਜਰਨੈਲ ਸਿੰਘ ਸੇਖਾ ਦੇ 'ਕੰਡਿਆਰੇ ਪੰਧ'




ਪ੍ਰਸਿੱਧ ਨਾਵਲਕਾਰ ਸੇਖਾ ਦੀ ਇਹ ਵੱਡੇ ਅਕਾਰ ਵਿਚ ਫੈਲੀ ਸਵੈ ਜੀਵਨੀ ਏ। ਵੰਡ ਤੋਂ ਪਹਿਲਾਂ ਲੇਖਕ ਦਾ ਜਨਮ ਹੁੰਦਾ ਏ। ਜਦੋਂ ਵੰਡ ਹੁੰਦੀ ਏ ਤੇ ਉਹ ਜਵਾਨੀ ਵੱਲ ਵੱਧ ਰਿਹਾ ਸੀ। ਪੁਸਤਕ ਵਿਚ ਵੰਡ ਦੇ ਪ੍ਰਸੰਗ 'ਚ ਲੇਖਕ ਦਾ ਬਚਪਨ ਸਧਾਰਨ ਪਰਿਵਾਰ 'ਚ ਬਤੀਤ ਹੁੰਦਾ ਏ। ਉਸ ਨੇ ਬਚਪਨ ਦੇ ਵੇਰਵੇ ਬੜੇ ਸਹਿਜ ਤਰੀਕੇ ਨਾਲ ਪੇਸ਼ ਕੀਤੇ ਨੇ। ਇਸ ਲਿਖਤ ਰਾਹੀਂ ਸਾਨੂੰ ਮਾਲਵੇ ਦੇ ਪੇਂਡੂ ਕਲਚਰ ਦੀ ਸਮਝ ਵੀ ਆਉਂਦੀ ਏ। ਸਵੈ ਜੀਵਨੀ ਪੜ੍ਹਦਿਆਂ ਇਹ ਵੀ ਸਮਝ ਆਉਂਦੀ ਏ ਕਿ ਕਿਵੇਂ ਇਕ ਸੰਵੇਦਨਸ਼ੀਲ ਮਨੁੱਖ ਦੀ ਸ਼ਖ਼ਸੀਅਤ ਉਸਰਦੀ ਏ। ਲੇਖਕ ਉਸ ਘਰ ਵਿਚ ਵੱਡਾ ਹੁੰਦਾ ਏ ਜਿਥੇ ਮੁੱਢਲੀਆਂ ਸਹੂਲਤਾ ਦੀ ਅਣਹੋਂਦ ਹੁੰਦੀ ਸੀ। ਕੱਪੜੇ ਤੇ ਦੇਹ ਨੂੰ ਸਾਫ਼ ਰੱਖਣ ਵਾਲਾ ਸਾਬਣ ਕਿਵੇਂ ਤਰੱਦਦ ਕਰਕੇ ਪ੍ਰਾਪਤ ਹੁੰਦਾ ਏ। ਲੇਖਕ ਸਕੂਲ ਦੀ ਪੜ੍ਹਾਈ ਦਾ ਜ਼ਿਕਰ ਵਿਸਥਾਰ ਨਾਲ ਕਰਦਾ ਏ। ਆਜ਼ਾਦੀ ਤੋਂ ਉਪਰੰਤ ਕਿਵੇਂ ਵਿਦਿਆ ਦੇ ਪਸਾਰ ਲਈ ਸਕੂਲ ਖੋਲ੍ਹੇ ਜਾਂਦੇ ਨੇ ਤੇ ਕਿਵੇਂ ਪੜ੍ਹੇ ਲਿਖੇ ਮੁੰਡਿਆ ਨੂੰ ਅਧਿਆਪਕ ਦੀਆਂ ਨੌਕਰੀਆਂ ਮਿਲਦੀਆਂ ਹਨ। ਇਹਦਾ ਅਹਿਸਾਸ ਕਿਤਾਬ ਪੜ੍ਹਦਿਆਂ ਹੁੰਦਾ ਏ। ਪੜ੍ਹਾਉਣ ਦੇ ਖੱਟੇ ਮਿੱਟੇ ਤਜ਼ਰਬੇ ਬਿਆਨ ਕਰਦਾ ਸੇਖਾ ਸਕੂਲ ਦੀ ਨੌਕਰੀ ਪੂਰੇ ਕਰਕੇ ਵਿਦੇਸ਼ ਤੁਰ ਪੈਂਦਾ ਏ। ਉੱਥੇ ਜਾ ਕੇ ਉਹਨੂੰ ਇਕ ਵਾਰ ਕਾਮਾ ਬਣ ਕੇ ਆਪਣਾ ਜੀਵਨ ਆਰੰਭ ਕਰਨਾ ਪੈਂਦਾ ਹੈ। ਲੇਖਕ ਨੂੰ ਖੇਤ ਮਜ਼ਦੂਰੀ ਦਾ ਆਭਾਸ ਹੁੰਦਾ ਏ। ਇਸ ਅਨੁਭਵ ਵਿਚੋਂ ਸੇਖਾ ਅਨੇਕਾਂ ਨਾਵਲਾਂ ਦੀ ਸਿਰਜਣਾ ਕਰਦਾ ਏ। ਪੁਸਤਕ **'ਚੇਤਨਾ ਪ੍ਰਕਾਸ਼ਨ'** ਨੇ ਛਾਪੀ ਏ।

### ਹਰਨਾਮ ਸਿੰਘ ਤੇਗ 'ਪਿਸ਼ਾਵਰੀ' ਦੀ 'ਸਵਾਂਤੀ ਬੂੰਦ'

ਹਰਨਾਮ ਸਾਡੀ ਪੰਜਾਬੀ ਦੀ ਲੇਖਕ ਚੰਦਨ ਨੇਗੀ ਦਾ ਪਿਤਾ ਹੀ ਨਹੀਂ ਬਲਕਿ ਉਹ ਮੁੱਢਲੀ ਪੰਜਾਬੀ ਦਾ ਪ੍ਰਸਿੱਧ ਨਾਂ ਵੀ ਹੋਇਆ ਏ। ਪੁਸਤਕ ਵਿਚ ਚੰਦਨ ਨੇਗੀ ਨੇ ਬੜੇ ਯਤਨਾ ਨਾਲ ਇਨ੍ਹਾਂ ਕਹਾਣੀਆਂ ਨੂੰ ਇਕੱਠਾ ਕਰਕੇ ਇਕ ਥਾਂ ਛਾਪਿਆ ਏ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਸਾਨੂੰ ਮੁੱਢਲੀ ਕਹਾਣੀ ਦੀ ਬਣਤਰ ਦਾ ਹੀ ਨਹੀਂ ਪਤਾ ਲੱਗਦਾ ਬਲਕਿ ਉਸ ਵੇਲੇ ਦੇ ਸਮਾਜ ਵਿਚ ਆਮ ਸਧਾਰਨ ਮਨੁੱਖ ਦੀ ਤੇ ਖਾਸ ਕਰਕੇ ਔਰਤ ਦੀ ਕਿਸ ਤਰ੍ਹਾਂ ਦੀ ਸਥਿਤੀ ਸੀ ਦਾ ਪਤਾ ਲੱਗਦਾ ਏ। ਕਹਾਣੀਆਂ ਦਾ ਬਿਰਤਾਂਤ ਸਮਾਜ ਸੁਧਾਰਕ ਏ। 'ਅਛੂਤ ਠਾਕਰ' ਕਹਾਣੀ ਰਾਹੀ ਅਸੀਂ ਉਸ ਵੇਲੇ ਦੇ ਅਛੂਤਾਂ ਦੀ ਸਥਿਤੀ ਨੂੰ ਸਮਝ ਸਕਦੇ ਹਾਂ। ਕਹਾਣੀਆਂ ਦੀ ਸੁਰ ਯਥਾਰਥਕ ਤੇ ਮਾਨਵਵਾਦੀ ਏ। ਜਾਤੀਵਾਦ, ਕੁਲੀਨਤਾ, ਆਡੰਬਰ, ਵਹਿਮ ਭਰਮ ਕਹਾਣੀਆਂ ਦੀ ਮੁੱਖ ਸੁਰ ਏ। ਪੁਸਤਕ 'ਚ ਲੇਖ ਤੇ ਕਵਿਤਾਵਾਂ ਵੀ ਦਰਜ ਹਨ। ਆਪਣੇ ਬਾਪ ਬਾਰੇ ਨੇਗੀ ਹੁਰਾਂ ਕਮਾਲ ਦਾ ਲਿਖਿਆ ਏ। ਪੁਸਤਕ ਨੂੰ **'ਆਰਸੀ ਪਬਲਿਸ਼ਰਜ਼ ਦਿੱਲੀ'** ਨੇ ਛਾਪਿਆ ਏ।




**ਆਮ ਆਦਮੀ ਦੇ ਨਾਮ ਉੱਤੇ**




ਅਭਿਸ਼ੇਕ ਸ਼੍ਰੀਵਾਸਤਕ ਨੇ 'ਆਮ ਆਦਮੀ ਪਾਰਟੀ' ਨੂੰ ਸਮਝਣ ਦਾ ਇਸ ਪੁਸਤਕ ਵਿਚ ਯਤਨ ਕੀਤਾ ਏ। ਕੇਜਰੀਵਾਲ ਕਿਵੇਂ ਭ੍ਰਿਸ਼ਟਾਚਾਰ ਵਿਰੋਧ ਅੰਦੋਲਨ ਚਲਾਉਂਦਾ ਏ ਤੇ ਸੱਤਾਂ ਦੇ ਖ਼ਿਲਾਫ਼ ਆਮ ਲੋਕਾਂ ਨੂੰ ਖੜਾ ਕਰ ਲੈਂਦਾ ਏ। ਉਹ ਆਮ ਬੰਦਾ ਬਣ ਕੇ ਆਮ ਬੰਦੇ ਦੀ ਗੱਲ ਉਨ੍ਹਾਂ ਦੀ ਆਮ ਭਾਸ਼ਾ 'ਚ ਕਰਨ ਦਾ ਮਾਹਰ ਬਣ ਜਾਂਦਾ ਏ। ਕੇਜਰੀਵਾਲ ਦਿੱਲੀ ਨੂੰ ਇਕ 'ਮਾਡਲ' ਬਣਾ ਕੇ ਹੋਰ ਪ੍ਰਾਂਤਾ ਵੱਲ ਪੈਰ ਪੁੱਟਦਾ ਹੋਇਆ ਪੰਜਾਬ ਵਿਚ ਕਾਮਯਾਬ ਹੋ ਜਾਂਦਾ ਏ। 'ਅੰਨਾ ਅੰਦੋਲਨ' ਦੇ ਪ੍ਰਸੰਗ 'ਚ ਆਮ ਆਦਮੀ ਪਾਰਟੀ ਦਾ ਉਭਾਰ ਹੁੰਦਾ ਏ। ਸੱਤਾ ਦੇ ਰਸਤੇ ਵਿਚ ਅਨੇਕਾਂ ਕਾਮੇ ਆਉਂਦੇ ਨੇ। ਪਾਰਟੀ ਮੁੱਖੀ ਦੀ ਤਿੱਖੀ ਦ੍ਰਿਸ਼ਟੀ ਹੁੰਦੀ ਏ ਕਿ ਉਹ ਚੰਗੇ -ਮਾੜੇ ਨੇਤਾ ਦੀ ਪਛਾਣ ਕਰ ਲੈਂਦਾ ਏ। ਉਹ ਸਿੱਖਿਆ ਤੇ ਸਿਹਤ ਸਹੂਲਤਾ ਦਾ ਮਾਡਲ ਹੀ ਲੈ ਕੇ ਨਹੀਂ ਆਉਂਦਾ ਬਲਕਿ ਉਸ ਮਾਡਲ ਨੂੰ ਅਮਲੀ ਰੂਪ ਵਿਚ ਲਿਆਂਦਾ ਏ। ਪੁਸਤਕ ਬਨਾਰਸ ਵਿਚ ਕੇਜਰੀਵਾਲ ਦੇ ਪ੍ਰਚਾਰ ਦਾ ਪ੍ਰਸੰਗ ਵੀ ਉਭਾਰਦੀ ਏ। ਜਦੋਂ ਕੇਜਰੀਵਾਲ ਬਨਾਰਸ 'ਚ ਡਾ. ਚੰਦਰਾ ਦੇ ਘਰ ਰੁਕ ਕੇ ਚੋਣ ਪ੍ਰਚਾਰ ਕਰਦੇ ਨੇ ਤਾਂ ਉਹਦੀ ਮਾਨਸਿਕਤਾ ਨੂੰ ਵੀ ਪੁਸਤਕ ਉਭਾਰਦੀ ਏ। ਉਹ ਆਪਣੇ ਆਪ ਨੂੰ ਅਸੁਰੱਖਿਅਤ ਸਮਝਦਾ ਏ। ਉਹਨੂੰ ਯੋਗੇਂਦਰ ਯਾਦਵ ਤੋਂ ਬਹੁਤ ਖ਼ਤਰਾ ਮਹਿਸੂਸ ਹੁੰਦਾ ਏ। ਕਿਤਾਬ ਦਾ ਹਿੰਦੀ ਤੋਂ ਅਨੁਵਾਦ ਹਰਜੋਤ ਨੇ ਕੀਤਾ ਏ ਅਤੇ ਇਹਨੂੰ **'ਵਾਇਟ ਕਰੋਅ'** ਨੇ ਛਾਪਿਆ ਏ।

**ਰੋਹਿਨ ਕੁਮਾਰ ਦਾ 'ਲਾਲ ਚੌਂਕ'**





ਇਹ ਕਿਤਾਬ ਪੱਤਰਕਾਰੀ 'ਚੋਂ ਨਿਕਲੀ ਅਜਿਹੀ ਕਿਤਾਬ ਹੈ ਜਿਹੜੀ ਕਸ਼ਮੀਰ ਮੁੱਦੇ ਦਾ ਬਹੁਪੱਖੀ ਵਿਸ਼ਲੇਸ਼ਣ ਕਰਦੀ ਏ। ਇਸ ਦਾ ਲੇਖਕ ਸੁਤੰਤਰ ਪੱਤਰਕਾਰ ਏ। ਰੋਹਿਨ ਨੇ ਕਸ਼ਮੀਰ ਬਾਰੇ ਰਵਾਇਤੀ ਧਾਰਨਾਵਾਂ ਤੋਂ ਹੱਟ ਕੇ ਕਸ਼ਮੀਰ ਦਾ ਬਿਰਤਾਂਤ ਸਿਰਜਿਆ ਏ। ਉਸ ਨੇ ਰਵਾਇਤੀ ਮੀਡੀਏ ਤੋਂ ਹੱਟ ਕੇ ਕਸ਼ਮੀਰੀਆਂ ਦੇ ਅਸਲ ਸੱਚ ਨੂੰ ਕਿਤਾਬ ਵਿਚ ਉਜਾਗਰ ਕੀਤਾ ਏ। ਕਿ ਉਹ ਰਾਜਨੀਤਿਕ ਮੁੱਦਿਆਂ ਬਾਰੇ ਕਿਵੇਂ ਸੋਚਦੇ ਨੇ। ਜੰਮੂ -ਕਸ਼ਮੀਰ ਦੇ ਲੋਕਾਂ ਨੂੰ ਕਿਸ ਤਰ੍ਹਾਂ ਮਨੁੱਖੀ ਅਧਿਕਾਰ ਮਿਲਦੇ ਹਨ ਉਸ ਦਾ ਵਿਸ਼ਲੇਸ਼ਣ ਕੀਤਾ ਗਿਆ ਏ। ਏਥੇ ਔਰਤ ਦੀ ਸਥਿਤੀ ਕਿਹੋ ਜਿਹੀ ਏ। ਅਤੇ ਜਦੋਂ ਜੰਮੂ ਅਤੇ ਕਸ਼ਮੀਰ ਨੂੰ ਕੇਂਦਰ ਸ਼ਾਸਤ ਸੂਬਾ ਬਣਾ ਦਿੱਤਾ ਜਾਂਦਾ ਹੈ ਤੇ ਉੱਥੋਂ ਦੇ ਲੋਕਾਂ ਦੀ ਕਿਹੋ ਜਿਹੀ ਸਥਿਤੀ ਤੇ ਹਾਲਾਤ ਹੁੰਦੇ ਨੇ ਦਾ ਵਿਸ਼ਲੇਸ਼ਣ ਹੈ। ਕਿਤਾਬ ਰਾਜਨੀਤਿਕ ਮੁੱਦਿਆਂ ਨੂੰ ਉਭਾਰਦੀ ਏ ਪਰ ਸਮਾਜਿਕ ਮੁੱਦਿਆ ਦਾ ਵੀ ਵਿਸ਼ਲੇਸ਼ਣ ਕੀਤਾ ਗਿਆ ਏ। ਕਸ਼ਮੀਰ ਦੀ ਜਿਹੜੀ ਔਰਤ ਮੀਡੀਆ ਦਿਖਾਉਂਦਾ ਏ ਉਹ ਅਸਲ ਵਿਚ ਇਸ ਕਿਤਾਬ 'ਚ ਉਭਰਦੀ ਨਹੀਂ। ਉਹ ਔਰਤ ਆਪਣੇ ਅਸਤਿਤਵ ਨੂੰ ਬਚਾਉਣ ਲਈ ਲੜ ਰਹੀ ਏ। ਪੁਸਤਕ ਨੂੰ ਹਰਜੋਤ ਨੇ ਅਨੁਵਾਦ ਕੀਤਾ ਏ ਤੇ ਇਹਨੂੰ **'ਵਾਇਟ ਕਰੋਅ'** ਨੇ ਛਾਪਿਆ ਏ।

**'ਘੇਰੇ ਤੋਂ ਬਾਹਰ' ਵਾਲੇ ਲੋਕਾਂ ਦਾ ਕਵੀ ਮਦਨ ਵੀਰਾ**




ਮਦਨ ਵੀਰਾ ਬਿਨਾ ਕੋਈ ਸ਼ੋਰ ਕੀਤਿਆਂ, ਸਹਿਜ ਬਿਰਤੀ ਨਾਲ ਤੇ ਜਾਨਦਾਰ ਚਿੰਤਨ ਨਾਲ ਘੇਰੇ ਤੋਂ ਬਾਹਰ ਕਰ ਦਿੱਤੇ ਲੋਕਾਂ ਦੀ ਗੱਲ ਕਵਿਤਾ 'ਚ ਬੜੇ ਸੁਚੱਜੇ ਤਰੀਕੇ ਨਾਲ ਕਰਨ ਵਾਲਾ ਅਜਿਹਾ ਸ਼ਾਇਰ ਏ ਜਿਹਦੇ ਕੋਲ ਘੇਰੇ ਤੋਂ ਬਾਹਰ ਬੈਠੇ ਲੋਕਾਂ ਦੇ ਘੜੇ ਹੋਏ ਬਿੰਬ ਹਨ, ਚਿਹਨ ਹਨ ਅਤੇ ਆਪਣਾ ਕਾਵਿ ਮੁਹਾਵਰਾ ਏ। ਆਪਣੀ ਆਜ਼ਾਦ ਹਸਤੀ ਨਾਲ 'ਨਾਬਰਾਂ ਦੀ ਇਬਾਰਤ' ਲਿਖਦਾ ਮਦਨ ਵੀਰਾ ਘੇਰੇ ਦੇ ਅੰਦਰ ਬੈਠੇ ਲੋਕਾਂ ਨੂੰ ਸੰਬੋਧਿਤ ਹੁੰਦਾ ਕਵਿਤਾ ਕਹਿੰਦਾ ਆ ਰਿਹਾ ਏ। 'ਸਿਰਜਣਾ ਦੇ ਸਫ਼ਰ ਦਾ ਮੁੱਢ' 'ਚ ਮਦਨ ਕਹਿੰਦਾ ਏ ਕਿ ਕਿਵੇਂ ਘੇਰੇ ਦੇ ਅੰਦਰ ਬੈਠੇ ਲੋਕਾਂ ਨੇ ਉਹਨੂੰ ਠਿੱਠ ਕਰਕੇ ਘੇਰੇ ਤੋਂ ਬਾਹਰ ਕਰਨ ਦੀ ਕੋਸ਼ਿਸ਼ ਕੀਤੀ ਤੇ ਫਿਰ ਕਿਵੇਂ ਉਸ ਪੀੜ ਚੋਂ ਮਦਨ ਦੇ ਅੰਦਰੋਂ ਕਵਿਤਾ 'ਊਠਾਂ ਵਾਲੇ ਮੇਰੇ ਯਾਰੋ' ਨਿਕਲਦੀ ਏ। ਸਮਾਂ ਕਿਵੇਂ ਉਹਨੂੰ ਥਾਂ ਥਾਂ ਜ਼ਲੀਲ ਕਰਕੇ ਥੱਲੇ ਸੁੱਟਦਾ ਗਿਆ ਤੇ ਕਿਵੇਂ ਉਹਦੇ ਅੰਦਰੋਂ ਕਵਿਤਾ ਫੁੱਟਦੀ ਗਈ। 'ਸੁੱਤੇ ਬਾਪ ਦੀ ਬੁੜਬੁੜ' ਕਵਿਤਾ ਪੜ੍ਹਦਿਆਂ ਮੈਂ ਆਪਣੇ ਅਵਚੇਤਨ 'ਚ ਡੂੰਘਾ ਉਤਰ ਜਾਂਦਾ ਹਾਂ। ਤਾਂ ਮੇਰੇ ਅੰਦਰ ਆਪਣੇ ਪੁਰਖਿਆ ਦੀ 'ਕਹਾਣੀ' ਤੁਰਨ ਲੱਗ ਪੈਂਦੀ ਏ। 'ਚਾਚੀ ਜੀਤ ਕੌਰ' ਕਵਿਤਾ ਦਾ ਨਵਾਂ ਅਧਿਆਏ ਖੋਲ੍ਹਦੀ ਏ। ਮਦਨ ਦੀ ਕਵਿਤਾ ਦੇ ਚਿਹਨ ਨਾਬਰੀ 'ਚੋਂ ਨਿਕਲੇ ਨੇ। ਘੇਰੇ ਤੋਂ ਬਾਹਰ ਬੈਠੇ ਲੋਕਾਂ ਦੀ ਚੇਤਨਾ ਨੂੰ ਉਹ ਵੰਗਾਰਦਾ ਏ । ਅਜਿਹਾ ਕਰਦਾ ਹੋਇਆ ਉਹ ਕਵਿਤਾ ਦੇ ਸੋਹਜ ਨੂੰ ਬਣਾਈ ਰੱਖਦਾ ਏ। 'ਲੋਹੇ ਲਾਖੇ' ਕਵਿਤਾ 'ਚ ਉਹ 'ਖੰਨੀ ਚੱਪਾ' ਚਿਹਨ ਵਰਤਦਾ ਹੋਇਆ ਸੱਤਾ ਨੂੰ ਵੰਗਾਰਦਾ ਏ। ਫ਼ਿਕਰ ਨੂੰ ਤਲ਼ੀ ਤੇ ਤਮਾਖੂ ਵਾਂਗ ਰਗੜਨ ਦਾ ਅਹਿਸਾਸ ਮਦਨ ਹੀ ਦੱਸ ਸਕਦਾ ਏ। ਉਹਦੀ ਕਵਿਤਾ 'ਚ 'ਬਾਪ' ਜਿੱਥੇ- ਜਿੱਥੇ ਵੀ ਆਉਂਦਾ ਏ ਕਵਿਤਾ ਵਿਚ ਨਵੇਂ ਅਰਥ ਭਰਦਾ ਜਾਂਦਾ ਏ। 'ਸ਼ੱਕਰ ਦਾ ਸ਼ਰਬਤ' ਕਵਿਤਾ 'ਚ ਭਾਨੇ ਦੇ ਪ੍ਰਸੰਗ ਵਿਚ ਮਦਨ ਗੁਰਦਵਾਰੇ ਦੇ ਘੇਰੇ ਤੋਂ ਬਾਹਰ ਬਿਠਾ ਦਿੱਤੇ 'ਭਾਨੇ' ਵਰਗਿਆ ਦੇ ਦਰਦ ਨੂੰ ਬਿਆਨ ਕਰਦਾ ਏ। 'ਪਿੰਡ' ਦੇ ਸੰਦਰਭ 'ਚ ਮਦਨ ਪਿੰਡ ਦੇ ਸਮਾਜਿਕ ਸੱਭਿਆਚਾਰ ਨੂੰ ਸਵਾਲਾਂ ਦੇ ਘੇਰੇ 'ਚ ਲੈ ਕੇ ਆਪਣੀ ਗੱਲ ਕਰਦਾ ਏ। ਮਦਨ ਕੋਲ ਘੇਰੇ ਤੋਂ ਬਾਹਰ ਕਰ ਦਿੱਤੇ ਅਨੇਕਾਂ ਪਾਤਰ ਨੇ ਜਿਨ੍ਹਾਂ ਦੀ 'ਕਹਾਣੀ' ਉਹ ਕਵਿਤਾ ਰਾਹੀ ਕਹਿੰਦਾ ਏ। ਮਦਨ ਉਨ੍ਹਾਂ ਪਾਤਰਾਂ ਨੂੰ ਆਪਣੀ ਕਵਿਤਾ ਦੇ ਘੇਰੇ ਵਿਚ ਰੱਖਦਾ ਏ ਜਿਨ੍ਹਾਂ ਕੋਲ ਕਹਿਣ ਲਈ ਬਹੁਤ ਕੁੱਝ ਹੈ ਪਰ ਉਨ੍ਹਾਂ ਦੀ ਆਵਾਜ਼ ਦਬਾ ਦਿੱਤੀ ਜਾਂਦੀ ਏ। 'ਚੋਣ ਉਤਸਵ ਦੀ ਪੂਰਵ ਸੰਧਿਆ' ਵਿਚ ਉਹ ਚਾਚੇ ਮਾਧੋ, ਲਹੌਰੀਆਂ ਦਾ ਭਈਆ, ਕਮਲਾ ਸੱਤੂ, ਮੱਘਰ ਸਿੰਘ ਖਾਲਸਾ ਵਰਗੇ ਪਾਤਰਾਂ ਦੀ ਕਵਿਤਾ ਕਹਿੰਦਾ ਏ ਜਿਹੜੇ ਸਮਝੇ ਤਾਂ ਇਹ ਜਾਂਦੇ ਨੇ ਉਹ ਘੇਰੇ ਦੇ ਅੰਦਰ ਬੈਠੇ ਨੇ ਪਰ ਹੁੰਦੇ ਉਹ 'ਘੇਰੇ ਤੋਂ ਬਾਹਰ' ਨੇ। ਮਦਨ ਆਪਣੀ ਲੰਮੀ ਕਵਿਤਾ 'ਲੇਬਰ ਚੌਂਕ ਤੱਕ ਸਫ਼ਰ' ਤੇ ਉਹ ਖੇਤ ਮਾਲਕ ਤੇ ਕਾਮੇ ਵਿਚਕਾਰ ਸੰਵਾਦ ਰਚਾਉਂਦਾ ਏ ਜਿਹਦੇ 'ਚ ਉਹ ਮੁੱਦੇ ਵੀ ਉਭਰ ਕੇ ਆਉਂਦੇ ਨੇ ਜਿੱਥੇ ਖੇਤ ਦੇ ਮਾਲਕ ਲੇਬਰ ਚੌਂਕ 'ਚ ਖੜਨ ਲਈ ਮਜਬੂਰ ਹੋ ਜਾਂਦੇ ਨੇ। 'ਰੋਜ਼ਨਾਮਚਾ' 'ਚ ਮਦਨ ਨਿੱਕੇ ਨਿੱਕੇ ਫ਼ਿਕਰ ਸਾਡੇ ਨਾਲ ਸਾਂਝੇ ਕਰਦਾ ਹੋਇਆ ਆਪਣੇ ਕਵੀ ਹੋਣ ਦਾ ਧਰਮ ਨਿਭਾਉਂਦਾ ਏ। ਮਦਨ ਕੋਲ ਵਿਚਾਰ ਤੇ ਮੁੱਦੇ ਹੀ ਨਹੀਂ ਕਵਿਤਾ ਵੀ ਹੈ। ਉਹ ਨਿੱਕੇ ਨਿੱਕੇ ਸ਼ਬਦਾਂ 'ਚ ਵੱਡੇ ਵੱਡੇ ਫ਼ਿਕਰ ਸਾਡੇ ਨਾਲ ਸਾਂਝੇ ਕਰ ਜਾਂਦਾ ਏ। ਉਹ ਕਵਿਤਾ ਦੀ ਭੀੜ ਵਿਚ ਨਿਵੇਕਲਾ ਖੜਾ ਤੁਹਾਨੂੰ ਦੂਰੋਂ ਹੀ ਦਿਸ ਪੈਂਦਾ ਏ। ਇਸ ਕਿਤਾਬ ਨੂੰ **'ਸਪਤਰਿਸ਼ੀ ਪਬਲੀਕੇਸ਼ਨ'** ਨੇ ਛਾਪਿਆ ਏ।

**ਜਿੰਦਰ ਦਾ ਸਫ਼ਰਨਾਮਾ 'ਮੈਂ, ਬੱਚਾ ਤੇ ਕੁੱਤਾ'**





ਜਿੰਦਰ ਦੀ ਪਛਾਣ ਮੁੱਖ ਤੌਰ ਤੇ ਕਹਾਣੀਕਾਰ ਦੀ ਏ। ਪਰ ਉਹ ਬਿਨਾ ਸ਼ੋਰ ਕੀਤਿਆਂ ਘੁੰਮਦਾ ਫਿਰਦਾ ਵੀ ਰਹਿੰਦਾ ਏ। ਸਿਰਲੇਖ ਵਾਲੇ ਚੈਪਟਰ ਦੇ ਨਾਂ ਦਾ ਪੂਰੇ ਸਫ਼ਰਨਾਮੇ ਦਾ ਬਹੁਤਾ ਸੰਬੰਧ ਨਹੀਂ ਏ। ਲੇਖਕ ਅਮਰੀਕਾ 'ਚ ਪੰਜਾਬੀ ਦੇ ਨਾਵਲਕਾਰ ਚਾਹਿਲ ਦੇ ਘਰ ਅਤੇ ਉੱਥੋਂ ਦੇ ਮਾਹੌਲ ਬਾਰੇ ਲਿਖਦਾ ਏ। ਲਿਖਤ 'ਚ ਉਹ ਬੱਚੇ ਤੇ ਕੁੱਤੇ ਦਾ ਚਿਹਨ ਵਰਦਾ ਹੋਇਆ ਉਥੋਂ ਦੇ ਕਲਚਰ ਨੂੰ ਬਿਆਨ ਕਰਦਾ ਏ। ਇਕ ਚੈਪਟਰ ਵਿਚ ਪੰਜਾਬੀ ਬੰਦੇ ਦੀ ਮਾਨਸਿਕਤਾ ਦੀ ਗੱਲ ਕਰਦਾ ਏ। ਸਕੌਟਲੈਂਡ ਘੁੰਮਦਿਆਂ ਉਹ ਉਥੋਂ ਦੇ ਸੱਭਿਆਚਾਰ ਨੂੰ ਸਮਝਦਾ ਏ ਹੋਇਆ ਲੰਡਨ 'ਚ ਇਕ ਪੱਬ 'ਚ ਬੈਠਾ ਪੋਲ ਡਾਂਸ ਕਰਦਿਆਂ ਵਸਤਰਹੀਣ ਗੋਰੀ ਦੀ ਗੱਲ ਵੀ ਕਰ ਜਾਂਦਾ ਏ। ਸਫ਼ਰ ਦੌਰਾਨ ਜਿਹੜੀਆਂ ਜਿੰਦਰ ਕਿਤਾਬਾਂ ਪੜ੍ਹਦਾ ਏ ਉਸ ਬਾਰੇ ਵੀ ਆਪਣੇ ਪ੍ਰਤੀਕਰਮ ਦਿੰਦਾ ਜਾਂਦਾ ਏ। ਪੁਸਤਕ ਵਿਚ ਅਸਟ੍ਰੇਲੀਆਂ ਦੇ ਬਿਰਤਾਂਤ ਦੇ ਬਰੀਕ ਵੇਰਵੇ ਵੀ ਮਿਲਦੇ ਹਨ। ਚਿਤੌੜ ਦਾ ਕਿਲ੍ਹਾ ਵੇਖਦਿਆਂ ਜਿੰਦਰ ਰਾਣੀ ਪਦਮਨੀ ਦੇ ਪ੍ਰਸੰਗ ਵਿਚ ਉਸ ਵੇਲੇ ਨਾਰੀ ਦੀ ਸਥਿਤੀ ਦੀ ਗੱਲ ਕਰਦਾ ਹੈ। ਘੁੰਮਦਿਆਂ ਫਿਰਦਿਆਂ ਜਿੰਦਰ ਉਥੋਂ ਦੀਆਂ ਥਾਵਾਂ ਬਾਰੇ ਵੇਰਵੇ ਹੀ ਨਹੀਂ ਦਿੰਦਾ ਬਲਕਿ ਉਹ ਉਨ੍ਹਾਂ ਥਾਵਾਂ ਦੇ ਪ੍ਰਸੰਗ ਵਿਚ ਉਥੋਂ ਦੇ ਸਮਾਜ, ਸੱਭਿਆਚਾਰ ਅਤੇ ਲੋਕਾਂ ਦੇ ਵਿਹਾਰ ਨੂੰ ਸਮਝਦਾ ਏ। ਕਿਤਾਬ 'ਚ ਥਾਂ ਥਾਂ ਕਹਾਣੀ ਦੇ ਤੱਤ ਪਏ ਹੋਏ ਹਨ। ਕਿਤਾਬ **'ਕੈਲੀਬਰ ਪਬਲੀਕੇਸ਼ਨ'** ਨੇ ਛਾਪੀ ਏ।

**'ਸੁਲਤਾਨ ਸਿੰਘ ਉਰਫ਼ ਬੀ. ਏ. ਪਾਸ ਰਿਕਸ਼ੇਵਾਲਾ' ਉਰਫ਼ ਰਵੀ ਸ਼ੇਰ ਗਿੱਲ**

ਇਹ ਕਿਤਾਬ ਆਮ ਆਦਮੀ ਬਾਰੇ ਲਿਖੇ ਰੇਖਾ ਚਿੱਤਰ ਦੀ ਗੱਲ ਕਰਦੀ ਏ। ਜਿਸ ਨੂੰ ਸੰਪਾਦਤ ਕੀਤਾ ਏ ਰਵੀ ਸ਼ੇਰਗਿੱਲ ਨੇ। ਇਨ੍ਹਾਂ ਰੇਖਾ ਚਿੱਤਰਾਂ ਤੋਂ ਸਾਨੂੰ ਆਪ ਮਨੁੱਖ ਬਾਰੇ ਬਹੁਪੱਖੀ ਜਾਣਕਾਰੀ ਮਿਲਦੀ ਏ। ਆਮ ਆਦਮੀ ਬਾਰੇ ਲਿਖਣ ਵਾਲੇ ਸਾਰੇ ਵੱਡੇ ਲੇਖਕ ਹਨ। ਇਹ ਆਮ ਆਦਮੀ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੀਆਂ ਕਹਾਣੀਆਂ, ਨਾਵਲ ਵਿਚ ਵੀ ਆਏ ਹੋਣਗੇ ਤਾਂ ਹੀ ਉਨ੍ਹਾਂ ਨੂੰ ਆਮ ਤੋਂ ਖਾਸ ਬਣਾਇਆ ਗਿਆ ਏ। ਜਸਵੰਤ ਸਿੰਘ ਕੰਵਲ ਪਿੰਡ ਦੇ ਸਾਧਾਰਨ ਜੱਟ ਕਿਹਰ ਦੇ ਸੁਭਾ ਬਾਰੇ ਲਿਖਦਾ ਏ। ਅਤਰਜੀਤ ਇਕ ਅਧਿਆਪਕ ਦਾ ਜ਼ਿਕਰ ਕਰਦਾ ਏ। ਕੁਰੱਪਟ ਕਲਰਕ ਦਾ ਪ੍ਰਸੰਗ ਮੁਖਤਿਆਰ ਸਿੰਘ ਉਭਾਰਦਾ ਏ। ਬਲਦੇਵ ਸਿੰਘ ਦਿਹਾੜੀਦਾਰ ਭਈਏ ਦੀ ਬਾਤ ਪਾਉਂਦਾ ਏ ਤੇ ਜਿੰਦਰ ਬੀ. ਏ. ਪਾਸ ਰਿਕਸ਼ੇਵਾਲੇ ਦੀ ਸਥਿਤੀ ਬਿਆਨ ਕਰਦਾ ਏ। ਭਗਵੰਤ ਰਸੂਲਪੁਰੀ ਪਿੰਡ ਦੇ ਸਧਾਰਨ ਬੰਦੇ ਦਾਸੋ ਦੀ ਪਰਿਵਾਰਕ ਤੇ ਸਮਾਜਿਕ ਸਥਿਤੀ ਉਭਾਰਦਾ ਏ। ਫੇਰੀ ਵਾਲੇ ਭਾਈ ਦੇ ਸੁਭਾ ਨੂੰ ਰਵੀ ਸ਼ੇਰਗਿੱਲ ਨੇ ਲਿਖਿਆ ਏ। ਰਵੀ ਸ਼ੇਰਗਿੱਲ ਨੇ ਆਪਣੀ ਸੰਪਾਦਕੀ ਵਿਚ ਰੇਖਾ ਚਿੱਤਰ ਵਿਧਾ ਦੇ ਪ੍ਰਸੰਗ 'ਚ ਗੱਲ ਕੀਤੀ ਏ। ਕਿਤਾਬ **'ਕੈਲੀਬਰ ਪਬਲੀਕੇਸ਼ਨ'** ਨੇ ਛਾਪੀ ਏ।




**ਬਲਬੀਰ ਪਰਵਾਨਾ ਦੀਆਂ 'ਨਾਬਰ ਪੈੜਾਂ'**





ਜਦੋਂ ਲੇਖਕ ਨਾਵਲ ਜਾਂ ਕਹਾਣੀ ਨਹੀਂ ਲਿਖ ਰਿਹਾ ਹੁੰਦਾ ਤਾਂ ਉਦੋਂ ਵੀ ਕੁਝ ਨਾ ਕੁਝ ਲਿਖ ਰਿਹਾ ਹੁੰਦਾ ਏ। ਪਰਵਾਨਾ 'ਨਵਾਂ ਜ਼ਮਾਨਾਂ' ਨੂੰ ਇਕ ਬ੍ਰਾਂਡ ਵਜੋਂ ਵਿਕਸਿਤ ਕਰਦਾ ਏ ਤਾਂ ਉਹਦੇ ਪਿੱਛੇ ਇਹ ਸਾਰੇ ਅਦਬੀ ਲੋਕਾਂ ਦੀ ਸੋਚ ਵੀ ਕਾਰਜ਼ਸ਼ੀਲ ਰਹਿੰਦੀ ਏ। ਏਸ ਸਮੇਂ ਲੇਖਕ ਇਨ੍ਹਾਂ ਲੋਕਾਂ 'ਚ ਵਿਚਰਦਾ ਏ। ਇਸ ਪੁਸਤਕ ਵਿਚ ਸ਼ਬਦ ਚਿੱਤਰ ਲਿਖੇ ਹਨ। ਇਹ ਸਾਰੇ ਅਦੀਬ ਖੱਬੇ ਪੱਖੀ ਸੋਚ ਦੇ ਧਾਰਨੀ ਅਜਿਹੇ ਬੰਦੇ ਹਨ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਦੇ ਕਿਸੇ ਨਾ ਕਿਸੇ ਵਰਗ ਨੂੰ ਸੁਧਾਰਨ ਲਈ ਲਗਾ ਦਿੱਤੀ। ਪਰਵਾਨਾ ਨੇ ਸੁਹੇਲ ਸਿੰਘ, ਸੁਖਦਰਸ਼ਨ ਨੱਤ, ਗੁਰਬਖਸ਼ ਸਿੰਘ ਬੰਨੋਆਣਾ, ਜਗਜੀਤ ਸਿੰਘ ਆਨੰਦ, ਰਜਨੀਸ਼ ਬਹਾਦਰ ਸਿੰਘ, ਕ੍ਰਿਸ਼ਨ ਭਾਰਦਵਾਜ, ਤਸਕੀਨ ਤੇ ਜੋਗਿੰਦਰ ਬਾਹਰਲਾ ਦੇ ਸ਼ਬਦ ਚਿੱਤਰ ਲਿਖੇ ਹਨ। ਇਨ੍ਹਾਂ ਨਾਲ ਪਰਵਾਨਾ ਦੀ ਗੂੜ੍ਹੀ ਸਾਂਝ ਰਹੀ ਏ। ਪੱਤਰਕਾਰੀ, ਸਾਹਿਤ ਦੀ ਸਮਝ ਅਤੇ ਸਮਾਜ ਨੂੰ ਵੇਖਣ ਦੀ ਦ੍ਰਿਸ਼ਟੀ ਦੇ ਗੁਰ ਵੀ ਪਰਵਾਨਾ ਨੇ ਇਨ੍ਹਾਂ ਤੋਂ ਪ੍ਰਾਪਤ ਕੀਤੇ ਹਨ। ਅੰਤ ਵਿਚ ਲੇਖਕ ਨੇ ਨਵਾਂ ਜ਼ਮਾਨਾਂ ਦੀ ਸਾਹਿਤਕ ਪੱਤਰਕਾਰੀ ਦੇ ਆਪਣੇ ਅਨੁਭਵਾਂ ਨੂੰ ਵੀ ਬਿਆਨ ਕੀਤਾ ਏ। ਇਸ ਲਿਖਤ ਰਾਹੀਂ ਸੰਪਾਦਕ ਦੇ ਅਸਲ ਕਾਰਜ ਵੱਲ ਵੀ ਇਸ਼ਾਰਾ ਕਰਦਾ ਏ। **'ਪੀਪਲਜ਼ ਫ਼ੋਰਮ'** ਨੇ ਕਿਤਾਬ ਛਾਪੀ ਏ।

**ਪਰਮਜੀਤ ਸਿੰਘ ਢੀਂਗਰਾ ਦੀ ਕਿਤਾਬ 'ਸ਼ਬਦੋਂ ਵਣਜਾਰਿਓ'**

ਜਨਾਬ ਪਰਮਜੀਤ ਢੀਂਗਰਾ ਜ਼ਹੀਨ ਬੁੱਧੀ ਵਾਲਾ ਚਿੰਤਕ ਏ। ਉਸ ਨੇ ਆਲੋਚਨਾ ਦੇ ਖੇਤਰ ਵਿਚ ਨਿੱਠ ਕੇ ਕਾਰਜ ਕੀਤਾ ਏ। ਉਸ ਨੇ ਹੱਥਲੀ ਪੁਸਤਕ ਵਿਚ ਪੰਜਾਬੀ ਭਾਸ਼ਾ ਦੇ ਪ੍ਰਚੱਲਤ ਸ਼ਬਦਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਏ। ਕਿਸੇ ਵੀ ਭਾਸ਼ਾ ਨੂੰ ਸਿੱਖਣ ਲਈ ਉਨ੍ਹਾਂ ਦੇ ਸ਼ਬਦਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਏ। ਭਾਸ਼ਾ ਨੂੰ ਅਮੀਰ ਵੀ 'ਸ਼ਬਦ' ਹੀ ਬਣਾਉਂਦੇ ਨੇ। ਲੇਖਕ ਤੇ ਅਨੁਵਾਦਕ ਕੋਲ ਜਿੰਨੇ ਸ਼ਬਦਾਂ ਦਾ ਭੰਡਾਰ ਹੋਵੇਗਾ ਉਹਦੀ ਲਿਖਤ ਓਨੀ ਹੀ ਅਮੀਰ ਹੋਵੇਗੀ। ਕੋਈ ਭਾਸ਼ਾ ਓਨੀ ਹੀ ਅਮੀਰ ਹੁੰਦੀ ਏ ਜਿਹਦੇ 'ਚ ਸ਼ਬਦਾਂ ਨੂੰ ਸਮੋਣ ਦੀ ਅਥਾਹ ਸਮਰੱਥਾ ਹੁੰਦੀ ਏ। ਪੁਸਤਕ ਵਿਚ ਲੇਖਕ ਸ਼ਬਦਾਂ ਦੇ ਧੁਰ ਅੰਦਰ ਤੱਕ ਜਾਂਦੇ ਹਨ। ਉਹ ਸ਼ਬਦ ਦਾ ਆਲੇ ਦੁਆਰੇ ਉਸਰੇ ਮੰਡਲ ਦਾ ਗਿਆਨ ਵੀ ਪਾਠਕ ਨੂੰ ਦਿੰਦੇ ਜਾਂਦੇ ਹਨ। ਲੇਖਕ ਮੰਨਦਾ ਏ ਕਿ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਵਡੇਰੀ ਭਾਸ਼ਾ ਸੰਸਕ੍ਰਿਤ ਏ। ਇਸ ਦੇ ਨਾਲ ਨਾਲ ਅਰਬੀ, ਫ਼ਾਰਸੀ ਤੇ ਉਪ ਭਾਸ਼ਾਵਾਂ ਤੋਂ ਪੰਜਾਬੀ 'ਚ ਅਨੇਕਾਂ ਸ਼ਬਦ ਸਮਾ ਗਏ। ਕਿਸੇ ਸ਼ਬਦ ਦੇ ਅਰਥ ਨੂੰ ਖੋਲ੍ਹਣ ਲਈ ਲੇਖਕ ਵੱਖ ਵੱਖ ਕੋਸ਼ਾਂ ਦਾ ਸਹਾਰਾ ਲੈਂਦਾ ਏ। ਹਰ ਸ਼ਬਦ ਦੇ ਅਰਥਾਂ ਨੂੰ ਖੋਲ੍ਹਣ ਲਈ ਲੇਖਕ ਦੋ ਤੋਂ ਤਿੰਨ ਪੰਨੇ ਲੈਂਦਾ ਏ। ਇਸ ਨਿਵੇਕਲੀ ਕੋਸ਼ ਦਾ ਸਵਾਗਤ ਕਰਨਾ ਬਣਦਾ ਏ। ਪੁਸਤਕ ਨੂੰ **'ਰਵੀ ਸਾਹਿਤ ਪ੍ਰਕਾਸ਼ਨ'** ਨੇ ਛਾਪਿਆ ਏ।




**ਅਮਰਜੀਤ ਚੰਦਨ ਦੀ 'ਕੰਚਨ ਕਾਇਆ'**





ਚੰਦਨ ਵੱਖਰੀ ਦਿੱਖ ਤੇ ਸੁਭਾ ਵਾਲਾ ਕਵੀ ਏ। ਸਾਹਿਤ ਤੇ ਕਾਵਿਤਾ ਨੂੰ ਵੇਖਣ ਦੀ ਉਹਦੀ ਆਪਣੀ ਸਮਝ ਏ। ਇਸ ਸਮਝ ਤੋਂ ਪ੍ਰੇਰਨਾ ਲੈ ਕੇ ਉਸ ਨੇ ਅਜੋਕੀ ਪੰਜਾਬੀ ਪ੍ਰੇਮ ਕਵਿਤਾ ਦੀ ਪਛਾਣ ਕੀਤੇ ਤੇ ਉਹਨੂੰ ਇਕ ਥਾਂ ਇਕੱਠੀ ਕਰਕੇ ਛਾਪ ਦਿੱਤਾ। ਵੀਰ ਸਿੰਘ , ਧਨੀ ਰਾਮ ਚਾਤ੍ਰਿਕ ਤੋਂ ਲੈ ਕੇ ਲਾਲ ਸਿੰਘ ਦਿਲ, ਪਾਸ਼, ਸ਼ਮੀਲ ਤੋਂ ਹੁੰਦਾ ਹੋਇਆ ਉਹ ਹਰਮਨਜੀਤ ਸਿੰਘ ਤੱਕ ਪੁੱਜ ਜਾਂਦਾ ਏ। ਚੰਦਨ 'ਢਾਈ ਅੱਖਰ' 'ਚ ਪ੍ਰੇਮ ਨੂੰ ਪ੍ਰਭਾਸ਼ਤ ਕਰਦਾ ਏ। ਉਹ ਪ੍ਰੇਮ ਨੂੰ ਮਾਨਵ ਦੇ ਜੀਣ-ਥੀਣ ਦਾ ਆਧਾਰ ਕਹਿੰਦਾ ਏ। ਉਹ ਕਹਿੰਦਾ ਏ ਕਿ ਵੀਹਵੀਂ ਸਦੀ ਦੀ ਬਹੁਤੀ ਕਵਿਤਾ, ਖ਼ਾਸ ਕਰਕੇ ਪਿਛਲੇ ਅੱਧ ਦੀ ਕਵਿਤਾ ਪੱਛਮ ਦੇ ਸਾਹਿਤ ਦੀ ਰੀਸੇ ਲਿਖੀ ਗਈ। ਇਸ ਤਰ੍ਹਾਂ ਚੰਦਨ ਵਿਸਥਾਰ 'ਚ ਪ੍ਰੇਮ ਦੇ ਅਰਥ ਸਮਝਾਉਂਦਾ ਹੋਇਆ ਪ੍ਰੇਮ ਕਵਿਤਾ ਦੀ ਥਾਹ ਪਾਉਂਦਾ ਏ। ਨੀਰੂ ਅਸੀਮ, ਨਿਰੁਪਮਾ ਦੱਤ, ਸੁਖਚੈਨ ਮਿਸਤਰੀ, ਅੰਬਰੀਸ਼, ਅਮਿਤੋਜ, ਸੁਰਜੀਤ ਪਾਤਰ, ਸਰੋਦ ਸੁਦੀਪ, ਸਤੀ ਕੁਮਾਰ ਤੇ ਮੋਨੀਕਾ ਕੁਮਾਰ ਦੀਆਂ ਕਵਿਤਾਵਾਂ ਪੜ੍ਹਦਿਆਂ ਕਵੀਆਂ ਦੇ ਪ੍ਰੇਮ ਜਜ਼ਬੇ ਦਾ ਅਹਿਸਾਸ ਹੁੰਦਾ ਏ। ਉਨ੍ਹਾਂ ਨੇ ਪ੍ਰੇਮ ਨੂੰ ਵੱਖ ਵੱਖ ਚਿਹਨਾ ਨਾਲ ਚਿਤਰਿਆ ਏ। ਚੰਦਨ ਅੰਤਿਕਾ ਵਿਚ ਕਹਿੰਦਾ ਏ ਕਿ ਪੰਜਾਬੀ ਸ਼ਾਇਰੀ ਵਿਚ ਵਸਲ ਦੁਰਲੱਭ ਹੈ। ਵਿਚਲ਼ੀ ਹੋਈ ਸੁਰਤ ਵਾਲ਼ੀ ਬਹੁਤੀ ਕਵਿਤਾ ਲਿੰਗ ਦਮਨ ਦੀ ਝੋਰੇ ਤਰਸੇਵੇਂ ਤੇ ਕਲਹ ਕਲੇਸ਼ ਦੀ ਕਵਿਤਾ ਹੈ। 'ਕੰਚਨ ਕਾਇਆ ਕਸੀਐ ਵੰਨੀ ਚੜ੍ਹੈ ਚੜ੍ਹਾਉ' ਚੰਦਨ ਦੀ ਸੰਪਾਦਤ ਕਵਿਤਾ ਦਾ ਮੂਲ ਨਿਚੋੜ ਏ। ਕਿਤਾਬ ਨੂੰ **'ਨਵਯੁਗ ਪਬਲਿਸ਼ਰਜ਼ ਦਿੱਲੀ'** ਨੇ ਬੜੀ ਸੁੰਦਰ ਦਿੱਖ ਨਾਲ ਛਾਪਿਆ ਏ।

**ਡਾ. ਸਰਬਜੀਤ ਸਿੰਘ ਛੀਨਾ ਦਾ 'ਸ਼ਹੀਦ ਭਗਤ ਸਿੰਘ'**


ਸ਼ਹੀਦ ਭਗਤ ਸਿੰਘ ਬਾਰੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਨੇ। ਹਰ ਲੇਖਕ ਆਪਣੀ ਆਪਣੀ ਦ੍ਰਿਸ਼ਟੀ ਨਾਲ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਚਿੰਤਨ ਦਾ ਵਿਸ਼ਲੇਸ਼ਣ ਕਰਦਾ ਏ। ਭਗਤ ਸਿੰਘ ਦੀਆਂ ਲਿਖਤਾਂ ਬਹੁਤ ਘੱਟ ਮਿਲਦੀਆਂ ਹਨ। ਉਸ ਦਾ ਵਧੇਰੇ ਕਾਰਜ ਪ੍ਰੈਕਟੀਕਲ ਏ। ਉਹ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲਾ ਨਾਬਰੀ ਦਾ ਪ੍ਰਵਚਨ ਸਿਰਜਦਾ ਏ। ਬਚਪਨ ਉਪਰੰਤ ਲੇਖਕ ਭਗਤ ਸਿੰਘ ਦੇ ਕ੍ਰਾਂਤੀਕਾਰੀਆਂ ਨਾਲ ਸਬੰਧਾਂ ਦੀ ਗੱਲ ਕਰਦਾ ਏ। ਸਾਈਮਨ ਕਮਿਸ਼ਨ ਦਾ ਬਾਈਕਾਟ ਨਾਲ ਉਹ ਵੱਖਰੀ ਵਿਚਾਰਧਾਰਾ ਵਾਲਾ ਕ੍ਰਾਂਤੀਕਾਰੀ ਬਣ ਜਾਂਦਾ ਏ। ਅਸੈਂਬਲੀ ਵਿਚ ਬੰਬ ਸੁੱਟਣਾ ਵਿਦਰੋਹ ਦਾ ਸਿਖਰ ਏ। ਉਪਰੰਤ ਲੇਖਕ ਲਹੌਰ ਸਾਜਿਸ਼ ਕੇਸ ਦਾ ਜ਼ਿਕਰ ਕਰਦਾ ਹੋਇਆ ਉਸ ਦੀ ਫਾਂਸੀ ਤੱਕ ਪਹੁੰਚਦਾ ਏ। ਇਨ੍ਹਾਂ ਮੁੱਦਿਆ ਦਾ ਵਿਸ਼ਲੇਸ਼ਣ ਕਰਦਾ ਲੇਖਕ ਅਨੇਕਾਂ ਦਸਤਾਵੇਜ਼ਾਂ ਦਾ ਹਵਾਲਾ ਦਿੰਦਾ ਏ। ਇਸ ਕਿਤਾਬ ਨੂੰ **'ਨਵਯੁਗ ਪਬਲਿਸ਼ਰਜ਼ ਦਿੱਲੀ'** ਨੇ ਛਾਪਿਆ ਏ।



**ਐੱਸ ਬਲਵੰਤ ਦੇ 'ਮਹਿਫੂਜ਼ ਪਲ'**




ਭਾਵੇਂ ਐੱਸ ਬਲਵੰਤ ਦੀ ਪਛਾਣ ਬਤੌਰ ਇੰਗਲਿਸ਼ ਦੇ ਵੱਡੇ ਪ੍ਰਕਾਸ਼ਕ ਦੀ ਰਹੀ ਏ ਪਰ ਉਸ ਨੇ ਅਨੇਕਾਂ ਜਾਨਦਾਰ ਕਹਾਣੀਆਂ ਵੀ ਲਿਖੀਆਂ ਨੇ। ਉਹਦੇ ਕੋਲ ਵੱਡੇ ਵੱਡੇ ਲੇਖਕਾਂ ਦੇ ਅਨੇਕਾਂ ਕਿੱਸੇ ਤੇ ਜ਼ਿੰਦਰੀ ਦੇ ਬਿਰਤਾਂਤ ਹਨ ਪਰ ਫਿਰ ਵੀ ਇਨ੍ਹਾਂ 'ਮਹਿਫੂਜ਼ ਪਲ' 'ਚ ਬਹੁਤੇ ਲੋਕ ਹਾਜ਼ਰ ਹੋਣੋ ਰਹਿ ਗਏ ਨੇ। ਬਲਵੰਤ ਦੀ ਜ਼ਿੰਦਗੀ ਦੇ ਬਹੁਤ ਪਸਾਰ ਨੇ। ਉਸ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਘਰ ਤੋਂ ਬਾਹਰ ਰਹਿ ਕੇ ਗੁਜਾਰਿਆ ਏ। ਭਾਵੇਂ ਕਿਤਾਬ ਦਾ ਬਿਰਤਾਂਤ 420 ਪੰਨਿਆ ਤੇ ਫੈਲਿਆ ਹੋਇਆ ਏ ਪਰ ਫਿਰ ਵੀ ਬਹੁਤ ਗੱਲਾਂ ਕਰਨੋ ਰਹਿ ਗਈਆਂ ਨੇ। ਲੇਖਕ ਆਪਣੀ ਇਸ ਲਿਖਤ 'ਚ ਦੋ ਮਹਾਂ ਦੁਖਾਂਤਾਂ ਦਾ ਜ਼ਿਕਰ ਕਰਦਾ ਏ। ਇਕ ਹੈ ਸੰਤਾਲੀ ਦਾ ਦੁਖਾਂਤ ਜਿਹਨੂੰ ਉਹਦੇ ਪੁਰਖਿਆ ਤੇ ਬਾਪ ਨੇ ਭੋਗਿਆ। ਦੂਜਾ ਦੁਖਾਂਤ ਦਿੱਲੀ ਦਾ 84 ਦਾ ਦੁਖਾਂਤ ਏ। ਏਸ ਸਮੇਂ ਹੋਏ ਮਨੁੱਖਤਾ ਦੇ ਘਾਣ ਨੂੰ ਲੇਖਕ ਬੜੀ ਬਰੀਕੀ ਨਾਲ ਪੇਸ਼ ਕਰਦਾ ਏ। ਕਿਵੇਂ ਉਨ੍ਹਾਂ ਦੇ ਪਿਤਾ ਤੇ ਹੋਰ ਪਰਿਵਾਰ ਦੇ ਮੈਂਬਰ ਕਾਫ਼ਿਲੇ ਰਾਹੀਂ ਏਧਰ ਹਿਜ਼ਰਤ ਕਰਦੇ ਨੇ। ਇਸ ਪ੍ਰਸੰਗ 'ਚ ਉਹ 'ਭਾਗੋ ਸਾਧਣੀ' ਦਾ ਜ਼ਿਕਰ ਕਰਦਾ ਏ। ਉਹਦਾ ਪਰਿਵਾਰ ਜਲੰਧਰ ਤੋਂ ਬਾਅਦ ਦਿੱਲੀ ਤੁਰ ਪੈਂਦਾ ਏ। ਬਲਵੰਤ 63-64 ਦੀ ਦਿੱਲੀ ਨੂੰ ਬੜੀ ਖੂਬਸੂਰਤੀ ਨਾਲ ਨਾਲ ਚਿਤਰਦਾ ਏ। ਏਥੇ ਹੀ ਉਹਦਾ ਸਾਹਿਤਕਾਰਾਂ ਨਾਲ ਵਾਹ ਪੈਣ ਲੱਗ ਪੈਂਦਾ ਏ। ਏਥੇ ਉਹ ਪਬਲੀਕੇਸ਼ਨ ਵਿਚ ਕੰਮ ਕਰਦਿਆ ਉਸ ਨੂੰ ਸਮਝਦਾ ਏ । ਲੇਖਕ ਦਾ ਇਹ ਕਾਰਜ਼ ਹੀ ਉਹਨੂੰ ਬਾਅਦ ਵਿਚ 'ਆਜੰਤਾ ਪਬਲੀਕੇਸ਼ਨਜ਼' ਵੱਲ ਤੋਰ ਦਿੰਦਾ ਏ। ਇਸੇ ਸਮੇਂ ਪੁਸਤਕ ਦਾ ਲੇਖਕ ਗੁਲਜ਼ਾਰ ਸੰਧੂ, ਅਮਰਜੀਤ ਅਕਸ, ਅੰਮ੍ਰਿਤਾ ਇਮਰੋਜ਼, ਸਤਿਆਰਥੀ ਦੇ ਪ੍ਰਸੰਗ ਸਾਂਝੇ ਕਰਦਾ ਏ। ਇਸੇ ਦੌਰਾਨ ਹੀ ਉਹ ਜਲੰਧਰ ਨਵਾਂ ਜ਼ਮਾਨਾਂ, ਪੰਜਾਬ ਬੁੱਕ ਸੈਂਟਰ ਦਾ ਕਿਤਾਬੀ ਕਲਚਰ, ਜਲੰਧਰ ਦੇ ਕੌਫੀ ਹਾਊਸ ਵਿਚ ਕਾਮਰੇਡਾ ਦੇ ਪ੍ਰਸੰਗ ਸਾਂਝੇ ਕਰਦਾ ਏ। ਇਹ ਚੈਪਟਰ ਕਾਫੀ ਦਿਲਚਸਪੀ ਪੈਦਾ ਕਰਦਾ ਏ। ਸੁਰਜਨ ਜ਼ੀਰਵੀ ਦੇ ਪ੍ਰਸੰਗ ਨਾਲ ਉਹ ਜਲੰਧਰ ਦੀ ਪੱਤਰਕਾਰੀ ਦੀਆਂ ਗੱਲਾਂ ਕਰਦਾ ਏ। ਚੰਡੀਗੜ੍ਹ, ਦਿੱਲੀ, ਬੰਬਈ ਕੰਮ ਕਰਦਾ, ਦੋਸਤਾਂ 'ਚ ਵਿਚਰਦਾ ਲੇਖਕ ਦਿੱਲੀ ਵਿਚ ਆਪਣਾ ਅਜੰਤਾ ਪਬਲੀਕੇਸ਼ਨਿਜ਼' ਸ਼ੁਰੂ ਕਰਕੇ ਅੰਗਰੇਜ਼ੀ ਕਿਤਾਬਾਂ ਛਾਪਣ ਲੱਗ ਪੈਂਦਾ ਏ। ਉਹ ਐਮ. ਐਨ. ਰਾਇ, ਵੀ. ਐਮ. ਤਾਰਕੁੰਡੇ ਦੀਆਂ ਕਿਤਾਬਾਂ ਛਾਪ ਕੇ ਚਰਚਾ ਵਿਚ ਆ ਜਾਂਦਾ ਏ। ਇਨ੍ਹਾਂ ਤੋਂ ਇਲਾਵਾ ਪ੍ਰੋ. ਰਣਧੀਰ ਸਿੰਘ, ਪ੍ਰੋ. ਰਜਨੀ ਕੋਠਾਰੀ, ਖਵਾਜਾ ਅਹਿਮਦ ਅੱਬਾਸ, ਪ੍ਰੋ. ਮੋਇਨ ਸ਼ਾਕਿਰ ਆਦਿ ਨਾਲ ਆਪਣੀ ਸਾਂਝ ਦੇ ਦਿਲਚਸਪ ਪ੍ਰਸੰਗ ਸਾਂਝੇ ਕਰਦਾ ਏ। ਇਸ ਦੌਰਾਨ ਉਹ ਬਹੁਤ ਸਾਰੇ ਵੱਡੇ ਕੱਦ ਦੇ ਨੇਤਾਵਾਂ, ਅਦੀਬਾਂ, ਚਿੰਤਕਾਂ ਤੇ ਲੇਖਕਾਂ ਦੇ ਨਾਂ ਲੈ ਕੇ ਜ਼ਿਕਰ ਕਰਦਾ ਏ ਜਿਨ੍ਹਾਂ ਨੂੰ ਉਹ ਸਮੇਂ ਸਮੇਂ ਪ੍ਰਕਾਸ਼ਨ ਅਦਾਰੇ ਦੌਰਾਨ ਮਿਲਦਾ ਰਿਹਾ ਏ। ਨੂਰ, ਤਾਰਾ ਸਿੰਘ, ਐਸ. ਸਵਰਨ, ਬਲਵੰਤ ਗਾਰਗੀ, ਅਰਪਨਾ ਤੇ ਅਜੀਤ ਕੌਰ, ਅੰਮ੍ਰਿਤਾ ਸੋਬਤੀ ਮੁਕੱਦਮਾ, ਅਮਿਤੋਜ, ਗੁਰਦਿਆਲ ਸਿੰਘ ਦੇ ਸ਼ਬਦ ਚਿੱਤਰਾਂ ਵਿਚ ਲੇਖਕ ਅਛੂਤਾਂ ਬਿਰਤਾਂਤ ਸਿਰਜ ਕੇ ਪਾਠਕਾਂ ਨੂੰ ਬੰਨ੍ਹ ਲੈਂਦਾ ਏ। '1984 ਦੀ ਦਿੱਲੀ' ਵਿਚ ਲੇਖਰ ਮਨੁੱਖਤਾ ਦੇ ਹੋਏ ਘਾਣ ਦਾ ਹਿਰਦੇ ਵੇਦਕ ਜ਼ਿਕਰ ਕਰਦਾ ਏ। ਕਿਵੇਂ ਇਕ ਫਿਰਕੇ ਦੇ ਘਰ,ਵਪਾਰ ਤੇ ਲੋਕ ਸਾੜੇ ਜਾਂਦੇ ਨੇ ਦਾ ਜ਼ਿਕਰ ਵਚਿਲਤ ਕਰਨ ਵਾਲਾ ਏ। ਪੁਸਤਕ 'ਚ ਬਲਵੰਤ ਨੇ ਅਨੇਕਾਂ ਇਤਿਹਾਸਕ ਪਲ ਸਾਂਭ ਲਏ ਨੇ। ਇਕ ਅਹਿਮ ਕਿਤਾਬ ਨੂੰ **'ਨਵਯੁਗ ਪਬਲਿਸ਼ਰਜ਼, ਦਿੱਲੀ'** ਨੇ ਬੜੀ ਰੀਝ ਨਾਲ ਛਾਪਿਆ ਏ।




ਜਦੋਂ ਕੋਈ ਲਿਖਾਰੀ ਕਿਸੇ ਵਿਧਾ 'ਚ ਪਰੰਪਕ ਸ਼ੈਲੀ 'ਤੇ ਡੈਂਟ ਪਾਉਂਦਾ ਏ ਤਾਂ ਸਾਹਿਤਕ ਹਲਕਿਆ 'ਚ ਹਲਚਲ ਹੋਣ ਲੱਗਦੀ ਏ। ਡਾ. ਧੁੱਗਾ ਗੁਰਪ੍ਰੀਤ ਨੇ ਆਪਣੇ ਪਲੇਠੇ ਨਾਵਲ 'ਚਾਲ਼ੀ ਦਿਨ' ਰਾਹੀ ਪੰਜਾਬੀ ਨਾਵਲ ਦੀ ਪ੍ਰਚੱਲਤ ਸ਼ੈਲੀ 'ਚ ਆਪਣੀ ਨਿਵੇਕਲੀ ਬਿਰਤਾਂਤਕਾਰੀ ਨਾਲ ਨਿਸਚੇ ਹੀ ਡੈਂਟ ਪਾਇਆ ਏ। 'ਚਾਲੀ ਦਿਨ' ਦੀ ਬਿਰਤਾਂਤਕਾਰੀ 'ਯਾਤਰਾ' ਏ। ਯਾਤਰਾ ਦਾ ਚਿਹਨ ਸਾਡੀ ਪ੍ਰੰਪਰਾ 'ਚ ਬਹੁਤ ਡੂੰਘਾ ਪਿਆ ਏ। ਯਾਤਰਾ 'ਚੋਂ ਕੇਸਰ ਅਤੇ ਫ਼ਕੀਰ ਦਾ ਚਿੰਤਨ ਉਦੇ ਹੁੰਦਾ ਏ। ਆਤਮਾ, ਸਰੀਰ ਅਤੇ ਬੁੱਧੀ ਦੇ ਸ਼ੁੱਧੀਕਰਨ ਲਈ ਦੋਹਾਂ ਪਾਤਰਾਂ ਦਾ ਚਿੰਤਨ ਜ਼ਰੂਰੀ ਹੋ ਜਾਂਦਾ ਏ। ਕੇਸਰ ਤੇ ਫ਼ਕੀਰ ਦੀ ਯਾਤਰਾ ਰਾਜਸਥਾਨ ਵੱਲ ਜੀਉਣ ਦੀ ਲਲ਼ਕ ਤੇ ਚਾਹਤ ਦੀ ਹੁੰਦੀ ਏ ਪਰ ਯਾਤਰਾ ਉਹ ਆਪਣੇ ਚਿੰਤਨ ਦੀ ਕਰਦੇ ਨੇ। ਬੰਦੇ ਦੇ ਅੰਦਰਲੇ ਸੱਚ ਦੀ ਭਾਲ ਕਰਨਾ ਹੀ 'ਚਾਲ਼ੀ ਦਿਨ' ਦਾ ਕੇਂਦਰੀ ਨੁਕਤਾ ਏ। ਭਾਵੇਂ ਇਨ੍ਹਾਂ ਪਾਤਰਾਂ ਦੇ ਜ਼ਿਹਨ ਅੰਦਰ ਸੰਤਾਲੀ ਦਾ ਦਰਦ, ਡਰ ਤੇ ਭੈਅ ਏ ਪਰ ਉਹ ਮਨੁੱਖ ਦੇ ਅੰਦਰ ਬਚੀ ਮਨੁੱਖਤਾ ਨੂੰ ਭਾਲਣ ਦਾ ਚਿੰਤਨ ਕਰਦੇ ਮਹਿਸੂਸ ਹੁੰਦੇ ਨੇ। ਆਪਣੀ ਅੰਦਰਲੀ ਯਾਤਰਾ ਦੌਰਾਨ ਉਹ ਧਰਮ ਦੀਆਂ ਵੰਡੀਆਂ ਤੋਂ ਉਪਰ ਉੱਠ ਪੈਂਦੇ ਨੇ। ਦਾਰਸ਼ਨਿਕ ਯਾਤਰਾ 'ਚਾਲ਼ੀ ਦਿਨ' ਦੀ ਕੇਂਦਰੀ ਸ਼ੈਲੀ ਏ। ਕੇਸਰ ਤੇ ਫ਼ਕੀਰ ਯਾਤਰਾ ਦੇ ਪ੍ਰਸੰਗ ਨਾਲ ਜ਼ਿੰਦਗੀ ਦੇ ਅਰਥ ਤਲਾਸ਼ ਕਰਦੇ ਨੇ। 'ਲੋਕ ਕਥਾ' ਦੇ ਚਿਹਨ ਯਾਤਰਾ ਦੇ ਪ੍ਰਸੰਗ ਵਿਚ ਵਰਤ ਕੇ ਲੇਖਕ ਦਾਰਸ਼ਨਿਕ ਬਿਰਤਾਂਤਕਾਰੀ ਕਰਦਾ ਹੋਇਆ ਨਿਵੇਕਲੇ ਕਥਾ ਰਸ ਦੀ ਸਿਰਜਣਾ ਕਰਦਾ ਏ। ਡਾ. ਧੁੱਗਾ ਗੁਰਪ੍ਰੀਤ ਲੀਹ ਤੋਂ ਹੱਟ ਕੇ ਗੱਲ ਕਰਨ ਵਾਲਾ ਅੱਜ ਦੇ ਸਮਿਆ ਦਾ ਚਰਚਿਤ ਲੇਖਕ ਏ।


**ਚਾਲ਼ੀ ਦਿਨ (ਨਾਵਲ)**

ਡਾ. ਧੁੱਗਾ ਗੁਰਪ੍ਰੀਤ

ਪ੍ਰਕਾਸ਼ਕ: ਆੱਟਮ ਆਰਟ, ਪਟਿਆਲਾ

ਮੁੱਲ : 200, ਪੰਨੇ : 155

Year: 19 issue:72 ISSN: 2321-4445
'Kahani Dhara' (Punjabi Quarterly) Jan. to March,2024, R.N.I.Regd. No. PUN2006/19971




**ਸ਼ਗਨਾਂ ਦੀ ਚੁੰਨੀ**
(ਕਹਾਣੀ ਸੰਗ੍ਰਹਿ)
**ਜਸਬੀਰ ਮਾਨ**
ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ,
ਲੁਧਿਆਣਾ
ਮੁੱਲ : 250, ਪੰਨੇ : 136

ਜਸਬੀਰ ਮਾਨ ਦਾ ਕਹਾਣੀ ਸੰਗ੍ਰਹਿ 'ਸ਼ਗਨਾਂ ਦੀ ਚੁੰਨੀ' ਕਈ ਪਹਿਲੂਆਂ ਤੋਂ ਮਹੱਤਵਪੂਰਨ ਏ। ਇਨ੍ਹਾਂ ਕਹਾਣੀਆਂ 'ਚ ਉਨ੍ਹਾਂ ਨੇ ਆਪਣੇ ਆਲੇ ਦੁਆਲ਼ੇ 'ਚ ਵਿਚਰ ਰਹੇ ਪਾਤਰਾਂ ਦੀ ਮਨੋਦਸ਼ਾ ਨੂੰ ਕਹਾਣੀ ਦੇ ਬਿਰਤਾਂਤ 'ਚ ਪੇਸ਼ ਕੀਤਾ ਏ। ਅਪਾਹਜ ਪਾਤਰਾਂ ਦੀ ਮਨੋਦਸ਼ਾ ਨੂੰ ਉਭਾਦੀਆਂ ਕਹਾਣੀਆਂ ਦਾ ਬਿਰਤਾਂਤ ਸਿਰਜਦਿਆਂ ਉਹ ਪਾਤਰ ਨੂੰ ਮਨੋਵਿਗਿਆਨਕ ਛੋਹਾਂ ਨਾਲ਼ ਚਿਤਰਦੀ ਹੋਈ ਆਪਣੀ ਪਹੁੰਚ ਮਾਨਵਵਾਦੀ ਬਣਾਉਂਦੀ ਹੈ। ਅਜਿਹੇ ਪਾਤਰਾਂ ਦੀ ਮਨੋਦਸ਼ਾ ਨੂੰ ਉਹ ਵਿਗਿਆਨਕ ਨਜ਼ਰੀਏ ਤੋਂ ਸਮਝ ਕੇ ਕਹਾਣੀਆਂ 'ਚ ਪੇਸ਼ ਕਰਦੀ ਏ। ਸਰੀਰਕ ਤੇ ਮਾਨਸਿਕ ਤੌਰ ਤੇ ਬੀਮਾਰ ਪਾਤਰ ਉਹਦੀ ਕਹਾਣੀ 'ਚ ਸਹਿਜਤਾ ਨਾਲ ਵਿਚਰਦੇ ਨੇ। ਉਸ ਕੋਲ਼ ਅਛੂਤੇ ਅਨੁਭਵ ਹਨ ਜਿਨ੍ਹਾਂ ਨੂੰ ਕਹਾਣੀ 'ਚ ਪੇਸ਼ ਕਰਦਿਆਂ ਉਹ ਰਤਾ ਵੀ ਉਲਾਰ ਨਹੀਂ ਹੁੰਦੀ ਤੇ ਪਾਤਰਾਂ ਨੂੰ ਆਜ਼ਾਦ ਤੌਰ 'ਤੇ ਵਿਚਰਨ ਦਿੰਦੀ ਹੈ। ਇਸ ਸੰਦਰਭ 'ਚ ਉਸ ਦੀਆਂ ਦੋ ਕਹਾਣੀਆਂ 'ਸਨਸ਼ਾਈਨ' ਤੇ 'ਮੇਡ' ਵਿਸ਼ੇਸ਼ ਧਿਆਨ ਖਿੱਚਦੀਆਂ ਨੇ। ਉਪਰੰਤ ਉਹ ਸਰੀਰਕ ਬਿਮਾਰੀ ਤੋਂ ਪੀੜ੍ਹਤ ਪਾਤਰਾਂ ਦੀ ਮਨੋਦਸ਼ਾ ਨੂੰ ਬਿਆਨ ਕਰਦੀਆਂ ਦੋ ਹੋਰ ਕਹਾਣੀਆਂ 'ਕੋਵਿਡ ਪਾਜੇਟਿਵ' ਤੇ 'ਵਿਆਹ ਵੇਲ਼ੇ' ਵੀ ਸਿਰਜਦੀ ਏ। ਅੱਗੇ 'ਫੁੱਲਾਂ ਵਾਲ਼ਾ ਬਾਗ' ਤੇ 'ਕਰਵਾ ਚੌਥ' ਕਹਾਣੀਆਂ 'ਚ ਉਹ ਪਰੰਪਰਕ ਤੇ ਆਧੁਨਿਕ ਨਾਰੀ ਦੀਆਂ ਮਾਨਵੀ ਸੰਵੇਦਨਾਵਾਂ ਨੂੰ ਉਭਾਰਦੀ ਏ। ਪਰੰਪਰਾ ਤੋਂ ਬਾਗੀ ਹੋਣ ਵਾਲ਼ੀ ਔਰਤ ਨੂੰ ਜਸਬੀਰ ਮਾਨ ਨੇ 'ਕਰਵਾ ਚੌਥ' ਕਹਾਣੀ ਵਿਚ ਚਿਤਰਿਆ ਏ। 'ਸ਼ਗਨਾਂ ਦੀ ਚੁੰਨੀ' ਕਹਾਣੀ ਦਾ ਬਿਰਤਾਂਤ ਵੀ ਨਾਰੀ ਦਮਨ ਵਾਲਾ ਏ। 'ਕਸੂਰਵਾਰ' ਕਹਾਣੀ ਉਹਨਾਂ ਬੱਚਿਆਂ ਦੀ ਮਾਨਸਿਕ ਮਨੋਦਸ਼ਾ ਬਿਆਨ ਕਰਦੀ ਏ ਜੋ ਮਾਂ-ਪਿਓ ਦੇ ਪਿਆਰ ਤੋਂ ਵਿਹੂਣੇ ਹੋ ਜਾਂਦੇ ਨੇ। ਉਸ ਦਾ ਹਥਲਾ ਸੰਗ੍ਰਹਿ ਪੜ੍ਹਦਿਆਂ ਇਹ ਧਾਰਨਾ ਪੱਕੀ ਹੁੰਦੀ ਏ ਉਸ ਕੋਲ਼ ਅਛੂਤੇ ਅਨੁਭਵ ਨੇ ਜਿਨ੍ਹਾਂ ਨੂੰ ਕਹਾਣੀ 'ਚ ਪੇਸ਼ ਕਰਦਿਆਂ ਉਹ ਰਤਾ ਵੀ ਉਲਾਰ ਨਹੀਂ ਹੁੰਦੀ ਤੇ ਪਾਤਰਾਂ ਨੂੰ ਆਜ਼ਾਦ ਤੌਰ ਤੇ ਵਿਚਰਨ ਦਿੰਦੀ ਏ।

**-ਭਗਵੰਤ ਰਸੂਲਪੁਰੀ**